# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲ : ਪ੍ਰਮੁੱਖ ਸਿੱਖ ਤੇ ਸਿੱਖ ਪੰਥ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ

ਪੀਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**


**ਨਿਗਰਾਨ**

ਡਾ. ਮਲਕਿੰਦਰ ਕੌਰ

ਪ੍ਰੋਫ਼ੈਸਰ

**ਖੋਜਾਰਥੀ**

ਰਾਜਵਿੰਦਰ ਸਿੰਘ

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**


**2019**

# ਸਾਰ

ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਅਤੇ ਬਾਅਦ ਵਿਚ ਉਨ੍ਹਾਂ ਦੇ ਨੌਂ ਉਤਰਾਧਿਕਾਰੀਆਂ ਨੇ ਇਸ ਦਾ ਪੂਰਨ ਵਿਕਾਸ ਕੀਤਾ। ਹੱਥਲੇ ਅਧਿਐਨ ਦਾ ਪ੍ਰਯੋਜਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਦੇ ਸਮਕਾਲੀ ਪ੍ਰਮੁੱਖ ਸਿੱਖਾਂ ਸੰਬੰਧੀ ਜਾਣਕਾਰੀ ਗ੍ਰਹਿਣ ਕਰਕੇ, ਸਿੱਖ ਪੰਥ ਦੀ ਬਣਤਰ ਤੇ ਸਰੂਪ, ਵਿਭਿੰਨ ਇਲਾਕਿਆਂ ਵਿਚ ਪ੍ਰਚਾਰ ਤੇ ਸੰਗਠਨ ਅਤੇ ਸਿੱਖਾਂ ਦੁਆਰਾ ਸਮਾਜ ਵਿਚ ਪਾਏ ਯੋਗਦਾਨ ਨੂੰ ਖੋਜਣਾ ਸੀ। ਗੁਰੂ ਸਾਹਿਬ ਦੇ ਸਭਨਾਂ ਪ੍ਰਸਿੱਧ ਸਿੱਖਾਂ ਦੇ ਜੀਵਨ-ਸਮਾਚਾਰਾਂ ਨੂੰ ਪ੍ਰਸਤੁਤ ਕਰਨਾ ਲਗਪਗ ਅਸੰਭਵ ਹੈ। ਅਧਿਐਨ ਵਿਚ ਸ਼ਾਮਿਲ ਸਿੱਖਾਂ ਦੇ ਜੀਵਨ ਦੀ ਸੰਖੇਪ ਜਾਣਕਾਰੀ ਤੋਂ ਉਨ੍ਹਾਂ ਦੀਆਂ ਸਿੱਖ ਪੰਥ ਵਿਚ ਨਿਭਾਈਆਂ ਸੇਵਾਵਾਂ ਦਾ ਥੋੜ੍ਹਾ ਬਹੁਤਾ ਗਿਆਨ ਅਵੱਸ਼ ਹੋ ਜਾਂਦਾ ਹੈ। ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ ਦਸਵੇਂ ਗੁਰੂ ਸਾਹਿਬ ਤੱਕ ਸਿੱਖ ਧਰਮ ਦੀਆਂ ਧਾਰਮਿਕ-ਸਮਾਜਿਕ ਤੇ ਰਾਜਨੀਤਿਕ ਸੰਸਥਾਵਾਂ ਜਿਵੇਂ:- ਮੰਜੀ ਤੇ ਮਸੰਦ ਸੰਸਥਾ (ਸਿੱਖ ਪੰਥ ਦਾ ਪ੍ਰਚਾਰ ਤੇ ਪ੍ਰਸਾਰ, ਦਸਵੰਧ ਇਕੱਠਾ ਕਰਨ ਲਈ ਹੋਂਦ ਵਿਚ ਆਈਆਂ ਸਨ), ਖ਼ਾਲਸਾ ਸਾਜਨਾ ਨਾਲ ਸਿੱਖ ਪੰਥ ਨੂੰ ਨਵਾਂ ਰੂਪ ਪ੍ਰਦਾਨ ਕੀਤਾ ਗਿਆ। ਇਨ੍ਹਾਂ ਸੰਸਥਾਵਾਂ ਉਪਰ ਨਿਯੁਕਤ ਸਿੱਖਾਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਹੁਤ ਸ਼ਲਾਘਾਯੋਗ ਭੂਮਿਕਾ ਨਿਭਾਈ। ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਅਨੇਕਾਂ ਸਿੱਖਾਂ ਨੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਬਹੁਮੁੱਲਾ ਯੋਗਦਾਨ ਪਾਇਆ। ਇਸ ਖੋਜ-ਕਾਰਜ ਵਿਚ ਅਸੀਂ ਸਿੱਖ ਇਤਿਹਾਸ ਦੇ ਮੁੱਢਲੇ ਅਤੇ ਗੌਣ ਸ੍ਰੋਤਾਂ ਵਿਚ ਮਿਲਦੇ ਦਸਮ ਪਾਤਸ਼ਾਹ ਦੇ ਪ੍ਰਮੁੱਖ ਸਿੱਖਾਂ ਦੇ ਇੰਦਰਾਜਾਂ ਨੂੰ ਸੰਗਠਿਤ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮੁੱਖ ਸਿੱਖਾਂ ਦੇ ਜੀਵਨ ਸੰਬੰਧੀ ਅਕਾਦਮਿਕ ਪੱਧਰ 'ਤੇ ਸੰਗਠਿਤ ਰੂਪ ਵਿਚ ਇਹ ਮੁੱਢਲਾ ਖੋਜ-ਕਾਰਜ ਹੈ।

ਹੱਥਲੇ ਖੋਜ-ਪ੍ਰਬੰਧ ਲਈ ਵਰਤੇ ਸਮਕਾਲੀ ਤੇ ਪਰਵਰਤੀ ਸ੍ਰੋਤਾਂ ਦੇ ਅਧਿਐਨ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦੇ ਲਗਪਗ 500 ਪ੍ਰਸਿੱਧ ਸਿੱਖਾਂ ਦੇ ਜੀਵਨ-ਸਮਾਚਾਰਾਂ ਦੀ ਨਿਸ਼ਾਨਦੇਹੀ ਪ੍ਰਾਪਤ ਕਰਨ ਦਾ ਜਤਨ ਕੀਤਾ ਹੈ। ਇਨ੍ਹਾਂ ਵਿਚੋਂ ਕੁਝ ਆਪਣੇ ਕਾਰਨਾਮਿਆਂ ਤੇ ਹਰਮਨ-ਪਿਆਰੀ ਸ਼ਖ਼ਸੀਅਤ ਕਾਰਣ ਸਿੱਖ ਜਗਤ ਵਿਚ ਇਤਨੇ ਪ੍ਰਸਿੱਧ ਹਨ ਕਿ ਉਹ ਕਿਸੇ ਜਾਣ-ਪਹਿਚਾਣ ਦੇ ਮੁਥਾਜ ਨਹੀਂ, ਪਰ ਜਿਨ੍ਹਾਂ ਬਾਰੇ ਪਹਿਲੀ ਵਾਰ ਜਾਣ-ਪਹਿਚਾਣ ਕਰਵਾਈ ਜਾ ਰਹੀ ਹੈ, ਉਹ ਸਿੱਖ ਪੰਥ ਦੇ ਗੁੱਝੇ ਹੀਰੇ ਹਨ, ਜਿਨ੍ਹਾਂ ਨੇ ਸਿੱਖ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ। ਬੇਸ਼ਕ ਅਜਿਹੇ ਸਿੱਖਾਂ ਦੀਆਂ ਸੇਵਾਵਾਂ ਕਿਸੇ ਵੀ ਕਦਰ ਨਿਗੂਣੀਆਂ ਨਹੀਂ ਹਨ ਪ੍ਰੰਤੂ ਉਹ ਸਿੱਖ ਇਤਿਹਾਸ ਵਿਚ ਅਣਗੌਲੇ ਤੇ ਗੁੰਮਨਾਮੀ ਦੀ ਸਥਿਤੀ ਵਿਚ ਰਹੇ ਹਨ। ਇਸ ਅਧਿਐਨ ਰਾਹੀਂ ਉਨ੍ਹਾਂ ਦੀ ਸਿੱਖ ਧਰਮ ਨੂੰ ਪ੍ਰਚਾਰਨ, ਪ੍ਰਸਾਰਨ ਤੇ ਸੰਗਠਿਤ ਕਰਨ ਵਿਚ ਭੂਮਿਕਾ ਤੇ ਕੁਰਬਾਨੀ ਨੂੰ ਇਤਿਹਾਸ ਦੇ ਖ਼ਾਕੇ ਉਪਰ ਚਿਤਰਨ ਦੀ ਨਿਗੂਣੀ ਕੋਸ਼ਿਸ਼ ਕੀਤੀ ਹੈ।



**ਪੰਜ ਕੀ ਸ਼ਬਦ:** ਖ਼ਾਲਸਾ; ਗੁਰੂਕਾਲ; ਗੁਰੂ-ਪੰਥ; ਸਮਕਾਲ; ਯੋਗਦਾਨ।

# ਪ੍ਰਮਾਣ - ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਰਾਜਵਿੰਦਰ ਸਿੰਘ ਨੇ **"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲ : ਪ੍ਰਮੁੱਖ ਸਿੱਖ ਤੇ ਸਿੱਖ ਪੰਥ"** ਵਿਸ਼ੇ ਉੱਤੇ ਪੀਐਚ.ਡੀ. ਦਾ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜ-ਕਾਰਜ ਖੋਜਾਰਥੀ ਦੀ ਮੌਲਿਕ ਰਚਨਾ ਤੇ ਉਸ ਦੀ ਮਿਹਨਤ ਦਾ ਫ਼ਲ ਹੈ। ਮੈਂ ਇਸ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦੀ ਹੋਈ ਮੁਲੰਕਣ ਲਈ ਪੇਸ਼ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਨਿਗਰਾਨ

ਮਲਕਿੰਦਰ ਕੌਰ

ਮਿਤੀ 12/8/2019

ਡਾ. ਮਲਕਿੰਦਰ ਕੌਰ

# ਘੋਸ਼ਣਾ - ਪੱਤਰ

ਮੈਂ ਬਿਆਨ ਕਰਦਾ ਹਾਂ ਕਿ **"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲ : ਪ੍ਰਮੁੱਖ ਸਿੱਖ ਤੇ ਸਿੱਖ ਪੰਥ"** ਵਿਸ਼ੇ ਉੱਤੇ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਹੋਵੇ।

ਰਾਜਵਿੰਦਰ ਸਿੰਘ

(ਖੋਜਾਰਥੀ)

## ਤਤਕਰਾ


ਧੰਨਵਾਦ

ਭੂਮਿਕਾ 1-12

### ਅਧਿਆਇ ਪਹਿਲਾ

**ਪ੍ਰਮੁੱਖ ਸਿੱਖ ਤੇ ਸਿੱਖ ਪੰਥ ਦਾ ਦਰਪਣ: ਸਿੱਖ ਇਤਿਹਾਸਕ ਸ੍ਰੋਤ ਗ੍ਰੰਥ** 1-26

1. **ਸਿੱਖ ਧਰਮ ਦੇ ਮੁੱਢਲੇ ਸ੍ਰੋਤ :-**

   1.1. ਸ੍ਰੀ ਗੁਰੂ ਗ੍ਰੰਥ ਸਾਹਿਬ

   1.2. ਸ੍ਰੀ ਦਸਮ ਗ੍ਰੰਥ

2. **ਸਿੱਖ ਧਰਮ ਦੇ ਗੌਣ ਸ੍ਰੋਤ :-**

   2.1. ਨੀਸਾਣ ਤੇ ਹੁਕਮਨਾਮੇ

   2.2. ਸ੍ਰੀ ਗੁਰ ਸੋਭਾ

   2.3. ਗੁਰਬਿਲਾਸ ਪਾਤਸ਼ਾਹੀ ੧੦

   2.4. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ

   2.5. ਮਹਿਮਾ ਪ੍ਰਕਾਸ਼ (ਭਾਗ ਦੂਜਾ)

   2.6. ਗੁਰਬਿਲਾਸ ਪਾਤਸ਼ਾਹੀ ੧੦

   2.7. ਗੁਰੂ ਕੀਆਂ ਸਾਖੀਆਂ

   2.8. ਸ੍ਰੀ ਗੁਰ ਪੰਥ ਪ੍ਰਕਾਸ਼ (ਪ੍ਰਾਚੀਨ)

   2.9. ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

   2.10. ਸ੍ਰੀ ਗੁਰ ਪੰਥ ਪ੍ਰਕਾਸ਼

2.11. ਗੁਰੁਸ਼ਬਦ ਰਤਨਾਕਰ ਮਹਾਨ ਕੋਸ਼।

## ਅਧਿਆਇ ਦੂਜਾ

**ਸਿੱਖ ਪੰਥ ਦਾ ਪ੍ਰਚਾਰ ਤੇ ਪ੍ਰਸਾਰ : ਗੁਰੂ ਸਾਹਿਬਾਨ ਕਾਲ** 27-47

1.1.1. ਗੁਰੂ ਨਾਨਕ ਦੇਵ ਕਾਲ

1.2. ਗੁਰੂ ਅੰਗਦ ਦੇਵ ਕਾਲ

1.3. ਗੁਰੂ ਅਮਰਦਾਸ ਕਾਲ

1.4. ਗੁਰੂ ਰਾਮਦਾਸ ਕਾਲ

1.5. ਗੁਰੂ ਅਰਜਨ ਦੇਵ ਕਾਲ

1.6. ਗੁਰੂ ਹਰਿਗੋਬਿੰਦ ਕਾਲ

1.7. ਗੁਰੂ ਹਰਿ ਰਾਇ ਕਾਲ

1.8. ਗੁਰੂ ਹਰਿ ਕ੍ਰਿਸ਼ਨ ਕਾਲ

1.9. ਗੁਰੂ ਤੇਗ ਬਹਾਦਰ ਕਾਲ

1.10. ਗੁਰੂ ਗੋਬਿੰਦ ਸਿੰਘ ਕਾਲ

## ਅਧਿਆਇ ਤੀਜਾ

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਿੱਖਾਂ ਦੇ ਜੀਵਨ-ਸਮਾਚਾਰ** 48-254

1. **ਪ੍ਰਮੁੱਖ ਸਿੱਖ :-**

1.1. ਪਰਿਵਾਰਕ ਮੈਂਬਰ

1.2. ਪਰਿਵਾਰਕ ਮੈਂਬਰ, ਸ਼ਹੀਦ

1.3. ਹਜ਼ੂਰੀ ਸਿੱਖ

1.4. ਹਜ਼ੂਰੀ ਸਿੱਖ, ਸ਼ਹੀਦ

1.5. ਹਜ਼ੂਰੀ ਕਵੀ

1.6. ਹਜ਼ੂਰੀ ਕਵੀ, ਸ਼ਹੀਦ

1.7. ਹਜ਼ੂਰੀ ਕਾਤਬ

1.8. ਹਜ਼ੂਰੀ ਢਾਢੀ ਤੇ ਰਬਾਬੀ

1.9. ਹਜ਼ੂਰੀ ਢਾਢੀ ਤੇ ਰਬਾਬੀ, ਸ਼ਹੀਦ

1.10. ਹਜ਼ੂਰੀ ਕਾਰੀਗਰ

2. **ਸ਼ਰਧਾਲੂ ਸਿੱਖ :-**

2.1. ਸ਼ਰਧਾਲੂ ਸਿੱਖ

2.2. ਸ਼ਰਧਾਲੂ ਸਿੱਖ, ਸ਼ਹੀਦ

2.3. ਸ਼ਰਧਾਲੂ ਮੁਸਲਮਾਨ

2.4. ਸ਼ਰਧਾਲੂ ਮੁਸਲਮਾਨ, ਸ਼ਹੀਦ

2.5. ਸ਼ਰਧਾਲੂ ਕਾਰੀਗਰ

2.6. ਸ਼ਰਧਾਲੂ ਕਵੀ

2.7. ਸ਼ਰਧਾਲੂ ਕਾਤਬ

**ਅਧਿਆਇ ਚੌਥਾ**

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਦਾ ਬਹੁਪੱਖੀ ਯੋਗਦਾਨ** 255-280

1. ਧਾਰਮਿਕ

2. ਸਮਾਜਿਕ

3. ਰਾਜਨੀਤਿਕ

4. ਆਰਥਿਕ

5. ਸਾਹਿਤਕ

6. ਵਿੱਦਿਅਕ

7. ਸੰਗੀਤਕ

8. ਸਭਿਆਚਾਰਕ

**ਸਾਰ ਤੇ ਸਥਾਪਨਾਵਾਂ** 281-286

**ਸੰਖੇਪ-ਚਿੰਨ੍ਹ** 287

**ਸਮਕਾਲੀ ਸਿੱਖਾਂ ਦੇ ਨਾਵਾਂ-ਥਾਵਾਂ ਦੀ – ਅੰਤਿਕਾ** 288-310

**ਸਹਾਇਕ ਪੁਸਤਕ ਸੂਚੀ** 311-324

# ਧੰਨਵਾਦ

- ਮੈਂ ਪ੍ਰਥਮ ਸ਼ੁਕਰਗੁਜ਼ਾਰ ਹਾਂ, ਪਰਮ ਪਿਤਾ ਅਕਾਲ ਪੁਰਖ ਵਾਹਿਗੁਰੂ ਦਾ ਜਿਸ ਦੀ ਅਪਾਰ ਕਿਰਪਾ ਸਦਕਾ ਇਹ ਖੋਜ-ਕਾਰਜ ਸੰਪੂਰਨ ਹੋ ਸਕਿਆ।

- ਸਮੁੱਚੇ ਕਾਰਜ ਦੀ ਸੰਪੂਰਨਤਾ ਲਈ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਅਤੇ ਰਿਣੀ ਹਾਂ, ਆਪਣੇ ਮਾਰਗ ਦਰਸ਼ਕ ਅਤੇ ਨਿਗਰਾਨ ਪ੍ਰੋ. ਮਲਕਿੰਦਰ ਕੌਰ ਜੀ ਦਾ, ਜਿਨ੍ਹਾਂ ਦੀ ਸੁਯੋਗ ਅਗਵਾਈ ਅਤੇ ਹੌਂਸਲਾ ਅਫ਼ਜਾਈ ਨੇ ਹਰ ਕਦਮ-ਕਦਮ ਵਿਚ ਮੇਰੀ ਸਹਾਇਤਾ ਕੀਤੀ।

- ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ, ਡਾ. ਸਰਬਜਿੰਦਰ ਸਿੰਘ ਜੀ, ਅਧਿਆਪਕ ਸਾਹਿਬਾਨ ਅਤੇ ਹੋਰ ਪ੍ਰਬੰਧਕੀ ਸਟਾਫ਼ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਹਰ ਸਮੇਂ ਲੋੜੀਂਦੀ ਸਹਾਇਤਾ ਮੁਹੱਈਆ ਕੀਤੀ। ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਲਾਇਬ੍ਰੇਰੀਅਨ, ਸਟਾਫ਼ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ ਦੇ ਸਮੂਹ ਅਮਲੇ ਦਾ ਮਸ਼ਕੂਰ ਹਾਂ, ਜਿਨ੍ਹਾਂ ਨੇ ਮੇਰੀ ਹਰ ਪੱਖ ਤੋਂ ਮਦਦ ਕੀਤੀ।

- ਮੇਰੇ ਮਾਤਾ-ਪਿਤਾ, ਪਤਨੀ ਅਤੇ ਬੱਚਿਆਂ ਦਾ ਕਰਜ਼ਦਾਰ ਹਾਂ, ਜਿਨ੍ਹਾਂ ਨੇ ਅਸ਼ੀਸਾਂ, ਉਤਸ਼ਾਹ ਅਤੇ ਆਪਣੇ ਪਰਿਵਾਰਕ ਸਮੇਂ ਦੇ ਕੀਮਤੀ ਪਲ ਮੈਨੂੰ ਖੋਜ-ਕਾਰਜ ਲਈ ਬਖ਼ਸ਼ੇ।

- ਅੰਤ ਵਿਚ ਧੰਨਵਾਦੀ ਹਾਂ ਉਨ੍ਹਾਂ ਲੇਖਕਾਂ ਦਾ ਜਿਨ੍ਹਾਂ ਦੀਆਂ ਲਿਖਤਾਂ ਨੂੰ ਮੈਂ ਆਪਣੇ ਅਧਿਐਨ ਵਜੋਂ ਵਰਤਿਆ ਹੈ। ਇਸ ਤੋਂ ਇਲਾਵਾ ਸਦਾ ਕ੍ਰਿਤਗ ਰਹਾਂਗਾ, ਮੈਂ ਉਨ੍ਹਾਂ ਸਮੂਹ ਸਹਿਯੋਗੀਆਂ ਦਾ ਜਿਨ੍ਹਾਂ ਨੇ ਇਸ ਖੋਜ-ਕਾਰਜ ਲਈ ਮੇਰੀ ਸਹਾਇਤਾ ਕੀਤੀ।

# ਭੂਮਿਕਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲ ਸਿੱਖ ਇਤਿਹਾਸ ਵਿਚ ਖ਼ਾਲਸਾ ਪੰਥ ਦੀ ਸਿਰਜਣਾ, ਸੈਨਿਕ ਜਥੇਬੰਦੀ ਦਾ ਗਠਨ ਤੇ ਸਵੈ-ਰੱਖਿਆ ਹਿੱਤ ਮੁਗ਼ਲ ਸਰਕਾਰ ਨਾਲ ਜੰਗਾਂ-ਯੁੱਧਾਂ, ਧਾਰਮਿਕ ਅਧਿਕਾਰਾਂ ਲਈ ਸਰਬੰਸ ਵਾਰਨਾ ਅਤੇ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦੇਣ ਹਿਤ ਪ੍ਰਸਿੱਧ ਹੈ। ਨਿਰਸੰਦੇਹ ਇਨ੍ਹਾਂ ਘਟਨਾਵਾਂ ਨੇ ਸਿੱਖ ਪੰਥ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਜੀਵਨ ਉਪਰ ਅਮਿੱਟ ਛਾਪ ਛੱਡੀ ਤੇ ਸਿੱਖ ਇਤਿਹਾਸ ਵਿਚ ਇਕ ਨਵੇਂ ਕਾਂਡ ਨੂੰ ਜਨਮ ਦਿੱਤਾ। ਦਸਵੇਂ ਪਾਤਸ਼ਾਹ ਦੀ ਅਗਵਾਈ ਹੇਠ ਸਥਾਪਿਤ ਹੋਈਆਂ ਸੰਸਥਾਵਾਂ ਤੇ ਰਵਾਇਤਾਂ ਸਿੱਖ ਪੰਥ ਦੀ ਤਰਕਸੰਗਤ ਉਨਤੀ ਕਰਦੀਆਂ ਹਨ। ਆਪ ਮਨੁੱਖੀ ਜਾਮੇ ਵਿਚ ਸਿੱਖ ਪੰਥ ਦੇ ਦਸਵੇਂ ਅਤੇ ਅਖੀਰਲੇ ਗੁਰੂ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਇਸ ਸੰਸਾਰ ਵਿਚ 42 ਸਾਲ ਦੇ ਕਰੀਬ ਵਿਚਰੇ। ਗੁਰੂ ਸਾਹਿਬ ਦਾ ਸਮਕਾਲ ਉਹ ਸਮਾਂ ਸੀ ਜਦੋਂ ਮੁਗ਼ਲ ਹਕੂਮਤ ਗ਼ੈਰ-ਮੁਸਲਮਾਨਾਂ ਨੂੰ ਜ਼ਬਰੀ ਮੁਸਲਮਾਨ ਬਣਾਉਣ ਵਿਚ ਲੱਗੀ ਹੋਈ ਸੀ। ਭਾਰਤ ਵਾਸੀਆਂ ਦਾ ਜੀਵਨ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪੱਖੋਂ ਬਹੁਤ ਨਿਗਰ ਚੁਕਿਆ ਸੀ। ਅਜਿਹੀ ਅਧੋਗਤੀ ਦੇ ਮਾਹੌਲ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਨੂੰ ਗੁਲਾਮੀ ਦੀ ਥਾਂ ਸਵੈਮਾਨ ਅਤੇ ਅਣਖ-ਭਰਪੂਰ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ। ਗੁਰੂ ਸਾਹਿਬ ਦੇ ਸਾਰੇ ਧਾਰਮਿਕ, ਸਮਾਜਿਕ, ਰਾਜਨੀਤਿਕ, ਅਤੇ ਸੈਨਿਕ ਕਾਰਜ ਕਿਸੇ ਖੁਦਗਰਜ਼ੀ ਜਾਂ ਮਜ਼ਬੂਰੀ ਦੀ ਉਪਜ ਨਹੀਂ ਸਨ ਬਲਕਿ ਉਨ੍ਹਾਂ ਦੇ ਸੰਘਰਸ਼ ਦਾ ਇਕੋ ਇਕ ਉਦੇਸ਼ ਤਤਕਾਲੀਨ ਹਾਕਮਾਂ ਦੇ ਘਿਨਾਉਣੇ ਜ਼ੁਲਮਾਂ ਅਤੇ ਅਤਿਆਚਾਰਾਂ ਨੂੰ ਖਤਮ ਕਰਕੇ ਧਾਰਮਿਕ ਤੇ ਸਦਾਚਾਰਕ ਕੀਮਤਾਂ ਨੂੰ ਬਹਾਲ ਕਰਵਾ ਕੇ ਮਾਨਵੀ ਹੱਕਾਂ ਨੂੰ ਯਕੀਨੀ ਬਣਾਉਣਾ ਸੀ। ਇਸ ਸਮੁੱਚੇ ਕਾਰਜ ਨੂੰ ਅੰਜ਼ਾਮ ਤਕ ਲਿਜਾਣ ਲਈ ਗੁਰੂ ਸਾਹਿਬ ਨੂੰ ਆਪਣੇ ਜੀਵਨ ਕਾਲ ਵਿਚ ਅਨੇਕਾਂ ਧਰਮ-ਯੁੱਧ ਵੀ ਲੜਨੇ ਪਏ। ਇਨ੍ਹਾਂ ਯੁੱਧਾਂ ਵਿਚ ਗੁਰੂ ਸਾਹਿਬ ਦੇ ਦਰਬਾਰੀ ਤੇ ਖੇਤਰੀ ਸ਼ਰਧਾਲੂ ਸਿੱਖਾਂ ਨੇ ਗੁਰੂ ਸਾਹਿਬ ਦਾ ਭਰਪੂਰ ਸਹਿਯੋਗ ਦਿੱਤਾ। ਗੁਰੂ ਜੀ ਨੇ ਆਪਣੇ ਇਨ੍ਹਾਂ ਸਿਦਕੀ ਸਿੱਖਾਂ ਨੂੰ ਵਡਿਆਈ ਦਿੰਦਿਆਂ ਸ੍ਰੀ ਦਸਮ ਗ੍ਰੰਥ ਵਿਚ ਜ਼ਿਕਰ ਕੀਤਾ ਹੈ –

'ਜੁੱਧ ਜਿਤੇ ਇਨਹੀ ਕੇ ਪ੍ਰਸਾਦਿ। ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।...

...ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੇ ਗਰੀਬ ਕਰੋਰ ਪਰੇ।'

17ਵੀਂ ਸਦੀ ਦੇ ਪਿਛਲੇ ਅੱਧ ਵਿਚ ਸਿੱਖ ਪੰਥ ਦੇ ਨੀਤੀ-ਨਿਰਧਾਰਣ ਕਾਰਜ ਜਾਂ ਇਸ ਦੇ ਵਿਕਾਸ ਦੀ ਦਿਸ਼ਾ ਨੂੰ ਨਿਸ਼ਚਿਤ ਕਰਨ ਵਿਚ ਕਿਸੇ ਖਾਸ ਵਰਗ ਦੀ ਭੂਮਿਕਾ ਦੀ ਨਿਸ਼ਾਨ-ਦੇਹੀ ਸਥਾਪਿਤ ਕਰਨ ਲਈ ਸਿੱਖ ਪੰਥ ਵਿਚ ਪਰਵਰਤਿਤ ਹੋਏ ਵਿਭਿੰਨ ਵਰਗਾਂ, ਸਾਹਿਤਕ ਕਵੀਆਂ ਤੇ ਸੈਨਿਕ ਜਥੇਬੰਦੀ ਵਿਚ ਸ਼ਾਮਿਲ ਹੋਏ ਸਿਦਕੀ ਸਿੱਖਾਂ ਦੇ ਜੀਵਨ-ਸਮਾਚਾਰਾਂ, ਉਨ੍ਹਾਂ ਦੇ ਧਾਰਮਿਕ-ਸਮਾਜਿਕ ਪਿਛੋਕੜ, ਰੁਜ਼ਗਾਰ ਅਤੇ ਧੰਦੇ ਆਦਿ ਦੀ ਜਾਣਕਾਰੀ ਅਤਿ ਲੋੜੀਂਦੀ ਹੈ। ਹਾਲੇ ਤੱਕ ਅਜਿਹਾ ਕੋਈ ਅਧਿਐਨ ਨਹੀਂ ਹੋਇਆ, ਜੋ ਮੱਧ-ਕਾਲੀਨ ਪੰਜਾਬ, ਖਾਸ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਸਿੱਧ ਸਿੱਖਾਂ ਸੰਬੰਧੀ ਉਪਰੋਕਤ ਜਾਣਕਾਰੀ ਪ੍ਰਦਾਨ ਕਰਦਾ ਹੋਵੇ। ਇਸ ਕਿਸਮ ਦੀ ਜਾਣਕਾਰੀ ਹਾਸਿਲ ਕਰਨੀ ਹੈ ਵੀ ਕਠਿਨ, ਕਿਉਂਕਿ ਉਸ ਸਮੇਂ ਸਿੱਖ ਪੰਥ ਦੀ ਬਣਤਰ ਤੇ ਇਸ ਵਿਚ ਵਿਭਿੰਨ ਵਰਗਾਂ ਦੀ ਨੁਮਾਇੰਦਗੀ ਨੂੰ ਜਾਚਣ ਲਈ ਅੱਜ-ਕੱਲ੍ਹ ਦੀ ਤਰ੍ਹਾਂ ਮਰਦਮ-ਸ਼ੁਮਾਰੀ ਵਰਗੇ ਅੰਕੜੇ ਵੀ ਉਪਲਬਧ ਨਹੀਂ ਸਨ। ਇਸ ਲਈ ਉਪਰੋਕਤ ਸਮੱਸਿਆ ਦਾ ਸਮਾਧਾਨ ਗੁਰੂ ਸਾਹਿਬ ਦੇ ਪ੍ਰਸਿੱਧ ਸਿੱਖਾਂ ਦੇ ਜੀਵਨ-ਸਮਾਚਾਰਾਂ, ਉਨ੍ਹਾਂ ਦੀ ਗੁਰੂ-ਦਰਬਾਰ ਵਿਚ ਸਥਿਤੀ ਤੇ ਰੁਤਬੇ ਦੇ ਅਧਿਐਨ ਰਾਹੀਂ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਸਿੱਖਾਂ ਦੀਆਂ ਖੇਤਰੀ ਸੇਵਾਵਾਂ, ਸੈਨਿਕ ਜਥੇਬੰਦੀ ਵਿਚ ਮੁਖੀ ਸਿੱਖ ਸੈਨਿਕਾਂ ਦੇ ਯੋਗਦਾਨ ਦੀ ਸਥਿਤੀ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖ ਪੰਥ ਦੀ ਬਣਤਰ ਤੇ ਸੈਨਿਕ ਜਥੇਬੰਦੀ ਵਿਚ ਵਿਭਿੰਨ ਵਰਗਾਂ ਦੀ ਸ਼ਮੂਲੀਅਤ ਦਾ ਅੰਦਾਜ਼ਾ ਲਾ ਸਕਦੇ ਹਾਂ।

**ਪਹਿਲਾਂ ਹੋਏ ਕਾਰਜ :-**

ਗੁਰੂ ਗੋਬਿੰਦ ਸਿੰਘ ਜੀ ਨੂੰ ਉਨ੍ਹਾਂ ਦੀਆਂ ਬਹੁ-ਪੱਖੀ ਧਾਰਮਿਕ, ਸਮਾਜਿਕ, ਸਾਹਿਤਕ ਤੇ ਸੈਨਿਕ ਜ਼ਿੰਮੇਵਾਰੀਆਂ ਨਿਭਾਉਣ ਵਿਚ ਅਨੇਕਾਂ ਦਰਬਾਰੀ ਤੇ ਖੇਤਰੀ ਸ਼ਰਧਾਲੂ ਸਿੱਖਾਂ ਨੇ ਸਹਿਯੋਗ ਦਿੱਤਾ ਹੋਵੇਗਾ। ਇਸ ਸੰਦਰਭ ਵਿਚ ਜਦੋਂ ਅਸੀਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਸਿੱਖ ਧਰਮ ਦੇ ਪ੍ਰਚਾਰ-ਪ੍ਰਬੰਧ ਅਤੇ ਖ਼ਾਲਸਾ ਜਥੇਬੰਦੀ ਗਠਿਤ ਕਰਨ ਵਿਚ ਸਿੱਖਾਂ ਦੀ ਭੂਮਿਕਾ ਦੀ ਖੋਜ ਕਰਦੇ ਹਾਂ ਤਾਂ ਕੁਝ ਕੁ ਸਿੱਖਾਂ ਦੀਆਂ ਸੇਵਾਵਾਂ ਦੇ ਸਿਵਾਇ ਹੋਰਨਾਂ ਬਾਰੇ ਕੁਝ ਵੀ ਪਤਾ ਨਹੀਂ ਲਗਦਾ। ਇਨ੍ਹਾਂ ਸਿੱਖਾਂ ਸੰਬੰਧੀ ਜਾਣਕਾਰੀ ਦੀ ਅਣਹੋਂਦ ਕਈਆਂ ਕਾਰਨਾਂ ਕਰਕੇ ਹੈ ਜਿਵੇਂ :- ਗੁਰ-ਇਤਿਹਾਸ ਨਾਲ ਸੰਬੰਧਿਤ ਸ੍ਰੋਤਾਂ ਦਾ ਮੁੱਖ-ਉਦੇਸ਼ ਗੁਰੂ-ਸਾਹਿਬਾਨ ਦੇ ਜੀਵਨ-ਉਦੇਸ਼ ਅਤੇ ਸ਼ਖ਼ਸੀਅਤ ਨੂੰ ਹੀ ਉਭਾਰਨਾ ਸੀ। ਇਸ ਲਈ ਸਿੱਖਾਂ ਸੰਬੰਧੀ ਜਾਣਕਾਰੀ ਪ੍ਰਦਾਨ ਕਰਨਾ, ਉਨ੍ਹਾਂ ਲਈ ਗੌਣ ਮਹੱਤਵ ਦਾ ਵਿਸ਼ਾ ਸੀ। ਇਨ੍ਹਾਂ ਸ੍ਰੋਤਾਂ ਦੇ ਲੇਖਕਾਂ ਨੇ ਸਿੱਖਾਂ ਬਾਰੇ ਉਸੇ ਸਥਿਤੀ

ਵਿਚ ਉਲੇਖ ਉਚਿਤ ਸਮਝਿਆ ਹੈ, ਜਿਥੇ ਕਿਸੇ ਸਿੱਖ ਦੀ ਸੇਵਾ ਤੇ ਕੁਰਬਾਨੀ ਬੜੀ ਲਾਸਾਨੀ ਸੀ। ਫਲਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਬਾਰੇ ਵਿਵਰਣ ਬੜੇ ਵਿਕੋਲਿਤਰੇ, ਅੰਸ਼ਿਕ ਤੇ ਸੰਖਿਪਤ ਰੂਪ ਵਿਚ ਪ੍ਰਾਪਤ ਹਨ। ਦੂਸਰਾ ਸਿੱਖ ਪੰਥ ਵਿਚ ਗੁਰੂ ਸੰਸਥਾ ਦੀ ਕੇਂਦਰੀ ਤੇ ਮਹੱਤਵਪੂਰਨ ਸਥਿਤੀ ਕਾਰਣ ਵਿਦਵਾਨਾਂ ਦਾ ਰੁਝਾਨ ਵੀ ਸਿੱਖ ਗੁਰੂ ਸਾਹਿਬਾਨ ਦੇ ਜੀਵਨ-ਉਦੇਸ਼ ਨੂੰ ਜਗਤ ਦੇ ਸਨਮੁੱਖ ਕਰਨਾ ਰਿਹਾ ਹੈ। ਇਸ ਲਈ ਸ਼ਾਇਦ ਅਜੇ ਤਕ ਵਿਦਵਾਨਾਂ ਵਲੋਂ ਗੁਰੂ ਸਾਹਿਬ ਦੇ ਸਿੱਖਾਂ ਨਾਲ ਸੰਬੰਧਿਤ ਕੋਈ ਵਿਧੀਵਧ ਕਾਰਜ ਨਹੀਂ ਕੀਤਾ ਗਿਆ। ਹਾਲੇ ਤਕ ਅਜਿਹਾ ਕੋਈ ਸੰਗਠਿਤ ਖੋਜ-ਕਾਰਜ ਨਹੀਂ ਹੋਇਆ ਜੋ ਮੱਧ-ਕਾਲੀਨ ਪੰਜਾਬ ਖਾਸ ਤੌਰ 'ਤੇ ਗੁਰੂ ਗੋਬਿੰਦ ਸਿੰਘ ਦੇ ਪ੍ਰਮੁੱਖ ਸਿੱਖਾਂ ਸੰਬੰਧੀ ਉਪਰੋਕਤ ਜਾਣਕਾਰੀ ਪ੍ਰਦਾਨ ਕਰਦਾ ਹੋਵੇ।

ਕੁਝ ਕੁ ਵਿਦਵਾਨਾਂ ਨੇ ਇਸ ਖੇਤਰ ਵਿਚ ਪੁਸਤਕ ਰੂਪ ਵਿਚ ਕਾਰਜ ਕੀਤੇ ਹਨ। ਜਿਵੇਂ :- ਪਹਿਲਾ ਪ੍ਰੋ. ਪਿਆਰਾ ਸਿੰਘ ਪਦਮ ਨੇ *ਗੋਬਿੰਦ ਸਾਗਰ* ਸਿਰਲੇਖ ਹੇਠ (1991 ਵਿਚ) ਪੁਸਤਕ ਛਾਪੀ। ਇਸ ਵਿਚ ਮੁੱਖ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਵਿਸ਼ੇ ਲਏ ਗਏ ਹਨ, ਪਰ ਨਾਲ ਹੀ ਪੰਜ ਪਿਆਰੇ, ਚਾਲੀ ਮੁਕਤੇ, ਗੁਰੂ ਕੇ ਮੁਰੀਦ ਤੇ ਸ਼ਰਧਾਲੂ ਮੁਸਲਮਾਨਾਂ ਬਾਰੇ ਜ਼ਿਕਰ ਕੀਤਾ ਹੈ। ਦੂਜਾ ਪਦਮ ਜੀ ਨੇ *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ* ਸਿਰਲੇਖ ਹੇਠ (1976 ਵਿਚ) ਪੁਸਤਕ ਛਾਪੀ ਹੈ। ਇਸ ਵਿਚ ਕੇਵਲ ਗੁਰੂ ਸਾਹਿਬ ਦੇ ਦਰਬਾਰੀ ਕਵੀਆਂ ਅਤੇ ਲਿਖਾਰੀਆਂ ਦਾ ਜ਼ਿਕਰ ਮਿਲਦਾ ਹੈ। ਤੀਸਰਾ ਗਿਆਨੀ ਭਗਵਾਨ ਸਿੰਘ ਨੇ *ਗੁਰੂ ਗੋਬਿੰਦ ਸਿੰਘ ਜੀ ਦੇ ਹਮਦਰਦ ਮੁਸਲਮਾਨ* (1981 ਵਿਚ) ਸਿਰਲੇਖ ਹੇਠ ਪੁਸਤਕ ਛਾਪੀ ਹੈ। ਇਸ ਵਿਚ ਲੇਖਕ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕੇਵਲ ਸ਼ਰਧਾਲੂ ਮੁਸਲਮਾਨਾਂ ਬਾਰੇ ਜ਼ਿਕਰ ਕੀਤਾ ਹੈ। ਚੌਥਾ ਰਘਬੀਰ ਸਿੰਘ ਅਨੰਦਪੁਰੀ ਨੇ *ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ* (2000 ਵਿਚ) ਸਿਰਲੇਖ ਹੇਠ ਪੁਸਤਕ ਛਾਪੀ ਹੈ। ਇਸ ਵਿਚ ਲੇਖਕ ਨੇ ਗੁਰੂ ਗੋਬਿੰਦ ਸਿੰਘ ਦੀਆਂ ਜੰਗਾਂ, ਕੁਝ ਸਿੱਖਾਂ ਅਤੇ ਸਿੱਖ ਮਿਸਲਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਪੰਜਵਾਂ ਡਾ. ਹਰਜਿੰਦਰ ਸਿੰਘ ਦਿਲਗੀਰ ਨੇ *ਗੁਰੂ ਦੇ ਸ਼ੇਰ* (2001 ਵਿਚ) ਸਿਰਲੇਖ ਹੇਠ ਪੁਸਤਕ ਛਾਪੀ ਹੈ। ਜਿਸ ਵਿਚ ਲੇਖਕ ਨੇ ਗੁਰੂ ਨਾਨਕ ਦੇਵ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਬਾਰੇ ਸੰਯੁਕਤ ਰੂਪ ਵਿਚ ਕੰਮ ਕੀਤਾ ਹੈ। ਛੇਵਾਂ ਡਾ. ਮੁਹੰਮਦ ਹਬੀਬ ਅਤੇ ਡਾ. ਜਸਪਾਲ ਕੌਰ ਨੇ *ਸਿੱਖ ਧਰਮ ਨਾਲ ਸੰਬੰਧਿਤ ਸਤਿਕਾਰਿਤ ਮੁਸਲਿਮ ਸ਼ਖਸੀਅਤਾਂ* (2016 ਵਿਚ) ਸਿਰਲੇਖ ਹੇਠ

ਪੁਸਤਕ ਲਿਖੀ ਹੈ। ਇਸ ਪੁਸਤਕ ਦੇ ਛੇ ਅਧਿਆਇ ਹਨ ਜਿਨ੍ਹਾਂ ਵਿਚੋਂ ਕੇਵਲ ਚੌਥੇ ਅਧਿਆਇ ਵਿਚ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਗੁਰੂ ਸਾਹਿਬਾਨ ਨਾਲ ਸੰਬੰਧਿਤ ਮੁਸਲਮਾਨ ਵਿਅਕਤੀਆਂ ਬਾਰੇ ਜ਼ਿਕਰ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸੰਸਕ੍ਰਿਤ ਭਾਸ਼ਾ ਵਿਭਾਗ ਵਿਚ ਪੀਐਚ-ਡੀ. ਦਾ ਇਕ ਖੋਜ-ਕਾਰਜ ਹੋਇਆ ਹੈ, ਜੋ ਕਿ ਖੋਜਾਰਥਣ ਛੋਲਜਾ ਨੇ *ਪੰਜਾਬ ਕੇ ਹਿੰਦੀ ਸਾਹਿਤਯਾ ਕੀ ਚਿੰਤਨਧਾਰਾ ਮੇਂ ਪ੍ਰਮੁਖ ਚਿੰਤਕੋਂ ਕਾ ਅਵਦਾਨ* ਵਿਸ਼ੇ ਉਪਰ ਡਾ. ਸੁਧਾ ਜਤਿੰਦਰ ਸੈਲੀ ਦੀ ਨਿਗਰਾਨੀ ਹੇਠ 2012 ਵਿਚ ਕੀਤਾ। ਇਸ ਵਿਚ ਕੁਲ ਅੱਠ ਅਧਿਆਇ ਹਨ ਜਿਨ੍ਹਾਂ ਵਿਚੋਂ ਚੌਥੇ ਅਧਿਆਇ ਵਿਚ ਕੇਵਲ ਗੁਰੂ ਗੋਬਿੰਦ ਸਿੰਘ ਦੀ ਸਾਹਿਤ ਨੂੰ ਦੇਣ ਬਾਰੇ ਜ਼ਿਕਰ ਹੈ। ਇਕ ਪੁਸਤਕ ਸ. ਮਾਨ ਸਿੰਘ ਨੇ *ਦਸਮੇਸ਼ ਦੇ ਸ਼ੇਰ* ਸਿਰਲੇਖ ਹੇਠ 1960 ਵਿਚ ਦਿੱਲੀ ਤੋਂ ਛਾਪੀ। ਇਸ ਦੇ ਸਿਰਲੇਖ ਤੋਂ ਅੰਦਾਜ਼ਾ ਲਗਦਾ ਹੈ ਕਿ ਇਹ ਪੁਸਤਕ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀਨ ਜ਼ਾਂਬਾਜ਼ ਸਿੱਖਾਂ ਬਾਰੇ ਹੋਵੇਗੀ, ਪਰ ਇਸ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਦੇ ਸਿੱਖ ਸਰਦਾਰਾਂ ਤੇ ਸਿੱਖ ਲੇਖਕਾਂ ਦੇ ਜੀਵਨ ਦਰਜ ਹਨ। ਉਪਰੋਕਤ ਪੁਸਤਕਾਂ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮੁੱਚੇ ਸਿੱਖਾਂ ਸੰਬੰਧੀ ਜਾਣਕਾਰੀ ਵਿਕੋਲਿਤਰੀ ਪ੍ਰਾਪਤ ਹੁੰਦੀ ਹੈ। ਹੱਥਲੇ ਖੋਜ-ਕਾਰਜ ਵਿਚ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਿੱਖਾਂ ਦੇ ਜੀਵਨ ਅਕਾਦਮਿਕ ਦ੍ਰਿਸ਼ਟੀ ਤੋਂ ਇਕ ਥਾਂ ਇਕੱਤਰ ਕਰਨ ਦਾ ਨਿਗੂਣਾ ਜਤਨ ਕੀਤਾ ਹੈ।

ਇਸ ਅਧਿਐਨ ਵਿਚ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰਕ ਮੈਂਬਰਾਂ, ਪ੍ਰਮੁੱਖ ਸਿੱਖ ਸ਼ਹੀਦਾਂ, ਦਰਬਾਰੀ ਕਵੀਆਂ, ਦਰਬਾਰੀ ਕਰਿੰਦਿਆਂ, ਸ਼ਰਧਾਲੂਆਂ ਅਤੇ ਸੈਨਿਕ ਜਥੇਬੰਦੀ ਵਿਚ ਵਿਭਿੰਨ ਵਰਗਾਂ ਦੀ ਸ਼ਮੂਲੀਅਤ, ਸਿੱਖ ਧਰਮ ਨੂੰ ਪ੍ਰਚਾਰਨ ਤੇ ਪ੍ਰਸਾਰਨ ਵਿਚ ਉਨ੍ਹਾਂ ਦੀ ਭੂਮਿਕਾ ਤੇ ਸਮਾਜ ਵਿਚ ਪਾਏ ਬਹੁਪੱਖੀ ਯੋਗਦਾਨ ਬਾਰੇ ਜਾਣਕਾਰੀ ਇਕੱਤਰ ਕਰਕੇ ਸੰਗਠਿਤ ਕਰਨ ਦਾ ਜਤਨ ਕੀਤਾ ਹੈ।

ਖੋਜ-ਕਾਰਜ ਲਈ ਸਿੱਖ ਇਤਿਹਾਸ ਦੇ ਤੇਰਾਂ ਸਿੱਖ ਸ੍ਰੋਤ ਗ੍ਰੰਥਾਂ ਨੂੰ ਆਧਾਰ ਬਣਾਇਆ ਗਿਆ ਹੈ। ਇਨ੍ਹਾਂ ਸ੍ਰੋਤ ਗ੍ਰੰਥਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਭਨਾਂ ਸਿੱਖਾਂ ਦੇ ਵਿਵਰਣ ਦੀ ਉਮੀਦ ਕਰਨੀ ਮੁਮਕਿਨ ਨਹੀਂ। ਇਨ੍ਹਾਂ ਵਿਚ ਸਿਰਫ ਉਨ੍ਹਾਂ ਸਿੱਖਾਂ ਦਾ ਉਲੇਖ ਹੋਇਆ ਮਿਲਦਾ ਹੈ, ਜਿਨ੍ਹਾਂ ਦੀ ਗੁਰੂ ਦਰਬਾਰ ਵਿਚ ਸੇਵਾ ਬੜੀ ਉਤਮ ਦਰਜੇ ਦੀ ਸੀ ਜਾਂ ਜਿਨ੍ਹਾਂ ਦੀ ਕੁਰਬਾਨੀ ਬੜੀ ਬੇ-ਮਿਸਾਲ ਸੀ। ਅਜਿਹੇ ਸਿੱਖ ਆਪਣੀ ਸ਼ਰਧਾ-ਭਾਵਨਾ ਤੇ ਕੁਰਬਾਨੀ ਦੇ ਜਜ਼ਬੇ ਕਰਕੇ ਸਿੱਖ ਜਗਤ

ਵਿਚ ਪ੍ਰਸਿੱਧ ਹੋ ਗਏ ਸਨ। ਇਨ੍ਹਾਂ ਸਿੱਖਾਂ ਨੇ ਸਿੱਖ ਪੰਥ ਦੇ ਪ੍ਰਚਾਰ, ਸੰਗਠਨ, ਸਾਹਿਤ ਅਤੇ ਖੇਤਰੀ ਸੰਗਤਾਂ ਨੂੰ ਅਗਵਾਈ ਪ੍ਰਦਾਨ ਕਰਨ ਵਿਚ ਵੀ ਬਹੁਤ ਸ਼ਲਾਘਾਯੋਗ ਭੂਮਿਕਾ ਨਿਭਾਈ ਸੀ। ਇਸ ਲਈ ਇਹ ਆਪਣੀ ਹਰਮਨ-ਪਿਆਰੀ ਸ਼ਖ਼ਸੀਅਤ ਤੇ ਸਿੱਖ ਪੰਥ ਦੀਆਂ ਸੇਵਾਵਾਂ ਕਾਰਣ ਆਮ ਸਿੱਖ ਸੰਗਤਾਂ ਵਿਚ ਵੀ ਇੱਜ਼ਤ-ਸਤਿਕਾਰ ਦੇ ਪਾਤਰ ਬਣ ਚੁੱਕੇ ਸਨ। ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਨਾਂ-ਵਰ ਅਤੇ ਸ਼ਰਧਾਲੂ ਸਿੱਖਾਂ ਦੀ ਨਿਸ਼ਾਨਦੇਹੀ ਤੇ ਉਨ੍ਹਾਂ ਦੇ ਜੀਵਨ ਸੰਬੰਧੀ ਵਿਵਰਣ ਇਕੱਤਰ ਕਰਨੇ ਜ਼ਰੂਰੀ ਹਨ।

ਖੁਸ਼ਕਿਸਮਤੀ ਨਾਲ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸਿੱਧ ਸਿੱਖਾਂ ਬਾਰੇ ਕੁਝ ਸਮਕਾਲੀ ਸ੍ਰੋਤ ਉਪਲਬਧ ਹਨ। ਉਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਖੇਤਰੀ ਸੰਗਤਾਂ ਦੇ ਨਾਂ ਪੁਰ ਲਿਖੇ ਹੁਕਮਨਾਮੇ ਪ੍ਰਾਪਤ ਹਨ। ਇਨ੍ਹਾਂ ਵਿਚ ਭਾਰਤ ਦੇ ਵੱਖ-ਵੱਖ ਖੇਤਰਾਂ ਪਟਨਾ, ਚਟਗਾਂਵ, ਸੋਨਦੀਪ, ਸਿਲਹਟ, ਢਾਕਾ, ਪਿਰਾਗ, ਬਨਾਰਸ, ਮਾਛੀਵਾੜਾ, ਰੂਪੇਆਣੇ, ਭਾਈਰੂਪਾ, ਫਫੜਿਆਂ (ਫਫੜੇ ਭਾਈਕੇ), ਖਾਰਾ, ਨੌਸ਼ਹਿਰਾ ਪੰਨੂਆਂ, ਸਾਰੰਗਦੇਉ, ਸਰਹਾਲੀ, ਰਮਦਾਸ, ਪਟਨ ਫਰੀਦ, ਦਸੂਹਾ ਆਦਿ ਦੀਆਂ ਸਿੱਖ ਸੰਗਤਾਂ ਦੇ ਪ੍ਰਸਿੱਧ ਸਿੱਖਾਂ ਬਾਰੇ ਬੜੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

ਇਨ੍ਹਾਂ ਹੁਕਮਨਾਮਿਆਂ ਤੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਿੱਖ ਧਰਮ ਦੇ ਪ੍ਰਚਾਰ ਤੇ ਸੰਗਠਨ ਵਿਚ ਕੁਝ ਸਿੱਖਾਂ ਜਿਵੇਂ :- ਭਾਈ ਗੁਰਦਾਸ ਸਿੰਘ, ਦਾਈ ਲਾਡੋ, ਭਾਈ ਰਾਮਰਾਇ, ਦਰਬਾਰੀ ਸੋਭਾ ਚੰਦ, ਜਗਨਾ ਮਸੰਦ, ਭਾਈ ਮਿਹਰ ਚੰਦ, ਭਾਈ ਹੁਲਾਸ ਚੰਦ, ਭਾਈ ਬਖਸੀਸ ਚੰਦ (ਢਾਕਾ), ਉਗਰਸੇਨ ਰਮਦਾਸ, ਭਾਈ ਲਾਲ ਚੰਦ, ਭਾਈ ਸੰਗਤੀਆ, ਭਾਈ ਤਿਲੋਕਾ ਸਿੰਘ, ਭਾਈ ਰਾਮਾ ਸਿੰਘ, ਭਾਈ ਕਲਿਆਣ ਰਾਇ, ਭਾਈ ਦੇਸ ਰਾਜ ਆਦਿ ਦੀ ਸਿੱਖ ਪੰਥ ਵਿਚ ਮਹੱਤਵਪੂਰਨ ਭੂਮਿਕਾ ਤੇ ਸਥਿਤੀ ਦਾ ਗਿਆਨ ਹੁੰਦਾ ਹੈ। ਇਨ੍ਹਾਂ ਹੁਕਮਨਾਮਿਆਂ ਵਿਚ ਵਰਣਨ ਸਿੱਖਾਂ ਵਿਚੋਂ ਕੁਝ ਦੀ ਸਨਾਖ਼ਤ ਸੰਭਵ ਹੈ ਪਰ ਕਈਆਂ ਦੇ ਸਹੀ ਟਿਕਾਣੇ ਦੀ ਕੋਈ ਸੂਹ ਨਹੀਂ ਮਿਲਦੀ, ਕਿਉਂਕਿ ਹੁਕਮਨਾਮੇ ਖੇਤਰੀ ਸਰਬੱਤ ਸੰਗਤ ਦੇ ਨਾਂ ’ਤੇ ਸਾਂਝੇ ਲਿਖੇ ਹੋਏ ਹਨ। ਇਸ ਕਰਕੇ ਇਕ ਤੋਂ ਵਧੇਰੇ ਸਿੱਖਾਂ ਨੂੰ ਇਕੋ ਨਾਂ (ਸਥਾਨ) ਨਾਲ ਸੰਬੋਧਨ ਹੋਣ ਕਾਰਣ ਉਨ੍ਹਾਂ ਦੇ ਅਸਲੀ ਨਿਵਾਸ ਸਥਾਨ ਤੇ ਸੰਗਤਾਂ ਦੀ ਜਾਣਕਾਰੀ ਪ੍ਰਾਪਤ ਕਰਨੀ ਹੋਰ ਕਠਿਨ ਹੋ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਇਕ ਹੁਕਮਨਾਮੇ ਵਿਚ 22 (ਢਾਕੇ ਦੀ ਸੰਗਤ ਦੇ ਨਾਂ) ਸਿੱਖਾਂ ਨੂੰ ਸੰਬੋਧਨ ਹੋਣਾ ਇਹ ਸੁਝਾਉਂਦਾ ਹੈ ਕਿ ਗੁਰੂ ਸਾਹਿਬ ਨੂੰ

ਭਾਰਤ ਦੇ ਖੇਤਰੀ ਵਿਭਿੰਨ ਸ਼ਹਿਰਾਂ ਤੇ ਪਿੰਡਾਂ ਵਿਚ ਆਬਾਦ ਸਿੱਖਾਂ ਬਾਰੇ ਕਿੰਨੀ ਨਿੱਜੀ ਵਾਕਫ਼ੀਅਤ ਸੀ ਤੇ ਉਹ ਉਨ੍ਹਾਂ ਦੀਆਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਪ੍ਰਤੀ, ਗੁਰੂ ਦਰਬਾਰ ਦੀਆਂ ਸੇਵਾਵਾਂ ਦੇ ਯੋਗਦਾਨ ਤੋਂ ਭਲੀਭਾਂਤ ਜਾਣੂੰ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਇਨ੍ਹਾਂ ਹੁਕਮਨਾਮਿਆਂ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਸਿੱਖ ਸੰਗਤਾਂ ਗੁਰੂ ਸਾਹਿਬ ਦੇ ਹੁਕਮ ਦੀ ਕਿੰਨੀ ਤਾਮੀਲ ਕਰਦੀਆਂ ਤੇ ਸੇਵਾ ਵਿਚ ਕਿਸ ਤਰ੍ਹਾਂ ਤਤਪਰ ਰਹਿੰਦੀਆਂ ਸਨ। ਪਰੰਤੂ ਗੁਰੂ ਸਾਹਿਬ ਦੇ ਇਨ੍ਹਾਂ ਹੁਕਮਨਾਮਿਆਂ ਵਿਚ ਆਏ ਸਿੱਖਾਂ ਦੇ ਜੀਵਨ-ਸਮਾਚਾਰਾਂ ਨੂੰ ਕਿਸੇ ਵਿਦਵਾਨ ਨੇ ਅਧਿਐਨ ਦਾ ਵਿਸ਼ਾ ਬਣਾਉਣ ਦਾ ਜਤਨ ਨਹੀਂ ਕੀਤਾ। ਪਰ ਇਹ ਹੁਕਮਨਾਮੇ ਦੋ ਵਿਦਵਾਨਾਂ (ਡਾ. ਗੰਡਾ ਸਿੰਘ ਅਤੇ ਸ਼ਮਸ਼ੇਰ ਸਿੰਘ ਅਸ਼ੋਕ) ਵਲੋਂ ਹੂ-ਬਹੂ ਪ੍ਰਕਾਸ਼ਤ ਕਰ ਦਿੱਤੇ ਗਏ ਹਨ, ਜੋ ਕਿ ਆਪਣੇ ਆਪ ਵਿਚ ਇਕ ਸ਼ਲਾਘਾਯੋਗ ਕਾਰਜ ਹੈ।

ਸਿੱਖਾਂ ਦੇ ਜੀਵਨ-ਸਮਾਚਾਰਾਂ ਨੂੰ ਇਕੱਤਰ ਕਰਨ ਸੰਬੰਧੀ ਸਮਕਾਲੀ ਸ੍ਰੋਤਾਂ ਦੀਆਂ ਵੀ ਕੁਝ ਸਮੱਸਿਆਵਾਂ ਤੇ ਸੀਮਾਵਾਂ ਹਨ। ਸਿੱਖ ਰਵਾਇਤ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਵਿਭਿੰਨ ਪ੍ਰਦੇਸ਼ਾਂ ਦੀਆਂ ਸੰਗਤਾਂ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਸਨ। ਇਨ੍ਹਾਂ ਵਿਚੋਂ ਪੂਰਬੀ ਭਾਰਤ ਦੇ ਕੁਝ ਕੁ ਇਲਾਕੇ, ਮਾਲਵੇ ਅਤੇ ਮਾਝੇ ਦੁਆਬੇ ਦੇ ਵੀ ਕੁਝ ਕੁ ਪਿੰਡਾਂ ਦੀਆਂ ਸੰਗਤਾਂ ਨੂੰ ਲਿਖੇ ਹੁਕਮਨਾਮੇ ਪ੍ਰਾਪਤ ਹਨ। ਪਰ ਹੋਰਨਾਂ ਪ੍ਰਦੇਸ਼ਾਂ ਦੀਆ ਸਿੱਖ ਸੰਗਤਾਂ ਨੂੰ ਲਿਖੇ ਹੁਕਮਨਾਮੇ ਅਜੇ ਤੱਕ ਦ੍ਰਿਸ਼ਟੀਗੋਚਰ ਨਹੀਂ ਹੋਏ। ਇਸ ਲਈ ਗੁਰੂ ਗੋਬਿੰਦ ਸਿੰਘ ਦੇ ਹੁਕਮਨਾਮਿਆਂ ਜਾਂ ਸਮਕਾਲੀ ਸ੍ਰੋਤਾਂ ਵਿਚ ਸਭਨਾਂ ਸਿੱਖਾਂ ਦੇ ਉਲੇਖ ਦੀ ਸੰਭਾਵਨਾ ਮੁਮਕਿਨ ਨਹੀਂ। ਸਮਕਾਲੀ ਸ੍ਰੋਤਾਂ ਦੁਆਰਾ ਜੁਟਾਈ ਸੂਚਨਾ ਵਿਚ ਵੀ ਕੁਝ ਭਿੰਨਤਾ ਹੈ। ਇਨ੍ਹਾਂ ਦੀ ਇਕ ਦੂਸਰੇ ਤੋਂ ਪੁਸ਼ਟੀ ਨਹੀਂ ਹੁੰਦੀ। ਇਸ ਲਈ ਜਿਹੜੇ ਸਿੱਖਾਂ ਦੇ ਨਾਂ ਇਕ ਤੋਂ ਵੱਧ ਸ੍ਰੋਤਾਂ ਵਿਚ ਮਿਲਦੇ ਹਨ, ਨੂੰ ਵਰਤੋਂ ਵਿਚ ਲਿਆਂਦਾ ਗਿਆ ਹੈ।

ਸਾਹਿਤ ਦੇ ਖੇਤਰ ਵਿਚ ਸ੍ਰੋਤ ਗ੍ਰੰਥਾਂ ਦੀ ਬਹੁਤ ਮਹਾਨਤਾ ਹੈ। ਸਿੱਖ ਇਤਿਹਾਸ ਦੇ ਪੂਰਬ ਵਰਤੀ ਸ੍ਰੋਤਾਂ ਵਿਚ ਇਤਿਹਾਸ ਤੇ ਮਿਥਿਹਾਸ ਦੇ ਮਿਲਗੋਭੇ ਕਰਕੇ ਭਾਵੇਂ ਇਨ੍ਹਾਂ ਦਾ ਇਤਿਹਾਸਕ ਮੁਲ ਸੀਮਿਤ ਹੈ ਪਰ ਸਿੱਖ ਇਤਿਹਾਸ ਦੀਆਂ ਰਵਾਇਤਾਂ ਨੂੰ ਸੰਭਾਲਣ ਤੇ ਸੰਚਾਰਨ ਵਿਚ ਇਨ੍ਹਾਂ ਦਾ ਆਪਣਾ ਵਿਸ਼ੇਸ਼ ਸਥਾਨ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਦੇ ਜੀਵਨ-ਸਮਾਚਾਰਾਂ ਦੀ ਜਾਣਕਾਰੀ ਗ੍ਰਹਿਣ ਕਰਨ ਲਈ ਇਨ੍ਹਾਂ ਨੂੰ ਅਣਗੌਲੇ ਕਰਨ ਦੀ ਬਜਾਇ ਗਹੁ ਨਾਲ ਵਾਚਣ ਦੀ ਲੋੜ ਹੈ। ਸਿੱਖ ਇਤਿਹਾਸ ਦੇ ਉਪਰੋਕਤ ਵਰਤੇ ਸ੍ਰੋਤਾਂ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਰਚਿਤ *ਬਚਿੱਤਰ ਨਾਟਕ*

ਗੁਰੂ ਸਾਹਿਬ ਦੇ ਧਰਮ-ਯੁੱਧਾਂ ਵਿਚ ਸਾਥ ਦੇਣ ਵਾਲੇ ਸੂਰਮਿਆਂ ਦੇ ਵੇਰਵੇ ਪ੍ਰਦਾਨ ਕਰਦਾ ਹੈ। ਗੁਰੂ ਸਾਹਿਬ ਵਲੋਂ ਵੱਖ-ਵੱਖ ਖੇਤਰਾਂ ਵਿਚ ਇਲਾਕੇ ਦੀਆਂ ਸਿੱਖ ਸੰਗਤਾਂ ਦੇ ਨਾਂ ਲਿਖੇ *ਹੁਕਮਨਾਮੇ* ਆਮ ਕਰਕੇ ਇਲਾਕੇ ਦੇ ਪ੍ਰਮੁੱਖ ਸਿੱਖਾਂ ਤੇ ਖਾਸ ਕਰਕੇ ਪੰਜਾਬ ਤੋਂ ਬਾਹਰ ਦੇ ਪ੍ਰਸਿੱਧ ਸਿੱਖਾਂ ਦੀ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ। ਕਵੀ ਸੈਨਾਪਤਿ ਕ੍ਰਿਤ *ਸ੍ਰੀ ਗੁਰ ਸੋਭਾ* ਵੀ ਮੁੱਖ ਤੌਰ 'ਤੇ ਸਿੱਖ ਯੋਧੇ ਅਤੇ ਗੁਰੂ ਦਰਬਾਰ ਵਿਚ ਹਾਜ਼ਰ ਸਿੱਖਾਂ ਦਾ ਜ਼ਿਕਰ ਕਰਦਾ ਹੈ। ਕੁਇਰ ਸਿੰਘ ਤੇ ਸੁੱਖਾ ਸਿੰਘ ਦੇ *ਗੁਰਬਿਲਾਸ ਪਾਤਸ਼ਾਹੀ* ੧੦ ਵਿਚ ਗੁਰੂ ਸਾਹਿਬ ਦੇ ਕਈ ਪ੍ਰਮੁੱਖ ਸਿੱਖਾਂ ਦੇ ਹਵਾਲੇ ਪ੍ਰਾਪਤ ਹੁੰਦੇ ਹਨ ਜੋ ਵਧੇਰੇ ਕਰਕੇ ਦਰਬਾਰ ਵਿਚ ਤੇ ਜੰਗਾਂ-ਯੁੱਧਾ ਦੇ ਪ੍ਰਸੰਗਾਂ ਵਿਚ ਆਏ ਹਨ। ਭਾਈ ਸੰਤੋਖ ਸਿੰਘ ਰਚਿਤ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਆਮ ਤੌਰ 'ਤੇ ਗੁਰਬਿਲਾਸਾਂ ਦੀ ਹੀ ਪੈਰਵੀ ਕਰਦਾ ਹੈ ਪਰ ਕਈ ਥਾਈਂ ਗੁਰੂ ਸਾਹਿਬ ਦੇ ਖੇਤਰੀ ਸਿੱਖਾਂ ਦੀ ਜਾਣਕਾਰੀ ਵਿਚ ਵਾਧਾ ਕੀਤਾ ਹੈ। ਸ੍ਵਰੂਪ ਸਿੰਘ ਕੋਸ਼ਿਸ਼ ਕ੍ਰਿਤ *ਗੁਰੂ ਕੀਆਂ ਸਾਖੀਆਂ* ਗੁਰੂ ਗੋਬਿੰਦ ਸਿੰਘ ਦੁਆਰਾ ਲੜੀਆਂ ਜੰਗਾਂ ਅਤੇ ਸਫ਼ਰਾਂ ਵਿਚ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ ਖੇਤਰੀ ਸਿੱਖਾਂ ਦੀ ਜਾਣ-ਪਛਾਣ ਕਰਵਾਉਂਦੀਆਂ ਹਨ। ਕਵੀ ਵੀਰ ਸਿੰਘ ਬਲ ਕ੍ਰਿਤ *ਸਿੰਘ ਸਾਗਰ* ਤੇ ਕਵੀ ਸੇਵਾ ਸਿੰਘ ਰਚਿਤ *ਸ਼ਹੀਦ ਬਿਲਾਸ ਭਾਈ ਮਨੀ ਸਿੰਘ* ਵਿਚੋਂ ਵੀ ਗੁਰੂ ਸਾਹਿਬ ਦੇ ਕੁਝ ਸਿੱਖਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮੁੱਖ ਸਿੱਖਾਂ ਦੀ ਨਿਸ਼ਾਨਦੇਹੀ ਲਈ 19ਵੀਂ ਸਦੀ ਦੇ ਪਹਿਲੇ ਅੱਧ ਤੱਕ ਅੰਕਿਤ ਹੋ ਚੁੱਕੀ ਸਿੱਖ ਰਵਾਇਤ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤੋਂ ਬਾਅਦ ਦੀਆਂ ਰਚਨਾਵਾਂ ਜਿਵੇਂ ਰਤਨ ਸਿੰਘ ਭੰਗੂ ਕ੍ਰਿਤ *ਸ੍ਰੀ ਗੁਰ ਪੰਥ ਪ੍ਰਕਾਸ਼*; ਗਿਆਨੀ ਗਿਆਨ ਰਚਿਤ *ਸ੍ਰੀ ਗੁਰ ਪੰਥ ਪ੍ਰਕਾਸ਼* ਤੇ *ਤਵਾਰੀਖ਼ ਗੁਰੂ ਖ਼ਾਲਸਾ* ਅਤੇ ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਦੇ ਆਧਾਰ 'ਤੇ ਪ੍ਰਮੁੱਖ ਸਿੱਖਾਂ ਦੇ ਨਾਵਾਂ ਵਿਚ ਵਾਧੇ ਤੋਂ ਗੁਰੇਜ਼ ਕੀਤਾ ਹੈ। ਕਿਉਂਕਿ ਆਮ ਤੌਰ 'ਤੇ ਇਹ ਰਚਨਾਵਾਂ 19ਵੀਂ ਸਦੀ ਦੇ ਪਹਿਲੇ ਅੱਧ ਤੱਕ ਜ਼ਿਕਰ ਹੋਏ ਸਿੱਖਾਂ ਦੇ ਨਾਵਾਂ ਨੂੰ ਦੁਹਰਾਉਂਦੀਆਂ ਹਨ। ਇਸ ਲਈ ਇਨ੍ਹਾਂ ਤੋਂ ਪੂਰਬ ਵਰਤੀ ਸ੍ਰੋਤਾਂ ਵਿਚ ਉਲੇਖ ਹੋਏ ਸਿੱਖਾਂ ਦੇ ਜੀਵਨ-ਸਮਾਚਾਰਾਂ ਦੀ ਟੋਹ ਲਾਉਣ ਲਈ ਪੂਰਨ ਸਹਾਇਤਾ ਲਈ ਗਈ ਹੈ। ਇਸ ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਸਿੱਖ ਇਤਿਹਾਸਕ ਸ੍ਰੋਤ ਗ੍ਰੰਥਾਂ ਦੀ ਸੰਖੇਪ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਮੁੱਖ ਸਿੱਖਾਂ ਬਾਰੇ ਮਿਲਦੇ ਨਾਵਾਂ ਦੀ ਨਾਂ-ਮਾਤਰ ਜਾਣਕਾਰੀ ਸਾਂਝੀ ਕੀਤੀ ਗਈ ਹੈ। ਖੋਜ-ਪ੍ਰਬੰਧ ਵਿਚ ਲੋੜੀਂਦੀ ਜਾਣਕਾਰੀ ਨੂੰ ਵਿਸਥਾਰ ਸਹਿਤ ਵਰਣਨ ਕਰਨ ਲਈ, ਇਨ੍ਹਾਂ ਉਪਰੋਕਤ ਸਿੱਖ ਸ੍ਰੋਤ ਗ੍ਰੰਥਾਂ ਨੂੰ

ਆਧਾਰ ਬਣਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਦੇ ਜੀਵਨ-ਸਮਾਚਾਰ ਅਤੇ ਉਨ੍ਹਾਂ ਦੁਆਰਾ ਸਮਾਜ ਵਿਚ ਪਾਏ ਬਹੁਪੱਖੀ ਯੋਗਦਾਨ ਬਾਰੇ ਅਗਲੇਰੇ ਅਧਿਆਇਆਂ ਵਿਚ ਵਰਣਨ ਕਰਨ ਦਾ ਜਤਨ ਕੀਤਾ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸਿੱਧ ਸਿੱਖਾਂ ਦੀ ਨਿਸ਼ਾਨਦੇਹੀ ਕਰਨ ਲਈ ਪੂਰੀ ਸਾਵਧਾਨੀ ਵਰਤੀ ਗਈ ਹੈ ਪਰ ਫਿਰ ਵੀ ਕਿਸੇ ਸਿੱਖ ਦਾ ਨਾਂ ਰਹਿ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਅਧਿਐਨ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਭਨਾਂ ਸਿੱਖਾਂ ਦੇ ਨਾਂ ਸ਼ਾਮਿਲ ਨਹੀਂ ਹਨ। ਇਸ ਵਿਚ ਸਿਰਫ਼ ਉਹੀ ਸਿੱਖਾਂ ਦੇ ਨਾਂ ਹਨ, ਜਿਨ੍ਹਾਂ ਦੇ ਕਾਰਨਾਮੇ ਕਿਸੇ ਨਾ ਕਿਸੇ ਖੇਤਰ ਵਿਚ ਸਿੱਖ ਪੰਥ ਵਿਚ ਪ੍ਰਸਿੱਧ ਹੋਣ ਕਰਕੇ ਉਨ੍ਹਾਂ ਦੇ ਇੰਦਰਾਜ ਇਤਿਹਾਸਕ ਸ੍ਰੋਤਾਂ ਜਾਂ ਮੌਖਿਕ ਪਰੰਪਰਾ ਵਿਚ ਦਰਜ ਹੋ ਚੁੱਕੇ ਸਨ। ਪਰ ਸ਼ਰਧਾਲੂ ਸਿੱਖਾਂ ਦੇ ਨਾਂ ਜੋ ਗੁਰੂ ਸਾਹਿਬ ਦੇ ਉਪਾਸ਼ਕ ਸਨ, ਕੁਝ ਕੁ ਲਿਖਤਾਂ ਵਿਚ ਵਿਕੋਲਿਤਰੇ ਪਏ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸਿੱਧ ਸਿੱਖਾਂ ਦੇ ਜੀਵਨ-ਸਮਾਚਾਰਾਂ ਨੂੰ ਸੰਖਿਪਤ ਰੂਪ ਵਿਚ ਪੇਸ਼ ਕਰਦਿਆਂ ਉਨ੍ਹਾਂ ਦੀਆਂ ਧਾਰਮਿਕ-ਸਮਾਜਿਕ ਖੇਤਰ ਵਿਚ ਸੇਵਾਵਾਂ, ਰੁਜ਼ਗਾਰ-ਧੰਦੇ, ਜੱਦੀ ਸਥਾਨ, ਸਿੱਖ ਪੰਥ ਵਿਚ ਪ੍ਰਵੇਸ਼ ਦਾ ਸਮਾਂ, ਗੁਰੂ-ਦਰਬਾਰ ਵਿਚ ਰੁਤਬਾ, ਭੂਮਿਕਾ ਤੇ ਸੇਵਾ ਆਦਿ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਪਰੰਤੂ ਕਈਆਂ ਸਿੱਖਾਂ ਦੇ ਜੀਵਨ-ਸਮਾਚਾਰ ਸਮੇਂ ਦੇ ਬੀਤਣ ਨਾਲ ਓਝਲ ਹੋ ਗਏ ਹਨ। ਸਿੱਖ ਪੰਥ ਦੀ ਸਿਮ੍ਰਿਤੀ ਵਿਚ ਉਨ੍ਹਾਂ ਦੇ ਨਾਂ ਤੇ ਸੇਵਾ ਦੇ ਚਿੰਨ੍ਹ ਹੀ ਬਾਕੀ ਬਚੇ ਹਨ। ਅਜਿਹੇ ਗੁੰਮਨਾਮ ਸਿੱਖਾਂ ਬਾਰੇ ਉਨ੍ਹਾਂ ਦੇ ਨਾਂ, ਸੇਵਾ ਤੇ ਕਾਰਨਾਮਿਆਂ ਨੂੰ ਅੰਕਿਤ ਕਰਨ ਤੋਂ ਸਿਵਾਇ ਹੋਰ ਕੋਈ ਜਾਣਕਾਰੀ ਜੁਟਾਉਣੀ ਸੰਭਵ ਨਹੀਂ। ਗੁਰੂ ਸਾਹਿਬ ਦੀਆਂ ਸਾਰੀਆਂ ਜੰਗਾਂ ਵਿਚੋਂ ਮੁਖ ਤੌਰ 'ਤੇ ਦੋ ਜੰਗਾਂ ਚਮਕੌਰ ਤੇ ਮੁਕਤਸਰ ਵਿਚ ਸ਼ਹੀਦ ਹੋਏ ਸਿੱਖਾਂ ਦੀ ਗਿਣਤੀ ਦਾ ਜ਼ਿਕਰ ਇਤਿਹਾਸ ਵਿਚ ਮਿਲਦਾ ਹੈ ਪਰ ਇਨ੍ਹਾਂ ਜੰਗਾਂ ਵਿਚ ਸ਼ਹੀਦ ਹੋਏ ਸਿੱਖਾਂ ਦੇ ਨਾਵਾਂ ਬਾਰੇ ਵਿਦਵਾਨ ਇਕ ਮੱਤ ਨਹੀਂ ਹਨ। ਇਨ੍ਹਾਂ ਦੋਵੇਂ ਜੰਗਾਂ ਦੇ ਸ਼ਹੀਦਾਂ ਦੀ ਜਿਹੜੀ ਸੂਚੀ ਭਾਈ ਕਾਨ੍ਹ ਸਿੰਘ ਨਾਭਾ ਨੇ *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਦਿੱਤੀ ਹੈ। ਉਹ ਦੂਸਰੇ ਪੁਰਾਤਨ ਸ੍ਰੋਤਾਂ ਵਿਚ ਮਿਲਦੇ ਨਾਵਾਂ ਨਾਲ ਮੇਲ ਨਹੀਂ ਖਾਂਦੀ। ਜਿਵੇਂ :- ਇਸ ਸੂਚੀ ਵਿਚ ਅਜਾਇਬ ਸਿੰਘ ਅਜਬ ਸਿੰਘ ਆਲਮ ਸਿੰਘ, ਮਾਨ ਸਿੰਘ ਆਦਿ ਪ੍ਰਮੁੱਖ ਸਿੱਖਾਂ ਦਾ ਜ਼ਿਕਰ ਨਹੀਂ, ਜਦੋਂਕਿ ਇਹ ਇਸ ਜੰਗ ਵਿਚ ਪ੍ਰਮੁੱਖ ਯੋਧੇ ਸਨ। ਅਸੀਂ ਇਨ੍ਹਾਂ ਸਿੱਖਾਂ ਦੇ ਇੰਦਰਾਜਾਂ ਨੂੰ ਇਕ ਥਾਂ ਦੇਣ ਦੀ ਬਜਾਏ ਵੱਖ-ਵੱਖ ਥਾਂ ਜਿੱਥੇ ਗੁਰਮੁਖੀ ਕ੍ਰਮਨੁਸਾਰ ਉਨ੍ਹਾਂ ਦੀ ਲੋੜ ਸੀ, ਦੇ ਦਿੱਤਾ ਹੈ।

ਪ੍ਰਸਿੱਧ ਸਿੱਖਾਂ ਬਾਰੇ ਗ੍ਰਹਿਣ ਕੀਤੀ ਸੂਚਨਾ, ਅਧਿਐਨ ਵਿਚਲੇ ਅਗਲੇ ਅਧਿਆਇਆਂ ਦੇ ਵਿਸ਼ਿਆਂ ਵਿਚ ਜਿਵੇਂ :- ਪਰਿਵਾਰਕ ਮੈਂਬਰ, ਪ੍ਰਮੁੱਖ ਸਿੱਖ, ਹਜ਼ੂਰੀ ਕਵੀ, ਹਜ਼ੂਰੀ ਕਾਰੀਗਰ, ਸ਼ਰਧਾਲੂ ਸਿੱਖ, ਸ਼ਰਧਾਲੂ ਕਵੀ, ਸ਼ਰਧਾਲੂ ਮੁਸਲਮਾਨ ਅਤੇ ਇਨ੍ਹਾਂ ਦਾ ਸਮਾਜ ਵਿਚ ਬਹੁਪੱਖੀ ਯੋਗਦਾਨ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਸਮਝਣ ਲਈ ਅਧਾਰਸ਼ਿਲਾ ਦਾ ਕਾਰਜ ਕਰਦਾ ਹੈ।

ਵਿਦਵਾਨ, ਇਤਿਹਾਸਕਾਰ ਤੇ ਫਿਲਾਸਫ਼ਰ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਸੈਨਾ-ਨਾਇਕ, ਉੱਚ ਪਾਇ ਦਾ ਕਵੀ ਆਪੋ-ਆਪਣੇ ਨਜ਼ਰੀਏ ਰਾਹੀਂ ਵੱਖ-ਵੱਖ ਰੂਪਾਂ ਵਿਚ ਚਿਤਰਦੇ ਹਨ। ਉਹ ਸਮਝਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖ ਧਰਮ ਦੇ ਪ੍ਰਚਾਰ-ਪ੍ਰਬੰਧ ਦੀਆਂ ਸੰਸਥਾਵਾਂ ਦੇ ਨਵੇਂ ਰੂਪ (ਖ਼ਾਲਸੇ) ਨੂੰ ਜਨਮ ਦਿੱਤਾ। ਵਾਸਤਵਿਕ ਸਥਿਤੀ ਨੂੰ ਸਮਝਣ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਿੱਖਾਂ ਤੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਘੋਖਣਾ ਅਤਿ ਜ਼ਰੂਰੀ ਹੈ। ਸਿੱਖ ਪੰਥ ਦਾ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਇਲਾਕਿਆਂ ਵਿਚ ਪ੍ਰਸਾਰ ਇਕ ਤੋਂ ਵੱਧ ਢੰਗਾਂ ਨਾਲ ਹੋਇਆ। ਵਿਸ਼ੇ ਦੀ ਸਪੱਸ਼ਟਤਾ ਲਈ ਪੰਜਾਬ ਅਤੇ ਭਾਰਤ ਦੇ ਵਿਭਿੰਨ ਪ੍ਰਦੇਸ਼ਾਂ ਵਿਚ ਪ੍ਰਮੁੱਖ ਸਿੱਖਾਂ ਦੇ ਜੀਵਨ-ਸਮਾਚਾਰ ਅਤੇ ਸਮਾਜ ਵਿਚ ਸਿੱਖ ਪੰਥ ਦੇ ਪਾਏ ਯੋਗਦਾਨ ਨੂੰ ਖੋਜਣ ਦਾ ਜਤਨ ਕੀਤਾ ਗਿਆ ਹੈ।

**ਖੋਜ ਵਿਧੀ** :-

ਧਰਮ ਅਧਿਐਨ ਦੇ ਖੇਤਰ ਵਿਚ ਭਾਵੇਂ ਕਿ ਅਨੇਕਾਂ ਖੋਜ ਵਿਧੀਆਂ ਪ੍ਰਚਲਿਤ ਹਨ। ਹਥਲੇ ਖੋਜ-ਕਾਰਜ ਦੀ ਵਿਸ਼ਾ ਸਮੱਗਰੀ ਨੂੰ ਧਿਆਨ ਵਿਚ ਰੱਖਦੇ ਹੋਏ ਧਰਮ-ਸ਼ਾਸਤਰੀ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ। ਪਰ ਵਿਸ਼ੇ ਦਾ ਅਧਿਐਨ ਧਰਮ, ਇਤਿਹਾਸ ਅਤੇ ਸਮਾਜ ਨਾਲ ਸੰਬੰਧਿਤ ਹੈ। ਇਸ ਲਈ ਇਸ ਵਿਸ਼ੇ ਦੇ ਅਧਿਐਨ ਲਈ ਅਸੀਂ ਅੰਤਰ-ਅਨੁਸ਼ਾਸ਼ਨੀ ਵਿਧੀ ਵੀ ਅਪਣਾਈ ਹੈ।

**ਘੇਰਾ ਅਤੇ ਅਧਿਆਇ ਵੰਡ** :-

ਕਾਲ ਪੱਖੋਂ ਸਾਡਾ ਸਮਾਂ ਬੁਨਿਆਦੀ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲ (1666-1708 ਈ.) ਹੈ। ਪਰ ਲੋੜ ਸਥਿਤੀ ਜਾਂ ਭਾਵ ਸਮਝਣ ਦੀ ਮਜ਼ਬੂਰੀ ਤਹਿਤ ਇਸ ਕਾਲ ਤੋਂ ਅੱਗੇ-ਪਿੱਛੇ ਵੀ ਵਰਤਿਆ ਗਿਆ ਹੈ। ਜਿਹੜੇ ਪ੍ਰਮੁੱਖ ਸਿੱਖਾਂ ਦੇ ਜੀਵਨ-ਸਮਾਚਾਰ ਵਿਚਾਰੇ ਗਏ ਹਨ, ਉਨ੍ਹਾਂ ਵਿਚੋਂ ਕੁਝ ਕੁ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਕਾਲ ਤੇ ਇਸ

ਤੋਂ ਪਹਿਲਾਂ ਅਤੇ ਮਗਰੋਂ ਦਾ ਵੀ ਹੈ। ਜਿਵੇਂ :– ਕਈ ਸਿੱਖ ਗੁਰੂ ਤੇਗ ਬਹਾਦਰ ਜੀ ਸਮੇਂ ਗੁਰੂ ਦਰਬਾਰ ਵਿਚ ਪ੍ਰਵੇਸ਼ ਹੋਏ। ਇਸੇ ਤਰ੍ਹਾਂ ਕਈ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਸਨ ਪਰ ਉਹ ਬਾਅਦ ਵਿਚ ਸ਼ਹੀਦ ਹੋਏ। ਅਧਿਐਨ ਦੀ ਸੀਮਾ ਮੁੱਖ ਤੌਰ 'ਤੇ ਸਿਧਾਂਤਕ, ਸੰਸਥਾਗਤ ਤੇ ਇਤਿਹਾਸਕ ਪੱਖਾਂ ਤੱਕ ਸੀਮਿਤ ਕੀਤੀ ਗਈ ਹੈ। ਇਸ ਸੀਮਾ ਦੇ ਅੰਤਰਗਤ ਖੋਜ-ਕਾਰਜ ਦੇ ਕੁਲ ਚਾਰ ਅਧਿਆਇ ਬਣਾਏ ਗਏ ਹਨ।

ਪਹਿਲਾ ਅਧਿਆਇ *"ਪ੍ਰਮੁੱਖ ਸਿੱਖ ਤੇ ਸਿੱਖ ਪੰਥ ਦਾ ਦਰਪਣ : ਸਿੱਖ ਇਤਿਹਾਸਕ ਸ੍ਰੋਤ ਗ੍ਰੰਥ"* ਹੈ। ਇਸ ਅਧਿਆਇ ਵਿਚ ਸਿੱਖ ਇਤਿਹਾਸ ਦੇ ਤੇਰਾਂ ਗੁਰਮੁਖੀ ਸ੍ਰੋਤ ਗ੍ਰੰਥਾਂ ਨੂੰ ਲਿਆ ਗਿਆ ਹੈ। ਜਿਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਸਿੱਖ ਧਰਮ ਦੇ ਮੁਢੱਲੇ ਅਤੇ ਗੌਣ ਸ੍ਰੋਤ। ਮੁੱਢਲੇ ਸ੍ਰੋਤਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਨੂੰ ਲਿਆ ਗਿਆ ਹੈ। ਦੂਜਾ ਗੌਣ ਸ੍ਰੋਤਾਂ ਵਿਚ ਗਿਆਰਾਂ ਸ੍ਰੋਤ ਲਏ ਹਨ, ਜਿਨ੍ਹਾਂ ਵਿਚ ਵਿਚਾਰਧੀਨ ਸ੍ਰੋਤ ਗ੍ਰੰਥਾਂ ਵਿਚ 1. ਨੀਸਾਣ ਤੇ ਹੁਕਮਨਾਮੇ, (ਸ਼ਮਸ਼ੇਰ ਸਿੰਘ ਅਸ਼ੋਕ, 1967 ਈ.), ਹੁਕਮਨਾਮੇ (ਡਾ. ਗੰਡਾ ਸਿੰਘ, 1967 ਈ.); 2. ਸ੍ਰੀ ਗੁਰ ਸੋਭਾ (ਕਵਿ ਸੈਨਾਪਤਿ, 1711 ਈ.); 3. ਗੁਰਬਿਲਾਸ ਪਾਤਸ਼ਾਹੀ ੧੦ (ਕੁਇਰ ਸਿੰਘ, 1751 ਈ.); 4. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (ਕੇਸਰ ਸਿੰਘ ਛਿੱਬਰ, 1769 ਈ.); 5. ਮਹਿਮਾ ਪ੍ਰਕਾਸ਼ (ਸਰੂਪ ਦਾਸ ਭੱਲਾ, 1776 ਈ.); 6. ਗੁਰਬਿਲਾਸ ਪਾਤਸ਼ਾਹੀ ੧੦ (ਸੁੱਖਾ ਸਿੰਘ, 1797 ਈ.); 7. ਗੁਰੂ ਕੀਆਂ ਸਾਖੀਆਂ (ਸ੍ਰਰੂਪ ਸਿੰਘ ਕੋਸ਼ਿਸ਼, 1790 ਈ.); 8. ਸ੍ਰੀ ਗੁਰ ਪੰਥ ਪ੍ਰਕਾਸ਼ / ਪ੍ਰਾਚੀਨ ਪੰਥ ਪ੍ਰਕਾਸ਼ (ਭਾਈ ਰਤਨ ਸਿੰਘ ਭੰਗੂ, 1841 ਈ.); 9. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਭਾਈ ਸੰਤੋਖ ਸਿੰਘ, 1843 ਈ.); 10. ਸ੍ਰੀ ਗੁਰ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ, 1953 ਈ.); 11. ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ, 1930 ਈ.) ਲਏ ਗਏ ਹਨ। ਇਨ੍ਹਾਂ ਗ੍ਰੰਥਾਂ ਅਤੇ ਗ੍ਰੰਥਾਕਾਰਾਂ ਬਾਰੇ ਬਹੁਤ ਜਿਆਦਾ ਅਕਾਦਮਿਕ ਪੱਧਰ 'ਤੇ ਖੋਜ-ਕਾਰਜ ਹੋ ਚੁੱਕੇ ਹਨ। ਇਸ ਲਈ ਇਨ੍ਹਾਂ ਬਾਰੇ ਅਸੀਂ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਸਮਝੀ। ਹੱਥਲੇ ਅਧਿਐਨ ਵਿਚ ਸਿਰਫ ਗ੍ਰੰਥ ਅਤੇ ਗ੍ਰੰਥਕਾਰ ਬਾਰੇ ਸੰਖੇਪ ਜਾਣਕਾਰੀ ਦੇ ਕੇ ਇਨ੍ਹਾਂ ਵਿਚ ਆਏ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਿੱਖਾਂ ਦੇ ਕੇਵਲ ਨਾਵਾਂ ਦੇ ਇੰਦਰਾਜਾਂ ਨੂੰ ਗੁਰਮੁਖੀ ਕ੍ਰਮਨੁਸਾਰ ਲਿਖ ਦਿੱਤਾ ਹੈ। ਜਿਨ੍ਹਾਂ ਦਾ ਵਿਸਥਾਰ ਅਗਲੇ ਅਧਿਆਇਆਂ ਵਿਚ ਕੀਤਾ ਗਿਆ ਹੈ।

ਦੂਜਾ ਅਧਿਆਇ *"ਸਿੱਖ ਪੰਥ ਦਾ ਪ੍ਰਚਾਰ ਤੇ ਪ੍ਰਸਾਰ : ਗੁਰੂ ਸਾਹਿਬਾਨ ਕਾਲ"* ਹੈ। ਇਸ ਵਿਚ ਗੁਰੂ ਸਾਹਿਬਾਨ ਦੇ

ਨਾਂ ਅਧੀਨ ਦਸ ਸਿਰਲੇਖ ਦਿੱਤੇ ਗਏ ਹਨ। ਗੁਰੂ ਸਾਹਿਬਾਨ ਦਾ ਜੀਵਨ, ਸਮਾਂ ਅਤੇ ਉਨ੍ਹਾਂ ਦੇ ਸਿੱਖਾਂ ਦਾ ਘੇਰਾ ਆਪਣੇ-ਆਪ ਵਿਚ ਬਹੁਤ ਵਿਸ਼ਾਲ ਹੈ। ਇਨ੍ਹਾਂ ਬਾਰੇ ਵਿਸਥਾਰ ਵਿਚ ਜਾਣਾ ਸਾਡੇ ਵਿਸ਼ੇ ਦੇ ਘੇਰੇ ਵਿਚ ਨਹੀਂ ਸੀ। ਇਸ ਲਈ ਇਸ ਅਧਿਆਇ ਵਿਚ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਇਕੱਲੇ-ਇਕੱਲੇ ਗੁਰੂ ਕਾਲ ਵਿਚ ਸਿੱਖ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਹੈ।

ਤੀਜਾ ਅਧਿਆਇ ***"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਿੱਖਾਂ ਦੇ ਜੀਵਨ-ਸਮਾਚਾਰ"*** ਹੈ। ਸਮੁੱਚੇ ਖੋਜ-ਕਾਰਜ ਦਾ ਕੇਂਦਰੀ ਤੱਤ ਇਸੇ ਅਧਿਆਇ 'ਤੇ ਅਧਾਰਿਤ ਹੈ, ਕਿਉਂਕਿ ਇਸ ਅਧਿਆਇ ਵਿਚ ਖੋਜ-ਕਾਰਜ ਨਾਲ ਪ੍ਰਮੁੱਖ ਸਿੱਖਾਂ ਦੇ ਜੀਵਨ-ਸਮਾਚਾਰ ਦਿੱਤੇ ਗਏ ਹਨ। ਇਸ ਵਿਚ ਕੋਸ਼ਕਾਰੀ ਦੇ ਨਿਯਮਾਂ ਅਧੀਨ ਗੁਰਮੁਖੀ (ਪੰਜਾਬੀ) 'ਵਰਣਮਾਲਾ' ਦੇ ਅੱਖਰ ਕ੍ਰਮਨੁਸਾਰ ਅਤੇ ਲਗਾਂ-ਮਾਤਰਾ ਕ੍ਰਮਨੁਸਾਰ 'ਇੰਦਰਾਜ' ਦਿੱਤੇ ਗਏ ਹਨ। ਇਸ ਅਧਿਆਇ ਵਿਚ ਪ੍ਰਮੁੱਖ ਸਮਕਾਲੀ ਸਿੱਖਾਂ ਦੇ ਜੀਵਨ-ਸਮਾਚਾਰਾਂ ਨੂੰ ਦੋ ਮੁਖ ਸਿਰਲੇਖਾਂ 'ਪ੍ਰਮੁੱਖ ਸਿੱਖ' ਅਤੇ 'ਸ਼ਰਧਾਲੂ ਸਿੱਖ' ਵਿਚ ਵੰਡਿਆ ਗਿਆ ਹੈ। ਅੱਗੋਂ ਇਨ੍ਹਾਂ ਨੂੰ ਉਪ ਸਿਰਲੇਖਾਂ ਅਧੀਨ ਰੱਖਿਆ ਗਿਆ ਹੈ। ਜਿਵੇਂ :- 1. ਪ੍ਰਮੁੱਖ ਸਿੱਖ – 1.1. ਪਰਿਵਾਰਕ ਮੈਂਬਰ, 1.2. ਪਰਿਵਾਰਕ ਮੈਂਬਰ ਸ਼ਹੀਦ, 1.3. ਹਜ਼ੂਰੀ ਸਿੱਖ, 1.4. ਹਜ਼ੂਰੀ ਸਿੱਖ ਸ਼ਹੀਦ, 1.5. ਹਜ਼ੂਰੀ ਕਵੀ, 1.6. ਹਜ਼ੂਰੀ ਕਵੀ ਸ਼ਹੀਦ, 1.7. ਹਜ਼ੂਰੀ ਕਾਤਬ, 1.8. ਹਜ਼ੂਰੀ ਢਾਡੀ ਤੇ ਰਬਾਬੀ, 1.9. ਹਜ਼ੂਰੀ ਢਾਡੀ ਤੇ ਰਬਾਬੀ ਸ਼ਹੀਦ, 1.10. ਹਜ਼ੂਰੀ ਕਾਰੀਗਰ। ਦੂਜਾ 2. ਸ਼ਰਧਾਲੂ ਸਿੱਖ – 2.1. ਸ਼ਰਧਾਲੂ ਸਿੱਖ, 2.2. ਸ਼ਰਧਾਲੂ ਸਿੱਖ ਸ਼ਹੀਦ, 2.3. ਸ਼ਰਧਾਲੂ ਮੁਸਲਮਾਨ, 2.4. ਸ਼ਰਧਾਲੂ ਮੁਸਲਮਾਨ ਸ਼ਹੀਦ, 2.5. ਸ਼ਰਧਾਲੂ ਕਵੀ, 2.6. ਸ਼ਰਧਾਲੂ ਕਾਤਬ ਅਤੇ 2.7. ਸ਼ਰਧਾਲੂ ਕਾਰੀਗਰ। ਇਨ੍ਹਾਂ ਉਪ ਸਿਰਲੇਖਾਂ ਵਿਚ ਸਿੱਖਾਂ ਦੇ ਜੀਵਨ-ਸਮਾਚਾਰਾਂ ਨੂੰ ਵਿਸਥਾਰ ਸਹਿਤ ਬਿਆਨ ਕੀਤਾ ਗਿਆ ਹੈ।

ਚੌਥਾ ਅਧਿਆਇ ***"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਦਾ ਬਹੁਪੱਖੀ ਯੋਗਦਾਨ"*** ਹੈ। ਇਸ ਅਧਿਆਇ ਵਿਚ ਸਮਕਾਲੀ ਸਿੱਖਾਂ ਦੁਆਰਾ ਸਮਾਜ ਦੇ ਵਿਭਿੰਨ ਖੇਤਰਾਂ ਜਿਵੇਂ :– 1. ਧਾਰਮਿਕ, 2. ਸਮਾਜਿਕ, 3. ਰਾਜਨੀਤਿਕ, 4. ਆਰਥਿਕ, 5. ਸਾਹਿਤਿਕ, 6. ਵਿੱਦਿਅਕ, 7. ਸੰਗੀਤਕ ਅਤੇ 8. ਸਭਿਆਚਾਰਕ ਪੱਖੋਂ ਪਾਏ ਬਹੁਪੱਖੀ ਯੋਗਦਾਨ ਸੰਬੰਧੀ ਸੰਖੇਪ ਚਰਚਾ ਕੀਤੀ ਹੈ।

ਅਧਿਐਨ ਦੇ ਅਖੀਰ ਵਿਚ ਸਾਰ ਤੇ ਸਥਾਪਨਾਵਾਂ, ਸਮਕਾਲੀ ਸਿੱਖਾਂ ਦੇ ਨਾਵਾਂ-ਥਾਂਵਾਂ ਦੀ ਅੰਤਿਕਾ ਦਿੱਤੀ ਗਈ ਹੈ। ਇਸ ਅੰਤਿਕਾ ਵਿਚ ਸਿੱਖਾਂ ਦਾ ਪਿਛੋਕੜ, ਨਾਂ, ਜਾਤ, ਧਰਮ, ਪਿਤਾ, ਸਥਾਨ, ਗੁਰੂ ਦਰਬਾਰ ਵਿਚ ਰੁਤਬਾ, ਅੰਤਿਮ ਸਮਾਂ (ਸ਼ਹਾਦਤ) ਬਾਰੇ ਅਤੇ ਕਿਹੜੇ ਸ੍ਰੋਤ ਵਿਚ ਸੰਬੰਧਿਤ ਸਿੱਖ ਦਾ ਨਾਂ ਆਇਆ ਹੈ, ਦੀ ਜਾਣਕਾਰੀ ਦਿੱਤੀ ਹੈ। ਇਨ੍ਹਾਂ ਸਿੱਖਾਂ ਦੇ ਇੰਦਰਾਜ ਜਿਹੜੇ ਸ੍ਰੋਤਾਂ ਵਿਚ ਆਏ ਹਨ, ਉਨ੍ਹਾਂ ਲਈ ਸੰਖੇਪ ਚਿੰਨ੍ਹ ਵਰਤੇ ਹਨ, ਦੀ ਜਾਣਕਾਰੀ ਅੰਤਿਕਾ ਦੇ ਆਰੰਭ ਵਿਚ ਦਰਜ ਕਰ ਦਿੱਤੀ ਹੈ। ਖੋਜ-ਕਾਰਜ ਦੇ ਅਖੀਰ ਵਿਚ ਪੁਸਤਕ ਸੂਚੀ ਸ਼ਾਮਲ ਕੀਤੀ ਗਈ ਹੈ।

ਅਧਿਐਨ ਵਿਚ ਪੇਸ਼ ਕੀਤੀਆਂ ਸਥਾਪਨਾਵਾਂ, ਮਾਨਤਾਵਾਂ ਤੇ ਨਿਰਣਿਆਂ ਦੇ ਅੰਤਿਮ ਹੋਣ ਪ੍ਰਤੀ ਕੋਈ ਦਾਅਵਾ ਨਹੀਂ। ਵਿਚਾਰਧੀਨ ਵਿਸ਼ੇ ਨੂੰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਵਿਚਾਰਨ ਦੀ ਦਿਸ਼ਾ ਵਿਚ ਇਹ ਮੁੱਢਲਾ ਜਤਨ ਹੈ। ਇਸ ਵਿਚ ਵਿਸਤਰਿਤ ਤੇ ਗੰਭੀਰ ਖੋਜ ਦੀ ਸੰਭਾਵਨਾ ਨੂੰ ਕਦਾਚਿਤ ਵੀ ਰੱਦ ਨਹੀਂ ਕੀਤਾ ਜਾ ਸਕਦਾ। 17ਵੀਂ ਸਦੀ ਦੇ ਪਿਛਲੇ ਅੱਧ ਵਿਚ ਸਿੱਖ ਪੰਥ ਦੀ ਸਥਿਤੀ ਦੇ ਅਗਿਆਤ ਪੱਖਾਂ ਨੂੰ ਆਪਣੀ ਸਮਰੱਥਾ ਅਤੇ ਸਮੇਂ ਦੀ ਸੀਮਾ ਅਨੁਸਾਰ ਉਜਾਗਰ ਕਰਨ ਦਾ ਜਤਨ ਕੀਤਾ ਹੈ। ਅੰਤ ਵਿਚ ਨਿਮਰਤਾ ਸਹਿਤ ਇਹ ਖੋਜ-ਪ੍ਰਬੰਧ ਵਿਦਵਾਨਾਂ ਦੇ ਨਿਰੀਖਣ ਹਿਤ ਪ੍ਰਸਤੁਤ ਕਰ ਰਿਹਾ ਹਾਂ।

**ਖੋਜਾਰਥੀ**

## ਅਧਿਆਇ ਪਹਿਲਾ

# ਪ੍ਰਮੁੱਖ ਸਿੱਖ ਤੇ ਸਿੱਖ ਪੰਥ ਦਾ ਦਰਪਣ : ਸਿੱਖ ਇਤਿਹਾਸਕ ਸ੍ਰੋਤ ਗ੍ਰੰਥ

ਸਿੱਖ ਦ੍ਰਿਸ਼ਟੀਕੋਣ ਤੋਂ ਕਿਸੇ ਵੀ ਵਿਸ਼ੇ ਦੀ ਤਹਿ ਤੱਕ ਪਹੁੰਚਣ ਲਈ ਸਿੱਖ ਧਰਮ ਦੀ ਮੂਲ ਸਮੱਗਰੀ ਅਰਥਾਤ ਸਿੱਖ ਪਰੰਪਰਾ ਦੀਆਂ ਮੌਲਿਕ ਸਾਹਿਤਕ ਰਚਨਾਵਾਂ ਦਾ ਅਧਿਐਨ ਅਤਿ ਜ਼ਰੂਰੀ ਹੈ। ਸਾਹਿਤ, ਸਮਾਜ ਦੀਆਂ ਸਮਕਾਲੀਨ ਪਰਿਸਥਿਤੀਆਂ ਦਾ ਹਾਣੀ ਹੋਣ ਕਰਕੇ ਆਰਸੀ ਦੀ ਤਰ੍ਹਾਂ ਸਮਾਜ ਵਿਚ ਵਾਪਰੀਆਂ ਘਟਨਾਵਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਇਹ ਭਾਵੇਂ ਕਿਸੇ ਵੀ ਰੂਪ ਵਿਚ ਹੋਵੇ, ਤਤਕਾਲੀ ਸਮੇਂ ਦਾ ਅਮੋਲ ਵਿਰਸਾ ਸਾਂਭੀ ਰੱਖਦਾ ਹੈ। ਜਿਸ ਦਾ ਪਸਾਰ ਕਾਲਿਕ ਹੁੰਦਾ ਹੈ। ਬ੍ਰਿਤਾਂਤ ਵਿਚ ਚਲਣ ਵਾਲੇ ਵੱਖ-ਵੱਖ ਰੂਪਾਕਾਰਾਂ ਵਿਚੋਂ ਸਿੱਖ ਸ੍ਰੋਤ ਗ੍ਰੰਥਾਂ ਦੀ ਵਿਲੱਖਣ ਅਤੇ ਵਿਚਿੱਤਰ ਹੋਂਦ ਹੈ। ਇਸ ਲਈ ਸਿੱਖ ਸ੍ਰੋਤ ਗ੍ਰੰਥ ਵੀ ਆਪਣੇ ਸਮੇਂ ਦਾ ਮੁਹਾਂਦਰਾ ਪੇਸ਼ ਕਰਦੇ ਹਨ। ਸਿੱਖ ਇਤਿਹਾਸ ਦੇ ਇਨ੍ਹਾਂ ਸ੍ਰੋਤ ਗ੍ਰੰਥਾਂ ਦਾ ਪ੍ਰਮੁੱਖ ਪ੍ਰਯੋਜਨ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਅਤੇ ਜੀਵਨ ਨੂੰ ਆਦਰਸ਼ਮਈ ਅਤੇ ਸਰਬਾਰਥੀ ਅਰਥ ਦੇਣਾ ਰਿਹਾ ਹੈ। ਸਿੱਖ ਸਾਹਿਤ ਆਪਣੇ ਸਮੇਂ ਦੇ ਸਮਾਜ ਦੀਆਂ ਧਾਰਮਿਕ ਸੰਪਰਦਾਵਾਂ ਅਤੇ ਸਮਾਜਿਕ ਗਤੀ-ਵਿਧੀਆਂ ਦੀ ਜਾਣਕਾਰੀ ਨਾਲ ਭਰਪੂਰ ਹੈ। ਇਸ ਲਈ ਪ੍ਰਮੁੱਖ ਸਿੱਖਾਂ ਬਾਰੇ ਸਮਕਾਲੀਨ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਆਦਿ ਪੱਖਾਂ ਦੀ ਜਾਣਕਾਰੀ ਹਾਸਿਲ ਕਰਨ ਲਈ ਸਿੱਖ ਸ੍ਰੋਤ ਗ੍ਰੰਥ ਵਡਮੁੱਲੀ ਸ੍ਰੋਤ ਸਮੱਗਰੀ ਪ੍ਰਦਾਨ ਕਰਦਾ ਹੈ। ਇਸੇ ਸੰਦਰਭ ਵਿਚ ਸਿੱਖ ਸ੍ਰੋਤ ਗ੍ਰੰਥਾਂ ਵਿਚੋਂ ਉਭਰਦੀ ਪ੍ਰਮੁੱਖ ਸਿੱਖਾਂ ਦੀ ਗੁਰੂ ਦਰਬਾਰ ਵਿਚ ਸੇਵਾ, ਸਿੱਖ ਪੰਥ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਪਾਏ ਯੋਗਦਾਨ ਨੂੰ ਹੱਥਲੇ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਦੇ ਜੀਵਨ-ਸਮਾਚਾਰਾਂ ਨੂੰ ਰੂਪਮਾਨ ਕਰਨ ਲਈ ਜਿਹੜੇ ਸਿੱਖ ਇਤਿਹਾਸਕ ਸ੍ਰੋਤ ਗ੍ਰੰਥ ਮੂਲ ਆਧਾਰ ਵਜੋਂ ਵਰਤੇ ਗਏ ਹਨ, ਉਨ੍ਹਾਂ ਦੀ ਇਤਿਹਾਸਕ ਖੋਜੀਆਂ ਨਾਲ ਸੰਖੇਪ ਜਾਣ-ਪਛਾਣ ਕਰਵਾਉਣਾ ਵੀ ਮਹੱਤਵਪੂਰਨ ਕਾਰਜ ਹੈ। ਦਸਮ ਪਾਤਸ਼ਾਹ ਦੇ (1666-1708) ਸਮਕਾਲੀ ਪ੍ਰਮੁੱਖ ਸਿੱਖਾਂ ਦੇ ਜੀਵਨ-ਸਮਾਚਾਰ ਤੇ ਸਿੱਖ ਪੰਥ ਦਾ ਸਰੂਪ ਉਸਾਰਨ ਲਈ ਪਹਿਲੇ ਅਧਿਆਇ ਵਿਚ ਸਿੱਖ ਧਰਮ ਦੇ ਮੁੱਢਲੇ ਤੇ ਗੌਣ ਸ੍ਰੋਤ ਗ੍ਰੰਥਾਂ ਨੂੰ ਅਧਿਐਨ ਦਾ ਆਧਾਰ ਬਣਾਉਂਦਿਆਂ, ਦੋ ਭਾਗਾਂ ਵਿਚ ਵੰਡ ਕੇ ਵਿਚਾਰਨ ਦਾ ਯਤਨ ਕੀਤਾ ਗਿਆ

ਹੈ :-

1. ਸਿੱਖ ਧਰਮ ਦੇ ਮੁੱਢਲੇ (ਪ੍ਰਾਇਮਰੀ) ਸ੍ਰੋਤ

2. ਸਿੱਖ ਧਰਮ ਦੇ ਗੌਣ (ਸਹਾਇਕ) ਸ੍ਰੋਤ

## 1. ਸਿੱਖ ਧਰਮ ਦੇ ਮੁੱਢਲੇ ਸ੍ਰੋਤ

### 1.1. ਸ੍ਰੀ ਗੁਰੂ ਗ੍ਰੰਥ ਸਾਹਿਬ :-

*ਸ੍ਰੀ ਗੁਰੂ ਗ੍ਰੰਥ ਸਾਹਿਬ* ਸਿੱਖਾਂ ਦਾ ਮੁੱਢਲਾ ਧਰਮ ਗ੍ਰੰਥ ਹੈ। ਗੁਰਸਿੱਖੀ ਦੀ ਜੀਵਨ-ਜਾਚ ਦਾ ਮੂਲ ਆਧਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ। ਇਸ ਮਹਾਨ ਗ੍ਰੰਥ ਦਾ ਮੁੱਢਲਾ ਸੰਕਲਨ ਕਾਰਜ ਗੁਰੂ ਅਰਜਨ ਦੇਵ ਜੀ ਨੇ 1604 ਈ. ਕੀਤਾ। ਭਾਈ ਗੁਰਦਾਸ, ਜੋ ਮਹਾਂਕਵੀ ਤੇ ਨਿਪੁੰਨ ਲਿਖਾਰੀ ਸਨ, ਨੇ ਗੁਰੂ ਸਾਹਿਬ ਦੀ ਅਗਵਾਈ ਹੇਠ ਬਾਣੀ ਲਿਖਣ ਦੀ ਸੇਵਾ ਨਿਭਾਈ। ਇਸ ਵਿਚ ਸਮਸਤ ਮਾਨਵਤਾ ਦੇ ਬੋਲਾਂ ਦੀ ਪ੍ਰਤੀਨਿਧਤਾ ਹੋਈ ਹੋਈ ਹੈ। ਹਿੰਦੂ, ਮੁਸਲਮਾਨ, ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਅਰਥਾਤ ਨੀਵਿਆਂ ਤੋਂ ਨੀਵੇਂ ਅਤੇ ਉੱਚਿਆਂ ਤੋਂ ਉੱਚੇ ਕਲਪੇ ਜਾਂਦੇ ਮਨੁੱਖ ਇਕੋ ਪੰਗਤ ਵਿਚ ਬੈਠੇ ਸ਼ਬਦ ਉਚਾਰ ਰਹੇ ਹਨ।[1] ਗੁਰੂ ਅਰਜਨ ਦੇਵ ਜੀ ਨੇ ਪੂਰਨ ਸਾਵਧਾਨੀ ਨਾਲ 'ਆਦਿ ਗ੍ਰੰਥ' ਜੀ ਦਾ ਮੁੱਢਲਾ ਮਤਨ ਤਿਆਰ ਕਰ ਦਿੱਤਾ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਦਰਜ ਕਰਕੇ ਦਮਦਮੇ ਦੇ ਸਥਾਨ 'ਤੇ (ਸ੍ਰੀ ਗੁਰੂ ਗ੍ਰੰਥ ਸਾਹਿਬ) ਸੰਪੂਰਨਤਾ ਬਖ਼ਸ਼ੀ। ਇਸ ਕਾਰਜ ਵਿਚ ਲਿਖਾਈ ਦੀ ਸਮੁੱਚੀ ਸੇਵਾ ਭਾਈ ਮਨੀ ਸਿੰਘ ਜੀ ਨੇ ਕੀਤੀ। ਇਸ ਤੋਂ ਇਲਾਵਾ ਇਸ ਮਹਾਨ ਕਾਰਜ ਤੋਂ ਬਾਅਦ ਗੁਰੂ ਸਾਹਿਬ ਦੇ ਬਹੁਤ ਸਾਰੇ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖਣ ਅਤੇ ਉਤਾਰੇ ਕਰਨ ਵਿਚ ਸਹਿਯੋਗ ਦਿੱਤਾ। ਜਿਵੇਂ:- ਉਨ੍ਹਾਂ ਵਿਚੋਂ ਭਾਈ ਹਰਿਦਾਸ, ਬਾਬਾ ਦੀਪ ਸਿੰਘ ਪ੍ਰਮੁੱਖ ਹਨ। ਭਾਈ ਹਰਿਦਾਸ ਦੁਆਰਾ ਕੀਤੇ ਉਤਾਰਿਆਂ ਵਿਚੋਂ ਦੋ ਬੀੜਾਂ ਮਿਲਦੀਆਂ ਹਨ, ਪ੍ਰੋ. ਪਿਆਰਾ ਸਿੰਘ ਪਦਮ ਇਕ ਹੱਥ ਲਿਖਤ ਬੀੜ ਦੇ ਹਵਾਲੇ ਨਾਲ ਭਾਈ ਹਰਿਦਾਸ ਬਾਰੇ ਲਿਖਦੇ ਹਨ, ਕਿ ਇਸ ਨੇ ਪਹਿਲੇ ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਬੀੜ ਲਿਖੀ ਤੇ ਫਿਰ ਗੁਰੂ ਸਾਹਿਬ ਵਲੋਂ ਤਿਆਰ ਕਰਾਈ ਜਾ ਰਹੀ

[1] ਲਾਲ ਸਿੰਘ ਗਿ., 'ਗੁਰੂ ਗੋਬਿੰਦ ਸਿੰਘ ਜੀ ਦੀ ਸਾਹਿਤ ਨੂੰ ਦੇਣ', ਗੁਰਮਤਿ ਸਾਹਿਤ : ਬਹਪੱਖੀ ਅਧਿਐਨ, ਪੰਨਾ 322.

ਦਸਮ ਗ੍ਰੰਥ ਦੀ ਪੋਥੀ ਦਾ ਕੁਝ ਭਾਗ ਨਕਲ ਵੀ ਕੀਤਾ। ਇਸ ਪੁਰਾਤਨ ਬੀੜ ਦੇ ਕ੍ਰਿਸ਼ਣਾਵਤਾਰ ਵਾਲੇ ਹਿਸੇ ’ਤੇ ਨੋਟ ਹੈ – ‘ਜੁਧ ਪ੍ਰਬੰਧ ਪੂਰਾ ਹੋਇਆ, ਲਿਖਿਆ ਹਰਿਦਾਸ ਸੰਮਤ 1752 ਮਿਤੀ ਚੇਤਰ 22, ਇਸੇ ਤਰ੍ਹਾਂ ਸਿੱਖ ਰੈਫਰੈਂਸ ਲਾਇਬਰੇਰੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਪਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 741 ਪੱਤਰੇ ’ਤੇ ਲਿਖਿਆ ਹੈ – ਗ੍ਰੰਥ ਸੰਪੂਰਨੁ ਹੋਆ, ਲਿਖਿਆ ਹਰਿਦਾਸ ਲਿਖਾਰੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਲਿਖਿਆ।’[2] ਪਰੰਪਰਾ ਅਨੁਸਾਰ ਬਾਬਾ ਦੀਪ ਸਿੰਘ ਨੇ ਚਾਰ ਉਤਾਰੇ ਕੀਤੇ ਅਤੇ ਇਹ ਚਾਰੇ ਬੀੜਾਂ ਚਾਰ ਤਖਤਾਂ (ਇਕ ਬੀੜ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ, ਇਕ ਪਟਨਾ ਸਾਹਿਬ, ਇਕ ਸ੍ਰੀ ਅਨੰਦਪੁਰ ਸਾਹਿਬ ਅਤੇ ਚੌਥੀ ਬੀੜ ਸ੍ਰੀ ਦਮਦਮਾ ਸਾਹਿਬ ਹੀ ਰੱਖੀ ਗਈ।) ’ਤੇ ਭੇਜੀਆਂ। ਇਸ ਬਾਰੇ ਸ. ਪਰਮਜੀਤ ਸਿੰਘ ਨੇ ਆਪਣੇ ਖੋਜ-ਨਿਬੰਧ *ਸ਼ਹੀਦ ਬਾਬਾ ਦੀਪ ਸਿੰਘ ਜੀਵਨ, ਸਿੱਖ ਪਰੰਪਰਾ ਵਿਚ ਸਥਾਨ ਤੇ ਯੋਗਦਾਨ* ਵਿਚ ਲਿਖਿਆ ਕਿ ਬਾਬਾ ਦੀਪ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਕਿ ‘ਗੁਰਬਾਣੀ’ ਦਾ ਪ੍ਰਚਾਰ ਸਾਰੇ ਸੰਸਾਰ ਤੱਕ ਪਹੁੰਚਾਣਾ ਹੈ। ਸੰਮਤ 1783 ਬਿ. ਮਾਘੀ ਵਾਲੇ ਦਿਨ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਆਪਣੇ ਭੋਰੇ ਵਿਚ ਬੈਠ ਕੇ ਇਹ ਸੇਵਾ ਸੰਪੂਰਨ ਕੀਤੀ।[3] ਸ੍ਰੀ ਗੁਰੂ ਗ੍ਰੰਥ ਸਾਹਿਬ ਵੱਖ-ਵੱਖ ਖਿਤਿਆਂ, ਧਰਮਾਂ ਅਤੇ ਅਖੌਤੀ ਨੀਚ ਜਾਤੀ ਦੇ ਮਹਾਂਪੁਰਸ਼ਾਂ ਦੇ ਵਿਚਾਰਾਂ ਨੂੰ ਇਕ ਸੂਤਰ ਵਿਚ ਪਰੋਏ ਹੋਏ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ। ਹਰ ਇਕ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਜੀਵਨ ਦਾ ਧੁਰਾ ਮੰਨਦਾ ਹੈ। ਉਹ ਆਪਣੇ ਜੀਵਨ ਦਾ ਹਰ ਕਾਰਜ ਗੁਰਬਾਣੀ ਆਸ਼ੇ ਅਨੁਸਾਰ ਬਤੀਤ ਕਰਦਿਆਂ ਆਪਣੇ-ਆਪ ਨੂੰ ਵਡਭਾਗਾ ਸਮਝਦਾ ਹੈ। ਅਸੀਂ ਉਨ੍ਹਾਂ ਸਿੱਖਾਂ ਦੇ ਜੀਵਨ-ਸਮਾਚਾਰ ਇਸ ਖੋਜ-ਪ੍ਰਬੰਧ ਵਿਚ ਵਿਚਾਰਗੋਚਰ ਕਰਨੇ ਹਨ, ਜਿਹੜੇ ਗੁਰਬਾਣੀ ਦੀ ਰੌਸ਼ਨੀ ਵਿਚ ਜੀਵਨ ਬਤੀਤ ਕਰਦਿਆਂ ਸਮਾਜ ਵਿਚ ਆਪਣਾ ਨਾਂ ਕਿਸੇ ਵਿਸ਼ੇਸ਼ ਕਾਰਜ ਕਰਕੇ ਸਥਾਪਿਤ ਕਰ ਗਏ ਹਨ। ਉਪਰੋਕਤ ਵਿਵਰਣ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਦੇ ਸਿੱਖਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਵਿਸ਼ੇਸ਼ ਸੰਬੰਧ ਹੈ। ਪੁਰਾਤਨ ਬੀੜਾਂ ਵਿਚੋਂ

---

2 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 179.

3 ਪਰਮਜੀਤ ਸਿੰਘ, ਸ਼ਹੀਦ ਬਾਬਾ ਦੀਪ ਸਿੰਘ ਜੀਵਨ, ਸਿੱਖ ਪਰੰਪਰਾ ਵਿਚ ਸਥਾਨ ਤੇ ਯੋਗਦਾਨ, ਅਣਪ੍ਰਕਾਸ਼ਿਤ ਖੋਜ-ਨਿਬੰਧ, ਪੰਨਾ 74.

ਸਾਨੂੰ ਕੁਝ ਲਿਖਾਰੀ ਸਿੱਖਾਂ ਬਾਰੇ ਵੀ ਹਵਾਲੇ ਮਿਲ ਜਾਂਦੇ ਹਨ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਖੋਜ-ਪ੍ਰਬੰਧ ਦਾ ਮੂਲ ਸ੍ਰੋਤ ਹੈ।

## 1.2. **ਸ੍ਰੀ ਦਸਮ ਗ੍ਰੰਥ** :-

*ਸ੍ਰੀ ਦਸਮ ਗ੍ਰੰਥ* ਸਿੱਖ ਪਰੰਪਰਾ ਵਿਚ ਮਾਨਤਾ ਪ੍ਰਾਪਤ ਦੂਜਾ ਸਾਹਿਤਕ ਧਰਮ ਗ੍ਰੰਥ ਹੈ। ਭਾਵੇਂ ਇਸ ਦੀਆਂ ਕੁਝ ਰਚਨਾਵਾਂ ਬਾਰੇ ਮਤਭੇਦ ਵੀ ਹਨ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤੀ ਹੋਈ ਬਾਣੀ ਇਸ ਗ੍ਰੰਥ ਵਿਚ ਸ਼ਾਮਿਲ ਹੈ। ਇਸ ਗ੍ਰੰਥ ਵਿਚ ਦਰਜ ਕੁਝ ਰਚਨਾਵਾਂ ਦੇ ਲਿਖਾਰੀਆਂ ਵਲੋਂ ਉਤਾਰੇ ਵੀ ਕੀਤੇ ਗਏ ਜਿਨ੍ਹਾਂ ਵਿਚ ਕਵੀ ਹਰਿਦਾਸ ਨੇ ਗੁਰੂ ਸਾਹਿਬ ਵਲੋਂ ਤਿਆਰ ਕਰਾਈ ਜਾ ਰਹੀ ਦਸਮ ਗ੍ਰੰਥ ਦੀ ਪੋਥੀ ਦਾ ਕੁਝ ਭਾਗ ਨਕਲ ਕੀਤਾ। ਇਸ ਪੁਰਾਤਨ ਬੀੜ ਦੇ ਕਿਸ਼ਣਾਵਤਾਰ ਵਾਲੇ ਹਿਸੇ 'ਤੇ ਨੋਟ ਹੈ – 'ਜੁਧ ਪ੍ਰਬੰਧ ਪੂਰਾ ਹੋਇਆ, ਲਿਖਿਆ ਹਰਿਦਾਸ ਸੰਮਤ 1752 ਮਿਤੀ ਚੇਤਰ 22.।[4] ਦੂਜਾ ਗੁਰੂ ਗੋਬਿੰਦ ਸਿੰਘ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਨੇ ਇਸ ਦੀਆਂ ਵੱਖ-ਵੱਖ ਥਾਵਾਂ 'ਤੇ ਪਈਆਂ ਰਚਨਾਵਾਂ ਨੂੰ ਇਕੱਤਰ ਕਰਕੇ ਸੰਪਾਦਤ ਕੀਤਾ। ਇਸ ਗ੍ਰੰਥ ਵਿਚੋਂ ਵਿਸ਼ੇਸ਼ ਕਰਕੇ 'ਬਚਿਤ੍ਰ ਨਾਟਕ' ਅਤੇ 'ਜ਼ਫ਼ਰਨਾਮਾ', ਇਨ੍ਹਾਂ ਦੋ ਰਚਨਾਵਾਂ ਵਿਚ ਗੁਰੂ ਸਾਹਿਬ ਨੇ ਦੁਸ਼ਮਣ ਫ਼ੌਜ ਨਾਲ ਜੂਝਣ ਵਾਲੇ ਹਜ਼ੂਰੀ ਤੇ ਸ਼ਰਧਾਲੂ ਸਿੱਖਾਂ ਬਾਰੇ ਜ਼ਿਕਰ ਕੀਤਾ ਹੈ। ਖਾਸ ਕਰਕੇ *ਬਚਿਤ੍ਰ ਨਾਟਕ* ਵਿਚ ਗੁਰੂ ਸਾਹਿਬ ਨੇ ਇਤਿਹਾਸ ਲਿਖਣ ਲਈ ਨਿਰਪੱਖ ਅਤੇ ਇਮਾਨਦਾਰੀ ਦੀ ਵਿਧੀ ਅਪਣਾਈ ਹੈ। ਉਨ੍ਹਾਂ ਨੇ ਕਿਤੇ ਵੀ ਵਧਾ ਚੜ੍ਹਾ ਕੇ ਆਪਣੀ ਪ੍ਰਸੰਸਾ ਨਹੀਂ ਕੀਤੀ ਅਤੇ ਨਾ ਹੀ ਦੁਸ਼ਮਣਾਂ ਦੀ ਬੁਰਾਈ ਕੀਤੀ ਹੈ। ਇਸ ਵਿਚ ਸਮੇਂ-ਸਮੇਂ ਹੋਏ ਯੁੱਧਾਂ ਦਾ ਵਰਣਨ ਕੀਤਾ ਹੈ। ਗੁਰੂ ਜੀ ਦੇ ਸੈਨਾਪਤੀ ਕਿੰਨੇ ਸੂਰਬੀਰ, ਸਾਹਸੀ ਅਤੇ ਨਿਡਰ ਸਨ। ਇਨ੍ਹਾਂ ਨੇ ਵੱਖ-ਵੱਖ ਯੁੱਧਾਂ ਵਿਚ ਆਪਣੀ ਨਿਡਰਤਾ ਦੇ ਸਬੂਤ ਦਿੱਤੇ। ਗੁਰੂ ਸਾਹਿਬ ਦੇ ਪ੍ਰਮੁੱਖ ਸੈਨਾਪਤੀਆਂ ਦੇ ਨਾਂ ਸ੍ਰੀ ਸ਼ਾਹ (ਸੰਗੋਸ਼ਾਹ), ਜੀਤਮੱਲ, ਗੁਲਾਬ ਚੰਦ, ਮਾਹਰੀ ਚੰਦ, ਗੰਗਾ ਰਾਮ, ਲਾਲ ਚੰਦ, ਦਯਾ ਰਾਮ, ਕ੍ਰਿਪਾਲ ਦਾਸ, ਨੰਦ ਚੰਦ, ਕ੍ਰਿਪਾਲ ਦਾਸ ਅਤੇ ਸਾਹਿਬ ਚੰਦ ਮਿਲਦੇ ਹਨ। ਇਸ ਪ੍ਰਕਾਰ ਬਚਿਤ੍ਰ ਨਾਟਕ ਵਿਚ ਕਵਿਤਾ ਅਤੇ ਇਤਿਹਾਸ ਦਾ ਬਹੁਤ ਸੁੰਦਰ ਸੁਮੇਲ

---

[4] ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 179.

ਮਿਲਦਾ ਹੈ।[5] ਇਸ ਲਈ ਇਹ ਸਾਡੇ ਅਧਿਐਨ ਦੀ ਮੂਲ ਸਮੱਗਰੀ ਦਾ ਇਕ ਅਹਿਮ ਹਿੱਸਾ ਹੈ।

ਦੂਜੇ ਨੰਬਰ 'ਤੇ ਜਿਨ੍ਹਾਂ ਗੌਣ ਇਤਿਹਾਸਕ ਸ੍ਰੋਤ ਗ੍ਰੰਥਾਂ ਨੂੰ ਮੂਲ ਸਮੱਗਰੀ ਵਜੋਂ ਆਪਣੇ ਅਧਿਐਨ ਦੇ ਘੇਰੇ ਵਿਚ ਲਿਆਂਦਾ ਹੈ, ਉਹ ਇਸ ਪ੍ਰਕਾਰ ਹਨ -

## 2. ਸਿੱਖ ਇਤਿਹਾਸ ਦੇ ਗੌਣ ਸ੍ਰੋਤ :-

1. ਨੀਸਾਣ ਤੇ ਹੁਕਮਨਾਮੇ, (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, 1967 ਈ.); ਹੁਕਮਨਾਮੇ (ਸੰਪਾ. ਡਾ. ਗੰਡਾ ਸਿੰਘ, 1967 ਈ.)
2. ਸ੍ਰੀ ਗੁਰ ਸੋਭਾ (ਕਵਿ ਸੈਨਾਪਤਿ, 1711 ਈ.)
3. ਗੁਰਬਿਲਾਸ ਪਾਤਸ਼ਾਹੀ ੧੦ (ਕੁਇਰ ਸਿੰਘ, 1751 ਈ.);
4. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (ਕੇਸਰ ਸਿੰਘ ਛਿੱਬਰ, 1769 ਈ.)
5. ਮਹਿਮਾ ਪ੍ਰਕਾਸ਼ (ਸਰੂਪ ਦਾਸ ਭੱਲਾ, 1776 ਈ.)
6. ਗੁਰਬਿਲਾਸ ਪਾਤਸ਼ਾਹੀ ੧੦ (ਸੁੱਖਾ ਸਿੰਘ, 1797 ਈ.)
7. ਗੁਰੂ ਕੀਆਂ ਸਾਖੀਆਂ (ਸ੍ਵਰੂਪ ਸਿੰਘ ਕੋਸ਼ਿਸ਼, 1790 ਈ.)
8. ਸ੍ਰੀ ਗੁਰ ਪੰਥ ਪ੍ਰਕਾਸ਼ / ਪ੍ਰਾਚੀਨ ਪੰਥ ਪ੍ਰਕਾਸ਼ (ਭਾਈ ਰਤਨ ਸਿੰਘ ਭੰਗੂ, 1841 ਈ.)
9. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਭਾਈ ਸੰਤੋਖ ਸਿੰਘ, 1843 ਈ.)
10. ਸ੍ਰੀ ਗੁਰ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ, 1953 ਈ.)
11. ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ, 1930 ਈ.)

### 2.1. ਨੀਸਾਣ ਤੇ ਹੁਕਮਨਾਮੇ :-

ਹੁਕਮਨਾਮਾ ਫ਼ਾਰਸੀ ਦਾ ਮੂਲ ਸ਼ਬਦ ਹੈ ਜਿਸ ਨੂੰ ਪੰਜਾਬੀ ਭਾਸ਼ਾ ਨੇ ਇਸੇ ਰੂਪ ਵਿਚ ਅਪਣਾ ਲਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਹੁਕਮਨਾਮਾ' ਦੇ ਤਿੰਨ ਸ਼ਬਦੀ ਅਰਥ ਕੀਤੇ ਹਨ – 1. ਆਗਿਆ ਪੱਤ੍ਰ, ਉਹ ਖੱਤ

---

[5] ਵਰਿੰਦਰਜੀਤ ਸਿੰਘ ਗਿੱਲ, ਬਚਿਤ੍ਰ ਨਾਟਕ ਦਾ ਇਤਿਹਾਸਕ ਮਹੱਤਵ, ਅਣਪ੍ਰਕਾਸ਼ਿਤ ਖੋਜ-ਨਿਬੰਧ, ਪੰਨੇ 3, 75.

ਜਿਸ ਵਿਚ ਹੁਕਮ ਲਿਖਿਆ ਹੋਵੇ। 2. ਸ਼ਾਹੀ ਫੁਰਮਾਨ ਅਤੇ 3. ਸਤਿਗੁਰੂ ਦਾ ਆਗਿਆ ਪੱਤ੍ਰ।[6] ਪ੍ਰੋ. ਹਰਬੰਸ ਸਿੰਘ ਨੇ *ਦਾ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ* ਵਿਚ ਹੁਕਮਨਾਮੇ ਦੇ ਅਜਿਹੇ ਹੀ ਅਰਥ ਕੀਤੇ ਹਨ। ਉਨ੍ਹਾਂ ਅਨੁਸਾਰ 'ਹੁਕਮਨਾਮਾ' ਫ਼ਾਰਸੀ ਦੇ ਦੋ ਸ਼ਬਦਾਂ ਦਾ ਸੰਯੁਕਤ ਹੈ, 'ਹੁਕਮ' ਭਾਵ ਆਗਿਆ ਅਤੇ 'ਨਾਮਾ' ਭਾਵ ਪੱਤਰ, ਉਹ ਪੱਤਰ ਜੋ ਸਿੱਖੀ ਰਵਾਇਤਾਂ ਅਨੁਸਾਰ ਗੁਰੂ ਸਾਹਿਬਾਨ ਵਲੋਂ ਦੇਸ਼ ਦੇ ਵੱਖ-ਵੱਖ ਭਾਗਾਂ ਦੇ ਸਿੱਖਾਂ ਜਾਂ ਸੰਗਤਾਂ ਪ੍ਰਤੀ ਲਿਖੇ ਗਏ ਹੋਣ।[7] ਉਪਰੋਕਤ ਅਰਥਾਂ ਅਨੁਸਾਰ ਸਪਸ਼ਟ ਹੁੰਦਾ ਹੈ ਕਿ ਹੁਕਮ ਭਾਵ ਆਗਿਆ ਅਤੇ ਨਾਮਾ ਭਾਵ ਪੱਤਰ, 'ਹੁਕਮਨਾਮਾ' ਸਤਿਗੁਰਾਂ ਦਾ ਅਜਿਹਾ ਆਗਿਆ ਪੱਤਰ ਹੈ ਜੋ ਕਿਸੇ ਖਾਸ ਵਿਅਕਤੀ ਜਾਂ ਇਲਾਕੇ ਦੀ ਸੰਗਤ ਦੇ ਨਾਂ ਪੁਰ ਲਿਖਿਆ ਜਾਂਦਾ ਸੀ। ਇਸ ਵਿਚ ਕੋਈ ਵਿਸ਼ੇਸ਼ ਸੂਚਨਾ, ਉਪਦੇਸ਼ ਜਾਂ ਹੁਕਮ ਭੇਜਿਆ ਜਾਂਦਾ ਸੀ। ਗੁਰੂ ਸਾਹਿਬ ਦੇ ਹੱਥੀਂ ਲਿਖੇ ਨੀਸਾਣ ਤੇ ਪੱਤਰ (ਹੁਕਮਨਾਮੇ) ਸਿੱਖਾਂ ਲਈ ਬਹੁਤ ਹੀ ਮਹੱਤਾ ਰੱਖਦੇ ਹਨ। ਇਨ੍ਹਾਂ ਦੇ ਦਰਸ਼ਨ ਕਰਨਾ ਹਰੇਕ ਸਿੱਖ ਆਪਣਾ ਸੁਭਾਗ ਸਮਝਦਾ ਹੈ। ਇਨ੍ਹਾਂ ਦਾ ਸੰਬੰਧ ਸਿੱਖਾਂ ਦੀ ਮਾਨਸਿਕ ਭਾਵਨਾ ਨਾਲ ਹੈ। ਗੁਰੂ ਸਾਹਿਬਾਨ ਦੇ ਹੱਥੀਂ ਲਿਖੇ ਨੀਸਾਣਾਂ ਅਤੇ ਪੱਤਰਾਂ ਦੇ ਦਰਸ਼ਨ ਹੀ ਇਤਨੇ ਅਮੋਲਕ ਹਨ ਕਿ ਅਨੇਕਾਂ ਭਾਰਤੀ ਅਤੇ ਬਾਹਰਲੇ ਵਿਦਵਾਨ ਇਨ੍ਹਾਂ ਦੀ ਭਾਲ ਵਿਚ ਸਨ।[8] ਸ. ਅਵਤਾਰ ਸਿੰਘ ਨੇ ਆਪਣੇ ਖੋਜ-ਪ੍ਰਬੰਧ *ਗੁਰੂ ਸਾਹਿਬਾਨ ਦੇ ਹੁਕਮਨਾਮੇ-ਇਕ ਬਹੁਪੱਖੀ ਅਧਿਐਨ* ਵਿਚ ਲਿਖਿਆ ਹੈ ਕਿ ਹੁਕਮਨਾਮਾ, ਉਸ ਹੁਕਮ ਨੂੰ ਕਿਹਾ ਜਾਂਦਾ ਹੈ ਜਿਹੜਾ ਕਿਸੇ ਕੰਮ ਦੀ ਪੂਰਤੀ ਲਈ, ਗੁਰੂ ਸਾਹਿਬਾਨ ਵਲੋਂ ਜਾਂ ਕਿਸੇ ਸਿੱਖ ਨੇਤਾ ਵਲੋਂ ਸਿੱਖ ਸੰਗਤਾਂ ਨੂੰ ਕੀਤਾ ਜਾਂਦਾ ਹੈ। ਗੁਰੂ ਜਾਂ ਨੇਤਾ ਦੇ ਅਜਿਹੇ ਹੁਕਮ ਨੂੰ ਹਰ ਹਾਲਤ ਵਿਚ ਮੰਨਣਾ ਪੈਂਦਾ ਹੈ। ਇਸ ਦੀ ਅਵਗਿਆ ਨਹੀਂ ਹੋ ਸਕਦੀ। ਸਮੇਂ-ਸਮੇਂ 'ਤੇ ਗੁਰੂ ਸਾਹਿਬਾਨ ਜੋ ਚਿੱਠੀ ਪੱਤਰ ਸਿੱਖ ਸੰਗਤਾਂ ਨੂੰ ਭੇਜਦੇ ਰਹਿੰਦੇ ਸਨ, ਉਨ੍ਹਾਂ ਨੂੰ ਸਤਿਕਾਰ ਵਜੋਂ 'ਹੁਕਮਨਾਮੇ' ਕਿਹਾ ਜਾਂਦਾ ਸੀ, ਹਰ ਹੁਕਮਨਾਮੇ ਉਪਰ ਇਸ ਦੀ ਪ੍ਰਮਾਣਿਕਤਾ ਵਜੋਂ ਗੁਰੂ ਸਾਹਿਬ ਵਲੋਂ ਆਪਣੇ ਹਸਤ-ਕਮਲਾਂ ਦੁਆਰਾ ਹੱਥ-ਲਿਖਤ ਨੀਸਾਣ ਪਾਏ ਜਾਂਦੇ ਸਨ। ਇਹ ਨੀਸਾਣ ਇਸ ਗੱਲ ਦੀ ਗਵਾਹੀ ਜਾਂ ਪ੍ਰਮਾਣਿਕਤਾ ਹੁੰਦੇ ਸਨ ਕਿ ਇਹ

---

6 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 278.

7 ਹਰਬੰਸ ਸਿੰਘ, ਦਾ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਪੰਨਾ 289 .

8 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 9.

ਹੁਕਮਨਾਮੇ ਕਿਸੇ ਹੋਰ ਵਿਅਕਤੀ ਵਲੋਂ ਨਹੀਂ ਸਗੋਂ ਗੁਰੂ ਜੀ ਵਲੋਂ ਜਾਰੀ ਕੀਤੇ ਗਏ ਹਨ।[9]

ਗੁਰੂ ਸਾਹਿਬਾਨ ਦੁਆਰਾ ਹੁਕਮਨਾਮੇ ਜਾਰੀ ਕਰਨ ਦੇ ਬਹੁਤ ਸਾਰੇ ਉਦੇਸ਼ ਸਨ। ਉਨ੍ਹਾਂ ਵਿਚ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੱਖ-ਵੱਖ ਇਲਾਕਿਆਂ ਨੂੰ ਆਦੇਸ਼ ਭੇਜਣੇ, ਗੁਰੂ ਦੇ ਲੰਗਰ ਲਈ, ਹੋਰ ਧਾਰਮਿਕ ਕਾਰਜਾਂ ਲਈ ਸੰਗਤ ਪਾਸੋਂ ਦਸਵੰਧ ਤੇ ਲੋੜੀਂਦੀਆਂ ਭੇਟਾਵਾਂ (ਘੋੜੇ, ਸ਼ਸਤ੍ਰ, ਬੈਲ, ਨੌਜੁਆਨ ਅਦਿ) ਗੁਰੂ-ਘਰ ਪਹੁੰਚਾਉਣ ਦਾ ਪ੍ਰਬੰਧ ਕਰਨਾ ਸੀ। ਇਸ ਤੋਂ ਇਲਵਾ ਦੂਰ-ਦੁਰਾਡੇ ਦੀਆਂ ਸੰਗਤਾਂ ਨਾਲ ਆਪਸੀ ਤਾਲਮੇਲ ਰੱਖਣ ਲਈ ਵਿਸਾਖੀ ਤੇ ਦਿਵਾਲੀ ਨੂੰ ਗੁਰੂ ਦਰਬਾਰ ਵਿਚ ਹਾਜ਼ਰ ਹੋਣ ਲਈ ਸਿੱਖ ਸੰਗਤਾਂ ਨੂੰ ਗੁਰੂ ਸਾਹਿਬ ਦੁਆਰਾ ਆਦੇਸ਼ ਕੀਤੇ ਜਾਂਦੇ ਸਨ।

ਹੁਕਮਨਾਮੇ ਦੂਰ-ਦੁਰਾਡੇ ਦੀਆਂ ਸੰਗਤਾਂ ਨੂੰ ਵੱਖ-ਵੱਖ ਖੇਤਰਾਂ ਵਿਚ ਭੇਜੇ ਜਾਂਦੇ ਸਨ। ਇਹ ਗੁਰੂ ਅਰਜਨ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ, ਕੁਝ ਕੁ ਗੁਰੂ ਕੇ ਮਹਿਲ ਤੇ ਪ੍ਰਮੁੱਖ ਸਿੱਖਾਂ ਵਿਚੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਮਿਲਦੇ ਹਨ (ਬੰਦਾ ਸਿੰਘ ਬਹਾਦਰ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਹੁਕਮਨਾਮੇ ਜਾਰੀ ਹੋਏ ਅਤੇ ਹੋ ਰਹੇ ਹਨ)। ਹੱਥਲੇ ਅਧਿਐਨ ਨਾਲ ਸੰਬੰਧਿਤ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਨੂੰ ਹੀ ਇਥੇ ਵਰਤਿਆ ਗਿਆ ਹੈ। ਇਨ੍ਹਾਂ ਹੁਕਮਨਾਮਿਆਂ ਨੂੰ ਦੋ ਵਿਦਵਾਨਾਂ ਦੁਆਰਾ ਸੰਪਾਦਤ ਕੀਤਾ ਗਿਆ ਹੈ। ਪਹਿਲੇ ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ 'ਨੀਸਾਣ ਤੇ ਹੁਕਮਨਾਮੇ' ਸਿਰਲੇਖ ਹੇਠ ਸੰਪਾਦਤ ਕੀਤੇ, ਜੋ ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਅਕਤੂਬਰ ਸੰਨ 1967 ਈ. ਵਿਚ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤਾ। ਦੂਜਾ ਡਾ. ਗੰਡਾ ਸਿੰਘ ਨੇ 'ਹੁਕਮਨਾਮੇ' ਸਿਰਲੇਖ ਹੇਠ ਸੰਪਾਦਤ ਕੀਤੇ, ਜੋ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸੰਨ 1967 ਈ. ਵਿਚ ਪ੍ਰਕਾਸ਼ਿਤ ਕੀਤਾ। ਗੁਰੂ ਸਾਹਿਬ ਦੇ ਇਕ-ਇਕ ਹੁਕਮਨਾਮੇ ਵਿਚ ਬਹੁਤ ਸਾਰੇ ਪ੍ਰਮੁੱਖ ਸਿੱਖਾਂ ਦੇ ਨਾਂ ਦਰਜ ਮਿਲਦੇ ਹਨ। ਜਿਵੇਂ:- ਇਕ ਹੁਕਮਨਾਮੇ ਵਿਚ ਢਾਕੇ ਦੀ ਸੰਗਤ ਪ੍ਰਥਾਇ ਜ਼ਿਕਰ ਹੈ 'ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਹੁਲਾਸ ਚੰਦ ਭਾਈ ਬਖ਼ਸ਼ੀਸ਼ ਚੰਦ ਭਾਈ ਬੁਲਾਕੀ ਦਾਸ ਸੇਵਕ ਮਿਹਰਚੰਦ ਕਾਸੀਰਾਮ ਲਾਲ

---

[9] ਅਵਤਾਰ ਸਿੰਘ, ਗੁਰੂ ਸਾਹਿਬਾਨ ਦੇ ਹੁਕਮਨਾਮੇ-ਇਕ ਬਹੁਪੱਖੀ ਅਧਿਐਨ, ਅਣਪ੍ਰਕਾਸ਼ਿਤ ਖੋਜ-ਪ੍ਰਬੰਧ, ਪੰਨਾ 1.

ਚੰਦ ਦਾਨੀਰਾਇ ਬਾਬੂਰਾਇ ਮਹੇਸ਼ ਦਾਸ ਬਿੰਦਰਾਬਨ ਸਰਬਤ ਸੰਗਤ ਢਾਕੇ ਕੀ'[10] ਆਦਿ। ਇਨ੍ਹਾਂ ਹੁਕਮਨਾਮਿਆਂ ਵਿਚ ਬਹੁਤ ਸਾਰੇ ਪ੍ਰਮੁੱਖ ਸਿੱਖਾਂ ਦੇ ਨਾਵਾਂ ਤੇ ਥਾਵਾਂ ਦੇ ਸੰਕੇਤ ਮਿਲ ਜਾਂਦੇ ਹਨ। ਇਸ ਦੇ ਨਾਲ ਹੀ ਸਮਕਾਲੀਨ ਸਥਿਤੀ ਵਿਚ ਭੂਗੋਲਿਕ, ਧਾਰਮਿਕ, ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਸਾਹਿਤਕ ਮਹੱਤਾ ਬਾਰੇ ਵੀ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ। ਇਸ ਲਈ ਇਹ ਸਾਡੇ ਖੋਜ-ਪ੍ਰਬੰਧ ਦੀ ਮੂਲ ਸਮੱਗਰੀ ਦਾ ਅਹਿਮ ਆਧਾਰ ਸ੍ਰੋਤ ਹਨ।

## 2.2. ਸ੍ਰੀ ਗੁਰ ਸੋਭਾ :-

*'ਸ੍ਰੀ ਗੁਰ ਸੋਭਾ'* ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀਆਂ ਵਿਚੋਂ ਅਤਿ ਨਿਕਟ ਵਰਤੀ ਕਵੀ 'ਕਵਿ ਸੈਨਾਪਤਿ' ਦੀ ਮਹੱਤਵਪੂਰਨ ਇਤਿਹਾਸਕ ਰਚਨਾ ਹੈ। ਇਸ ਗ੍ਰੰਥ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਜੀਵਨੀ, ਜੀਵਨ-ਕਾਲ ਵਿਚ ਵਾਪਰੀਆਂ ਪ੍ਰਮੁੱਖ ਘਟਨਾਵਾਂ ਦੀ ਪ੍ਰਥਮ ਜਾਣਕਾਰੀ ਦੇ ਨਾਲ-ਨਾਲ ਉਨ੍ਹਾਂ ਦੇ ਪ੍ਰਮੁੱਖ ਸਿੱਖਾਂ ਬਾਰੇ ਵੀ ਵਰਣਨ ਮਿਲਦਾ ਹੈ। ਗੁਰੂ-ਜੀਵਨ ਵਰਣਨ ਪੱਖੋਂ ਇਹ ਪਹਿਲਾ ਇਤਿਹਾਸਕ ਕਾਵਿ-ਗ੍ਰੰਥ ਹੈ। ਇਸ ਗ੍ਰੰਥ ਦੇ ਵੀਹ ਅਧਿਆਇ ਹਨ, ਜਿਨ੍ਹਾਂ ਵਿਚ ਗੁਰੂ ਸਾਹਿਬ ਦੁਆਰਾ ਲੜੀਆਂ ਜੰਗਾਂ ਦਾ ਵਿਸਤ੍ਰਿਤ ਵਰਣਨ ਮਿਲਦਾ ਹੈ। ਕਵਿ ਸੈਨਾਪਤਿ ਦੇ *ਸ੍ਰੀ ਗੁਰ ਸੋਭਾ* ਦੀ ਸਭ ਤੋਂ ਵੱਡੀ ਇਤਿਹਾਸਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਕ੍ਰਮ-ਅਨੁਸਾਰ ਉਸ ਸਮੇਂ ਦੀਆਂ ਕੁਝ ਅਟੱਲ ਸਚਾਈਆਂ ਦਾ ਪਤਾ ਲਗਦਾ ਹੈ।[11] ਰਚਨਾ ਵਿਚ ਅਨੰਦਪੁਰ ਦੀਆਂ ਲੜਾਈਆਂ ਸੰਬੰਧੀ ਦਿੱਤਾ ਗਿਆ ਵੇਰਵਾ ਲਾਭਦਾਇਕ ਤੇ ਉੱਤਮ ਹੈ। ਸੈਨਾਪਤਿ ਨੇ ਆਪਣੀ ਲਿਖਤ ਵਿਚ ਅਨੰਦਪੁਰ ਦੀਆਂ ਬਹੁਤ ਸਾਰੀਆਂ ਲੜਾਈਆਂ ਨੂੰ ਇਕੱਤਰ ਕਰ ਕੇ ਕਾਫੀ ਨੁਕਤਿਆਂ ਉੱਤੇ ਰੌਸ਼ਨੀ ਪਾਈ ਹੈ। ਭਾਵੇਂ ਸੈਨਾਪਤਿ ਅਜਿਹੇ ਕਈ ਨੁਕਤਿਆਂ ਤੋਂ ਚੁੱਪ ਹੈ ਪਰੰਤੂ ਫਿਰ ਵੀ ਉਸ ਦੀ ਲਿਖਤ ਇਤਿਹਾਸ ਪੱਖ ਦੀ ਲਖਾਇਕ ਹੈ। ਇਥੇ ਲੇਖਕ ਸਿੱਖ ਇਤਿਹਾਸ ਦਾ ਇਕ ਮਹੱਤਵਪੂਰਨ ਵਿਸ਼ਾ ਛੋਹਦਾ ਹੋਇਆ ਲਿਖਦਾ ਹੈ ਕਿ ਸੰਮਤ 1762 ਬਿ. (1705 ਈ.) ਨੂੰ ਮੁਗ਼ਲ ਫ਼ੌਜ ਆਪਣੀ ਸਹਾਇਤਾ ਲਈ ਬਹੁ ਗਿਣਤੀ ਵਿਚ ਪਠਾਣ ਅਤੇ

---

10 ਗੰਡਾ ਸਿੰਘ (ਸੰਪਾ.) ਹੁਕਮਨਾਮੇ, ਪੰਨਾ 135.

11 ਕਵਿ ਸੈਨਾਪਤਿ ਰਚਿਤ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 5.

ਪਹਾੜੀ ਰਾਜਿਆਂ ਦੀ ਸੈਨਾ ਨਾਲ ਆਖਰੀ ਵਾਰ ਅਨੰਦਪੁਰ ਦੇ ਕਿਲ੍ਹੇ ਨੂੰ ਘੇਰੇ ਵਿਚ ਲੈਣ ਹਿੱਤ ਸਫਲ ਹੋਈ। ਇਹ ਘੇਰਾ ਲੰਬੇ ਸਮੇਂ ਲਈ ਹੋਣ ਕਾਰਨ ਕਿਲ੍ਹੇ ਅੰਦਰਲੇ ਸਿੱਖ ਭੁੱਖ ਦੇ ਦੁੱਖੋਂ ਹਲਾਕ ਹੋਣ ਲਗੇ। ਉਸ ਸਮੇਂ ਬਾਹਰ ਨਿਲਕਣਾ ਮੌਤ ਦਾ ਸੰਕੇਤ ਸੀ। ਭੁੱਖ ਨਾਲ ਸਤਾਏ ਗਏ ਕਈ ਸਿੱਖ ਬਾਹਰ ਨਿਕਲਣ ਦੇ ਉਪਰਾਲੇ ਵਿਚ ਸ਼ਹੀਦੀ ਪਾ ਗਏ। ਅੰਤ ਵਿਚ ਨਗਰ ਦੇ ਲੋਕਾਂ ਦੀ ਚੀਕ-ਪੁਕਾਰ ਦੇ ਫਲਸਰੂਪ ਦਸੰਬਰ 1705 ਈ. ਦੀ ਰਾਤ ਨੂੰ ਅਨੰਦਪੁਰ ਖਾਲੀ ਹੋਣ ਉੱਤੇ ਮਜ਼ਬੂਰ ਹੋ ਗਿਆ।[12] ਇਹ ਗ੍ਰੰਥ ਚਮਕੌਰ ਦੀ ਲੜਾਈ ਤੋਂ ਇਲਾਵਾ ਬਾਅਦ ਦੀਆਂ ਘਟਨਾਵਾਂ ਬਾਰੇ ਵੀ ਵਡਮੁੱਲੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ।

ਇਸ ਗ੍ਰੰਥ ਦੇ ਰਚਨਾਕਾਰ, ਕਵਿ ਸੈਨਾਪਤਿ ਦੇ ਜਨਮ ਅਤੇ ਮੁੱਢਲੇ-ਜੀਵਨ ਬਾਰੇ ਕੋਈ ਪੁਖਤਾ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਪਰ ਫਿਰ ਵੀ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਦੇ ਰੂਪ ਵਿਚ ਆਪਣੀ ਵਿਸ਼ੇਸ਼ ਪਛਾਣ ਸਥਾਪਿਤ ਕੀਤੀ ਹੋਈ ਸੀ। ਭਾਈ ਕਾਨ੍ਹ ਸਿੰਘ ਨਾਭਾ *ਗੁਰੁਮਤ ਮਾਰਤੰਡ* ਵਿਚ ਲਿਖਦੇ ਹਨ ਕਿ 'ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਗੁਰਮੁਖੀ ਅਤੇ ਸੰਸਕ੍ਰਿਤ ਦਾ ਚੰਗਾ ਲਿਖਾਰੀ ਕਵਿ ਸੈਨਾਪਤਿ ਸੀ, ਜਿਸ ਦੀ ਗਿਣਤੀ ਗੁਰੂ ਸਾਹਿਬ ਦੇ ਬਵੰਜਾ ਕਵੀਆਂ ਵਿਚ ਆਈ ਹੈ'।[13] ਕਵੀ ਸੈਨਾਪਤਿ ਦਾ ਅਸਲ ਨਾਂ ਚੰਦ੍ਰ ਸੀ ਤੇ ਉਹ ਜਾਤਿ ਦਾ ਮਾਨ ਜੱਟ ਤੇ ਨਗਰ ਵਜ਼ੀਰਾਬਾਦ ਜਿਲ੍ਹਾ ਗੁੱਜਰਾਂਵਾਲਾ (ਪੱਛਮੀ ਪੰਜਾਬ) ਦਾ ਵਸਨੀਕ ਸੀ।[14]

ਕਵਿ ਸੈਨਾਪਤਿ ਦਾ *'ਸ੍ਰੀ ਗੁਰ ਸੋਭਾ'* ਗ੍ਰੰਥ ਤਿੰਨ ਵੱਖ-ਵੱਖ ਵਿਦਵਾਨਾਂ ਵਲੋਂ ਸੰਪਾਦਤ ਹੋ ਚੁੱਕਿਆ ਹੈ। ਸਭ ਤੋਂ ਪਹਿਲਾ ਸੰਸਕਰਣ ਅਕਾਲੀ ਕੌਰ ਨਿਹੰਗ ਦਾ 1925 ਈ. ਵਿਚ ਅੰਮ੍ਰਿਤਸਰ ਤੋਂ ਛਪਿਆ। ਦੂਜਾ ਡਾ. ਗੰਡਾ ਸਿੰਘ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ 1967 ਈ. ਅਤੇ ਤੀਜਾ ਸ਼ਮਸ਼ੇਰ ਸਿੰਘ ਅਸ਼ੋਕ ਨੇ ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ 1967 ਈ. ਵਿਚ

---

12 ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ, ਪੰਨੇ 184-85.

13 ਭਾਈ ਕਾਨ੍ਹ ਸਿੰਘ ਨਾਭਾ, ਗੁਰੁਮਤ ਮਾਰਤੰਡ, ਭਾਗ ਪਹਿਲਾ, ਪੰਨਾ 79.

14 ਕਵਿ ਸੈਨਾਪਤਿ ਰਚਿਤ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 1.

ਸੰਪਾਦਤ ਕੀਤਾ। ਇਸ ਤੋਂ ਇਲਾਵਾ ਡਾ. ਜੈ ਭਗਵਾਨ ਗੋਇਲ ਨੇ ਸ੍ਰੀ ਗੁਰ ਸੋਭਾ ਨੂੰ ਹਿੰਦੀ ਵਿਚ ਅਨੁਵਾਦ ਕੀਤਾ ਅਤੇ ਇਸ ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ 1967 ਈ. ਵਿਚ ਛਾਪਿਆ।

*ਸ੍ਰੀ ਗੁਰ ਸੋਭਾ* ਬਾਰੇ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਇਸ ਰਚਨਾ ਵਿਚ 935 ਬੰਦ ਹਨ ਅਤੇ 19 ਪ੍ਰਕਾਰ ਦੇ ਛੰਦ – ਅਨਤੁਕਾ ਰਸਾਵਲ, ਅੜਿਲ, ਸਵੈਯਾ, ਸੋਰਠਾ, ਕਬਿੱਤ, ਛਪੈ, ਚੌਪਈ, ਢੋਲੋਟਨ, ਝੂਲਨਾ, ਤ੍ਰਿਭੰਗੀ, ਤੋਟਕ, ਦੋਹਰਾ, ਨਾਗਜ, ਪਉੜੀ, ਭੁਯੰਗ, ਪ੍ਰਯਾਤ, ਮਧੁਭਾਰ, ਰਸਾਵਲ, ਰੂਆਲ ਅਤੇ ਲੋਟਨ ਵਰਤੇ ਹਨ। ਮੁੱਖ ਤੌਰ 'ਤੇ ਦੋਹਰਾ ਸਵੈਯਾ ਅਤੇ ਚੌਪਈ ਦੀ ਵਰਤੋਂ ਕੀਤੀ ਗਈ ਹੈ। ਇਸ ਦੀ ਭਾਸ਼ਾ ਬ੍ਰਜ ਅਤੇ ਪੰਜਾਬੀ ਮਿਸ਼ਰਤ ਰੂਪ ਵਾਲੀ ਹੈ। ਅਰਬੀ ਫ਼ਾਰਸੀ ਸ਼ਬਦਾਵਲੀ ਦੀ ਵਰਤੋਂ ਕੇਵਲ ਮੁਸਲਮਾਨ ਪਾਤਰਾਂ ਨਾਲ ਸੰਬੰਧਿਤ ਸੰਵਾਦਾਂ ਵਿਚ ਵਰਤੀ ਗਈ ਹੈ। ਇਸ ਗ੍ਰੰਥ ਦੀ ਸ਼ੈਲੀ ਵੀ ਦਸਮ ਗ੍ਰੰਥ ਦੀ ਸ਼ੈਲੀ ਵਰਗੀ ਹੈ।[15] ਇਸ ਦੇ ਰਚਨਾ ਕਾਲ ਸੰਬੰਧੀ ਵਿਦਵਾਨ ਇਕ ਮਤ ਨਹੀਂ ਹਨ। ਰਚਨਾਕਾਲ ਬਾਰੇ ਮੁੱਖ ਤੌਰ 'ਤੇ ਸਾਨੂੰ ਜੋ ਤਿਥੀਆਂ ਪ੍ਰਾਪਤ ਹੁੰਦੀਆਂ ਹਨ – ਸੰਮਤ 1758 ਬਿ. (1701 ਈ.), 1768 ਬਿ. (1711 ਈ.) ਅਤੇ 1798 ਬਿ. (1741 ਈ.), ਇਨ੍ਹਾਂ ਤਿਥੀਆਂ ਨੂੰ ਵਾਚਣ ਤੋਂ ਬਾਅਦ 1798 ਬਿ. (1741 ਈ.) ਵਾਲੀ ਤਿਥੀ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ, ਕਿਉਂਕਿ ਜੇ ਰਚਨਾ 1741 ਈ. ਹੁੰਦੀ ਤਾਂ ਇਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਵਾਕਿਆ ਦਾ ਜ਼ਿਕਰ ਜ਼ਰੂਰ ਹੋਣਾ ਸੀ, ਪਰ ਅਜਿਹਾ ਨਹੀਂ ਹੈ। ਇਸ ਲਈ 1768 ਬਿ. (1711 ਈ.) ਨੂੰ *ਸ੍ਰੀ ਗੁਰ ਸੋਭਾ* ਦਾ ਰਚਨਾ ਕਾਲ ਮੰਨਣਾ ਤਰਕਸੰਗਤ ਜਾਪਦਾ ਹੈ।

ਇਸ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਦਰਜਨ ਤੋਂ ਵੱਧ ਪ੍ਰਮੁੱਖ ਸਿੱਖਾਂ ਦੇ ਨਾਵਾਂ ਦਾ ਜ਼ਿਕਰ ਮਿਲਦਾ ਹੈ। ਜਿਵੇਂ - ਉਦੇ ਸਿੰਘ, ਅਜੀਤ ਸਿੰਘ (ਸਾਹਿਬਜ਼ਾਦਾ), ਸਾਹਿਬ ਚੰਦ (ਇਕ ਪਹਾੜੀ ਰਾਜਾ), ਸੰਗਤੀਆ ਸਿੰਘ, ਸੰਗੋ ਸ਼ਾਹ/ਸ਼ਾਹ ਸੰਗਰਾਮ, ਸੰਤ ਸਿੰਘ, ਕ੍ਰਿਪਾਲ ਚੰਦ, ਕ੍ਰਿਪਾਲ ਦਾਸ, ਗੁਲਾਬ ਚੰਦ, ਗੰਗਾ ਰਾਮ, ਜੁਝਾਰ ਸਿੰਘ (ਸਾਹਿਬਜ਼ਾਦਾ), ਜੈਮਲ (ਜੀਤ ਮੱਲ), ਦਯਾ ਸਿੰਘ (ਪਿਆਰਾ), ਦਯਾ ਰਾਮ (ਪਰੋਹਤ), ਧਰਮ ਸਿੰਘ (ਪਿਆਰਾ), ਮਾਹਰੀ ਚੰਦ, ਮਾਨ ਸਿੰਘ, ਲਾਲ ਚੰਦ ਆਦਿ।

---

15 ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼, ਪੰਨੇ 377-79.

## 2.3. ਗੁਰਬਿਲਾਸ ਪਾਤਸ਼ਾਹੀ ੧੦ :-

*'ਗੁਰਬਿਲਾਸ ਪਾਤਸ਼ਾਹੀ* ੧੦*'* ਇਕ ਇਤਿਹਾਸਕ ਕਾਵਿ-ਗ੍ਰੰਥ ਹੈ। ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੇ ਪ੍ਰਮੁੱਖ ਸਿੱਖਾਂ ਨਾਲ ਸੰਬੰਧਿਤ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ। ਇਸ ਗ੍ਰੰਥ ਦਾ ਰਚਨਾਕਾਰ ਕੁਇਰ ਸਿੰਘ ਕਲਾਲ ਹੈ। ਲੇਖਕ ਦੇ ਜਨਮ ਅਤੇ ਜੀਵਨ ਬਾਰੇ ਸੰਤੋਖਜਨਕ ਜਾਣਕਾਰੀ ਨਹੀਂ ਮਿਲਦੀ। ਪਰ ਕੁਝ-ਕੁ ਜਾਣਕਾਰੀ ਇਸੇ ਗ੍ਰੰਥ ਵਿਚੋਂ ਪ੍ਰਾਪਤ ਹੁੰਦੀ ਹੈ। ਇਸੇ ਜਾਣਕਾਰੀ ਦੇ ਆਧਾਰ 'ਤੇ ਪਤਾ ਲਗਦਾ ਹੈ ਕਿ ਕੁਇਰ ਸਿੰਘ ਕਲਾਲ ਕੰਬੋਆਂ ਦੇ ਇਲਾਕੇ ਦਾ ਰਹਿਣ ਵਾਲਾ ਨਾਂਧਰੀਕ ਸਿੱਖ ਸੀ। ਜਿਸ ਨੇ ਸ਼ੁਰੂ ਵਿਚ ਅੰਮ੍ਰਿਤਪਾਨ ਨਹੀਂ ਸੀ ਕੀਤਾ। ਲੇਖਕ ਆਪਣੇ ਬਾਰੇ ਇਹ ਵੀ ਦੱਸਦਾ ਹੈ ਕਿ ਉਹ ਕਿਤੇ ਨੌਕਰੀ ਕਰਦਾ ਸੀ ਅਤੇ ਜਦੋਂ ਉਸ ਨੇ ਨੌਕਰੀ ਛੱਡ ਦਿੱਤੀ ਤਾਂ ਆਪਣਾ ਸਾਰਾ ਸਮਾਂ ਭਾਈ ਮਨੀ ਸਿੰਘ ਦੀ ਸੰਗਤ ਵਿਚ ਗੁਜ਼ਾਰਨ ਲੱਗ ਪਿਆ। ਜਿਸ ਦਾ ਜ਼ਿਕਰ ਗੁਰਬਿਲਾਸ ਵਿਚ ਇਸ ਤਰ੍ਹਾਂ ਹੈ -

ਕੁਇਰ ਸਿੰਘ ਕਲਾਲ ਅਤਿ ਜੋਈ॥ ਰਹੈ ਕੰਬੋਅਨ ਅੰਗਨ ਸੋਈ॥

ਨਾਂ ਮਾਤ੍ਰੀ ਸਿੰਘ ਹੋ ਭਾਈ॥ ਪੂਰਬ ਖੰਡੇ ਪਾਹੁਲ ਨ ਲਈ॥

ਜਬ ਨੌਕਰੀ ਤੇ ਭਏ ਬੈਰਾਗੀ॥ ਸੁਨਤ ਸਾਖੀਅਨ ਮਨ ਅਨੁਰਾਗੀ॥

ਮਨੀ ਸਿੰਘ ਏ ਬਚਨ ਅਲਾਏ॥ ਸੁਨੋ ਖ਼ਾਲਸਾ ਜੀ ਚਿਤ ਲਾਏ॥

ਇਹੁ ਧਰਮਗ ਕਥਾ ਮੈ ਭਾਖੀ॥ ਬਡ ਵਿਸਥਾਰ ਸੂਖਮ ਕਰ ਰਾਖੀ॥[16]

ਇਸ ਗ੍ਰੰਥ ਦਾ ਵਿਸ਼ਾ-ਵਸਤੂ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਹੈ। ਇਹ ਰਚਨਾ ਗੁਰੂ ਸਾਹਿਬ ਦੇ ਜੀਵਨ-ਕਾਲ ਦਾ ਆਦਿ ਤੋਂ ਅੰਤ ਤੱਕ ਵਿਸਥਾਰ ਸਹਿਤ ਵਰਣਨ ਕਰਦੀ ਹੈ। ਰਚਨਾਕਾਰ ਨੇ ਗ੍ਰੰਥ ਨੂੰ 21 ਅਧਿਆਇਆਂ ਵਿਚ ਵੰਡ ਕੇ ਗੁਰੂ ਸਾਹਿਬ ਦੇ ਸਮੁੱਚੇ ਜੀਵਨ ਨੂੰ ਆਪਣੇ ਰਚਨਾ ਦੇ ਘੇਰੇ ਵਿਚ ਲੈਣ ਦੀ ਕੋਸ਼ਿਸ਼ ਕੀਤੀ ਹੈ। ਇਹ ਪਹਿਲਾ ਇਤਿਹਾਸਕ ਕਾਵਿ-ਗ੍ਰੰਥ ਹੈ, ਜਿਸ ਵਿਚ ਗੁਰੂ ਗੋਬਿੰਦ ਸਿੰਘ ਦੇ ਜੀਵਨ-ਕਾਲ ਦੀਆਂ ਸਾਰੀਆਂ ਮਹੱਤਵਪੂਰਨ ਘਟਨਾਵਾਂ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਗਿਆ ਹੈ।

---

[16] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 295.

ਬੋਲੀ ਪੱਖੋਂ ਵੀ ਇਸ ਗ੍ਰੰਥ ਦੀ ਆਪਣੀ ਮਹਾਨਤਾ ਹੈ। ਮੁੱਖ ਤੌਰ 'ਤੇ ਇਸ ਗ੍ਰੰਥ ਵਿਚ ਬ੍ਰਜ ਭਾਸ਼ਾ ਦੀਆਂ ਰਚਨਾਵਾਂ ਦੀ ਪ੍ਰਧਾਨਤਾ ਹੈ। ਇਸ ਤੋਂ ਇਲਾਵਾ ਕਈ ਰਚਨਾਵਾਂ ਠੇਠ ਪੰਜਾਬੀ ਵਿਚ ਵੀ ਹਨ। ਡਾ. ਫੌਜਾ ਸਿੰਘ *ਗੁਰਬਿਲਾਸ ਪਾਤਸ਼ਾਹੀ* ੧੦ ਦੀ ਭੂਮਿਕਾ ਵਿਚ ਲਿਖਦੇ ਹਨ ਕਿ ਜਿਥੇ ਬ੍ਰਜ ਭਾਸ਼ਾ ਜਾਂ ਹਿੰਦੀ ਦੇ ਕਬਿੱਤ, ਸਵੈਯੇ, ਆਦਿ ਛੰਦ ਇਸ ਦੀਆਂ ਅਲੰਕਾਰਕ ਖ਼ੂਬੀਆਂ ਦਰਸਾਉਂਦੇ ਹਨ, ਉਥੇ ਪੰਜਾਬੀ ਦਾ ਸਿਰਖੰਡੀ ਛੰਦ ਵੀ ਦਸਮ ਗ੍ਰੰਥ ਦੀ 'ਚੰਡੀ ਦੀ ਵਾਰ' ਦਾ ਰਸ ਦੇਂਦਾ ਹੈ।[17] ਇਸ ਗ੍ਰੰਥ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਲਗਪਗ 43 ਸਾਲ ਬਾਅਦ ਵਿਚ ਹੋਈ। ਪਰ ਫਿਰ ਵੀ ਇਸ ਗ੍ਰੰਥ ਦੀ ਮਹੱਤਾ ਇਸ ਕਰਕੇ ਹੈ ਕਿ ਰਚਨਾਕਾਰ ਬਹੁਤ ਸਮਾਂ ਭਾਈ ਮਨੀ ਸਿੰਘ ਦੀ ਸੰਗਤ ਵਿਚ ਰਿਹਾ। ਰਚਨਾ ਦਾ ਮੂਲ ਆਧਾਰ ਭਾਈ ਮਨੀ ਸਿੰਘ ਦੇ ਉਹ ਮੌਖਿਕ ਵਿਖਿਆਨ ਹਨ ਜੋ ਕੁਇਰ ਸਿੰਘ ਸਮੇਂ-ਸਮੇਂ ਸੁਣਦਾ ਤੇ ਗੁਰੂ ਸਾਹਿਬ ਦੇ ਜੀਵਨ ਸੰਬੰਧੀ ਉਨ੍ਹਾਂ ਨਾਲ ਚਰਚਾ ਕਰਦਾ ਰਹਿੰਦਾ ਸੀ। ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਦੀ ਸੰਗਤ ਵਿਚ ਪ੍ਰਮੁੱਖ ਸਿੱਖ ਸਨ। ਉਹ ਹਰ ਸਮੇਂ ਗੁਰੂ ਸਾਹਿਬ ਦੇ ਨਾਲ ਰਹੇ ਅਤੇ ਉਨ੍ਹਾਂ ਨੇ ਜੰਗਾਂ-ਯੁੱਧਾਂ ਵਿਚ ਵੀ ਗੁਰੂ ਜੀ ਦਾ ਵਧ ਚੜ੍ਹਕੇ ਸਾਥ ਦਿੱਤਾ। ਸ੍ਰੀ ਅਨੰਦਪੁਰ ਵਿਚ 1699 ਈ. ਦੀ ਵਿਸਾਖੀ ਵਾਲੇ ਦਿਨ ਭਾਈ ਮਨੀ ਸਿੰਘ ਨੇ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਸੀ। *ਗੁਰਬਿਲਾਸ ਪਾਤਸ਼ਾਹੀ* ੧੦ ਦੇ ਕਰਤਾ ਨੇ ਕੇਵਲ ਭਾਈ ਮਨੀ ਸਿੰਘ ਦੇ ਜ਼ੁਬਾਨੀ ਭਾਸ਼ਣਾਂ ਉੱਤੇ ਹੀ ਨਿਰਭਰਤਾ ਨਹੀਂ ਰੱਖੀ, ਸਗੋਂ ਉਸ ਨੇ ਚੋਖੀ ਮਿਹਨਤ ਕਰਕੇ ਗੁਰੂ ਸਾਹਿਬ ਦੇ ਜੀਵਨ ਸੰਬੰਧੀ ਜੋ ਗ੍ਰੰਥ ਪਹਿਲਾਂ ਲਿਖੇ ਜਾ ਚੁੱਕੇ ਸਨ, ਉਨ੍ਹਾਂ ਨੂੰ ਵੀ ਚੰਗੀ ਤਰ੍ਹਾਂ ਵਾਚਿਆ ਤੇ ਘੋਖਿਆ ਅਤੇ ਜੋ ਲਾਭ ਉਠਾਇਆ ਜਾ ਸਕਦਾ ਸੀ, ਉਨ੍ਹਾਂ ਤੋਂ ਉਠਾਇਆ। ਇਸ ਕਾਰਣ ਕੁਇਰ ਸਿੰਘ ਦੀ ਕ੍ਰਿਤ ਦੀ ਮਹੱਤਾ ਹੋਰ ਵੀ ਜ਼ਿਆਦਾ ਹੋ ਜਾਂਦੀ ਹੈ।[18] ਲੇਖਕ ਨੇ ਇਸ ਰਚਨਾ ਵਿਚ ਸਿੱਖ ਇਤਿਹਾਸ ਦੀਆਂ ਵਿਸ਼ੇਸ਼ ਘਟਨਾਵਾਂ ਅਤੇ ਅੰਸ਼ਾਂ ਸੰਬੰਧੀ ਵਿਆਖਿਆ ਕੀਤੀ ਹੈ। ਕੁਇਰ ਸਿੰਘ ਪਹਿਲਾ ਲੇਖਕ ਹੈ ਜਿਸ ਨੇ ਖ਼ਾਲਸਾ ਪੰਥ ਸਾਜਨ ਸਮੇਂ ਦਾ ਪੂਰਾ ਹਾਲ ਬਿਆਨ ਕੀਤਾ ਹੈ। ਇਸ ਵਿਚ ਪੰਜ ਪਿਆਰਿਆਂ ਦੇ ਨਾਂ ਵੀ ਅੰਕਿਤ ਕੀਤੇ ਹਨ। ਇਨ੍ਹਾਂ ਨਾਵਾਂ ਰਾਹੀਂ ਪੁਰਾਤਨ ਪਰੰਪਰਾ ਨੂੰ ਲਿਪੀਬਧ

---

[17] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 16/ਸ.

[18] *ਉਹੀ,* ਪੰਨਾ 5.

ਕੀਤਾ ਗਿਆ ਹੈ। ਇਸ ਵਿਚੋਂ ਕੁਝ ਲੜਾਈਆਂ ਵਿਚ ਸ਼ਹੀਦ ਹੋਏ ਗੁਰੂ ਸਾਹਿਬ ਵਲੋਂ ਆਪਣੇ ਸਿੱਖਾਂ ਦੇ ਸਸਕਾਰ ਕਰਨ ਦੇ ਵੀ ਸੰਕੇਤ ਮਿਲਦੇ ਹਨ। ਲੇਖਕ ਮਾਝੇ ਦੇ ਸਿੱਖਾਂ ਨੂੰ ਧਰਮ ਵਿਚ ਦ੍ਰਿੜਤਾ ਦੇ ਲਾਇਕ ਮੰਨਦਾ ਹੈ ਅਤੇ ਉਨ੍ਹਾਂ ਲਈ 'ਜਗ ਰਾਜਾ' ਦੇ ਸ਼ਬਦਾਂ ਦੀ ਵਰਤੋਂ ਕਰਦਾ ਹੈ। ਉਹ ਮਾਲਵੇ ਦੇ ਲੋਕਾਂ ਲਈ 'ਮਾਲਵ ਬਾਵਰਕ ਕੋ ਹੈ ਸਾਜਾ' ਦੇ ਸ਼ਬਦਾਂ ਦੀ ਵਰਤੋਂ ਕਰਦਾ ਹੈ। ਨਿਰਸੰਦੇਹ ਕੁਇਰ ਸਿੰਘ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਆਦੇਸ਼ਾਂ ਅਤੇ ਪ੍ਰਾਪਤੀਆਂ ਨੂੰ ਪੇਸ਼ ਕਰਨ ਵਾਲੀ ਇਕ ਨਵੇਕਲੀ ਰਚਨਾ ਹੈ ਜਿਸ ਨੂੰ ਗੁਰੂ ਸਾਹਿਬ ਦੇ ਜੀਵਨ ਦੇ ਕਈ ਪੱਖਾਂ ਦੇ ਇਤਿਹਾਸ ਮੁਲਾਂਕਣ ਲਈ ਨਜ਼ਰੋਂ ਉਹਲੇ ਨਹੀਂ ਕੀਤਾ ਜਾ ਸਕਦਾ ਅਤੇ ਇਸ ਦਾ ਇਤਿਹਾਸਕ ਵਿਸ਼ਲੇਸ਼ਣ ਜ਼ਰੂਰੀ ਹੈ।[19]

ਹੱਥਲੇ ਅਧਿਐਨ ਲਈ ਇਹ ਗ੍ਰੰਥ ਅਤਿ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਦੇ ਪ੍ਰਮੁੱਖ ਸਿੱਖਾਂ ਦੇ ਨਾਵਾਂ ਤੇ ਥਾਵਾਂ ਦੀ ਚੋਖੀ ਜਾਣਕਾਰੀ ਮਿਲਦੀ ਹੈ। ਜਿਵੇਂ:- ਸਾਹਿਬ ਸਿੰਘ (ਪਿਆਰਾ), ਸਾਹਿਬ ਦੇਵਾਂ ਮਾਤਾ, ਸੁਖਦੇਵ (ਕਵੀ), ਸੁੰਦਰੀ ਮਾਤਾ, ਸ਼ੇਰ ਸਿੰਘ (ਫ਼ੌਜਦਾਰ ), ਸੰਗਤ ਸਿੰਘ, ਸੰਤ ਸਿੰਘ, ਸੰਗਤ ਸਿੰਘ ਬੰਗੇਸ਼ਵਰੀ, ਹਯਾਤ ਖਾਨ, ਹਿੰਮਤ ਸਿੰਘ (ਪਿਆਰਾ), ਕਪੂਰਾ ਬਰਾੜ (ਕਪੂਰ ਸਿੰਘ), ਕ੍ਰਿਪਾ ਸਿੰਘ, ਕ੍ਰਿਪਾ ਰਾਮ, ਗੁਰਦਿੱਤ ਸਿੰਘ ਕੋਸਾਚਾਰੀ (ਖਜਾਨਚੀ), ਗੁਰਬਚਨ ਸਿੰਘ, ਗੁਰਬਖ਼ਸ਼ ਸਿੰਘ, ਗੁਰਮੁਖ ਸਿੰਘ, ਜੀਤ ਕੌਰ ਮਾਤਾ (ਜੀਤੋ), ਜੇਠਾ ਸਿੰਘ ਭਾਈ, ਜੋਰਾਵਰ ਸਿੰਘ (ਸਾਹਿਬਜਾਦਾ), ਡੱਲਾ ਬਰਾੜ (ਡੱਲਾ ਸਿੰਘ), ਦਰਬਾਰਾ ਸਿੰਘ (ਬਾਣੀਆ), ਮੁਹਕਮ ਸਿੰਘ (ਪਿਆਰਾ), ਫਤਹਿ ਸਿੰਘ (ਸਾਹਿਬਜਾਦਾ), ਬਚਿਤ੍ਰ ਸਿੰਘ ਭਾਈ, ਬੰਦਾ ਬਹਾਦਰ, ਮਨੀ ਸਿੰਘ ਭਾਈ, ਮਾਨ ਸਿੰਘ, ਜੀਵਨ ਸਿੰਘ ਭਾਈ (ਜੈਤਾ ਜੀ) ਆਦਿ।

## 2.4. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ :-

*'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ'* ਸਿੱਖ ਇਤਿਹਾਸ ਵਿਚ ਇਕ ਮਹੱਤਵਪੂਰਨ ਗ੍ਰੰਥ ਹੈ ਜੋ ਕਿ ਕਾਵਿ-ਰੂਪ ਵਿਚ ਸਿੱਖ ਇਤਿਹਾਸ ਨੂੰ ਪੇਸ਼ ਕਰਦਾ ਹੈ। ਇਸ ਗ੍ਰੰਥ ਵਿਚ ਮੁੱਖ ਤੌਰ 'ਤੇ ਦਸ ਗੁਰੂ ਸਾਹਿਬਾਨ ਦੇ ਜੀਵਨ ਦਾ ਵਰਣਨ ਕੀਤਾ ਮਿਲਦਾ ਹੈ। ਇਹ ਸਿੱਖ ਇਤਿਹਾਸ ਦਾ ਇਕੋ-ਇਕ ਅਜਿਹਾ ਗ੍ਰੰਥ ਹੈ, ਜਿਸ ਵਿਚ

---

19 ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ, ਪੰਨੇ 222-23.

ਡੇਢ ਸੌ ਦੇ ਕਰੀਬ ਸੰਮਤ ਦਰਜ ਕੀਤੇ ਮਿਲਦੇ ਹਨ। ਇੰਨੇ ਸੰਮਤ ਹੋਰ ਕਿਸੇ ਵੀ ਗ੍ਰੰਥ ਵਿਚ ਨਹੀਂ ਮਿਲਦੇ। ਗ੍ਰੰਥ ਦੇ ਕਰਤਾ ਨੇ ਗ੍ਰੰਥ ਵਿਚ ਇਕ ਥਾਂ ਇਸ ਦਾ ਨਾਂ 'ਕੁਰਸੀਨਾਮਾ' ਵੀ ਦਿੱਤਾ ਹੈ। 'ਕੁਰਸੀਨਾਮਾ' ਫ਼ਾਰਸੀ ਦਾ ਸਬਦ ਹੈ ਜਿਸ ਦਾ ਅਰਥ ਹੈ 'ਬੰਸਾਵਲੀਨਾਮਾ'। ਇਸ ਗ੍ਰੰਥ ਦੇ ਕਰਤਾ ਕੇਸਰ ਸਿੰਘ ਛਿੱਬਰ ਹਨ।

ਇਸ ਗ੍ਰੰਥ ਦਾ ਵਿਸ਼ਾ-ਵਸਤੂ ਦਸ ਗੁਰੂ ਸਾਹਿਬਾਨ ਅਤੇ ਉਨ੍ਹਾਂ ਤੋਂ ਕੁਝ ਸਮੇਂ ਬਾਅਦ ਤੱਕ ਦਾ ਇਤਿਹਾਸ ਹੈ। ਭਾਵੇਂ ਲੇਖਕ ਨੇ ਗੁਰੂ ਸਾਹਿਬਾਨ ਦਾ ਸੰਖੇਪ ਜੀਵਨ ਲਿਖਿਆ ਹੈ ਪਰ ਜਨਮ ਸੰਮਤਾਂ ਕਰਕੇ ਮਹੱਤਾ ਰੱਖਦਾ ਹੈ। ਲੇਖਕ ਨੇ ਇਸ ਸਾਰੇ ਇਤਿਹਾਸ ਨੂੰ ਚੌਦਾਂ ਚਰਣਾਂ ਵਿਚ ਵੰਡਿਆ ਹੈ:

ਚਉਦਹ ਚਰਨ ਬਨਾਇਕੈ ਰਾਖਹੁ ਪੋਥੀ ਮਾਹਿ।
ਕੋਈ ਦੀਰਘ ਕੋਈ ਲਘੂ ਹੈ ਸਭ ਏਕ ਸਰੀਖੇ ਨਾਹਿ।[20]

ਕੇਸਰ ਸਿੰਘ ਛਿਬਰ ਗੁਰਬਖਸ਼ ਸਿੰਘ ਦਾ ਪੁੱਤਰ ਸੀ ਜੋ ਕਿ ਧਰਮ ਚੰਦ ਦਾ ਪੁੱਤਰ ਸੀ ਅਤੇ ਧਰਮ ਚੰਦ, ਦਰਘਾ ਮੱਲ ਦਾ ਪੁੱਤਰ ਸੀ। ਦਰਘਾ ਮੱਲ ਗੁਰੂ ਤੇਗ ਬਹਾਦਰ ਸਾਹਿਬ ਦਾ ਅਨਿੰਨ ਸਿੱਖ ਸੀ। *ਬੰਸਾਵਲੀਨਾਮੇ* ਵਿਚ ਆਉਂਦੇ ਕਈ ਗ੍ਰੰਥਾਂ ਦੇ ਹਵਾਲੇ, ਸਮਕਾਲੀ ਪ੍ਰਸਥਿਤੀਆਂ ਬਾਰੇ ਚੰਗੀ ਜਾਣਕਾਰੀ ਆਦਿ ਉਸ ਨੂੰ ਚੰਗਾ ਵਿਦਵਾਨ ਸਿਧ ਕਰਦੇ ਹਨ। ਰਚਨਾਕਾਰੀ ਦੀ ਦ੍ਰਿਸ਼ਟੀ ਤੋਂ ਬੰਸਾਵਲੀਨਾਮਾ ਦਸ ਗੁਰੂ ਸਾਹਿਬਾਨ ਦੀ ਬੰਸਾਵਲੀ ਹੈ। ਬੰਸਾਵਲੀ ਤੋਂ ਇਲਾਵਾ ਇਸ ਰਚਨਾ ਵਿਚ ਸਮਕਾਲੀ ਰਾਜਸੀ, ਸਮਾਜਿਕ, ਧਾਰਮਿਕ ਆਦਿ ਸਥਿਤੀਆਂ ਬਾਰੇ ਮਹੱਤਵਪੂਰਨ ਜਾਣਕਾਰੀ ਉਪਲਬਧ ਹੁੰਦੀ ਹੈ। ਕੁਲ 14 ਚਰਣਾਂ (ਅਧਿਆਇਆਂ) ਦੀ ਸਾਧਾਰਣ ਤੁਕ-ਬੰਦੀ ਦੀ ਇਸ ਰਚਨਾ ਦੇ ਪਹਿਲੇ ਦਸ ਚਰਣ ਗੁਰੂ ਸਾਹਿਬਾਨ ਨਾਲ ਤੇ ਆਖਰੀ 4 ਚਰਣ ਬਾਬਾ ਬੰਦਾ ਸਿੰਘ ਬਹਾਦਰ, ਜੀਤ ਸਿੰਘ, ਮਾਤਾ ਸਾਹਿਬ ਦੇਵਾਂ ਅਤੇ ਹੋਰ ਸਮਕਾਲੀ ਸਿੱਖਾਂ ਆਦਿ ਨਾਲ ਸੰਬੰਧਿਤ ਹਨ।[21] ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਦਸ ਗੁਰੂ ਸਾਹਿਬਾਨ ਦੇ ਜਨਮ, ਵਿਆਹ ਤੇ ਸੰਤਾਨ ਦੀਆਂ ਸ਼ਾਦੀਆਂ, ਯੁੱਧ, ਕਾਰਨਾਮੇ ਅਤੇ ਅੰਤ ਦਾ ਵਰਣਨ ਵਿਸਥਾਰ ਨਾਲ ਉਪਲਬਧ ਹੈ, ਜੋ ਕਈ ਪੱਖਾਂ

---

[20] ਕੇਸਰ ਸਿੰਘ ਛਿੱਬਰ, ਰਚਿਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਸੰਪਾ. ਡਾ. ਰਤਨ ਸਿੰਘ ਜੱਗੀ, ਪੰਨਾ 1.

[21] ਗੁਰਮੇਲ ਸਿੰਘ, ਮਧ-ਕਾਲੀਨ ਸਿੱਖ-ਸਾਹਿਤ ਦਾ ਗੁਰਮਤਿ ਦ੍ਰਿਸ਼ਟੀਕੋਣ ਇਕ ਅਧਿਐਨ, ਅਣਪ੍ਰਕਾਸ਼ਿਤ ਖੋਜ-ਪ੍ਰਬੰਧ, ਪੰਨੇ 80-82.

ਤੋਂ ਵਿਲੱਖਣ ਹੈ। ਲੇਖਕ ਨੇ ਆਪਣੀ ਰਚਨਾ ਵਿਚ ਸਮਕਾਲੀ ਸਿੱਖਾਂ ਦੀ ਸਥਿਤੀ ਦੀ ਵਿਆਖਿਆ ਕੀਤੀ ਹੈ ਜੋ ਉਨ੍ਹਾਂ ਉੱਤੇ ਢਾਹੇ ਗਏ ਜ਼ੁਲਮਾਂ ਦੀ ਪ੍ਰਤੀਕ ਹੈ। ਇਸ ਤੋਂ ਇਲਾਵਾ ਇਹ ਸੰਕੇਤਕ ਤੱਥ ਮਿਲਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੀ ਚਾਰ ਵਰਗਾਂ ਵਿਚ ਵੰਡ ਕੀਤੀ – ਦੀਦਾਰੀ ਸਿੱਖ, ਮੁਕਤੀ ਸਿੱਖ, ਮਾਇਕੀ ਸਿੱਖ ਅਤੇ ਮਸੰਦ ਸਿੱਖ।[22]

*ਬੰਸਾਵਲੀਨਾਮਾ* ਸਿੱਖ ਸ੍ਰੋਤਾਂ ਵਿਚ ਅਹਿਮ ਸਥਾਨ ਰੱਖਦਾ ਹੈ। ਇਸ ਦਾ ਸੰਪਾਦਨ ਸਭ ਤੋਂ ਪਹਿਲਾਂ ਡਾ. ਰਤਨ ਸਿੰਘ ਜੱਗੀ ਨੇ *ਕੇਸਰ ਸਿੰਘ ਛਿਬਰ ਦਾ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸਿਰਲੇਖ ਹੇਠ ਕਰਕੇ, ਇਸ ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਖੋਜ ਪਤ੍ਰਿਕਾ 'ਪਰਖ' ਦਾ ਵਿਸ਼ੇਸ਼ ਅੰਕ ਬਣਾ ਕੇ 1972 ਈ. ਵਿਚ ਪ੍ਰਕਾਸ਼ਤ ਕੀਤਾ। ਪ੍ਰੋ. ਪਿਆਰਾ ਸਿੰਘ ਪਦਮ ਨੇ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਸਿਰਲੇਖ ਹੇਠ ਸਿੰਘ ਬ੍ਰਦਰਜ਼, ਅੰਮ੍ਰਿਤਸਰ ਤੋਂ 1997 ਈ. ਵਿਚ ਪ੍ਰਕਾਸ਼ਤ ਕਰਵਾਇਆ। ਇਸ ਤੋਂ ਇਲਾਵਾ ਡਾ. ਰਾਏ ਜਸਬੀਰ ਸਿੰਘ ਨੇ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* 2001 ਈ. ਵਿਚ ਪੁਨਰ ਸੰਪਾਦਨਾ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

ਇਸ ਗ੍ਰੰਥ ਵਿਚ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਮੁੱਖ ਸਿੱਖਾਂ ਦੇ ਨਾਵਾਂ ਦਾ ਜ਼ਿਕਰ ਇਸ ਤਰ੍ਹਾਂ ਹੈ:- ਸਾਹਿਬ ਚੰਦ (ਦੀਵਾਨ), ਸੰਗੋਸ਼ਾਹ, ਹਰਿਜਸ ਰਾਇ, ਗੁਲਾਬ ਸਿੰਘ, ਗੁਰਬਖ਼ਸ਼ ਸਿੰਘ, ਚਉਪਤਿ ਰਾਇ (ਖਿਡਾਵਾ), ਚੌਪਾ ਸਿੰਘ, ਦਇਆ ਸਿੰਘ (ਪਿਆਰਾ), ਮਨੀ ਸਿੰਘ ਭਾਈ ਆਦਿ।

## 2.5. ਮਹਿਮਾ ਪ੍ਰਕਾਸ਼ :-

*'ਮਹਿਮਾ ਪ੍ਰਕਾਸ਼'* ਜਿਵੇਂ ਕਿ ਨਾਂ ਤੋਂ ਹੀ ਸਿੱਧ ਹੁੰਦਾ ਹੈ, ਦਸ ਗੁਰੂ ਸਾਹਿਬਾਨ ਦੇ ਜੀਵਨ ਉਪਰ ਕੀਮਤੀ ਚਾਨਣਾ ਪਾਉਂਦਾ, ਗੁਰੂ ਸਾਹਿਬਾਨ ਦੀ ਮਹਿਮਾ ਦਾ 'ਪ੍ਰਕਾਸ਼' ਕਰਨ ਵਾਲਾ ਮਹੱਤਵਪੂਰਨ ਗੁਰਮੁਖੀ ਸ੍ਰੋਤ ਹੈ।[23] ਮਹਿਮਾ ਪ੍ਰਕਾਸ਼ ਪਰੰਪਰਾ ਦੇ ਦੋ ਮੁੱਖ ਸ੍ਰੋਤ ਮਿਲਦੇ ਹਨ। ਇਕ ਕਵਿਤਾ ਵਿਚ ਅਤੇ ਇਕ ਵਾਰਤਕ ਵਿਚ।

---

[22] ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ, ਪੰਨਾ 227.

[23] ਹਰਪ੍ਰੀਤ ਕੌਰ, ਅਠਾਰਵੀਂ ਸਦੀ ਦਾ ਗੌਣ ਸਿੱਖ-ਸ੍ਰੋਤ ਸਾਹਿਤ ਵਿਵਰਣ ਤੇ ਵਿਸ਼ਲੇਸ਼ਣ, ਅਣਪ੍ਰਕਾਸ਼ਿਤ ਖੋਜ-ਪ੍ਰਬੰਧ, ਪੰਨਾ 3.

*ਮਹਿਮਾ ਪ੍ਰਕਾਸ਼* ਕਵਿਤਾ ਦਾ ਕਰਤਾ ਸਰੂਪ ਦਾਸ ਭੱਲਾ ਮੰਨਿਆ ਗਿਆ ਹੈ ਅਤੇ *ਮਹਿਮਾ ਪ੍ਰਕਾਸ਼ ਵਾਰਤਕ* ਦਾ ਕ੍ਰਿਪਾਲ ਦਾਸ ਭੱਲਾ। *ਮਹਿਮਾ ਪ੍ਰਕਾਸ਼* ਭਾਗ ਪਹਿਲਾ ਕੇਵਲ ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਹੈ ਅਤੇ ਬਾਕੀ ਭਾਗ ਦੂਜਾ (ਗੁਰੂ ਅੰਗਦ ਦੇਵ ਤੋਂ ਗੁਰੂ ਗੋਬਿੰਦ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੱਕ) ਗੁਰੂ ਸਾਹਿਬਾਨ ਨਾਲ।[24] *ਮਹਿਮਾ ਪ੍ਰਕਾਸ਼* ਭਾਗ ਦੂਜਾ ਦੇ ਕਰਤਾ ਅਤੇ ਰਚਨਾਕਾਲ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਹਨ। ਕਰਤਾ ਸੰਬੰਧੀ ਬਹੁਸਹਿਮਤੀ ਕ੍ਰਿਪਾਲ ਦਾਸ ਭੱਲਾ ਨਾਲ ਹੀ ਹੈ। ਡਾ. ਕੁਲਵਿੰਦਰ ਸਿੰਘ ਬਾਜਵਾ ਅਨੁਸਾਰ ਕਾਵਿ-ਰੂਪ *ਮਹਿਮਾ ਪ੍ਰਕਾਸ਼* ਜਿਆਦਾ ਵਿਸਥਾਰ ਵਿਚ ਹੈ ਅਤੇ ਵਾਰਤਕ-ਰੂਪ *ਮਹਿਮਾ ਪ੍ਰਕਾਸ਼* ਸੰਖੇਪ, ਵਿਸਥਾਰ ਹਮੇਸ਼ਾਂ ਬਾਅਦ ਵਿਚ ਆਉਂਦਾ ਹੈ, ਸੋ ਇਹ 1776 ਈ. (*ਮਹਿਮਾ ਪ੍ਰਕਾਸ਼ ਕਵਿਤਾ*) ਤੋਂ ਪਹਿਲਾਂ ਦੀ ਰਚਨਾ ਹੈ।[25] ਇਹ ਗ੍ਰੰਥ 237 ਸਾਖੀਆਂ ਦਾ ਸੰਗ੍ਰਹਿ ਹੈ, ਜਿਨ੍ਹਾਂ ਵਿਚ 65 ਗੁਰੂ ਨਾਨਕ, 16 ਗੁਰੂ ਅੰਗਦ, 32 ਗੁਰੂ ਅਮਰਦਾਸ, 8 ਗੁਰੂ ਰਾਮਦਾਸ, 22 ਗੁਰੂ ਅਰਜਨ ਦੇਵ, 22 ਗੁਰੂ ਹਰਿਗੋਬਿੰਦ, 21 ਗੁਰੂ ਹਰਿ ਰਾਇ, 4 ਗੁਰੂ ਹਰਿ ਕ੍ਰਿਸ਼ਨ, 19 ਗੁਰੂ ਤੇਗ ਬਹਾਦਰ, 27 ਗੁਰੂ ਗੋਬਿੰਦ ਸਿੰਘ ਅਤੇ 1 ਬਾਬਾ ਬੰਦਾ ਸਿੰਘ ਬਹਾਦਰ ਬਾਰੇ ਸਾਖੀਆਂ ਹਨ।[26] ਇਨ੍ਹਾਂ ਸਾਖੀਆਂ ਵਿਚ ਇਤਿਹਾਸਕਤਾ ਅਤੇ ਪੌਰਾਣਕਤਾ ਮਿਲੀਆਂ-ਜੁਲੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਸਾਖੀਆਂ ਵਿਚ ਪ੍ਰਮੁੱਖ ਸਿੱਖਾਂ ਦਾ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ:- ਅਜੀਤ ਸਿੰਘ (ਸਾਹਿਬਜਾਦਾ), ਆਲਮ ਸਿੰਘ ਨਚਨਾ, ਸੰਗਤੀਆ ਸਿੰਘ, ਸਾਹਿਬ ਦੇਵਾ (ਖ਼ਾਲਸੇ ਦੀ ਮਾਤਾ), ਸੁੰਦਰੀ ਜੀ (ਮਾਤਾ), ਹਜਾਰਾ ਸਿੰਘ, ਹਿੰਮਤ ਸਿੰਘ (ਪਿਆਰਾ), ਕਪੂਰਾ, ਕ੍ਰਿਪਾਲਚੰਦ, ਗਜ ਸਿੰਘ, ਗਨੀ ਖ਼ਾਂ, ਗੁਪਾਲ, ਜਗਤ ਸੇਠ, ਜੀਤੋ ਜੀ (ਮਾਤਾ), ਜੋਰਾਵਰ ਸਿੰਘ (ਸਾਹਿਬਜਾਦਾ), ਜੁਝਾਰ ਸਿੰਘ (ਸਾਹਿਬਜਾਦਾ), ਦਇਆ ਸਿੰਘ (ਪਿਆਰਾ), ਨਨੂਆ ਬੈਰਾਗੀ, ਨੰਦ ਲਾਲ, ਨਬੀ ਖ਼ਾਂ, ਫਤਹਿ ਸਿੰਘ (ਸਾਹਿਬਜਾਦਾ), ਬੀਰ ਸਿੰਘ, ਬੁਲਾਕੀ ਦਾਸ ਮਸੰਦ, ਮੀਆਂ ਦੌਲਾ ਫਕੀਰ, ਮੀਰਸ਼ਾਹ, ਮੂਲਾ ਆਦਿ ਸਿੱਖਾਂ ਦਾ ਜ਼ਿਕਰ ਮਿਲਦਾ ਹੈ।

## 2.6. ਗੁਰਬਿਲਾਸ ਪਾਤਸ਼ਾਹੀ ੧੦ :-

---

24 ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼, ਭਾਗ ਚੌਥਾ, ਪੰਨੇ 164-65.

25 ਕੁਲਵਿੰਦਰ ਸਿੰਘ, ਬਾਜਵਾ (ਸੰਪਾ.), ਮਹਿਮਾ ਪ੍ਰਕਾਸ਼ (ਵਾਰਤਕ), ਪੰਨਾ 21.

26 ਸਰੂਪ ਦਾਸ ਭੱਲਾ, ਕ੍ਰਿਤ ਮਹਿਮਾ ਪ੍ਰਕਾਸ਼ (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜ਼ਾਨ ਸਿੰਘ, ਪੰਨਾ 16.

*ਗੁਰਬਲਿਾਸ ਪਾਤਸ਼ਾਹੀ* ੧੦ ਭਾਈ ਸੁੱਖਾ ਸਿੰਘ ਦਾ ਲਿਖਿਆ ਇਤਿਹਾਸਕ ਸਮੱਗਰੀ ਦਾ ਕਾਵਿ-ਗ੍ਰੰਥ ਹੈ, ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਥਾ ਵਿਅਕਤਿਤ੍ਵ ਬਾਰੇ ਹੈ। ਸੁੱਖਾ ਸਿੰਘ ਆਪਣੇ ਗ੍ਰੰਥ ਦਾ ਆਧਾਰ-ਵਸਤੂ ਵਧੇਰੇ ਕਰਕੇ ਮੌਖਿਕ ਪਰੰਪਰਾ ਨੂੰ ਬਣਾਉਂਦਾ ਹੈ। ਗੁਰੂ ਸਾਹਿਬ ਪ੍ਰਤੀ ਘਟਨਾਵਾਂ ਦਾ ਵੇਰਵਾ ਉਹ ਬਾਬਾ ਰਾਮ ਕੋਇਰ (ਬਾਬਾ ਬੁਢਾ ਜੀ ਦੀ ਵੰਸ਼) ਆਦਿ ਵਿਅਕਤੀਆਂ ਤੋਂ ਸੁਣ ਕੇ ਲਿਪੀਬਧ ਕਰਦਾ ਹੈ। ਭਾਈ ਸੁਖਾ ਸਿੰਘ ਦੀ ਰਚਨਾ ਨੇ ਗੁਰੂ ਗੋਬਿੰਦ ਸਿੰਘ ਜੀ ਬਚਪਨ ਸੰਬੰਧੀ ਅਨੇਕਾਂ ਤਥ ਸਾਂਭੇ ਹਨ, ਜੋ ਪੂਰਵ ਵਰਤੀ ਸ੍ਰੀ ਗੁਰ ਸੋਭਾ ਰਚਨਾਵਾਂ ਵਿਚ ਨਹੀਂ ਮਿਲਦੇ।[27] ਸੁੱਖਾ ਸਿੰਘ ਦੇ ਜੀਵਨ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ – 'ਕਵਿ ਸੁਖਾ ਸਿੰਘ, ਜਿਸ ਦਾ ਜਨਮ ਸੰਮਤ 1825 ਬਿ. (1768 ਈ.) ਵਿਚ ਹੋਇਆ, ਇਹ ਕੇਸਗੜ੍ਹ ਸਾਹਿਬ ਦਾ ਗਿਆਨੀ ਸੀ, ਇਸ ਨੇ ਸੰਮਤ 1754 ਬਿ. (1797 ਈ.) ਵਿਚ ਦਸਮੇਂ ਪਾਤਸ਼ਾਹ ਜੀ ਦਾ ਗੁਰਵਿਲਾਸ (ਗੁਰਬਿਲਾਸ) ਰਚਿਆ, ਇਸ ਦਾ ਦਿਹਾਂਤ ਸੰਮਤ 1895 ਵਿਚ ਹੋਇਆ, ਇਸ ਦੀ ਧਰਮ ਪਤਨੀ ਗੁਲਾਬ ਦੇਵੀ ਦਾ ਦੇਹਾਂਤ ਸੰਮਤ 1935 ਵਿਚ ਹੋਇਆ।'[28] ਡਾ. ਨਈਅਰ ਦੇ ਵਿਚਾਰ ਅਨੁਸਾਰ ਕਵਿ ਸੈਨਾਪਤਿ ਦੀ ਰਚਨਾ ਵਿਚ ਅਨੰਦਪੁਰ ਦੀਆਂ ਲੜਾਈਆਂ ਸੰਬੰਧੀ ਦਿੱਤਾ ਗਿਆ ਵੇਰਵਾ ਲਾਭਦਾਇਕ ਅਤੇ ਉੱਤਮ ਹੈ। ਉਸ ਨੇ ਆਪਣੀ ਲਿਖਤ ਵਿਚ ਅਨੰਦਪੁਰ ਦੀਆਂ ਬਹੁਤ ਸਾਰੀਆਂ ਲੜਾਈਆਂ ਨੂੰ ਇਕੱਤਰ ਕਰ ਕੇ ਕਾਫੀ ਨੁਕਤਿਆਂ ਉੱਤੇ ਰੌਸ਼ਨੀ ਪਾਈ ਹੈ। ਪਰੰਤੂ ਫਿਰ ਵੀ ਉਹ ਕਈ ਪੱਖਾਂ ਸੰਬੰਧੀ ਚੁੱਪ ਹੈ ਜਿਸ ਦੀ ਜਾਣਕਾਰੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਦੇ ਗੁਰ ਬਿਲਾਸਾਂ ਤੋਂ ਪ੍ਰਾਪਤ ਹੋ ਜਾਂਦੀ ਹੈ। ਇਹ ਲਿਖਤਾਂ ਰਾਜਿਆਂ ਦੇ ਨਾਵਾਂ ਦੀਆਂ ਸੂਚਕ ਵੀ ਹਨ।[29]

## 2.7. ਗੁਰੂ ਕੀਆਂ ਸਾਖੀਆਂ :-

ਸਿੱਖ ਇਤਿਹਾਸ ਵਿਚ ਸਾਖੀ ਪਰੰਪਰਾ ਦਾ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਸਾਖੀਆਂ ਵਿਚ ਧਾਰਮਿਕ ਸੰਵਾਦਾਂ ਅਤੇ ਸੁਘੜ ਸਾਹਿਤਕ ਸ਼ੈਲੀਆਂ ਦੀ ਬਹੁਤ ਸੋਹਣੀ ਸਮੱਗਰੀ ਸੰਚਿਤ ਹੈ। ਪਰ ਆਮ ਕਰਕੇ ਜਨਮ-

---

27 ਗੁਰਮੇਲ ਸਿੰਘ, ਮਧ-ਕਾਲੀਨ ਸਿੱਖ-ਸਾਹਿਤ ਦਾ ਗੁਰਮਤਿ ਦ੍ਰਿਸ਼ਟੀਕੋਣ ਇਕ ਅਧਿਐਨ, ਪੰਨੇ 80-82.

28 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 209.

29 ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ, ਪੰਨਾ 227.

ਸਾਖੀਆਂ ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਹਨ। ਸਾਖੀ ਸਾਹਿਤ ਵਿਚ ਇਕ ਕਾਵਿ ਰਚਨਾ *'ਗੁਰੂ ਕੀਆਂ ਸਾਖੀਆਂ'* ਵੀ ਹੈ। ਇਹ ਕਾਵਿ-ਗ੍ਰੰਥ ਸਮਕਾਲੀ ਲਿਖਤਾਂ *ਭੱਟ ਵਹੀਆਂ* ਦੇ ਆਧਾਰ 'ਤੇ ਤਿਆਰ ਕੀਤਾ ਗਿਆ ਹੈ। ਇਸ ਵਿਚ ਬਹੁਤ ਸਾਰੀਆਂ ਸਾਖੀਆਂ ਗੁਰੂ ਸਾਹਿਬਾਨ ਨਾਲ ਸੰਬੰਧਿਤ ਹਨ। *'ਗੁਰੂ ਕੀਆਂ ਸਾਖੀਆਂ'* ਦੀ ਸਮੱਗਰੀ ਇਤਿਹਾਸਕ ਪੱਖ ਤੋਂ ਸਾਡੇ ਲਈ ਸੱਚਮੁੱਚ ਨਵੀਆਂ ਗੱਲਾਂ ਦਸਦੀ ਹੈ ਜੋ ਪਹਿਲੇ ਸਾਡੀ ਗਿਆਤ (ਧਿਆਨ) ਵਿਚ ਨਹੀਂ ਸਨ। ਸਾਖੀਆਂ ਵਿਚ ਸਹਿਜ ਸੁਭਾ ਗੁਰੂ ਸਾਹਿਬਾਨ ਦਾ ਆਉਣ-ਜਾਣ ਇਵੇਂ ਹੀ ਬਿਆਨ ਕੀਤਾ ਗਿਆ ਹੈ ਜਿਵੇਂ ਬੀਤਿਆ, ਇਹੋ ਗੱਲ ਇਸ ਦੀ ਅਹਿਮੀਅਤ ਨੂੰ ਵਧਾਉਂਦੀ ਤੇ ਬਾਕੀ ਗ੍ਰੰਥਾਂ ਨਾਲੋਂ ਵੱਖਰਿਆਉਂਦੀ ਵੀ ਹੈ। ਸਮਕਾਲੀ ਲਿਖਤਾਂ ਦੇ ਆਧਾਰਿਤ ਹੋਣ ਕਾਰਣ ਪ੍ਰਮਾਣਕਿਤਾ ਨਿਰਸੰਦੇਹ ਹੋਰਾਂ ਨਾਲੋਂ ਵਧੇਰੇ ਹੈ ਅਤੇ ਇਸ ਦਾ ਅਧਿਐਨ ਆਵੱਸ਼ਕ ਹੈ।[30]

ਭੱਟ ਵਹੀਆਂ ਵਿੱਚ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਪਰਿਵਾਰਾਂ ਸੰਬੰਧੀ, ਪ੍ਰਸਿੱਧ ਸਿੱਖਾਂ ਤੇ ਉਨ੍ਹਾਂ ਦੇ ਘਰਾਣਿਆਂ ਬਾਰੇ ਲਾਹੇਵੰਦ ਜਾਣਕਾਰੀ ਪ੍ਰਾਪਤ ਹੁੰਦੀ ਹੈ। ਕਈਆਂ ਇਤਿਹਾਸਕ ਸਾਕਿਆਂ ਦਾ ਅੱਖੀਂ ਡਿੱਠਾ ਹਾਲ ਇਨ੍ਹਾਂ ਵਹੀਆਂ ਵਿਚ ਨਾਵਾਂ-ਥਾਵਾਂ ਤੇ ਤਿਥੀਆਂ ਸਹਿਤ ਦਰਜ ਕੀਤਾ ਮਿਲਦਾ ਹੈ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਿਤ ਕਈਆਂ ਮਤਭੇਦਾਂ ਬਾਰੇ ਵੀ ਨਿਰਣਾ ਕਰਨ ਵਿਚ ਭੱਟ ਵਹੀਆਂ ਬਹੁਮੁੱਲੀ ਸਹਾਇਤਾ ਦੇ ਸਕਦੀਆਂ ਹਨ।[31] ਇਸ ਗ੍ਰੰਥ ਵਿਚ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਪੰਜ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਾਖੀਆਂ ਹਨ, ਜਿਨ੍ਹਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ-ਕਾਲ ਅਤੇ ਉਨ੍ਹਾਂ ਦੇ ਪ੍ਰਸਿੱਧ ਸਿੱਖਾਂ ਦੀਆਂ 77 ਸਾਖੀਆਂ ਦਰਜ ਹਨ। ਸਾਖੀਆਂ ਵਿਚ ਦਸਮ ਗੁਰੂ ਦੇ ਪ੍ਰਮੁੱਖ ਸਿੱਖਾਂ ਦੇ ਨਾਂ ਹੇਠ ਲਿਖੇ ਅਨੁਸਾਰ ਆਏ ਹਨ:- ਉਦੇ ਸਿੰਘ, ਊਦੀਆ, ਅਜਬ ਸਿੰਘ, ਅਜਾਇਬ ਸਿੰਘ, ਅਨਿਕ ਸਿੰਘ, ਅਨੂਪ ਸਿੰਘ, ਆਲਮ ਸਿੰਘ, ਸੰਗਤ ਸਿੰਘ, ਸੰਗਤ ਰਾਇ, ਸੰਤ ਸਿੰਘ ਬੰਗੇਸ਼ਰੀ, ਸੰਗੋਸ਼ਾਹ, ਸਾਹਿਬ ਸਿੰਘ ਦੀਵਾਨ, ਸਾਹਿਬ ਸਿੰਘ ਪਿਆਰਾ, ਸੀਤਲ ਸਿੰਘ, ਸੁੰਦਰ ਸਿੰਘ, ਸੂਰਤ ਸਿੰਘ, ਸੇਵਾ ਸਿੰਘ, ਸੈਣਾ ਸਿੰਘ, ਸੋਹਨ ਚੰਦ, ਸੋਭਾ ਚੰਦ, ਹਠੀ ਚੰਦ, ਹਨੁਮੰਤ, ਹਿੰਮਤ ਸਿੰਘ, ਹਿੰਮਤ ਸਿੰਘ (ਪਿਆਰਾ), ਹੀਰਾ, ਕਲਿਆਣ ਸਿੰਘ, ਕ੍ਰਿਪਾ ਰਾਮ, ਕ੍ਰਿਪਾਲ

---

[30] ਭਾਈ ਸ੍ਰਰੂਪ ਸਿੰਘ ਕੋਸ਼ਿਸ ਕ੍ਰਿਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਗਿਆਨੀ ਗਰਜਾ ਸਿੰਘ, ਪੰਨਾ 32.

[31] ਗੁਰਮੁਖ ਸਿੰਘ, ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਪੰਨੇ 16-17.

ਚੰਦ ਮਾਮਾ, ਕੀਰਤ ਸਿੰਘ, ਕੁਸ਼ਾਲ ਸਿੰਘ, ਕੇਸਰ ਸਿੰਘ, ਗਨੀ ਖਾਂ, ਗੁਰਦਾਸ, ਗੁਰਦਾਸ ਸਿੰਘ, ਗੁਲਜ਼ਾਰ ਸਿੰਘ, ਗੋਕਲ ਸਿੰਘ, ਘਰਬਾਰਾ ਸਿੰਘ, ਘੁੱਦਾ ਸਿੰਘ ਵੜਿੰਗ, ਚਉਪਤਿਰਾਇ, ਚਤਰ ਸਿੰਘ ਸੂਹੀਆ, ਚਿਤਰ ਸਿੰਘ, ਜੀਤ ਸਿੰਘ, ਜੀਤ ਮੱਲ, ਜੀਵਨ ਸਿੰਘ, ਜੋਧ ਸਿੰਘ, ਜੋਰਾਵਰ ਸਿੰਘ, ਡੱਲਾ ਰਾਇ, ਤੁਲਸੀ ਦਾਸ, ਦਇਆ ਸਿੰਘ (ਪਿਆਰਾ), ਦਗੋ, ਦਯਾਰਾਮ ਪਰੋਹਤ, ਦਯਾਲਦਾਸ, ਦੇਸਾ ਸਿੰਘ, ਦੇਵਾ ਸਿੰਘ, ਦੂਨਾ ਸਿੰਘ, ਧਰਮ ਚੰਦ, ਨਬੀ ਖਾਂ, ਨੰਦ ਸਿੰਘ, ਨੰਦ ਚੰਦ ਦੀਵਾਨ, ਨਿਹੰਗ ਖਾਂ, ਬਚਿਤ੍ਰ ਸਿੰਘ, ਬੱਜਰ ਸਿੰਘ ਸ਼ਸਤ੍ਰ ਅਧਿਆਪਕ, ਬੁਧੀਚੰਦ, ਬੰਦਾ ਬਹਾਦਰ, ਭਗਵਾਨ ਸਿੰਘ, ਭਿਖੀ ਬੀਬੀ, ਮਹਾਂ ਸਿੰਘ, ਮਥਰਾ ਸਿੰਘ, ਮਨੀ ਸਿੰਘ, ਮਾਨ ਸਿੰਘ, ਮਿਲਖਾ ਸਿੰਘ, ਮੂਲ ਚੰਦ, ਰਾਇ ਸਿੰਘ, ਰਾਮ ਸਿੰਘ ਕਸ਼ਮੀਰੀ ਚੌਰਬਰਦਾਰ, ਲਾਲ ਸਿੰਘ ਪਿਸ਼ੌਰੀਆ ਖਜ਼ਾਨਚੀ ਆਦਿ।

## 2.8. ਸ੍ਰੀ ਗੁਰ ਪੰਥ ਪ੍ਰਕਾਸ਼ (ਪ੍ਰਾਚੀਨ ਪੰਥ ਪ੍ਰਕਾਸ਼) :-

*'ਸ੍ਰੀ ਗੁਰ ਪੰਥ ਪ੍ਰਕਾਸ਼'* ਸਿੱਖ ਪੰਥ ਦੀ ਕਹਾਣੀ ਨੂੰ ਪ੍ਰਕਾਸ਼ਮਾਨ ਕਰਨ ਵਾਲਾ ਇਤਿਹਾਸਕ ਕਾਵਿ-ਗ੍ਰੰਥ ਹੈ। ਇਸ ਗ੍ਰੰਥ ਦੇ ਕਰਤਾ ਸ. ਰਤਨ ਸਿੰਘ ਭੰਗੂ ਹਨ। ਇਸ ਗ੍ਰੰਥ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਇਤਿਹਾਸ ਨਾਲ ਸੰਬੰਧਿਤ ਕਈ ਗ੍ਰੰਥ ਲਿਖੇ ਜਾ ਚੁੱਕੇ ਸਨ। ਪਰ ਖ਼ਾਲਸਾ ਪੰਥ ਦਾ ਇਤਿਹਾਸ ਵਰਣਨ ਕਰਨ ਵਾਲਾ ਇਹ ਪਹਿਲਾ ਗ੍ਰੰਥ ਹੈ। ਖ਼ਾਲਸਾ ਪੰਥ ਦੀ ਉਤਪਤੀ ਤੋਂ ਲੈ ਕੇ ਉਸ ਦੇ ਆਪਣੇ ਉਦੇਸ਼ ਤੱਕ ਪਹੁੰਚਣ ਦੀ ਵਿਥਿਆ ਅਤੇ ਇਸ ਸਮੁੱਚੇ ਦੌਰ ਦੀਆਂ ਪ੍ਰਮੁੱਖ ਇਤਿਹਾਸਕ ਘਟਨਾਵਾਂ ਦਾ ਵੇਰਵਾ ਪ੍ਰਸਤੁਤ ਕਰਨ ਵਾਲਾ ਇਤਿਹਾਸਕ ਦਸਤਾਵੇਜ਼ ਹੈ। *ਸ੍ਰੀ ਗੁਰ ਪੰਥ ਪ੍ਰਕਾਸ਼* ਵਿਚ ਸ. ਰਤਨ ਸਿੰਘ ਭੰਗੂ ਨੇ ਸਿੱਖ ਇਤਿਹਾਸ ਦੇ ਲਗਪਗ 183 ਪ੍ਰਸੰਗਾਂ ਜਾਂ ਸਾਖੀਆਂ ਨੂੰ ਕਵਿਤਾ ਦੇ ਮਾਧਿਅਮ ਰਾਹੀਂ ਵਿਅਕਤ ਕੀਤਾ ਹੈ। ਇਨ੍ਹਾਂ ਵਿਚੋਂ 30 ਕੁ ਸਾਖੀਆਂ ਗੁਰ ਇਤਿਹਾਸ ਨਾਲ ਸੰਬੰਧਿਤ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਦੇ ਜਨਮ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦੇ ਦੱਖਣ ਤੱਕ ਦੇ ਸਫ਼ਰਾਂ ਦਾ ਹਾਲ ਹੈ।[32] ਡਾ. ਜੀਤ ਸਿੰਘ ਸੀਤਲ ਅਨੁਸਾਰ *ਸ੍ਰੀ ਗੁਰ ਪੰਥ ਪ੍ਰਕਾਸ਼* 18ਵੀਂ ਸਦੀ ਦੇ ਸਮੁੱਚੇ ਸ਼ਹੀਦਾਂ ਦੇ ਜੀਉਂਦੇ ਜਾਗਦੇ, ਲਹੂ-ਰੱਤੇ ਸਿੱਖ ਇਤਿਹਾਸ ਦੀ ਮੂੰਹ ਬੋਲਦੀ ਤਸਵੀਰ ਹੈ। ਜਿਸ ਨੇ ਅਖੀਰ ਜ਼ੁਲਮ ਜਬਰ, ਅਤਿਆਚਾਰ ਤੇ ਅਨਿਆਇ ਦੀਆਂ ਜੜ੍ਹਾਂ ਪੁੱਟ ਕੇ ਉਸ ਪੁਰ ਸਤਿਗੁਰੂ ਦੀ ਸੱਚੀ ਪਾਤਸ਼ਾਹੀ ਦਾ

[32] ਰਤਨ ਸਿੰਘ ਭੰਗੂ, ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾ. ਡਾ. ਬਲਵੰਤ ਸਿੰਘ ਢਿੱਲੋਂ, ਪੰਨਾ 2.

ਆਲੀਸ਼ਾਨ ਸੋਨ-ਸੁਨਹਿਰੀ ਮਹਿਲ ਉਸਾਰ ਕੇ ਦਮ ਲਿਆ - ਪੂਰਾ ਸੌ ਸਾਲ ਮੌਤ ਨਾਲ ਸੰਘਰਸ਼ ਕੀਤਾ। 'ਸ੍ਰੀ ਗੁਰ ਪੰਥ ਪ੍ਰਕਾਸ਼' ਪੰਥ ਖ਼ਾਲਸੇ ਦਾ ਸੌ ਸਾਲਾ ਲਹੂ-ਰੱਤਾ ਪੈਂਡਾ ਹੈ, ਜਿਸ ਪੁਰ ਲਹੂ-ਲੁਹਾਨ ਹੁੰਦਾ ਹੋਇਆ ਖ਼ਾਲਸਾ-ਪੰਥ ਟੁਰਦਾ ਰਿਹਾ।[33] ਡਾ. ਗੁਰਮੇਲ ਸਿੰਘ ਅਨੁਸਾਰ ਇਸ ਦਾ ਸਿਧੇ ਰੂਪ ਵਿਚ 30 ਕੁ ਪ੍ਰਸੰਗਾਂ (ਸਾਖੀਆਂ) ਦਾ ਸੰਬੰਧ ਦਸ ਗੁਰੂ ਸਾਹਿਬਾਨ ਨਾਲ ਸੰਬੰਧਿਤ ਹੈ। ਇਨ੍ਹਾਂ ਵਿਚੋਂ ਨੌਂਵੇਂ ਅਤੇ ਦਸਵੇਂ ਗੁਰੂ ਸਾਹਿਬ ਸੰਬੰਧੀ ਅਧਿਕ ਅਥਵਾ ਵਿਸਤ੍ਰਿਤ ਵੇਰਵੇ ਮਿਲਦੇ ਹਨ। ਲਗਪਗ 45 ਕੁ ਸਾਖੀਆਂ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਹਨ ਅਤੇ ਬਾਕੀਆਂ ਦਾ ਸੰਬੰਧ ਬਾਅਦ ਵਿਚ ਬਾਕੀ ਸਿੰਘਾਂ ਦੀਆਂ ਸ਼ਹੀਦੀਆਂ, ਮੁਗ਼ਲ / ਅਫ਼ਗਾਨ ਸਰਕਾਰਾਂ ਦੇ ਜ਼ੁਲਮ, ਪੰਥ ਵਿਰੋਧੀ (ਮੀਣੇ, ਹੰਦਾਲੀਏ, ਨਿਰੰਜਣੀਏ ਤੇ ਬ੍ਰਾਹਮਣ ਆਦਿ) ਤਾਕਤਾਂ ਦੀਆਂ ਸਾਜਿਸ਼ਾਂ, ਦਲ ਖ਼ਾਲਸਾ, ਜੰਗਾਂ-ਯੁੱਧਾਂ ਅਤੇ ਸਿੱਖ ਰਾਜ-ਸਤਾ ਆਦਿ ਨਾਲ ਹੈ।[34] ਗੁਰੂ ਗੋਬਿੰਦ ਸਿੰਘ ਦੇ ਜੀਵਨ-ਪ੍ਰਸੰਗ ਵਿਚ ਖ਼ਾਲਸੇ ਦੀ ਸਾਜਨਾ, ਮਸੰਦ ਪ੍ਰਥਾ ਨੂੰ ਖ਼ਤਮ ਕਰਨਾ, ਪਹਾੜੀ ਰਾਜਿਆਂ ਦੀਆਂ ਸਾਜਿਸ਼ਾਂ, ਅਨੰਦਪੁਰ ਦਾ ਘੇਰਾ, ਚਮਕੌਰ ਦੀ ਕੱਚੀ ਗੜ੍ਹੀ ਵਿਚੋਂ ਗੁਰੂ ਜੀ ਦਾ ਨਿਕਲ ਜਾਣਾ, ਦੱਖਣ ਨੂੰ ਪ੍ਰਸਥਾਨ ਅਤੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣਾ ਆਦਿ ਘਟਨਾਵਾਂ ਦਾ ਵਿਸ਼ੇਸ਼ ਵਰਣਨ ਕੀਤਾ ਗਿਆ ਮਿਲਦਾ ਹੈ।[35] ਇਸ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਦੇ ਪ੍ਰਮੁੱਖ ਸਿੱਖਾਂ ਦੇ ਨਾਂ ਇਸ ਤਰ੍ਹਾਂ ਮਿਲਦੇ ਹਨ:- ਆਲਮ ਸਿੰਘ, ਸਯਦਪੀਰ, ਸਾਹਿਬ ਸਿੰਘ (ਪਿਆਰਾ), ਸੰਤ ਸਿੰਘ, ਹਿੰਮਤ ਸਿੰਘ (ਪਿਆਰਾ), ਕਰਮ ਸਿੰਘ, ਕਾਨ੍ਹ ਸਿੰਘ, ਗਨੀ ਖਾਂ, ਜਗਤ ਸੇਠ, ਜੀਵਨ ਸਿੰਘ, ਜੋਰਾਵਰ ਸਿੰਘ (ਸਾਹਿਬਜ਼ਾਦਾ), ਜੁਝਾਰ ਸਿੰਘ (ਸਾਹਿਬਜ਼ਾਦਾ), ਡੱਲਾ ਭਾਈ, ਤਿਲੋਕਾ ਸਿੰਘ, ਦਯਾ ਸਿੰਘ (ਪਿਆਰਾ), ਦਿਆਲ ਸਿੰਘ, ਧਰਮ ਸਿੰਘ (ਪਿਆਰਾ), ਨਬੀ ਖਾਂ, ਫੱਤਾ ਮਸੰਦ, ਬਚਿਤ੍ਰ ਸਿੰਘ, ਬਾਜ ਸਿੰਘ, ਬਿਨੋਦ ਸਿੰਘ (ਬਾਬਾ), ਬੁਲਾਕੀ ਦਾਸ, ਬੰਦਾ ਸਿੰਘ ਬਹਾਦਰ, ਮੁਹਕਮ ਸਿੰਘ (ਪਿਆਰਾ), ਰਾਇ ਕੱਲ੍ਹਾ, ਰਾਮ ਸਿੰਘ, ਲਖਮੀਰ ਰਾਇ।

## 2.9. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ :-

---

33 ਰਤਨ ਸਿੰਘ ਭੰਗੂ, ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾ. ਡਾ. ਜੀਤ ਸਿੰਘ ਸੀਤਲ, ਪੰਨਾ 27.

34 ਗੁਰਮੇਲ ਸਿੰਘ, 'ਸ੍ਰੀ ਗੁਰ ਪੰਥ ਪ੍ਰਕਾਸ਼ : ਸਰਦਾਰ ਰਤਨ ਸਿੰਘ ਭੰਗੂ', ਨਾਨਕ ਪ੍ਰਕਾਸ਼ ਪਤ੍ਰਿਕਾ, ਵਿਸ਼ਵ ਧਰਮ ਗ੍ਰੰਥ, ਸ੍ਰੋਤ ਗ੍ਰੰਥ, ਵਿਸ਼ੇਸ਼ ਅੰਕ, ਪੰਨਾ 256.

35 ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼, ਭਾਗ ਤੀਜਾ, ਪੰਨੇ 145-46.

*'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ'* ਇਤਿਹਾਸ ਦੇ ਵੱਡ-ਆਕਾਰੀ ਗ੍ਰੰਥਾਂ ਵਿਚੋਂ ਮਹੱਤਵਪੂਰਨ ਗ੍ਰੰਥ ਹੈ। ਇਸ ਗ੍ਰੰਥ ਦੇ ਰਚੈਤਾ ਭਾਈ ਸੰਤੋਖ ਸਿੰਘ ਚੂੜਾਮਣੀ ਹਨ ਜੋ ਕਿ ਇਤਿਹਾਸਕ ਖੋਜ ਬਿਰਤੀ ਵਾਲੇ ਸ੍ਰੇਸ਼ਠ ਅਤੇ ਗੰਭੀਰ ਵਿਦਵਾਨ ਕਵੀ ਸਨ। ਉਹ ਕਈ ਭਾਸ਼ਾਵਾਂ ਦੇ ਗਿਆਤਾ ਸਨ, ਜੋ ਕਿ ਖੋਜ ਦੇ ਤੱਥ ਦੀ ਤਹਿ ਤੱਕ ਪਹੁੰਚਣ ਦੀ ਪ੍ਰਤਿਭਾ ਰੱਖਦੇ ਸਨ। ਇਨ੍ਹਾਂ ਨੇ ਕਈ ਗ੍ਰੰਥ ਲਿਖੇ ਜਿਵੇਂ:- ਨਾਂਕੋਸ਼, ਗਰਬ ਗੰਜਨੀ ਟੀਕਾ, ਬਾਲਮੀਕ ਰਾਮਾਇਣ, ਆਤਮ ਪੁਰਾਣ, ਗੁਰੂ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਕਵੀ ਦੀ ਸਰਬ-ਸ੍ਰੇਸ਼ਟ ਰਚਨਾ ਹੈ। ਇਹ 51829 ਬੰਦਾਂ ਦੀ ਵੱਡ-ਆਕਾਰੀ ਰਚਨਾ ਪੰਜਾਬ ਵਿਚ ਲਿਖਿਆ ਇਕ ਮਹਾਨ ਪ੍ਰਬੰਧ-ਕਾਵਿ ਹੈ। ਸ਼ਾਸਤ੍ਰੀ ਢੰਗ ਨਾਲ ਲਿਖੇ ਇਸ ਗ੍ਰੰਥ ਵਿਚ ਕੁਲ 20 ਅਧਿਆਇ ਹਨ ਜੋ ਅੱਗੋਂ 1151 ਅੰਸੂਆਂ ਵਿਚ ਵੰਡੇ ਹੋਏ ਹਨ। ਇਸ ਪ੍ਰਬੰਧ-ਕਾਵਿ ਨੂੰ 12 ਰਾਸ਼ੀਆਂ, ਛੇ ਰੁਤਾਂ ਅਤੇ 2 ਅਯਨਾ ਵਿਚ ਵੰਡਿਆ ਗਿਆ ਹੈ।[36] ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਰੁਤ ਪਹਿਲੀ ਅੰਸੂ 51, ਰੁਤ ਦੂਜੀ ਅੰਸੂ 50, ਰੁਤ ਤੀਜੀ ਅੰਸੂ 51, ਰੁਤ ਚੌਥੀ ਅੰਸੂ 51, ਰੁਤ ਪੰਜਵੀਂ ਅੰਸੂ 52, ਰੁਤ ਛੇਵੀਂ ਅੰਸੂ 58 ਅਤੇ ਗੁਰੂ ਸਾਹਿਬ ਦੇ ਚਾਰੇ ਸਾਹਿਬਜ਼ਾਦਿਆਂ ਬਾਰੇ ਐਨ ਪਹਿਲਾ ਅੰਸੂ 51, ਐਨ ਦੂਜਾ ਅੰਸੂ 36 ਵਿਚ ਦਿੱਤਾ ਗਿਆ ਹੈ। ਇਹ ਗ੍ਰੰਥ ਬ੍ਰਜ ਭਾਸ਼ਾ ਦਾ ਮਹਾਂਕਾਵਿ ਅਤੇ ਰੀਤੀ ਜੁਗ ਦਾ ਵਿਰਾਟ ਪ੍ਰਬੰਧ ਕਾਵਿ ਹੈ, ਇਸ ਵਿਚ ਗੁਰੂ ਕਥਾ, ਭਗਤੀ ਸੰਸਕ੍ਰਿਤੀ ਤੇ ਸਮਾਜ ਦਾ ਵਿਰਾਟ ਚਿਤ੍ਰ ਅੰਕਿਤ ਹੈ। ਇਸ ਵਿਚ ਕਾਵਿ ਦਰਸ਼ਨ ਅਤੇ ਧਰਮ ਦਰਸ਼ਨ ਦਾ ਇਕ ਅਨੋਖਾ ਮੇਲ ਹੈ। ਇਸ ਨੂੰ ਗੁਰ ਇਤਿਹਾਸ ਦਾ ਦਰਪਣ ਅਤੇ ਵਿਸ਼ਵ ਕੋਸ਼ ਮੰਨਿਆ ਜਾ ਸਕਦਾ ਹੈ।[37] ਡਾ. ਰੂਪਿੰਦਰ ਕੌਰ ਕਾਹਲੋਂ ਇਸ ਗ੍ਰੰਥ ਦੇ ਵੱਡ ਆਕਾਰੀ ਰਚਨਾ ਬਾਰੇ *ਮਹਾਕਵੀ ਸੰਤੋਖ ਸਿੰਘ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ* ਵਿਚ ਪ੍ਰੋ. ਪਿਆਰਾ ਸਿੰਘ ਪਦਮ ਦੇ ਹਵਾਲੇ ਨਾਲ ਲਿਖਦੇ ਹਨ ਕਿ ਸ਼ਾਹਨਾਮੇ ਦੇ 60 ਹਜ਼ਾਰ ਸ਼ੇਅਰ ਦੱਸੀਦੇ ਹਨ, ਪਰੰਤੂ ਭਾਈ ਸੰਤੋਖ ਸਿੰਘ ਜੀ ਦੀ ਰਚਨਾ ਵਿਚ ਸ਼ੇਅਰਾਂ ਦੀ ਥਾਂ 64 ਹਜ਼ਾਰ ਤੋਂ ਉੱਤੇ ਛੰਦ ਹਨ, ਜਿਸ ਦੀਆਂ ਢਾਈ ਲੱਖ ਦੇ ਲਗਪਗ ਸਤਰਾਂ ਹਨ। ਇਤਨੀ ਵੱਡੀ ਰਚਨਾ

---

36 ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਪਹਿਲੀ), ਭਾਸ਼ਾ ਵਿਭਾਗ, ਪੰਜਾਬ, ਪੰਨਾ 4.

37 ਸਮਸ਼ੇਰ ਸਿੰਘ, 'ਗੁਰ ਪ੍ਰਤਾਪ ਸੂਰਜ ਗ੍ਰੰਥ ਇੱਕ ਪ੍ਰੀਚੈ', ਨਾਨਕ ਪ੍ਰਕਾਸ਼ ਪਤ੍ਰਿਕਾ, ਵਿਸ਼ਵ ਧਰਮ ਗ੍ਰੰਥ, ਸ੍ਰੋਤ ਗ੍ਰੰਥ, ਵਿਸ਼ੇਸ਼ ਅੰਕ, ਪੰਨੇ 236-37.

ਸੰਸਕ੍ਰਿਤ, ਫ਼ਾਰਸੀ, ਅੰਗਰੇਜ਼ੀ ਤੇ ਹਿੰਦੀ ਆਦਿ ਵਿਚ ਹੋਰ ਕੋਈ ਨਹੀਂ ਮਿਲਦੀ। ਇਸ ਲਈ ਏਸ ਪੱਖੋਂ ਭਾਈ ਸਾਹਿਬ ਦੀ ਕਮਾਲੀ ਕਿਰਤ ਦੁਨੀਆਂ ਵਿਚ ਇਕ ਲਾਸਾਨੀ ਦਰਜਾ ਰੱਖਦੀ ਹੈ।[38] ਕਵੀ ਨੇ ਗੁਰ-ਇਤਿਹਾਸ ਦੀ ਇਧਰ-ਉਧਰ ਖਿੰਡੀ ਪਈ ਸਮਕਾਲੀਨ ਉਪਲਬਧ ਸਮੱਗਰੀ ਨੂੰ ਆਧਾਰ ਬਣਾ ਕੇ ਨੂੰ ਇਕ ਵਿਸਤ੍ਰਿਤ ਰੂਪ ਵਿਚ ਸਮੋਇਆ ਹੈ। ਇਸ ਗ੍ਰੰਥ ਦਾ ਵਿਸ਼ਾ-ਵਸਤੂ ਗੁਰੂ ਸਾਹਿਬਾਨ ਦੇ ਜੀਵਨ ਉਦੇਸ਼ ਅਤੇ ਨੈਤਿਕ ਆਦਰਸ਼ਾਂ ਦੀ ਵਿਆਖਿਆ ਕਰਨਾ ਹੈ। ਭਾਵੇਂ ਪੌਰਾਣਿਕ ਪ੍ਰਬਿਰਤੀ ਦੇ ਕਾਰਨ ਇਸ ਵਿਚ ਕੁਝ ਤੱਤ ਅਜਿਹੇ ਵੀ ਸ਼ਾਮਿਲ ਹਨ ਜੋ ਗੁਰਮਤਿ ਅਸੂਲਾਂ ਨਾਲ ਮੇਲ ਨਹੀਂ ਖਾਂਦੇ, ਫਿਰ ਵੀ ਇਹ ਗ੍ਰੰਥ ਸਿੱਖ ਇਤਿਹਾਸ ਵਿਚ ਪ੍ਰਮੱਖ ਸਿੱਖਾਂ ਤੇ ਸਿੱਖ ਪੰਥ ਦੀ ਸਮਕਾਲੀ ਸਥਿਤੀ ਬਾਰੇ ਬਹੁਮੁੱਲਾ ਗਿਆਨ ਕਰਵਾਉਂਦਾ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਦੇ ਪ੍ਰਮੁੱਖ ਸਿੱਖਾਂ ਦਾ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ:- ਉਦੇ ਸਿੰਘ, ਅਨੰਦ ਸਿੰਘ, ਅਮਰੀਕ ਸਿੰਘ, ਅਮੋਲਕ ਸਿੰਘ, ਅਮ੍ਰਿਤ ਸਿੰਘ, ਆਸਾ ਸਿੰਘ, ਆਲਮ ਸਿੰਘ, ਸੱਦੂ, ਸਮੀਰ, ਸ਼ੰਗੋਸ਼ਾਹ, ਸਾਹਿਬਚੰਦ, ਸਾਹਿਬ ਦੇਵਾ, ਸੈਣਾ, ਸੈਦਖਾਨ, ਸੈਦਾਬੇਗ, ਸੈਨਾਪਤਿ, ਸੰਗਤ ਸਿੰਘ, ਸੰਗਤੀਆ ਸਿੰਘ, ਸੰਤ ਸਿੰਘ, ਸੰਮਾ, ਸਯਾਮ ਸਿੰਘ, ਹਜਾਰਾ ਸਿੰਘ, ਹੇਤਾ, ਹੰਸਰਾਮ, ਕਨ੍ਹੈਯਾ, ਕਪੂਰਾ, ਕਲ੍ਹਾਰਾਇ, ਕਾਨ੍ਹ ਸਿੰਘ, ਕੇਸ਼ਵਦਾਸ, ਕੌੜਾਮੱਲ, ਕ੍ਰਿਪਾਚੰਦ, ਕ੍ਰਿਪਾਲਦਾਸ, ਖਾਨਖਾਨਾ, ਖਾਨਾ, ਗਨੀਖਾਂ, ਗਿਰਿਧਾਰੀ ਲਾਲ, ਗੁਰਦਾਸ ਮਸੰਦ, ਗੁਰਬਖਸ਼, ਗੁਰਬਖਸ਼ ਸਿੰਘ, ਗੁਰਬਖਸ਼ ਸਿੰਘ, ਗੁਲਜਾਰ ਸਿੰਘ, ਗੁਲਾਬ ਸਿੰਘ, ਗੁਲਾਬਰਾਇ, ਗੁਲਾਬਾ, ਗੋਦੜੀਆ, ਘਨ ਸਿੰਘ, ਘੁੰਘਣੀਆ ਸਿੰਘ, ਘੁੱਦਾ, ਘੁੰਮੀ ਸਿੰਘ, ਚਯੈ ਮਸੰਦ, ਚੜਤ ਸਿੰਘ, ਚੇਤੋ ਮਸੰਦ, ਚੌਪਾ ਸਿੰਘ, ਜਗਤ ਸੇਠ, ਜਗਤਾ, ਜੱਗਾ ਸਿੰਘ, ਜਵਾਹਰ ਸਿੰਘ, ਜਾਲਮ ਸਿੰਘ, ਜਿੰਦਪੀਰ, ਜੀਵਨ ਸਿੰਘ, ਜੁਗਰਾਜ, ਜੇਠਾ ਸਿੰਘ, ਜੋਗਾ ਸਿੰਘ, ਜੋਧ, ਝੂਲਨਾ ਸਿੰਘ, ਡੱਲਾ, ਤਖਤ ਮੱਲ, ਤਿਲੋਕ ਸਿੰਘ, ਦਯਾ ਸਿੰਘ, ਦਯਾ ਰਾਮ, ਦਯਾਲ ਸਿੰਘ, ਦਯਾਲ ਦਾਸ, ਦੁਨੀਚੰਦ, ਨੰਦਚੰਦ, ਨੰਦ ਲਾਲ, ਬਚਿੱਤ੍ਰ ਸਿੰਘ, ਰਾਮਕੁਇਰ, ਲਖਮੀਰ, ਆਦਿ।

## 2.10. ਸ੍ਰੀ ਗੁਰ ਪੰਥ ਪ੍ਰਕਾਸ਼ :-

ਗਿਆਨੀ ਗਿਆਨ ਸਿੰਘ ਦਾ *'ਸ੍ਰੀ ਗੁਰ ਪੰਥ ਪ੍ਰਕਾਸ਼'* ਗ੍ਰੰਥ ਖ਼ਾਲਸਾ ਪੰਥ ਦੇ ਇਤਿਹਾਸਕ ਵਿਰਸੇ ਨੂੰ

[38] ਰੂਪਿੰਦਰ ਕੌਰ ਕਾਹਲੋਂ, ਮਹਾਕਵੀ ਸੰਤੋਖ ਸਿੰਘ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ, ਪੰਨਾ 8.

ਉਜਾਗਰ ਕਰਨ ਵਾਲਾ ਮਹਾਨ ਕਾਵਿ-ਗ੍ਰੰਥ ਹੈ। ਇਸ ਗ੍ਰੰਥ ਵਿਚ ਪੁਰਾਤਨ ਅਤੇ ਪ੍ਰਮਾਣਿਕ ਲਿਖਤਾਂ ਦੇ ਅਧਿਐਨ ਦੇ ਆਧਾਰ 'ਤੇ ਨਵੀਨ ਢੰਗ ਨਾਲ ਖ਼ਾਲਸਾ ਪੰਥ ਦੇ ਇਤਿਹਾਸ ਨੂੰ ਪ੍ਰਸਤੁਤ ਕਰਨ ਦੀ ਪਹਿਲੀ ਸਫਲ ਕੋਸ਼ਿਸ਼ ਕੀਤੀ ਹੈ। ਸਭ ਤੋਂ ਪਹਿਲਾਂ ਸੰਨ 1880 ਈ. ਵਿਚ ਇਸ ਦਾ ਪ੍ਰਕਾਸ਼ਨ ਦਿੱਲੀ ਤੋਂ ਹੋਇਆ। ਉਸ ਸਮੇਂ ਇਸ ਵਿਚ ਕੁਲ 65 ਬਿਸਰਾਮ (ਅਧਿਆਇ) ਸਨ ਅਤੇ ਇਸ ਦੇ ਬ੍ਰਿਤਾਂਤ ਦਾ ਵਿਸਥਾਰ ਗੁਰੂ ਸਾਹਿਬਾਨ ਤੋਂ ਸਿੱਖ ਮਿਸਲਾਂ ਤੱਕ ਸੀ। ਅੱਗੇ ਇਸ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਦਲੀਪ ਸਿੰਘ ਦੇ ਦੇਹਾਂਤ ਤੱਕ ਦੇ ਸਿੱਖ ਇਤਿਹਾਸ ਉੱਤੇ ਝਾਤ ਪਾਈ ਗਈ ਹੈ। ਸਮਕਾਲੀ ਸਮਾਜਿਕ ਅਤੇ ਧਾਰਮਿਕ ਸਥਿਤੀ ਬਾਰੇ ਆਪਣੇ ਪ੍ਰਭਾਵ ਸਾਂਝੇ ਕੀਤੇ ਹਨ।[39]

ਇਹ ਗ੍ਰੰਥ ਦਸ ਅਧਿਆਇਆਂ ਵਿਚ ਵੰਡਿਆ ਹੋਇਆ ਹੈ। ਪਹਿਲੀ ਵਾਰ ਇਹ ਗ੍ਰੰਥ 1953 ਵਿਚ ਪ੍ਰਕਾਸ਼ਿਤ ਹੋਇਆ। ਡਾ. ਜਸਪਾਲ ਸਿੰਘ ਲਿਖਦੇ ਹਨ ਕਿ ਸਿੱਖ ਸਾਹਿਤ ਦੀ ਪ੍ਰੰਪਰਾ ਵਿਚ ਖ਼ਾਲਸੇ ਦੀ ਰਹਿਤ ਦਾ ਸਮੁੱਚਾ ਵਿਸਥਾਰ ਪੇਸ਼ ਕਰਨ ਵਾਲਾ ਇਹ ਅਦੁੱਤੀ ਗ੍ਰੰਥ ਹੈ।[40] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਨੁਸਾਰ ਪੰਥ ਪ੍ਰਕਾਸ਼ ਵਿਚ ਬਾਬਾ ਬੰਦਾ ਸਿੰਘ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜਕਾਲ ਤਕ ਸਿੱਖ ਪੰਥ ਦਾ ਵੇਰਵੇ ਸਹਿਤ ਇਤਿਹਾਸ ਗੁੰਥਨ ਕੀਤਾ ਹੈ। ਪੰਥ ਪ੍ਰਕਾਸ਼ ਵਿਚ ਕੇਵਲ ਪੰਥ ਦਾ ਇਤਿਹਾਸ ਹੈ, ਜੋ ਗ੍ਰੰਥ ਦੇ ਨਾਮ ਤੋਂ ਹੀ ਸਪੱਸ਼ਟ ਹੈ। ਗੁਰੂਆਂ ਦਾ ਇਤਿਹਾਸ ਕੇਵਲ ਲੜੀ ਜੋੜਨ ਵਾਸਤੇ ਸੰਖੇਪ ਸ਼ਬਦਾਂ ਵਿਚ ਵਰਣਨ ਕੀਤਾ ਹੈ।[41]

## 2.11. ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ :-

*'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼'* ਪੰਜਾਬੀ ਸਾਹਿਤ ਦੇ ਹਵਾਲਾ ਗ੍ਰੰਥਾਂ ਵਿਚੋਂ ਸਭ ਤੋਂ ਮਹੱਤਵਪੂਰਨ ਸ਼ਬਦ ਕੋਸ਼ ਹੈ। ਇਸ ਮਹਾਨ ਗ੍ਰੰਥ ਦੇ ਰਚੈਤਾ ਭਾਈ ਕਾਨ੍ਹ ਸਿੰਘ ਨਾਭਾ ਹਨ। ਇਸ ਦੇ ਰਚਨਾਕਾਲ ਬਾਰੇ ਗ੍ਰੰਥ

---

39 ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼ (ਭਾਗ ਤੀਜਾ), ਪੰਨੇ 1345-46.

40 ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ, ਪੰਨਾ 37.

41 ਬਲਵੰਤ ਸਿੰਘ ਕੋਠਾ ਗੁਰੂ, 'ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼', ਨਾਨਕ ਪ੍ਰਕਾਸ਼ ਪਤ੍ਰਿਕਾ, ਵਿਸ਼ਵ ਧਰਮ ਗ੍ਰੰਥ, ਸ੍ਰੋਤ ਗ੍ਰੰਥ ਵਿਸ਼ੇਸ਼ ਅੰਕ, ਪੰਨਾ 271.

ਦੀ ਭੂਮਿਕਾ ਵਿਚ ਲਿਖਿਆ ਹੈ- 'ਇਹ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ (Encyclopaedia of Sikh Literature)' ਸੰਨ 1912 ਈ. ਵਿਚ, ਲਿਖਣਾ ਅਰੰਭਿਆ ਗਿਆ ਸੀ। ਲਗਭਗ 14 ਵਰ੍ਹਿਆਂ ਦੀ ਕਠਿਨ ਘਾਲਣਾ ਨਾਲ ਇਹ ਮਹਾਨ ਗ੍ਰੰਥ ਸੰਨ 1926 ਈ. ਵਿੱਚ ਪੂਰਾ ਹੋਇਆ, ਤੇ ਸੰਨ 1930 ਈ. ਵਿੱਚ ਦਰਬਾਰ ਪਟਿਆਲਾ ਵਲੋਂ ਛਪ ਕੇ ਪ੍ਰਕਾਸ਼ਿਤ ਹੋਇਆ। ਇਸ ਦੀ ਛਪਾਈ ਉੱਤੇ ਪਟਿਆਲਾ ਸਰਕਾਰ ਦੇ ਲਗਪਗ ਇੱਕਵੰਜਾ ਹਜ਼ਾਰ ਰੁਪਏ ਖ਼ਰਚ ਆਏ। ਇਹ ਗ੍ਰੰਥ ਕੁੱਲ 3338 ਸਫ਼ਿਆਂ ਦੀਆਂ ਵੱਡੀਆਂ-ਵੱਡੀਆਂ ਚਾਰ ਜਿਲਦਾਂ ਵਿਚ ਛੱਪਿਆ।[42] ਇਸ ਵਿਚ ਸਿੱਖ ਧਰਮ ਦੇ ਸੰਕਲਪ, ਸ਼ਬਦਾਵਲੀ, ਸਿੱਖ ਇਤਿਹਾਸ ਨਾਲ ਸੰਬੰਧਿਤ ਨਾਵਾਂ-ਥਾਵਾਂ ਅਤੇ ਸਿੱਖ ਪਰੰਪਰਾ ਦੇ ਹਰ ਪਹਿਲੂ ਬਾਰੇ ਵਡਮੁੱਲੀ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਇਤਿਹਾਸ, ਮਿਥਿਹਾਸ, ਵਨਸਪਤੀ, ਸੰਗੀਤ-ਵਿਦਿਆ ਅਤੇ ਵੈਦਿਕ ਆਦਿ ਵਿਸ਼ਿਆਂ ਬਾਰੇ ਵੀ ਭਰਪੂਰ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ।

*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਦਸ ਗੁਰੂ ਸਾਹਿਬਾਨ ਦੇ ਪ੍ਰਮੁੱਖ ਸਿੱਖਾਂ ਦੇ ਜੀਵਨ-ਸਮਾਚਾਰ ਮਿਲਦੇ ਹਨ। ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸੌ ਤੋਂ ਵੱਧ ਸਮਕਾਲੀ ਪ੍ਰਮੁੱਖ ਸਿੱਖਾਂ ਦਾ ਜ਼ਿਕਰ ਮਿਲਦਾ ਹੈ। ਜਿਵੇਂ:- ਉਸਨਾਕ ਸਿੰਘ, ਉਦਯ ਸਿੰਘ, ਅਨੰਦ ਸਿੰਘ, ਅਮਰੀਕ ਸਿੰਘ, ਅਮੋਲਕ ਸਿੰਘ, ਅਮ੍ਰਿਤ ਸਿੰਘ, ਆਸਾ ਸਿੰਘ, ਆਨੰਦ ਸਿੰਘ, ਆਲਮ ਸਿੰਘ, ਸੱਦੂ, ਸ਼ਹਸੰਗ੍ਰਾਮਵਿ, ਸਾਹਿਬਚੰਦ, ਸ਼ੇਰ ਸਿੰਘ, ਸੈਣਾ, ਸੈਦਖਾਨ, ਸੈਦਾਬੇਗ, ਸੈਨਾਪਤਿ, ਸੰਗਤ ਸਿੰਘ, ਸੰਗਤੀਆ ਸਿੰਘ, ਸੰਤ ਸਿੰਘ, ਸੰਮਾ, ਸਯਾਮ ਸਿੰਘ, ਹਜਾਰਾ ਸਿੰਘ, ਹੇਤਾ, ਹੰਸਰਾਮ, ਕਨ੍ਹੈਯਾ, ਕਪੂਰਾ, ਕਲ੍ਯਾਰਾਇ, ਕਾਨ੍ਹ ਸਿੰਘ, ਕੌੜਾਮੱਲ, ਕ੍ਰਿਪਾਚੰਦ, ਕ੍ਰਿਪਾਲਦਾਸ, ਖਾਨਖਾਨਾ, ਖਾਨਾ, ਗਨੀਖਾਂ, ਗਿਰਿਧਾਰੀ ਲਾਲ, ਗੁਰਬਖਸ਼, ਗੁਰਬਖਸ਼ ਸਿੰਘ, ਗੁਰਬਖਸ਼ ਸਿੰਘ, ਗੁਲਜਾਰ ਸਿੰਘ, ਗੁਲਾਬ ਸਿੰਘ, ਗੁਲਾਬਰਾਇ, ਗੁਲਾਬਾ, ਗੋਦੜੀਆ, ਘਨ ਸਿੰਘ, ਘੁੰਘਣੀਆ ਸਿੰਘ, ਘੁੱਦਾ, ਘੁੰਮੀ ਸਿੰਘ, ਚੜਤ ਸਿੰਘ, ਚੌਪਾ ਸਿੰਘ, ਜਗਤ ਸੇਠ, ਜਗਤਾ, ਜੱਗਾ ਸਿੰਘ, ਜਵਾਹਰ ਸਿੰਘ, ਜਾਲਮ ਸਿੰਘ, ਜਿੰਦਪੀਰ, ਜੀਵਨ ਸਿੰਘ, ਜੇਠਾ ਸਿੰਘ, ਜੋਗਾ ਸਿੰਘ, ਜੋਧ, ਝੂਲਨਾ ਸਿੰਘ, ਡੱਲਾ, ਤਖਤ ਮੱਲ, ਤਿਲੋਕ ਸਿੰਘ, ਦਯਾ ਸਿੰਘ, ਦਯਾ ਰਾਮ, ਦਯਾਲ

[42] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ ਖ।

ਸਿੰਘ, ਦਯਾਲ ਦਾਸ, ਦਰਸੋ, ਦਰਬਾਰਾ ਸਿੰਘ, ਦਲਪਤਿ, ਦਾਨ ਸਿੰਘ, ਦੁਨੀਚੰਦ, ਦੌਲਾਸ਼ਾਹ, ਧੰਨਾ ਸਿੰਘ, ਧਯਾਨ ਸਿੰਘ, ਨਾਹਰ ਸਿੰਘ, ਨਿਹਾਲਾ, ਨੈਨਿਧ, ਨੌਰੰਗ ਸਿੰਘ, ਨੰਦਚੰਦ, ਨੰਦਲਾਲ, ਪਹਿਲ ਸਿੰਘ, ਪਰਸਰਾਮ, ਫੇਰੂ, ਬਖਸੀਸ ਸਿੰਘ, ਬਖਤਮੱਲ, ਬਰਨ ਸਿੰਘ, ਬਾਜ ਸਿੰਘ, ਬਿਸੰਭਰਦਾਸ, ਬਿਨੋਧ ਸਿੰਘ, ਬੁੱਧੂਸ਼ਾਹ, ਬੂਲੇਸ਼ਾਹ, ਬੇਗ ਸਿੰਘ, ਭਗਤਾ, ਭਾਗਣ, ਭਾਗੋ ਮਾਈ, ਭੰਡਾਰਾ ਸਿੰਘ, ਮਦਨ ਸਿੰਘ, ਮਦਨਦਾਸ, ਮਦਨਨਾਥ, ਮਨੀ ਸਿੰਘ ਭਾਈ, ਮਨੀਰਾਮ, ਮਲਿਆਗਰ ਸਿੰਘ, ਮਾਨ ਸਿੰਘ, ਮਾਲੀ, ਮੀਹਾਂ ਸਾਹਿਬ, ਮੇਦਿਨੀ ਪ੍ਰਕਾਸ਼, ਮੇਮੂਖ਼ਾਨ, ਮੰਗਲ, ਰਤਨਰਾਇ, ਰਾਉ, ਰਾਮ ਸਿੰਘ, ਰਾਮਦੱਤ, ਲੱਖਾ ਸਿੰਘ, ਲਾਹੌਰਾ ਸਿੰਘ, ਲਾਲ ਸਿੰਘ, ਲਾਲ ਚੰਦ, ਵਿਚਿਤ੍ਰ ਸਿੰਘ।

ਸਿੱਖ ਇਤਿਹਾਸਕ ਸ੍ਰੋਤ ਗ੍ਰੰਥਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਗਰਾਮ ਨਾਲ ਸੰਬੰਧਿਤ ਹੁਣ ਤੱਕ ਜਿੰਨੇ ਵੀ ਸ੍ਰੋਤ ਮਿਲਦੇ ਹਨ, ਉਨ੍ਹਾਂ ਵਿਚ ਗੁਰੂ ਸਾਹਿਬ ਦੇ ਪ੍ਰਮੁੱਖ ਸਿੱਖਾਂ ਬਾਰੇ ਅਲੱਗ-ਅਲੱਗ ਜਾਣਕਾਰੀ ਮਿਲਦੀ ਹੈ ਤੇ ਕੁਝ-ਕੁ ਸਿੱਖਾਂ ਦੇ ਨਾਂ ਸੰਕੇਤ ਮਾਤਰ ਹੀ ਦਿੱਤੇ ਗਏ ਹਨ। ਜਿਨ੍ਹਾਂ ਬਾਰੇ ਜਾਣਕਾਰੀ ਇਕੱਠੀ ਕਰਨਾ ਕਠਿਨ ਕਾਰਜ ਹੋ ਜਾਂਦਾ ਹੈ। ਕੁਝ ਸ਼ਰਧਾਲੂ ਸਿੱਖਾਂ ਨੇ ਗੁਰੂ ਸਾਹਿਬ ਦੇ ਬਚਨਾਂ ਨੂੰ ਅਮਲੀ ਜੀਵਨ ਵਿਚ ਜਿਉਂਦਿਆਂ ਪ੍ਰਚਾਰਿਆ, ਜਿਨ੍ਹਾਂ ਕਰਕੇ ਸਿੱਖੀ ਵਿਚ ਵਾਧਾ ਵੀ ਹੋਇਆ, ਪਰ ਉਹ ਪਾਠਕਾਂ ਤੱਕ ਨਹੀਂ ਪਹੁੰਚ ਸਕੇ। ਸਾਡਾ ਮਨੋਰਥ ਗੁਰੂ ਸਾਹਿਬਾਨ ਦੇ ਉਨ੍ਹਾਂ ਸਾਰੇ ਸਮਕਾਲੀ ਸਿੱਖਾਂ ਨੂੰ ਸਾਹਮਣੇ ਲਿਆਉਣਾ ਹੈ, ਜਿਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਸਿੱਧੇ ਜਾਂ ਅਸਿੱਧੇ ਤੌਰ ’ਤੇ ਵਿਸ਼ੇਸ਼ ਭੂਮਿਕਾ ਨਿਭਾਈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਬਹੁਤ ਮਾਣ ਬਖਸ਼ਿਆ। ਗੁਰੂ ਸਾਹਿਬ ਨੇ ਤਾਂ ਖ਼ਾਲਸੇ ਨੂੰ ਆਪਣਾ ਖਾਸ ਰੂਪ ਬਿਆਨਦਿਆਂ ਇਥੋਂ ਤੱਕ ਕਿਹਾ ਕਿ ਇਨ੍ਹਾਂ ਦੀ ਕਿਰਪਾ ਨਾਲ ਮੈਂ ਸਾਰੇ ਯੁੱਧ ਜਿੱਤੇ, ਇਨ੍ਹਾਂ ਦੀ ਕਿਰਪਾ ਨਾਲ ਮੈਂ ਪਾਤਸ਼ਾਹ ਸਾਜਿਆ ਗਿਆ ਨਹੀਂ ਤਾਂ ਮੇਰੇ ਵਰਗੇ ਕਰੋੜਾਂ ਮਨੁੱਖ ਫਿਰਦੇ ਹਨ –

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ।...

...ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।[43]

---

[43] ਸ਼ਬਦਾਰਥ ਦਸਮ ਗ੍ਰੰਥ (ਪੋਥੀ ਤੀਜੀ), ਪੰਨਾ 1223.

ਉਪਰੋਕਤ ਸਮੁੱਚੇ ਵਿਵਰਣ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੇ ਖੇਤਰ ਵਿਚ ਸ੍ਰੋਤ ਗ੍ਰੰਥਾਂ ਦੀ ਬਹੁਤ ਮਹਾਨਤਾ ਹੈ। ਇਸ ਅਧਿਆਇ ਵਿਚ ਸਿੱਖ ਇਤਿਹਾਸਕ ਸ੍ਰੋਤ ਗ੍ਰੰਥਾਂ ਦੀ ਸੰਖੇਪ ਜਾਣਕਾਰੀ ਦੇ ਨਾਲ-ਨਾਲ ਉਨ੍ਹਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਮੁੱਖ ਸਿੱਖਾਂ ਬਾਰੇ ਮਿਲਦੇ ਨਾਵਾਂ ਦੇ ਇੰਦਰਾਜ ਦਿੱਤੇ ਗਏ ਹਨ। ਖੋਜ-ਪ੍ਰਬੰਧ ਵਿਚ ਲੋੜੀਂਦੀ ਜਾਣਕਾਰੀ ਨੂੰ ਵਿਸਥਾਰ ਸਹਿਤ ਵਰਣਿਤ ਕਰਨ ਲਈ, ਇਨ੍ਹਾਂ ਉਪਰੋਕਤ ਸਿੱਖ ਸ੍ਰੋਤ ਗ੍ਰੰਥਾਂ ਦੀ ਸਮੱਗਰੀ ਨੂੰ ਵਰਤ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਦੇ ਜੀਵਨ-ਸਮਾਚਾਰ, ਕਾਰਜ ਅਤੇ ਉਨ੍ਹਾਂ ਦੁਆਰਾ ਸਮਾਜ ਵਿਚ ਪਾਇਆ ਯੋਗਦਾਨ ਅਗਲੇਰੇ ਅਧਿਆਇਆਂ ਵਿਚ ਵਰਣਨ ਕਰਨ ਦਾ ਜਤਨ ਕੀਤਾ ਗਿਆ ਹੈ।

# ਅਧਿਆਇ ਦੂਜਾ

# ਸਿੱਖ ਪੰਥ ਦਾ ਪ੍ਰਚਾਰ ਤੇ ਪ੍ਰਸਾਰ : ਗੁਰੂ ਸਾਹਿਬਾਨ ਕਾਲ

## 1.1. ਗੁਰੂ ਨਾਨਕ ਕਾਲ :-

ਸਿੱਖ ਧਰਮ, ਗੁਰੂ ਨਾਨਕ ਸਾਹਿਬ (1469-1539 ਈ.) ਦੇ ਪੈਗ਼ੰਬਰੀ ਅਨੁਭਵਾਂ ਵਿਚੋਂ ਦੈਵੀ-ਉਦੇਸ਼ ਦੀ ਪੂਰਤੀ ਤੇ ਸਰਬ ਲੋਕਾਈ ਦੇ ਕਲਿਆਣ ਹਿਤ ਸਥਾਪਿਤ ਹੋਇਆ। ਜਿਸ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ, ਉਹ ਧਰਮ ਕੁਝ ਵਿਅਕਤੀਆਂ ਦੀ ਮੁਕਤੀ ਨਾਲ ਹੀ ਸੰਤੁਸ਼ਟ ਨਹੀਂ ਰਹਿ ਸਕਦਾ। ਇਸ ਧਰਮ ਵਿਚ ਕਿਤੇ ਵਡੇਰੀ ਸਮਰਥਾ ਸੀ। ਇਸ ਨੇ ਆਪਣੇ ਆਪ ਨੂੰ ਇਕ ਸੰਸਾਰ-ਸ਼ਕਤੀ ਵਜੋਂ ਜੱਥੇਬੰਦ ਕਰਨਾ ਸੀ ਅਤੇ ਮਨੁੱਖਤਾ ਦੀ ਉੱਨਤੀ ਲਈ ਇਕ ਜੀਉਂਦਾ ਅਤੇ ਸ਼ਕਤੀਸ਼ਾਲੀ ਸਮਾਜ ਉਸਾਰਨਾ ਸੀ। ਗੁਰੂ ਨਾਨਕ ਦੇਵ ਜੀ ਨਾ ਕੇਵਲ ਸੁਧਾਰਕ ਹੀ ਸਨ ਸਗੋਂ ਇਕ ਨਵੇਂ ਧਰਮ ਦੇ ਬਾਨੀ ਸਨ।[1] ਉਨ੍ਹਾਂ ਨੇ ਦੈਵੀ ਉਦੇਸ਼ ਅਨੁਸਾਰ ਰੱਬੀ ਏਕਤਾ ਤੇ ਮਨੁੱਖੀ ਭਾਈਚਾਰੇ ਦਾ ਸੰਦੇਸ਼ ਪ੍ਰਚਾਰਨ ਲਈ ਭਾਰਤ ਤੇ ਵਿਦੇਸ਼ਾਂ ਦੇ ਵਿਭਿੰਨ ਧਾਰਮਿਕ ਕੇਂਦਰਾਂ ਦਾ ਭ੍ਰਮਣ ਕੀਤਾ। ਪਰ ਉਨ੍ਹਾਂ ਨੇ ਸਿੱਖ ਧਰਮ ਦੀ ਬਾਕਾਇਦਾ ਸੰਸਥਾਗਤ ਬੁਨਿਆਦ ਪੰਜਾਬ ਵਿਚ ਕਰਤਾਰਪੁਰ (ਹੁਣ ਪਾਕਿਸਤਾਨ) ਕੇਂਦਰ ਸਥਾਪਿਤ ਕਰ ਕੇ ਕੀਤੀ। ਗੁਰੂ ਸਾਹਿਬ ਨੇ ਗ੍ਰਿਹਸਤ, ਮਾਇਆ ਤੇ ਸਮਾਜਿਕ ਰਿਸ਼ਤਿਆਂ ਦੇ ਪਾਸਾਰ ਵਿਚ ਰਹਿ ਕੇ ਆਪਣੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਨੂੰ ਹਰਿ-ਜੋਤਿ ਨਾਲ ਜੋੜੀ ਰੱਖਿਆ। ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਗੁਰੂ ਨਾਨਕ ਦੁਆਰਾ ਪ੍ਰਤਿਪਾਦਿਤ ਕੀਤੇ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਦਿਆਂ ਸਿੱਖ ਧਰਮ ਦੇ ਵਿਕਾਸ ਲਈ ਨਵੀਆਂ ਸੰਸਥਾਵਾਂ ਸਥਾਪਿਤ ਕੀਤੀਆਂ। 1469 ਈ. ਤੋਂ ਲੈ ਕੇ 1708 ਈ. ਤੱਕ, ਗੁਰੂ-ਜੋਤਿ ਨੇ ਦਸ ਜਾਮਿਆਂ ਵਿਚ ਜੀਵਨ ਜੀਵਿਆ। ਹਰ ਗੁਰੂ ਉਤਰਾਧਿਕਾਰੀ ਗੁਰੂ ਨਾਨਕ ਸਾਹਿਬ ਦੇ ਰੂਪ ਉੱਤੇ ਹੀ ਕੇਂਦਰਿਤ ਰਿਹਾ ਹੈ। ਆਚਾਰ-ਵਿਹਾਰ ਵਿਚ ਸਾਰੀ ਗੁਰੂ-ਪਰੰਪਰਾ ਲਗਾਤਾਰ 239 ਸਾਲ ਇਕਸਾਰ ਇਕਾਗਰ ਰਹੀ ਹੈ। ਗੁਰੂ ਨਾਨਕ ਦੇ ਦਰ-ਘਰ ਦਾ ਸਾਰਾ ਦਰਸ਼ਨ ਤੇ ਪ੍ਰਦਰਸ਼ਨ ਸੱਚ, ਪ੍ਰੇਮ,

---

[1] ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1765), ਪੰਨੇ 16-17.

ਅਣਖ ਤੇ ਆਜ਼ਾਦੀ ਉੱਤੇ ਕੇਂਦਰਿਤ ਰਿਹਾ। ਸੇਵਾ, ਸਿਮਰਨ, ਸਹਿਜ, ਸਦਭਾਵਨਾ, ਸਰਬੱਤ ਦਾ ਭਲਾ ਅਤੇ ਜ਼ੁਲਮ ਵਿਰੁਧ ਸੂਰਮਤਾਈ ਦਾ ਪ੍ਰਗਟਾਵਾ ਇਹ ਗੁਰੂ-ਦਰ-ਘਰ ਦਾ ਗੌਰਵਸ਼ੀਲ ਸਦਾਚਾਰ ਹੈ। ਗੁਰੂ ਨਾਨਕ ਦੇਵ ਦੇ ਸਮੁੱਚੇ ਜੀਵਨ ਵਿਚ 'ਸੋਧਣ' ਦੀ ਸਮਰੱਥਾ ਤੇ ਦਲੇਰੀ ਹੈ। ਗੁਰੂ ਸਾਹਿਬ ਨੇ ਕੌਡੇ ਰਾਖਸ਼, ਸੱਜਣ ਠੱਗ ਅਤੇ ਵਲੀ ਕੰਧਾਰੀ ਜਿਹੇ ਦੋਸ਼ੀਆਂ ਨੂੰ ਸਿੱਧੇ ਰਸਤੇ ਪਾ ਕੇ ਆਦਰਸ਼ ਜੀਵਨ ਜੀਉਣ ਦੀ ਸੋਝੀ ਬਖ਼ਸ਼ੀ। ਗੁਰੂ ਨਾਨਕ ਦੇਵ ਦਾ ਸਾਰਾ ਜੀਵਨ ਸਰਬ ਸਾਂਝੀਵਾਲਤਾ ਦੇ ਸਿਧਾਂਤਾਂ ਨੂੰ ਸਮਰਪਿਤ ਸੀ। ਦੰਪਤੀ ਜੀਵਨ ਦੇ ਰਿਸ਼ਤਿਆਂ ਨੂੰ ਉਨ੍ਹਾਂ ਨੇ ਭਰਪੂਰ ਪਿਆਰ ਨਾਲ ਪਾਲਿਆ। ਚਾਰ ਉਦਾਸੀਆਂ ਉਪਰੰਤ ਗੁਰੂ ਸਾਹਿਬ ਲਗਾਤਾਰ ਕਰਤਾਰਪੁਰ ਟਿਕੇ ਰਹੇ। ਭਾਈ ਗੁਰਦਾਸ ਨੇ ਪਹਿਲੀ ਵਾਰ ਦੀ ਅਠੱਤਵੀਂ ਪਉੜੀ ਵਿਚ ਜ਼ਿਕਰ ਕੀਤਾ ਹੈ - "ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖ ਉਦਾਸੀ ਸਗਲ ਉਤਾਰਾ॥" ਭਾਵ ਗੁਰੂ ਸਾਹਿਬ ਨੇ ਉਦਾਸੀਆਂ ਸਮੇਂ ਪਹਿਨਿਆ ਸਾਧੂਆਂ ਵਾਲਾ ਲਿਬਾਸ ਉਤਾਰ ਦਿੱਤਾ। ਇਹ ਵੀ ਇਕ ਭਰਮ-ਤੋੜੂ ਤੇ ਇਨਕਲਾਬੀ ਕੰਮ ਸੀ। ਉਸ ਸਮੇਂ ਦੇ ਖਿਆਲਾਂ ਤੇ ਰਿਵਾਜ਼ ਮੁਜਬ ਜਿਹੜਾ ਬੰਦਾ ਇਕ ਵਾਰ ਘਰ-ਬਾਰ ਛੱਡ ਕੇ ਸਾਧੂ ਬਾਣਾ ਅਖਤਿਆਰ ਕਰ ਲੈਂਦਾ ਸੀ, ਫਿਰ ਉਹ ਗ੍ਰਿਹਸਤ ਲਿਬਾਸ ਦੁਬਾਰਾ ਨਹੀਂ ਪਹਿਨ ਸਕਦਾ ਸੀ। ਗੁਰੂ ਸਾਹਿਬ ਨੇ ਇਸ ਪਰੰਪਰਾਵਾਦੀ ਭਰਮ ਨੂੰ ਤੋੜਦਿਆਂ ਸਮਝਾਇਆ ਕਿ ਸੱਚ ਦੇ ਅਸੂਲਾਂ ਦੀ ਪਾਲਣਾ ਕਰਨ ਵਾਲਾ ਬੰਦਾ ਭਾਵੇਂ ਕੋਈ ਵੀ ਪਹਿਰਾਵਾ ਜਾਂ ਲਿਬਾਸ ਪਹਿਨ ਲਵੇ, ਉਹ ਧਰਮੀ ਹੀ ਰਹਿੰਦਾ ਹੈ। ਮਿ. ਕਨਿੰਘਮ *ਸਿੱਖ ਇਤਿਹਾਸ* ਵਿਚ ਲਿਖਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਨੇ ਆਪਣੇ ਸਿੱਖਾਂ ਨੂੰ ਉਹਨਾਂ ਭੁੱਲਾਂ ਤੋਂ ਬਚਾ ਲਿਆ ਜਿਹੜੀਆਂ ਕਿ ਹਿੰਦੁਸਤਾਨ ਦੇ ਲੋਕ ਸਦੀਆਂ ਤੋਂ ਕਰਦੇ ਆ ਰਹੇ ਸਨ। ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਭਗਤੀ ਤੇ ਨੇਕ ਚਲਣੀ ਦੀ ਸਿੱਖਿਆ ਦਿੱਤੀ। ਆਪ ਆਪਣੇ ਪਿਛਲੱਗਾਂ ਨੂੰ ਸਿਧੇ ਸਾਧੇ ਆਜ਼ਾਦ, ਬੇਤਅਸਬ ਅਤੇ ਰੀਤਾਂ ਰਸਮਾਂ ਦੇ ਸੰਗਲਾਂ ਤੋਂ ਆਜ਼ਾਦ ਸੱਚੇ ਸ਼ਰਧਾਲੂਆਂ ਦੀ ਜਮਾਤ ਬਣਾ ਗਏ।[2] ਗੁਰੂ ਨਾਨਕ ਦੇਵ ਨੇ ਦੇਸ਼ਾਂ-ਵਿਦੇਸ਼ਾਂ ਦੀਆਂ ਉਦਾਸੀਆਂ (ਯਾਤਰਾਵਾਂ) ਕੀਤੀਆਂ। ਇਨ੍ਹਾਂ ਉਦਾਸੀਆਂ ਦੇ ਅੰਤਰਗਤ ਬਹੁਤ ਸਾਰੇ ਲੋਕਾਂ ਨੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਪ੍ਰਭਾਵ ਨੂੰ ਕਬੂਲਦਿਆਂ ਸਿੱਖ ਮਤ ਧਾਰਨ ਕੀਤਾ। ਗੁਰੂ ਸਾਹਿਬ ਦੇ ਉਪਦੇਸ਼ਾਂ ਨਾਲ ਵੱਖ-ਵੱਖ

---

[2] ਜੋਜ਼ਫ ਡੈਵਿਡ ਕਨਿੰਘਮ, ਸਿੱਖ ਇਤਿਹਾਸ, ਅਨੁ. ਗੁਰਮੁਖ ਸਿੰਘ ਗੁਰਮੁਖ, ਪੰਨਾ 55.

ਖੇਤਰਾਂ ਦੇ ਬਹੁਤ ਸਾਰੇ ਗ਼ੈਰ-ਧਰਮੀ ਲੋਕ ਵੀ ਸਿੱਖ ਬਣੇ ਜਿਵੇਂ :– ਸਿਆਲਕੋਟ ਦਾ ਭਾਈ ਮੂਲਾ, ਮੀਆਂ ਮਿੱਠਾ, ਪੱਛਮ ਵਿਚ ਸ਼ੇਖ ਬ੍ਰਹਮ, ਰਾਜਾ ਸ਼ਿਵਨਾਭ, ਪੀਰ ਮਖ਼ਦੂਨ ਬਹਾਉਦੀਨ ਆਦਿ। ਅਜਿਹੇ ਵਿਅਕਤੀਆਂ ਦੇ ਸਿੱਖ ਬਣਨ ਨਾਲ ਸਿੱਖ ਪੰਥ ਦੇ ਪ੍ਰਸਾਰ ਵਿਚ ਵਾਧਾ ਹੋਇਆ। ਗੁਰੂ ਨਾਨਕ ਦੇਵ ਨੇ ਕੁਲ-ਕ੍ਰਿਤ, ਜਨਮ-ਜਾਤਿ, ਰੂਪ-ਰੰਗ, ਵਰਣ-ਧਰਮ ਦੇ ਵੰਡ-ਵਿਤਕਰਿਆਂ ਨੂੰ ਬਿਲਕੁਲ ਸਵੀਕਾਰ ਨਾ ਕੀਤਾ। ਖ਼ੂਨੀ ਰਿਸ਼ਤਿਆਂ ਦੇ ਪਾਸਾਰ ਵਿਚ ਜਿਹੜਾ ਪਰੰਪਰਾਗਤ ਹੱਕ ਜਾਂ ਅਧਿਕਾਰ ਦਾ ਸਿਧਾਂਤ ਸੀ, ਗੁਰੂ ਨਾਨਕ ਦੇਵ ਨੇ ਉਸ ਹੱਕ ਜਾਂ ਅਧਿਕਾਰ ਨੂੰ ਰੱਦਿਆ ਹੀ ਨਹੀਂ, ਸਗੋਂ ਸੱਚ, ਹੁਕਮ, ਨਾਮ, ਗੁਣ ਤੇ ਸਾਂਝੀਵਾਲਤਾ ਦੀ ਦ੍ਰਿਸ਼ਟੀ ਨੂੰ ਵੇਖ ਕੇ 'ਪੁੱਤਰਾਂ' ਦੀ ਥਾਂ 'ਯੋਗਤਾ' ਨੂੰ ਪਹਿਲ ਦੇ ਕੇ 'ਗੁਰਿਆਈ' ਆਪਣੇ ਸਚਿਆਰ ਸਿੱਖ ਭਾਈ ਲਹਿਣੇ (ਗੁਰੂ ਅੰਗਦ ਦੇਵ) ਨੂੰ ਸੌਂਪ ਕੇ ਨਵਾਂ ਰਾਹ ਅਖਤਿਆਰ ਕੀਤਾ।

ਸਿੱਖ ਧਰਮ ਦੇ ਗੁਰੂ ਉਤਰਾਧਿਕਾਰੀਆਂ ਨੇ ਗੁਰੂ ਨਾਨਕ ਦੇਵ ਦੇ ਪ੍ਰਤਿਪਾਦਿਤ ਕੀਤੇ ਸਿਧਾਂਤਾਂ 'ਤੇ ਚਲਦਿਆਂ ਇਸ ਦਾ ਪ੍ਰਚਾਰ ਕਰਨ ਤੋਂ ਇਲਾਵਾ ਸਿੱਖ ਧਰਮ ਦੇ ਵਿਕਾਸ ਲਈ ਨਵੀਆਂ ਸੰਸਥਾਵਾਂ ਤੇ ਕੇਂਦਰ ਵੀ ਕਾਇਮ ਕੀਤੇ। ਫਲਸਰੂਪ ਸਿੱਖ ਧਰਮ ਵਿਚ ਲੋਕਾਂ ਦੀ ਰੁਚੀ ਵਧਦੀ ਗਈ ਤੇ ਸਿੱਖ ਗੁਰੂਆਂ ਦੀ ਪ੍ਰੇਰਨਾ ਨਾਲ ਸਿੱਖ ਧਰਮ ਗ੍ਰਹਿਣ ਕਰਨ ਵਾਲਿਆਂ ਦੀ ਸੰਖਿਆ ਵਿਚ ਵੀ ਵਾਧਾ ਹੋਇਆ। ਸਿੱਖਾਂ ਦੇ ਵਿਭਿੰਨ ਥਾਵਾਂ ਉੱਪਰ ਵਸੇ ਹੋਣ ਕਰਕੇ ਗੁਰੂ ਸਾਹਿਬਾਨ ਦਾ ਸਭਨਾਂ ਸਿੱਖ ਸੰਗਤਾਂ ਪਾਸ ਵਿਅਕਤੀਗਤ ਰੂਪ ਵਿਚ ਜਾਣਾ ਸੰਭਵ ਨਹੀਂ ਸੀ। ਇਸ ਲਈ ਗੁਰੂ ਸਾਹਿਬ ਨੇ ਮੰਜੀ ਸੰਸਥਾ ਦੇ ਪ੍ਰਬੰਧ ਤੇ ਕਾਰ-ਵਿਹਾਰ ਦੀ ਜ਼ਿੰਮੇਵਾਰੀ ਲਈ ਯੋਗ, ਸ਼ਰਧਾਵਾਨ, ਵਫ਼ਾਦਾਰ ਤੇ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਦੀ ਸਹੀ ਜਾਣਕਾਰੀ ਰੱਖਣ ਵਾਲੇ ਸਿੱਖਾਂ ਨੂੰ ਨਿਯੁਕਤ ਕੀਤਾ।[3]

## 1.2. ਗੁਰੂ ਅੰਗਦ ਕਾਲ :-

ਗੁਰੂ ਅੰਗਦ ਦੇਵ (1504-1552 ਈ.) ਜੀ ਨੇ ਸਿੱਖ ਲਹਿਰ ਦੀ ਉੱਨਤੀ ਵਿਚ ਜੋ ਹਿੱਸਾ ਪਾਇਆ। ਉਹ, ਇਹ ਸੀ ਕਿ ਉਨ੍ਹਾਂ ਨੇ ਗੁਰੂ ਨਾਨਕ ਦੇਵ ਦੇ ਦਰਸਾਏ ਆਦਰਸ਼ਾਂ ਨੂੰ ਨਿਸ਼ਚਿਤਤਾ ਅਤੇ ਵਿਸ਼ੇਸ਼ਤਾ ਪ੍ਰਦਾਨ ਕੀਤੀ। ਗੁਰੂ ਸਾਹਿਬ ਦੀ ਬਾਣੀ ਇਕੱਠੀ ਕਰਕੇ ਗੁਰਮੁਖੀ ਲਿਪੀ ਵਿਚ ਲਿਖਵਾਈ। ਇਸ ਨਾਲ ਸਿੱਖ ਧਰਮ ਦੇ

---

3 ਬਲਵੰਤ ਸਿੰਘ ਢਿੱਲੋਂ, ਪ੍ਰਮੁਖ ਸਿਖ ਤੇ ਸਿੱਖ ਪੰਥ (ਗੁਰੂ ਹਰਿਗੋਬਿੰਦ ਸਾਹਿਬ ਕਾਲ), ਪੰਨੇ 89-90.

ਧਰਮ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦਾ ਮੁੱਢ ਬੱਝਣਾ ਸ਼ੁਰੂ ਹੋ ਗਿਆ।[4] ਮਿਸਟਰ ਕਨਿੰਘਮ ਲਿਖਦਾ ਹੈ ਕਿ ਗੁਰੂ ਅੰਗਦ ਦੇਵ ਨੇ ਮਹੱਤਵਪੂਰਨ ਕੰਮ ਇਹ ਕੀਤਾ ਕਿ ਗੁਰੂ ਨਾਨਕ ਜੀ ਦੀ ਸਾਖੀ ਭਾਈ ਬਾਲਾ ਸੰਧੂ ਜੱਟ ਤੋਂ ਸੁਣ ਕੇ ਆਪਣੇ ਅੱਖੀਂ ਡਿਠੇ ਹਾਲ ਪਹਿਲੀ ਪਾਤਸ਼ਾਹੀ ਦੇ ਜੀਵਨ ਸਮਾਚਾਰ ਤੇ ਬਾਣੀ ਲਿਖਤ ਵਿਚ ਲਿਆਂਦੀ। ਇਹ ਬਾਣੀ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਗਈ। ਗੁਰੂ ਅੰਗਦ ਜੀ ਨੇ ਗੁਰੂ ਨਾਨਕ ਦੇ ਅਸੂਲਾਂ ਦਾ ਪ੍ਰਚਾਰ ਕੀਤਾ।[5] *ਹਕੀਕਤ-ਏ-ਸਿੱਖਾਂ* ਅਨੁਸਾਰ ਗੁਰੂ ਨਾਨਕ ਦੇ ਚਲਾਣੇ ਮਗਰੋਂ ਅੰਗਤ (ਗੁਰੂ ਅੰਗਦ) ਨਾਮੀ ਇੱਕ ਦਰਵੇਸ਼ ਨੇ ਉਸ ਦਾ ਉਤਰਾਧਿਕਾਰੀ ਬਣ ਕੇ ਉਸ ਦਾ ਤੌਰ ਤਰੀਕਾ ਇਖ਼ਤਿਆਰ ਕੀਤਾ। ਗੁਰੂ ਨਾਨਕ ਦੇ ਧਰਮ ਵਿਚ ਨਿਮਰਤਾ ਨੂੰ ਸਾਰੀਆਂ ਇਬਾਦਤਾਂ ਨਾਲੋਂ ਪਹਿਲ ਦਿੱਤੀ ਜਾਂਦੀ ਹੈ ਅਤੇ ਸਾਰੇ ਸੰਸਾਰ ਨੂੰ ਰੱਬੀ ਪ੍ਰਗਟਾਵਾ ਜਾਣਨਾ ਤੇ ਕਿਸੇ ਨੂੰ ਗ਼ੈਰ ਨਾ ਸਮਝਣਾ ਆਪਣੇ ਕਾਰ-ਵਿਹਾਰ ਦੀ ਬੁਨਿਆਦ ਜਾਣਦੇ ਹਨ।[6] (ਗੁਰੂ) ਅੰਗਦ ਦੇਵ ਨੇ ਗੁਰੂ ਨਿਯੁਕਤ ਹੋਣ ਤੋਂ ਬਾਅਦ ਮਾਤਾ ਖੀਵੀ (ਗੁਰੂ ਅੰਗਦ ਦੇਵ ਜੀ ਦੇ ਮਹਿਲ) ਨੂੰ ਲੰਗਰ ਦੀ ਸੇਵਾ ਸੌਂਪਦਿਆਂ ਇਸਤਰੀ ਨੂੰ ਸਮਾਜ ਵਿਚ ਬਣਦਾ ਸਥਾਨ ਦੇ ਕੇ ਨਵੀਂ ਮਿਸਾਲ ਕਾਇਮ ਕੀਤੀ। ਇਕ ਸਿੱਖ ਵਜੋਂ ਉਨ੍ਹਾਂ ਦਾ ਸਭ ਤੋਂ ਵੱਡਾ ਗੁਣ ਉਨ੍ਹਾਂ ਦੀ ਨਿਸ਼ਚਿਤ ਆਗਿਆਕਾਰੀ ਸੀ ਅਤੇ ਇਹੀ ਗੁਣ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਪ੍ਰਦਾਨ ਕੀਤਾ। ਉਨ੍ਹਾਂ ਦਾ ਲੰਗਰ ਸਵੇਰ ਸ਼ਾਮ ਜਾਰੀ ਰਹਿੰਦਾ ਸੀ। ਫ਼ਕੀਰਾਂ ਤੇ ਗਰੀਬਾਂ ਨੂੰ ਮੁਫ਼ਤ ਭੋਜਨ ਦਿੱਤਾ ਜਾਂਦਾ ਸੀ। ਗੁਰੂ ਜੀ ਆਪ ਆਪਣੇ ਹੱਥਾਂ ਨਾਲ ਮਿਹਨਤ ਕਰਦੇ ਤੇ ਉਸ ਦੀ ਆਮਦਨੀ ਨਾਲ ਦੂਜੇ ਦਿਨ ਭੋਜਨ ਖਾਂਦੇ।[7] ਗੁਰੂ ਨਾਨਕ ਦੇਵ ਦੇ ਮਿਸ਼ਨ ਨੂੰ ਲੋਕ-ਪ੍ਰਿਯ ਬਣਾਉਣ ਅਤੇ ਉਸ ਦੇ ਅਨੁਯਾਈਆਂ ਦੇ ਉਤਸ਼ਾਹ ਨੂੰ ਸਥਿਰ ਰੱਖਣ ਲਈ ਗੁਰੂ ਅੰਗਦ ਜੀ ਨੇ ਇਸ ਪ੍ਰਣਾਲੀ ਨੂੰ ਵਿਧੀਵਧ ਅਤੇ ਵਿਸਥਾਰ ਦਿੱਤਾ। ਪ੍ਰਚਾਰਾਤਮਕ ਕਾਰਜ ਵਿਚ ਇਹ ਸੰਸਥਾ ਭਾਰੀ ਸਹਾਇਕ ਸਿੱਧ ਹੋਈ। ਇਸ ਸੰਸਥਾ ਨੇ ਸਿੱਖਾਂ ਨੂੰ ਸਾਂਝੇ ਭੰਡਾਰ ਲਈ ਦਾਨ ਦੇਣ ਦੀ ਸਿੱਖਿਆ ਪ੍ਰਦਾਨ ਕੀਤੀ। ਦੂਜਾ ਇਹ ਸੰਸਥਾ ਜਾਤ-ਪਾਤ ਦੇ ਬੰਧਨ ਤੋੜਨ ਵਿਚ ਪ੍ਰਬਲ

---

4 ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1765), ਪੰਨਾ 20.

5 ਜੋਜ਼ਫ ਡੈਵਿਡ ਕਨਿੰਘਮ, ਸਿੱਖ ਇਤਿਹਾਸ, ਅਨੁ. ਗੁਰਮੁਖ ਸਿੰਘ ਗੁਰਮੁਖ, ਪੰਨਾ 58.

6 ਬਲਵੰਤ ਸਿੰਘ ਢਿੱਲੋਂ, ਹਕੀਕਤ-ਏ-ਸਿੱਖਾਂ, ਪੰਨਾ 28.

7 ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਅਨੁ. ਡਾ. ਜੀਤ ਸਿੰਘ ਸੀਤਲ, ਪੰਨਾ 13.

ਹਥਿਆਰ ਸਿੱਧ ਹੋਈ। ਲੰਗਰ ਵਿਚ ਅਮੀਰ-ਗਰੀਬ, ਬ੍ਰਾਹਮਣ, ਵੈਸ਼ ਤੋਂ ਲੈ ਕੇ ਸ਼ੂਦਰ ਤੱਕ ਸਾਰੇ ਇਕ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਦੇ ਸਨ।

ਗੁਰੂ ਸਾਹਿਬ ਨੇ ਹੁਕਮ ਮੰਨਣ ਤੇ ਨਿਮਰਤਾ ਦੀ ਜਾਚ ਵੀ ਸਿਖਾਈ ਅਤੇ ਕਿਸੇ ਦੇ ਭੈ ਵਿਚ ਨਾ ਰਹਿਣ ਦਾ ਉਪਦੇਸ਼ ਦਿੱਤਾ। ਬਾਦਸ਼ਾਹ ਹਿਮਾਯੂੰ ਲਾਹੌਰ ਨੂੰ ਜਾਂਦਾ ਹੋਇਆ ਗੁਰੂ ਦਰਬਾਰ ਵਿਚ ਦਰਸ਼ਨਾਂ ਨੂੰ ਆਇਆ, ਉਸ ਸਮੇਂ ਗੁਰੂ ਸਾਹਿਬ ਬਾਲਕਾਂ ਦੀਆਂ ਖੇਡਾਂ ਵੇਖ ਰਹੇ ਸਨ। ਬਾਦਸ਼ਾਹ ਨੇ ਆਪਣਾ ਘੋੜਾ ਉਨ੍ਹਾਂ ਪਾਸ ਖੜ੍ਹਾ ਕੀਤਾ। ਪਰ ਗੁਰੂ ਸਾਹਿਬ ਨੇ ਹਿਮਾਯੂੰ ਵੱਲ ਕਈ ਖਾਸ ਧਿਆਨ ਨਾ ਕੀਤਾ। ਉਸ ਨੂੰ ਗੁੱਸਾ ਆ ਗਿਆ ਅਤੇ ਘੋੜੇ ਉਪਰ ਬੈਠਾ ਹੀ ਗੁਰੂ ਸਾਹਿਬ ਨੂੰ ਮਾਰਨ ਲਈ ਮਿਆਨੋਂ ਤਲਵਾਰ ਸੂਤਣ ਲੱਗਾ। ਗੁਰੂ ਜੀ ਨੇ ਹੱਸ ਕੇ ਕਿਹਾ, ਬਾਦਸ਼ਾਹ! ਜਿਹੜੀ ਤਲਵਾਰ ਤੂੰ ਫਕੀਰਾਂ ’ਤੇ ਖਿੱਚਣ ਲੱਗਾ ਹੈਂ, ਇਹ ਸ਼ੇਰ ਸ਼ਾਹ ਦੇ ਟਾਕਰੇ ਵੇਲੇ ਕਿੱਥੇ ਸੀ? ਹਿਮਾਯੂੰ ਸ਼ਰਮਿੰਦਾ ਹੋਇਆ ਅਤੇ ਗੁਰੂ ਜੀ ਤੋਂ ਭੁੱਲ ਬਖ਼ਸ਼ਾਈ ਤੇ ਅਸ਼ੀਰਵਾਦ ਲਿਆ। ਗੁਰੂ ਅੰਗਦ ਜੀ ਨੇ ਆਪਣਾ ਉੱਤਰਾਧਿਕਾਰੀ ਚੁਣਨ ਤੋਂ ਪਹਿਲਾਂ ਆਪਣੇ ਪੂਰਵਧਿਕਾਰੀ (ਗੁਰੂ ਨਾਨਕ) ਦੀ ਤਰ੍ਹਾਂ ਆਪਣੇ ਪੁੱਤਰਾਂ ਅਤੇ ਸਿੱਖਾਂ ਨੂੰ ਬੜੀ ਕਰੜੀ ਪਰਖ ਵਿਚੋਂ ਦੀ ਲੰਘਾਇਆ ਅਤੇ ਅਮਰਦਾਸ ਜੀ ਨੂੰ ਆਪਣੀ ਥਾਂ ਦੇਣ ਲਈ ਸਭ ਤੋਂ ਯੋਗ ਪੁਰਸ਼ ਸਮਝ ਕੇ ਗੁਰਿਆਈ ਬਖ਼ਸ਼ੀ।[8]

### 1.3. ਗੁਰੂ ਅਮਰਦਾਸ ਕਾਲ :-

ਗੁਰੂ ਅਮਰਦਾਸ (1479-1574 ਈ.) ਜੀ ਨੇ ਗੁਰਿਆਈ ਪ੍ਰਾਪਤ ਕਰਨ ਉਪਰੰਤ ਸਿੱਖ ਪੰਥ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਿਚ ਅਹਿਮ ਯੋਗਦਾਨ ਪਾਇਆ। ਰਾਜ ਸੰਸਥਾ ਨਾਲ ਚੰਗੇ ਸੰਬੰਧਾਂ ਸਦਕਾ ਗੁਰੂ ਸਾਹਿਬ ਨੂੰ ਸਿੱਖ ਸੰਪ੍ਰਦਾਇ ਨੂੰ ਪਰਿਪੱਕ ਕਰਨ ਲਈ ਵੀ ਸਮਾਂ ਮਿਲ ਗਿਆ। ਜਿਸ ਦਾ ਪਤਾ ਉਨ੍ਹਾਂ ਦੀ ਬਾਣੀ ਵਿਚੋਂ ਮਿਲਦਾ ਹੈ ਜਿਵੇਂ ਉਨ੍ਹਾਂ ਦੀ ਬਾਣੀ ਵਿਚ ਇਸਲਾਮੀ ਕਰਮ-ਕਾਂਡ ਤੇ ਰਾਜ ਸੰਸਥਾ ਦੀ ਆਲੋਚਨਾ ਦਾ ਕਿਤੇ ਵੀ ਜ਼ਿਕਰ ਨਹੀਂ ਮਿਲਦਾ। ਸਮੁੱਚੀ ਬਾਣੀ ਵਿਚ ਅਧਿਆਤਮਿਕਤਾ ਹੀ ਪ੍ਰਧਾਨ ਹੈ। ਕੁਝ ਕੁ ਥਾਵਾਂ ’ਤੇ ਸਮਾਜਿਕ ਸੰਸਥਾਵਾਂ ਸਮਾਜ ਵਿਚ ਕੁਰੀਤੀਆਂ (ਜਾਤ-ਪਾਤ, ਸੰਨਿਆਸ, ਸਤੀ ਪ੍ਰਥਾ ਆਦਿ) ਪ੍ਰਚਲਿਤ ਸਨ, ਬਾਰੇ ਗੱਲ

---

8 ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1765), ਪੰਨਾ 19.

ਕੀਤੀ ਗਈ ਹੈ।[9] ਗੁਰੂ ਸਾਹਿਬ ਨੇ ਆਪਣੇ ਕਈ ਸਿੱਖਾਂ ਦੇ ਵਿਆਹ ਜਾਤ-ਪਾਤ ਤੇ ਗੋਤ-ਬਿਰਾਦਰੀ ਦੇ ਸਭ ਖਿਆਲ ਤਿਆਗ ਕੇ ਕਰਵਾਏ ਜਿਵੇਂ:- ਭਾਈ ਪ੍ਰੇਮੇ (ਮੁਰਾਰੀ), ਭਾਈ ਸੱਚਨਸੱਚ, ਅਤੇ ਭਾਈ ਜੇਠਾ (ਗੁਰੂ ਰਾਮਦਾਸ ਜੀ) ਦੀਆਂ ਉਦਾਹਰਨਾਂ ਮਿਲਦੀਆਂ ਹਨ। ਗੁਰੂ ਸਾਹਿਬ ਦੇ ਸਾਦਾ ਅਤੇ ਭਗਤੀ-ਭਾਵ ਵਾਲੇ ਜੀਵਨ ਨੇ ਭਾਰੀ ਸੰਖਿਆ ਵਿਚ ਲੋਕਾਂ ਨੂੰ ਦੂਰੋਂ-ਪਾਰੋਂ ਆਕਰਸ਼ਿਤ ਕੀਤਾ। ਹਿੰਦੂਆਂ ਤੋਂ ਇਲਾਵਾ ਕੁਝ ਬੜੇ ਉੱਘੇ ਮੁਸਲਮਾਨ ਵੀ ਸਿੱਖ ਧਰਮ ਵਿਚ ਸ਼ਾਮਿਲ ਹੋ ਗਏ ਅਤੇ ਗੋਇੰਦਵਾਲ ਇਕ ਬੜਾ ਵੱਡਾ ਧਰਮ-ਕੇਂਦਰ ਬਣ ਗਿਆ।[10] ਗੁਰੂ ਸਾਹਿਬ ਨੇ ਸੰਗਤ ਦੇ ਨਾਲ ਪੰਗਤ ਨੂੰ ਪੱਕਿਆਂ ਕੀਤਾ। ਜੋ ਵੀ ਗੁਰੂ ਦਰਬਾਰ ਵਿਚ ਗੁਰੂ ਦਰਸ਼ਨਾਂ ਨੂੰ ਆਉਂਦਾ, ਉਸ ਲਈ ਪਹਿਲਾਂ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਣ ਦਾ ਹੁਕਮ ਦਿੱਤਾ। ਸਿੱਖਾਂ ਦੀ ਗਿਣਤੀ ਕਾਫ਼ੀ ਵਧ ਜਾਣ ਕਾਰਣ ਗੁਰੂ ਸਾਹਿਬ ਨੇ ਵੱਖ-ਵੱਖ ਇਲਾਕਿਆਂ ਵਿਚ ਵਸਦੀਆਂ ਸੰਗਤਾਂ ਨੂੰ ਤਰਤੀਬ ਅਨੁਸਾਰ ਜਥੇਬੰਦ ਕਰਨ ਲਈ 22 ਮੰਜੀਆਂ ਸਥਾਪਿਤ ਕੀਤੀਆਂ। ਹਰੇਕ ਮੰਜੀ ਇਕ ਸ਼ਰਧਾਲੂ ਸਿੱਖ ਦੀ ਦੇਖ-ਭਾਲ ਵਿਚ ਰੱਖੀ ਗਈ, ਜੋ ਗੁਰੂ ਸਾਹਿਬ ਦੇ ਮਿਸ਼ਨ ਦਾ ਪ੍ਰਚਾਰ ਅਤੇ ਪ੍ਰਸਾਰ ਕਰਦੀ ਹੋਈ ਸਥਾਨਕ ਸੰਗਤਾਂ ਨੂੰ ਕੇਂਦਰ ਨਾਲ ਜੋੜਦੀ ਸੀ।[11] ਗੋਕਲ ਚੰਦ ਨਾਰੰਗ ਅਨੁਸਾਰ ਗੁਰੂ ਸਾਹਿਬ ਦੇ ਇਸ ਉਪਰਾਲੇ ਨੇ ਪੰਥ ਦੀ ਨੀਂਹ ਨੂੰ ਕਾਫੀ ਮਜ਼ਬੂਤ ਕੀਤਾ ਅਤੇ ਇਹ ਦੇਸ਼ ਦੇ ਸਾਰੇ ਭਾਗਾਂ ਵਿਚ ਧਰਮ-ਪ੍ਰਚਾਰ ਵਿਚ ਸਹਾਈ ਹੋਈਆਂ।[12] ਇਸ ਬਾਰੇ ਮੈਕਾਲਫ ਲਿਖਦਾ ਹੈ ਕਿ ਜਿਸ ਤਰ੍ਹਾਂ ਅਕਬਰ ਬਾਦਸ਼ਾਹ ਸੂਬਿਆ ਦੇ ਹਾਕਮਾਂ ਰਾਹੀਂ ਆਪਣੀ ਬਾਦਸ਼ਾਹੀ ਦਾ ਪ੍ਰਬੰਧ ਕਰਦਾ ਸੀ, ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੀ ਬਾਦਸ਼ਾਹੀ ਨੂੰ ਬਾਈਆਂ ਮੰਜੀਆਂ ਵਿਚ ਵੰਡਿਆ ਹੋਇਆ ਸੀ।[13] ਗੋਕਲ ਚੰਦ ਨਾਰੰਗ ਅਨੁਸਾਰ ਸਿੱਖਾਂ ਨੇ ਹੁਣ ਤੱਕ ਇਕ ਜਾਤੀ ਦਾ ਰੂਪ ਗ੍ਰਹਿਣ ਕਰ ਲਿਆ ਸੀ। ਉਨ੍ਹਾਂ ਦੀ ਸੰਖਿਆ ਹਜ਼ਾਰਾਂ ਤੱਕ ਪਹੁੰਚ ਗਈ ਸੀ ਅਤੇ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ 22 ਮੰਜੀਆਂ ਸੰਗਠਿਤ ਕਰ ਕੇ ਮੰਜੀਦਾਰਾਂ ਅਧੀਨ ਕਰ ਦਿੱਤਾ ਸੀ। ਨਵੀਨ ਪੰਥ ਦਾ ਪ੍ਰਭਾਵ ਦਿਨ

---

9 ਰਾਏ ਜਸਬੀਰ ਸਿੰਘ (ਸੰਪਾ.), ਗੁਰੂ ਅਮਰਦਾਸ ਸ੍ਰੋਤ ਪੁਸਤਕ, ਪੰਨਾ 3.

10 ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1765), ਪੰਨੇ 21-22.

11 *ਉਹੀ,* ਪੰਨੇ 26.

12 ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, ਪੰਨਾ 20.

13 ਮੈਕਸ ਆਰਥਰ ਮੈਕਾਲਿਫ, ਸਿੱਖ ਇਤਿਹਾਸ (ਜੀਵਨ ਬ੍ਰਿਤਾਂਤ ਦੂਜੀ ਪਾਤਸ਼ਾਹੀ ਤੋਂ ਪੰਜਵੀਂ ਪਾਤਸ਼ਾਹੀ ਤਕ), 308.

ਪ੍ਰਤੀ ਦਿਨ ਵਧ ਰਿਹਾ ਸੀ। ਗੁਰੂ ਅਮਰਦਾਸ ਨੇ ਹਜ਼ਾਰਾਂ ਪਹਾੜੀ ਸਰਦਾਰ ਆਪਣੇ ਅਨੁਯਾਈ ਬਣਾ ਲਏ ਸਨ, ਜਿਨ੍ਹਾਂ ਨੇ ਪੰਥ ਦੇ ਭੰਡਾਰੇ ਵਿਚ ਹਜ਼ਾਰਾਂ ਰੁਪਏ ਦਾਨ ਦਿੱਤੇ। ਪਰੰਤੂ ਲੋਕਾਂ ਦੀਆਂ ਨਜ਼ਰਾਂ ਵਿਚ ਪੰਥ ਨੂੰ ਸਭ ਤੋਂ ਵੱਡੀ ਜਿੱਤ ਉਦੋਂ ਪ੍ਰਾਪਤ ਹੋਈ ਜਦੋਂ ਗੁਰੂ ਦੀ ਪ੍ਰਸਿੱਧੀ ਅਕਬਰ ਨੂੰ ਉਨ੍ਹਾਂ ਦੇ ਦਰਬਾਰ ਵਿਚ ਖਿਚ ਲਿਆਈ। ਗੁਰੂ ਅਮਰਦਾਸ ਜੀ ਦੀ ਸਿਫਾਰਸ਼ 'ਤੇ ਬਾਦਸ਼ਾਹ ਅਕਬਰ ਦੁਆਰਾ ਸਾਲ ਭਰ ਦੇ ਮਾਮਲੇ ਦੀ ਮੁਆਫੀ ਨੇ ਸਿੱਖ ਪੰਥ ਨੂੰ ਪੰਜਾਬ ਦੀ ਕਿਰਸਾਣੀ ਵਿਚ ਬਹੁਤ ਪ੍ਰਿਯ ਬਣਾ ਦਿੱਤਾ ਸੀ।[14] ਇਨ੍ਹਾਂ ਸਾਰੇ ਕਾਰਨਾਂ ਕਰਕੇ ਅਤੇ ਅਕਬਰ ਬਾਦਸ਼ਾਹ ਦਾ ਗੁਰੂ ਸਾਹਿਬ ਪ੍ਰਤੀ ਆਦਰ ਸਿੱਖ ਪੰਥ ਵਿਚ ਅਣਗਿਣਤ ਲੋਕਾਂ ਦੇ ਪ੍ਰਵੇਸ਼ ਦਾ ਕਾਰਣ ਬਣਿਆ।

### 1.4. ਗੁਰੂ ਰਾਮਦਾਸ ਕਾਲ :-

ਗੁਰੂ ਅਮਰਦਾਸ ਨੇ ਗੁਰੂ ਨਾਨਕ ਦੇਵ ਜੀ ਦੇ ਮਾਰਗ 'ਤੇ ਚਲਦਿਆਂ ਗੁਰਮਤਿ ਦੀ ਰੌਸ਼ਨੀ ਵਿਚ ਆਪਣਾ ਉੱਤਰਾਧਿਕਾਰੀ ਇਕ ਸਿੱਖ ਨੂੰ ਚੁਣ ਕੇ (ਗੁਰੂ) ਰਾਮਦਾਸ (1534-1581 ਈ.) ਜੀ ਨੂੰ ਗੁਰਿਆਈ ਬਖ਼ਸ਼ੀ। ਗੁਰੂ ਰਾਮਦਾਸ ਜੀ ਨੇ 1577 ਈ. ਵਿਚ ਚੱਕ ਰਾਮਦਾਸ ਦੀ ਸਥਾਪਨਾ ਕਰ ਕੇ ਸਿੱਖ ਧਰਮ ਦਾ ਇਕ ਹੋਰ ਕੇਂਦਰ ਕਾਇਮ ਕਰ ਦਿੱਤਾ ਜੋ ਬਾਅਦ ਵਿਚ ਇਤਿਹਾਸ ਵਿਚ ਰਾਮਦਾਸਪੁਰ ਤੇ ਫਿਰ ਅੰਮ੍ਰਿਤਸਰ ਕਰਕੇ ਪ੍ਰਸਿੱਧ ਹੋਇਆ। ਇਸ ਨਗਰ ਵਿਚ ਗੁਰੂ ਸਾਹਿਬ ਨੇ ਲਗਪਗ 52 ਪ੍ਰਕਾਰ ਦੇ ਅਲੱਗ-ਅਲੱਗ ਕੰਮ ਧੰਦਿਆਂ ਵਾਲੇ ਲੋਕਾਂ ਨੂੰ ਉੱਥੇ ਰਹਿਣ ਲਈ ਅਤੇ ਵਪਾਰ ਖੋਲਣ ਲਈ ਸੱਦਿਆ। ਇਹ ਨਗਰੀ ਧਰਮ ਦੀ ਕਿਰਤ ਕਰਨ ਵਾਲੇ ਗ੍ਰਿਹਸਤੀਆਂ ਵਪਾਰ, ਹੁਨਰ ਅਤੇ ਦਸਤਕਾਰੀਆਂ ਰਾਹੀਂ ਉੱਦਮ ਕਰ ਕੇ ਰੋਜ਼ੀ ਕਮਾਉਣ ਵਾਲਿਆਂ ਦੀ ਨਗਰੀ ਬਣ ਗਈ। ਇਨ੍ਹਾਂ ਵਿਚ ਸਿੱਖ, ਹਿੰਦੂ, ਮੁਸਲਮਾਨ, ਤਰਖਾਣ, ਲੁਹਾਰ, ਸੁਨਿਆਰੇ, ਠਠਿਆਰੇ, ਜੁਲਾਹੇ ਅਤੇ ਮੋਚੀ ਆਦਿ ਸਭ ਕਿੱਤਿਆਂ ਵਾਲੇ ਕਿਰਤੀ ਸਨ। ਇਸ ਤਰ੍ਹਾਂ ਧਾਰਮਿਕ, ਆਰਥਿਕ ਤੇ ਸਮਾਜਿਕ ਖੁਸ਼ਹਾਲੀ ਲਈ ਆਦਰਸ਼ਕ ਨਗਰ ਵਸਾ ਕੇ ਆਪ ਨੇ ਦੇਸ਼ ਦੀ ਉਨਤੀ ਦਾ ਵੱਡਾ ਕੰਮ ਕੀਤਾ। ਇਹ ਸ਼ਹਿਰ ਉੱਤਰੀ ਭਾਰਤ ਵਿਚ ਵਪਾਰ ਦਾ ਸਭ ਤੋਂ ਵੱਡਾ ਕੇਂਦਰ ਬਣ ਗਿਆ।[15] ਅੰਮ੍ਰਿਤਸਰ ਸੂਬੇ ਦੇ ਸਾਰੇ ਨਗਰਾਂ ਵਿਚੋਂ ਵਪਾਰ ਦਾ ਮੁੱਖ

---

14 ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, ਪੰਨੇ 23, 32.

15 ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1765), ਪੰਨੇ 25.

ਕੇਂਦਰ ਬਣਿਆ ਰਿਹਾ। ਇਸ ਦੇ ਵਪਾਰੀਆਂ ਦੇ ਸੰਬੰਧ ਕੇਵਲ ਹਿੰਦੁਸਤਾਨ ਤੱਕ ਹੀ ਸੀਮਿਤ ਨਹੀਂ ਰਹੇ ਸਗੋਂ ਬੁਖਾਰਾ, ਕਾਬੁਲ ਅਤੇ ਕਸ਼ਮੀਰ ਤੱਕ ਫੈਲੇ ਹੋਏ ਸਨ। ਅੰਮ੍ਰਿਤਸਰ ਦਾ ਇਹ ਵਪਾਰਕ ਮਹੱਤਵ ਗੁਰੂ ਸਾਹਿਬਾਨ ਦੀ ਭਾਰੀ ਆਮਦਨੀ ਦਾ ਵਸੀਲਾ ਵੀ ਬਣਿਆ। ਲੋਕ, ਜਦੋਂ ਇਸ ਦੀ ਪਵਿਤਰਤਾ ਕਰਕੇ ਇਸ ਨਗਰ ਵੱਲ ਆਕਰਸ਼ਿਤ ਹੋਏ ਤਾਂ ਇਹ ਨਗਰ ਪੰਜਵੇਂ ਗੁਰੂ ਅਰਜਨ ਦੇਵ ਦੇ ਸਮੇਂ ਮਾਨੋਂ ਸਿੱਖਾਂ ਦਾ ਮੱਕਾ ਬਣ ਗਿਆ ਸੀ।[16] ਮੈਕਾਲਿਫ ਲਿਖਦਾ ਹੈ ਕਿ ਜਦੋਂ ਅੰਮ੍ਰਿਤਸਰ ਤੇ ਸਰੋਵਰ ਦੀ ਸੇਵਾ ਚਲ ਰਹੀ ਸੀ। ਇਸ ਸੇਵਾ ਵਿਚ ਹਰ ਇਕ ਸ਼੍ਰੇਣੀ ਵਿਚੋਂ ਗੁਰੂ ਜੀ ਦੇ ਸਿੱਖ, ਸੇਵਕ ਅਤੇ ਪ੍ਰੇਮੀ ਆਏ ਹੋਏ ਸਨ ਪਰ ਫਿਰ ਵੀ ਮਜ਼ਦੂਰਾਂ ਨੂੰ ਦੇਣ ਲਈ ਅਤੇ ਲੰਗਰ ਚਲਾਉਣ ਲਈ ਵਾਧੂ ਮਾਇਆ ਦੀ ਲੋੜ ਸੀ। ਇਸ ਲਈ ਭਾਈ ਬੁੱਢਾ ਜੀ ਅਤੇ ਵੱਡੇ-ਵੱਡੇ ਮੁੱਖੀ ਸਿੱਖਾਂ ਨੇ ਇਕ ਦਿਨ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਬੇਨਤੀ ਕੀਤੀ ਕਿ ਮਹਾਰਾਜ ਕੰਮ ਸੰਪੂਰਨ ਕਰਨ ਲਈ ਹੋਰ ਰੁਪਏ ਦੀ ਲੋੜ ਹੈ। ਗੁਰੂ ਜੀ ਨੇ ਵਿਚਾਰ ਮਗਰੋਂ ਫੈਸਲਾ ਕੀਤਾ ਕਿ ਆਪਣੇ ਉਪਦੇਸ਼ਕਾਂ ਨੂੰ ਅੱਡੋ-ਅੱਡ ਦੇਸ਼ਾਂ ਵਿਚ ਸਿੱਖੀ ਧਰਮ ਫੈਲਾਉਣ ਅਤੇ ਨਾਲ ਹੀ ਸਿੱਖਾਂ ਸੇਵਕਾਂ ਪਾਸੋਂ ਭੇਟਾ ਇਕੱਠੀ ਕਰਨ ਲਈ ਭੇਜਿਆ ਜਾਵੇ। ਇਹੋ ਜਿਹੇ ਉਪਦੇਸ਼ਕਾਂ ਨੂੰ 'ਮਸੰਦ' ਆਖਦੇ ਸਨ।[17] ਇਸ ਗੱਲ ਦੀ ਪ੍ਰੋੜਤਾ ਕਰਦਿਆਂ ਡਾ. ਬਲਵੰਤ ਸਿੰਘ ਢਿੱਲੋਂ ਲਿਖਦੇ ਹਨ ਕਿ ਗੁਰੂ ਰਾਮਦਾਸ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ 'ਮਸੰਦ ਸੰਸਥਾ' ਕਾਇਮ ਕੀਤੀ। 'ਮਸੰਦ' ਗੁਰੂ ਦੇ ਨੁਮਾਇੰਦੇ ਵਜੋਂ ਦੂਰ-ਦੁਰਾਡੇ ਇਲਾਕਿਆਂ ਵਿਚ ਧਰਮ ਪ੍ਰਚਾਰ ਕਰਨ ਤੋਂ ਇਲਾਵਾ ਸਿੱਖ ਸੰਗਤਾਂ ਤੋਂ ਰਸਦਾਂ-ਵਸਤਾਂ ਤੇ ਭੇਟਾਵਾਂ ਇਕੱਤਰ ਕਰ ਕੇ ਗੁਰੂ-ਦਰਬਾਰ ਵਿਚ ਭੇਜਦੇ ਸਨ। ਇਸ ਨਾਲ ਧਰਮ ਪ੍ਰਚਾਰ ਦੇ ਕਾਰਜ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਤੇ ਸਿੱਖ ਪੰਥ ਦੇ ਵਿਕਾਸ ਲਈ ਲੋੜੀਂਦੇ ਆਰਥਿਕ ਤੇ ਮਨੁੱਖੀ ਸਾਧਨ ਜੁਟਾਉਣ ਵਿਚ ਬੜੀ ਆਸਾਨੀ ਹੋ ਗਈ ਸੀ।[18] ਮਸੰਦਾਂ ਨੂੰ ਬਾਹਰ ਭੇਜਣ ਤੋਂ ਥੋੜੇ ਚਿਰ ਮਗਰੋਂ ਹੀ ਗੁਰੂ ਜੀ ਨੂੰ ਭੇਟਾ ਦੀਆਂ ਵੱਡੀਆਂ-ਵੱਡੀਆਂ ਰਕਮਾਂ ਪਹੁੰਚਣ ਲੱਗ ਪਈਆਂ। ਪਰ ਮਸੰਦ ਪਿੱਛੋਂ ਆਮ ਤੌਰ 'ਤੇ ਬੇਈਮਾਨ ਆਦਮੀਆਂ ਦਾ ਇਕ ਜਥਾ ਬਣ ਗਿਆ ਸੀ। ਉਹ ਗੁਰੂ ਦੀ ਗੋਲਕ ਲਈ ਕੁਝ

---

16 ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, ਪੰਨਾ 25.

17 ਮੈਕਸ ਆਰਥਰ ਮੈਕਾਲਿਫ, ਸਿੱਖ ਇਤਿਹਾਸ (ਜੀਵਨ ਬ੍ਰਿਤਾਂਤ ਦੂਜੀ ਪਾਤਸ਼ਾਹੀ ਤੋਂ ਪੰਜਵੀਂ ਪਾਤਸ਼ਾਹੀ ਤਕ), ਪੰਨਾ 325.

18 ਬਲਵੰਤ ਸਿੰਘ ਢਿੱਲੋਂ, ਪ੍ਰਮੁਖ ਸਿਖ ਤੇ ਸਿੱਖ ਪੰਥ (ਗੁਰੂ ਹਰਿਗੋਬਿੰਦ ਸਾਹਿਬ ਕਾਲ), ਪੰਨਾ 90.

ਨਹੀਂ ਸੀ ਭੇਜਦੇ ਅਤੇ ਜਦੋਂ ਕਦੀ ਕੋਈ ਅਵਸਰ ਮਿਲਦਾ ਸੀ ਤਾਂ ਆਪਣਾ ਅਧਿਕਾਰ ਵਧਾ ਲੈਂਦੇ ਸਨ।[19] ਪ੍ਰਿੰਸੀਪਲ ਤੇਜਾ ਸਿੰਘ ਤੇ ਗੰਡਾ ਸਿੰਘ ਲਿਖਦੇ ਹਨ ਕਿ ਤੀਜੇ ਤੇ ਚੌਥੇ ਗੁਰੂ ਸਾਹਿਬਾਨ ਦੇ ਸਮੇਂ ਤੱਕ ਸਿੱਖ ਕੌਮ ਇਤਨੀ ਵੱਡੀ ਹੋ ਚੁੱਕੀ ਸੀ ਕਿ ਜਿਨ੍ਹਾਂ ਲੋਕਾਂ ਦੇ ਹਿਤਾਂ 'ਤੇ ਇਨ੍ਹਾਂ ਦੀ ਉੱਨਤੀ ਨਾਲ ਪ੍ਰਭਾਵ ਪਿਆ ਸੀ। ਉਹ ਇਨ੍ਹਾਂ ਨਾਲ ਦੁਸ਼ਮਣੀ ਕਰਨ ਲਗ ਪਏ ਸਨ।[20]

## 1.5. ਗੁਰੂ ਅਰਜਨ ਦੇਵ ਕਾਲ :-

ਗੁਰੂ ਅਰਜਨ ਦੇਵ (1563-1606 ਈ.) ਜੀ ਨੇ ਸਿੱਖ ਪੰਥ ਨੂੰ ਅਗਵਾਈ ਪ੍ਰਦਾਨ ਕਰਦਿਆਂ ਰਾਮਦਾਸਪੁਰ ਵਿਚ ਅੰਮ੍ਰਿਤ ਸਰੋਵਰ ਦੀ ਖੁਦਵਾਈ ਦਾ ਕੰਮ ਸਿਰੇ ਚਾੜ੍ਹਨ ਤੋਂ ਇਲਾਵਾ ਇਸ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾਇਆ। ਗੁਰੂ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਹਿਤ ਕੁਝ ਪਿੰਡਾਂ ਦਾ ਦੌਰਾ ਕੀਤਾ। ਨਗਰ ਨਿਰਮਾਣ ਦੇ ਕਾਰਜ ਨੂੰ ਜਾਰੀ ਰੱਖਿਆ ਤੇ ਕਈ ਨਗਰ (ਤਰਨ ਤਾਰਨ, ਕਰਤਾਰਪੁਰ, ਸ੍ਰੀ ਗੋਬਿੰਦਪੁਰ / ਹਰਿਗੋਬਿੰਦਪੁਰ) ਵਸਾਏ। ਮਸੰਦ ਸੰਸਥਾ ਦਾ ਪੁਨਰ-ਗਠਨ ਕਰਦਿਆਂ 'ਦਸਵੰਧ' ਦੀ ਪਿਰਤ ਕਾਇਮ ਕੀਤੀ। ਸਿੱਖ ਧਰਮ ਲਈ ਧਰਮ ਗ੍ਰੰਥ ਦੀ ਲੋੜ ਨੂੰ ਮਹਿਸੂਸ ਕਰਦਿਆਂ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੀ ਸੰਪਾਦਨਾ ਕੀਤੀ। ਸਭ ਤੋਂ ਅਹਿਮ ਕਾਰਜ ਸ੍ਰੀ ਆਦਿ ਗ੍ਰੰਥ ਦੀ ਬੀੜ ਤਿਆਰ ਕਰਨਾ ਸੀ। ਗੁਰੂ ਅਰਜਨ ਦੇਵ ਨੇ ਵੱਖ-ਵੱਖ ਧਰਮਾਂ, ਜਾਤਾਂ ਅਤੇ ਖੇਤਰਾਂ ਦੇ ਮਹਾਂਪੁਰਸ਼ਾਂ ਦੀ ਬਾਣੀ ਨੂੰ ਸ੍ਰੀ ਆਦਿ ਗ੍ਰੰਥ ਸਾਹਿਬ (ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਅਦ ਵਿਚ ਦਮਦਮਾ ਸਾਹਿਬ ਸ੍ਰੀ ਗੁਰੂ ਗ੍ਰੰਥ ਵਿਚ ਦਰਜ ਕੀਤੀ) ਵਿਚ ਦਰਜ ਕੀਤਾ। ਭਾਵ ਹਿੰਦੁਸਤਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਚੱਲ ਰਹੀਆਂ ਆਤਮਿਕ ਗੁਣਾਂ ਤੇ ਵਿਚਾਰਾਂ-ਧਾਰਾਵਾਂ ਨੂੰ ਆਪ ਨੇ ਇਕ ਥਾਂ ਇਕੱਤਰ ਕਰ ਕੇ ਉਨ੍ਹਾਂ ਦਾ ਸੰਗਮ ਸ੍ਰੀ ਆਦਿ ਗ੍ਰੰਥ ਸਾਹਿਬ ਬਣਾਇਆ। ਗੁਰੂ ਅਰਜਨ ਦੇਵ ਨੇ ਸਿੱਖ ਪੰਥ ਨੂੰ ਵਿਦੇਸ਼ੀ ਵਾਪਾਰ ਤੋਂ ਲਾਭ ਉਠਾਉਣ ਲਈ ਸਿੱਖਾਂ ਨੂੰ ਘੋੜਿਆਂ ਦੇ ਵਾਪਾਰ ਲਈ ਕਾਬੁਲ ਤੇ ਤੁਰਕਿਸਤਾਨ ਦੀਆਂ ਮੰਡੀਆਂ ਵਿਚ ਭੇਜਿਆ। ਸਮੇਂ ਦੀ ਨਜ਼ਾਕਤ ਨੂੰ

---

19 ਮੈਕਸ ਆਰਥਰ ਮੈਕਾਲਿਫ, ਸਿੱਖ ਇਤਿਹਾਸ (ਜੀਵਨ ਬ੍ਰਿਤਾਂਤ ਦੂਜੀ ਪਾਤਸ਼ਾਹੀ ਤੋਂ ਪੰਜਵੀਂ ਪਾਤਸ਼ਾਹੀ ਤਕ), ਪੰਨਾ 325.

20 ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1765), ਪੰਨੇ 37.

ਸਮਝਦਿਆਂ ਗੁਰੂ ਸਾਹਿਬ ਨੇ ਅੰਮ੍ਰਿਤਸਰ ਦੇ ਆਸੇ-ਪਾਸੇ ਹਰਟਾਂ, ਖੂਹਾਂ ਤੇ ਤਲਾਬਾਂ ਦੀ ਖੁਦਵਾਈ ਕਰਵਾਈ। ਇਸ ਤੋਂ ਇਲਾਵਾ ਕਾਲ ਪੈਣ ਸਮੇਂ ਬਾਦਸ਼ਾਹ ਅਕਬਰ ਨਾਲ ਮੁਲਾਕਾਤ ਕਰਕੇ ਉਸ ਨੂੰ ਕਾਲ ਤੇ ਭੁੱਖ-ਮਰੀ ਕਾਰਣ ਲੋਕਾਂ ਦੀ ਦਰਦਨਾਕ ਸਥਿਤੀ ਤੋਂ ਜਾਣੂ ਕਰਵਾਇਆ ਤੇ ਪੰਜਾਬ ਦੇ ਕਿਸਾਨਾਂ ਦਾ ਭੂਮੀ ਲਗਾਨ ਵੀ ਪੰਜਵਾਂ ਹਿੱਸਾ ਮੁਆਫ ਕਰਵਾਇਆ। ਸਮਾਜਿਕ ਸੁਧਾਰ ਵਜੋਂ ਗੁਰੂ ਸਾਹਿਬ ਨੇ ਬਾਹੜਵਾਲ ਦੇ ਚੌਧਰੀ ਹੇਮਾ ਦਾ ਇਕ ਵਿਧਵਾ ਇਸਤਰੀ ਨਾਲ ਵਿਆਹ ਕਰਵਾਇਆ।[21] ਉਕਤ ਕਾਰਨਾਂ ਕਰਕੇ ਸਿੱਖ ਪੰਥ ਦਾ ਹੋਰ ਪ੍ਰਸਾਰ ਹੋਇਆ। ਪਰ ਸਿੱਖ ਧਰਮ ਦੇ ਪ੍ਰਸਾਰ ਦੀ ਇਹ ਰਫ਼ਤਾਰ ਬਹੁਤੀ ਦੇਰ ਕਾਇਮ ਨਾ ਰਹਿ ਸਕੀ, ਕਿਉਂਕਿ ਬਾਦਸ਼ਾਹ ਅਕਬਰ ਦੀ ਮੌਤ ਤੋਂ ਬਾਅਦ ਮੁਗ਼ਲ ਸਰਕਾਰ ਦੀ ਧਾਰਮਿਕ ਫ਼ਿਰਕਿਆਂ ਪ੍ਰਤੀ ਗੈਰ-ਇਸਲਾਮੀ ਧਾਰਮਿਕ ਨੀਤੀ ਵਿਚ ਪਰਿਵਰਤਨ ਆਉਣਾ ਆਰੰਭ ਹੋ ਗਿਆ ਸੀ। ਭਾਰਤ ਵਿਚ ਉਸ ਸਮੇਂ ਇਸਲਾਮੀ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਪੂਰੇ ਜ਼ੋਰਾਂ ’ਤੇ ਸੀ। ਇਸ ਤਰ੍ਹਾਂ ਇਸਲਾਮੀ ਫ਼ਿਰਕਾਪ੍ਰਸਤੀ, ਲੋਕਾਂ ਪ੍ਰਤੀ ਹਮਦਰਦੀ (ਖੁਸਰੋ ਦੀ ਮਦਦ ਆਦਿ) ਅਤੇ ਗੁਰੂ ਪਾਤਸ਼ਾਹ ਦੇ ਘਰੇਲੂ (ਭਰਾ ਪ੍ਰਿਥੀ ਚੰਦ ਤੋਂ ਇਲਾਵਾ ਚੰਦੂ) ਕਾਰਣਾਂ ਕਰਕੇ ਗੁਰੂ ਅਰਜਨ ਦੇਵ ਸਾਹਿਬ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਇਸ ਸਮੇਂ ਤੋਂ ਬਾਅਦ ਗੈਰ-ਮੁਸਲਮਾਨਾਂ ’ਤੇ ਅੱਤਿਆਚਾਰਾਂ ਦਾ ਦੌਰ ਸ਼ੁਰੂ ਹੋਇਆ।

## 1.6. ਗੁਰੂ ਹਰਿਗੋਬਿੰਦ ਕਾਲ :-

ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦੇਣ ਤੋਂ ਪਹਿਲਾਂ ਸਮਕਾਲੀ ਹਾਲਾਤ ਵੇਖ ਕੇ ਪ੍ਰਤੀਤ ਕੀਤਾ, ਕਿ ਅਜਿਹੇ ਸਮੇਂ ਵਿਚ ਗੁਰਗੱਦੀ ’ਤੇ ਬਿਰਾਜਮਾਨ ਹੋਣ ਵਾਲੇ ਵਿਅਕਤੀ ਲਈ ਸੰਤ ਦੇ ਨਾਲ-ਨਾਲ ਸਿਪਾਹੀ ਵਾਲੇ ਸਾਰੇ ਗੁਣ ਹੋਣੇ ਵੀ ਜ਼ਰੂਰੀ ਹਨ। ਇਸ ਲਈ ਗੁਰੂ ਸਾਹਿਬ ਨੇ ਆਪਣੇ ਸਪੁੱਤਰ ਸ੍ਰੀ ਹਰਿਗੋਬਿੰਦ (1593-1644 ਈ.) ਜੀ ਨੂੰ ਅਜਿਹੀ ਸਿੱਖਿਆ ਦੇਣ ਦਾ ਕਾਰਜ ਬਾਬਾ ਬੁੱਢਾ ਜੀ ਨੂੰ ਸੌਂਪਿਆ, ਜੋ ਕਿ ਇਕ ਤਜ਼ਰਬੇਕਾਰ ਸਿੱਖ ਸੀ। ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਹਰਿਗੋਬਿਦ ਜੀ ਨੂੰ ਗੁਰਬਾਣੀ ਦੇ ਨਾਲ-ਨਾਲ ਸ਼ਸਤਰਾਂ ਦੀ ਵਰਤੋਂ, ਘੋੜ ਸਵਾਰੀ, ਕੁਸ਼ਤੀ, ਜੋਧਿਆਂ ਤੇ ਸੂਰਬੀਰਾਂ ਦੇ ਕਰਤੱਬਾਂ ਆਦਿਕ ਦੀ ਸਿਖਲਾਈ ਵੀ ਕਰਾਈ। ਸ੍ਰੀ ਗੁਰੂ

[21] ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1765), ਪੰਨਾ 32.

ਹਰਿਗੋਬਿੰਦ ਸਾਹਿਬ ਹਰ ਪਾਸਿਓਂ ਮੁਕੰਮਲ ਯੋਗਤਾ ਵਾਲੇ ਸਰਵ-ਪੱਖੀ ਪੁਰਸ਼ ਬਣ ਗਏ।[22] ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਭਾਈ ਗੁਰਦਾਸ ਨੇ ਪਹਿਲੀ ਵਾਰ ਦੀ ਅਠਤਾਲੀਵੀਂ ਪਉੜੀ ਵਿਚ ਲਿਖਿਆ ਹੈ - "ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥" ਗਿਆਰਾਂ ਸਾਲ ਦੀ ਉਮਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ 'ਤੇ ਬਿਰਾਜਾਮਾਨ ਹੋਏ। ਉਸ ਸਮੇਂ ਧਾਰਮਿਕ ਰੰਜਿਸ਼ਾਂ ਅਤੇ ਰਾਜਨੀਤਿਕ ਸਾਜਿਸ਼ਾਂ ਆਪਣੀ ਚਰਮ ਸੀਮਾ 'ਤੇ ਸਨ। ਇਸ ਸਮੇਂ ਜਦੋਂ ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਲਾਉਣ ਪਿੱਛੋਂ ਸੇਲੀ ਟੋਪੀ ਪੇਸ਼ ਕੀਤੀ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਕਿਹਾ, 'ਇਹ ਸ਼ੈਆਂ ਹੁਣ ਤੋਸ਼ੇਖਾਨੇ ਵਿਚ ਰਖਵਾ ਦਿਓ। ਇਨ੍ਹਾਂ ਵਾਲਾ ਸਮਾਂ ਲੰਘ ਚੁੱਕਿਆ ਹੈ, ਸਾਨੂੰ ਦਸਤਾਰ, ਕਲਗੀ ਤੇ ਤਲਵਾਰ ਦਿਓ' ਅਜਿਹਾ ਹੀ ਕੀਤਾ ਗਿਆ। ਆਪ ਨੇ ਇਕ ਤਲਵਾਰ ਦੀ ਥਾਂ ਦੋ ਤਲਵਾਰਾਂ ਪਹਿਨੀਆਂ, ਇਕ ਪੀਰੀ ਦੀ ਤੇ ਇਕ ਮੀਰੀ ਦੀ। ਇਕ ਆਤਮਿਕ ਪੱਖ ਵਿਚ ਅਗਵਾਈ ਦੀ ਨਿਸ਼ਾਨੀ ਅਤੇ ਦੂਜੀ ਸੰਸਾਰਕ ਮਾਮਲਿਆਂ ਸੰਬੰਧੀ ਅਗਵਾਈ ਨੂੰ ਦਰਸਾਉਂਦੀ ਸੀ। ਗੁਰੂ ਸਾਹਿਬ ਜਿਹੜੇ ਕਿ ਪਹਿਲਾਂ ਫ਼ਕੀਰੀ ਵੇਸ ਵਿਚ ਰਹਿੰਦੇ ਸਨ, ਹੁਣ 'ਸੱਚਾ ਪਾਤਸ਼ਾਹ' ਦਾ ਪਦ ਧਾਰਨ ਕਰ ਲਿਆ। ਉਨ੍ਹਾਂ ਦੀ ਧਰਮ ਸੰਸਥਾ ਨੇ ਧਰਮ ਦੇ ਅਸੂਲਾਂ ਉੱਤੇ ਅਧਾਰਿਤ ਇਕ ਰਾਜ ਦਾ ਰੂਪ ਧਾਰਨ ਕਰ ਲਿਆ।[23] ਗੁਰੂ ਸਾਹਿਬ ਨੇ ਸੂਰਬੀਰਤਾ ਤੇ ਕੌਮੀ ਭਾਵਾਂ ਦੇ ਪ੍ਰਚਾਰ ਵਿਕਾਸ ਲਈ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਇਕ ਤਖਤ (ਸ੍ਰੀ ਅਕਾਲ ਤਖਤ) ਬਣਵਾਇਆ। ਸਵੇਰ ਵੇਲੇ ਸੰਗਤਾਂ ਦਰਬਾਰ ਸਾਹਿਬ ਜੁੜਦੀਆਂ ਜਿਥੇ ਗੁਰਬਾਣੀ ਦਾ ਕੀਰਤਨ ਹੁੰਦਾ। ਦੁਪਹਿਰ ਤੋਂ ਬਾਅਦ ਸੰਗਤਾਂ ਅਕਾਲ ਤਖਤ ਸਾਹਮਣੇ ਇਕੱਤਰ ਹੁੰਦੀਆਂ, ਇੱਥੇ ਸਰੀਰਕ ਕਸਰਤਾਂ ਹੁੰਦੀਆਂ ਅਤੇ ਢਾਡੀਆਂ ਦੁਆਰਾ ਸੂਰਮਿਆਂ ਦੀਆਂ ਵਾਰਾਂ ਗਾਈਆਂ ਜਾਣ ਲੱਗੀਆਂ। ਗੁਰੂ ਸਾਹਿਬ ਨੇ ਆਪਣੀ ਅਰਦਲ ਵਿਚ ਰੱਖਣ ਲਈ 52 ਬਲਵਾਨ ਜਵਾਨਾਂ ਦੀ ਨਿੱਜੀ ਗਾਰਦ (ਫ਼ੌਜ) ਤਿਆਰ ਕੀਤੀ। ਇਹ ਗਾਰਦ ਆਪ ਜੀ ਦੀ ਫ਼ੌਜ ਦੀ ਨੀਂਹ ਹੀ ਨਹੀਂ ਸੀ, ਸਗੋਂ ਭਵਿੱਖਤ ਸਿੱਖ ਫ਼ੌਜ ਦੀ ਨੀਂਹ ਜਾਂ ਮੁੱਢ ਵੀ ਬਣੀ।[24] ਗੁਰੂ ਹਰਿਗੋਬਿੰਦ ਸਾਹਿਬ ਨੂੰ ਜਹਾਂਗੀਰ ਨੇ

---

[22] ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1765), ਪੰਨੇ 38.

[23] *ਉਹੀ*, ਪੰਨਾ 41.

[24] *ਉਹੀ*, ਪੰਨਾ 38.

ਕੁਝ ਸਮਾਂ ਕੈਦ ਵਿਚ ਵੀ ਰੱਖਿਆ। ਰਿਹਾਅ ਹੋਣ ਵੇਲੇ ਆਪ ਨੇ ਹੋਰ 52 ਰਾਜਿਆਂ ਨੂੰ ਰਿਹਾਅ ਕਰਵਾ ਕੇ ਨਵੀਂ ਮਿਸਾਲ ਕਾਇਮ ਕੀਤੀ। ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦਾ ਕੰਮ ਗੁਰੂ ਸਾਹਿਬ ਨੇ ਆਪਣੇ ਸਪੁੱਤਰ ਬਾਬਾ ਗੁਰਦਿੱਤਾ ਨੂੰ ਸੌਂਪਿਆ ਤੇ ਉਨ੍ਹਾਂ ਨੂੰ ਹੁਕਮ ਕੀਤਾ ਕਿ ਸਿੱਖੀ ਦਾ ਪ੍ਰਚਾਰ ਜਥੇਬੰਦ ਢੰਗ ਨਾਲ ਕਰੋ। ਇਸ ਲਈ ਬਾਬਾ ਗੁਰਦਿੱਤਾ ਜੀ ਨੇ ਚਾਰ ਵਿਅਕਤੀ ਅਲਮਸਤ, ਬਾਲੂ ਹਸਨਾ, ਫੂਲਸ਼ਾਹ ਤੇ ਗੋਂਦਾ ਜੀ ਨਿਯੁਕਤ ਕੀਤੇ। ਇਨ੍ਹਾਂ ਨੂੰ ਚਾਰ ਧੂਏਂ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਹੋਰ ਵੀ ਪ੍ਰਬੰਧ ਕੀਤੇ। ਆਪਣੇ ਕਈ ਪ੍ਰਮੁੱਖ ਸਿੱਖਾਂ ਜਿਵੇਂ:- ਭਾਈ ਗੁਰਦਾਸ, ਭਾਈ ਬਿਧੀਚੰਦ ਅਤੇ ਭਾਈ ਗੜ੍ਹੀਆ ਆਦਿ ਨੂੰ ਵੱਖ-ਵੱਖ ਖੇਤਰਾਂ ਵਿਚ ਸਿੱਖੀ ਦੇ ਪ੍ਰਚਾਰ ਲਈ ਭੇਜਿਆ।

## 1.7. ਗੁਰੂ ਹਰਿ ਰਾਇ ਕਾਲ :-

ਗੁਰੂ ਹਰਿ ਰਾਇ ਸਾਹਿਬ (1630-1661 ਈ.) ਦਾ ਪਾਲਣ-ਪੋਸ਼ਣ ਗੁਰੂ ਹਰਿਗੋਬਿੰਦ ਸਾਹਿਬ ਦੀ ਦੇਖ-ਰੇਖ ਵਿਚ ਹੋਇਆ। ਗੁਰੂ ਸਾਹਿਬ ਨੇ ਆਪਣੇ ਪੋਤਰੇ (ਹਰਿਰਾਏ) ਨੂੰ ਧਾਰਮਕਿ ਵਿੱਦਿਆ, ਗੁਰਬਾਣੀ ਵਿਚਾਰ ਤੇ ਸ਼ਸਤਰ ਵਿੱਦਿਆ ਦੀ ਸਿਖਲਾਈ ਦਾ ਪ੍ਰਬੰਧ ਕੀਤਾ। ਛੇਵੇਂ ਪਾਤਸ਼ਾਹ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਹਰਿ ਰਾਇ ਜੀ ਨੂੰ ਗੁਰਿਆਈ ਦਾ ਤਿਲਕ ਲਗਾ ਕੇ ਗੁਰਗੱਦੀ ਦੇ ਸਮੁੱਚੇ ਕਾਰਜ-ਭਾਰ ਦਾ ਅਧਿਕਾਰੀ ਬਣਾਇਆ। ਗੁਰੂ ਹਰਿ ਰਾਇ ਜੀ ਨੇ ਫ਼ੌਜ ਰੱਖੀ, ਜਿਨ੍ਹਾਂ ਦੀ ਗਿਣਤੀ 2200 ਸੀ ਪਰ ਆਪ ਨੇ ਕਦੇ ਵੀ ਜੰਗ ਨਹੀਂ ਕੀਤੀ। ਹਮੇਸ਼ਾਂ ਅਮਨ ਸਹਿਤ ਗੁਰਸਿੱਖੀ ਦਾ ਪ੍ਰਚਾਰ ਕਰਦੇ ਰਹੇ। ਗੁਰੂ ਹਰਿਰਾਏ ਸਾਹਿਬ ਸ਼ਿਕਾਰ ਖੇਡਣ ਦੇ ਬਹੁਤ ਸ਼ੌਕੀਨ ਸਨ। ਸ਼ਿਕਾਰ ਖੇਡਦੇ ਪਰ ਸ਼ਿਕਾਰ ਨੂੰ ਜੀਉਂਦਾ ਫੜਦੇ ਤੇ ਉਸ ਨੂੰ ਆਪਣੇ ਬਾਗ ਵਿਚ ਲੈ ਆਉਂਦੇ ਤੇ ਉਸ ਦਾ ਪਾਲਣ-ਪੋਸ਼ਣ ਕਰਦੇ। ਆਪ ਜੀ ਦੇ ਬਾਗ ਵਿਚ ਬਹੁਤ ਸਾਰੇ ਜਾਨਵਰ ਸਨ, ਜੋ ਇਕ ਚਿੜੀਆ ਘਰ ਬਣ ਗਿਆ ਸੀ।[25] ਇਸ ਦਾ ਜ਼ਿਕਰ ਸਰੂਪ ਦਾਸ ਭੱਲਾ ਨੇ ਮਹਿਮਾ ਵਿਚ ਵੀ ਕੀਤਾ ਕੀਤਾ ਹੈ - "ਪੁਨਿ ਦਿਆਲ ਸਿਕਾਰ ਚੜ ਜਾਵੈ ...॥ ...ਪਸ ਪੰਖੀ ਬਾਘ ਬਿਲੀਆ ਸਿਆਰ॥"[26] ਇਸ ਦੇ ਨਾਲ ਹੀ ਗਰੀਬਾਂ

---

25 ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਪੰਨੇ 615-16.

26 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ, ਪੰਨੇ 545-46.

ਤੇ ਲੋੜਵੰਦਾਂ ਦੀ ਸੇਵਾ ਵੱਲ ਗੁਰੂ ਸਾਹਿਬ ਨੇ ਖਾਸ ਧਿਆਨ ਦਿੱਤਾ। ਜੋ ਵੀ ਗੁਰੂ ਦਰਸ਼ਨਾਂ ਨੂੰ ਆਉਂਦਾ, ਉਹ ਪੁਛਦੇ ਕਿ ਤੁਸੀਂ ਘਰ ਵਿਚ ਭੁਖੇ ਪਿਆਸੇ ਨੂੰ ਭੋਜਨ ਛਕਾਉਂਦੇ ਹੋ। ਮਹਿਮਾ ਪ੍ਰਕਾਸ਼ ਅਨੁਸਾਰ - "ਜੋ ਗੁਰ ਕਾ ਸਿਖ ਸੇਵਾ ਮਨ ਧਰੇ॥ ਗੁਰ ਨਮਿਤ ਲੰਗਰ ਗ੍ਰਿਹ ਕਰੇ॥"[27] ਗੁਰੂ ਸਾਹਿਬ ਲੰਗਰ ਨੂੰ ਸਿੱਖਾਂ ਦੀ ਰਹਿਣੀ ਦਾ ਜ਼ਰੂਰੀ ਅੰਗ ਸਮਝਦੇ ਸਨ। ਇਸ ਲਈ ਉਹ ਸੰਗਤ ਨੂੰ ਆਪੋ-ਆਪਣੇ ਪਿੰਡਾਂ ਵਿਚ ਲੰਗਰ ਚਲਾਉਣ ਦਾ ਹੁਕਮ ਦਿੰਦੇ। ਗੁਰੂ ਸਾਹਿਬ ਨੇ ਰੋਗੀਆਂ ਲਈ ਬੜਾ ਵੱਡਾ ਦਵਾਖਾਨਾ ਖੋਲ੍ਹਿਆ ਅਤੇ ਉਸ ਵਿਚ ਬੜੀਆਂ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਵਾ ਕੇ ਰੱਖੀਆਂ। ਰੋਗੀ ਕਿਸੇ ਵੇਲੇ ਵੀ ਆ ਜਾਂਦਾ ਉਸ ਨੂੰ ਮੁਫ਼ਤ ਦਵਾਈ ਦਿੰਦੇ। ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਬਿਮਾਰ ਹੋਣ ਤੇ ਇਸੇ ਦਵਾਖਾਨੇ ਵਿਚੋਂ ਠੀਕ ਹੋਇਆ ਸੀ।[28]

ਪ੍ਰਿੰਸੀਪਲ ਤੇਜਾ ਸਿੰਘ ਮਹਿਮਾ ਪ੍ਰਕਾਸ਼ ਦੇ ਹਵਾਲੇ ਨਾਲ ਲਿਖਦੇ ਹਨ ਕਿ ਗੁਰੂ ਹਰਿਰਾਏ ਜੀ ਦੇ ਸਮੇਂ ਦੌਰਾਨ ਸਿੱਖ ਮੱਤ ਨੇ ਚੰਗੀ ਉਨਤੀ ਕੀਤੀ। ਉਨ੍ਹਾਂ ਨੇ ਇਕ ਸੰਨਿਆਸੀ ਭਗਤ ਭਗਵਾਨ ਦਾਸ ਨੂੰ ਜਿਹੜਾ ਸਿੱਖ ਹੋ ਗਿਆ ਸੀ, ਨੂੰ ਪੰਜਾਬ ਤੋਂ ਬਾਹਰ ਪੂਰਬ ਵਿਚ ਸਿੱਖ ਮੱਤ ਦੇ ਪ੍ਰਚਾਰ ਲਈ ਭੇਜਿਆ। ਕੈਥਲ ਅਤੇ ਬਾਗੜੀਆਂ ਦੇ ਭਾਈ ਪਰਿਵਾਰਾਂ ਨੂੰ ਜਮਨਾ ਅਤੇ ਸਤਲੁਜ ਦਰਿਆਵਾਂ ਦੇ ਦਰਮਿਆਨੀ ਇਲਾਕੇ ਵਿਚ ਪ੍ਰਚਾਰ ਦਾ ਕੰਮ ਸੌਂਪਿਆ ਗਿਆ - "ਲੇ ਆਗਿਆ ਪੂਰਬ ਕੋ ਆਏ॥...ਪੂਰਬ ਦੇਸ ਤਿਨ ਕੀਆ ਨਿਹਾਲ॥"[29] ਮਿਸਟਰ ਕਨਿੰਘਮ ਅਨੁਸਾਰ ਗੁਰੂ ਹਰਿ ਰਾਇ ਜੀ ਬੜੇ ਨਰਮ ਸੁਭਾਅ ਦੇ ਸਨ ਜਿਸ ਕਰਕੇ ਸਾਰੇ ਲੋਕ ਆਪ ਜੀ ਦੀ ਬੜੀ ਇਜ਼ਤ ਕਰਦੇ ਸਨ। ਬਹੁਤ ਸਾਰੇ 'ਭਾਈ' ਅਰਥਾਤ ਗੁਰੂ ਜੀ ਦੇ ਨੂਰਿ ਨਜ਼ਰ ਸਿੱਖ ਆਪਣੇ-ਆਪ ਨੂੰ ਇਕ ਐਸੇ ਸਿੱਖ ਦੇ ਵਾਰਸ ਦਸਦੇ ਸਨ ਜਿਸ ਉੱਤੇ ਗੁਰੂ ਹਰਿ ਰਾਇ ਜੀ ਦੀ ਖਾਸ ਤੌਰ 'ਤੇ ਮਿਹਰ ਸੀ।[30] ਇਸ ਤੋਂ ਇਲਾਵਾ ਗੁਰੂ ਸਾਹਿਬ ਦੇ ਸਮਕਾਲੀ ਮੁਗ਼ਲ ਸ਼ਾਸਕ ਨਾਲ ਚੰਗੇ ਸੰਬੰਧਾਂ ਬਾਰੇ ਗੋਕਲ ਚੰਦ ਨਾਰੰਗ ਲਿਖਦਾ ਹੈ ਕਿ 1648 ਈ.

---

27 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ, ਪੰਨਾ 566.

28 ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਪੰਨੇ 619.

29 ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1765), ਪੰਨੇ 54-55.

30 ਜੋਜ਼ਫ ਡੈਵਿਡ ਕਨਿੰਘਮ, ਸਿੱਖ ਇਤਿਹਾਸ, ਪੰਨਾ 74.

ਗੁਰੂ ਸਾਹਿਬ ਦੁਆਰਾ ਭੇਜੀ ਦਵਾ ਨਾਲ ਸ਼ਹਿਜ਼ਾਦਾ (ਦਾਰਾ ਸ਼ਿਕੋਹ) ਬਚਿਆ ਸੀ। ਉਸ ਤੋਂ ਪਿੱਛੋਂ ਸਦਾ ਉਨ੍ਹਾਂ ਦਾ ਅਹਿਸਾਨਮੰਦ ਰਿਹਾ ਸੀ ਅਤੇ ਉਸ ਦੇ ਹਿੰਦੂ ਸੰਸਕਾਰ ਤੇ ਗੁਰੂ ਸਾਹਿਬ ਦੇ ਪਵਿੱਤਰ ਜੀਵਨ ਪ੍ਰਤਿ ਸ਼ਲਾਘਾ-ਭਾਵਨਾ ਨੇ ਦੋਵਾਂ ਦੇ ਸੰਬੰਧਾਂ ਨੂੰ ਗਹਿਰੀ ਮਿੱਤਰਤਾ ਵਿਚ ਬਦਲ ਦਿੱਤਾ ਸੀ। 1658 ਈ. ਵਿਚ ਜਦੋਂ ਔਰੰਗਜ਼ੇਬ ਦੀਆਂ ਫ਼ੌਜਾਂ ਦਾਰੇ ਦਾ ਬੜੀ ਤਕੜਾਈ ਨਾਲ ਪਿੱਛਾ ਕਰ ਰਹੀਆਂ ਸਨ ਤਾਂ ਉਸ ਨੇ ਗੁਰੂ ਸਾਹਿਬ ਦੀ ਸ਼ਰਨ ਲਈ। ਗੁਰੂ ਸਾਹਿਬ ਨੇ ਆਪਣਾ ਇਕ ਦਸਤਾ ਭੇਜਿਆ ਜਿਸ ਨੇ ਔਰੰਗਜ਼ੇਬ ਦੀਆਂ ਫ਼ੌਜਾਂ ਨਾਲ ਬਿਆਸ ਦੇ ਰਾਹ ’ਤੇ ਟੱਕਰ ਲਈ ਅਤੇ ਉਨ੍ਹਾਂ ਨੂੰ ਦਰਿਆ ਪਾਰ ਕਰਨ ਤੋਂ ਰੋਕੀ ਰੱਖਿਆ ਜਦ ਤੱਕ ਕਿ ਦਾਰਾ ਵਧੇਰੇ ਸੁਰੱਖਿਅਤ ਸਥਾਨ ’ਤੇ ਨਾ ਪਹੁੰਚ ਗਿਆ। ਗੁਰੂ ਹਰਿ ਰਾਇ ਜੀ ਨੇ ਇਸ ਤੋਂ ਪਿੱਛੋਂ ਕਦੇ ਵੀ ਹਥਿਆਰ ਨਾ ਚੁੱਕੇ ਅਤੇ ਉਹ ਸ਼ਾਂਤਮਈ ਸੰਗਠਨ ਵਿਚ ਰੁਝ ਗਏ।[31]

## 1.8. ਗੁਰੂ ਹਰਿ ਕ੍ਰਿਸ਼ਨ ਕਾਲ :-

ਗੁਰੂ ਹਰਿ ਰਾਇ ਸਾਹਿਬ ਤੋਂ ਬਾਅਦ ਉਨ੍ਹਾਂ ਦੇ ਛੋਟੇ ਸਪੁੱਤਰ (ਗੁਰੂ) ਹਰਿ ਕ੍ਰਿਸ਼ਨ (1656-1664 ਈ.) ਜੀ ਲਗਭਗ ਸਵਾ ਕੁ ਪੰਜ ਸਾਲ ਦੀ ਉਮਰ ਵਿਚ ਗੁਰਗੱਦੀ ’ਤੇ ਬਿਰਾਜਮਾਨ ਹੋਏ। ਛੋਟੀ ਉਮਰ ਵਿਚ ਆਪ ਨੇ ਗੁਰਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੇ ਵਾਧੇ ਲਈ ਹਰ ਪਾਸੇ ਪ੍ਰਚਾਰਕ ਭੇਜੇ। ਗੁਰੂ ਹਰਿ ਕ੍ਰਿਸ਼ਨ ਸਾਹਿਬ ਦਿੱਲੀ ਨੂੰ ਜਾਂਦੇ ਅੰਬਾਲੇ ਲਾਗੇ ਪਿੰਡ ਪੰਜੋਖੇ (ਪੰਜੋਖਰੇ) ਠਹਿਰੇ। ਉੱਥੇ ਆਪ ਦੀ ਭੇਂਟ ਇਕ ਅਹੰਕਾਰੀ ਬ੍ਰਾਹਮਣ ਨਾਲ ਹੋਈ। ਉਸ ਨੇ ਆਪ ਨੂੰ ਗੀਤਾ ਦੇ ਅਰਥ ਕਰਨ ਲਈ ਕਿਹਾ। ਆਪ ਨੇ ਕਿਰਪਾ ਕਰਕੇ ਉਸੇ ਪਿੰਡ ਦੇ ਇਕ ਸਧਾਰਨ ਵਿਅਕਤੀ ਛੱਜੂ ਝੀਉਰ ਤੋਂ ਗੀਤਾ ਦੇ ਅਰਥ ਕਰਵਾਏ, ਜਿਸ ਨੂੰ ਸੁਣ ਕੇ ਉਹ ਪੰਡਿਤ ਗੁਰੂ ਸਾਹਿਬ ਦਾ ਸਿੱਖ ਬਣਿਆ ਤੇ ਹੋਰ ਸੰਗਤ ਵਿਚ ਵਾਧਾ ਹੋਇਆ।[32]

ਦਿੱਲੀ ਵਿਚ ਗੁਰੂ ਹਰਿ ਕ੍ਰਿਸ਼ਨ ਜੀ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰਗੱਦੀ ‘ਬਾਬਾ ਬਕਾਲੇ’ ਕਹਿ ਕੇ ਸੌਂਪ ਗਏ ਸਨ। ਗੁਰੂ ਜੀ ਦੇ ਪੂਰੇ ਹੋਣ ’ਤੇ ਇਹ ਸਵਾਲ ਉਠਿਆ ਕਿ ਉਨ੍ਹਾਂ ਦਾ ਉੱਤਰਾਧਿਕਾਰੀ ਕੌਣ ਹੋਵੇਗਾ।

---

31 ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, ਪੰਨੇ 65-66.

32 ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਪੰਨੇ 658.

ਉਨ੍ਹਾਂ ਦੇ ਲਾਲਚੀ ਰਿਸ਼ਤੇਦਾਰਾਂ ਨੇ ਉਨ੍ਹਾਂ ਦੇ ਆਖ਼ਰੀ ਸ਼ਬਦਾਂ ਦੀ ਅਸਪਸ਼ਟਤਾ ਤੋਂ ਲਾਭ ਅਤੇ ਗੁਰਿਆਈ ਲਈ ਆਪਣਾ ਦਾਅਵਾ ਜਿਤਲਾਉਣ ਲਈ ਬਕਾਲਾ ਪਿੰਡ ਵਿਚ ਜਾ ਇਕੱਠੇ ਹੋਏ। ਉਸ ਸਮੇਂ ਗੁਰੂ ਲੱਭਣਾ ਦੁਬਿਧਾ ਵਾਲੀ ਗੱਲ ਸੀ। ਇੱਕ ਸਿਦਕੀ ਸਿੱਖ ਭਾਈ ਮੱਖਣ ਸ਼ਾਹ ਲੁਬਾਣੇ ਨੇ ਗੁਰੂ ਸਾਹਿਬ ਦੀ ਸ਼ਰਧਾ ਵੱਸ ਭਾਲ ਕੀਤੀ ਤੇ ਗੁਰੂ ਤੇਗ ਬਹਾਦਰ ਜੀ ਨੂੰ ਸੰਗਤ ਦਰਸ਼ਨਾਂ ਲਈ ਜੱਗ ਵਿਚ ਜਾਹਰ ਕੀਤਾ।[33] ਜਿਸ ਨਾਲ ਗੁਰੂ ਪ੍ਰਤੀ ਦੁਬਿਧਾ ਵਿਚ ਫਸੀ ਸੰਗਤ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਆਪਣੇ ਆਪ ਨੂੰ ਸੁਭਾਗਾ ਸਮਝਣ ਲੱਗੀ।

## 1.9. ਗੁਰੂ ਤੇਗ ਬਹਾਦਰ ਕਾਲ :-

ਗੁਰੂ ਤੇਗ ਬਹਾਦਰ ਜੀ (1621-1675 ਈ.) ਪਰਿਵਾਰ ਸਮੇਤ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਲੰਮੇ ਸਮੇਂ ਵਾਸਤੇ ਸਫ਼ਰ ’ਤੇ ਨਿਕਲ ਤੁਰੇ ਸਨ। ਉਨ੍ਹਾਂ ਨੇ ਉਤਰੀ ਭਾਰਤ ਵਿਚ ਪ੍ਰਚਾਰ ਕਰਨ ਦਾ ਨਿਸ਼ਾਨਾ ਸਾਹਮਣੇ ਰੱਖਿਆ। ਗੁਰੂ ਸਾਹਿਬ ਨੇ ਮਾਲਵੇ ਅਤੇ ਬਾਂਗਰ ਦੇ ਇਲਾਕੇ ਵਿਚ ਵੀ ਪ੍ਰਚਾਰ ਕੀਤਾ ਅਤੇ ਲੋਕਾਂ ਦੀ ਵਰਤੋਂ ਲਈ ਬਹੁਤ ਸਾਰੇ ਸਰੋਵਰ ਤੇ ਖੂਹ ਪੁਟਵਾਏ।[34] ਡਾ. ਕਿਰਪਾਲ ਸਿੰਘ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਪੁੱਤਰ ਵਜੋਂ ਵੀ ਧਰਮ ਪ੍ਰਚਾਰ ਹਿਤ ਵੱਖ-ਵੱਖ ਖੇਤਰਾਂ ਦੇ ਦੌਰੇ ਕੀਤੇ। ਗੁਰਿਆਈ ਮਿਲਣ ਤੋਂ ਬਾਅਦ ਆਪ ਗੁਰੂ ਰੂਪ ਵਿਚ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਦੂਰ-ਦੁਰਾਡੇ ਯਾਤਰਾਵਾਂ ’ਤੇ ਜਾਂਦੇ ਰਹੇ।[35]

ਗੁਰੂ ਤੇਗ ਬਹਾਦਰ ਜੀ ਦਾ ਸਮਾਂ ਮੁਗ਼ਲ ਸਲਤਨਤ ਦੇ ਜ਼ਬਰ ਦਾ ਸਮਾਂ ਸੀ। ਔਰੰਗਜ਼ੇਬ ਜ਼ਬਰੀ ਗ਼ੈਰ-ਮੁਸਲਮਾਨਾਂ ਨੂੰ ਮੁਸਲਮਾਨ ਬਣਾਉਣ ਵਿਚ ਲੱਗਿਆ ਹੋਇਆ ਸੀ। ਬਾਦਸ਼ਾਹ ਔਰੰਗਜ਼ੇਬ ਨੇ ਕਸ਼ਮੀਰ ਦੇ ਹਿੰਦੂ ਬ੍ਰਾਹਮਣਾਂ ਨੂੰ ਜ਼ਬਰੀ ਮੁਸਲਮਾਨ ਬਣਾਉਣਾ ਚਾਹਿਆ। ਇਹ ਇਕੱਠੇ ਹੋ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਫਰਿਆਦ ਲੈ ਕੇ ਅਨੰਦਪੁਰ ਪਹੁੰਚੇ। ਗੁਰੂ ਸਾਹਿਬ ਨੇ ਇਨ੍ਹਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਭਰੋਸਾ ਦਿਤਾ ਕਿ ਤੁਹਾਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ। ਤੁਸੀਂ ਔਰੰਗਜ਼ੇਬ ਨੂੰ ਸੁਨੇਹਾ ਭੇਜੋ ਕਿ ਸਭ ਤੋਂ ਪਹਿਲਾਂ ਗੁਰੂ ਤੇਗ

---

33 ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1765), ਪੰਨਾ 50.

34 *ਉਹੀ*, ਪੰਨਾ 59.

35 ਭਾਈ ਸੰਤੋਖ ਸਿੰਘ ਕ੍ਰਿਤ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ-ਬ੍ਰਿਤਾਂਤ (ਭਾਗ ਤੀਜਾ), ਸੰਪਾ. ਡਾ. ਕਿਰਪਾਲ ਸਿੰਘ, ਪੰਨੇ15-16.

ਬਹਾਦਰ ਨੂੰ ਮੁਸਲਮਾਨ ਬਣਾਓ! ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਇਸ ਤੋਂ ਇਲਾਵਾ ਗੋਕਲ ਚੰਦ ਨਾਰੰਗ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪ੍ਰਚਾਰ ਦੌਰੇ ਜਾਰੀ ਰੱਖੇ। ਹੌਲੀ-ਹੌਲੀ ਬਹੁ ਗਿਣਤੀ ਵਿਚ ਸ਼ਰਧਾਲੂਆਂ ਦੀ ਸੰਗਤ ਵਿਚ ਗੁਰੂ ਸਾਹਿਬ ਇਕ ਅਸਥਾਨ ਤੋਂ ਦੂਜੇ ਅਸਥਾਨ ਉੱਤੇ ਸਥਾਨਕ ਸਿੱਖਾਂ ਨਾਲ ਜਾਂਦੇ। ਸ਼ਰਧਾਲੂ ਲੋਕ ਜਿੱਥੇ ਆਪਣੇ ਗੁਰੂ ਦਾ ਨਿੱਘਾ ਸੁਆਗਤ ਕਰਦੇ ਉੱਥੇ ਕੁਝ ਭੇਟਾ ਵੀ ਚੜਾਉਂਦੇ। ਇੱਥੋਂ ਤੱਕ ਕਿ ਹਕੂਮਤ ਨੂੰ ਸ਼ੱਕ ਹੋ ਗਿਆ ਕਿ ਕਿਤੇ ਗੁਰੂ ਸਾਹਿਬ ਰਾਜ ਲਈ ਖ਼ਤਰਨਾਕ ਸਿੱਧ ਨਾ ਹੋ ਜਾਣ। ਫਲਸਰੂਪ ਔਰੰਗਜ਼ੇਬ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰੀ ਦਾ ਹੁਕਮ ਦਿੱਤਾ।[36] ਗੁਰੂ ਸਾਹਿਬ ਦੀ ਸਿੱਖ ਸੰਗਤ ਵਿਚ ਵਧਦੀ ਪ੍ਰਤਿਭਾ ਬਾਰੇ *ਹਕੀਕਤ-ਏ-ਸਿੱਖਾਂ* ਦਾ ਲੇਖਕ ਲਿਖਦਾ ਹੈ ਕਿ ਗੁਰੂ ਤੇਗ ਬਹਾਦਰ ਦੇ ਸਮੇਂ ਵਿਚ ਸਿੱਖਾਂ ਦਾ ਭਾਰੀ ਇਕੱਠ ਜੁੜ ਗਿਆ ਸੀ। ਇਸ ਦੌਰਾਨ ਬਹੁਤ ਸਾਰੇ ਚੇਲੇ ਤੇ ਬੇਸ਼ਮਾਰ ਸ਼ਰਧਾਲੂ ਉਨ੍ਹਾਂ ਕੋਲ ਇਕੱਠੇ ਹੋ ਗਏ। ਇਨ੍ਹਾਂ ਦੀ ਸ਼ਬਦਾਵਲੀ ਵਿਚ ਮੁਰਸ਼ਿਦ ਨੂੰ 'ਗੁਰੂ' ਅਤੇ ਮੁਰੀਦ ਨੂੰ 'ਸਿੱਖ' ਕਹਿੰਦੇ ਹਨ।[37]

ਗੁਰੂ ਸਾਹਿਬ ਆਪ ਦਿੱਲੀ ਵੱਲ ਚਲ ਕੇ ਗਏ ਤੇ ਗ੍ਰਿਫਤਾਰੀ ਦਿੱਤੀ। ਗੁਰੂ ਜੀ ਦੇ ਨਾਲ ਕੁਝ ਸਿੱਖ ਵੀ ਗ੍ਰਿਫਤਾਰ ਕੀਤੇ ਗਏ ਸਨ, ਇਨ੍ਹਾਂ ਨੂੰ ਕੈਦ ਵਿਚ ਰੱਖਿਆ ਗਿਆ। ਪਹਿਲਾਂ ਗੁਰੂ ਤੇਗ ਬਹਦਾਰ ਜੀ ਦੇ ਨਾਲ ਗ੍ਰਿਫਤਾਰ ਕੀਤੇ ਸਿੱਖਾਂ ਭਾਈ ਮਤੀ ਦਾਸ, ਸਤੀ ਦਾਸ ਤੇ ਦਿਆਲਾ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਅਡੋਲ ਰਹੇ, ਫਿਰ ਗੁਰੂ ਜੀ ਨੂੰ ਕੋਈ ਕਰਾਮਾਤ, ਮੌਤ ਜਾਂ ਇਸਲਾਮ ਧਰਮ ਤਿੰਨਾਂ ਵਿਚੋਂ ਕਿਸੇ ਇਕ ਨੂੰ ਕਬੂਲ ਕਰਨ ਲਈ ਕਿਹਾ ਗਿਆ। ਗੁਰੂ ਸਾਹਿਬ ਨੇ ਮੌਤ ਨੂੰ ਕਬੂਲ ਕਰ ਕੇ ਹਿੰਦੂ ਧਰਮ ਦੀ ਰੱਖਿਆ ਕਰਦਿਆਂ ਸ਼ਹਾਦਤ ਪ੍ਰਾਪਤ ਕੀਤੀ। ਮਿਸਟਰ ਕਨਿੰਘਮ ਅਨੁਸਾਰ ਆਪ ਜੀ ਦੀ ਕੁਰਬਾਨੀ ਨੇ ਸ੍ਰੀ ਗੁਰੂ ਨਾਨਕ ਦੇਵ ਦੇ ਸਿੱਖਾਂ ਅੰਦਰ ਜਿੱਥੇ ਫ਼ੌਜੀ ਸਪਿਰਟ ਭਰੀ ਉੱਥੇ ਭਗਤੀ ਦੇ ਚਿੰਨ੍ਹ ਵੀ ਉਜਾਗਰ ਕੀਤੇ। ਆਪਣੇ ਪਿਤਾ ਦੀ ਤਲਵਾਰ ਲਈ ਆਪ ਦੇ ਅੰਦਰ ਜੋ ਸ਼ਰਧਾ ਸੀ ਅਤੇ ਆਪ ਦਾ ਬਾਰ-ਬਾਰ ਸਿੱਖਾਂ ਨੂੰ ਇਹ ਹੁਕਮ ਦੇਣਾ ਕਿ ਆਪ ਦੇ ਤੀਰਾਂ ਵਾਲੇ ਆਦਮੀ ਦੇ ਹੁਕਮ ਦੀ ਪੂਰੀ ਪੂਰੀ ਪਾਲਨਾ ਕੀਤੀ ਜਾਏ। ਇਹ ਗੱਲਾਂ ਦਸਦੀਆਂ ਹਨ ਕਿ ਆਪ

---

36 ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, ਅਨੁ. ਗੁਰਚਰਨ ਸਿੰਘ, ਪੰਨਾ 281.

37 ਬਲਵੰਤ ਸਿੰਘ ਢਿੱਲੋਂ, ਹਕੀਕਤ-ਏ-ਸਿੱਖਾਂ, ਪੰਨੇ 29-30.

ਧਾਰਮਕ ਲੀਡਰ ਨਾਲੋਂ ਸ਼ਾਹੀ ਗੁਣ ਵਧੀਕ ਰੱਖਦੇ ਸਨ। ਅਸਲ ਗੱਲ ਤਾਂ ਇਹ ਹੈ ਕਿ ਇਸ ਵੇਲੇ ਤੱਕ ਸਿੱਖ ਗੁਰੂ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' ਅਖਵਾਉਣ ਲਗ ਪਏ ਜਿਸ ਦਾ ਭਾਵ ਸ਼ਾਇਦ ਇਹ ਹੈ ਕਿ ਆਪ ਹਥਿਆਰਾਂ ਨਾਲ ਨਹੀਂ ਸਗੋਂ ਪਿਆਰ ਤੇ ਇਨਸਾਫ ਨਾਲ ਲੋਕਾਂ ਦੇ ਦਿਲਾਂ ਉੱਤੇ ਰਾਜ ਕਰਦੇ ਸਨ।[38]

ਸਿੱਖ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਗੁਰੂ-ਮਾਤਾਵਾਂ, ਗੁਰੂ-ਮਹਿਲਾਂ, ਗੁਰੂ-ਸਪੁੱਤਰੀਆਂ ਤੇ ਸਿੰਘਣੀਆਂ ਦਾ ਵੀ ਬੜਾ ਮਹੱਤਵਪੂਰਨ ਯੋਗਦਾਨ ਹੈ। ਗੁਰੂ-ਮਹਿਲਾਂ ਵਿਚ ਮਾਤਾ ਸੁਲੱਖਣੀ, ਮਾਤਾ ਖੀਵੀ, ਬੀਬੀ ਭਾਨੀ, ਮਾਤਾ ਦਾਮੋਦਰੀ, ਮਾਤਾ ਗੰਗਾ, ਮਾਤਾ ਨਾਨਕੀ, ਮਾਤਾ ਗੁਜਰੀ, ਮਾਤਾ ਸੁੰਦਰੀ, ਮਾਤਾ ਸਾਹਿਬ ਦੇਵਾਂ (ਸਾਹਿਬ ਕੌਰ) ਜੀ ਤੇ ਮਾਈ ਭਾਗੋ ਨੇ ਸਿੱਖ ਧਰਮ ਤੇ ਸਿੱਖ ਇਤਿਹਾਸ ਦੀ ਉਸਾਰੀ ਲਈ ਵੱਖ-ਵੱਖ ਦੁਨਿਆਵੀ ਰਿਸ਼ਤਿਆਂ ਦੇ ਰੂਪ ਵਿਚ, ਆਤਮਿਕ ਤੇ ਮਾਨਸਿਕ, ਘਰੋਗੀ ਤੇ ਸੰਗਤੀ, ਸਹਿਜ ਤੇ ਸੁਹਜ, ਸੰਸਥਾ ਤੇ ਸਥਾਪਤੀ ਦੀਆਂ ਜ਼ਿੰਮੇਵਾਰੀਆਂ ਨੂੰ ਵੀ ਨਿਬਾਹਿਆ ਅਤੇ ਪਤੀ-ਮੋਹ ਦੀ ਪਕੜ ਨੂੰ ਤਿਆਗ ਕੇ ਗੁਰੂ-ਪਤੀਆਂ ਨੂੰ ਨਵਾਂ ਧਰਮ, ਨਵਾਂ ਸਮਾਜ, ਨਵਾਂ ਸਭਿਆਚਾਰ, ਨਵਾਂ ਦਰਸ਼ਨ, ਨਵਾਂ ਰਾਜ ਸੰਕਲਪ ਤੇ ਨਰੋਆ ਬਾਣੀ ਸਾਹਿਤ ਸਿਰਜਨ ਵਿਚ ਵੀ ਸਹਾਇਕ ਹੋਈਆਂ।[39]

ਉਪਰੋਕਤ ਵਿਵਰਣ ਤੋਂ ਇਹ ਸਿੱਧ ਹੁੰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਪੂਰਵ ਵੱਖੋ-ਵੱਖ ਖੇਤਰਾਂ ਵਿਚ ਸਿੱਖ ਕੇਂਦਰ ਹੋਂਦ ਵਿਚ ਆ ਚੁੱਕੇ ਸਨ। ਸਿੱਖ ਸੰਗਤ ਵਿਚ ਚੋਖਾ ਵਾਧਾ ਵੀ ਹੋ ਚੁੱਕਾ ਸੀ, ਧਰਮ ਗ੍ਰੰਥ ਨੇ ਸਿੱਖ ਧਰਮ ਨੂੰ ਅਨਭੂਤੀ ਪ੍ਰਦਾਨ ਕਰ ਦਿੱਤੀ ਸੀ। ਵੱਖ-ਵੱਖ ਸਿੱਖ ਸੰਸਥਾਵਾਂ ਸਦਕਾ ਸਿੱਖ ਆਪਸ ਵਿਚ ਜੁੜੇ ਹੋਏ ਸਨ।

## 1.10. ਗੁਰੂ ਗੋਬਿੰਦ ਸਿੰਘ ਕਾਲ :-

ਸ੍ਰੀ ਗੁਰੂ ਗੋਬਿੰਦ ਸਿੰਘ (1666-1708 ਈ.) ਸਿੱਖ ਪੰਥ ਦੇ ਮਨੁੱਖ ਜਾਮੇ ਵਿਚ ਦਸਵੇਂ ਅਤੇ ਅਖੀਰਲੇ ਗੁਰੂ ਸਨ। ਇਸ ਸੰਸਾਰ ਵਿਚ ਆਪ 42 ਸਾਲ ਦੇ ਕਰੀਬ ਵਿਚਰੇ। ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸੰਨ 1675 ਈ. ਵਿਚ ਦਿੱਲੀ ਵਿਖੇ ਸ਼ਹੀਦ ਕੀਤਾ ਗਿਆ, ਉਸ ਸਮੇਂ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਦੀ ਉਮਰ

---

38 ਜੋਜ਼ਫ ਡੈਵਿਡ ਕਨਿੰਘਮ, ਸਿੱਖ ਇਤਿਹਾਸ, ਅਨੁ. ਗੁਰਮੁਖ ਸਿੰਘ ਗੁਰਮੁਖ, ਪੰਨਾ 79.

39 ਪ੍ਰੋਫੈਸਰ ਜੋਗਿੰਦਰ ਸਿੰਘ, ਖਾਲਸਾ ਜੀ ਦੀ ਗੌਰਵਮਈ ਗਾਥਾ, ਪੰਨਾ 91.

9 ਸਾਲ ਸੀ। (ਗੁਰੂ) ਗੋਬਿੰਦ ਰਾਇ ਨੇ ਛੋਟੀ ਉਮਰ ਵਿਚ ਹੀ ਵਿੱਦਿਆ ਵਿਚ ਪ੍ਰਬੀਨਤਾ ਪ੍ਰਾਪਤ ਕਰ ਲਈ ਸੀ। ਆਪ ਅਨੁਭਵ-ਸਿੱਧ ਪਰਮ ਮਨੁੱਖ ਸਨ, ਜਿਨ੍ਹਾਂ ਨੂੰ ਸ਼ਸਤਰ ਤੇ ਸ਼ਾਸਤ੍ਰ ਗਿਆਨ ਉਪਰ ਪੂਰਨ ਅਧਿਕਾਰ ਸੀ। ਉਹ ਇਕੋ ਵੇਲੇ ਗਹਿਰ-ਗੰਭੀਰ ਧਾਰਮਿਕ ਆਗੂ, ਤੀਰ-ਤਲਵਾਰ ਨਾਲ ਰਣ-ਭੂਮੀ ਵਿਚ ਉਤਰਨ ਵਾਲਾ ਜੋਧਾ ਅਤੇ ਕਲਗੀਆਂ ਵਾਲਾ ਪਾਤਸ਼ਾਹ ਹੁੰਦਾ ਹੋਇਆ ਵੀ ਬੇਘਰਾ ਫ਼ਕੀਰ ਹੋ ਵਿਚਰਿਆ। ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਮਨੁੱਖੀ ਅਧਿਕਾਰਾਂ ਤੇ ਕਦਰਾਂ-ਕੀਮਤਾਂ ਦੀ ਬਹਾਲੀ ਲਈ ਆਪਣਾ ਸਾਰਾ ਸਰਬੰਸ ਕੁਰਬਾਨ ਕਰ ਦਿੱਤਾ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾਸ਼ੀਲ ਸ਼ਖ਼ਸੀਅਤ ਦਾ ਉਨ੍ਹਾਂ ਦੀ ਹਜ਼ੂਰੀ ਵਿਚ ਰਹਿਣ ਵਾਲਿਆਂ ਅਤੇ ਦਰਸ਼ਨ ਕਰਨ ਵਾਲਿਆਂ ਉੱਤੇ ਕਾਇਆ-ਕਲਪ ਕਰ ਦੇਣ ਵਾਲਾ ਪ੍ਰਭਾਵ ਇਸ ਤਰ੍ਹਾਂ ਪਿਆ ਕਿ ਉਹ ਗੁਰੂ ਸਾਹਿਬ ਦੇ ਮਰਜੀਵੜੇ ਸਿੱਖ ਹੋ ਨਿਤਰੇ। ਮੁਹੰਮਦ ਸ਼ਫ਼ੀ ਵਾਰਿਦ ਲਿਖਦਾ ਹੈ ਕਿ ਗੁਰੂ ਗੋਬਿੰਦ ਕਮਾਲ ਦੀ ਸਰਦਾਰੀ ਤੇ ਪਦਵੀ ਨਾਲ ਜੀਵਨ ਬਤੀਤ ਕਰ ਰਿਹਾ ਸੀ। ਗੁਰੂ ਦੀਆਂ ਫ਼ੌਜਾਂ ਦੀ ਗੁਰੂ ’ਤੇ ਕਮਾਲ ਦੀ ਸ਼ਰਧਾ ਪੈਦਾ ਹੋ ਗਈ ਸੀ। ਉਹ ਜੋ ਕੁਝ ਮਿਹਨਤ ਨਾਲ ਇਕੱਠਾ ਕਰਦੇ ਸਨ, ਬਿਨਾਂ ਢਿੱਲ ਕੀਤਿਆਂ, ਗੁਰੂ ਦਾ ਮੁਕੱਰਰ ਹਿੱਸਾ (ਦਸਵੰਧ) ਹਰ ਰੋਜ਼ ਉਸ ਦੇ ਸੇਵਕਾਂ ਨੂੰ ਸੌਂਪ ਦਿੰਦੇ ਸਨ ਜਿਹੜੇ ਹਰ ਸ਼ਹਿਰ ਤੇ ਹਰ ਨਗਰ ਵਿਚ ਹੁੰਦੇ ਸਨ। ਇਸ ਤੋਂ ਇਲਾਵਾ ਉਹ ਹਰ ਸਾਲ ਆਪ ਆਪਣੀਆਂ ਔਰਤਾਂ ਤੇ ਬੇਟੀਆਂ ਸਮੇਤ ਵਧੀਆ ਚੀਜ਼ਾਂ ਉਸ ਲਈ ਨਜ਼ਰਾਨੇ ਵਜੋਂ ਲਿਆਉਂਦੇ ਸਨ।[40]

ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਦੇਣ ਨੂੰ ਬਹੁਤ ਸਾਰੇ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ। ਜਿਵੇਂ:- ਸੁਧਾਰਕ, ਯੋਧਾ ਅਤੇ ਸਾਹਿਤਕਾਰ ਆਦਿ। ਸੁਧਾਰਕ ਦੇ ਪੱਖ ਤੋਂ ਅਸੀਂ ਵੇਖਦੇ ਹਾਂ ਕਿ ਉਸ ਸਮੇਂ ਔਰੰਗਜ਼ੇਬ ਦਾ ਰਾਜ ਸੀ, ਇਸ ਸ਼ਾਸਕ ਦੀ ਦੁਰਾਚਾਰ ਨੀਤੀ ਦੇ ਕਾਰਣ ਭਾਰਤ ਵਿਚ ਦੁਰਬਲਤਾ ਆ ਰਹੀ ਸੀ। ਕੌਮ ਸੱਤਾਹੀਨ ਤੇ ਧਰਮ ਅਲੋਪ ਹੋ ਰਿਹਾ ਸੀ ਅਤੇ ਵਰਣ ਵੰਡ ਦਾ ਘੁਣ ਅੰਦਰੋਂ-ਅੰਦਰੀ ਲੋਕਾਈ ਨੂੰ ਖੋਖਲਾ ਕਰ ਰਿਹਾ ਸੀ। ਦਸਮ ਪਾਤਸ਼ਾਹ ਦੀ ਸੁਧਾਰਕ ਨੀਤੀ ਇਕ ਜ਼ਬਰਦਸਤ ਲਹਿਰ ਸੀ, ਜੋ ਉਨ੍ਹਾਂ ਦੁਆਰਾ ਦਿੱਤੀ ਸਿੱਖਿਆ ਦੇ ਫਲਸਰੂਪ ਹੋਂਦ ਵਿਚ ਆਈ। ਗੁਰੂ ਸਾਹਿਬ ਨੇ ਸਮੇਂ ਦੇ ਅਨੁਕੂਲ

[40] ਬਲਵੰਤ ਸਿੰਘ ਢਿੱਲੋਂ, ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ, ਪੰਨਾ 207.

ਬ੍ਰਹਮ-ਵਿੱਦਿਆ ਦੇ ਨਾਲ-ਨਾਲ ਯੁੱਧ ਵਿੱਦਿਆ, ਸ਼ਸਤ੍ਰਧਾਰੀ ਹੋਣ ਅਤੇ ਹਿੰਮਤੀ ਬਣਨ ਦੀ ਸਿੱਖਿਆ ਦਿੱਤੀ। ਇਸ ਤਰ੍ਹਾਂ ਦੀ ਸਿੱਖਿਆ ਨੇ ਕਾਇਰ ਮਨੁੱਖਾਂ ਵਿਚ ਵੀ ਨਵਾਂ ਉਤਸ਼ਾਹ ਤੇ ਅਜ਼ਾਦੀ ਦਾ ਬੀਜ ਬੋ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1685 ਤੋਂ 1705 ਈ. ਦੇ ਸਮੇਂ ਅੰਦਰ ਲਗਪਗ 16 ਲੜਾਈਆਂ ਲੜੀਆਂ। ਪਹਿਲਾ ਜੁੱਧ ਭੰਗਾਣੀ ਦਾ ਪਹਾੜੀ ਰਾਜਿਆਂ ਵਿਰੁੱਧ ਸੀ। ਇਹ ਯੁੱਧ ਸਿੱਖ ਇਤਿਹਾਸ ਵਿਚ ਖਾਸ ਅਹਿਮੀਅਤ ਰੱਖਦਾ ਹੈ, ਕਿਉਂਕਿ ਇਸ ਜੁੱਧ ਵਿਚ ਵਿਦੇਸ਼ੀ ਹਮਲਾਵਰ (ਮੁਗ਼ਲ) ਨਹੀਂ, ਬਲਕਿ ਭਾਰਤ ਦੇ ਹੀ ਹਿੰਦੂ ਰਾਜੇ ਭਾਰਤੀ ਵਸਨੀਕਾਂ (ਗੁਰੂ ਤੇ ਗੁਰੂ ਦੇ ਸਿੱਖਾਂ) ਨਾਲ ਲੜ ਰਹੇ ਸਨ। ਪਹਾੜੀ ਰਾਜਿਆਂ ਦੀ ਫ਼ੌਜ ਵੱਡੀ ਤਾਦਾਦ ਵਿਚ ਸੀ, ਪਰ ਗੁਰੂ ਸਾਹਿਬ ਕੋਲ ਘੱਟ ਗਿਣਤੀ ਦੀ ਫ਼ੌਜ ਅਤੇ ਉਸ ਵਿਚੋਂ ਵੀ ਕੁਝ ਪਠਾਣ (ਪੀਰ ਬੁੱਧੂ ਸ਼ਾਹ ਦੇ ਭੇਜੇ ਹੋਏ ਗੁਰੂ ਜੀ ਪਾਸ ਮੁਲਾਜ਼ਮ ਸਨ) ਅਜਿਹੇ ਸਨ, ਜਿਹੜੇ ਗੱਦਾਰ ਹੋ ਕੇ ਦੁਸ਼ਮਣ ਨਾਲ ਜਾ ਰਲੇ। ਫਿਰ ਵੀ ਇਹ ਜੁੱਧ ਗੁਰੂ ਸਾਹਿਬ ਨੇ ਹੀ ਜਿੱਤਿਆ। ਇਸ ਜੁੱਧ ਦਾ ਵਰਣਨ ਗੁਰੂ ਸਾਹਿਬ ਦੁਆਰਾ ਰਚਿਤ *ਬਚਿੱਤ੍ਰ ਨਾਟਕ* ਵਿਚ ਮਿਲਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੁੱਧ ਸਾਧਾਰਨ (ਨਿੱਜੀ ਸੁਆਰਥ ਲਈ) ਨਹੀਂ, ਸਗੋਂ ਧਰਮ-ਜੁੱਧ ਸਨ। ਗੁਰੂ ਸਾਹਿਬ ਨੇ ਤਾਂ ਅਜਿਹੇ ਮਨੁੱਖ ਨੂੰ ਮਹਾਨ ਆਖਿਆ ਜਿਸ ਦੇ ਮੂੰਹ ਵਿਚ 'ਹਰਿ ਦਾ ਨਾਮ' ਅਤੇ ਹੱਥ ਵਿਚ 'ਖੜਗ' ਹੋਵੇ। ਆਪ ਜਿਹੜੀਆਂ ਕੀਮਤਾਂ ਦੀ ਸਥਾਪਨਾ ਕਰਨਾ ਲੋੜਦੇ ਸਨ, ਉਹ ਚਿਰ-ਜੀਵੀ, ਲੋਕ-ਹਿਤਕਾਰੀ ਅਤੇ ਕਲਿਆਣਕਾਰੀ ਸਨ। ਗੁਰੂ ਗੋਬਿੰਦ ਸਿੰਘ ਵਲੋਂ ਆਪਣੇ ਸਾਥੀਆਂ ਨਾਲ ਸ਼ਿਕਾਰ ਖੇਡਣਾ, ਯੁੱਧ ਦੀ ਤਿਆਰੀ ਕਰਨਾ ਹੀ ਸੀ ਅਤੇ ਜਿਸ ਦਾ ਮੰਤਵ ਜਨ-ਵਿਰੋਧੀ ਅਤੇ ਰਾਸ਼ਟਰ ਵਿਰੋਧੀ ਹਿੰਸਕ ਤਾਕਤਾਂ ਦਾ ਨਾਸ਼ ਕਰਕੇ ਨਵੇਂ ਅਤੇ ਸੁੰਤਤਰ ਸਮਾਜ ਦੀ ਉਸਾਰੀ ਕਰਨਾ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਗਰਾਮ ਨੂੰ ਜਦੋਂ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਦੇ ਸਮੇਂ ਵਿਚ ਸਿੱਖ ਪੰਥ ਦਾ ਬਹੁਤ ਵਿਸਥਾਰ ਹੋਇਆ। ਗੁਰੂ ਸਾਹਿਬ ਦੇ ਦਰਬਾਰੀ ਅਤੇ ਕੁਝ ਸ਼ਰਧਾਲੂ ਸਿੱਖਾਂ ਨੇ ਗੁਰੂ ਸਾਹਿਬ ਦੇ ਬਚਨਾਂ ਨੂੰ ਅਮਲੀ ਜੀਵਨ ਵਿਚ ਜਿਉਂਦਿਆਂ ਪ੍ਰਚਾਰਿਆ, ਜਿਨ੍ਹਾਂ ਕਰਕੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਬਹੁਤ ਵਾਧਾ ਹੋਇਆ। ਖ਼ਾਲਸਾ ਪੰਥ ਸਾਜਣ ਤੋਂ ਬਾਅਦ ਉਨ੍ਹਾਂ (ਪੰਜ ਪਿਆਰਿਆਂ) ਤੋਂ ਅੰਮ੍ਰਿਤ ਛਕ ਕੇ ਉਸ ਨੂੰ ਆਪਣਾ ਗੁਰੂ ਮੰਨਿਆ। ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਬਹੁਤ ਮਾਣ ਬਖਸ਼ਿਆ। ਉਨ੍ਹਾਂ ਨੇ ਤਾਂ ਖ਼ਾਲਸੇ ਨੂੰ ਆਪਣਾ

ਖਾਸ ਰੂਪ ਬਿਆਨਦਿਆਂ ਇਥੋਂ ਤੱਕ ਕਿਹਾ ਕਿ ਇਨ੍ਹਾਂ ਦੀ ਕਿਰਪਾ ਨਾਲ ਮੈਂ ਸਾਰੇ ਯੁੱਧ ਜਿੱਤੇ, ਇਨ੍ਹਾਂ ਦੀ ਕਿਰਪਾ ਨਾਲ ਮੈਂ ਪਾਤਸ਼ਾਹ ਸਾਜਿਆ ਗਿਆ ਨਹੀਂ ਤਾਂ ਮੇਰੇ ਵਰਗੇ ਕਰੋੜਾਂ ਮਨੁੱਖ ਫਿਰਦੇ ਹਨ –

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।...

...ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ।[41]

ਗੁਰੂ ਸਾਹਿਬ ਦੀ ਸਥਾਨਿਕ ਸਿੱਖੀ ਸੇਵਕੀ ਬਾਰੇ ਡਾ. ਗੁਰਬਚਨ ਸਿੰਘ ਨਈਅਰ ਲਿਖਦੇ ਹਨ ਕਿ ਗੁਰੂ ਸਾਹਿਬ ਜ਼ਫ਼ਰਨਾਮੇ ਵਿਚ ਬਾਦਸ਼ਾਹ ਔਰੰਗਜ਼ੇਬ ਨੂੰ ਦਾਅਵਤ ਦਿੰਦੇ ਹੋਏ ਕਹਿੰਦੇ ਹਨ 'ਜੇ ਉਹ ਕਾਂਗੜ ਦੇ ਕਸਬੇ ਵਿਚ ਤਸ਼ਰੀਫ ਲੈ ਆਵੇ ਤਾਂ ਉੱਥੇ ਉਹ ਦੋਵੇਂ ਮੁਲਾਕਾਤ ਕਰ ਲੈਣ। ਬਾਦਸ਼ਾਹ ਨੂੰ ਉਸ ਮਾਰਗ ਉੱਤੇ ਆਉਣ ਸਮੇਂ ਕੋਈ ਖ਼ਤਰਾ ਪੇਸ਼ ਨਹੀਂ ਆਵੇਗਾ ਕਿਉਂਕਿ ਉਸ ਖਿੱਤੇ ਵਿਚ ਰਹਿਣ ਵਾਲੀ ਬਰਾੜ ਕੌਮ ਉਨ੍ਹਾਂ ਦੇ ਹੁਕਮ ਵਿਚ ਹੈ। ਇਸ ਵਿਚ ਵਰਣਨ ਕੀਤੀ ਗਈ ਮੁਲਾਕਾਤ ਦੀ ਤਜਵੀਜ਼ ਨਿਰਸੰਦੇਹ ਹੀ ਗੁਰੂ ਸਾਹਿਬ ਦੀ ਕਸਬਾ ਕਾਂਗੜ ਅਤੇ ਉਸ ਦੇ ਆਸ-ਪਾਸ ਦੇ ਖਿੱਤੇ ਵਿਚ ਸਿੱਖੀ ਸੇਵਕੀ ਤੇ ਹਰ ਮਨ ਭਾਉਣ ਦੀ ਸੰਕੇਤਕ ਹੈ।'[42]

ਉਪਰੋਕਤ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸਿੱਖ ਪੰਥ ਦਾ ਲਗਾਤਾਰ ਪ੍ਰਚਾਰ ਤੇ ਪ੍ਰਸਾਰ ਹੁੰਦਾ ਰਿਹਾ ਅਤੇ ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਵਿਚ ਸਥਾਨਿਕ ਤੌਰ 'ਤੇ ਕੁਝ ਨਵੇਂ ਵਾਧੇ (ਸੰਸਥਾਵਾਂ ਦੇ ਰੂਪ ਵਿਚ) ਵੀ ਹੁੰਦੇ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਸਿੱਖ ਪੰਥ ਦਾ ਪ੍ਰਚਾਰ ਤੇ ਪ੍ਰਸਾਰ ਬਹੁਤ ਦੂਰ-ਦੂਰ ਤੱਕ ਹੋ ਚੁੱਕਾ ਸੀ। ਕੋਈ ਖੇਤਰ ਅਜਿਹਾ ਨਹੀਂ ਸੀ ਜਿੱਥੇ ਗੁਰੂ ਸਾਹਿਬ ਦੇ ਸਿੱਖ ਨਾ ਵਸਦੇ ਹੋਣ, ਪਰ ਗੁਰੂ ਸਾਹਿਬ ਨੇ ਉਨ੍ਹਾਂ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਇਕ ਨਵੀਂ ਪਛਾਣ (ਖ਼ਾਲਸਾ) ਦਿੱਤੀ। ਸਿੱਖ ਪੰਥ ਦੀ ਉਤਪਤੀ ਤੇ ਵਿਕਾਸ ਦੇ ਇਤਿਹਾਸ ਬਾਰੇ *ਹਕੀਕਤ-ਏ-ਸਿੱਖਾਂ* ਦਾ ਲੇਖਕ ਲਿਖਦਾ ਹੈ ਕਿ ਗੁਰੂ ਨਾਨਕ ਨਿਸ਼ਚਿਤ ਤੌਰ 'ਤੇ ਇਕ ਨਵੇਂ ਧਰਮ ਦੇ ਸੰਸਥਾਪਕ ਸਨ। ਉਹ ਗੁਰੂ ਨਾਨਕ ਦੇ ਨੌਂ ਉਤਰਾਧਿਕਾਰੀਆਂ ਦੇ ਨਾਂ ਗਿਣਾਉਂਦਾ ਹੋਇਆ ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖ ਪੰਥ ਦੇ ਵਿਕਾਸ ਵਿਚ ਪਾਏ ਯੋਗਦਾਨ ਨੂੰ ਵਿਸ਼ੇਸ਼ ਤੌਰ 'ਤੇ ਚਿਤਾਰਦਾ ਹੈ ਕਿ ਗੁਰੂ ਨਾਨਕ ਨੇ ਇਕ ਵੱਖਰਾ ਹੀ ਰੰਗ-ਢੰਗ ਪੈਦਾ ਕੀਤਾ,

---

41 ਸ਼ਬਦਾਰਥ ਦਸਮ ਗ੍ਰੰਥ (ਪੋਥੀ ਤੀਜੀ), ਪੰਨਾ 1223.

42 ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ (1469-1849) ਅਧਿਐਨ ਤੇ ਮੁਲਾਂਕਣ, ਪੰਨਾ 34.

ਜਿਹੜਾ ਇਸ ਤੋਂ ਪਹਿਲਾਂ ਹਿੰਦੂਆਂ ਦੇ ਫਿਰਕੇ ਵਿਚ ਨਹੀਂ ਸੀ ਪਰ ਗੁਰੂ ਗੋਬਿੰਦ ਸਿੰਘ ਦੇ ਖ਼ਾਲਸਾ ਸਾਜਣ ਨਾਲ ਇਕ ਨਵੀਂ ਕੌਮ ਪੈਦਾ ਹੋ ਗਈ। ਹਿੰਦੂ ਕੌਮ ਵਿਚੋਂ ਹਰੇਕ ਸ਼ਖ਼ਸ ਕੀ ਖੱਤਰੀ ਜੋ ਹਿੰਦੂਆਂ ਦੇ ਅਸੂਲਾਂ ਦੀ ਜੜ੍ਹ ਹਨ, ਕੀ ਜੱਟ ਜੋ ਇਸ ਇਲਾਕੇ ਵਿਚ ਬਹੁਤੇ ਹਨ, ਤਰਖਾਣ, ਲੋਹਾਰ, ਮੁਜ਼ਾਰੇ, ਪ੍ਰਚੂਨੀਏ ਤੇ ਪੇਸ਼ਾਵਰ ਆਦਿ ਸਮੇਂ ਦੇ ਸਾਰੇ ਲੋਕ ਜੋ ਵੀ ਆਉਂਦਾ ਸੀ, ਇਹ ਕਹਿੰਦਾ ਸੀ ਕਿ ਮੈਂ ਗੁਰੂ ਦਾ ਸਿੱਖ ਹੋ ਰਿਹਾ ਹਾਂ।[43] ਇਸ ਅਧਿਆਇ ਵਿਚ ਗੁਰੂ ਸਾਹਿਬਾਨ ਦੇ ਸਮੇਂ (1469-1708) ਤੱਕ ਸਿੱਖ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਸੰਬੰਧਿਤ ਤੱਥਾਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ (1666-1708 ਈ.) ਜੀ ਦੀ ਰਹਿਨੁਮਾਈ ਹੇਠ ਸਮਕਾਲੀ ਸਿੱਖਾਂ ਨੇ ਵੱਖ-ਵੱਖ ਖੇਤਰਾਂ ਵਿਚ ਜਾ ਕੇ ਸਿੱਖ ਪੰਥ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਉਨ੍ਹਾਂ ਨੇ ਧਾਰਮਿਕ, ਰਾਜਨੀਤਿਕ, ਸਮਾਜਿਕ, ਆਰਥਿਕ, ਸਾਹਿਤਕ ਅਤੇ ਵਿੱਦਿਅਕ ਵੱਖ-ਵੱਖ ਖੇਤਰਾਂ ਵਿਚ ਆਪਣਾ ਬਹੁਪੱਖੀ ਯੋਗਦਾਨ ਪਾਇਆ। ਇਨ੍ਹਾਂ ਸਮਕਾਲੀ ਸਿੱਖਾਂ ਦੇ ਜੀਵਨ-ਸਮਾਚਾਰ, ਉਨ੍ਹਾਂ ਦਾ ਗੁਰੂ ਦਰਬਾਰ ਵਿਚ ਸਥਾਨ ਅਤੇ ਸਿੱਖ ਪੰਥ ਵਿਚ ਪਾਏ ਯੋਗਦਾਨ ਨੂੰ ਅਗਲੇ ਅਧਿਆਇਆਂ ਵਿਚ ਵਿਸਥਾਰ ਸਹਿਤ ਵਰਣਿਤ ਕੀਤਾ ਗਿਆ ਹੈ।

---

[43] ਬਲਵੰਤ ਸਿੰਘ ਢਿੱਲੋਂ, ਹਕੀਕਤ-ਏ-ਸਿੱਖਾਂ, ਪੰਨੇ 22-24.

## ਅਧਿਆਇ ਤੀਜਾ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਿੱਖਾਂ ਦੇ ਜੀਵਨ-ਸਮਾਚਾਰ

## 1. ਪ੍ਰਮੁੱਖ ਸਿੱਖ :-

### 1.1. ਪਰਿਵਾਰਕ ਮੈਂਬਰ

**ਸਾਹਿਬ ਕੌਰ / ਸਾਹਿਬ ਦੇਵਾਂ, ਮਾਤਾ :** ਮਾਤਾ ਸਾਹਿਬ ਦੇਵਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤੀਜੇ ਮਹਿਲ ਸਨ। ਇਨ੍ਹਾਂ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਮਾਣ ਪ੍ਰਾਪਤ ਹੈ। ਇਸ ਪ੍ਰਥਾਇ ਕਵੀ ਵੀਰ ਸਿੰਘ ਬਲ ਲਿਖਦੇ ਹਨ –

ਮਹਿਲ ਤੀਸਰਾ ਗੁਰੂ ਕਾ ਸਾਹਿਬ ਦੇਵੀ ਨਾਮੁ।

ਤਾਂ ਕਾ ਸੁਤੁ ਸ੍ਰੀ ਖ਼ਾਲਸਾ ਸਾਜੈ ਗੁਰ ਅਭਰਾਮੁ।20।[1]

ਸਾਹਿਬ ਦੇਵਾਂ ਦਾ ਜਨਮ ਪਿਤਾ ਰਾਮੂ ਜੀ ਜਾਤ ਦੇ ਬੱਸੀ ਖੱਤ੍ਰੀ ਦੇ ਘਰ ਰੁਹਤਾਸ, ਜਿਲ੍ਹਾ ਜਿਹਲਮ ਵਿਚ ਹੋਇਆ। ਇਨ੍ਹਾਂ ਦੀ ਸ਼ਾਦੀ 18 ਵੈਸਾਖ, ਸੰਮਤ 1757 ਬਿ. (1700 ਈ.) ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਅਨੰਦਪੁਰ ਵਿਖੇ ਹੋਈ। ਇਨ੍ਹਾਂ ਦੀ ਸੰਤਾਨ ਕੋਈ ਨਹੀਂ ਸੀ। ਪੋਹ ਦੇ ਮਹੀਨੇ ਵਿਚ ਸੰਮਤ 1762 ਬਿ. (1705 ਈ.) ਵਿਚ ਅਨੰਦਪੁਰ ਛੱਡਣ ਵੇਲੇ ਇਨ੍ਹਾਂ ਨੇ ਅਬਚਲ ਨਗਰ (ਨਾਂਦੇੜ) ਤਕ ਅਨੇਕਾਂ ਤਕਲੀਫਾਂ ਝੱਲ ਕੇ ਗੁਰੂ ਸਾਹਿਬ ਦਾ ਸਾਥ ਦਿੱਤਾ। ਕੱਤਕ ਸੁਦੀ 5 ਸੰਮਤ 1765 ਬਿ. ਨੂੰ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਇਹ ਉਨ੍ਹਾਂ ਦੇ ਹੁਕਮ ਨਾਲ ਉੱਥੋਂ ਦਿੱਲੀ ਚਲੇ ਆਏ ਤੇ ਮਾਤਾ ਸੁੰਦਰੀ ਜੀ ਦੇ ਕੋਲ ਰਹੇ। ਇਨ੍ਹਾਂ ਦਾ ਦੇਹਾਂਤ ਮਾਤਾ ਸੁੰਦਰੀ ਜੀ ਤੋਂ ਪਹਿਲਾਂ ਸੰਮਤ 1790 ਬਿ. ਦੇ ਨੇੜੇ ਤੇੜੇ ਹੋਇਆ ਸੀ।[2]

ਭਾਈ ਕਾਨ੍ਹ ਸਿੰਘ ਨਾਭਾ ਨੇ ਸਾਹਿਬ ਦੇਵਾਂ ਦੇ ਪਿਤਾ ਦਾ ਨਾਮ ਭਾਈ ਰਾਮੂ ਲਿਖਿਆ ਹੈ।[3] *ਸ੍ਰੀ ਗੁਰਪ੍ਰਤਾਪ ਸੂਰਜ ਪ੍ਰਕਾਸ਼* ਦੇ ਕਰਤਾ ਨੇ ਸਾਹਿਬ ਦੇਵਾਂ ਦੇ ਪਿਤਾ ਦਾ ਨਾਮ ਭਾਈ ਰਾਵਾ ਦਸਿਆ ਹੈ –

---

1 ਵੀਰ ਸਿੰਘ ਬਲ, ਗੁਰਕੀਰਤ ਪ੍ਰਕਾਸ਼, ਸੰਪਾ. ਡਾ. ਗੁਰਬਚਨ ਕੌਰ, ਪੰਨਾ 248.

2 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 300.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 178.

ਸੰਗਤ ਮਹਿ ਇਕ ਖੱਤ੍ਰੀ ਆਯੋ।

ਕੰਨਯਾ ਗੁਰ ਅਰਪਨਿ ਹਿਤ ਲਯਾਯੋ।

ਰਾਵਾ ਗੋਤ ਬਸਹਿ ਰਵਤਾਸ।

...ਰਾਵਾ ਖੱਤ੍ਰੀ ਸਿੱਖ ਕਰ ਬੰਬਿ।[1]

ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਇਨ੍ਹਾਂ ਖੁਦ 5 ਸਾਵਣ 1757 ਬਿ. (1700 ਈ.) ਨੂੰ ਆਪਣੀ ਲੜਕੀ ਸਤਿਗੁਰਾਂ ਦੇ ਸਮਰਪਣ ਕੀਤੀ ਪਰ ਗੁਰੂ ਸਾਹਿਬ ਨੇ ਸ਼ਾਦੀ ਕਰਨੀ ਪਰਵਾਨ ਨਹੀਂ ਕੀਤੀ। ਪਰੰਤੂ ਮਾਪਿਆਂ ਅਤੇ ਲੜਕੀ ਦਾ ਦ੍ਰਿੜ੍ਹ ਸੰਕਲਪ ਦੇਖ ਕੇ ਆਪ ਨੇ ਇਸ ਨੂੰ ਚਰਣ ਸਰਣ ਵਿਚ ਰਹਿਣ ਦੀ ਆਗਿਆ ਦੇ ਦਿੱਤੀ ਤੇ ਇਨ੍ਹਾਂ ਨੂੰ 'ਕੁਆਰਾ ਡੋਲਾ' ਕਹਿ ਕੇ ਯਾਦ ਕੀਤਾ ਜਾਂਦਾ ਰਿਹਾ। ਪਿਛੋਂ ਖ਼ਾਲਸੇ ਨੂੰ ਮਾਤਾ ਸਾਹਿਬ ਦੇਵਾਂ ਦੀ ਝੋਲੀ ਪਾ ਕੇ ਨਿਵਾਜਿਆ ਗਿਆ। ਗੁਰੂ ਸਾਹਿਬ ਨੇ ਸਾਹਿਬ ਦੇਵਾਂ ਨੂੰ ਦੱਖਣ ਤੋਂ ਵਾਪਸ ਭੇਜਦਿਆਂ ਪੰਜ ਸ਼ਸਤ੍ਰ-ਖੰਡਾ, ਖੰਜਰ, ਤਲਵਾਰ ਤੇ ਦੋ ਕਟਾਰਾਂ ਦਿੱਤੀਆਂ ਸਨ, ਜੋ ਗੁਰਦੁਆਰਾ ਰਕਾਬ ਗੰਜ (ਦਿੱਲੀ) ਵਿਚ ਸੁਰੱਖਿਅਤ ਹਨ। ਸਾਹਿਬ ਦੇਵਾਂ ਮਾਤਾ ਸੁੰਦਰੀ ਜੀ ਨਾਲ ਦਿੱਲੀ ਰਹੇ ਤੇ ਇਥੇ ਹੀ ਇਨ੍ਹਾਂ ਦਾ ਦੇਹਾਂਤ 1788 ਬਿ. (1731 ਈ.) ਵਿਚ ਹੋਇਆ। ਸਮਾਧ ਗੁਰਦੁਆਰਾ ਬਾਲਾ ਸਾਹਿਬ ਪਾਸ ਹੈ।[2] ਮਾਤਾ ਸਾਹਿਬ ਕੌਰ ਨੇ ਗੁਰੂ ਕੇ ਲੰਗਰ ਲਈ ਕਾਰ-ਭੇਟਾ, ਸੰਗਤਾਂ ਦੀਆਂ ਤਕਲੀਫ਼ਾਂ ਅਤੇ ਲੋੜਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀ ਨਵਿਰਤੀ ਲਈ ਵੱਖ-ਵੱਖ ਇਲਾਕੇ ਦੀ ਸਿੱਖ ਸੰਗਤ ਦੇ ਨਾਮ *ਹੁਕਮਨਾਮੇ* ਵੀ ਜਾਰੀ ਕੀਤੇ।[3]

**ਸਾਧੂ ਰਾਮ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਰਿਸ਼ਤੇਦਾਰ ਸਿੱਖ। ਸਾਧੂ ਰਾਮ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸਪੁੱਤਰੀ ਬੀਬੀ ਵੀਰੋ ਨਾਲ ਵਿਆਹਿਆ ਹੋਇਆ ਸੀ। ਰਿਸ਼ਤੇਦਾਰੀ ਵਿਚੋਂ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਫੁੱਫੜ ਲਗਦਾ ਸੀ। *ਗੁਰੂ ਕੀਆਂ ਸਾਖੀਆਂ* ਅਨੁਸਾਰ ਇਹ ਭਾਈ ਧਰਮੇ ਖੋਸਲੇ ਦਾ ਪੁੱਤਰ ਸੀ, ਜੋ ਕਿ ਮੱਲਾਂ ਗਾਮ ਦਾ ਰਹਿਣ ਵਾਲਾ ਸੀ। ਭਾਈ ਸਾਧੂ ਰਾਮ ਗੁਰੂ ਤੇਗ ਬਹਾਦਰ ਜੀ ਨਾਲ ਵੀ ਕਈ ਵਾਰ ਧਰਮ ਪ੍ਰਚਾਰ ਦੌਰਿਆਂ

---

1 ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁੱਤ 5, ਅੰਸੂ 1.

2 ਪਿਆਰਾ ਸਿੰਘ ਪਦਮ (ਸੰਪਾ.), ਚਾਰ ਸਾਹਿਬਜ਼ਾਦੇ, ਪੰਨੇ 12-13.

3 ਗੰਡਾ ਸਿੰਘ, ਹੁਮਨਾਮੇ, ਪੰਨਾ 34.

’ਤੇ ਗਿਆ ਸੀ। ਇਸ ਦੇ ਪੰਜ ਪੁੱਤਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਜ ਵਿਚ ਭੰਗਾਣੀ ਦੀ ਜੰਗ ਖ਼ੂਬ ਜੀਹਰ ਦਿਖਾਏ ਸਨ।[1] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਸਾਧੂ ਰਾਮ ਨੇ ਪੰਜ ਗੁਰੂ ਸਾਹਿਬਾਨ ਦਾ ਸਮਾਂ ਵੇਖਿਆ। ਇਨ੍ਹਾਂ ਨੇ 30-32 ਰਾਗਾਂ ਵਿਚ ਬਾਣੀ ਵੀ ਰਚੀ। ਇਨ੍ਹਾਂ ਦਾ ਦਿਹਾਂਤ ਸਿਆਲਕੋਟ ਵਿਚ ਹੋਇਆ।[2]

**ਸੁੰਦਰੀ, ਮਾਤਾ** : ਮਾਤਾ ਸੁੰਦਰੀ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੂਜੇ ਮਹਿਲ ਸਨ। ਇਨ੍ਹਾਂ ਦੇ ਜਨਮ ਅਸਥਾਨ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਡਾ. ਪਰਮਵੀਰ ਸਿੰਘ ਨੇ ਮਾਤਾ ਜੀ ਦੇ ਜਨਮ ਅਸਥਾਨ ਬਾਰੇ ਵੱਖ-ਵੱਖ ਵਿਦਵਾਨਾਂ ਦੇ ਹਵਾਲੇ ਦਿੰਦਿਆਂ ਬਹੁਸੰਮਤੀ ਵਿਦਵਾਨਾਂ ਦੀ ਰਾਇ ਅਨੁਸਾਰ ਦੱਸਿਆ ਹੈ ਕਿ ਮਾਤਾ ਸੁੰਦਰੀ ਜੀ ਦਾ ਜਨਮ ਪਿਤਾ ਭਾਈ ਰਾਮ ਸਰਨ ਅਤੇ ਮਾਤਾ ਸ਼ਿਵਦੇਈ ਜੀ ਦੇ ਘਰ ਪਿੰਡ ਬਜਵਾੜਾ, ਜਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ।[3] ਇਨ੍ਹਾਂ ਦੀ ਜਨਮ ਤਾਰੀਖ ਬਾਰੇ ਵੀ ਵਖਰੇਵੇਂ ਹਨ। ਪਰ ਮਾਤਾ ਸੁੰਦਰੀ ਜੀ ਦੇ ਮਾਤਾ-ਪਿਤਾ ਅਤੇ ਉਨ੍ਹਾਂ ਦੇ ਲਾਹੌਰ ਰਹਿਣ ਸੰਬੰਧੀ ਵਿਦਵਾਨਾਂ ਦੀ ਇਕ ਰਾਇ ਹੈ। *ਮਹਾਨ ਕੋਸ਼* ਅਨੁਸਾਰ ਮਾਤਾ ਸੁੰਦਰੀ ਜੀ ਦਾ ਜਨਮ ਭਾਈ ਰਾਮ ਸਰਨ ਜਾਤਿ ਦੇ ਕੁਮਰਾਵ ਖੱਤ੍ਰੀ ਜੋ ਕਿ ਲਾਹੌਰ ਦੇ ਵਸਨੀਕ ਸਨ, ਦੇ ਘਰ ਹੋਇਆ। ਸੁੰਦਰੀ ਜੀ ਦਾ ਆਨੰਦ ਕਾਰਜ 7 ਵੈਸਾਖ ਸੰਮਤ 1741 ਬਿ. (1684 ਈ.) ਨੂੰ ਅਨੰਦਪੁਰ ਦੇ ਨੇੜੇ ਗੁਰੂ ਕਾ ਲਾਹੌਰ ਦੇ ਸਥਾਨ ਉੱਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ।[4] *ਗੁਰਬਿਲਾਸ ਪਾਤਸ਼ਾਹੀ* ੧੦ ਅਨੁਸਾਰ ਇਨ੍ਹਾਂ ਦੀ ਕੁਖੋਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਨੇ ਜਨਮ ਲਿਆ। ਸੰਮਤ 1762 ਬਿ. (1705 ਈ.) ਵਿਚ ਗੁਰੂ ਸਾਹਿਬ ਦੇ ਅਨੰਦਪੁਰ ਛੱਡਣ ਸਮੇਂ ਮਾਤਾ ਸੁੰਦਰੀ ਜੀ ਭਾਈ ਮਨੀ ਸਿੰਘ ਦੇ ਨਾਲ ਦਿੱਲੀ ਵੱਲ ਚਲੇ ਗਏ ਸਨ। ਸੰਮਤ 1765 ਬਿ. (1708 ਈ.) ਵਿਚ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸਾਰੇ ਸਿੱਖ ਪੰਥ ਉੱਤੇ ਮਾਤਾ ਸੁੰਦਰੀ ਦਾ ਹੁਕਮ ਚਲਦਾ ਰਿਹਾ। ਮਾਤਾ ਸੁੰਦਰੀ ਜੀ ਕੁਝ ਸਮਾਂ ਮਥੁਰਾ ਜਾ ਕੇ ਵੀ ਰਹਿੰਦੇ ਰਹੇ। ਪਰ ਫੇਰ ਦਿੱਲੀ ਹੀ ਪਰਤ ਆਏ। ਰਿਆਸਤ ਜੈਪੁਰ ਵਲੋਂ ਇਨ੍ਹਾਂ ਨੂੰ ਖਰਚ ਵਾਸਤੇ ਇਕ ਪਿੰਡ ਦੀ ਜਾਗੀਰ ਭੇਟਾ ਕੀਤੀ ਹੋਈ ਸੀ।

---

1 ਭਾਈ ਸ੍ਵਰੂਪ ਸਿੰਘ ਕੋਸ਼ਿਸ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਗਿਆਨੀ ਗਰਜਾ ਸਿੰਘ, ਪੰਨੇ 67-70.

2 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 217.

3 ਪਰਮਵੀਰ ਸਿੰਘ, ਮਾਤਾ ਸੁੰਦਰੀ ਜੀ ਸੰਘਰਸ਼ ਅਤੇ ਸ਼ਖ਼ਸੀਅਤ, ਪੰਨੇ 55-56.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 213.

ਸੰਮਤ 1804 ਬਿ. (1747 ਈ.) ਵਿਚ ਦਿੱਲੀ ਹੀ ਇਨ੍ਹਾਂ ਦਾ ਦਿਹਾਂਤ ਹੋਇਆ, ਜਿੱਥੇ ਇਨ੍ਹਾਂ ਦੀ ਸਮਾਧੀ ਪੁਰ ਦੇਹੁਰਾ ਬਣਿਆ ਹੋਇਆ ਹੈ।[1] ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਨੂੰ ਸ੍ਰੀ ਹਰਿਮੰਦਰ ਦਾ ਗ੍ਰੰਥੀ ਥਾਪਿਆ। ਇਸ ਤੋਂ ਇਲਾਵਾ ਮਾਤਾ ਸੁੰਦਰੀ ਜੀ ਨੇ ਗੁਰੂ ਕੇ ਲੰਗਰ ਲਈ ਕਾਰ-ਭੇਟਾ, ਸੰਗਤਾਂ ਦੀਆਂ ਤਕਲੀਫ਼ਾਂ ਅਤੇ ਲੋੜਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀ ਨਵਿਰਤੀ ਲਈ ਵੱਖ-ਵੱਖ ਇਲਾਕੇ ਦੀ ਸਿੱਖ ਸੰਗਤ ਦੇ ਨਾਮ *ਹੁਕਮਨਾਮੇ* ਵੀ ਜਾਰੀ ਕੀਤੇ।[2]

**ਗੁਲਾਬ ਚੰਦ** : ਗੁਲਾਬ ਚੰਦ ਰਿਸ਼ਤੇਦਾਰੀ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਬੀਬੀ ਵੀਰੋ ਅਤੇ ਭਾਈ ਸਾਧੂ ਰਾਮ ਦੇ ਸਪੁੱਤਰ ਸਨ। *ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼* ਵਿਚ ਬਾਬਾ ਸੁਮੇਰ ਸਿੰਘ ਭੰਗਾਣੀ ਦੇ ਯੁੱਧ ਬਾਰੇ ਲਿਖਦੇ ਹਨ - ਪ੍ਰਥਮ ਸੰਗੋ ਸ਼ਾਹ ਸ੍ਰੀ ਸੰਗ੍ਰਾਮ ਸ਼ਾਹ ਪਛਾਨ। ਨਾਮ ਸ੍ਰੀ ਗੋਬਿੰਦ ਸਿੰਘ ਜੀ ਧਰਯੋ ਬੀਰ ਪ੍ਰਮਾਨ। ਜੀਤ ਮਲ ਗੁਲਾਬ ਚੰਦ ਸੁ ਨਾਮ ਗੰਗਾ ਰਾਮ। ਚੰਦ ਤਯੋ ਹੀ ਮਾਹੁਰੀ ਗੁਰ ਭ੍ਰਾਤ ਭੂਆ ਬਾਮ।2।[3]

**ਗੰਗਾ ਰਾਮ** : ਗੰਗਾ ਰਾਮ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਦੋਹਤਾ ਜੋ ਕਿ ਬੀਬੀ ਵੀਰੋ ਦਾ ਸਪੁੱਤਰ ਸੀ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਰਿਸ਼ਤੇਦਾਰੀ ਵਿਚੋਂ ਭੂਆ ਦਾ ਪੁੱਤਰ ਸੀ। ਗੰਗਾ ਰਾਮ ਭੰਗਾਣੀ ਦੀ ਜੰਗ ਵਿਚ ਵੱਡੀ ਬਹਾਦਰੀ ਨਾਲ ਲੜਿਆ ਸੀ।[4] *ਸ੍ਰੀ ਗੁਰ ਸੋਭਾ* ਦਾ ਕਰਤਾ ਲਿਖਦਾ ਹੈ- ਕਰੀ ਇਮ ਜੰਗ ਸੁਨਿ ਗੰਗ ਰਾਮੰ ਵਹੀ ਤੇਗ ਕਰ ਮੈ ਲਈ ਬੇਗ ਧਾਯੋ। ਦੇਤ ਅਸਵਾਰ ਕੇ ਸੀਸ ਪੈ ਆਨਿ ਕੈ ਕਰਤ ਦੁਇ ਟੂਕ ਭੁਇ ਮਾਹਿ ਪਾਯੋ। ਮਾਰਿ ਚਤੁਰੰਗ ਚਤੁਰੰਗ ਕੇਤੀ ਕਰੀ ਭੂਮ ਲੋਟੈ ਪਰੀ ਭੈ ਦਿਖਾਯੋ। ਧੂਮ ਐਸੀ ਪਰੀ ਭਾਜ ਯਾਹੀ ਘਰੀ ਕਾਲ ਕੋ ਰੂਪ ਇਮ ਸੂਰ ਆਯੋ।19।60।[5]

**ਜੀਤੋ, ਮਾਤਾ (ਮਾਤਾ ਜੀਤੋ ਜੀ)** : ਮਾਤਾ ਜੀਤੋ ਜੀ ਲਾਹੌਰ ਨਿਵਾਸੀ ਭਾਈ ਹਰਿਜਸ ਸੁਭਿਖੀ ਦੇ ਸਪੁੱਤਰੀ ਸਨ। ਇਨ੍ਹਾਂ ਦਾ ਆਨੰਦ ਕਾਰਜ 22 ਹਾੜ, ਸੰਮਤ 1734 ਬਿ. (1677 ਈ.) ਨੂੰ ਦਸਮੇਸ਼ ਜੀ ਦੇ ਨਾਲ ਗੁਰੂ ਕੇ

---

1 ਕੁਇਰ ਸਿੰਘ, ਗੁਰਬਿਲਾਸ ਪਾ. ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨੇ 301-2.

2 ਗੰਡਾ ਸਿੰਘ, ਹੁਮਨਾਮੇ, ਪੰਨਾ 34.

3 ਬਾਬਾ ਸੁਮੇਰ ਸਿੰਘ, ਸ੍ਰੀ ਗੁਰੁ ਪਦ ਪ੍ਰੇਮ ਪ੍ਰਕਾਸ਼, ਪੰਨਾ 78.

4 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 306.

5 ਕਵਿ ਸੈਨਾਪਤਿ ਰਚਿਤ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 17.

ਲਾਹੌਰ ਹੋਇਆ। ਇਨ੍ਹਾਂ ਦੇ ਤਿੰਨ ਸਪੁੱਤਰ ਹੋਏ। ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ। ਸੰਮਤ 1757 ਬਿ. ਵਿਚ 17 ਅੱਸੂ ਨੂੰ ਇਨ੍ਹਾਂ ਦਾ ਦੇਹਾਂਤ ਅਨੰਦਪੁਰ ਵਿਖੇ ਹੋਇਆ, ਜਿਥੇ ਅਗਮਪੁਰਾ ਇਨ੍ਹਾਂ ਦਾ ਦੇਹੁਰਾ ਬਣਿਆ ਹੋਇਆ ਹੈ।[1] ਕਵੀ ਵੀਰ ਸਿੰਘ ਬਲ ਨੇ ਮਾਤਾ ਜੀਤੋ ਜੀ ਦੇ ਸਪੁੱਤਰਾਂ ਬਾਰੇ *ਗੁਰ ਕੀਰਤ ਪ੍ਰਕਾਸ਼* ਵਿਚ ਲਿਖਿਆ ਹੈ –

ਮਾਤਾ ਜੀਤੋ ਜੂ ਕੈ ਧਾਮਾਂ। ਭਏ ਤੀਨ ਸੁਤ ਮਹਾ ਭਿਰਾਮਾਂ।

ਫਤੇ ਸਿੰਘੁ ਸ੍ਰੀ ਸਿੰਘ ਜੁਝਾਰ। ਜੋਰਾਵਰ ਸਿੰਘੁ ਬਲੀ ਅਪਾਰ।18।[2]

**ਨਾਨਕੀ, ਮਾਤਾ** : ਮਾਤਾ ਨਾਨਕੀ ਜੀ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੁਪੱਤਨੀ, ਗੁਰੂ ਤੇਗ ਬਹਾਦਰ ਜੀ ਦੀ ਮਾਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਾਦੀ ਸਨ। ਮਾਤਾ ਨਾਨਕੀ ਜੀ ਦੇ ਵਿਆਹ ਬਾਰੇ ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ 'ਦੂਜੇ ਮਾਤਾ ਨਾਨਕੀ ਬੇਟੀ ਲੰਮਾ ਦੀ ਰਾਮਦਾਸਪੁਰੇ ਵਿਆਹੀ।'[3] ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਮਿਲਣ ਤੋਂ ਪਹਿਲਾਂ ਮਾਤਾ ਨਾਨਕੀ ਜੀ ਵੀ ਬਟਾਲੇ ਵਿਖੇ ਬਹੁਤ ਸਮਾਂ ਉਨ੍ਹਾਂ ਦੇ ਨਾਲ ਰਹੇ। ਫਿਰ ਗੁਰਿਆਈ ਮਿਲਣ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਜਦੋਂ ਸਿੱਖ ਧਰਮ ਦੇ ਪ੍ਰਚਾਰ ਲਈ ਦੱਖਣ ਵੱਲ ਪਟਨੇ ਗਏ ਤਾਂ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਸਾਰਾ ਪਰਿਵਾਰ ਉਨ੍ਹਾਂ ਦੇ ਨਾਲ ਸਨ। ਉਥੋਂ ਗੁਰੂ ਸਾਹਿਬ ਅੱਗੇ ਚਲੇ ਗਏ ਸਨ ਅਤੇ ਇਹ ਸਾਰਾ ਪਰਿਵਾਰ ਪਟਨੇ ਵਿਖੇ ਰਹਿ ਰਿਹਾ ਸੀ। ਇਥੇ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਮਾਤਾ ਨਾਨਕੀ ਜੀ ਕੋਲ ਹੀ ਸੀ, ਜਦੋਂ ਬਾਲ ਗੋਬਿੰਦ ਰਾਇ ਦਾ ਜਨਮ ਹੋਇਆ ਤਾਂ ਮਾਤਾ ਗੁਜਰੀ ਜੀ ਅਤੇ ਬਾਲ ਦੀ ਸਾਰੀ ਦੇਖ-ਭਾਲ ਮਾਤਾ ਜੀ ਨੇ ਹੀ ਕੀਤੀ ਸੀ। ਫਿਰ ਗੁਰੂ ਤੇਗ ਬਹਾਦਰ ਜੀ ਦੇ ਹੁਕਮ ਅਨੁਸਾਰ ਸਾਰਾ ਪਰਿਵਾਰ ਪੰਜਾਬ ਵੱਲ ਅਨੰਦਪੁਰ ਆ ਗਿਆ। ਇਹ ਪਿੰਡ ਪਹਿਲਾਂ ਮਾਖੋਵਾਲ ਸੀ ਅਤੇ ਇਥੇ ਗੁਰੂ ਸਾਹਿਬ ਜੀ ਨੇ ਮਾਤਾ ਨਾਨਕੀ ਜੀ ਦੇ ਨਾਮ 'ਤੇ ਚੱਕ ਨਾਨਕੀ ਨਗਰ ਵਸਾਇਆ ਸੀ, ਜੋ ਬਾਅਦ ਵਿਚ ਅਨੰਦਪੁਰ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਮਾਤਾ ਨਾਨਕੀ ਜੀ ਨੇ ਗੁਰੂ ਗੋਬਿੰਦ ਸਿੰਘ ਦਾ ਪਾਲਣ

---

[1] ਕੁਇਰ ਸਿੰਘ, ਗੁਰਬਿਲਾਸ ਪਾ. ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 307.

[2] ਵੀਰ ਸਿੰਘ ਬਲ, ਗੁਰਕੀਰਤ ਪ੍ਰਕਾਸ਼, ਸੰਪਾ. ਡਾ. ਗੁਰਬਚਨ ਕੌਰ, ਪੰਨਾ 248.

[3] ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਸੰਪਾ. ਰਤਨ ਸਿੰਘ ਜੱਗੀ, ਪੰਨਾ 66.

ਪੋਸ਼ਣ ਆਪਣੀ ਦੇਖ ਰੇਖ ਵਿਚ ਕੀਤਾ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਦਤ ਤੋਂ ਬਾਅਦ ਮਾਤਾ ਨਾਨਕੀ ਜੀ ਕਾਫੀ ਸਮਾਂ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਨੁਮਾਈ ਕਰਦੇ ਰਹੇ।

**ਮਿਹਰ ਚੰਦ** : ਇਹ ਮਾਤਾ ਗੁਜਰੀ ਜੀ ਦਾ ਭਰਾ ਸੀ। ਮਿਹਰ ਚੰਦ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮਾਮਾ ਸੀ। ਇਨ੍ਹਾਂ ਦਾ ਜਨਮ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਸੁਭਿਖੀਏ ਖਤ੍ਰੀ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਹੋਇਆ। ਮਿਹਰ ਚੰਦ ਲਖਨੌਰ ਵਿਖੇ ਰਹਿੰਦਾ ਸੀ ਅਤੇ ਗੁਰੂ ਦਰਬਾਰ ਵਿਚ ਅਕਸਰ ਆਉਂਦਾ-ਜਾਂਦਾ ਹੁੰਦਾ ਸੀ। ਗੁਰੂ ਸਾਹਿਬ ਇਸ ਕੋਲ ਲਖਨੌਰ ਦੇ ਸਥਾਨ 'ਤੇ ਠਹਿਰੇ ਸਨ। *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ* ਵਿਚ ਜ਼ਿਕਰ ਹੈ ਕਿ –

> (ਗੁਰੂ) ਗੋਬਿੰਦ ਦਾਸ ਜੀ ਬੇਟਾ ਗੁਰੂ ਤੇਗ ਬਹਾਦਰ ਜੀ ਮਹਿਲ ਨਾਵਾਂ ਕਾ ਪੋਤਾ...
>
> ...ਪ੍ਰਗਨਾ ਕਹਿਲੂਰ ਲਖਨੌਰ ਨਾਨਕੇ ਘਰ ਪ੍ਰਗਨਾ ਅੰਬਾਲਾ ਆਏ।[1]

**ਵੀਰੋ, ਬੀਬੀ** : ਬੀਬੀ ਵੀਰੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਸੀ। ਵੀਰੋ ਜੀ ਦਾ ਜਨਮ ਸੰਮਤ 1672 ਬਿ. ਨੂੰ ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਦਮੋਦਰੀ ਜੀ ਦੀ ਕੁਖੋਂ ਹੋਇਆ। ਆਪ ਦਾ ਵਿਆਹ ਮੱਲਾਂ ਨਗਰ ਦੇ ਵਸਨੀਕ ਧਰਮੇ ਖੋਸਲੇ ਦੇ ਸਪੁੱਤਰ ਭਾਈ ਸਾਧੂ ਰਾਮ ਨਾਲ ਹੋਇਆ। ਬੀਬੀ ਵੀਰੋ ਜੀ ਦਾ ਆਪਣੇ ਭਰਾ ਗੁਰੂ ਤੇਗ ਬਹਾਦਰ ਜੀ ਤੇ ਭਤੀਜੇ ਗੁਰੂ ਗੋਬਿੰਦ ਸਿੰਘ ਜੀ ਨਾਲ ਅਥਾਹ ਪਿਆਰ ਸੀ। ਆਪ ਦੇ ਪੰਜ ਸਪੁੱਤਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹਾਂਜ਼ਰ ਰਹੇ ਤੇ ਜੰਗਾਂ ਵਿਚ ਖੂਬ ਜੌਹਰ ਦਿਖਾਏ। ਇਨ੍ਹਾਂ ਵਿਚੋਂ ਦੋ ਭੰਗਾਣੀ ਦੀ ਜੰਗ ਵਿਚ ਸ਼ਹੀਦ ਹੋ ਗਏ ਸਨ।[2]

## 1.2. ਪਰਿਵਾਰਕ ਮੈਂਬਰ, ਸ਼ਹੀਦ

**ਅਜੀਤ ਸਿੰਘ (ਸਾਹਿਬਜ਼ਾਦਾ)** : ਸਾਹਿਬਜ਼ਾਦਾ ਅਜੀਤ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵੱਡਾ ਸਪੁੱਤਰ ਸੀ। ਅਜੀਤ ਸਿੰਘ ਦਾ ਜਨਮ ਮਾਤਾ ਸੁੰਦਰੀ ਜੀ ਦੇ ਉਦਰ ਤੋਂ 23 ਮਾਘ ਸੰਮਤ 1743 (1686 ਈ.) ਨੂੰ ਹੋਇਆ।

---

1 ਗੁਰਮੁਖ ਸਿੰਘ, ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਪੰਨਾ 123.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 879.

ਅਜੀਤ ਸਿੰਘ ਬੜਾ ਕਰਮ ਯੋਗੀ ਤੇ ਬਹਾਦਰ ਸੂਰਬੀਰ ਯੋਧਾ ਸੀ। ਇਸ ਨੇ ਛੋਟੀ ਉਮਰ ਵਿਚ ਹੀ ਕੁਸ਼ਤੀ, ਘੋੜਸਵਾਰੀ ਅਤੇ ਸ਼ਸਤਰ ਵਿੱਦਿਆ ਵਿਚ ਮੁਹਾਰਤ ਹਾਸਿਲ ਕਰ ਲਈ ਸੀ। ਇਕ ਵਾਰ ਸਾਹਿਬਜ਼ਾਦੇ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਇਕ ਬ੍ਰਾਹਮਣ ਦਵਾਰਕਾ ਦਾਸ ਦੀ ਫਰਿਆਦ 'ਤੇ ਬ੍ਰਾਹਮਣੀ ਨੂੰ ਜਾਬਰ ਨਵਾਬ ਜਬਰ ਜੰਗ ਖ਼ਾਂ ਕੋਲੋਂ ਛੁਡਾਇਆ ਸੀ। ਅਨੰਦਪੁਰ ਦੀਆਂ ਹੋਰ ਜੰਗਾਂ ਵਿਚ ਵੀ ਇਹ ਵੱਡੀ ਬਹਾਦਰੀ ਨਾਲ ਲੜਿਆ ਸੀ। ਅਨੰਦਪੁਰ ਸਾਹਿਬ ਛੱਡਣ ਵੇਲੇ ਅਜੀਤ ਸਿੰਘ ਨੇ ਭਾਈ ਉਦੈ ਸਿੰਘ ਨਾਲ ਵਹੀਰ ਦੀ ਰਾਖੀ ਕੀਤੀ। ਕਵਿ ਸੈਨਾਪਤਿ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਆਪਣੀ ਰਚਨਾ *ਸ੍ਰੀ ਗੁਰ ਸੋਭਾ* ਵਿਚ 'ਰਣਜੀਤ ਸਿੰਘ' ਜਾਂ 'ਜੀਤ ਸਿੰਘ' ਲਿਖਦਾ ਹੈ-

ਭਈ ਅਸ ਵਾਜ ਅਬ ਜਾਹ ਰਣਜੀਤ ਸਿੰਘ!

ਤੁਮ ਕਰੌ ਸੰਗ੍ਰਾਮ ਦੂਤਨ ਸੰਘਾਰੋ॥...

ਤਹਾਂ ਆਨਿ ਜੋਗਨਿ ਖਰੀ ਨਾਰਦ ਵਾਵੈ ਤੂਰ॥

ਜੀਤ ਸਿੰਘ ਰਣ ਮੈ ਮਡਯੋ ਹੋਤ ਪਤ੍ਰ ਭਰਪੂਰਿ॥32॥[1]

ਭਾਈ ਕੇਸਰ ਸਿੰਘ ਛਿੱਬਰ ਨੇ ਵੀ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਵਿਚ ਜੀਤ ਸਿੰਘ ਲਿਖਿਆ ਹੈ –

ਗਜੇ ਸਿੰਘ ਰਾਜਾ ਅਤੇ ਪੰਮਾ ਵਜੀਰ ਏਹੁ ਦੋਨੋ ਆਇ ਲੜੇ॥

ਜੀਤ ਸਿੰਘ ਜੀ ਜੁਝਾਰ ਸਿੰਘ ਜੀ ਨਾਲਿ ਸਿੰਘ ਪੈਂਤੀ ਰਹੇ ਖੜੇ॥[2]

ਅਜੀਤ ਸਿੰਘ ਨੇ ਚਮਕੌਰ ਦੇ ਧਰਮ ਯੁੱਧ ਵਿਚ ਦੁਸ਼ਮਣਾਂ ਦੇ ਸਨਮੁੱਖ ਲੜ ਕੇ ਵੱਡੀ ਵੀਰਤਾ ਦਿਖਾਈ ਤੇ 8 ਪੋਹ ਸੰਮਤ 1761 (1704 ਈ.) ਨੂੰ ਸ਼ਹਾਦਤ ਪ੍ਰਾਪਤ ਕੀਤੀ।

**ਸੰਗੋਸ਼ਾਹ, ਭਾਈ (ਸ਼ਾਹਸੰਗ੍ਰਾਮ)** : ਭਾਈ ਸ਼ੰਗੋਸ਼ਾਹ ਰਿਸ਼ਤੇਦਾਰੀ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਭੂਆ ਬੀਬੀ ਵੀਰੋ ਅਤੇ ਭਾਈ ਸਾਧੂ ਜੀ ਦੇ ਸਪੁੱਤਰ ਸਨ। ਇਨ੍ਹਾਂ ਦਾ ਪਹਿਲਾ ਨਾਂ ਸੰਗੋਸ਼ਾਹ ਸੀ। ਯੁੱਧ ਦੇ ਮੈਦਾਨ ਵਿਚ ਲੜਦੇ

---

1 ਕਵਿ ਸੈਨਾਪਤਿ ਰਚਿਤ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨੇ 86-87.

2 ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਸੰਪਾ. ਡਾ. ਰਤਨ ਸਿੰਘ ਜੱਗੀ, ਪੰਨਾ 151.

ਵੇਖ ਦਸਮੇਸ਼ ਜੀ ਨੇ ਪ੍ਰਸੰਨ ਹੋਕੇ ਇਨ੍ਹਾਂ ਨੂੰ ਇਹ ਖਿਤਾਬ 'ਸ਼ਾਹਸੰਗ੍ਰਾਮ' ਬਖਸ਼ਿਆ ਤੇ ਇਸ ਦਾ ਜ਼ਿਕਰ *ਬਚਿਤ੍ਰ ਨਾਟਕ* ਵਿਚ ਕੀਤਾ –

ਲਖੇ ਸਾਹ ਸੰਗ੍ਰਾਮ ਜੁੱਝੇ ਜੁਝਾਰੰ। ਤਵੰ ਕੀਟ ਬਾਣੰ ਕਮਾਣੰ ਸੰਭਾਰੰ॥[1]

ਗੁਰੂ ਪਾਤਸ਼ਾਹ ਦੇ ਪਹਿਲੇ ਭੰਗਾਣੀ ਦੇ ਯੁੱਧ ਵਿਚ ਚਾਰ ਸਿੱਖ ਭਾਈ ਸੰਗੋਸ਼ਾਹ, ਜੀਤ ਮੱਲ, ਊਧੀਆ (ਊਦੀਆ) ਤੇ ਹਠੀ ਚੰਦ ਸ਼ਹੀਦ ਹੋਏ ਸਨ। *ਗੁਰੂ ਕੀਆਂ ਸਾਖੀਆਂ* ਵਿਚ ਲਿਖਿਆ ਹੈ - ਦੋਨੋਂ ਤਰਫੀਂ ਬੜਾ ਜੁੱਧ ਹੋਆ। ਗੁਰੂ ਜੀ ਤਰਫ ਤੇ ਬੀਬੀ ਵੀਰੋ ਕੇ ਦੋ ਬੇਟੇ ਸੰਗੋਸ਼ਾਹ ਤੇ ਜੀਤਮੱਲ ਸਾਂਹਵੇਂ ਮਾਥੇ ਲੜ ਕੇ ਸ਼ਹੀਦੀਆਂ ਪਾਇ ਗਏ। ਗੁਰੂ ਕੀ ਬੂਆ ਕੇ ਬੇਟੇ ਸੰਗੋਸ਼ਾਹ, ਜੀਤ ਮੱਲ ਬੇਟੇ ਸਾਧੂ ਕੇ, ਪੋਤੇ ਧਰਮੇ ਖੋਸਲੇ ਖਤਰੀਆਂ ਕੇ ਗੈਲ ਰਨ ਭੂਮੀ ਮੇਂ ਆਏ। ਸਾਲ ਸਤਰਾਂ ਸੈਂ ਪੈਂਤਾਲੀਸ ਅਸੁਜ ਪ੍ਰਵਿਸ਼ਟੇ ਅਠਾਰਾਂ ਭੰਗਾਨੀ ਕੇ ਮਲ੍ਹਾਨ ਜਮਨਾ ਗਿਰੀ ਕੇ ਮਧਿਆਨ ਰਾਜ ਨਾਹਨ ਏਕ ਘਰੀ ਦਿਹੁੰ ਖਲੇ ਜੂ ਝੰਤੇ ਸੂਰਿਓਂ ਗੈਲ ਸਾਮੇਂ ਮਾਥੇ ਜੂਝ ਕਰ ਮਰਾ ਗੈਲੋਂ ਹਠੀ ਚੰਦ ਬੇਟਾ ਮਾਈਦਾਸ ਕਾ...ਜਲ੍ਹਾਨ ਬਲਉਂਤ ਮਾਰਾ ਗਿਆ।[2]

**ਕ੍ਰਿਪਾਲ ਚੰਦ** : ਮਾਤਾ ਗੁਜਰੀ ਜੀ ਦਾ ਭਰਾ, ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਾਮਾ ਲਗਦਾ ਸੀ। ਭਾਈ ਕ੍ਰਿਪਾਲ ਚੰਦ ਜੀ ਦਾ ਜਨਮ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਸੁਭਿਖੀਏ ਖਤ੍ਰੀ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਹੋਇਆ।[3] ਇਹ ਪਰਮ ਗੁਰੂ ਭਗਤ ਅਤੇ ਮਹਾਨ ਯੋਧਾ ਸੀ। ਇਸ ਨੇ ਭੰਗਾਣੀ ਦੇ ਯੁੱਧ ਵਿੱਚ ਵੱਡੀ ਬਹਾਦਰੀ ਵਿਖਾਈ, ਜਿਸ ਦਾ ਜ਼ਿਕਰ ਕਲਗੀਧਰ ਨੇ *ਬਚਿਤ੍ਰ ਨਾਟਕ* ਦੇ ਅੱਠਵੇਂ ਅਧਿਆਇ ਵਿੱਚ ਕੀਤਾ ਹੈ–

ਤਹਾਂ ਮਾਤਲੇਯੰ ਕ੍ਰਿਪਾਲੰ ਕ੍ਰੁੱਧੰ। ਛਕਿਯੋ ਛੋਭ ਛਤ੍ਰੀ ਕਰਯੋ ਜੁੱਧ ਸੁੱਧੰ।[4]

ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਅਨੰਦਪੁਰ ਦੇ ਦਰਬਾਰ ਵਿਚ ਆਪ ਦਾ ਵਿਸ਼ੇਸ਼ ਸਥਾਨ ਸੀ ਤੇ ਸਾਰੇ ਪ੍ਰਬੰਧ ਦੀ ਨਿਗਰਾਨੀ ਕਰਦੇ ਸਨ। ਅਨੰਦਪੁਰ ਤਿਆਗ ਸਮੇਂ ਆਪ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ

---

1 ਸ਼ਬਦਾਰਥ ਦਸਮ ਗ੍ਰੰਥ (ਪੋਥੀ ਪਹਿਲੀ), ਪੰਨਾ 78.

2 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ, ਗਿਆਨੀ ਗਰਜਾ ਸਿੰਘ, ਪੰਨੇ 92-93.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 359.

4 ਸ਼ਬਦਾਰਥ ਦਸਮ ਗ੍ਰੰਥ (ਪੋਥੀ ਪਹਿਲੀ), ਪੰਨਾ 77.

ਨਾਲ ਦਿੱਲੀ ਚਲੇ ਗਏ ਸਨ। ਜਦੋਂ 1711 ਈ. ਵਿਚ ਬਾਦਸ਼ਾਹ ਬਹਾਦਰਸ਼ਾਹ ਨੇ ਗੁਰੂ ਕੇ ਚੱਕ ਦੀ ਜਬਤ ਕੀਤੀ ਜਾਗੀਰ ਬਹਾਲ ਕੀਤੀ ਤਾਂ ਮਾਮਾ ਕ੍ਰਿਪਾਲ ਚੰਦ ਮੁਨਸ਼ੀ ਮੁਸੱਦੀ ਲੈ ਕੇ ਅੰਮ੍ਰਿਤਸਰ ਆ ਗਏ। ਇੱਥੇ ਸਿੱਖਾਂ ਨੂੰ ਵੱਖ-ਵੱਖ ਸੇਵਾਵਾਂ ਸੌਂਪੀਆਂ। ਲੰਗਰ ਪਾਣੀ ਦੇ ਪ੍ਰਬੰਧ ਤੋਂ ਬਾਅਦ ਜੋ ਵਾਫਰ ਰਕਮ ਵਧਦੀ ਉਹ ਖਾਨ ਸਿੰਘ ਕਲਾਲ ਲਾਹੌਰ ਤੋਂ ਹੁੰਡੀ ਕਰਾਕੇ ਦਿੱਲੀ ਮਾਤਾ ਜੀ ਪਾਸ ਭੇਜ ਦਿੰਦੇ। ਇਹ ਸਭ ਮਾਮਾ ਜੀ ਦੀ ਸਿਆਣਪ ਦਾ ਸਿੱਟਾ ਸੀ ਪਰ ਅਜੇਹਾ ਪ੍ਰਬੰਧ ਥੋੜਾ ਚਿਰ ਹੀ ਰਿਹਾ। ਮਾਘ ਸੁਦੀ ਚੌਥ 1780 ਬਿ. ਵਿਚ ਆਪ ਨੂੰ ਸ਼ਾਹੀ ਹੁਕਮ ਨਾਲ ਬਾਕੀ 60 ਸਿੱਖਾਂ ਨਾਲ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ।[1]

**ਗੁਜਰੀ, ਮਾਤਾ** : ਮਾਤਾ ਗੁਜਰੀ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਸਨ। ਗੁਜਰੀ ਜੀ ਦਾ ਜਨਮ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਸੁਭਿਖੀਏ ਖਤ੍ਰੀ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਹੋਇਆ। ਗੁਜਰੀ ਦਾ ਜੀ ਦਾ ਵਿਆਹ ਗੁਰੂ ਤੇਗ ਬਹਾਦਰ ਜੀ ਨਾਲ ਹੋਇਆ। ਮਾਤਾ ਗੁਜਰੀ ਜੀ ਨੇ ਸਿੱਖ ਪੰਥ ਦੀ ਬਹੁਤ ਵੱਡੀ ਸੇਵਾ ਕੀਤੀ। ਇਨ੍ਹਾਂ ਨੇ ਪਹਿਲਾਂ ਆਪਣੇ ਪਤੀ ਨੂੰ ਦਿੱਲੀ ਵਿਚ ਸ਼ਹੀਦ ਹੋਣ ਲਈ ਤੋਰਿਆ। ਫਿਰ ਆਪਣੇ ਪੋਤਰਿਆਂ ਨੂੰ ਅਜਿਹੀ ਸਿੱਖਿਆ ਦਿੱਤੀ ਕਿ ਉਹ ਛੋਟੀ ਉਮਰ ਵਿਚ ਵੀ ਧਰਮ ਤੋਂ ਨਹੀਂ ਡੋਲੇ। ਅਨੰਦਪੁਰ ਛੱਡਣ ਉਪਰੰਤ ਗੁਰੂ ਸਾਹਿਬ ਦਾ ਸਾਰਾ ਪਰਿਵਾਰ ਸਰਸਾ ਨਦੀ ਦੇ ਕੰਢੇ ’ਤੇ ਵਿਛੜ ਗਿਆ ਸੀ। ਮਾਤਾ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਨਾਲ ਸੂਬਾ ਸਰਹਿੰਦ ਨੇ ਕੈਦ ਕਰ ਲਿਆ ਸੀ। ਇਥੇ ਆਪ ਦੋਵੇਂ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਕੁਰਬਾਨ ਜਾਣ ਦੀ ਪੱਟੀ ਪੜ੍ਹਾਉਂਦੇ ਰਹੇ। ਸੂਬੇ ਨੇ ਜ਼ੁਲਮ ਦੀ ਅੱਤ ਕਰਦਿਆਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ। ਜਦੋਂ ਮਾਤਾ ਜੀ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਵੀ ਇਸ ਵਿਯੋਗ ਵਿਚ ਸਰਹਿੰਦ ਦੇ ਠੰਡੇ ਬੁਰਜ ਵਿਚ ਆਪਣੇ ਪ੍ਰਾਣ ਤਿਆਗ ਦਿੱਤੇ।

**ਜੀਤ ਮੱਲ** : ਜੀਤ ਮੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਿਸ਼ਤੇਦਾਰੀ ਵਿਚੋਂ ਭੂਆ ਦਾ ਪੁੱਤਰ ਸੀ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦਾ ਦੋਹਤਰਾ ਜੋ ਕਿ ਬੀਬੀ ਵੀਰੋ ਦਾ ਸਪੁੱਤਰ ਸੀ, ਇਹ ਭੰਗਾਣੀ ਦੇ ਜੰਗ ਵਿਚ

---

[1] ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 217.

ਸ਼ਹੀਦ ਹੋਇਆ।[1]

ਇਸ ਦੇ ਬਾਰੇ *ਗੁਰੂ ਕੀਆਂ ਸਾਖੀਆਂ* ਵਿਚ ਲਿਖਿਆ ਹੈ - ਦੋਨੋਂ ਤਰਫੀਂ ਬੜਾ ਜੁੱਧ ਹੋਆ। ਗੁਰੂ ਜੀ ਤਰਫ ਤੇ ਬੀਬੀ ਵੀਰੋ ਕੇ ਦੋ ਬੇਟੇ ਸੰਗੋਸ਼ਾਹ ਤੇ ਜੀਤਮੱਲ ਸਾਂਹਵੇਂ ਮਾਥੇ ਲੜ ਕੇ ਸ਼ਹੀਦੀਆਂ ਪਾਇ ਗਏ। ਗੁਰੂ ਕੀ ਬੂਆ ਕੇ ਬੇਟੇ ਸੰਗੋਸ਼ਾਹ, ਜੀਤ ਮੱਲ ਬੇਟੇ ਸਾਧੂ ਕੇ, ਪੋਤੇ ਧਰਮੇ ਖੋਸਲੇ ਖਤਰੀਆਂ ਕੇ ਗੈਲ ਰਨ ਭੂਮੀ ਮੇਂ ਆਏ। ਸਾਲ ਸਤਰਾਂ ਸੈਂ ਪੈਂਤਾਲੀਸ ਅਸੁਜ ਪ੍ਰਵਿਸ਼ਟੇ ਅਠਾਰਾਂ ਭੰਗਾਨੀ ਕੇ ਮਲ੍ਹਾਨ ਜਮਨਾ ਗਿਰੀ ਕੇ ਮਧਿਆਨ ਰਾਜ ਨਾਹਨ ਏਕ ਘਰੀ ਦਿਹੁੰ ਖਲੇ ਜੂ ਝੰਤੇ ਸੂਰਿਓਂ ਗੈਲ ਸਾਮੇਂ ਮਾਥੇ ਜੂਝ ਕਰ ਮਰਾ ਗੈਲੋਂ ਹਠੀ ਚੰਦ ਬੇਟਾ ਮਾਈਦਾਸ ਕਾ...ਜਲ੍ਹਾਨਾ ਬਲਉਂਤ ਮਾਰਾ ਗਿਆ।[2]

**ਜੁਝਾਰ ਸਿੰਘ (ਸਾਹਿਬਜ਼ਾਦਾ) :** ਜੁਝਾਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦੂਜੇ ਸਪੁੱਤਰ ਸਨ, ਇਨ੍ਹਾਂ ਦਾ ਜਨਮ ਮਾਤਾ ਜੀਤੋ ਜੀ ਦੀ ਕੁਖੋਂ ਚੇਤ੍ਰ ਵਦੀ ਦਸਮੀ ਸੰਮਤ 1747 ਬਿ. (14 ਮਾਰਚ 1691 ਈ.) ਨੂੰ ਅਨੰਦਪੁਰ ਵਿਖੇ ਹੋਇਆ। ਜੁਝਾਰ ਸਿੰਘ ਨੇ ਛੋਟੀ ਉਮਰ ਵਿਚ ਹੀ ਸ਼ਸਤਰ ਵਿੱਦਿਆ ਗ੍ਰਹਿਣ ਕਰ ਲਈ ਸੀ। ਇਹ ਚਮਕੌਰ ਦੀ ਜੰਗ ਵਿਚ ਜੂਝ ਕੇ ਸ਼ਹੀਦ ਹੋਏ। ਕਵਿ ਸੈਨਾਪਤਿ ਨੇ *ਸ੍ਰੀ ਗੁਰ ਸੋਭਾ* ਵਿਚ ਭੁਲੇਖਾ ਖਾਧਾ ਹੈ ਕਿ ਜੂਝਾਰ ਸਿੰਘ ਦੀ ਸ਼ਹੀਦੀ ਸਰਹਿੰਦ ਹੋਈ, ਉਹ ਲਿਖਦੇ ਹਨ -

ਸਵੈਯਾ ਜੋ ਦਲ ਮੈ ਬਾਕੀ ਰਹੇ ਮਿਲਿ ਕੈ ਸਬ ਹੀ ਚਮਕੌਰ ਪੈ ਧਾਏ॥
ਸਾਹਿਬਜ਼ਾਦੇ ਲਿਯੇ ਗਹਿ ਕੈ ਜਿਨ ਕੋ ਸਬ ਸੀਰੰਦ ਲਾਏ॥
ਭਾਰੀ ਜਬਾਬ ਜੁਝਾਰ ਦਏ ਸੁਨਿ ਕੈ ਸਬ ਦੂਤਨ ਅੰਗ ਪਿਰਾਏ॥
ਯੋ ਪ੍ਰਭੁ ਕੋ ਕਰਨੀ ਤਬ ਹੀ ਦੋਊ ਜੂਝਤ ਹੀ ਪ੍ਰਭ ਲੋਕ ਸਿਧਾਏ॥73॥541॥[3]

ਸੋ ਇਨ੍ਹਾਂ ਸਤਰਾਂ ਕਰਕੇ ਕੁਝ ਇਤਿਹਾਸਕਾਰਾਂ ਨੇ ਇਹ ਰਾਇ ਬਣਾਈ ਕਿ ਜੁਝਾਰ ਸਿੰਘ ਨੂੰ ਸਰਹਿੰਦ ਸ਼ਹੀਦ ਕੀਤਾ ਗਿਆ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਪਹਿਲੀ ਚਿੱਠੀ ਫਤਿਹਨਾਮਾ (ਜ਼ਫ਼ਰਨਾਮਾ) ਤੋਂ ਇਹ

---

1 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 307.

2 ਭਾਈ ਸ੍ਰਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ, ਗਿਆਨੀ ਗਰਜਾ ਸਿੰਘ, ਪੰਨਾ 92.

3 ਕਵਿ ਸੈਨਾਪਤਿ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 94.

ਸਿੱਧ ਹੁੰਦਾ ਹੈ ਕਿ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ -

ਚਿ ਸ਼ੁਦ ਗਰ ਸ਼ਿਗਾਲ ਬ ਮਕਰੋ ਰਿਆ॥

ਹਮੀ ਕੁਸ਼ਤ ਦੋ ਬੱਚਹਾਏ ਸ਼ੇਰ ਰਾ॥14॥

ਭਾਈ ਕੇਸਰ ਸਿੰਘ ਛਿੱਬਰ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਵਿਚ ਲਿਖਦਾ ਹੈ -

ਫੇਰ ਤੀਜੇ ਦਿਨ ਜੁਝਾਰ ਸਿੰਘ ਜੀ ਪੰਜੀ ਸਿੰਘ ਨਾਲ ਲੈ ਆਏ॥

ਹਛੇ ਲੜੇ ਤੁਰਕ ਰਾਜੇ ਮਾਰਿ ਹਟਾਏ॥ 563॥

ਮੁਰਦਿਆਂ ਉਪਰਿ ਰਾਜੇ ਜਾਏ ਪਏ॥

ਸਿੰਘ ਲੜੇ ਪਰੁ ਜੁਝਾਰ ਸਿੰਘ ਜੀ ਸ੍ਵਰਗ ਨੂੰ ਗਏ॥[1]

ਪ੍ਰੋ. ਪਿਆਰਾ ਸਿੰਘ ਪਦਮ ਆਪਣੀ ਪੁਸਤਕ *ਚਾਰ ਸਾਹਿਬਜ਼ਾਦੇ* ਵਿਚ ਔਰੰਗਜ਼ੇਬ ਦੇ ਮੁਨਸ਼ੀ ਦਾ ਹਵਾਲਾ ਦਿੰਦੇ ਹੋਏ ਦਸਦੇ ਹਨ ਕਿ 'ਬਾਦਸ਼ਾਹ ਔਰੰਗਜ਼ੇਬ ਦਾ ਮੁਨਸ਼ੀ ਇਨਾਇਤੁਲਾ ਖ਼ਾਂ ਇਸਮੀ ਸੂਬਤ ਸਰਹਿੰਦ ਨੂੰ ਇਕ ਚਿੱਠੀ ਵਿਚ ਲਿਖਦਾ ਹੈ - ਤੁਹਾਡਾ ਉਹ ਖ਼ਤ ਮਿਲਿਆ ਜਿਸ ਵਿਚ ਨਾਨਕ ਪ੍ਰਸਤ ਗੁਰੂ ਦਾ ਸਰਹਿੰਦ ਤੋਂ 12 ਕੋਹ ਦੀ ਵਿੱਥ ਤੇ ਉਤਰ ਆਉਣਾ ਆਪ ਨੇ ਸਮੇਤ ਤੋਪਖਾਨੇ ਦੇ ਮਸਾਲੇ ਦੇ ਸੱਤ ਸੌ ਸਵਾਰ ਸਹਾਇਤਾ ਵਜੋਂ ਭੇਜਣਾ ਉਸ ਬਿਪਤਾ-ਮਾਰੇ ਦਾ ਚਮਕੌਰ ਦੇ ਜ਼ਿਮੀਦਾਰ ਦੀ ਹਵੇਲੀ ਵਿਚ ਘਿਰ ਜਾਣਾ, ਉਸ ਦੇ ਦੋ ਪੁੱਤਰਾਂ ਤੇ ਹੋਰ ਸਾਥੀਆਂ ਦਾ ਮਾਰੇ ਜਾਣਾ ਆਦਿ ਗੱਲਾਂ ਸ਼ਾਮਿਲ ਹਨ।'[2] ਇਸ ਤਰ੍ਹਾਂ ਸਾਹਿਬਜ਼ਾਦਾ ਜੁਝਾਰ ਸਿੰਘ ਚਮਕੌਰ ਦੀ ਜੰਗ ਵਿਚ ਦੁਸ਼ਮਣਾਂ ਨਾਲ ਜੂਝਦਾ ਹੋਇਆ ਆਪਣੇ ਵੱਡੇ ਭਰਾ ਅਜੀਤ ਸਿੰਘ ਸਮੇਤ 17 ਮੱਘਰ 1762 ਬਿ. (7 ਦਸੰਬਰ 1705 ਈ.) ਨੂੰ ਸ਼ਹਾਦਤ ਦਾ ਜਾਮ ਪੀ ਗਿਆ।

**ਜੋਰਾਵਰ ਸਿੰਘ, ਸਾਹਿਬਜ਼ਾਦਾ** : ਸਾਹਿਬਜ਼ਾਦਾ ਜੋਰਾਵਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤੀਜਾ ਸਪੁੱਤਰ ਸੀ, ਇਨ੍ਹਾਂ ਦਾ ਜਨਮ ਮਾਤਾ ਜੀਤੋ ਜੀ ਦੀ ਕੁਖੋਂ ਮੱਘਰ ਸੁਦੀ 3, 1753 ਬਿ. (17 ਨਵੰਬਰ 1696 ਈ.) ਨੂੰ ਅਨੰਦਪੁਰ ਵਿਖੇ ਹੋਇਆ। *ਗੁਰਬਿਲਾਸ ਪਾਤਸ਼ਾਹੀ ੧੦* ਅਨੁਸਾਰ ਇਹ ਮੱਘਰ ਸੁਦੀ 23 ਸੰਮਤ 1753 ਬਿ. ਨੂੰ

---

1 ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਸੰਪਾ. ਡਾ. ਰਤਨ ਸਿੰਘ ਜੱਗੀ, ਪੰਨਾ 151.

2 ਪਿਆਰਾ ਸਿੰਘ ਪਦਮ (ਸੰਪਾ.), ਚਾਰ ਸਾਹਿਬਜ਼ਾਦੇ, ਪੰਨੇ 16-17.

ਜਨਮਿਆ ਤੇ ਪੋਹ ਸੰਮਤ 1762 ਬਿ. (1605 ਈ.) ਨੂੰ ਚਮਕੌਰ ਦੇ ਸਥਾਨ ਉੱਤੇ ਸ਼ਹੀਦ ਹੋਇਆ।[1]

*ਸ੍ਰੀ ਗੁਰ ਸੋਭਾ* ਦੇ ਕਰਤਾ ਕਵਿ ਸੈਨਾਪਤਿ ਨੇ ਵੀ ਜੋਰਾਵਰ ਸਿੰਘ ਨੂੰ ਚਮਕੌਰ ਦੇ ਜੰਗ ਵਿਚ ਲੜਦੇ ਵਿਖਾਇਆ ਹੈ-

ਜੋਰ ਜੁਰਾਵਰ ਸਿੰਘ ਚੜ੍ਰੋ ਰਨ ਮੈ ਜੁ ਪਰੋ ਤਿਹ ਐਸੇ ਦਰੋ ਹੈ॥
ਏਕ ਸੋ ਏਕ ਕੋ ਦੋਇ ਕਰੇ ਦੁਇ ਚਾਰ ਕਰੈ ਦਲ ਐਸੋ ਦਰੋ ਹੈ॥
ਇਤ ਤੇ ਉਤ ਜਾਇ ਫਿਰੈ ਉਤ ਤੇ ਫਿਰਿ ਮੱਧ ਪਰੈ ਨਹਿ ਨੈਕ ਡਰੋ ਹੈ॥
ਸਾਂਗਨ ਨੇਜਨ ਤੀਰਨ ਤੇਗਨ ਸੂਰਨ ਕੇ ਸੰਗ ਐਸੋ ਲਰੋ ਹੈ॥63॥531॥[2]

ਇਥੇ ਕਵਿ ਸੈਨਾਪਤਿ ਨੂੰ ਭੁਲੇਖਾ ਲਗਿਆ ਜਾਪਦਾ ਹੈ, ਕਿਉਂਕਿ ਸੈਨਾਪਤਿ ਹੀ ਅੱਗੇ ਜਾ ਕੇ *ਸ੍ਰੀ ਗੁਰ ਸੋਭਾ* ਵਿਚ ਲਿਖਦਾ ਹੈ-

ਸਾਹਿਬਜ਼ਾਦੇ ਲਿਯੇ ਗਹਿ ਕੈ ਮਿਲਿ ਕੈ ਜਿਨ ਕੋ ਸਬ ਸ੍ਰੀਰੰਦ ਲਾਏ॥
ਭਾਰੀ ਜਬਾਬ ਜੁਝਾਰ ਦਏ ਸੁਨਿ ਕੈ ਸਬ ਦੂਤਨ ਅੰਗ ਪਿਰਾਏ॥
ਯੋ ਪ੍ਰਭੁ ਕੋ ਕਰਨੀ ਤਬ ਹੀ ਦੋਊ ਜੂਝਤ ਹੀ ਪ੍ਰਬੁ ਲੋਕ ਸਿਧਾਏ॥73॥541॥
ਫਤੇ ਸਿੰਘ ਜੁਝਾਰ ਸਿੰਘ ਇਹ ਬਿਧਿ ਤਜੇ ਪ੍ਰਾਨ॥
ਪ੍ਰਗਟ ਭਏ ਤਿਹੁ ਲੋਕ ਮੈ ਜਾਨਤ ਸਕਲ ਜਹਾਨ॥75॥543॥[3]

*ਮਹਾਨ ਕੋਸ਼* ਅਨੁਸਾਰ ਜੋਰਾਵਰ ਸਿੰਘ ਨੂੰ ਛੋਟੇ ਭਰਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਨਾਲ ਮੋਰਿੰਡੇ ਕੈਦ ਕਰ ਕੇ ਸਰਹਿੰਦ ਸੂਬਾ ਵਜ਼ੀਰ ਖ਼ਾਂ ਦੀ ਕਚਹਿਰੀ ਵਿਚ ਲਿਆਂਦਾ ਗਿਆ ਸੀ। ਇੱਥੇ ਕਈ ਦਿਨ ਭੁੱਖੇ ਰੱਖਿਆ ਗਿਆ। ਇਸਲਾਮ ਕਬੂਲ ਕਰਨ ਲਈ ਲਾਲਚ ਦਿੱਤੇ ਗਏ। ਇਸਲਾਮ ਕਬੂਲ ਨਾ ਕਰਨ 'ਤੇ ਡਰਾਵੇ ਦਿੱਤੇ ਗਏ। ਅਖੀਰ ਵਜ਼ੀਰ ਖ਼ਾਂ ਨੇ ਦੋਵੇਂ ਭਰਾਵਾਂ ਨੂੰ ਜੀਉਂਦੇ ਜੀ ਨੀਂਹਾਂ ਵਿਚ ਚਿਣ ਕੇ 3 ਪੋਹ 1762 ਬਿ. (1605 ਈ.) ਨੂੰ ਸ਼ਹੀਦ ਕਰ ਦਿੱਤਾ।

---

1 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 307.

2 ਕਵਿ ਸੈਨਾਪਤਿ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 92.

3 *ਉਹੀ,* ਪੰਨੇ 92-94.

**ਤੇਗ ਬਹਾਦਰ, ਗੁਰੂ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ, ਗੁਰੂ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਇਕ ਅਪ੍ਰੈਲ 1621 ਈ. ਨੂੰ ਮਾਤਾ ਨਾਨਕੀ ਜੀ ਦੀ ਕੁਖੋਂ ਹੋਇਆ। ਇਨ੍ਹਾਂ ਦਾ ਪਹਿਲਾ ਨਾਂ ਤਿਆਗ ਮੱਲ ਸੀ, ਜੋ ਕਿ ਛੋਟੀ ਉਮਰ ਵਿਚ ਹੀ ਤੇਗ ਦੇ ਧਨੀ ਸਨ। ਆਪ ਨੇ ਗੁਰੂ ਸਾਹਿਬ ਨਾਲ ਜੰਗਾਂ ਵਿਚ ਹਿੱਸਾ ਲੈ ਕੇ ਬਹਾਦਰੀ ਦੇ ਖੂਬ ਜੌਹਰ ਦਿਖਾਏ ਸਨ, ਜਿਸ ਕਰ ਕੇ ਤਿਆਗ ਮੱਲ ਤੋਂ ਤੇਗ ਬਹਾਦਰ ਨਾਂ ਪਿਆ।[1] (ਗੁਰੂ) ਤੇਗ ਬਹਾਦਰ ਜੀ ਨੇ ਗੁਰੂ ਪੁੱਤਰ ਵਜੋਂ ਵੀ ਧਰਮ ਪ੍ਰਚਾਰ ਹਿਤ ਵੱਖ-ਵੱਖ ਖੇਤਰਾਂ ਦੇ ਦੌਰੇ ਕੀਤੇ। ਗੁਰਿਆਈ ਮਿਲਣ ਤੋਂ ਬਾਅਦ ਆਪ ਗੁਰੂ ਰੂਪ ਵਿਚ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਦੂਰ-ਦੁਰਾਡੇ ਯਾਤਰਾਵਾਂ 'ਤੇ ਜਾਂਦੇ ਰਹੇ।[2] ਗੁਰੂ ਤੇਗ ਬਹਾਦਰ ਜੀ ਦਾ ਸਮਾਂ ਵੀ ਮੁਗ਼ਲ ਸਲਤਨਤ ਦੇ ਜ਼ਬਰ ਦਾ ਸਮਾਂ ਸੀ। ਔਰੰਗਜ਼ੇਬ ਜ਼ਬਰੀ ਗ਼ੈਰ-ਮੁਸਲਮਾਨਾਂ ਨੂੰ ਮੁਸਲਮਾਨ ਬਣਾਉਣ ਵਿਚ ਲੱਗਿਆ ਹੋਇਆ ਸੀ। ਬਾਦਸ਼ਾਹ ਔਰੰਗਜ਼ੇਬ ਨੇ ਕਸ਼ਮੀਰ ਦੇ ਹਿੰਦੂ ਬ੍ਰਾਹਮਣਾਂ ਨੂੰ ਜ਼ਬਰੀ ਮੁਸਲਮਾਨ ਬਣਾਉਣਾ ਚਾਹਿਆ। ਇਹ ਇਕੱਠੇ ਹੋ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਫਰਿਆਦ ਲੈ ਕੇ ਅਨੰਦਪੁਰ ਪਹੁੰਚੇ। ਗੁਰੂ ਸਾਹਿਬ ਨੇ ਇਨ੍ਹਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਭਰੋਸਾ ਦਿਤਾ ਕਿ ਤੁਹਾਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ। ਤੁਸੀਂ ਔਰੰਗਜ਼ੇਬ ਨੂੰ ਸੁਨੇਹਾ ਭੇਜੋ ਕਿ ਸਭ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾਓ! ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ਆਪਣੇ ਅਹਿਲਕਾਰ ਭੇਜੇ। ਗੁਰੂ ਸਾਹਿਬ ਆਪ ਦਿੱਲੀ ਵੱਲ ਚਲ ਕੇ ਗਏ ਤੇ ਗ੍ਰਿਫਤਾਰੀ ਦਿੱਤੀ। ਗੁਰੂ ਸਾਹਿਬ ਦੇ ਨਾਲ ਕੁਝ ਸਿੱਖ ਵੀ ਗ੍ਰਿਫਤਾਰ ਕੀਤੇ ਗਏ ਸਨ, ਇਨ੍ਹਾਂ ਨੂੰ ਕੈਦ ਵਿਚ ਰੱਖਿਆ ਗਿਆ। ਪਹਿਲਾਂ ਗੁਰੂ ਸਾਹਿਬ ਦੇ ਨਾਲ ਗ੍ਰਿਫਤਾਰ ਕੀਤੇ ਸਿੱਖਾਂ ਵਿਚੋਂ ਭਾਈ ਮਤੀ ਦਾਸ, ਸਤੀ ਦਾਸ ਤੇ ਦਿਆਲਾ ਜੀ ਨੂੰ ਅਨੇਕਾਂ ਅਸਹਿ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਅਡੋਲ ਰਹੇ, ਫਿਰ ਗੁਰੂ ਸਾਹਿਬ ਨੂੰ ਕੋਈ ਕਰਾਮਾਤ, ਮੌਤ ਜਾਂ ਇਸਲਾਮ ਧਰਮ ਤਿੰਨਾਂ ਵਿਚੋਂ ਕਿਸੇ ਇਕ ਨੂੰ ਕਬੂਲ ਕਰਨ ਲਈ ਕਿਹਾ ਗਿਆ। ਗੁਰੂ ਸਾਹਿਬ ਨੇ ਮੌਤ ਨੂੰ ਕਬੂਲ ਕਰ ਕੇ ਹਿੰਦੂ ਧਰਮ ਦੀ ਰੱਖਿਆ ਕਰਦਿਆਂ

---

1 ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਪੰਨੇ 585-90.

2 ਭਾਈ ਸੰਤੋਖ ਸਿੰਘ ਕ੍ਰਿਤ, ਸ੍ਰੀ ਗੁਰ ਪ੍ਰਤਾਪ ਸੂਰਜ (ਭਾਗ ਤੀਜਾ), ਸੰਪਾ. ਡਾ. ਕਿਰਪਾਲ ਸਿੰਘ, ਪੰਨੇ15-16.

ਸ਼ਾਹਦਤ ਪ੍ਰਾਪਤ ਕੀਤੀ।

**ਫਤਿਹ ਸਿੰਘ (ਸਾਹਿਬਜ਼ਾਦਾ)** : ਫਤਿਹ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਭ ਤੋਂ ਛੋਟਾ ਸਾਹਿਬਜ਼ਾਦਾ ਸੀ। ਇਸ ਦਾ ਜਨਮ ਫਗਣ ਸੁਦੀ 7, ਸੰਮਤ 1755 ਬਿ. (1698 ਈ.) ਨੂੰ ਮਾਤਾ ਜੀਤੋ ਜੀ ਦੀ ਕੁਖੋਂ ਹੋਇਆ। ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਫਤਿਹ ਸਿੰਘ ਦੋਵੇਂ ਭਰਾਵਾਂ ਨੂੰ 13 ਪੋਹ ਸੰਮਤ 1762 ਬਿ. ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਦੇ ਹੁਕਮ ਨਾਲ ਸਰਹਿੰਦ ਵਿਖੇ ਨੀਹਾਂ ਵਿਚ ਜਿੰਦਾ ਚਿਣ ਕੇ ਸ਼ਹੀਦ ਕੀਤਾ ਗਿਆ ਸੀ।[1]

## 1.3. ਹਜ਼ੂਰੀ ਸਿੱਖ :-

**ਉਸਨਾਕ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਸਿੱਖ। ਇਹ ਸਰਹਿੰਦ ਦਾ ਰਹਿਣ ਵਾਲਾ ਸੀ। ਗੁਰੂ ਦਰਬਾਰ ਵਿਚ ਚੌਰਬਰਦਾਰ ਦੀ ਸੇਵਾ 'ਤੇ ਨਿਯੁਕਤ ਕੀਤਾ ਹੋਇਆ ਸੀ।[2]

**ਅਮਰੀਕ ਸਿੰਘ** : ਅਮਰੀਕ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰੇਮੀ ਸਿੱਖ ਸੀ। ਇਹ ਜੰਬਰ ਗੋਤ ਦਾ ਮਘਿਆਣੇ ਪਿੰਡ ਦਾ ਵਸਨੀਕ ਸੀ। ਇਸ ਨੇ ਦਸਮੇਸ਼ ਤੋਂ ਅੰਮ੍ਰਿਤ ਛਕਿਆ ਅਤੇ ਅਨੰਦਪੁਰ ਦੇ ਧਰਮ-ਯੁੱਧ ਵਿਚ ਵੱਡੀ ਵੀਰਤਾ ਦਿਖਾਈ।[3]

**ਆਸਾ ਸਿੰਘ** : ਗੁਰੂ ਪਾਤਸ਼ਾਹ ਦਾ ਦਰਬਾਰੀ ਸਿੱਖ। ਇਹ ਦਸਮੇਸ਼ ਦਾ ਮੁਤਸੱਦੀ (ਮੁਸੱਦੀ) ਸੀ। ਇੱਕ ਵਾਰ ਇਸ ਨੇ ਇੱਕ ਗਰੀਬ ਸਿੱਖ ਨੂੰ ਉਪਕਾਰ ਅਰਥ 500 ਰੁਪਯੇ ਦਾ ਟੋਂਬੂ (ਪਰਚਾ/ਹੁੰਡੀ) ਕਿਸੇ ਸਿੱਖ ਦੇ ਨਾਂ 'ਤੇ ਲਿਖ ਦਿੱਤਾ, ਪ੍ਰੇਮੀ ਸਿੱਖ ਨੇ ਰਕਮ ਅਦਾ ਕਰ ਦਿੱਤੀ। ਜਦ ਟੋਂਬੂ ਦਸਮੇਸ਼ ਦੇ ਪੇਸ਼ ਹੋਇਆ, ਤਦ ਮਹਾਰਾਜ ਨਾਰਾਜ ਹੋਏ ਅਤੇ ਫੁਰਮਾਇਆ ਕਿ ਬਿਨਾਂ ਹੁਕਮ ਖੁਦ ਟੋਂਬੂ ਕਿਉਂ ਲਿਖਿਆ। ਇਹ ਡਰਦਾ ਹੋਇਆ ਦਰਬਾਰ ਵਿਚ ਹਾਜ਼ਰ ਨਹੀਂ ਹੋਇਆ ਸੀ।[4]

ਡਾ. ਭਾਈ ਵੀਰ ਸਿੰਘ ਅਨੁਸਾਰ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਇਕ ਮੁਸੱਦੀ ਹੁੰਦਾ

---

[1] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 312.

[2] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1.

[3] *ਉਹੀ,* ਪੰਨਾ 75.

[4] *ਉਹੀ,* ਪੰਨਾ 92.

ਸੀ, ਇਸ ਦਾ ਨਾਂ ਸੀ ਆਸਾ ਸਿੰਘ। ਇਹ ਸਿੱਖ ਗੁਰੂ ਸਾਹਿਬ ਦਾ ਬਹੁਤ ਹੀ ਪ੍ਰੇਮੀ, ਨੇਕ ਚਲਨ ਤੇ ਦਿਆਨਤਦਾਰ ਆਦਮੀ ਸੀ, ਜੋ ਕਿ ਵਿਦਵਾਨ ਤੇ ਕਵੀ ਵੀ ਸੀ। ਕਿਸੇ ਦਾ ਦੁਖ ਨਹੀਂ ਦੇਖ ਸਕਦਾ ਸੀ, ਪਰਾਈ ਪੀੜਾ ਨਾਲ ਪੀੜਤ ਹੋ ਕੇ ਦ੍ਰਵ ਜਾਣ ਦਾ ਵਿਸ਼ੇਸ਼ ਗੁਣ ਰਖਦਾ ਸੀ। ਇਕ ਦਿਨ ਇਸ ਕੋਲ ਇਕ ਦੁਖੀ ਤੇ ਲਾਚਾਰ ਆਦਮੀ ਆਇਆ ਜਿਸ ਦੀ ਲੜਕੀ ਦਾ ਵਿਆਹ ਸੀ। ਇਸ ਦੁਖੀ ਆਦਮੀ ਨੇ ਆਪਣਾ ਦੁਖ ਦੱਸਿਆ ਤੇ ਗੁਰੂ ਦਾ ਵਾਸਤਾ ਪਾ ਕੇ ਮਦਦ ਮੰਗੀ। ਆਸਾ ਸਿੰਘ ਨੇ ਉਸ ਦਾ ਦੁੱਖ ਸਮਝਦੇ ਹੋਏ ਕਿਸੇ ਵਪਾਰੀ ਦੇ ਨਾਂ 'ਤੇ ਪੰਜ ਸੌ ਦਾ ਟੋਂਬੂ ਲਿਖ ਦਿੱਤਾ। ਵਪਾਰੀ ਨੇ ਗੁਰੂ ਦਾ ਟੋਂਬੂ ਲੈ ਕੇ ਉਸ ਸਿੱਖ ਨੂੰ ਪੰਜ ਸੌ ਰੁਪਏ ਦੇ ਦਿੱਤੇ। ਸਿੱਖ ਦਾ ਕਾਰਜ ਹੋ ਗਿਆ। ਕੁਝ ਸਮੇਂ ਮਗਰੋਂ ਸਿੱਖ ਨੇ ਰਕਮ ਵਾਪਿਸ ਕਰ ਦਿੱਤੀ। ਇਹ ਵਪਾਰੀ ਅਨੰਦਪੁਰ ਸਾਹਿਬ ਗੁਰੂ ਦੇ ਦਰਸ਼ਨਾਂ ਨੂੰ ਆਇਆ ਤੇ ਗੁਣ ਗਾਉਣ ਲੱਗਾ। ਪਾਤਸ਼ਾਹ ਇਨਸਾਨੀ ਪੀੜਾ ਹਰਨ ਵਿਚ ਆਪ ਗੁਰੂ ਨਾਨਕ ਹੀ ਹੋ। ਆਪ ਨੇ ਜੋ ਗਰੀਬ ਲੋੜਵੰਦ ਲਈ ਪੰਜ ਸੌ ਦਾ ਟੋਂਬੂ ਮੇਰੇ ਵੱਲ ਘੱਲਿਆ ਸੀ, ਉਸ ਦਾ ਕਾਰਜ ਰਾਸ ਹੋ ਗਿਆ ਤੇ ਆਪ ਦਾ ਬੜਾ ਸੁਜਸ ਹੋਇਆ ਹੈ। ਗੁਰੂ ਜੀ ਵਪਾਰੀ ਸਿੱਖ ਦੀ ਗੱਲ ਸੁਣ ਕੇ ਮੁਸਕਰਾਏ ਤੇ ਕਹਿਣ ਲੱਗੇ ਭਾਈ ਅਸੀਂ ਤਾਂ ਕਿਸੇ ਨੂੰ ਟੋਂਬੂ ਨਹੀਂ ਦਿੱਤਾ। ਸਿੱਖ ਨੇ ਕਿਹਾ ਪਾਤਸ਼ਾਹ ਆਪ ਦੀ ਮੋਹਰ ਟੋਂਬੂ ਉੱਤੇ ਲੱਗੀ ਹੋਈ ਸੀ। ਗੁਰੂ ਜੀ ਨੇ ਕਿਹਾ ਸਾਡੀ ਮੋਹਰ ਤਾਂ ਆਸਾ ਸਿੰਘ ਕੋਲ ਹੈ ਜੋ ਸਾਡਾ ਪਰਮ ਇਤਬਾਰੀ ਸਿੱਖ ਹੈ, ਇਹ ਨਹੀਂ ਹੋ ਸਕਦਾ ਕਿ ਸਾਡੇ ਪੁੱਛੇ ਬਿਨਾਂ ਟੋਂਬੂ ਲਿਖੇ ਤੇ ਮੋਹਰ ਲਾ ਦੇਵੇ। ਜੇ ਇਸ ਤਰ੍ਹਾਂ ਕੀਤਾ ਹੈ ਤਾਂ ਖੋਟ ਕੀਤਾ ਹੈ। ਇਸ ਗੱਲ ਦਾ ਪਤਾ ਜਦੋਂ ਆਸਾ ਸਿੰਘ ਨੂੰ ਲੱਗਿਆ ਤਾਂ ਉਸ ਨੇ ਸੋਚਿਆ ਕਿ ਇਹ ਕੰਮ ਮੈਂ ਭਾਵੇਂ ਨੇਕੀ ਦਾ ਕੀਤਾ ਹੈ ਪਰ ਇਹ ਇਮਾਨਦਾਰੀ ਦਾ ਨਹੀਂ। ਮੈਨੂੰ ਗੁਰੂ ਜੀ ਤੋਂ ਪੁੱਛ ਲੈਣਾ ਚਾਹੀਦਾ ਸੀ। ਹੁਣ ਮੇਰੇ ਪਾਸ ਸਫਾਈ ਦਾ ਕੋਈ ਉਜਰ ਨਹੀਂ, ਇਸ ਲਈ ਆਸਾ ਸਿੰਘ ਸੋਚ-ਵਿਚਾਰ ਕਰਕੇ ਉੱਥੋਂ ਭਜ ਨਿਕਲਿਆ। ਉਹ ਆਪਣਾ ਸਾਰਾ ਕੰਮ ਆਪਣੇ ਮਾਤਹਿਤ ਮੁਸੱਦੀ ਦੇ ਹੱਥ ਛੱਡ ਕੇ ਘਰ ਜਾ ਛੁਪਿਆ ਤੇ ਮੁਨਸ਼ੀਖਾਨੇ ਆਉਣਾ ਬੰਦ ਕਰ ਦਿੱਤਾ। ਮਨ ਹੀ ਮਨ ਘਰ ਬੈਠਾ ਸੋਚਦਾ ਹੈ, ਪਰਉਪਕਾਰ ਚੰਗਾ ਹੈ, ਪਰ ਮਾੜਾ ਵੀ ਕਿੰਨਾ ਕੁ ਹੈ, ਅਖੀਰ ਘਰ ਬੈਠਿਆਂ ਗੁਰੂ ਨੂੰ ਆਪਣੇ ਦਿਲ ਦਾ ਪੀੜਾ ਕਵਿਤਾ ਰੂਪ ਵਿਚ ਲਿਖ ਭੇਜਿਆ -

ਮੁਖ ਕਾਰਾ ਮੇਰੋ ਕਰੈ ਕਰਤ ਨ ਪਰਉਪਕਾਰ॥

ਤਾਹੂ ਕੋ ਮਨ ਕਰਤ ਨਿਜ ਕਾਰੋ ਬਦਨ ਨਿਹਾਰ॥

ਇਹ ਕਵਿਤਾ ਪੜ੍ਹ ਕੇ ਸਤਿਗੁਰੂ ਜੀ ਪ੍ਰਸੰਨ ਹੋਏ ਤੇ ਬੋਲੇ ਸਿੱਖ ਨੇ ਬਦਨੀਤੀ ਨਾਲ ਹੁਕਮ ਅਦੂਲੀ ਨਹੀਂ ਕੀਤੀ। ਗੁਰੂ ਨੇ ਸਿੱਖਾਂ ਨੂੰ ਕਿਹਾ ਆਸਾ ਸਿੰਘ ਵਿਦਵਾਨ, ਕਵੀ ਤੇ ਗੁਣੀ ਹੈ, ਜਾਓ ਲੈ ਆਓ। ਸੋ ਆਸਾ ਸਿੰਘ ਨੇ ਆ ਕੇ ਚਰਨ ਪਰਸੇ ਤੇ ਵੈਰਾਗ ਦੇ ਹੰਝੂ ਵਹਿ ਤੁਰੇ। ਗੁਰੂ ਜੀ ਨੇ ਇਸ ਸਿੱਖ ਦੀ ਭੁੱਲ ਬਖਸ਼ ਦਿੱਤੀ ਤੇ ਫਿਰ ਸੇਵਾ ਕਰਨ ਦਾ ਹੁਕਮ ਦਿੱਤਾ।[1]

**ਸਯਾਮ ਸਿੰਘ** : ਸਯਾਮ ਸਿੰਘ ਦਸਮੇਸ਼ ਜੀ ਦਾ ਹਜ਼ੂਰੀ ਸਿੱਖ ਸੀ। ਇਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਤੋਸ਼ੇਖਾਨਿਆਂ ਅਤੇ ਸਿਲਾਹਖਾਨੇ ਦਾ ਦਾਰੋਗਾ ਨਿਯੁਕਤ ਕੀਤਾ ਹੋਇਆ ਸੀ। ਦਸਮੇਸ਼ ਜੀ ਦਾ ਤੋਸ਼ੇਖਾਨੀਆਂ ਅਤੇ ਸਿਲਾਹਖਾਨੇ ਦਾ ਦਰੋਗਾ।[2]

**ਸੁਥਰਾ, ਭਾਈ** : ਗੁਰੂ ਗੋਬਿੰਦ ਸਿੰਘ ਦਾ ਪ੍ਰੇਮੀ ਸਿੱਖ। ਇਹ ਗੁਰੂ ਸਾਹਿਬ ਦੇ ਦਰਬਾਰ ਵਿਚ ਬਹੁਤ ਸੇਵਾ ਕਰਿਆ ਕਰਦਾ ਸੀ। ਇਹ ਵੇਖਣ ਨੂੰ ਸਿੱਧਾ-ਸਾਦਾ (ਸਾਧਾਰਨ ਮਨੁੱਖ) ਲਗਦਾ ਸੀ ਪਰ ਗੁਰੂ ਦਰਬਾਰ ਵਿਚ ਇਸ ਦੀਆਂ ਕਈ ਗੱਲਾਂ ਅਨੋਖੀਆਂ ਹੁੰਦੀਆਂ ਸਨ ਜੋ ਸੰਗਤ ਨੂੰ ਕੋਈ ਸੇਧ ਦਿੰਦੀਆਂ ਸਨ। ਇਕ ਭਾਈ ਸੁਥਰਾ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਵੀ ਹੋਇਆ ਹੈ। ਪਰ ਇਹ ਉਸ ਤੋਂ ਅਲੱਗ ਹੈ, ਜਿਸ ਦਾ ਮਹਿਮਾ ਪ੍ਰਕਾਸ਼ ਦੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸੰਗ ਵਿਚ ਜ਼ਿਕਰ ਮਿਲਦਾ ਹੈ।[3]

**ਹਜਾਰਾ ਸਿੰਘ** : ਹਜਾਰਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਫ਼ੌਜਦਾਰ ਸਿਦਕੀ ਸਿੱਖ ਸੀ। ਇਹ ਸਰਹਿੰਦ ਦਾ ਰਹਿਣ ਵਾਲਾ ਇੱਕ ਸ਼ਾਹੂਕਾਰ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਰਹਿੰਦ ਨਿਵਾਸੀ ਇੱਕ ਬਾਣੀਆ, ਜੋ ਦਸਮੇਸ਼ ਜੀ ਤੋਂ ਅੰਮ੍ਰਿਤ ਛਕ ਕੇ ਸਿੰਘ ਸਜਿਆ ਅਤੇ ਮਹਾਨ ਯੋਧਾ ਹੋਇਆ। ਇਸ ਨੇ ਅਨੰਦਪੁਰ ਦੇ ਜੰਗਾਂ ਵਿੱਚ ਵੱਡੀ ਵੀਰਤਾ ਦਿਖਾਈ।[4]

---

1 ਸੇਵਾ ਸਿੰਘ, ਭਾਈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਦਯਾ ਦਰਬਾਰ, ਪੰਨੇ 13-18.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 249.

3 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ, ਪੰਨੇ 792-93.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 258.

**ਹਰਿਜਸ ਰਾਇ** : ਸ੍ਰੀ ਦਸਮੇਸ਼ ਜੀ ਦਾ ਅਧਿਆਪਕ। ਇਹ ਇਕ ਬ੍ਰਾਹਮਣ ਸੀ, ਜੋ ਕਿ ਫ਼ਾਰਸੀ ਤੇ ਸ਼ਾਸਤ੍ਰੀ ਵਿੱਦਿਆ ਪੜ੍ਹਿਆ ਹੋਇਆ ਸੀ। *ਬੰਸਾਵਲੀਨਾਮੇ* ਵਿਚ ਇਸ ਨੂੰ ਭਾਈ ਮਤੀਦਾਸ ਤੇ ਸਤੀਦਾਸ ਦਾ ਭਤੀਜਾ ਦੱਸਿਆ ਗਿਆ ਹੈ, ਜੋ ਕਿ ਫ਼ਾਰਸੀ ਪੜ੍ਹਿਆ ਮੁਨਸ਼ੀ ਸੀ। ਇਸ ਤੋਂ ਗੁਰੂ ਸਾਹਿਬ ਨੇ ਗੁਰਮੁਖੀ ਅੱਖਰ ਸਿੱਖੇ ਸਨ।[1]

**ਹਿੰਮਤ ਸਿੰਘ, ਭਾਈ** : ਭਾਈ ਹਿੰਮਤ ਸਿੰਘ ਪੰਜ ਪਿਆਰਿਆਂ ਵਿਚੋਂ ਇਕ ਸੀ। ਇਹ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਸਿੱਖ ਤੇ ਬਹਾਦਰ ਯੋਧਾ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਇਨ੍ਹਾਂ ਦਾ ਜਨਮ ਪਿੰਡ ਸੰਗਤਪੁਰਾ (ਰਾਜ ਪਟਿਆਲਾ) ਵਿਚ ਜੋਤੀ ਰਾਮ ਝਿਊਰ ਦੇ ਘਰ ਮਾਈ ਰਾਮੋ ਦੀ ਕੁੱਖ ਤੋਂ 5 ਮਾਘ ਸੰਮਤ 1718 (1661 ਈ.) ਨੂੰ ਮੰਨਿਆ ਹੈ।[2] *ਗੁਰਬਿਲਾਸ ਪਾਤਸ਼ਾਹੀ* ੧੦ ਅਨੁਸਾਰ ਇਹ ਜਗਨ ਨਾਥ ਪੁਰੀ ਦਾ ਵਸਨੀਕ ਸੀ। ਇਹ 1 ਵੈਸਾਖ ਸੰਮਤ 1756 ਬਿ. (1699 ਈ.) ਨੂੰ ਸ੍ਰੀ ਅਨੰਦਪੁਰ ਦੇ ਸਥਾਨ ਉੱਤੇ ਸੀਸ ਭੇਟ ਕਰਕੇ ਸਿੰਘ ਸਜਿਆ। ਇਹ ਪੰਜਾਂ ਪਿਆਰਿਆਂ ਵਿਚੋਂ ਇਕ ਸੀ।[3] ਭਾਈ ਹਿੰਮਤ ਸਿੰਘ, ਭਾਈ ਗੁਲਜ਼ਾਰੀ ਜੋ ਕਿ ਇਕ ਝਿਊਰ ਜਾਤੀ ਵਿਚੋਂ ਸਨ, ਦੇ ਘਰ 1661 ਈ. ਵਿਚ ਜਗਨ ਨਾਥ ਪੁਰੀ ਵਿਚ ਪੈਦਾ ਹੋਏ। ਇਨ੍ਹਾਂ ਦੇ ਪੜਦਾਦੇ ਤੇ ਹੋਰ ਵੱਡੇ-ਵਡੇਰੇ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਸਿੱਖ ਪੰਥ ਨਾਲ ਜੁੜੇ ਹੋਏ ਸਨ। ਇਹ ਪਰਿਵਾਰ ਪਿਛਲੇ ਡੇਢ ਸੌ ਸਾਲ ਤੋਂ ਕਰਤਾਰਪੁਰ, ਗੋਇੰਦਵਾਲ, ਗੁਰੂ ਕਾ ਚੱਕ (ਅੰਮ੍ਰਿਤਸਰ), ਕੀਰਤਪੁਰ ਅਤੇ ਚੱਕ ਨਾਨਕੀ (ਅਨੰਦਪੁਰ) ਵਿਚ ਆਉਂਦਾ ਰਹਿੰਦਾ ਸੀ। ਭਾਈ ਹਿੰਮਤ ਸਿੰਘ ਪਹਿਲੀ ਵਾਰ 17 ਸਾਲ ਦੀ ਉਮਰ ਵਿਚ ਚੱਕ ਨਾਨਕੀ ਆਏ ਸਨ ਤੇ ਉਸ ਦੇ ਮਗਰੋਂ ਉਹ ਗੁਰੂ-ਘਰ ਦਾ ਹਿੱਸਾ ਹੀ ਬਣ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਦੋਂ ਪਾਉਂਟਾ ਨਗਰ ਵਸਾਇਆ ਤਾਂ ਉਸ ਸਮੇਂ ਭਾਈ ਹਿੰਮਤ ਸਿੰਘ ਨਾਲ ਸਨ। ਇਥੇ ਭੰਗਾਣੀ ਦੇ ਯੁੱਧ ਵਿਚ ਵੀ ਭਾਈ ਹਿੰਮਤ ਸਿੰਘ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਸਨ।

ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਵਿਖੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਤਾਂ ਹਿੰਮਤ ਸਿੰਘ ਨੇ ਵੀ ਆਪਣਾ ਸੀਸ ਭੇਂਟ ਕਰਕੇ ਪੰਜ ਪਿਆਰਿਆਂ ਦਾ ਖਿਤਾਬ ਹਾਸਿਲ ਕੀਤਾ। ਇਸ ਤੋਂ ਬਾਅਦ ਭਾਈ ਸਾਹਿਬ ਗੁਰੂ

---

1 ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਸੰਪਾ. ਰਤਨ ਸਿੰਘ ਜੱਗੀ, ਪੰਨਾ 99.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 275.

3 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ ਪੰਨਾ 302.

ਸਾਹਿਬ ਦੀ ਸੇਵਾ ਵਿਚ ਹਮੇਸ਼ਾਂ ਤੱਤਪਰ ਰਹੇ। ਭਾਈ ਹਿੰਮਤ ਸਿੰਘ ਇਕ ਬਹਾਦਰ ਜਰਨੈਲ ਸਨ। ਉਹ ਬੜੇ ਜਾਨਦਾਰ ਸ਼ਖ਼ਸ ਸਨ। ਤਲਵਾਰ ਬਾਜ਼ੀ ਅਤੇ ਘੋੜ ਸਵਾਰੀ ਵਿਚ ਉਹ ਬੜੇ ਮਾਹਿਰ ਸਨ। ਇਨ੍ਹਾਂ ਨੇ ਨਦੌਣ, ਅਨੰਦਪੁਰ ਸਾਹਿਬ ਅਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਦਸੰਬਰ 1705 ਨੂੰ ਅਨੰਦਪੁਰ ਸਾਹਿਬ ਛੱਡਣ ਵੇਲੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਜਾਨਾਂ ਵਾਰਨ ਦਾ ਪ੍ਰਣ ਕਰਨ ਵਾਲੇ ਸਿੰਘਾਂ ਵਿਚ ਵੀ ਸ਼ਾਮਿਲ ਹੋਏ। ਭਾਈ ਹਿੰਮਤ ਸਿੰਘ ਨੇ ਗੁਰੂ ਸਾਹਿਬ ਦੇ ਕਰੀਬੀ ਸਿੱਖਾਂ ਵਿਚ ਅਹਿਮ ਸੇਵਾ ਨਿਭਾਈ। ਗੁਰੂ ਸਾਹਿਬ ਦੀਆਂ ਸੰਗਤਾਂ ਨਾਲ ਹੋਈਆਂ ਗਿਆਨ ਗੋਸ਼ਟੀਆਂ ਵਿਚ ਵੀ ਆਪ ਸ਼ਾਮਿਲ ਹੁੰਦੇ ਰਹਿੰਦੇ ਸਨ। ਗੁਰੂ ਜੀ ਵਲੋਂ ਬਖ਼ਸ਼ੇ ਰੁਤਬੇ 'ਪਿਆਰੇ' ਦੇ ਪਿਆਰ ਨੂੰ ਨਿਭਾਉਂਦਿਆਂ ਭਾਈ ਹਿੰਮਤ ਸਿੰਘ 7 ਦਸੰਬਰ 1705 ਈ. ਨੂੰ ਚਮਕੌਰ ਦੇ ਯੁੱਧ ਵਿਚ ਦੁਸ਼ਮਣ ਨਾਲ ਲੜਦੇ ਹੋਏ ਸ਼ਹੀਦ ਹੋ ਗਏ। ਭਾਈ ਹਿੰਮਤ ਸਿੰਘ ਨੇ 44 ਸਾਲ ਦੀ ਉਮਰ ਵਿਚ ਸ਼ਹੀਦੀ ਜਾਮ ਪੀਤਾ ਅਤੇ ਆਪਣੀ ਉਮਰ ਦੇ 33 ਸਾਲ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੇਵਾ ਵਿਚ ਗੁਜ਼ਾਰੇ ਸਨ।[1]

**ਕਨ੍ਹੈਯਾ / ਘਨੱਈਆ, ਭਾਈ** : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਇੱਕ ਪ੍ਰੇਮੀ ਸਿੱਖ, ਜੋ ਅਨੰਦਪੁਰ ਦੇ ਜੰਗਾਂ ਵਿੱਚ ਦਸਮੇਸ਼ ਦੀ ਸੇਵਾ ਕਰਦਾ ਹੋਇਆ ਵੈਰੀਆਂ ਨੂੰ ਵੀ ਪਾਣੀ ਪਿਆਇਆ ਕਰਦਾ ਸੀ। ਇਸ ਦਾ ਨਾਉਂ ਘਨੈਯਾ ਭੀ ਪ੍ਰਸਿੱਧ ਹੈ। ਕਿਤਨੇ ਲੇਖਕਾਂ ਨੇ ਭਾਈ ਮੀਹਾਂ ਨੂੰ ਹੀ ਕਨ੍ਹੈਯਾ ਸਮਝਿਆ ਹੈ, ਜੋ ਭੁੱਲ ਹੈ।[2]

ਰਘਬੀਰ ਸਿੰਘ ਅਨੰਦਪੁਰੀ ਲਿਖਦਾ ਹੈ ਕਿ ਜਿਲ੍ਹਾ ਗੁਜ਼ਰਾਂਵਾਲਾ ਦੇ ਸੋਧਰਾਂ ਪਿੰਡ ਦਾ ਵਸਨੀਕ, ਧੰਮਨ ਗੋਤ ਦਾ ਖਤ੍ਰੀ ਘਨੱਯਾ ਰਾਮ (ਘਨੱਈਆ) ਗੁਰੂ ਤੇਗ ਬਹਾਦਰ ਜੀ ਦਾ ਸਿੱਖ ਹੋਇਆ ਹੈ। ਇਹ ਲੰਗਰ ਵਿਚ ਜਲ ਢੋਣ ਦੀ ਸੇਵਾ ਕਰਿਆ ਕਰਦਾ ਸੀ। ਕਲਗੀਧਰ ਨੇ ਘਨੱਈਆ ਰਾਮ ਨੂੰ ਆਪਣਾ ਦਸਤੀ ਰੁਮਾਲ ਬਖਸ਼ ਕੇ ਮਹੰਤ ਥਾਪਿਆ। ਇਨ੍ਹਾਂ ਦੀ ਗੱਦੀ 'ਤੇ ਸਹਿਜ ਰਾਜ, ਰਾਣਾ ਰਾਮ, ਲਛਮਣ ਰਾਮ, ਨਰਾਇਨ ਰਾਮ, ਸਾਹਿਬ ਰਾਮ, ਭਟ੍ਰ ਰਾਮ, ਅਡਨ ਰਾਮ ਪਿਛੋਂ ਸੇਵਾ ਰਾਮ ਆਦਿ ਮਹੰਤ ਹੋਏ। ਅਡਨ ਰਾਮ ਤੇ ਸੇਵਾ ਰਾਮ ਮਹਾਂ ਪ੍ਰਤਾਪੀ

---

1. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 170.
2. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 294.

ਤੇ ਕਰਨੀ ਵਾਲੇ ਹੋਏ, ਇਸ ਲਈ ਘਨੱਈਆ ਰਾਮ ਦੀ ਸੰਪਰਦਾ ਦਾ ਨਾਂ ਹੀ 'ਅਡਨ ਸ਼ਾਹੀ' ਅਤੇ 'ਸੇਵਾ ਪੰਥੀ' ਪ੍ਰਸਿੱਧ ਹੋਇਆ। ਅਡਨ ਸ਼ਾਹੀ ਸਿੱਖ ਧਰਮ ਦੀ ਕਿਰਤ ਕਰਕੇ ਨਿਰਵਾਹ ਕਰਦੇ ਹਨ।[1]

**ਕਾਨ੍ਹ ਸਿੰਘ** : ਸ੍ਰੀ ਦਸਮੇਸ਼ ਜੀ ਦਾ ਪਰਮ ਸੇਵਕ। ਇਹ ਗੁਰੂ ਦਰਬਾਰ ਵਿਚ ਬਹੁਤ ਸੇਵਾ ਕਰਦਾ ਸੀ। ਇੱਕ ਵਾਰ ਇਹ ਲੇਪਨ ਕਰਦਾ ਸੀ, ਅਣਗਹਿਲੀ ਨਾਲ ਦਸਮੇਸ਼ ਦੇ ਜਾਮੇ ਪੁਰ ਛਿੱਟਾ ਪੈ ਗਿਆ। ਸਤਿਗੁਰੂ ਜੀ ਨੇ ਹੁਕਮ ਦਿੱਤਾ ਕਿ ਇਸ ਦੇ ਤਮਾਚਾ ਮਾਰੋ। ਇਸ ਪੁਰ ਕਈ ਸਿੱਖਾਂ ਨੇ ਤਮਾਚੇ ਮਾਰੇ। ਦਸਮੇਸ਼ ਨੇ ਫੁਰਮਾਇਆ ਕਿ ਅਸਾਂ ਇੱਕ ਤਮਾਚੇ ਨੂੰ ਕਿਹਾ ਸੀ ਤੁਸੀਂ ਬਹੁਤੇ ਕਿਉਂ ਮਾਰੇ? ਸਭ ਨੇ ਕਿਹਾ ਗੁਰੂ ਦਾ ਹੁਕਮ ਸਭ ਨੂੰ ਮੰਨਣਾ ਚਾਹੀਏ। ਦਸਮੇਸ਼ ਜੀ ਨੇ ਫੁਰਮਾਇਆ ਕਿ ਆਪਣੀ ਪੁੱਤਰੀ ਇਸ ਨੂੰ ਅਰਪੋ। ਇਸ ਪੁਰ ਸਭ ਚੁੱਪ ਹੋ ਗਏ। ਅਜਬ ਸਿੰਘ ਕੰਧਾਰ ਨਿਵਾਸੀ ਨੇ ਆਪਣੀ ਪੁਤਰੀ ਅਰਪੀ। ਸਤਿਗੁਰਾਂ ਨੇ ਉਸ ਦਾ ਕਾਨ੍ਹ ਸਿੰਘ ਨਾਲ ਆਨੰਦ ਪੜ੍ਹਾ ਦਿੱਤਾ। ਕਾਨ੍ਹ ਸਿੰਘ ਦਾ ਪੁੱਤਰ ਵਸਾਖਾ ਸਿੰਘ ਵਡਾ ਸਿਦਕੀ ਅਤੇ ਕਰਣੀ ਵਾਲਾ ਸਿੱਖ ਹੋਇਆ ਹੈ।[2]

**ਕੀਰਤੀਆ** : ਇਹ ਸ੍ਰੀ ਦਸਮੇਸ਼ ਜੀ ਦਾ ਇਕ ਸਿਦਕੀ ਸਿੱਖ ਸੀ। ਇਹ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਚੋਬਦਾਰ ਲਿਖਿਆ ਹੈ।[3]

**ਕੇਸਰ ਸਿੰਘ** : ਕੇਸਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਦਕੀ ਸਿੱਖ ਸੀ। ਇਹ ਗੁਰੂ ਸਾਹਿਬ ਦੇ ਬਾਗ ਦਾ ਇਕ ਮਾਲੀ ਸੀ। ਇਹ ਆਪਣੀ ਪਤਨੀ ਕਰਮ ਕੌਰ ਸਮੇਤ ਅਨੰਦਪੁਰ ਵਿਖੇ ਬਾਗ ਵਿਚ ਸੇਵਾ ਕਰਦੇ ਸਨ। ਬਾਗ ਦੀਆਂ ਸੇਵਾਵਾਂ ਤੋਂ ਇਲਾਵਾ ਇਨ੍ਹਾਂ ਜਪੁ ਬਾਣੀ ਦੇ ਕਈ ਗੁਟਕੇ ਵੀ ਲਿਖੇ ਜੋ ਇਨ੍ਹਾਂ ਨੇ ਗੁਰੂ ਸਾਹਿਬ ਨੂੰ ਭੇਟਾ ਕਰਕੇ ਪ੍ਰਸੰਨ ਕੀਤਾ ਸੀ।[4]

**ਗੁਰਦਾਸ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਬਹਿਲੋ ਵੰਸ਼ ਵਿਚੋਂ ਇਕ ਮਸੰਦ ਸੀ, ਜੋ ਬਾਬਾ

---

1 ਰਘਬੀਰ ਸਿੰਘ ਅਨੰਦਪੁਰੀ, ਦਸ਼ਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ, ਪੰਨਾ 173.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 318.

3 *ਉਹੀ*, ਪੰਨਾ 333.

4 ਨਿਰਗੁਣੀਆਰਾ, 'ਗੁਲਾਬੇ' ਖਾਲਸਾ ਸਮਾਚਾਰ, ਅੰਮ੍ਰਿਤਸਰ, ਜਿਲਦ 48, ਅੰਕ 1-2, ਜਨਵਰੀ 1951. ਪੰਨੇ 18-20.

ਰਾਮਰਾਇ ਦਾ ਮੁਸਾਹਿਬ ਸੀ। ਬਾਬਾ ਰਾਮਰਾਇ ਜੀ ਦੇ ਪ੍ਰਲੋਕ ਗਮਨ ਪਿਛੋਂ ਇਹ ਦਸਮੇਸ਼ ਜੀ ਦੀ ਸੇਵਾ ਵਿਚ ਰਿਹਾ।[1]

**ਗੁਰਦਿੱਤ ਸਿੰਘ, ਖ਼ਜ਼ਾਨਚੀ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹਜ਼ੂਰੀ ਸਿੱਖ ਸੀ, ਜੋ ਕਿ ਗੁਰੂ ਸਾਹਿਬ ਦਾ ਖ਼ਜ਼ਾਨਚੀ ਸੀ। ਦੱਖਣ ਦੇ ਦੌਰੇ ਸਮੇਂ ਇਹ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਰਿਹਾ।[2]

**ਗੁਰਬਖਸ਼** : ਇਕ ਉਦਾਸੀ ਸਾਧੂ ਜਿਸ ਨੂੰ ਅਨੰਦਪੁਰ ਛੱਡਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਉੱਥੇ ਆਪਣੀ ਥਾਵੇਂ ਸੇਵਾ ਸੰਭਾਲ ਲਈ ਨਿਯੁਕਤ ਕੀਤਾ ਸੀ।[3] ਮਹਾਦੇਵ ਉਦਾਸੀ ਸਾਧੂ ਦਾ ਚੇਲਾ ਮਹਾਤਮਾ ਗੁਰਬਖਸ਼ ਦਾਸ, ਜਿਸ ਨੂੰ ਅਨੰਦਪੁਰ ਤਯਾਗਣ ਸਮੇਂ ਗੁਰੂ ਤੇਗ ਬਹਾਦਰ ਜੀ ਦੇ ਦੇਹੁਰੇ ਤਥਾ ਗੁਰ ਅਸਥਾਨਾਂ ਦਾ ਸੇਵਾਦਾਰ ਥਾਪਿਆ। ਇਸ ਬਾਰੇ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਲਿਖਿਆ ਹੈ –

ਇੱਕ ਗੁਰਬਖਸ਼ ਸਾਧੁ ਢਿਗ ਖਰਯੋ। ਤਿਸੈ ਵਿਲੋਕਤ ਵਾਕ ਉਚਰਯੋ।
ਬਸੋ ਇਹਾਂ ਤੁਮ ਸੇਵਾ ਕਰੋ। ਕਰ ਸੇਵਾ ਨਿਜ ਜਨਮ ਸੁਧਰੋ।[4]

ਜਦੋਂ ਅਨੰਦਗੜ੍ਹ ਦੇ ਕਿਲ੍ਹੇ ਨੂੰ ਫ਼ੌਜ ਨੇ 7 ਮਹੀਨੇ ਘੇਰਾ ਪਾਈ ਰੱਖਿਆ, ਉਸ ਸਮੇਂ ਮਹਾਤਮਾ ਗੁਰਬਖਸ਼ ਦਾਸ ਗੁਰੂ ਜੀ ਦੇ ਨਾਲ ਹੀ ਸੀ। ਸਿੱਖ ਇਤਿਹਾਸ ਵਿਚ ਸੂਰਜ ਮੱਲ ਦਾ ਪੋਤਾ ਅਤੇ ਦੀਪ ਚੰਦ ਦਾ ਪੁੱਤਰ (ਗੁਰੂ ਹਰਗੋਬਿੰਦ ਦਾ ਪੜਪੋਤਾ) ਗੁਲਾਬ ਰਾਏ ਹੋਏ ਹਨ ਜੋ ਸ਼ਯਾਮ ਸਿੰਘ ਦਾ ਭਾਈ ਸੀ। ਇਨ੍ਹਾਂ ਦੋਵਾਂ ਨੇ ਕਲਗੀਧਰ ਤੋਂ ਅੰਮ੍ਰਿਤ ਛਕਿਆ। ਸਿੰਘ ਸੱਜਣ ਉਪਰੰਤ ਇਸ ਦਾ ਨਾਂ ਹੋਇਆ ਗੁਲਾਬ ਸਿੰਘ। ਗੁਰੂ ਗੋਬਿੰਦ ਸਿੰਘ ਜੀ ਦੇ ਅਬਚਲ ਨਗਰ ਵਿਖੇ ਜੋਤੀ-ਜੋਤਿ ਸਮਾਉਣ ਉਪਰੰਤ ਗੁਲਾਬ ਸਿੰਘ ਨੇ ਅਨੰਦਪੁਰ ਸਾਹਿਬ ਦੇ ਅਸਥਾਨ ’ਤੇ ਗੱਦੀ ਲਾ ਕੇ ਪੂਜਾ ਕਰਾਉਣੀ ਚਾਹੀ, ਪਰ ਭਾਈ ਗੁਰਬਖਸ਼ ਦਾਸ ਮਹੰਤ ਨੇ ਉਸ ਨੂੰ ਇਸ ਕੁਕਰਮ ਤੋਂ ਰੋਕਿਆ।

ਗੁਲਾਬ ਸਿੰਘ ਦੀ ਵੰਸ਼ ਨਹੀਂ ਚੱਲੀ। ਅਨੰਦਪੁਰ ਸਾਹਿਬ ਦੇ ਸੋਢੀ ਸਾਹਿਬਾਨ ਸ੍ਰ. ਸਯਾਮ ਸਿੰਘ ਜੀ ਦੀ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 416.

2 ਕੁਇਰ ਸਿੰਘ, ਗੁਰਬਿਲਾਸ ਪਾ. ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 273.

3 *ਉਹੀ,* ਪੰਨਾ 305

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 420.

ਔਲਾਦ ਹਨ। ਜੋ ਵੱਡੇ ਮੱਲ ਸੋਢੀ ਕਹਾਉਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਵੱਲ ਜਾਣ ਤੋਂ ਬਾਅਦ ਸਯਾਮ ਸਿੰਘ ਜੀ ਨੇ ਅਨੰਦਪੁਰ ਸਾਹਿਬ ਨੂੰ ਫਿਰ ਆਬਾਦ ਕੀਤਾ।[1]

**ਗੁਰਬਖਸ਼ ਸਿੰਘ :** ਦਸਮ ਗੁਰੂ ਦਾ ਅਨਿੰਨ ਸਿੱਖ। ਭੈਰੋਵਾਲ ਦਾ ਕਲਾਲ, ਜਿਸ ਨੇ 1 ਵੈਸਾਖ ਸੰਮਤ 1756 ਬਿ. (1699 ਈ.) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕਿਆ। ਇਹ ਅਨੰਦਪੁਰ ਦੇ ਜੰਗ ਵਿੱਚ ਵੱਡੀ ਵੀਰਤਾ ਦਿਖਾਉਂਦਾ ਰਿਹਾ ਹੈ।[2]

**ਘਨ ਸਿੰਘ :** ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਇਕ ਹੋਰ ਸਿੱਖ ਘਨ ਸਿੰਘ ਦਾ ਜ਼ਿਕਰ ਆਉਂਦਾ ਹੈ। ਇਹ ਗੁਰੂ ਸਾਹਿਬ ਦਾ ਪ੍ਰੇਮੀ ਸਿੱਖ ਸੀ। ਫਾਜਿਲਕਾ ਪਿੰਡ (ਜਿਲ੍ਹਾ ਫਿਰੋਜ਼ਪੁਰ) ਦਾ ਵਸਨੀਕ ਇੱਕ ਪ੍ਰੇਮੀ। ਇਸ ਨੇ ਕਲਗੀਧਰ ਤੋਂ ਅੰਮ੍ਰਿਤ ਛਕਿਆ ਅਤੇ ਅਨੰਦਪੁਰ ਦੇ ਜੰਗਾਂ ਵਿੱਚ ਵੱਡੀ ਵੀਰਤਾ ਦਿਖਾਈ।[3]

**ਚਤਰ ਸਿੰਘ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਹਜ਼ੂਰੀ ਸਿੱਖ। ਇਹ ਬੈਰਾੜ ਜਾਤ ਦਾ ਗੁਰੂ ਸਾਹਿਬ ਦਾ ਇਕ ਸੂਹੀਆ ਸਿੱਖ ਸੀ, ਜੋ ਪਹਾੜੀ ਰਾਜਿਆਂ ਦਾ ਭੇਤ ਰੱਖਦਾ ਸੀ।[4]

**ਜੱਗਾ ਸਿੰਘ :** ਸ੍ਰੀ ਦਸਮੇਸ਼ ਜੀ ਦਾ ਇੱਕ ਪ੍ਰੇਮੀ ਨਫ਼ਰ (ਸੇਵਕ)।[5] ਇਹ ਗੁਰੂ ਸਾਹਿਬ ਦੀ ਬਹੁਤ ਸੇਵਾ ਕਰਿਆ ਕਰਦਾ ਸੀ। ਬਾਕੀ ਦੇ ਕਈ ਸਿੱਖ ਇਸ ਤੋਂ ਈਰਖਾ ਕਰਦੇ ਸਨ। ਪਰ ਇਹ ਗੁਰੂ ਸਾਹਿਬ ਦੀ ਸੇਵਾ ਵਿਚ ਬਿਨਾਂ ਕਿਸੇ ਝਿਜਕ ਦੇ ਲੱਗਾ ਰਹਿੰਦਾ ਸੀ।[6]

**ਜਾਲਮ ਸਿੰਘ :** ਜਾਲਮ ਸਿੰਘ ਗੁਰੂ ਸਾਹਿਬ ਦਾ ਸੁਰਾਹੀਬਰਦਾਰ (ਜਲ ਛਕਾਉਣ ਵਾਲਾ) ਸੀ। ਇਹ ਹਰ ਸਮੇਂ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਰਹਿੰਦਾ ਸੀ। ਇਕ ਦਿਨ ਇਹ ਕਿਤੇ ਚਲਾ ਗਿਆ। ਗੁਰੂ ਸਾਹਿਬ ਨੂੰ ਪਿਆਸ ਲੱਗੀ, ਉਨ੍ਹਾਂ ਨੇ ਜਾਲਮ ਸਿੰਘ ਨੂੰ ਆਵਾਜ਼ ਦਿੱਤੀ। ਇਹ ਨੇੜੇ ਨਹੀਂ ਸੀ। ਇਸ ਸਮੇਂ ਗੁਰੂ ਜੀ ਦੀ ਆਵਾਜ਼

---

1 ਰਘਬੀਰ ਸਿੰਘ ਅਨੰਦਪੁਰੀ, ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ, ਪੰਨਾ 171.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 420.

3 *ਉਹੀ,* ਪੰਨਾ 439.

4 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 198.

5 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 501.

6 ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁੱਤ 5, ਅੰਸੂ 3.

ਸੁਣ ਕੇ ਇਕ ਨੌਜੁਆਨ ਪਾਣੀ ਲੈ ਕੇ ਆਇਆ। ਗੁਰੂ ਸਾਹਿਬ ਨੇ ਉਸ ਦੇ ਕੋਮਲ ਹੱਥਾਂ ਨੂੰ ਵੇਖ ਕੇ ਪਾਣੀ ਪੀਣ ਤੋਂ ਇਨਕਾਰ ਕਰ ਦਿੱਤਾ। ਨੌਜੁਆਨ ਨੇ ਕਿਹਾ ਮੈਂ ਆਪ ਜੀ ਦਾ ਸਿੱਖ ਹਾਂ। ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਤੂੰ ਸੇਵਾ ਕਰਿਆ ਕਰ। ਉਸ ਨੇ ਹੁਕਮ ਮੰਨ ਕੇ ਸੇਵਾ ਸ਼ੁਰੂ ਕੀਤੀ।[1]

**ਜਿੰਦਪੀਰ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹਜ਼ੂਰੀ ਸਿੱਖ। ਇਹ ਦਸਮੇਸ਼ ਦਾ ਸੁਰਾਹੀਬਰਦਾਰ ਨਫ਼ਰ (ਸੇਵਕ) ਸੀ।[2]

**ਜੋਗਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਅਨਿੰਨ ਸਿੱਖ। ਇਹ ਪੇਸ਼ਾਵਰ ਦੇ ਆਸੀਆ ਮਹੱਲੇ ਵਿੱਚ ਰਹਿਣ ਵਾਲੇ ਭਾਈ ਗੁਰਮੁਖ ਦਾ ਸਪੁੱਤਰ ਸੀ। ਜੋਗਾ ਸਿੰਘ ਨੇ ਕਲਗੀਧਰ ਤੋਂ ਅੰਮ੍ਰਿਤ ਛਕ ਕੇ ਸਿੰਘ ਪਦਵੀ ਧਾਰਨ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਈ ਜੋਗਾ ਸਿੰਘ ਨੂੰ ਸੁਪਾਤ੍ਰ ਜਾਣ ਕੇ ਹਰ ਵੇਲੇ ਆਪਣੀ ਹਜ਼ੂਰੀ ਵਿੱਚ ਰੱਖਦੇ ਅਤੇ ਅਪਾਰ ਕ੍ਰਿਪਾ ਕਰਦੇ ਸਨ। ਇੱਕ ਵੇਰ ਭਾਈ ਗੁਰਮੁਖ ਨੇ ਅਰਦਾਸ ਕੀਤੀ ਕਿ ਜੋਗਾ ਸਿੰਘ ਦੀ ਸ਼ਾਦੀ ਹੋਣ ਵਾਲੀ ਹੈ, ਇਸ ਨੂੰ ਆਗਿਆ ਮਿਲੇ ਕਿ ਪੇਸ਼ਾਵਰ ਜਾ ਕੇ ਸ਼ਾਦੀ ਕਰਵਾ ਆਵੇ। ਦਸਮੇਸ਼ ਜੀ ਨੇ ਸ਼ਾਦੀ ਲਈ ਜੋਗਾ ਸਿੰਘ ਨੂੰ ਛੁੱਟੀ ਦਿੱਤੀ, ਪਰ ਉਸ ਦੀ ਪਰੀਖਿਆ ਲਈ ਇੱਕ ਸਿੱਖ ਨੂੰ ਹੁਕਮਨਾਮਾ ਦੇ ਕੇ ਘੱਲਿਆ ਕਿ ਜਦ ਜੋਗਾ ਸਿੰਘ ਇੱਕ ਲਾਵ (ਫੇਰਾ) ਲੈ ਚੁੱਕੇ, ਤਦ ਹੁਕਮਨਾਮਾ ਉਸ ਦੇ ਹੱਥ ਦੇਣਾ। (ਕੁਝ ਵਿਦਵਾਨਾਂ ਦੋ ਲਾਵਾਂ ਦਾ ਪਾਠ ਲਿਖਿਆ ਹੈ) ਸਿੱਖ ਨੇ ਅਜਿਹਾ ਹੀ ਕੀਤਾ। ਹੁਕਮਨਾਮੇ ਵਿੱਚ ਹੁਕਮ ਸੀ ਕਿ ਇਸ ਨੂੰ ਵੇਖਦੇ ਹੀ ਅਨੰਦਪੁਰ ਵੱਲ ਤੁਰ ਪਓ। ਸੋ ਜੋਗਾ ਸਿੰਘ ਤਿੰਨ ਲਾਵਾਂ ਵਿੱਚੇ ਛੱਡ ਕੇ ਤੁਰ ਪਿਆ, ਬਾਕੀ ਤਿੰਨ ਲਾਵਾਂ ਉਸ ਦੇ ਕਮਰਬੰਦ ਨਾਲ ਦੇ ਕੇ ਵਿਆਹ ਪੂਰਾ ਕੀਤਾ ਗਿਆ। ਰਸਤੇ ਵਿੱਚ ਭਾਈ ਜੋਗਾ ਸਿੰਘ ਦੇ ਮਨ ਸੰਕਲਪ ਫੁਰਿਆ ਕਿ ਸਤਿਗੁਰੂ ਦੀ ਆਗਿਆ ਮੰਨਣ ਵਾਲਾ ਮੇਰੇ ਜੇਹਾ ਕੋਈ ਵਿਰਲਾ ਹੀ ਸਿੱਖ ਹੋਵੇਗਾ। ਜਦ ਭਾਈ ਜੋਗਾ ਸਿੰਘ ਹੁਸ਼ਿਆਰਪੁਰ ਪੁੱਜਾ, ਤਾਂ ਇੱਕ ਵੇਸਵਾ ਦਾ ਸੁੰਦਰ ਰੂਪ ਵੇਖ ਕੇ ਕਾਮ ਨਾਲ ਵਯਾਕੁਲ ਹੋ ਗਿਆ ਅਤੇ ਸਿੱਖ ਧਰਮ ਵਿਰੁੱਧ ਕੁਕਰਮ ਕਰਨ ਲਈ ਪੱਕਾ ਸੰਕਲਪ ਕਰਕੇ ਵੇਸਵਾ ਦੇ ਮਕਾਨ 'ਤੇ ਪੁੱਜਾ। ਕਲਗੀਧਰ ਨੇ ਆਪਣੇ ਅਨਿੰਨ ਸਿੱਖ

---

1 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 231.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 523.

ਨੂੰ ਨਰਕ ਕੁੰਡ ਤੋਂ ਬਚਾਉਣ ਲਈ ਚੋਬਦਾਰ ਦਾ ਰੂਪ ਧਾਰ ਕੇ ਸਾਰੀ ਰਾਤ ਵੇਸਵਾ ਦੇ ਮਕਾਨ 'ਤੇ ਪਹਿਰਾ ਦਿੱਤਾ। ਜਦ ਤਿੰਨ ਵਾਰ ਭਾਈ ਜੋਗਾ ਸਿੰਘ ਨੇ ਚੋਬਦਾਰ ਨੂੰ ਉੱਥੇ ਹੀ ਖੜਾ ਡਿੱਠਾ, ਤਾਂ ਮਨ ਨੂੰ ਧਿੱਕਾਰਦਾ ਹੋਇਆ ਅਨੰਦਪੁਰ ਦੇ ਰਾਹ ਪਿਆ ਅਤੇ ਸਤਿਗੁਰੂ ਦੇ ਦਰਬਾਰ ਵਿੱਚ ਪਹੁੰਚ ਕੇ ਅਪਰਾਧ ਬਖ਼ਸ਼ਾਇਆ।

ਭਾਈ ਜੋਗਾ ਸਿੰਘ ਦੀ ਧਰਮਸ਼ਾਲਾ ਪੇਸ਼ਾਵਰ ਵਿੱਚ ਬਹੁਤ ਮਸ਼ਹੂਰ ਹੈ। ਉੱਥੇ ਦੇ ਬਹੁਤ ਲੋਕ ਭਾਈ ਸਾਹਿਬ ਨੂੰ ਜੋਗਨ ਸ਼ਾਹ ਭੀ ਆਖਦੇ ਹਨ।[1]

**ਜੋਰਾਵਰ ਸਿੰਘ, ਪਾਲਿਤ ਪੁੱਤਰ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਸਿੱਖ। ਇਹ ਪਿੰਡ ਬਸੀ ਪਠਾਣਾਂ, ਰੋਪੜ ਦੇ ਵਸਨੀਕ ਨੱਥੂ ਮੱਲ ਤਰਖਾਣ ਦਾ ਪੁੱਤਰ ਸੀ। ਨੱਥੂ ਰਾਮ ਪਰਿਵਾਰ ਸਮੇਤ ਅਨੰਦਪੁਰ ਵਿਖੇ ਰਹਿੰਦਾ ਸੀ। ਇਹ ਗੁਰੂ ਸਾਹਿਬ ਦੇ ਕਾਰਖਾਨੇ ਕੰਮ ਕਰਦਾ ਸੀ। ਇਕ ਵਾਰ ਇਸ ਦੇ ਪੁੱਤਰ ਜੋਰਾਵਰ ਸਿੰਘ ਨੇ ਸਾਹਿਬਜ਼ਾਦੇ ਜੋਰਾਵਰ ਸਿੰਘ ਨਾਲ ਕੁਸ਼ਤੀ ਲੜੀ ਅਤੇ ਸਾਹਿਬਜ਼ਾਦੇ ਨੂੰ ਹਰਾ ਦਿੱਤਾ। ਗੁਰੂ ਸਾਹਿਬ ਵੇਖ ਕੇ ਬਹੁਤ ਖੁਸ਼ ਹੋਏ ਅਤੇ ਹੁਕਮ ਕੀਤਾ ਕਿ ਅੱਜ ਤੋਂ ਬਾਅਦ ਇਸ ਦੀ ਪਰਵਰਿਸ਼ ਸਾਹਿਬਜ਼ਾਦਿਆਂ ਦੇ ਨਾਲ ਹੀ ਕੀਤੀ ਜਾਵੇਗੀ। ਗੁਰੂ ਜੀ ਨੇ ਇਸ ਨੂੰ ਆਪਣਾ ਪਾਲਿਤ ਪੁੱਤਰ ਮੰਨਿਆ। ਇਸ ਨੇ ਵੀ ਕਈ ਜੰਗਾਂ ਵਿਚ ਹਿੱਸਾ ਲਿਆ। ਅਨੰਦਪੁਰ ਛੱਡਣ ਉਪਰੰਤ ਇਹ ਰਸਤੇ ਵਿਚ ਭਾਈ ਬਚਿੱਤਰ ਸਿੰਘ ਦੇ ਸਾਥੀਆਂ ਸਮੇਤ ਦੁਸ਼ਮਣ ਨਾਲ ਲੜਦਾ ਹੋਇਆ ਕਾਫੀ ਜਖ਼ਮੀ ਹੋ ਗਿਆ ਸੀ। ਪਰ *ਗੁਰੂ ਕੀਆਂ ਸਾਖੀਆਂ* ਵਿਚ ਇਸ ਨੂੰ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਦਾ ਦੱਸਿਆ ਗਿਆ ਹੈ। ਇਸ ਨੂੰ ਵੀ ਕੋਟਲਾ ਨਿਹੰਗ ਖ਼ਾਂ ਦੀ ਹਵੇਲੀ ਵਿਚ ਲਿਆਂਦਾ ਗਿਆ। ਇਥੋਂ ਗੁਰਸਾ ਸਿੰਘ ਤੇ ਸੇਵਾ ਸਿੰਘ ਨੇ ਇਸ ਦੀ ਮੱਲ੍ਹਮ ਪੱਟੀ ਕੀਤੀ ਤੇ ਇਸ ਨੂੰ ਇਸ ਦੀ ਭੂਆ ਬੀਬੀ ਪੂਪਾਂ ਦੇ ਘਰ ਪਿੰਡ ਡਡਹੇੜੀ ਵਿਖੇ ਪਹੁੰਚਾ ਦਿੱਤਾ। ਬਾਅਦ ਵਿਚ ਇਹ ਆਗਰੇ ਦੇ ਨੇੜੇ ਗੁਰੂ ਸਾਹਿਬ ਨੂੰ ਜਾ ਮਿਲਿਆ। ਇਥੋਂ ਚਿਤੌੜਗੜ੍ਹ ਵਿਖੇ ਆਪਣੇ ਕੁਝ ਸਾਥੀਆਂ ਨੂੰ ਨਾਲ ਲੈ ਕੇ ਕਿਲ੍ਹਾ ਵੇਖਣ ਚਲਿਆ ਗਿਆ। ਕਿਲ੍ਹੇ ਅੰਦਰ ਕਿਸੇ ਗ਼ੈਰ-ਮੁਸਲਮਾਨ ਨੂੰ ਜਾਣ ਦੀ ਆਗਿਆ ਨਹੀਂ ਸੀ। ਇਸ ਨੇ ਜ਼ਬਰਦਸਤੀ ਅੰਦਰ ਜਾਣਾ ਚਾਹਿਆ। ਪਹਿਰੇਦਾਰਾਂ ਨੇ ਰੋਕਿਆ ਤਾਂ ਇਨ੍ਹਾਂ ਦੀ ਆਪਸ ਵਿਚ ਝੜਪ ਹੋ ਗਈ। ਇਹ ਇਸ ਲੜਾਈ ਵਿਚ ਸਾਥੀਆਂ ਸਮੇਤ ਸ਼ਹੀਦ ਹੋ

---

[1] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 536.

ਗਿਆ। ਜਦੋਂ ਗੁਰੂ ਸਾਹਿਬ ਨੂੰ ਇਸ ਦੇ ਸ਼ਹੀਦ ਹੋਣ ਬਾਰੇ ਪਤਾ ਲੱਗਿਆ ਤਾਂ ਗੁਰੂ ਸਾਹਿਬ ਜੀ ਨੇ ਆਪ ਆ ਕੇ ਇਕ ਨਦੀ ਕਿਨਾਰੇ ਇਸ ਦਾ ਸਸਕਾਰ ਕੀਤਾ।[1]

**ਦਯਾ / ਦਇਆ ਸਿੰਘ, ਭਾਈ :** ਭਾਈ ਦਇਆ ਸਿੰਘ ਗੁਰੂ ਸਾਹਿਬ ਦੇ ਪੰਜ ਪਿਆਰਿਆਂ ਵਿਚੋਂ ਇਕ ਸੀ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਵਿਸ਼ਵਾਸੀ ਸਿੱਖ ਜੋਧਾ ਸੀ, ਜੋ ਕਿ ਲਾਹੌਰ ਦਾ ਨਿਵਾਸੀ ਇਕ ਖਤ੍ਰੀ ਸੀ। ਭਾਈ ਦਇਆ ਸਿੰਘ ਦਾ ਜਨਮ ਲਾਹੌਰ ਨਿਵਾਸੀ ਭਾਈ ਸੁੱਧੇ ਤੇ ਮਾਤਾ ਦਿਆਲੀ ਦੇ ਘਰ 11 ਭਾਦਰੋਂ 1718 ਬਿ. (ਅਗਸਤ 1661 ਈ.) ਨੂੰ ਹੋਇਆ। ਆਪ ਭਾਈ ਪਾਰੋ ਜੁਲਕਾ ਦੀ ਵੰਸ਼ ਵਿਚੋਂ ਸਨ। ਸੰਨ 1677 ਈ. ਵਿੱਚ ਦਸਮ ਪਿਤਾ ਦੀ ਸ਼ਰਨ ਵਿਚ ਆਏ। ਪੜ੍ਹੇ ਲਿਖੇ ਹੋਣ ਕਰਕੇ ਗੁਰੂ ਦਰਬਾਰ ਵਿਚ ਆਪ ਮੁਨਸ਼ੀ ਦਾ ਕੰਮ ਕਰਦੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਸਾਜਣ ਲਈ ਪੰਜ ਸਿਰਾਂ ਦੀ ਭੇਟਾ ਮੰਗੀ ਤਾਂ ਆਪ ਨੇ ਪਹਿਲ ਕਰਕੇ ਪਹਿਲੇ ਪਿਆਰਾ ਹੋਣ ਦਾ ਮਾਣ ਪ੍ਰਾਪਤ ਕੀਤਾ। ਗੁਰੂ ਸਾਹਿਬ ਆਪ ਨੂੰ ਆਪਣੇ ਮੁੱਖੀ ਤੇ ਨਜ਼ਦੀਕੀ ਸਿੱਖਾਂ ਵਿਚ ਗਿਣਦੇ ਸਨ। ਦਸਮ ਪਿਤਾ ਨੇ ਜਦੋਂ ਜ਼ਫ਼ਰਨਾਮਾ ਔਰੰਗਜ਼ੇਬ ਦੇ ਨਾਮ ਲਿਖਿਆ ਤਾਂ ਉਸ ਖ਼ਤ ਨੂੰ ਅਹਿਮਦ ਨਗਰ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਆਪ ਨੂੰ ਸੌਂਪੀ ਗਈ। ਸਰੂਪ ਦਾਸ ਭੱਲਾ ਨੇ *ਮਹਿਮਾ ਪ੍ਰਕਾਸ਼* ਵਿਚ ਇਸ ਦਾ ਹਵਾਲਾ ਇਸ ਤਰ੍ਹਾਂ ਦਿੱਤਾ ਹੈ:-

> ਦਇਆ ਸਿੰਘ ਕੋ ਸਤਗੁਰ ਕਹਾ ਪਾਤਸਾਹ ਪੈ ਜਾਉ॥
> ਸਉਕ ਨਾਮਾ ਮੇਰਾ ਉਸ ਦੀਜੀਏ ਅਰੁ ਜਬਾਬ ਲੈ ਆਉ॥[2]

ਭਾਈ ਦਇਆ ਸਿੰਘ ਰਸਤੇ ਦੀਆਂ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਅਹਿਮਦ ਨਗਰ ਪੁੱਜੇ। ਆਪਣੀ ਸੂਝ-ਸਿਆਣਪ ਸਦਕਾ ਬਾਦਸ਼ਾਹ ਨਾਲ ਮੁਲਾਕਾਤ ਕੀਤੀ। ਔਰੰਗਜ਼ੇਬ ਨੇ ਇਸ ਦੇ ਰਾਹੀਂ ਗੁਰੂ ਜੀ ਨੂੰ ਸੱਦਾ ਭੇਜਿਆ। ਗੁਰੂ ਸਾਹਿਬ ਪੰਜਾਬ ਤੋਂ ਦੱਖਣ ਵੱਲ ਨੂੰ ਤੁਰੇ, ਤਾਂ ਉਸ ਸਮੇਂ ਭਾਈ ਦਇਆ ਸਿੰਘ ਵੀ ਨਾਲ ਸਨ।

ਭਾਈ ਕਾਨ੍ਹ ਸਿੰਘ ਨਾਭਾ ਦੇ *ਮਹਾਨ ਕੋਸ਼* ਅਨੁਸਾਰ ਇਸ ਨੇ 1 ਵੈਸਾਖ ਸੰਮਤ 1756 ਬਿ. ਨੂੰ ਕੇਸਗੜ੍ਹ

---

1. ਭਾਈ ਸ੍ਰਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨੇ 179-83.
2. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ, ਪੰਨਾ 886.

(ਅਨੰਦਪੁਰ) ਦੇ ਦੀਵਾਨ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਸੀਸ ਅਰਪਨ ਕੀਤਾ ਅਤੇ ਸਭ ਤੋਂ ਪਹਿਲਾਂ ਅੰਮ੍ਰਿਤ ਛੱਕ ਕੇ ਦਯਾ ਸਿੰਘ ਹੋਇਆ। ਦਸਮੇਸ਼ ਨੇ ਇਸ ਨੂੰ ਪਿਆਰਿਆਂ ਦਾ ਜਥੇਦਾਰ ਥਾਪਿਆ। ਜ਼ਫ਼ਰਨਾਮਾ ਲੈ ਕੇ ਔਰੰਗਜ਼ੇਬ ਪਾਸ ਇਹੀ ਸੱਜਣ ਗਿਆ ਸੀ। ਇਸ ਦਾ ਰਚਿਆ ਇੱਕ ਰਹਿਤਨਾਮਾ ਭੀ ਦੇਖੀਦਾ ਹੈ।[1] ਪ੍ਰੋ. ਪਿਆਰਾ ਸਿੰਘ ਨੇ *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ* ਵਿਚ ਲਿਖਿਆ ਹੈ ਕਿ ਭਾਈ ਦਇਆ ਸਿੰਘ ਪੰਜ ਪਿਆਰਿਆਂ ਵਿਚੋਂ ਸ਼ਿਰੋਮਣੀ ਸਿੰਘ ਸਨ। ਇਸ ਦਾ ਜਨਮ ਡੱਲਾ ਨਿਵਾਸੀ ਭਾਈ ਪਾਰੋ ਦੇ ਬੰਸ ਵਿਚੋਂ ਭਾਈ ਸੁਧੇ ਦੇ ਘਰ ਮਾਤਾ ਦਿਆਲੀ ਦੀ ਕੁਖੋਂ ਲਾਹੌਰ ਵਿਖੇ ਹੋਇਆ। ਇਸ ਦਾ ਨਾਮ ਦਇਆ ਰਾਮ ਸੋਪਤੀ ਖਤ੍ਰੀ ਜਾਂ ਮੁਨਸ਼ੀ ਵੀ ਲਿਖਿਆ ਮਿਲਦਾ ਹੈ।[2]

ਗੁਰੂ ਸਾਹਿਬ ਦੁਆਰਾ ਪਹਾੜੀ ਰਾਜੇ ਅਤੇ ਤੁਰਕਾਂ ਨਾਲ ਲੜੀਆਂ ਜੰਗਾਂ ਵਿਚ ਇਸ ਯੋਧੇ ਨੇ ਬੜੀ ਬੀਰਤਾ ਵਿਖਾਈ। ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ ਤੋਂ ਲੈ ਕੇ ਨਾਂਦੇੜ ਤੱਕ ਭਾਈ ਦਇਆ ਸਿੰਘ ਨੇ ਗੁਰੂ ਕਾ ਪਿਆਰਾ ਬਣ ਕੇ ਸਾਥ ਨਿਭਾਇਆ। ਇਨ੍ਹਾਂ ਦਾ ਅਕਾਲ ਚਲਾਣਾ ਅਕਤੂਬਰ, 1708 ਈ. ਵਿਚ ਅਬਚਲ ਨਗਰ (ਨਾਂਦੇੜ) ਵਿਖੇ ਹੋਇਆ। ਭਾਈ ਦਇਆ ਸਿੰਘ ਦਾ ਗੁਰੂ ਦਰਬਾਰ ਵਿਚ ਬਹੁਤ ਮਾਣ ਸਤਿਕਾਰ ਸੀ। ਆਪ ਇੱਕ ਬੁੱਧੀਮਾਨ ਅਤੇ ਬਿਬੇਕੀ ਗੁਰਸਿੱਖ ਸਨ। ਆਪ ਨੇ ਇਕ ਰਹਿਤਨਾਮਾ (ਵਾਰਤਕ) ਦੀ ਰਚਨਾ ਵੀ ਕੀਤੀ।[3]

**ਦਯਾ ਰਾਮ, ਪਰੋਹਤ** : ਸ੍ਰੀ ਦਸਮੇਸ਼ ਦਾ ਸੇਵਕ ਇਕ ਬ੍ਰਾਹਮਣ। ਇਹ ਜਾਤੀਮਲਕ ਦਾ ਪੁੱਤਰ ਸੀ। ਦਯਾ ਰਾਮ ਨੇ ਭੰਗਾਣੀ ਦੀ ਜੰਗ ਵਿੱਚ ਵੱਡੀ ਵੀਰਤਾ ਨਾਲ ਸ਼ਤਰੂਆਂ ਦਾ ਮੁਕਾਬਲਾ ਕੀਤਾ।[4] ਡਾ. ਰਛਪਾਲ ਸਿੰਘ ਗਿੱਲ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਸਿੱਖ ਜਿਹੜਾ ਗੁਰੂ-ਘਰ ਦਾ ਖਾਨਦਾਨੀ ਪਰੋਹਿਤ ਸੀ। ਇਸ ਦਾ ਪਿਤਾ ਜਾਤੀ ਮਲਿਕ ਵੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਵਾ ਵਿਚ ਰਿਹਾ ਕਰਦਾ ਸੀ।[5] ਇਸ ਨੇ ਭੰਗਾਣੀ ਦੇ ਯੁੱਧ ਵਿਚ ਬੀਰਤਾ ਦਿਖਾਈ ਅਤੇ ਦੁਸ਼ਮਣ ਦਾ ਡਟ ਕੇ ਮੁਕਾਬਲਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 621.

2 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 77.

3 ਰੂਪ ਸਿੰਘ (ਸੰਪਾ.), ਦਸ਼ਮੇਸ਼ ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਜੀ: ਜੀਵਨ ਦਰਸ਼ਨ, ਪੰਨਾ 563.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 621.

5 ਰਛਪਾਲ ਸਿੰਘ, ਪੰਜਾਬ ਕੋਸ਼ (ਭਾਗ ਪਹਿਲਾ), ਪੰਨਾ 106.

*ਬਚਿਤ੍ਰ ਨਾਟਕ* ਦੇ ਅੱਠਵੇਂ ਅਧਿਆਇ ਵਿਚ ਇਸ ਬਾਰੇ ਲਿਖਿਆ ਹੈ -

ਕ੍ਰੁਪਯੋ ਦੇਵਤੇਸੰ ਦਯਾਰਾਮ ਜੁਧੰ।

ਕਿਯੋ ਦ੍ਰੋਣ ਕੀ ਜਿਉ ਮਹਾਂ ਯੁੱਧੰ ਸੁੱਧੰ।[1]

**ਦਯਾਲ ਸਿੰਘ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ ਸੀ। ਸੁਰ ਸਿੰਘ ਪਿੰਡ ਦਾ ਵਸਨੀਕ ਇਕ ਸਿੱਧੂ ਜੱਟ, ਜੋ ਸੰਮਤ 1756 ਬਿ. (1699 ਈ.) ਵਿਚ ਗੁਰੂ ਜੀ ਤੋਂ ਅੰਮ੍ਰਿਤ ਛੱਕ ਕੇ ਵੱਡਾ ਧਰਮਵੀਰ ਹੋਇਆ। ਇਹ ਅਨੰਦਪੁਰ ਦੇ ਜੰਗਾਂ ਵਿੱਚ ਖ਼ਾਲਸੇ ਦੀ ਸੈਨਾ ਨਾਲ ਮਿਲ ਕੇ ਦੁਸ਼ਮਣਾਂ ਨਾਲ ਵੱਡੀ ਬਹਾਦੁਰੀ ਨਾਲ ਲੜਦਾ ਰਿਹਾ। ਇਸ ਬਾਰੇ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਲਿਖਿਆ ਹੈ –

ਸੁਰਸਿੰਘ ਕਾ ਸਿੱਧੂ ਸਿਖ ਭਯੋ।

ਨਾਮ ਦਯਾਲ ਸਿੰਘ ਕਹਿ ਦਯੋ।21[2]

**ਦਰਘਾ ਮੱਲ** : ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੀਵਾਨ ਸੀ। ਇਸ ਨੂੰ ਇਕ ਵਾਰ ਗੁਰੂ ਸਾਹਿਬ ਨਾਲ ਦਿੱਲੀ ਵਿਚ ਕੈਦ ਵੀ ਕੀਤਾ ਗਿਆ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਗੋਬਿੰਦ ਰਾਇ ਨੂੰ ਗੁਰਿਆਈ ਦੇਣ ਦਾ ਹੁਕਮ ਕੀਤਾ ਤਾਂ ਇਸ ਨੂੰ ਗੁਰਿਆਈ ਦੀ ਸਮੱਗਰੀ ਤਿਆਰ ਕਰਨ ਲਈ ਕਿਹਾ ਗਿਆ ਸੀ। ਗੁਰੂ ਸਾਹਿਬ ਨੇ ਸਾਹਿਬਜ਼ਾਦੇ ਨੂੰ ਸ਼ਸਤ੍ਰ ਬਸਤਰ ਸਜਾ ਕੇ ਆਪਣੇ ਸਥਾਨ 'ਤੇ ਲਿਆ ਕੇ ਬੈਠਾ ਦਿੱਤਾ। ਦਰਘਾ ਮੱਲ ਨੇ ਗੁਰਿਆਈ ਦੀ ਸਾਰੀ ਸਮੱਗਰੀ ਲਿਆ ਕੇ ਸਾਹਿਬਜ਼ਾਦੇ ਦੇ ਅੱਗੇ ਰੱਖ ਦਿੱਤੀ ਅਤੇ ਮੱਥਾ ਟੇਕਿਆ। ਇਸ ਸਮੇਂ ਬਾਬਾ ਬੁੱਢਾ ਜੀ ਦੀ ਬੰਸ ਵਿਚੋਂ ਰਾਮ ਕੁਇਰ ਨੇ ਨੰਨ੍ਹੀ ਅਵਸਥਾ ਵਿਚ ਗੋਬਿੰਦ ਰਾਇ ਨੂੰ ਗੁਰਿਆਈ ਦਾ ਤਿਲਕ ਦਿੱਤਾ ਸੀ।[3]

**ਦਰਬਾਰਾ ਸਿੰਘ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ ਸੀ। ਦਰਬਾਰਾ ਸਿੰਘ ਸਰਹਿੰਦ ਦਾ ਵਸਨੀਕ, ਜੋ ਕਿ ਇਕ ਬਾਣੀਆ ਸੀ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛੱਕ ਕੇ ਬੜਾ ਬਹਾਦਰ ਯੋਧਾ ਸਾਬਿਤ

---

1 ਸ਼ਬਦਾਰਥ ਦਸਮ ਗ੍ਰੰਥ (ਪੋਥੀ ਪਹਿਲੀ), ਪੰਨਾ 77.

2 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਾਤਪ ਸੂਰਜ ਗ੍ਰੰਥ, ਰੁਤ 3, ਅੰਸੂ 20.

3 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 72.

ਹੋਇਆ ਤੇ ਅਨੰਦਪੁਰ ਦੇ ਕਈ ਜੰਗਾਂ ਵਿੱਚ ਦਲੇਰੀ ਨਾਲ ਲੜਦਾ ਰਿਹਾ।[1] ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਇਸ ਬਾਰੇ ਲਿਖਿਆ ਹੈ –

ਭੰਡਾਰਾ ਸਿੰਘ ਸਿੰਘ ਹਜ਼ਾਰਾ।

ਦਰਬਾਰਾ ਸਿੰਘ ਤ੍ਰਿਤੀ ਉਚਾਰਾ ਸੀਰੰਦ ਕੇ ਵਾਸੀ ਸਿਖ ਬਨੀਏ।

ਅੰਮ੍ਰਿਤ ਲੀਨਿ ਰਹਿਤ ਸਭਿ ਮਨੀਏ।23।[2]

**ਦਰਬਾਰਾ ਸਿੰਘ** : ਦਰਬਾਰਾ ਸਿੰਘ ਗੁਰੂ ਸਾਹਿਬ ਦਾ ਇਕ ਸਿਦਕੀ ਸਿੱਖ ਸੀ। ਇਹ ਭਾਈ ਨਾਨੂ ਦਾ ਪੁੱਤਰ ਸੀ। ਇਸ ਦਾ ਇਕ ਹੋਰ ਭਰਾ ਭਾਈ ਘਰਬਾਰਾ ਸਿੰਘ ਸੀ ਜੋ ਅਨੰਦਪੁਰ ਦੀ ਜੰਗ ਵਿਚ ਸ਼ਹੀਦ ਹੋਇਆ। ਦਰਬਾਰਾ ਸਿੰਘ ਆਪਣੇ ਭਰਾ ਘਰਬਾਰਾ ਸਿੰਘ ਅਤੇ ਪਿਤਾ ਭਾਈ ਨਾਨੂ ਦੇ ਨਾਲ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਪਿਤਾ ਨਾਨੂ ਵੀ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਇਆ। ਰਜਿੰਦਰ ਕੌਰ ਆਪਣੇ ਥੀਸਿਜ਼ ਨਿਹੰਗ ਸਿੰਘ ਸੰਸਥਾ *: ਆਰੰਭ,* ਵਿਕਾਸ ਤੇ ਯੋਗਦਾਨ ਵਿਚ ਦਰਬਾਰਾ ਸਿੰਘ ਬਾਰੇ ਲਿਖਦੀ ਹੈ ਕਿ ਬਾਬਾ ਦਰਬਾਰਾ ਸਿੰਘ 12 ਸਾਲ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਕੋਲ ਅਨੰਦਪੁਰ ਆਏ। 16 ਸਾਲ ਦੀ ਉਮਰ ਵਿਚ ਦੀਵਾਨ ਦਾ ਖਿਤਾਬ ਮਿਲਿਆ। 16 ਸਾਲ ਗੁਰੂ ਗੋਬਿੰਦ ਸਿੰਘ ਜੀ ਦੇ ਗੜਵਈ ਵਜੋਂ ਸੇਵਾ ਕਰਦੇ ਰਹੇ। 12 ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ। ਜਿਸ ਸਮੇਂ ਭਾਈ ਸੁਬੇਗ ਸਿੰਘ ਨਵਾਬੀ ਦਾ ਖ਼ਿਤਾਬ ਅਤੇ ਜਗੀਰ ਲੈ ਕੇ ਸਿੱਖਾਂ ਪਾਸ ਆਏ ਤਾਂ ਇਹ ਨਵਾਬੀ ਦੀ ਖਿਲਤ ਪਹਿਲਾਂ ਦੀਵਾਨ ਦਰਬਾਰਾ ਸਿੰਘ ਦੇ ਸਾਹਮਣੇ ਰੱਖੀ ਗਈ ਪਰ ਉਨ੍ਹਾਂ ਨੇ ਇਹ ਲੈਣ ਤੋਂ ਇਨਕਾਰ ਕਰ ਦਿੱਤਾ।[3] ਇਸ ਦਾ ਜ਼ਿਕਰ ਰਤਨ ਸਿੰਘ ਭੰਗੂ ਵੀ ਪੰਥ ਪ੍ਰਕਾਸ਼ ਵਿਚ ਕਰਦਾ ਹੈ –

ਦਰਬ ਜੁ ਆਈ ਥੀ ਤਉ ਖਾਲਸੈ ਲਈ ਵਰਤਾਇ।

ਕਹਯੋ ਦਰਬਾਰੇ ਸਿੰਘ ਕੋ ਤੂੰ ਨਿਵਾਬੀ ਲੈ ਸਿਰੋਪਾਉ।

---

1 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 308.

2 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਾਤਪ ਸੂਰਜ ਗ੍ਰੰਥ, ਰੁਤ 3, ਅੰਸ਼ੂ 20.

3 ਰਜਿੰਦਰ ਕੌਰ, ਨਿਹੰਗ ਸਿੰਘ ਸੰਸਥਾ : ਆਰੰਭ, ਵਿਕਾਸ ਤੇ ਯੋਗਦਾਨ, ਅਣਪ੍ਰਕਾਸ਼ਿਤ ਖੋਜ-ਪ੍ਰਬੰਧ, ਪੰਨੇ 265-66.

ਦਰਬਾਰੇ ਸਿੰਘ ਅਗਯੋ ਕਹੀ।

ਅਸੀਂ ਨਿਵਾਬੀ ਕਦ ਚਹੈਂ ਲਈ।

ਹਮਕੋ ਸਤਿਗੁਰ ਬਚਨ ਪਤਿਸ਼ਾਹੀ।

ਪਰਾਧੀਨ ਜਿਹ ਮਾਹਿ ਖਰਾਬੀ।[1]

**ਦਰਬਾਰੀ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਹਜ਼ੂਰੀ ਸਿੱਖ। ਇਹ ਦੋ ਭਰਾ ਸਨ, ਦੂਜੇ ਦਾ ਨਾਂ ਘਰਬਾਰੀ ਸੀ ਤੇ ਦੋਵੇਂ ਹੀ ਗੁਰੂ ਦਸਮੇਸ਼ ਜੀ ਦੇ ਦੀਵਾਨ ਸਨ। *ਗੁਰਬਿਲਾਸ ਪਾਤਸ਼ਾਹੀ* ੧੦ ਅਨੁਸਾਰ ਜਦੋਂ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਤੋਂ ਗੁਰੂ ਸਾਹਿਬ ਦੱਖਣ ਨੂੰ ਜਾਣ ਲੱਗੇ ਤਾਂ ਇਹ ਰਾਤ ਨੂੰ ਹੀ ਮੌਕਾ ਤਾੜ ਕੇ ਕਿਧਰੇ ਨੱਸ ਗਏ ਸਨ -

ਦਰਬਾਰੀ ਘਰਬਾਰੀ ਜੋਈ। ਖਾਸ ਹਜੂਰ ਦਿਵਾਨ ਸੋ ਹੋਈ।

ਦੱਖਨ ਦੇਸ ਪ੍ਰਸੋਚ ਵਿਚਾਰੀ। ਆਗੇ ਤੁਰਕ ਬਡੋ ਬਿਕਾਰੀ।55।

ਦਰਬਾਰੀ ਘਰ ਬਾਰਿ ਜੁਤ। ਚਾਕਰ ਬੀਰ ਹਜਾਰ।

ਗਏ ਪਾੜ ਨਿਸ ਭਾਜ ਕਰ। ਕੀਨੋ ਸਦਨ ਉਜਾੜ।67।[2]

**ਦੁਨੀ ਚੰਦ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਸਿੱਖ ਸੀ। ਦੁਨੀ ਚੰਦ, ਭਾਈ ਸਾਲ੍ਹੋ ਦਾ ਪੋਤਾ ਜੋ ਮਾਝੇ ਦਾ ਮਸੰਦ ਸੀ। ਇਹ ਦਸਮੇਸ਼ ਦੀ ਸਹਾਇਤਾ ਲਈ ਅਨੰਦਪੁਰ ਦੇ ਜੰਗ ਵਿੱਚ ਗਿਆ ਸੀ। ਇਸ ਨੂੰ ਗੁਰੂ ਸਾਹਿਬ ਨੇ 500 ਯੋਧਿਆਂ ਦਾ ਸਰਦਾਰ ਥਾਪ ਕੇ ਅਗਮਪੁਰ ਦੇ ਕਿਲੇ ਠਹਿਰਾਇਆ। ਇਸ ਦੇ ਨਾਲ ਮੁਖੀਏ ਮਝੈਲ ਸਿੰਘ ਇਹ ਸਨ - ਅਨੰਦ ਸਿੰਘ, ਅਮਰੀਕ ਸਿੰਘ, ਸਬੇਗ ਸਿੰਘ, ਸੁਜਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਜਾਰਾ ਸਿੰਘ, ਕਾਨ੍ਹ ਸਿੰਘ, ਕੌਲ ਸਿੰਘ, ਕ੍ਰਿਪਾਲ ਸਿੰਘ, ਗੋਪਾਲ ਸਿੰਘ, ਚੇਤ ਸਿੰਘ, ਟੇਕ ਸਿੰਘ, ਦਯਾਲ ਸਿੰਘ, ਦਾਨ ਸਿੰਘ, ਦਿਵਾਨ ਸਿੰਘ, ਫਤੇ ਸਿੰਘ, ਬੀਰ ਸਿੰਘ, ਮਾਨ ਸਿੰਘ। ਦਸਮੇਸ਼ ਨੇ ਕੇਸਰੀ ਚੰਦ ਜਸਵਾਲੀਏ ਰਾਜੇ ਦੇ

[1] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾ. ਸੋਹਣ ਸਿੰਘ ਸੀਤਲ, ਪੰਨਾ 213.

[2] ਕੁਇਰ ਸਿੰਘ, ਗੁਰਬਿਲਾਸ ਪਾ. ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨੇ 233-34.

ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਦੁਨੀ ਚੰਦ ਨੂੰ ਫੁਰਮਾਇਆ, ਪਰ ਇਹ ਕਾਇਰ ਹੋ ਕੇ ਰਾਤ ਨੂੰ ਨੱਠਾ ਅਤੇ ਕੰਧ ਤੋਂ ਡਿੱਗ ਕੇ ਟੰਗ ਤੁੜਾਈ। ਅੰਮ੍ਰਿਤਸਰ ਜਦ ਕਿ ਇਹ ਬੀਮਾਰ ਪਿਆ ਸੀ, ਰਾਤ ਨੂੰ ਸੱਪ ਲੜਨ ਕਰਕੇ ਮਰ ਗਿਆ, ਇਸ ਦੇ ਪੋਤੇ ਸਰੂਪ ਸਿੰਘ, ਅਨੂਪ ਸਿੰਘ ਨੇ ਦਸਮੇਸ਼ ਪਾਸ ਪਹੁੰਚ ਕੇ ਗੁਨਾਹ ਬਖ਼ਸ਼ਵਾਇਆ ਅਤੇ ਸੇਵਾ ਵਿੱਚ ਹਾਜ਼ਿਰ ਰਹੇ।[1] *ਗੁਰਬਿਲਾਸ ਪਾਤਸ਼ਾਹੀ* ੧੦ ਦੇ ਕਰਤਾ ਕੁਇਰ ਸਿੰਘ ਅਨੁਸਾਰ ਇਹ ਭਾਈ ਸਾਲੋ ਮਜੀਠਾ ਵਾਸੀ ਦਾ ਪੁੱਤਰ ਮਾਝੇ ਦਾ ਮਸੰਦ ਸੀ। ਬੜਾ ਮੋਟਾ ਤਾਜ਼ਾ ਹੋਣ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਲੋਹਗੜ੍ਹ ਦੇ ਦਰਵਾਜ਼ੇ ਅੱਗੇ ਕੇਸਰੀ ਚੰਦ ਜਸਵਾਲੀਏ ਦੇ ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਭੇਜਣਾ ਚਾਹਿਆ, ਪਰ ਇਹ ਡਰਦਾ ਮਾਰਿਆ ਰਾਤ ਨੂੰ ਕਿਲ੍ਹੇ ਦੀ ਕੰਧ ਟੱਪ ਕੇ ਦੌੜਨ ਲੱਗਾ ਜਿਸ ਕਰਕੇ ਟੰਗ ਟੁੱਟ ਗਈ। ਨਾਲ ਦੇ ਮਝੈਲ ਸਾਥੀ ਇਸ ਨੂੰ ਉਸੇ ਹਾਲਤ ਵਿਚ ਮੰਜੀ ਉੱਤੇ ਪਾ ਕੇ ਅੰਮ੍ਰਿਤਸਰ ਲੈ ਗਏ। ਅਚਾਨਕ ਉੱਥੇ ਰਾਤੀਂ ਜਿਸ ਕੋਠੜੀ ਵਿਚ ਉਹ ਸੁੱਤਾ ਪਿਆ ਸੀ, ਸੱਪ ਲੜਨ ਕਰ ਕੇ ਇਸ ਦੀ ਮੌਤ ਹੋ ਗਈ।[2]

**ਧਰਮ ਸਿੰਘ, ਭਾਈ** : ਭਾਈ ਧਰਮ ਸਿੰਘ ਗੁਰੂ ਸਾਹਿਬ ਦੇ ਪੰਜ ਪਿਆਰਿਆਂ ਵਿਚੋਂ ਇਕ ਸੀ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਤੇ ਬਹਾਦਰ ਯੋਧਾ ਸਿੱਖ ਸੀ। *ਗੁਰਬਿਲਾਸ ਪਾਤਸ਼ਾਹੀ ੧੦* ਦੇ ਕਰਤਾ ਅਨੁਸਾਰ ਇਹ ਹਸਤਨਾਪੁਰ (ਦਿੱਲੀ) ਦਾ ਵਾਸੀ ਸੀ।[3] ਪਰ ਗਿਆਨੀ ਠਾਕੁਰ ਸਿੰਘ ਨੇ ਇਸ ਦਾ ਜਨਮ ਪਿੰਡ ਜੱਬਮਾੜਾ (ਸਹਾਰਨਪੁਰ) ਦਾ ਲਿਖਿਆ ਹੈ। ਇਹ ਜੱਟ ਸਿੱਖ ਸੀ। ਭਾਈ ਸੰਤ ਰਾਮ ਦੇ ਘਰ ਮਾਈ ਜੱਸੀ (ਸਾਵੋ) ਦੀ ਕੁਖੋਂ 7 ਕੱਤਕ ਸੰਮਤ 1724 ਬਿ. ਨੂੰ ਇਸ ਦਾ ਜਨਮ ਹੋਇਆ। ਸੰਮਤ 1756 ਬਿ. ਦੀ ਵੈਸਾਖੀ ਨੂੰ ਇਸ ਨੇ ਸ੍ਰੀ ਕੇਸਗੜ੍ਹ (ਅਨੰਦਪੁਰ) ਸੀਸ ਭੇਟ ਕਰਕੇ ਗੁਰੂ ਦਸਮੇਸ਼ ਜੀ ਤੋਂ ਅੰਮ੍ਰਿਤ ਛਕਿਆ ਅਤੇ ਧਰਮ ਚੰਦ ਤੋਂ ਧਰਮ ਸਿੰਘ ਬਣਿਆ। 'ਪੰਜ ਪਿਆਰਿਆਂ ਵਿਚੋਂ ਗੁਰੂ ਜੀ ਦੀ ਮੰਗ ਤਹਿਤ ਸੀਸ ਅਰਪਨ ਕਰਨ ਵਾਲੇ ਮਰਜੀਵੜੇ ਸਿੱਖਾਂ ਵਿਚੋਂ ਦੂਜੇ ਗੁਰਸਿੱਖ ਸਨ। ਆਪ ਦਾ ਜਨਮ ਹਸਤਨਾਪੁਰ (ਦਿੱਲੀ) ਵਿਖੇ ਪਿਤਾ ਸੰਤ ਰਾਮ ਦੇ ਘਰ ਅਕਤੂਬਰ, 1666 ਈ. ਨੂੰ ਹੋਇਆ। ਆਪ 1678 ਈ. ਵਿਚ ਗੁਰੂ ਸਾਹਿਬ ਦੇ ਹਜ਼ੂਰ ਸੇਵਾ ਵਿਚ ਆਏ ਸਨ।

---

[1] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 643.

[2] ਕੁਇਰ ਸਿੰਘ, ਗੁਰਬਿਲਾਸ ਪਾ. ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 310.

[3] *ਉਹੀ,* ਪੰਨਾ 308.

ਖ਼ਾਲਸਾ ਸਾਜਣਾ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈਆਂ ਜੰਗਾਂ ਵਿਚ ਆਪ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਦੇ ਕਹਿਣ ’ਤੇ ਚਮਕੌਰ ਦੀ ਗੜ੍ਹੀ ਨੂੰ ਛੱਡਿਆ ਤਾਂ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਦੇ ਸਾਥੀ ਸਿੰਘਾਂ ਵਿਚ ਸ਼ਾਮਿਲ ਸਨ। ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਲਿਖਿਆ ਹੈ ਕਿ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਮਾਛੀਵਾੜੇ ਗੁਲਾਬੇ ਦੇ ਬਾਗ ਵਿਚ ਗੁਰੂ ਜੀ ਨੂੰ ਮਿਲਦੇ ਹਨ –

ਤੀਨਹੁ ਪਦ ਪੰਕਜ ਕਰਿ ਨਮੋ॥ ਹੇਤ ਜਗਵਾਨ ਕੇ ਤਿਹ ਸਮੋ॥
ਕਰਿ ਮਸਲਤਿ ਕੋ ਚਹੈਂ ਜਗਾਯੋ॥ ਧਰਮ ਸਿੰਘ ਤਬਿ ਹਾਥਿ ਚਲਾਯੋ॥
ਪਦ ਅਰਬਿੰਦ ਬੈਠਿ ਕਰਿ ਗਹੈ॥[1]

ਉੱਚ ਦੇ ਪੀਰ ਬਣੇ ਗੁਰੂ ਸਾਹਿਬ ਉਪਰ ਚਵਰ ਦੀ ਸੇਵਾ ਵੀ ਭਾਈ ਧਰਮ ਸਿੰਘ ਨੇ ਕੀਤੀ ਸੀ। ਜ਼ਫ਼ਰਨਾਮਾ ਔਰੰਗਜ਼ੇਬ ਤੱਕ ਪਹੁੰਚਾਉਣ ਲਈ ਭਾਈ ਧਰਮ ਸਿੰਘ ਵੀ ਭਾਈ ਦਇਆ ਸਿੰਘ ਦੇ ਨਾਲ ਗਏ ਸਨ। 18 ਜੂਨ 1707 ਈ. ਨੂੰ ਆਗਰੇ ਤੋਂ ਦੱਖਣ ਵਾਲੇ ਪਾਸੇ ਜਾਜੋ ਦੇ ਸਥਾਨ ’ਤੇ ਸ਼ਹਿਜ਼ਾਦਾ ਤਾਰਾ ਆਜ਼ਮ ਤੇ ਬਹਾਦਰ ਸ਼ਾਹ ਦੇ ਦਰਮਿਆਨ ਹੋਈ ਲੜਾਈ ਵਿਚ ਮਦਦ ਲਈ ਦਸਮ ਪਿਤਾ ਨੇ ਭਾਈ ਧਰਮ ਸਿੰਘ ਨੂੰ ਭੇਜਿਆ ਸੀ। ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ’ਤੇ ਅੰਤਮ ਰਸਮਾਂ ਵੀ ਭਾਈ ਧਰਮ ਸਿੰਘ ਤੇ ਭਾਈ ਦਇਆ ਸਿੰਘ ਨੇ ਮਿਲ ਕੇ ਸੰਪੂਰਨ ਕੀਤੀਆ ਸਨ। ਨਾਂਦੇੜ ਵਿਖੇ ਹੀ ਭਾਈ ਧਰਮ ਸਿੰਘ 1717 ਈ. ਨੂੰ ਅਕਾਲ ਚਲਾਣਾ ਕਰ ਗਏ।[2]

**ਧਰਮ ਚੰਦ, ਦੀਵਾਨ :** ਧਰਮ ਚੰਦ ‘ਛਿਬਰ’ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੀਵਾਨ ਸੀ। ਇਸ ਦੇ ਪਿਤਾ ਦਾ ਨਾਮ ਸ੍ਰੀ ਦਰਘਾ ਮੱਲ ਸੀ, ਜੋ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਦਸਮ ਪਿਤਾ ਦੇ ਸਮੇਂ ਤੱਕ ਦੀਵਾਨ ਦੀ ਪਦਵੀ ’ਤੇ ਰਿਹਾ ਸੀ।

ਗੁਰੂ ਕੀਆਂ ਸਾਖੀਆਂ ਵਿਚ ਧਰਮ ਚੰਦ ਦੀਵਾਨ ਬਾਰੇ ਲਿਖਿਆ ਹੈ – ‘ਸੰਮਤ 1751 ਫਲਗੁਨ ਸੁਦੀ ਸੱਤੇਂ

---

[1] ਭਾਈ ਸੰਤੋਖ ਸਿੰਘ , ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤ 6, ਅੰਸੂ 44.

[2] ਰੂਪ ਸਿੰਘ (ਸੰਪਾ.), ਦਸਮੇਸ਼ ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ: ਜੀਵਨ ਦਰਸ਼ਨ, 564.

ਕੇ ਦਿਵਸ ਦੀਵਾਨ ਧਰਮ ਚੰਦ ਛਿੱਬਰ ਕੇ ਪਿਤਾ ਸ੍ਰੀ ਦਰਘਾ ਮੱਲ ਜੀ ਗੁਰਪੁਰੀ ਪਧਾਰ ਗਏ। ਇਹ ਖਸ਼ਟਮ (ਛੇਵੇਂ) ਸਤਿਗੁਰੂ ਦੇ ਸਮੇਂ ਤੋਂ ਲੈ ਕੇ ਦਸਮ ਗੁਰੂ ਜੀ ਕੇ ਕੁਝ ਸਮੇਂ ਦੀਵਾਨਗੀ ਦੀ ਪਦਵੀ 'ਤੇ ਰਹੇ ਸੀ। ਉਮਰ ਵਡੇਰੀ ਹੋਨੇ ਕਰਕੇ ਸੰਮਤ ਸਤਰਾਂ ਸੈ ਤੇਤੀਸ ਵੈਸਾਖੀ ਕੇ ਦਿਵਸ ਤੇ ਇਨ ਕੇ ਵਡੇ ਬੇਟੇ ਸ੍ਰੀ ਧਰਮ ਚੰਦ ਕੋ ਦੀਵਾਨਗੀ ਕੀ ਪਦਵੀ 'ਤੇ ਨਿਯਤ ਕੀਤਾ ਗਿਆ ਸੀ।'[1]

**ਧੀਰ ਸਿੰਘ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ। ਇਹ ਦੋ ਭਰਾ ਸਨ, ਵੱਡਾ ਭਰਾ ਭਾਈ ਬੀਰ ਸਿੰਘ ਸੀ। ਇਹ ਦੋਵੇਂ ਬਾਬਾ ਦੀਪ ਸਿੰਘ ਦੇ ਸਾਥੀ ਵੀ ਸਨ। ਬੀਰ ਸਿੰਘ ਅਤੇ ਧੀਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਛੱਡਣ ਵੇਲੇ ਨਾਲ ਸਨ, ਪਰ ਸਰਸਾ ਨਦੀ ਕੰਡੇ ਹੋਏ ਘਮਸਾਨ ਦੇ ਜੰਗ ਵਿਚ ਗੁਰੂ ਸਾਹਿਬ ਤੋਂ ਵਿੱਛੜ ਗਏ ਸਨ। ਗੁਰੂ ਸਾਹਿਬ ਦੀ ਭਾਲ ਵਿਚ ਇਹ ਦਮਦਮੇ (ਸਾਬ੍ਹੋ ਕੀ ਤਲਵੰਡੀ) ਪਹੁੰਚ ਗਏ ਸਨ। ਇਸ ਅਸਥਾਨ 'ਤੇ ਗੁਰੂ ਸਾਹਿਬ ਨੇ ਇਨ੍ਹਾਂ ਉੱਤੇ ਬੰਦੂਕ ਦੀ ਗੋਲੀ ਦਾ ਨਿਸ਼ਾਨਾ ਪਰਖਿਆ ਸੀ। ਇਥੇ ਦਾ ਭਾਈ ਡੱਲਾ ਜੋ ਗੁਰੂ ਸਾਹਿਬ ਦਾ ਸ਼ਰਧਾਲੂ ਸਿੱਖ ਸੀ। ਉਸ ਨੇ ਚਮਕੌਰ ਦੀ ਜੰਗ ਬਾਰੇ ਗੁਰੂ ਸਾਹਿਬ ਨੂੰ ਕਿਹਾ ਕਿ ਜੇਕਰ ਤੁਸੀਂ ਮੈਨੂੰ ਸੁਨੇਹਾ ਭੇਜ ਦਿੰਦੇ ਤਾਂ ਜੰਗ ਵਿਚ ਇੰਨਾ ਨੁਕਸਾਨ ਨਹੀਂ ਹੋਣਾ ਸੀ। ਉਸ ਨੇ ਆਪਣੀ ਫ਼ੌਜ ਦੇ ਜੋਧਿਆਂ ਦੀ ਬੜੀ ਤਾਰੀਫ਼ ਕੀਤੀ। ਇਸ ਸਮੇਂ ਗੁਰੂ ਜੀ ਦੀ ਹਜ਼ੂਰੀ ਵਿਚ ਇਕ ਕਾਰੀਗਰ ਸਿੱਖ ਨੇ ਨਵੀਂ ਬੰਦੂਕ ਲਿਆ ਕੇ ਗੁਰੂ ਸਾਹਿਬ ਨੂੰ ਭੇਟ ਕੀਤੀ। ਗੁਰੂ ਸਾਹਿਬ ਨੇ ਡੱਲ੍ਹੇ ਨੂੰ ਕਿਹਾ ਕਿ ਤੁਸੀਂ ਕੋਈ ਆਪਣਾ ਸੂਰਬੀਰ ਯੋਧਾ ਲਿਆਓ ਜਿਸ ਦੀ ਛਾਤੀ ਵਿਚ ਬੰਦੂਕ ਦਾ ਨਿਸ਼ਾਨਾ ਪਰਖੀਏ। ਇਹ ਸੁਣ ਕੇ ਡੱਲ੍ਹੇ ਚੌਧਰੀ ਦੇ ਯੋਧੇ ਇਧਰ-ਉਧਰ ਖਿਸਕਣ ਲੱਗੇ। ਡੱਲ੍ਹਾ ਵੀ ਘਬਰਾ ਗਿਆ ਕਿ ਗੁਰੂ ਸਾਹਿਬ ਕਿਤੇ ਮੇਰੇ 'ਤੇ ਹੀ ਬੰਦੂਕ ਨਾ ਪਰਖਣ ਲਗ ਪੈਣ। ਗੁਰੂ ਜੀ ਡੱਲ੍ਹੇ ਦੀ ਘਬਰਾਹਟ ਵਾਚ ਗਏ। ਇਸ ਨੂੰ ਸਿੱਖਾਂ ਦਾ ਸਿਦਕ ਵਿਖਾਉਣ ਲਈ ਗੁਰੂ ਸਾਹਿਬ ਨੇ ਬੁਲੰਦ ਆਵਾਜ਼ ਵਿਚ ਸਿਦਕੀ ਸਿੱਖਾਂ ਨੂੰ ਵੰਗਾਰਿਆ ਕਿ ਤੁਹਾਡੇ ਵਿਚੋਂ ਕੋਈ ਅਜਿਹਾ ਸਿਦਕਵਾਨ ਸਿੱਖ ਆਵੇ, ਜਿਸ ਦੀ ਛਾਤੀ ਵਿਚ ਗੋਲੀ ਮਾਰ ਕੇ ਅਸੀਂ ਬੰਦੂਕ ਦੀ ਅਹਿਮੀਅਤ ਨੂੰ ਪਰਖੀਏ। ਗੁਰੂ ਸਾਹਿਬ ਦੇ ਕਹਿਣ ਦੀ ਦੇਰ ਸੀ ਕਿ ਭਾਈ ਬੀਰ ਸਿੰਘ ਤੇ ਧੀਰ ਸਿੰਘ, ਜੋ ਉਸ ਸਮੇਂ ਦਸਤਾਰ ਸਜਾ ਰਹੇ ਸਨ, ਬੜੇ ਉਤਸ਼ਾਹ ਤੇ ਜੋਸ਼ ਨਾਲ ਅੱਗੇ

---

[1] ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 103.

ਵਧੇ ਤੇ ਆਪਸ ਵਿਚ ਝਗੜਦੇ ਹੋਏ ਗੁਰੂ ਜੀ ਨੂੰ ਕਹਿਣ ਲੱਗੇ, ਸੱਚੇ ਪਾਤਸ਼ਾਹ! ਹਜ਼ੂਰ ਦੇ ਹੱਥੋਂ ਇਸ ਬੰਦੂਕ ਦੀ ਗੋਲੀ ਨਾਲ ਪਹਿਲਾਂ ਸ਼ਹੀਦ ਹੋਣ ਦਾ ਮਾਣ ਮੈਨੂੰ ਪ੍ਰਦਾਨ ਕੀਤਾ ਜਾਵੇ। ਫੇਰ ਧੀਰ ਸਿੰਘ ਕਹਿਣ ਲੱਗਾ ਕਿ, ਸੱਚੇ ਪਾਤਸ਼ਾਹ! ਹੁਣ ਇਸ ਗੋਲੀ ਨਾਲ ਸ਼ਹੀਦ ਹੋਣ ਦਾ ਹੱਕ ਸਭ ਤੋਂ ਪਹਿਲਾਂ ਮੇਰਾ ਹੈ, ਕਿਉਂਕਿ ਮੈਂ ਉਮਰ ਵਿਚ ਛੋਟਾ ਹਾਂ। ਇਨ੍ਹਾਂ ਤੋਂ ਕੋਈ ਹੋਰ ਸੇਵਾ ਲੈ ਲਵੋ। ਸਾਰੀ ਸੰਗਤ ਦੋਨਾਂ ਭਰਾਵਾਂ ਦੇ ਸਿਦਕ ਨੂੰ ਵੇਖ ਕੇ ਹੈਰਾਨ ਸੀ। ਤਦ ਗੁਰੂ ਸਾਹਿਬ ਨੇ ਕਿਹਾ ਕਿ ਇਨ੍ਹਾਂ ਸਿਦਕਵਾਨ ਸਿੱਖਾਂ ਦੇ ਸਦਕੇ ਹੀ ਪਾਉਂਟਾ ਸਾਹਿਬ, ਨਦੌਣ, ਅਨੰਦਪੁਰ, ਚਮਕੌਰ ਅਤੇ ਮੁਕਤਸਰ ਦੇ ਜੰਗ ਲੜੇ ਸਨ ਤੇ ਹੁਣ ਅੱਗੋਂ ਵੀ ਇਨ੍ਹਾਂ ਗੁਰੂ ਪਿਆਰੇ ਸਿੰਘਾਂ ਸਦਕੇ ਗੁਰੂ ਪੰਥ ਦੀ ਹਰ ਮੈਦਾਨ ਫਤਹਿ ਹੋਵੇਗੀ ਤੇ ਤੇਰੇ ਇਹ ਬਰਾੜ ਯੋਧੇ ਜੋ ਆਪਾ ਵਾਰਨ ਤੋਂ ਝਿਜਕਦੇ ਹਨ, ਧਰਮ ਯੁੱਧਾਂ ਵਿਚ ਸਾਡੇ ਕਿਸੇ ਕੰਮ ਨਹੀਂ ਆ ਸਕਦੇ। ਇਹ ਬਚਨ ਕਹਿ ਕੇ ਗੁਰੂ ਸਾਹਿਬ ਨੇ ਉਹ ਬੰਦੂਕ ਜਰਾ ਉਚੇਰੀ ਸਿਸਤ ਬੰਨ੍ਹ ਕੇ ਚਲਾ ਦਿੱਤੀ। ਉਹ ਦੋਵੇਂ ਸਿਦਕੀ ਭਰਾ ਛਾਤੀਆਂ ਤਾਣ ਕੇ ਸਾਹਮਣੇ ਅਡੋਲ ਖੜ੍ਹੇ ਰਹੇ। ਇਸ ਤਰ੍ਹਾਂ ਗੁਰੂ ਜੀ ਨੇ ਡੱਲ੍ਹੇ ਦਾ ਮਾਣ ਤੋੜਿਆ। ਗੁਰੂ ਸਾਹਿਬ ਨੇ ਸ਼ਾਬਾਸ਼ ਕਹਿ ਕੇ ਥਾਪੀ ਦੇ ਕੇ ਦੋਹਾਂ ਸਿੰਘਾਂ ਨੂੰ ਆਸ਼ੀਰਵਾਦ ਦੇ ਕੇ ਆਪਣੇ ਡੇਰੇ ਵਿਚ ਭੇਜ ਦਿੱਤਾ।[1]

**ਨੌਰੰਗ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹਜ਼ੂਰੀ ਸੇਵਕ, ਜੋ ਇਕ ਮਹਾਨ ਯੋਧਾ ਵੀ ਸੀ।[2]

**ਨੰਦ ਚੰਦ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਦੀਵਾਨ ਸਿੱਖ ਸੀ। ਨੰਦ ਚੰਦ ਡਰੌਲੀ ਦੇ ਨਿਵਾਸੀ ਉਮਰ ਸ਼ਾਹ ਦਾ ਪੋਤਾ ਸੀ, ਜੋ ਡਰੌਲੀ ਦਾ ਮਸੰਦ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਨੂੰ ਆਪਣਾ ਦੀਵਾਨ ਅਤੇ ਸੈਨਾਨੀ ਥਾਪਿਆ ਹੋਇਆ ਸੀ। ਇਸ ਨੇ ਭੰਗਾਣੀ ਦੇ ਯੁੱਧ ਵਿੱਚ ਵੱਡੀ ਵੀਰਤਾ ਦਿਖਾਈ, ਜਿਸ ਦਾ ਜ਼ਿਕਰ *ਬਚਿਤ੍ਰ ਨਾਟਕ* ਦੇ 8 ਵੇਂ ਅਧਿਆਇ ਵਿੱਚ ਕੀਤਾ ਮਿਲਦਾ ਹੈ -

ਤਹਾਂ ਨੰਦ ਚੰਦੰ ਕੀਯੋ ਕੋਪੁ ਭਾਰੋ। ਲਗਾਈ ਬੱਰਛੀ ਕ੍ਰਿਪਾਣੰ ਸੱਭਾਰੋ।

ਤੁਟੀ ਤੇਗ ਤ੍ਰਿੱਖੀ ਕਢੇ ਜੰਮਦੱਢੰ। ਹਠੀ ਰਾਖਿਯੰ ਲੱਜ ਬੰਸੰ ਸਨੱਢੰ।[3]

---

1 ਜਸਵੰਤ ਸਿੰਘ, ਗੁਰੂ ਕੇ ਬੇਟੇ, ਪੰਨੇ 479-80.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 722.

3 ਸ਼ਬਦਾਰਥ ਦਸਮ ਗ੍ਰੰਥ (ਪੋਥੀ ਪਹਿਲੀ), ਪੰਨਾ 77.

*ਮਹਾਨ ਕੋਸ਼* ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਦਸਮੇਸ਼ ਜੀ ਦੇ ਵੇਲੇ ਤੱਕ ਜੋ ਨਕਲ (ਉਤਾਰਾ) ਸ੍ਰੀ ਆਦਿ ਗ੍ਰੰਥ ਸਾਹਿਬ ਦੀ ਕੀਤੀ ਜਾਂਦੀ ਸੀ, ਉਹ ਦਸਤਖ਼ਤਾਂ ਲਈ ਲਿਆ ਕੇ, ਸਿੱਖ ਸਤਿਗੁਰਾਂ ਦੇ ਪੇਸ਼ ਕਰਦੇ ਸਨ। ਇੱਕ ਵੇਰ ਉਦਾਸੀ ਸਾਧੂ ਗ੍ਰੰਥ ਸਾਹਿਬ ਲਿਖ ਕੇ ਕਲਗੀਧਰ ਦੇ ਦਸਤਖ਼ਤ ਲਈ ਅਨੰਦਪੁਰ ਲਿਆਏ। ਨੰਦਚੰਦ ਨੇ ਇਹ ਉਤਾਰਾ ਘਰ ਰੱਖ ਲਿਆ ਅਤੇ ਉਦਾਸੀਆਂ ਨੂੰ ਵਾਪਿਸ ਦੇਣੋਂ ਇਨਕਾਰ ਕਰ ਦਿੱਤਾ, ਜਦ ਉਦਾਸੀ ਸਾਧਾਂ ਨੇ ਦਸਮੇਸ਼ ਪਾਸ ਸ਼ਿਕਾਇਤ ਕੀਤੀ, ਤਦ ਨੰਦ ਚੰਦ ਡਰਦਾ ਮਾਰਿਆ ਅਨੰਦਪੁਰੋਂ ਚੋਰੀ ਨੱਠ ਕੇ ਧੀਰਮੱਲ ਪਾਸ ਕਰਤਾਰਪੁਰ ਚਲਾ ਗਿਆ। ਉਸ ਨੇ ਦਸਮੇਸ਼ ਦਾ ਜਾਸੂਸ ਸਮਝਕੇ ਮਰਵਾ ਦਿੱਤਾ। ਨੰਦਚੰਦ ਦਾ ਸਸਕਾਰ ਕਾਲੇ ਸੰਙਾ ਹੋਇਆ।[1]

**ਪਹਿਲ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਦਕੀ ਸਿੱਖ। ਪਹਿਲ ਸਿੰਘ ਮੇਲੇ ਸੁਨਿਆਰ ਦਾ ਪੁੱਤਰ ਸੀ, ਜੋ ਸਰਹਿੰਦ ਰਹਿੰਦਾ ਸੀ। ਇੱਕ ਵਾਰ ਇਹ ਦਸਮੇਸ਼ ਦੀ ਸੇਵਾ ਵਿੱਚ ਅਨੰਦਪੁਰ ਹਾਜ਼ਿਰ ਹੋਇਆ ਅਤੇ ਕੁਝ ਸੋਨੇ ਦਾ ਸਮਾਨ ਇਸ ਨੂੰ ਬਣਾਉਣ ਲਈ ਦਿੱਤਾ ਗਿਆ, ਜਿਸ ਵਿੱਚੋਂ ਇਸ ਨੇ ਚੋਰੀ ਕੀਤੀ, ਸਤਿਗੁਰੂ ਨੇ ਇਸ ਨੂੰ ਉਪਦੇਸ਼ ਦੇ ਕੇ ਕੁਕਰਮ ਤੋਂ ਵਰਜਿਆ ਤੇ ਸੱਚਾ ਵਿਹਾਰ ਕਰਨ ਦੀ ਸਿਖਿਆ ਦਿੱਤੀ ਅਤੇ ਖੰਡੇ ਦਾ ਅੰਮ੍ਰਿਤ ਛਕਾਇਆ।[2]

ਪਹਿਲ ਸਿੰਘ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤੇ ਇਸ ਦੀ ਕਾਇਆ ਪਲਟ ਗਈ। ਫਿਰ ਕਈ ਧਰਮ-ਯੁੱਧਾਂ ਵਿੱਚ ਇਸ ਨੇ ਸਿੰਘਾਂ ਦਾ ਸਾਥ ਦਿੱਤਾ।[3]

**ਬਿਨੋਦ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਦਕੀ ਸਿੱਖ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਨੂੰ ਦਸਮੇਸ਼ ਦਾ ਹਜ਼ੂਰੀ ਤੇਹਣ ਸਾਹਿਬਜ਼ਾਦਾ ਲਿਖਿਆ ਹੈ, ਜਿਸ ਨੂੰ ਦਸਮੇਸ਼ ਨੇ ਅਬਿਚਲ ਨਗਰ ਤੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਲਈ ਪੰਜਾਬ ਭੇਜਿਆ ਸੀ ਅਤੇ ਇਸ ਧਰਮਵੀਰ ਨੇ ਪੰਥ ਦੇ ਨਾਲ ਹੋ ਕੇ ਬਹੁਤ ਜੰਗ ਜਿੱਤੇ।[4]

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 722.

2 *ਉਹੀ,* ਪੰਨਾ 729.

3 ਰਘਬੀਰ ਸਿੰਘ ਅਨੰਦਪੁਰੀ, ਪਿਤਾ ਦਸ਼ਮੇਸ਼ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ, ਪੰਨਾ 176.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 872.

ਜਦੋਂ ਤੱਕ ਆਪ ਬੰਦਾ ਬਹਾਦਰ ਦੇ ਸਲਾਹਕਾਰ ਰਹੇ ਉਹ ਕਿਸੀ ਮੋਰਚੇ ’ਤੇ ਨਹੀਂ ਹਾਰੇ। ਮਾਤਾ ਸੁੰਦਰੀ ਜੀ ਦੀ ਆਪ ’ਤੇ ਬੜੀ ਬਖਸ਼ਿਸ ਸੀ। ਬਾਬਾ ਬਿਨੋਦ ਸਿੰਘ ਇੱਕ ਚਤੁਰ ਅਤੇ ਨਿਧੱੜਕ ਜਰਨੈਲ ਸਨ। ਜਦੋਂ ਬੰਦਾ ਸਿੰਘ ਬਹਾਦਰ ਨੂੰ ਮੁਗ਼ਲ ਫ਼ੌਜ ਨੇ ਗੁਰਦਾਸ ਨੰਗਲ ਵਿਖੇ ਭਾਈ ਦੁਨੀ ਚੰਦ ਦੀ ਗੜ੍ਹੀ ਵਿੱਚ ਘੇਰਿਆ ਹੋਇਆ ਸੀ ਤਾਂ ਆਪ ਕਈ ਵਾਰ ਗੜ੍ਹੀ ਵਿੱਚੋਂ ਚਲੇ ਜਾਂਦੇ। ਆਪ ਇੰਨੀ ਫੁਰਤੀ ਨਾਲ ਕਾਰਵਾਈ ਕਰਦੇ ਕਿ ਸ਼ਾਹੀ ਲਸ਼ਕਰ ਦੇਖਦਾ ਹੀ ਰਹਿ ਜਾਂਦਾ। ਮੁਗ਼ਲਾਂ ਨੇ ਬੜੇ ਯਤਨ ਕੀਤੇ ਪਰ ਉਹ ਇਨ੍ਹਾਂ ਨੂੰ ਫੜ ਨਾ ਸਕੇ। ਬਾਅਦ ਵਿਚ ਬਿਨੋਦ ਸਿੰਘ ਤੇ ਬੰਦਾ ਸਿੰਘ ਬਹਾਦਰ ਵਿਚਕਾਰ ਮਤਭੇਦ ਹੋ ਗਿਆ। ਆਪ ਚਾਹੁੰਦੇ ਸਨ ਕਿ ਗੜ੍ਹੀ ਖਾਲੀ ਕਰ ਕੇ ਕਿਸੀ ਹੋਰ ਥਾਂ ਦੁਸ਼ਮਣ ਨਾਲ ਲੜਿਆ ਜਾਵੇ, ਪ੍ਰੰਤੂ ਬੰਦਾ ਸਿੰਘ ਬਹਾਦਰ ਇੱਥੇ ਹੀ ਰਹਿਣਾ ਉਚਿਤ ਸਮਝਦੇ ਸਨ। ਅੰਤ ਝਗੜਾ ਵੱਧ ਗਿਆ ਤਾਂ ਬਾਬਾ ਜੀ ਦੇ ਪੁੱਤਰ ਨਾਹਰ ਸਿੰਘ ਨੇ ਵਿਚ ਪੈ ਕੇ ਉਨ੍ਹਾਂ ਦੀ ਸੁਲ੍ਹਾ ਕਰਵਾਈ। ਬਿਨੋਦ ਸਿੰਘ ਗੜ੍ਹੀ ਛੱਡ ਗਏ ਤੇ ਦੁਸ਼ਮਣ ਨੂੰ ਚੀਰਦੇ ਹੋਏ ਦੂਰ ਨਿਕਲ ਗਏ ਅਤੇ ਹਾਲਾਤ ਅਨੁਸਾਰ ਪੰਥ ਦੀ ਸੇਵਾ ਕਰਦੇ ਰਹੇ।[1] ਸ੍ਰੀਮਤੀ ਰਜਿੰਦਰ ਕੌਰ ਆਪਣੇ ਖੋਜ ਪ੍ਰਬੰਧ ਵਿਚ ਬਾਬਾ ਬਿਨੋਦ ਸਿੰਘ ਬਾਰੇ ਜ਼ਿਕਰ ਕਰਦੀ ਹੈ ਕਿ ਇਹ ਗੁਰੂ ਅੰਗਦ ਦੇਵ ਜੀ ਦੀ ਸਤਵੀਂ ਪੁਸਤ ਵਿਚੋਂ ਸਨ ਅਤੇ ਗੁਰੂ ਗੋਬਿੰਦ ਸਿੰਘ ਦੇ ਨਿਕਟਵਰਤੀ ਸ਼ਰਧਾਲੂ ਸਿੱਖ ਸਨ। ਜਦੋਂ ਗੁਰੂ ਗੋਬਿੰਦ ਸਿੰਘ ਦੱਖਣ ਵੱਲ ਗਏ ਤਾਂ ਆਪ ਗੁਰੂ ਸਾਹਿਬ ਦੇ ਨਾਲ ਸਨ। ਇਨ੍ਹਾਂ ਦੀ ਸ਼ਹੀਦੀ ਬਾਰੇ ਵੀ ਜ਼ਿਕਰ ਕੀਤਾ ਹੈ ਕਿ ਬਾਬਾ ਬਿਨੋਦ ਸਿੰਘ ਖ਼ਾਲਸੇ ਦੀ ਅਗਵਾਈ ਕਰਦੇ ਹੋਏ 1721 ਈ. ਵਿਚ ਸ਼ਹੀਦ ਹੋਏ, ਇਨ੍ਹਾਂ ਦਾ ਅੰਗੀਠਾ ਸਿਆਲਕੋਟ, ਬਾਬੇ ਦੀ ਬੇਰ (ਪਾਕਿਸਤਾਨ) ਵਿਖੇ ਹੈ।[2]

**ਬੀਰ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ ਸੀ। ਇਹ ਦੋ ਭਰਾ ਸਨ, ਛੋਟਾ ਭਰਾ ਭਾਈ ਧੀਰ ਸਿੰਘ ਸੀ। ਇਹ ਦੋਵੇਂ ਬਾਬਾ ਦੀਪ ਸਿੰਘ ਦੇ ਸਾਥੀ ਸਨ। ਬੀਰ ਸਿੰਘ ਅਤੇ ਧੀਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਿਦਕੀ ਸਿੱਖ ਸਨ। ਇਹ ਦੋਵੇਂ ਦਮਦਮੇ ਦੇ ਸਥਾਨ ’ਤੇ ਗੋਲੀ ਦੇ ਨਿਸ਼ਾਨੇ ਦੀ ਪ੍ਰੀਖਿਆ ਵਿਚ ਪਾਸ ਹੋਏ। ਗੁਰੂ ਸਾਹਿਬ ਨੇ ਸ਼ਾਬਾਸ਼ ਕਹਿ ਕੇ ਥਾਪੀ ਦੇ ਕੇ ਦੋਹਾਂ ਸਿੰਘਾਂ ਨੂੰ ਆਸ਼ੀਰਬਾਦ ਦੇ ਕੇ ਆਪਣੇ ਡੇਰੇ ਵਿਚ ਭੇਜ ਦਿੱਤਾ।

---

1 ਰਘਬੀਰ ਸਿੰਘ ਅਨੰਦਪੁਰੀ, ਪਿਤਾ ਦਸ਼ਮੇਸ਼ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ, ਪੰਨਾ 165.

2 ਰਜਿੰਦਰ ਕੌਰ, ਨਿਹੰਗ ਸਿੰਘ ਸੰਸਥਾ : ਆਰੰਭ, ਵਿਕਾਸ ਤੇ ਯੋਗਦਾਨ, ਪੰਨੇ 263, 265.

ਇਨ੍ਹਾਂ ਦੇ ਨਾਂ 'ਤੇ ਦਮਦਮੇ ਵਿਖੇ ਗੁਰਦੁਆਰਾ ਸਾਹਿਬ ਸ਼ਸੋਭਿਤ ਹੈ।[1]

**ਬੇਗ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸੈਨਿਕ ਜੋਧਾ ਸਿੱਖ। ਇਹ ਜੰਬਰ ਗੋਤ ਦਾ ਮਘਿਆਣੇ ਦਾ ਵਸਨੀਕ ਸੀ। ਇਸ ਨੇ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕਿਆ। ਇਸ ਧਰਮਵੀਰ ਨੇ ਅਨੇਕਾਂ ਜੰਗਾਂ ਵਿੱਚ ਸੇਵਾ ਕੀਤੀ।[2]

**ਭਾਗਣ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਸ਼ਰਧਾਲੂ ਸਿੱਖਣੀ। ਬੀਬੀ ਭਾਗਣ ਆਗਰਾ ਦੀ ਨਿਵਾਸੀ ਇੱਕ ਸ਼ਰਧਾਲੂ ਸਿੱਖਣੀ ਸੀ। ਇਹ ਅਨੰਦਪੁਰ ਦਸਮੇਸ਼ ਜੀ ਦੇ ਦਰਸ਼ਨ ਕਰਨ ਲਈ ਆਈ ਸੀ। ਬੀਬੀ ਭਾਗਣ ਨੇ ਆਪਣੀ ਸੰਤਾਨ ਨੂੰ ਕਦੀ ਫਿਟਕਾਰ ਨਹੀਂ ਪਾਈ ਸੀ, ਇਸ ਪੁਰ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਸਨ।[3]

**ਭੰਡਾਰਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹਜ਼ੂਰੀ ਸਿੱਖ ਸੀ। ਇਹ ਸਰਹਿੰਦ ਨਿਵਾਸੀ ਇਕ ਬਾਣੀਆ ਸੀ, ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕਿਆ। ਇਸ ਧਰਮਵੀਰ ਨੇ ਅਨੰਦਪੁਰ ਦੇ ਜੰਗ ਵਿੱਚ ਭਾਰੀ ਵੀਰਤਾ ਦਿਖਾਈ।[4] ਕਵੀ ਸੰਤੋਖ ਸਿੰਘ ਨੇ ਇਸ ਦਾ ਜ਼ਿਕਰ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਇਸ ਤਰ੍ਹਾਂ ਕੀਤਾ ਹੈ –

ਭੰਡਾਰਾ ਸਿੰਘ ਸਿੰਘ ਹਜ਼ਾਰਾ।
ਦਰਬਾਰਾ ਸਿੰਘ ਤ੍ਰਿਤੀਆ ਉਚਾਰਾ।
ਸੀਰੰਦ ਕੇ ਵਾਸੀ ਸਿਖ ਬਨੀਏ'।[5]

ਇਹ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਗਿਆ ਤੇ ਅਨਿੰਨ ਸਿੱਖ ਬਣ ਗਿਆ। ਅਨੰਦਪੁਰ ਦੇ ਕਈ ਜੰਗਾਂ ਤੋਂ ਇਲਾਵਾ ਸਰਹਿੰਦ ਵਿਚ ਵੀ ਸਿੰਘਾਂ ਦਾ ਸਾਥ ਦਿੱਤਾ ਤੇ ਵੀਰਤਾ ਦਿਖਾਈ।

**ਮਲਿਆਗਰ / ਮੈਲਾਗਰ ਸਿੰਘ** : ਸ੍ਰੀ ਗੁਰੂ ਗੋਬੰਦ ਸਿੰਘ ਦਾ ਇੱਕ ਅਨਿੰਨ ਸਿੱਖ। ਇਹ ਮਹਾਨ ਸੰਤੋਖੀ ਸੀ। ਮਾਲਵੇ ਦੇ ਖੇਤਰ ਵਿਚ ਜਦੋਂ ਗੁਰੂ ਸਾਹਿਬ ਲਸ਼ਕਰ ਸਮੇਤ ਕੋਟਕਪੂਰੇ ਠਹਿਰੇ ਹੋਏ ਸਨ। ਤਾਂ ਇੱਥੇ ਨੇੜਲੇ ਪਿੰਡ (ਟਿੱਬੀ ਸਾਹਿਬ) ਦੀ ਸੰਗਤ ਨੇ ਸਿੰਘਾਂ ਦੇ ਕਈ ਜਥੇ ਬਣਾ ਕੇ ਆਪਣੇ-ਆਪਣੇ ਘਰੀਂ ਪ੍ਰਸਾਦ ਛਕਾਉਣ ਲਈ ਲੈ

---

1 ਜਸਵੰਤ ਸਿੰਘ, ਗੁਰੂ ਕੇ ਬੇਟੇ, ਪੰਨਾ 479..

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 886.

3 *ਉਹੀ,* ਪੰਨਾ 911.

4 *ਉਹੀ,* ਪੰਨਾ 927.

5 ਭਾਈ ਸੰਤੋਖ ਸਿੰਘ , ਗੁਰ ਪ੍ਰਤਾਪ ਸੂਰਜ ਗ੍ਰੰਥ, ਰੁੱਤ 3, ਅੰਸੂ 20.

ਗਏ ਸਨ। ਇਕ ਗਰੀਬ ਜ਼ਿਮੀਦਾਰ ਦੇ ਘਰ ਸੁੱਕੇ ਪੀਲੂਆਂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ। ਇਸ ਜ਼ਿਮੀਦਾਰ ਨੇ ਆਪਣੀ ਸ਼ਰਧਾ ਨਾਲ ਪੀਲੂ ਉਬਾਲ ਕੇ ਸਿੱਖ ਨੂੰ ਛਕਾਏ। ਜਦੋਂ ਪ੍ਰਸਾਦ ਛਕ ਕੇ ਸਾਰੇ ਸਿੱਖ ਗੁਰੂ ਸਾਹਿਬ ਪਾਸ ਆਏ ਤਾਂ ਗੁਰੂ ਸਾਹਿਬ ਨੇ ਸਭ ਤੋਂ ਪੁੱਛਿਆ ਕਿ ਕੀ-ਕੀ ਪ੍ਰਸਾਦ ਛਕਿਆ ਹੈ? ਸਭ ਨੇ ਜੋ-ਜੋ ਛਕਿਆ ਸੀ, ਗੁਰੂ ਜੀ ਨੂੰ ਦੱਸਿਆ। ਪੀਲੂ ਛਕਣ ਵਾਲੇ ਮਲਿਆਗਰ ਸਿੰਘ ਨੇ ਆਖਿਆ ਕਿ ਮੈਂ ਤਾਂ ਛਤੀਹ ਪ੍ਰਕਾਰ ਦੇ ਭੋਜਨ ਛਕੇ ਹਨ। ਉਸ ਗਰੀਬ ਕਿਸਾਨ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਮੈਂ ਤਾਂ ਗਰੀਬ ਹਾਂ ਮੇਰੇ ਘਰ ਪੀਲੂਆਂ ਤੋਂ ਬਿਨਾਂ ਕੁਝ ਵੀ ਨਹੀਂ ਸੀ, ਮੈ ਇਸ ਸੰਤੋਖੀ ਸਿੱਖ ਨੂੰ ਪੀਲੂ ਉਬਾਲ ਕੇ ਛਕਾਏ ਤੇ ਸੇਵਾ ਕੀਤੀ ਹੈ। ਗੁਰੂ ਸਾਹਿਬ ਇਸ ਸਿੱਖ ਉਪਰ ਬਹੁਤ ਪ੍ਰਸੰਨ ਹੋਏ।[1]

**ਮਿਲਖਾ ਸਿੰਘ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਦਕੀ ਸਿੱਖ ਸੀ। ਮਿਲਖਾ ਸਿੰਘ ਅਨੰਦਪੁਰ ਛੱਡਣ ਵੇਲੇ ਪੰਜ ਸਿੰਘਾਂ ਦੇ ਨਾਲ ਸੀ। ਇਸ ਨੇ ਕਈ ਯੁੱਧਾਂ ਵਿਚ ਵੀਰਤਾ ਦਿਖਾਈ।

**ਰਣੀਆਂ (ਰਣਜੁੱਧ ਸਿੰਘ)** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ। ਭਾਈ ਰਣੀਆਂ ਵਿੱਦਿਆ ਦਾ ਗਿਆਤਾ (ਗਿਆਨਵਾਨ) ਪੁਰਸ਼ ਸੀ। ਇਸ ਨੇ ਅਨੇਕਾਂ ਪੰਡਤ, ਸਾਧੂ ਤੇ ਸੰਤ ਵੇਖੇ ਪਰ ਮਨ ਦੀ ਘਬਰਾਹਟ ਕਿਸੇ ਤੋਂ ਦੂਰ ਨਾ ਹੋਈ। ਇਹ ਪਰਮਾਤਮਾ ਨੂੰ ਮਿਲਣਾ ਚਾਹੁੰਦਾ ਸੀ। ਇਸ ਭਟਕਣਾ ਵਿਚ ਫਿਰਦਾ-ਫਿਰਦਾ ਇਹ ਅਨੰਦਪੁਰ ਆ ਗਿਆ। ਗੁਰੂ ਸਾਹਿਬ ਦੇ ਦਰਸ਼ਨ ਦੀਦਾਰ ਕਰਕੇ ਬਹੁਤ ਖੁਸ਼ ਹੋਇਆ। ਇਸ ਨੇ ਗੁਰੂ ਸਾਹਿਬ ਨੂੰ ਆਪਣੀ ਸ਼ੰਕਾ ਨਵਿਰਤੀ ਲਈ ਬੇਨਤੀ ਕੀਤੀ ਕਿ ਗੁਰੂ ਜੀ ਮੈਂ ਪਰਮਾਤਮਾ ਨੂੰ ਮਿਲਣਾ ਚਾਹੁੰਦਾ ਹਾਂ। ਗੁਰੂ ਸਾਹਿਬ ਨੇ ਇਸ ਨੂੰ ਪਾਣੀ ਅਤੇ ਪਾਰਾ ਲਿਆਉਣ ਲਈ ਕਿਹਾ। ਇਸ ਨੇ ਸੋਚਿਆ ਗੁਰੂ ਜੀ ਕੋਈ ਦਵਾਈ ਬਣਾ ਕੇ ਦੇਣਗੇ। ਇਹ ਪਾਣੀ ਅਤੇ ਪਾਰਾ ਲੈ ਆਇਆ। ਗੁਰੂ ਸਾਹਿਬ ਨੇ ਕਿਹਾ ਕਿ ਪਾਣੀ ਵਿਚ ਪਾਰਾ ਮਿਲਾ ਦਿਉ। ਪਾਰਾ ਪਾਣੀ ਵਿਚ ਨਾ ਮਿਲਿਆ, ਤਾਂ ਗੁਰੂ ਸਾਹਿਬ ਨੇ ਕਿਹਾ ਕਿ ਇਹ ਪਾਰਾ ਪਾਣੀ ਵਿਚ ਮਿਲਦਾ ਕਿਉਂ ਨਹੀਂ? ਰਣੀਏ ਨੇ ਕਿਹਾ, ਗੁਰੂ ਜੀ ਇਹ ਪਾਰਾ ਤੇ ਉਹ ਪਾਣੀ, ਇਹ ਕਿਸ ਤਰ੍ਹਾਂ ਮਿਲਣਗੇ? ਗੁਰੂ ਸਾਹਿਬ ਕਹਿੰਦੇ ਭਾਈ ਫਿਰ ਤੂੰ ਦੇਹ ਤੇ ਪਰਮਾਤਮਾ ਵਿਦੇਹ ਉਹ ਕਿਸ ਤਰ੍ਹਾਂ ਮਿਲਣਗੇ? ਰਣੀਏ ਨੇ ਕਿਹਾ, ਤਾਂ ਫਿਰ ਮੈਂ ਵਹਿਮ ਵਿਚ

---

[1] ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨੇ 45-46.

ਸੀ, ਕਿ ਪਰਮਾਤਮਾ ਨੂੰ ਮਿਲਣਾ ਹੈ। ਗੁਰੂ ਸਾਹਿਬ ਕਹਿੰਦੇ ਤੂੰ ਪਰਮਾਤਮਾ ਨੂੰ ਮਿਲ ਸਕਦਾ ਹੈਂ। ਤੂੰ ਵੀ ਵਿਦੇਹ ਹੋ ਸਕਦਾ ਹੈਂ। ਰਣੀਆਂ ਕਹਿੰਦਾ ਉਹ ਕਿਵੇਂ? ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਤੂੰ ਸੰਗਤ ਦੀ ਸੇਵਾ ਕਰਨੀ ਤੇ ਜੋ ਕਰਨਾ ਉਸ ਵਿਚ ਆਪਾ ਨਹੀਂ ਚਿਤਾਰਨਾ ਜੋ ਕੁਝ ਹੋ ਰਿਹਾ ਹੈ, ਸਮਝਣਾ ਉਹ ਪਰਮਾਤਮਾ ਕਰ ਰਿਹਾ ਹੈ। ਗੁਰੂ ਸਾਹਿਬ ਨੇ ਰਣੀਏ ਨੂੰ ਅੰਮ੍ਰਿਤ ਛਕਾ ਕੇ ਅਤੇ ਨਾਮ ਦਾਨ ਦੇ ਕੇ 'ਰਣਜੁੱਧ ਸਿੰਘ' ਕਹਿ ਕੇ ਨਿਵਾਜਿਆ। ਇਸ ਨੇ ਗੁਰੂ ਸਾਹਿਬ ਅਤੇ ਸੰਗਤ ਦੀ ਬਹੁਤ ਸੇਵਾ ਕੀਤੀ।[1]

**ਰਾਮ ਸਿੰਘ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰੇਮੀ ਇਕ ਰਾਜਪੂਤ ਸਿੱਖ, ਜੋ ਕਿ ਗੜ੍ਹ ਚਿਰੋਲੀ (ਜਿਲ੍ਹਾ ਚਾਂਦਾ) ਦਾ ਰਹਿਣ ਵਾਲਾ ਸੀ। ਇਸ ਨੇ ਭੰਗਾਣੀ ਦੇ ਯੁੱਧ ਵਿਚ ਲੋਹੇ ਨਾਲ ਮੜ੍ਹ ਕੇ ਲੱਕੜ ਦੀ ਇਕ ਤੋਪ ਤਿਆਰ ਕੀਤੀ ਸੀ।[2]

**ਰਾਮ ਸਿੰਘ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਸਿਕਲੀਗਰ ਹਜ਼ੂਰੀ ਸਿੱਖ। ਇਹ ਗੁਰੂ ਸਾਹਿਬ ਦੇ ਸਿਲਾਹਖਾਨੇ ਵਿਚ ਸੇਵਾ ਕਰਿਆ ਕਰਦਾ ਸੀ। ਮਾਰਵਾੜੀਆਂ (ਪੰਜ ਪਿਆਰਿਆਂ) ਪਿੱਛੋਂ ਸਭ ਤੋਂ ਪਹਿਲਾਂ ਇਸ ਸਿੱਖ ਨੇ ਅੰਮ੍ਰਿਤ ਛਕਿਆ ਸੀ।[3]

**ਰਾਮ ਕੁਇਰ / ਗੁਰਬਖਸ਼ ਸਿੰਘ :** ਇਹ ਸ੍ਰੀ ਗੁਰੂ ਗੋਬਿੰਦ ਜੀ ਦਾ ਹਜ਼ੂਰੀ ਸਿੱਖ ਸੀ, ਜੋ ਕਿ ਬਾਬਾ ਬੁੱਢਾ ਜੀ ਬੰਸ ਵਿਚੋਂ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਨੇ ਗੋਬਿੰਦ ਰਾਇ ਨੂੰ ਗੁਰਿਆਈ ਬਖ਼ਸ਼ੀ ਤਾਂ ਗੁਰਿਆਈ ਦਾ ਤਿਲਕ ਨੰਨ੍ਹੀ ਅਵਸਥਾ ਵਿਚ ਭਾਈ ਰਾਮ ਕੁਇਰ ਨੇ ਲਾਇਆ ਸੀ।[4] ਪਰ *ਬੰਸਾਵਲੀਨਾਮੇ* ਅਨੁਸਾਰ ਸ੍ਰੀ ਗੋਬਿੰਦ ਰਾਇ ਨੂੰ ਗੁਰਿਆਈ ਦੇਣ ਸਮੇਂ ਤਿਲਕ ਦੀ ਰਸਮ ਇਕ ਦੇਵੀਦਿਤਾ ਬ੍ਰਾਹਮਣ ਨੇ ਨਿਭਾਈ ਸੀ।[5] ਭਾਈ ਰਾਮ ਕੁਇਰ ਨੇ ਬਾਅਦ ਵਿਚ ਖੰਡੇ ਦੀ ਪਾਹੁਲ ਲਈ ਤੇ ਨਾਮ ਰਾਮ ਕੁਇਰ ਤੋਂ ਗੁਰਬਖ਼ਸ਼ ਸਿੰਘ ਰੱਖਿਆ ਗਿਆ। ਇਹ ਗੁਰੂ

---

1 ਖਾਲਸਾ ਟ੍ਰੈਕਟ ਸੁਸਾਇਟੀ, ਗੁਰਸਿੱਖ ਵਾੜੀ, ਪੰਨੇ 218-221.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1033.

3 *ਉਹੀ,* ਪੰਨੇ 881, 1033.

4 ਭਾਈ ਸ੍ਵਰੂਪ ਸਿੰਘ ਕੌਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ, ਗਿਆਨੀ ਗਰਜਾ ਸਿੰਘ, ਪੰਨਾ 72.

5 ਕੇਸਰ ਸਿੰਘ ਛਿੱਬਰ, ਬੰਸਾਲਵਨਾਮਾ ਦਸਾਂ ਪਾਤਸ਼ਾਹੀਆਂ ਕਾ, ਸੰਪਾ. ਰਤਨ ਸਿੰਘ ਜੱਗੀ, ਪੰਨਾ 101.

ਸਾਹਿਬ ਨੂੰ ਭਾਈ ਮਨੀ ਸਿੰਘ ਦੇ ਨਾਲ ਮਾਲਵੇ ਵਿਚ ਦਮਦਮੇ ਦੇ ਸਥਾਨ ’ਤੇ ਜਾ ਕੇ ਮਿਲਿਆ।[1] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਰਾਮ ਕੁਇਰ ਦਾ ਜਨਮ 1729 ਬਿ. ਨੂੰ ਰਮਦਾਸ ਵਿਖੇ ਭਾਈ ਗੁਰਦਿਤੇ ਦੇ ਘਰ ਹੋਇਆ ਤੇ ਦਿਹਾਂਤ ਇਕ ਸਾਵਣ 1818 ਬਿ. ਵਿਚ ਰਮਦਾਸ ਹੀ ਹੋਇਆ।[2]

**ਲੱਖਾ ਸਿੰਘ** : ਸ੍ਰੀ ਦਸਮੇਸ਼ ਦਾ ਹਜ਼ੂਰੀ ਸਿੱਖ। ਇਹ ਕਦੇ-ਕਦੇ ਸ੍ਰੀ ਦਸਮੇਸ਼ ਦੀ ਅੜਦਲ ਵਿੱਚ ਨਿਸ਼ਾਨ ਲੈ ਕੇ ਵੀ ਚਲਦਾ ਹੁੰਦਾ ਸੀ। ਦਸਮੇਸ਼ ਪੁਰ ਵਾਰ ਕਰਨ ਵਾਲੇ ਗੁਲਖ਼ਾਨ ਦੇ ਭਾਈ ਅਤਾਉੱਲਾਖ਼ਾਨ ਨੂੰ ਇਸੇ ਨੇ ਅਬਿਚਲ ਨਗਰ ਕਤਲ ਕੀਤਾ ਸੀ।[3] *ਗੁਰੂ ਕੀਆਂ ਸਾਖੀਆਂ* ਵਿਚ ਪਠਾਣਾਂ ਦੇ ਨਾਮ ਬਾਸ਼ਲ ਬੇਗ ਅਤੇ ਜਮਸੈਦ ਖ਼ਾਂ ਲਿਖਿਆ ਹੈ। ਲੱਖਾ ਸਿੰਘ ਪਹਿਰੇ ਉੱਪਰ ਤਾਇਨਾਤ ਸੀ। ਗੁਰੂ ਸਾਹਿਬ ’ਤੇ ਵਾਰ ਕਰਨ ਵਾਲਾ ਜਮਸੈਦ ਖ਼ਾਂ ਸੀ। ਇਸ ਨੂੰ ਲੱਖਾ ਸਿੰਘ ਨੇ ਆਪਣੀ ਕ੍ਰਿਪਾਨ ਦੇ ਇਕੋ ਵਾਰ ਨਾਲ ਦੋਫਾੜ ਕਰ ਦਿੱਤਾ ਤੇ ਦੂਜਾ ਪਠਾਣ ਹਨ੍ਹੇਰੇ ਦਾ ਫਾਇਦਾ ਉਠਾ ਕੇ ਭੱਜ ਨਿਕਲਿਆ ਸੀ।[4]

**ਲਾਹੌਰਾ ਸਿੰਘ** : ਇਹ ਦਸਮੇਸ਼ ਦੇ ਸਾਹਿਬਜ਼ਾਦਿਆਂ ਦਾ ਖਿਡਾਵਾ ਸੀ। ਇਸ ਨੇ ਭਾਈ ਮਾਲਾ ਸਿੰਘ ਤੋਂ ਸੌ ਰੁਪਯਾ ਉਧਾਰ (ਕਰਜ) ਲਿਆ। ਜਦੋਂ ਮਾਲਾ ਸਿੰਘ ਨੇ ਬਾਰ-ਬਾਰ ਮੰਗਿਆ ਤਾਂ ਲਾਹੌਰਾ ਸਿੰਘ ਨੇ ਕਿਹਾ – ‘ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ।' ਦਸਮੇਸ਼ ਦੇ ਮਹਿਲਾਂ ਪਾਸ ਹੀ ਇਸ ਦਾ ਘਰ ਸੀ। ਕਲਗੀਧਰ ਨੇ ਉੱਚੀ ਧੁਨੀ ਨਾਲ ਤੁਕ ਪੜ੍ਹ 'ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।' ਸਮਝਾਇਆ। ਇਸ ਪੁਰ ਲਾਹੌਰਾ ਸਿੰਘ ਨੇ ਸ਼ਰਮਿੰਦਾ ਹੋ ਕੇ ਮਾਲਾ ਸਿੰਘ ਦਾ ਉਧਾਰ ਚੁਕਾ ਦਿੱਤਾ।[5]

**ਲਾਲ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਸਿੱਖ। ਇਹ ਪੂਰਬ ਦੇਸ਼ ਦਾ ਨਿਵਾਸੀ ਸੀ। ਇਸ ਨੇ ਗੈਂਡੇ ਖੱਲ ਦੀ ਬਹੁਤ ਵਧੀਆ ਢਾਲ ਤਿਆਰ ਕੀਤੀ ਸੀ। ਜਿਸ ਦੀ ਇਤਿਹਾਸ ਵਿੱਚ ਵਡੀ ਪ੍ਰਸੰਸਾ ਲਿਖੀ ਹੈ।[6]

---

1 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 172.

2 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 218.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1056.

4 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 189.

5 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1062.

6 *ਉਹੀ*, ਪੰਨਾ 1064.

*ਸੰਪੂਰਣ ਰਾਮਗੜ੍ਹੀਆ ਇਤਿਹਾਸ* ਵਿਚ ਬਖਸ਼ੀ ਸਿੰਘ ਆਦਿਲ ਲਿਖਦੇ ਹਨ - ਕਿ ਲਾਲ ਸਿੰਘ ਪਿੰਡ ਲੱਲ ਸ਼ਮਰਾਲਾ ਦੇ ਲਾਗੇ ਦੇ ਵਸਨੀਕ ਸਨ। ਇਸ ਨੇ ਇਕ ਬੜੀ ਸ਼ਾਨਦਾਰ ਤੇ ਅਦੁੱਤੀ ਢਾਲ ਬਣਾ ਕੇ ਦਸਮੇਸ਼ ਨੂੰ ਪੇਸ਼ ਕੀਤੀ ਤੇ ਦਾਅਵਾ ਕੀਤਾ ਕਿ ਇਸ ਢਾਲ ਚੋਂ ਗੋਲੀ ਚਾਹੇ ਕਿੰਨੀ ਸ਼ਕਤੀਸ਼ਾਲੀ ਹੋਵੇ ਪਾਰ ਨਹੀਂ ਲੰਘ ਸਕਦੀ। ਗੁਰੂ ਸਾਹਿਬ ਹੱਸ ਕੇ ਬੋਲੇ ਜੇ ਅਸੀਂ ਗੋਲੀ ਮਾਰੀਏ ਤਾਂ, ਭਾਈ ਜੀ ਬੋਲੇ ਕੋਈ ਵੀ ਮਾਰੇ ਗੋਲੀ ਲੰਘ ਨਹੀਂ ਸਕਦੀ। ਦਸਮੇਸ਼ ਬੋਲੇ ਕੱਲ੍ਹ ਸਹੀ, ਤੇ ਲਾਲ ਸਿੰਘ ਢਾਲ ਲੈ ਕੇ ਘਰ ਚਲੇ ਗਏ ਅਤੇ ਘਰ ਜਾ ਕੇ ਆਪਣੇ ਹੰਕਾਰ ’ਤੇ ਪਛੁਤਾਏ। ਇਸ ਦੀ ਪਤਨੀ ਨੇ ਦਸਿਆ ਗੁਰਦੁਆਰੇ ਜਾ ਕੇ ਆਪਣੀ ਦ੍ਰਿੜਤਾ ਵਾਸਤੇ ਪੰਜ ਸਿੰਘਾਂ ਨੂੰ ਪ੍ਰਸ਼ਾਦਿ ਛਕਾਕੇ ਗੁਰੂ ਮਹਾਰਾਜ ਦੇ ਆਰਦਾਸ ਕਰਾਓ ਨਾਲੇ ਹੰਕਾਰ ਦੀ ਮਾਫੀ ਮੰਗੋ। ਲਾਲ ਸਿੰਘ ਨੇ ਏਸੇ ਤਰ੍ਹਾਂ ਹੀ ਕੀਤਾ। ਅਗਲੇ ਦਿਨ ਢਾਲ ਲੈ ਕੇ ਫੇਰ ਦਰਬਾਰ ਵਿੱਚ ਆ ਹਾਜ਼ਰ ਹੋਏ। ਲਾਲ ਸਿੰਘ ਢਾਲ ਲੈ ਕੇ ਖਲੋ ਗਏ ਅਤੇ ਦਸਵੇਂ ਪਾਤਸ਼ਾਹ ਜਦੋਂ ਨਿਸ਼ਾਨਾ ਬੰਨ੍ਹ ਗੋਲੀ ਮਾਰਨ ਲੱਗੇ ਤਾਂ ਸਭ ਪਾਤਸ਼ਾਹੀਆਂ ਢਾਲ ਦੀ ਰੱਖਿਆ ਲਈ ਖਲੋਤੀਆਂ ਦਿਸੀਆਂ। ਦਸਵੇਂ ਪਾਤਸ਼ਾਹ ਸਭ ਕੁਝ ਸਮਝ ਗਏ, ਬੰਦੂਕ ਰੱਖ ਦਿੱਤੀ ਅਤੇ ਬੜੇ ਖੁਸ਼ ਹੋ ਕੇ ਭਾਈ ਜੀ ਦੀ ਉਹਨਾਂ ਸਿਆਣਪ ਤੇ ਕਾਰੀਗਰੀ ਦੀ ਸ਼ਲਾਘਾ ਕੀਤੀ।[1]

**ਲਾਲ ਚੰਦ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਅਰੋੜਾ ਸਿੱਖ ਸੀ, ਜੋ ਗਾਂਈਆਂ-ਭੈਂਸਾਂ ਚਰਾਇਆ ਕਰਦਾ ਸੀ, ਇਸ ਨੇ ਭੰਗਾਣੀ ਦੇ ਯੁੱਧ ਵਿੱਚ ਵੱਡੀ ਵੀਰਤਾ ਦਿਖਾਈ। ਇਸ ਬਾਬਤ ਕਵੀ ਸੈਨਾਪਤਿ ਦੇ *ਸ੍ਰੀ ਗੁਰ ਸੋਭਾ* ਵਿਚ ਵੀ ਇੰਦਰਾਜ ਮਿਲਦਾ ਹੈ –

'ਸੁ ਲਾਲ ਚੰਦ ਆਨਕੈ। ਕਮਾਨ ਬਾਨ ਤਾਨਕੈ।'[2]

ਬੂੜੀਆਂ ਨਿਵਾਸੀ ਬਹਲ ਖਤ੍ਰੀ ਦਸਮੇਸ਼ ਦਾ ਹਲਵਾਈ, ਇਸ ਨੇ ਭੀ ਭੰਗਾਣੀ ਦੇ ਜੰਗ ਵਿੱਚ ਘੋਰ ਯੁੱਧ ਕੀਤਾ। ਇਸ ਦਾ ਜ਼ਿਕਰ ਗੁਰੂ ਸਾਹਿਬ ਨੇ *ਬਚਿਤ੍ਰ ਨਾਟਕ* ਵਿੱਚ ਕੀਤਾ ਇਸ ਤਰ੍ਹਾਂ ਹੈ –

ਕੁਪੇ ਲਾਲ ਚੰਦੰ ਕੀਏ ਲਾਲ ਰੂਪੰ। ਜਿਨੈ ਗੰਜੀਯੰ ਗਰਬ ਸਿੰਘ ਅਨੂਪੰ।[3]

---

1. ਬਖਸ਼ੀ ਸਿੰਘ ਆਦਿਲ, ਸੰਪੂਰਨ ਰਾਮਗੜ੍ਹੀਆ ਇਤਿਹਾਸ, ਪੰਨਾ 40.
2. ਕਵਿ ਸੈਨਾਪਤਿ ਰਚਿਤ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 17.
3. ਸ਼ਬਦਾਰਥ ਦਸਮ ਗ੍ਰੰਥ (ਪੋਥੀ ਪਹਿਲੀ), ਪੰਨਾ 77.

*ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਅਨੁਸਾਰ ਲਾਲ ਚੰਦ ਨੇ ਦਸਮੇਸ਼ ਤੋਂ ਅੰਮ੍ਰਿਤ ਛਕਿਆ ਅਤੇ ਅਨੇਕ ਧਰਮ ਜੰਗਾਂ ਵਿੱਚ ਹਿੱਸਾ ਲਿਆ। ਇਸ ਦੀ ਔਲਾਦ ਦੀ ਔਲਾਦ ਵਿਚੋਂ ਹੁਣ ਪਿੰਡ ਨੰਗਲ ਰਿਆਸਤ ਫਰੀਦਕੋਟ ਵਿੱਚ ਆਬਾਦ ਹੈ। ਇਨ੍ਹਾਂ ਪਾਸ ਦਸਮੇਸ਼ ਦਾ ਇੱਕ ਜੋੜਾ (ਜਿਸ ਦਾ ਤਲਾ ਚਮੜੇ ਦਾ ਅਤੇ ਉੱਤੋਂ ਖੀਮਖਾਬ ਦਾ ਹੈ), ਇੱਕ ਅਸ਼ਟ ਧਾਤੁ ਦਾ ਬਾਟਾ, ਇੱਕ ਨੀਲਾ ਚੋਲਾ ਹੈ। ਹਰ ਐਤਵਾਰ ਨੂੰ ਇਨ੍ਹਾਂ ਵਸਤਾਂ ਦਾ ਦਰਸ਼ਨ ਕਰਾਇਆ ਜਾਂਦਾ ਹੈ। ਹੰਜੀਰਾਂ ਵਾਲੇ ਅਨੇਕ ਰੋਗੀ ਆ ਕੇ ਸਤਿਗੁਰੂ ਦੇ ਜੋੜੇ ਨੂੰ ਛੂਹਦੇ ਹਨ। ਇਨ੍ਹਾਂ ਪਾਸ ਇੱਕ ਸ੍ਰੀ ਸਾਹਿਬ ਭੀ ਕਲਗੀਧਰ ਦਾ ਸੀ, ਜੋ ਮਹਾਰਾਜਾ ਰਣਜੀਤ ਸਿੰਘ ਜੀ ਨੇ ਲੈ ਲਿਆ ਸੀ।[1]

ਭਾਈ ਲਾਲ ਚੰਦ ਹਲਵਾਈ ਜਿਲ੍ਹਾ ਸਰਗੋਧਾ (ਪਾਕਿਸਤਾਨ) ਦੇ ਪਿੰਡ ਮੀਰ ਪੁਰਥਲੀ ਦੇ ਰਹਿਣ ਵਾਲਾ ਸੀ। ਇਹ ਪਉਂਟਾ ਸਾਹਿਬ ਆ ਕੇ ਹਲਵਾਈ ਦੀ ਦੁਕਾਨ ਕਰਦਾ ਸੀ ਤੇ ਗੁਰੂ ਸਾਹਿਬ ਦਾ ਅਨਿੰਨ ਸਿੱਖ ਸੀ।[2] ਗਿਆਨੀ ਗਿਆਨ ਸਿੰਘ ਨੇ ਇਸਦਾ ਜ਼ਿਕਰ *ਤਵਾਰੀਖ਼ ਗੁਰੂ ਖ਼ਾਲਸਾ* ਵਿਚ ਕੀਤਾ ਹੈ ਅਤੇ ਬਾਬਾ ਸੁਮੇਰ ਸਿੰਘ ਨੇ ਲਾਲ ਚੰਦ ਨੂੰ *ਸ੍ਰੀ ਗੁਰਪਦ ਪ੍ਰੇਮ ਪ੍ਰਕਾਸ਼* ਵਿਚ ਪੰਨਾ 83 'ਤੇ ਹਲਵਾਈ ਦੱਸਿਆ ਹੈ।

## 1.4. ਹਜ਼ੂਰੀ ਸਿੱਖ, ਸ਼ਹੀਦ :-

**ਉਦੈ ਸਿੰਘ, ਭਾਈ** : ਉਦੈ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਇਨ੍ਹਾਂ ਦਾ ਜ਼ਿਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਇਸ ਦੇ ਚਾਰ ਹੋਰ ਭਰਾਵਾਂ ਭਾਈ ਬਚਿੱਤਰ ਸਿੰਘ, ਅਨਿਕ ਸਿੰਘ, ਅਜੈਬ ਸਿੰਘ ਅਤੇ ਅਜਾਇਬ ਸਿੰਘ ਸਮੇਤ ਆਪਣੇ ਪੁੱਤਰ ਫਰਜ਼ੰਦ ਖਾਨੇਜਾਦ ਦੇ ਤੌਰ 'ਤੇ ਕੀਤਾ ਹੈ।[3] ਭਾਈ ਉਦੈ ਸਿੰਘ ਸ਼ਹੀਦ ਭਾਈ ਮਨੀ ਸਿੰਘ ਦੇ ਸਪੁੱਤਰ ਸਨ। ਉਦੈ ਸਿੰਘ ਦਾ ਜਨਮ ਸੰਮਤ 1722 ਬਿ. (27 ਅਕਤੂਬਰ 1665 ਈ.) ਨੂੰ ਪਿੰਡ ਅਲੀਪੁਰ, ਜਿਲ੍ਹਾ ਮੁਜ਼ਫ਼ਰਗੜ੍ਹ ਰਿਆਸਤ ਮੁਲਤਾਨ ਵਿਚ ਹੋਇਆ। ਉਦੈ ਸਿੰਘ ਨੇ ਛੋਟੀ ਉਮਰ ਵਿਚ ਹੀ ਤੀਰ ਅੰਦਾਜ਼ੀ ਤੇ ਤਲਵਾਰਬਾਜ਼ੀ ਸਿੱਖ ਲਈ ਸੀ। ਸਰੀਰਕ ਪੱਖੋਂ ਉਦੈ ਸਿੰਘ ਲੋਹਪੁਰਸ਼ ਸੁੰਦਰ ਜਿਸਮ ਵਾਲੇ ਦਰਸ਼ਨੀ ਸਿੰਘ ਸਨ। ਭਾਈ ਮਨੀ ਸਿੰਘ ਨੇ ਜੋ ਪੰਜ ਪੁੱਤਰ ਗੁਰੂ ਗੋਬਿੰਦ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1064.

2 ਰਘਬੀਰ ਸਿੰਘ ਅਨੰਦਪੁਰੀ, ਦਸ਼ਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ, ਪੰਨਾ 177.

3 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 78.

ਸਿੰਘ ਸਾਹਿਬ ਦੀ ਸੇਵਾ ਵਿਚ ਅਰਪਣ ਕੀਤੇ ਸਨ, ਉਨ੍ਹਾਂ ਵਿਚ ਭਾਈ ਉਦੈ ਸਿੰਘ ਵੀ ਸਨ। ਦਸਮੇਸ਼ ਜੀ ਨੇ ਇਨ੍ਹਾਂ ਪੰਜਾਂ ਨੂੰ 1 ਵੈਸਾਖ ਸੰਮਤ 1756 ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਸਜਾਇਆ ਤੇ ਸਿੱਖ ਧਰਮ ਦੀ ਸਿੱਖਿਆ ਦਿੱਤੀ। ਉਦੈ ਸਿੰਘ ਦਾ ਵਿਆਹ 2 ਮਾਰਚ 1693 ਈ. ਨੂੰ ਅਨੰਦਪੁਰ ਰਹਿੰਦੇ ਹੋਏ ਹੋਇਆ। ਵਿਆਹ ਉਪਰੰਤ ਇਨ੍ਹਾਂ ਦੇ ਘਰ ਵਿਚ ਸੱਤ ਪੁੱਤਰਾਂ ਮਹਿਬੂਬ ਸਿੰਘ, ਅਜੂਬ ਸਿੰਘ, ਫਤਿਹ ਸਿੰਘ, ਅਲਬੇਲ ਸਿੰਘ, ਮੋਹਰ ਸਿੰਘ, ਬਾਘ ਸਿੰਘ, ਅਨੋਖ ਸਿੰਘ ਨੇ ਜਨਮ ਲਿਆ। ਇਨ੍ਹਾਂ ਵਿਚੋਂ ਪੰਜ ਪੁੱਤਰ ਸਿੱਖ ਪੰਥ ਦੀਆਂ ਲੜਾਈਆਂ ਵਿਚ ਸ਼ਹੀਦੀਆਂ ਹਾਸਿਲ ਕਰ ਗਏ।

ਉਦੈ ਸਿੰਘ ਸ਼ਿਕਾਰ ਕਰਨ ਵਿਚ ਬਹੁਤ ਮਾਹਿਰ ਸਨ। ਇਨ੍ਹਾਂ ਦੇ ਜੀਵਨ ਨਾਲ ਸਬੰਧਿਤ ਕਈ ਘਟਨਾਵਾਂ ਜੁੜੀਆਂ ਹੋਈਆਂ ਹਨ, ਜਿਵੇਂ ਇਕ ਵਾਰ ਉਦੈ ਸਿੰਘ ਨੇ ਸ਼ੇਰ ਮਾਰ ਕੇ ਉਸ ਦੀ ਖੱਲ ਗੁਰੂ ਦਰਬਾਰ ਵਿਚ ਦਸਮੇਸ਼ ਜੀ ਦੇ ਪੇਸ਼ ਕੀਤੀ। ਕਲਗੀਧਰ ਨੇ ਇਹ ਇੱਕ ਗਧੇ ਨੂੰ ਪਹਿਨਾਈ, ਜਿਸ ਤੋਂ ਨਿਰਭੈ ਹੋ ਕੇ ਉਹ ਖੇਤੀਆਂ ਖਾਣ ਲੱਗਾ ਅਤੇ ਗੂਣ (ਖੱਚਰ ਬੈਲ ਆਦਿ ਪੁਰ ਸਮਾਨ ਲੱਦਣ ਦੀ ਥੈਲੀ/ਬੋਰੀ) ਦੇ ਬੋਝੇ ਤੋਂ ਉਸਨੇ ਛੁਟਕਾਰਾ ਪਾਇਆ, ਕਿਉਂਕਿ ਕਿਸੇ ਨੂੰ ਉਸ ਦੇ ਪਾਸ ਜਾਣ ਦਾ ਹੌਸਲਾ ਨਹੀਂ ਸੀ ਪੈਂਦਾ। ਇਕ ਵਾਰ ਗਧਿਆਂ ਦੀ ਬੋਲੀ ਸੁਣ ਕੇ ਹੀਂਗਦਾ ਹੋਇਆ ਆਪਣੇ ਮਾਲਕ ਘੁਮਿਆਰ ਦੇ ਘਰ ਪਹੁੰਚ ਕੇ ਖੋਤਿਆਂ ਨਾਲ ਖਰਮਸਤੀ ਕਰਨ ਲੱਗਾ। ਘੁਮਿਆਰ ਨੇ ਗਧਾ ਪਛਾਣਕੇ ਸ਼ੇਰ ਦੀ ਖੱਲ ਲਾਹ ਦਿੱਤੀ ਤੇ ਗੂਣ ਦੇ ਬੋਝੇ ਹੇਠ ਲੈ ਲਿਆ। ਦਸਮੇਸ਼ ਜੀ ਨੇ ਇਸ ਤੋਂ ਹਾਜ਼ਰੀਨ ਸਿੱਖਾਂ ਨੂੰ ਸਿੱਖਿਆ ਦਿੱਤੀ ਕਿ ਜੋ ਖ਼ਾਲਸਾ ਹੋ ਕੇ ਪੁਰਾਣੀ ਜਾਤ-ਪਾਤ ਵਿਚ ਮੁੜ ਜਾ ਧਸਣਗੇ, ਉਨ੍ਹਾਂ ਦੀ ਇਹੀ ਦਸ਼ਾ ਹੋਵੇਗੀ।

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਜਦੋਂ ਖ਼ਾਲਸਾ ਪ੍ਰਗਟ ਕੀਤਾ ਤਾਂ ਪੰਜ ਪਿਆਰਿਆਂ ਅਤੇ ਪੰਜ ਮੁਕਤਿਆਂ ਤੋਂ ਬਾਅਦ ਪਹਿਲੇ ਬੈਚ ਵਿਚ ਅੰਮ੍ਰਿਤ ਛੱਕ ਕੇ ਉਦੈ ਰਾਮ ਤੋਂ ਉਦੈ ਸਿੰਘ ਬਣ ਗਏ ਸਨ। ਪਹਾੜੀ ਫ਼ੌਜਾਂ ਨੇ ਜਦੋਂ 29 ਅਗਸਤ 1700 ਈ. ਦੇ ਦਿਨ ਤਾਰਾਗੜ੍ਹ ਕਿਲੇ ’ਤੇ ਹਮਲਾ ਕਰ ਦਿੱਤਾ ਤਾਂ ਗੁਰੂ ਸਾਹਿਬ ਨੇ ਭਾਈ ਉਦੈ ਸਿੰਘ ਦੀ ਸਰਦਾਰੀ ਹੇਠ ਸਵਾ ਸੌ ਸਿੰਘਾਂ ਦਾ ਜਥਾ ਭੇਜਿਆ। ਇਸ ਲੜਾਈ ਵਿਚ ਪਹਾੜੀ ਬਹੁਤ ਗਿਣਤੀ ਵਿਚ ਮਾਰੇ ਗਏ। 1 ਸਤੰਬਰ ਦੇ ਦਿਨ ਪਹਾੜੀ ਫ਼ੌਜ ਨੇ ਲੋਹਗੜ੍ਹ ਕਿਲੇ ’ਤੇ ਹਮਲਾ ਕਰ ਦਿੱਤਾ। ਇਨ੍ਹਾਂ ਫ਼ੌਜਾਂ ਦੀ ਅਗਵਾਈ

ਕਰਨ ਵਾਲਿਆਂ ਵਿਚ ਰਾਜਾ ਕੇਸਰੀ ਚੰਦ ਜਸਵਾਲੀਆ ਵੀ ਸੀ, ਉਸ ਦਾ ਮੁਕਾਬਲਾ ਉਦੈ ਸਿੰਘ ਨਾਲ ਹੋਇਆ। ਭਾਈ ਉਦੈ ਸਿੰਘ ਨੇ ਤਲਵਾਰ ਦੇ ਇਕੋ ਵਾਰ ਨਾਲ ਕੇਸਰੀ ਚੰਦ ਦਾ ਗਲ ਵੱਢ ਕੇ ਬਰਛੇ 'ਤੇ ਰੱਖ ਕੇ ਉਸ ਨੂੰ ਗੁਰੂ ਸਾਹਿਬ ਦੇ ਕਦਮਾਂ ਵਿਚ ਜਾ ਭੇਟ ਕੀਤਾ।[1]

15 ਮਾਰਚ 1701 ਈ. ਦੇ ਦਿਨ ਭਾਈ ਉਦੈ ਸਿੰਘ ਦੀ ਅਗਵਾਈ ਵਿਚ ਹੀ ਸਿੱਖ ਫ਼ੌਜਾਂ ਨੇ ਬਜਰੜ ਪਿੰਡ ਦੇ ਜ਼ਾਲਮ ਗੁਜਰਾਂ ਅਤੇ ਰੰਘੜਾਂ ਨੂੰ ਸੋਧਿਆ ਸੀ। 7 ਮਾਰਚ 1703 ਈ. ਦੇ ਦਿਨ ਬਸੀ ਕਲਾਂ 'ਤੇ ਹਮਲਾ ਕਰਕੇ ਦੇਵਕੀ ਦਾਸ ਨਾਂ ਦੇ ਬ੍ਰਾਹਮਣ ਦੀ ਪਤਨੀ ਨੂੰ ਜ਼ਬਰ ਜੰਗ ਖਾਂ ਦੀ ਕੈਦ 'ਚੋਂ ਛੁਡਵਾਇਆ ਸੀ।[2] 5 ਤੇ 6 ਦਸੰਬਰ 1705 ਈ. ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਉਦੈ ਸਿੰਘ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸੀ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਜੀਣ-ਮਰਣ ਦੀ ਕਸਮ ਖਾਧੀ ਸੀ। ਭਾਈ ਉਦੈ ਸਿੰਘ ਗੁਰੂ ਸਾਹਿਬ ਦੇ ਨਾਲ ਹੀ ਅਨੰਦਪੁਰ ਵਿਚੋਂ ਨਿਕਲੇ ਸਨ। ਜਦੋਂ ਇਹ ਕਾਫ਼ਲਾ ਕੀਰਤਪੁਰ ਤੋਂ ਵੀ ਅੱਗੇ ਲੰਘ ਗਿਆ ਤਾਂ ਸਰਸਾ ਨਦੀ ਦੇ ਨੇੜੇ ਪਹੁੰਚਦਿਆਂ ਹੀ ਪਹਾੜੀ ਫ਼ੌਜਾਂ ਨੇ ਇਨ੍ਹਾਂ ਉੱਤੇ ਹਮਲਾ ਕਰ ਦਿੱਤਾ। ਭਾਈ ਉਦੈ ਸਿੰਘ ਨੂੰ ਗੁਰੂ ਸਾਹਿਬ ਨੇ ਸ਼ਾਹੀ ਟਿੱਬੀ 'ਤੇ ਮੋਰਚਾ ਸੰਭਾਲਣ ਲਈ ਤਾਇਨਾਤ ਕੀਤਾ। ਭਾਈ ਉਦੈ ਸਿਘ ਨਾਲ 50 ਸਿੰਘ ਹੋਰ ਸਨ। ਇਨ੍ਹਾਂ 51 ਸਿੰਘਾਂ ਨੇ ਪਹਿਲਾਂ ਤੀਰਾਂ ਨਾਲ ਤੇ ਫਿਰ ਤਲਵਾਰਾਂ ਨਾਲ ਪਹਾੜੀ ਫ਼ੌਜ ਦਾ ਡੱਟ ਕੇ ਟਾਕਰਾ ਕੀਤਾ ਅਤੇ ਅਖੀਰ ਸ਼ਹੀਦੀਆਂ ਪ੍ਰਾਪਤ ਕੀਤੀਆਂ।[3] ਇਸ ਮੌਕੇ ਤੇ ਸੈਂਕੜੇ ਪਹਾੜੀ ਮਾਰੇ ਗਏ ਅਤੇ ਸਾਰੇ ਸਿੰਘ ਵੀ ਸ਼ਹੀਦ ਹੋ ਗਏ। ਭਾਈ ਉਦੈ ਸਿੰਘ ਤੇ ਉਸ ਦਾ ਵੱਡਾ ਭਰਾ ਬਚਿੱਤਰ ਸਿੰਘ ਖ਼ਾਲਸਾ ਫ਼ੌਜਾਂ ਦੇ ਸਭ ਤੋਂ ਵੱਡੇ ਨਾਇਕ ਸਨ ਜੋ ਚਮਕੌਰ ਦੇ ਰਸਤੇ 7 ਪੋਹ ਸੰਮਤ 1762 ਬਿ. (6 ਦਸੰਬਰ 1705 ਈ.) ਵਿਚ ਵੱਡੀ ਵੀਰਤਾ ਨਾਲ ਵੈਰੀਆਂ ਦਾ ਮੁਕਾਬਲਾ ਕਰਦੇ ਹੋਏ ਸ਼ਾਹੀ ਟਿੱਬੀ (ਸਰਸਾ ਨਦੀ ਦੇ ਕੰਡੇ) 'ਤੇ ਸ਼ਹੀਦ ਹੋਏ। ਉਦੈ ਸਿੰਘ ਦੀ ਸ਼ਹੀਦੀ ਪ੍ਰਥਾਇ ਕਵੀ ਸੈਨਾਪਤਿ *ਸ੍ਰੀ ਗੁਰ ਸੋਭਾ* ਵਿਚ ਲਿਖਦੇ ਹਨ -

ਪਹਰ ਏਕ ਲੌ ਰਨ ਪਰਯੋ ਮਹਾਂ ਪ੍ਰਬਲ ਇਕ ਸਾਰ।

---

[1] ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 127.

[2] *ਉਹੀ,* ਪੰਨਾ 138.

[3] ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 222.

ਉਦੈ ਸਿੰਘ ਜੂਝੇ ਤਬੈ ਸਤਿਗੁਰ ਸਰਨ ਵਿਚਾਰ॥12॥480॥[1]

ਭਾਈ ਰਣਧੀਰ ਸਿੰਘ ਰੀਸਰਚ ਸਕਾਲਰ *ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ* ਵਿਚ ਲਿਖਦੇ ਹਨ ਕਿ ਉਦੈ ਸਿੰਘ ਦੇ ਤੀਰਾਂ ਨੇ ਵੈਰੀਆਂ ਨੂੰ ਭਾਜੜ ਪਾ ਦਿੱਤੀ ਸੀ –

ਉਦੈ ਸਿੰਘ ਦਿਆਂ ਤੀਰਾਂ ਕੇਈ ਆਖਰ ਪਾਈ।

ਜਿਸ ਮਿਲਿ ਮਾਰੈ ਸੂਰਮਾ ਸੋ ਕਿਥੈ ਜਾਈ।

ਸੁਟੇ ਵਿਚ ਭਕੱਲ ਦੇ ਕਰਿ ਜੋਰ ਅਤਾਈ।

ਉਦੈ ਸਿੰਘ ਵਿਚ ਰਾਹ ਦੇ ਅਮਰੁ ਪਦਵੀ ਪਾਈ।19।[2]

*ਗੁਰੂ ਕੀਆਂ ਸਾਖੀਆਂ* ਵਿਚ ਲਿਖਿਆ ਹੈ – 'ਉਦੈ ਸਿੰਘ ਬੇਟਾ ਮਨੀ ਸਿੰਘ ਕਾ, ਪੋਤਾ ਮਾਈਦਾਸ ਕਾ, ਪੜਪੋਤਾ ਬੱਲੂਰਾਇ ਕਾ, ਚੰਦਰਵਾਸਿ ਭਾਰਦੁਆਸੀ ਗੋਤਰਾ ਪੁਆਰ, ਬੰਸ ਬੀਂਝੇ ਕਾ ਬੰਝਰ ਉਤ ਜਲ ਹਨ। ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਦਿਹੁੰ ਸਾਤ ਗਏ, ਵੀਰਵਾਰ ਕੇ ਦਿਵਸ, ਪਚਾਸ ਸਿੱਖਾਂ ਕੇ ਗੱਲ ਲੈ, ਸ਼ਾਹੀ ਟਿੱਬੀ ਕੇ ਮਲਹਾਨ, ਪਰਗਨਾ ਭਰਤਗੜ, ਰਾਜ ਕਹਿਲੂਰ, ਆਧ ਘਰੀ ਦਿਹੁੰ ਨਿਕਲੇ, ਰਾਜਾ ਅਜਮੇਰ ਚੰਦ ਬੇਟਾ ਭੀਮ ਚੰਦ ਕਾ ਪੋਤਾ ਦੀਆ ਚੰਦ ਕਾ, ਪੜਪੋਤਾ ਤਾਰਾ ਚੰਦ ਕਾ, ਬੰਸ ਕਲਿਆਨ ਚੰਦ ਜੀ, ਚੰਦੇਲ ਗੋਤਰਾਂ ਰਾਣੇ ਕੀ ਫ਼ੌਜ ਗੈਲ ਬਾਰਾਂ ਰੀ ਜੂਝ ਕੇ ਮਰੇ॥'

ਇਥੇ ਹੀ ਬਸ ਨਹੀਂ ਉਦੈ ਸਿੰਘ ਦੇ ਚਾਰ ਪੁੱਤਰ ਬਾਅਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਸਮੇਂ ਸ਼ਹੀਦ ਹੋਏ। ਦੋ ਚੱਪੜਚਿੜੀ ਦੀ ਲੜਾਈ ਵਿਚ ਮਹਿਬੂਬ ਸਿੰਘ, ਫਤਿਹ ਸਿੰਘ ਅਤੇ ਦੋ ਸਢੌਰੇ ਦੀ ਲੜਾਈ ਵਿਚ ਅਲਬੇਲ ਸਿੰਘ ਤੇ ਮੋਹਰ ਸਿੰਘ ਜੂਝ ਕੇ ਸ਼ਹੀਦ ਹੋਏ ਸਨ।[3]

**ਊਧੀਆ, ਭਾਈ** : ਭਾਈ ਊਧੀਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਨਿੰਨ ਸਿੱਖ ਸੀ। ਇਹ ਭਾਈ ਖੇਮਾ ਜੀ ਦਾ

---

1 ਕਵਿ ਸੈਨਾਪਤਿ ਰਚਿਤ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 84.

2 ਰਣਧੀਰ ਸਿੰਘ, ਰੀ. ਸਕਾਲਰ (ਸੰਪਾ.), ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ ਅਰਥਾਤ ਇਤਿਹਾਸਕ ਸੋਮੇ (ਭਾਗ ਪਹਿਲਾ), ਪੰਨੇ 9-10.

3 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 18.

ਪੁੱਤਰ ਸੀ। ਭੰਗਾਣੀ ਦੀ ਜੰਗ ਵਿਚ ਇਸ ਨੇ ਵੀਰਤਾ ਦਿਖਾਉਂਦੇ ਹੋਏ ਸ਼ਹੀਦੀ ਪਾਈ। *ਗੁਰੂ ਕੀਆਂ ਸਾਖੀਆਂ* ਅਨੁਸਾਰ ਭੰਗਾਣੀ ਦੇ ਯੁੱਧ ਵਿਚ ਚਾਰ ਸਿੱਖ ਭਾਈ ਸੰਗੋਸ਼ਾਹ, ਜੀਤ ਮੱਲ, ਊਦੀਆ ਤੇ ਹਠੀ ਚੰਦ ਜੀ ਸ਼ਹੀਦ ਹੋਏ ਸਨ - ਊਦੀਆ ਬੇਟਾ ਖੇਮੇ ਚੰਦਨੀਏ ਕਾ...।[1]

**ਅਜਬ ਸਿੰਘ :** ਭਾਈ ਅਜਬ ਸਿੰਘ ਦਸਮੇਸ਼ ਜੀ ਦੇ ਪ੍ਰਮੁੱਖ ਸਿੱਖਾਂ ਵਿਚੋਂ ਸਨ। ਇਨ੍ਹਾਂ ਦਾ ਜ਼ਿਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਇਸ ਦੇ ਚਾਰ ਹੋਰ ਭਰਾਵਾਂ ਭਾਈ ਬਚਿਤਰ ਸਿੰਘ, ਭਾਈ ਅਨਿਕ ਸਿੰਘ, ਭਾਈ ਉਦੈ ਸਿੰਘ ਅਤੇ ਭਾਈ ਅਜਾਇਬ ਸਿੰਘ ਸਮੇਤ ਆਪਣੇ ਪੁੱਤਰ ਫਰਜ਼ੰਦ ਖਾਨੇਜਾਦ ਦੇ ਤੌਰ 'ਤੇ ਕੀਤਾ ਹੈ।[2] ਭਾਈ ਅਜਬ ਸਿੰਘ ਸ਼ਹੀਦ ਭਾਈ ਮਨੀ ਸਿੰਘ ਦੇ ਸਪੁੱਤਰ ਸਨ। ਅਜਬ ਸਿੰਘ ਦਾ ਜਨਮ ਪਿੰਡ ਅਲੀਪੁਰ, ਜਿਲ੍ਹਾ ਮੁਜ਼ਫ਼ਰਗੜ੍ਹ ਰਿਆਸਤ ਮੁਲਤਾਨ ਵਿਚ ਹੋਇਆ। ਅਜਬ ਸਿੰਘ ਨੇ ਗੁਰੂ ਦਰਬਾਰ ਵਿਚ ਬਹੁਤ ਸੇਵਾ ਕੀਤੀ। ਇਹ ਚਮਕੌਰ ਦੀ ਜੰਗ ਵਿਚ ਵੀਰਤਾ ਦਿਖਾਉਂਦੇ ਹੋਏ ਸ਼ਹੀਦੀ ਜਾਮ ਪੀ ਗਏ ਸਨ।

**ਅਜਾਇਬ ਸਿੰਘ :** ਅਜਾਇਬ ਸਿੰਘ ਦਸਮ ਪਾਤਸ਼ਾਹ ਦਾ ਅਨਿੰਨ ਸਿੱਖ ਸੀ। ਇਸ ਦਾ ਨਾਮ ਵੀ ਗੁਰੂ ਸਾਹਿਬ ਨੇ ਆਪਣੇ ਫਰਜ਼ੰਦਾਂ ਵਿਚ ਲਿਖਿਆ ਹੈ।[3] ਇਹ ਭਾਈ ਮਨੀ ਸਿੰਘ ਦਾ ਸਪੁੱਤਰ ਅਤੇ ਭਾਈ ਉਦੈ ਸਿੰਘ ਦਾ ਭਰਾ ਸੀ ਜੋ ਕਿ ਕਲਗੀਧਰ ਤੋਂ ਅੰਮ੍ਰਿਤ ਛੱਕ ਕੇ ਸਿੰਘ ਬਣਿਆ ਤੇ ਗੁਰੂ ਜੀ ਦੇ ਦਰਬਾਰ ਵਿਚ ਸੇਵਾ ਕਰਦਾ ਰਿਹਾ ਸੀ। ਇਸ ਨੇ ਚਮਕੌਰ ਦੀ ਜੰਗ ਵਿਚ ਜੂਝ ਕੇ ਸ਼ਹਾਦਤ ਪ੍ਰਾਪਤ ਕੀਤੀ।

**ਅਨਿਕ ਸਿੰਘ, ਭਾਈ :** ਭਾਈ ਅਨਿਕ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮੁੱਖ ਸਿੱਖਾਂ ਵਿਚੋਂ ਸਨ। ਅਨਿਕ ਸਿੰਘ ਦਾ ਜਨਮ 7 ਮਾਰਚ, 1668 ਨੂੰ ਪਿੰਡ ਅਲੀਪੁਰ, ਜਿਲ੍ਹਾ ਮੁਜ਼ਫ਼ਰਗੜ੍ਹ, ਰਿਆਸਤ ਮੁਲਤਾਨ ਵਿਖੇ ਭਾਈ ਮਨੀ ਸਿੰਘ ਦੇ ਘਰ ਹੋਇਆ। ਇਨ੍ਹਾਂ ਦੇ ਪੜਦਾਦਾ ਬਾਬਾ ਬੱਲੂ ਜੀ ਸਿੱਖ ਸ਼ਹਾਦਤਾਂ ਦੇ ਮੁਢਲੇ ਸ਼ਹੀਦਾਂ ਵਿਚੋਂ ਇਕ ਸਨ। ਭਾਈ ਅਨਿਕ ਸਿੰਘ ਦੇ ਨਾਨਾ ਭਾਈ ਲੱਖੀ ਰਾਏ ਵਣਜਾਰਾ ਸਿੱਖ ਪੰਥ ਦੇ ਸਿਦਕੀ ਸਿੱਖਾਂ ਵਿਚੋਂ ਸਨ। ਭਾਈ ਮਨੀ ਸਿੰਘ ਦੇ ਪੁੱਤਰਾਂ ਵਿਚੋਂ ਅਨਿਕ ਸਿੰਘ ਚੌਥੇ ਸਥਾਨ 'ਤੇ ਸਨ। ਭਾਈ ਮਨੀ ਸਿੰਘ ਨੇ ਗੁਰੂ ਸਾਹਿਬ ਦੀ ਸੇਵਾ

---

1. ਭਾਈ ਸ੍ਰਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ*,* ਪੰਨਾ 93.
2. ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 78.
3. *ਉਹੀ*, ਪੰਨਾ 78.

ਨੂੰ ਸਮਰਪਿਤ ਪੰਜ ਪੁੱਤਰਾਂ ਵਿਚ ਭਾਈ ਅਨਿਕ ਸਿੰਘ ਨੂੰ ਵੀ ਸ਼ਾਮਿਲ ਕੀਤਾ ਸੀ। ਇਹ ਪੰਜੇ ਵੀਰ ਪੰਜ ਪਾਂਡਵਾਂ ਦੀ ਨਿਆਈਂ ਗੁਰੂ ਘਰ ਦੇ ਮਹਾਨ ਜੋਧੇ ਅਖਵਾਏ।[1]

ਵਿਸਾਖੀ ਵਾਲੇ ਦਿਨ 1699 ਈ. ਨੂੰ ਅਨਿਕ ਸਿੰਘ ਨੇ ਅੰਮ੍ਰਿਤਪਾਨ ਕੀਤਾ। ਭਾਈ ਅਨਿਕ ਸਿੰਘ ਨੇ ਚਾਲੀ ਸਿੰਘਾਂ ਸਮੇਤ ਸ੍ਰੀ ਅਨੰਦਪੁਰ ਛੱਡਣ ਵੇਲੇ ਇਹ ਪ੍ਰਣ ਕੀਤਾ ਸੀ ਕਿ ਉਹ ਗੁਰੂ ਜੀ ਦੇ ਨਾਲ ਆਖਰੀ ਦਮ ਤੱਕ ਰਹਿੰਦੇ ਹੋਏ ਸੇਵਾ ਨਿਭਾਉਣਗੇ। ਗੁਰੂ ਸਾਹਿਬ ਇਨ੍ਹਾਂ ਨੂੰ ਮੁੱਖ ਕਾਰਜਾਂ ਤੇ ਲੜਾਈਆਂ ਵਿਚ ਵਿਸ਼ੇਸ਼ ਤੌਰ 'ਤੇ ਮਿਹਰ ਦਾ ਥਾਪੜਾ ਦੇ ਕੇ ਭੇਜਦੇ ਤੇ ਇਨ੍ਹਾਂ ਦੇ ਸਿਦਕ ਤੇ ਵੀਰਤਾ ਦਾ ਵਿਸ਼ੇਸ਼ ਜ਼ਿਕਰ ਵੀ ਕਰਦੇ। ਗੁਰੂ ਸਾਹਿਬ ਨੇ ਇਕ ਹੁਕਮਨਾਮੇ ਵਿਚ ਭਾਈ ਅਨਿਕ ਸਿੰਘ ਤੇ ਇਨ੍ਹਾਂ ਦੇ ਚਾਰ ਹੋਰ ਭਰਾਵਾਂ ਨੂੰ ਆਪਣੇ ਫਰਜ਼ੰਦੇ ਖਾਸ ਕਹਿਕੇ ਨਿਵਾਜਿਆ ਹੈ।[2] ਭਾਈ ਅਨਿਕ ਸਿੰਘ ਗੁਰੂ ਸਾਹਿਬ ਦੇ ਨਾਲ ਸਰਸਾ ਨਦੀ ਤੋਂ ਹੁੰਦੇ ਹੋਏ ਚਮਕੌਰ ਸਾਹਿਬ ਪਹੁੰਚੇ। ਇਥੇ ਮੁਗ਼ਲਾਂ ਨਾਲ ਗਹਿਗੱਚ ਲੜਾਈ ਹੋਈ ਦੋ-ਦੋ ਸਿੰਘਾਂ ਦਾ ਜਥਾ ਗੜ੍ਹੀ ਵਿਚੋਂ ਬਾਹਰ ਆ ਕੇ ਜੂਝਦਾ ਰਿਹਾ ਤੇ ਸ਼ਹਾਦਤਾਂ ਪ੍ਰਾਪਤ ਕਰਦਾ ਰਿਹਾ। ਭਾਈ ਅਨਿਕ ਸਿੰਘ ਵੈਰੀਆਂ ਨਾਲ ਜੂਝ ਕੇ 7 ਦਸੰਬਰ ਨੂੰ ਚਮਕੌਰ ਦੇ ਜੰਗ ਵਿਚ ਸ਼ਹੀਦ ਹੋਏ।

**ਅਨੂਪ ਸਿੰਘ, ਭਾਈ** : ਭਾਈ ਅਨੂਪ ਸਿੰਘ ਦਸਮ ਪਾਤਸ਼ਾਹ ਦਾ ਪ੍ਰੇਮੀ ਸਿੱਖ ਸੀ। ਇਹ ਦੁਨੀ ਚੰਦ ਦਾ ਪੋਤਰਾ ਸੀ। ਇਹ ਨਿਰਮੋਹਗੜ੍ਹ ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਵਿਚ 7 ਕੱਤਕ, 1701 ਈ. ਨੂੰ ਸ਼ਹੀਦ ਹੋਏ।[3]

**ਅਨੰਦ ਸਿੰਘ** : ਭਾਈ ਅਨੰਦ ਸਿੰਘ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਇਹ ਬ੍ਰਹਮ ਗਿਆਨੀ ਅਤੇ ਮਹਾਂ ਵੀਰ ਯੋਧਾ ਸੀ।[4] ਭਾਈ ਅਨੂਪ ਸਿੰਘ ਅਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਕੋਲ ਰਿਹਾ ਕਰਦੇ ਸਨ। ਉਨ੍ਹਾਂ ਆਪਣਾ ਘਰ-ਬਾਰ ਛੱਡ ਕੇ ਗੁਰੂ ਦਰਬਾਰ ਨੂੰ ਹੀ ਆਪਣਾ ਘਰ ਬਣਾਇਆ ਹੋਇਆ ਸੀ। ਭਾਈ ਅਨੰਦ ਸਿੰਘ ਖ਼ਾਲਸਾ ਫ਼ੌਜ ਦਾ ਅਹਿਮ ਹਿੱਸਾ ਸਨ। ਜਦੋਂ ਵੀ ਅਨੰਦਪੁਰ ਨਗਰੀ 'ਤੇ ਪਹਾੜੀ ਜਾਂ ਮੁਗ਼ਲ

---

1 ਇੰਦਰਜੀਤ ਸਿੰਘ ਜੋਧਕਾ, ਮਹਾਨ ਸ਼ਹੀਦੀ ਪਰਿਵਾਰ - ਭਾਈ ਬਚਿੱਤਰ ਸਿੰਘ ਜੀ, ਪੰਨਾ 83.

2 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 78.

3 ਰੂਪ ਸਿੰਘ (ਸੰਪਾ.), ਦਸਮੇਸ਼ ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ: ਜੀਵਨ ਦਰਸ਼ਨ, ਪੰਨਾ 566.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 64.

ਫ਼ੌਜਾਂ ਨੇ ਹਮਲਾ ਕੀਤਾ, ਭਾਈ ਅਨੰਦ ਸਿੰਘ ਨੇ ਤਲਵਾਰ ਧੂਹ ਕੇ ਮੂਹਰੇ ਰਹਿ ਕੇ ਲੜਾਈ ਕੀਤੀ। ਉਹ ਆਪਣੀ ਜ਼ਿੰਦਗੀ ਨੂੰ ਗੁਰੂ ਦੇ ਕਦਮਾਂ ਵਿਚ ਭੇਟ ਕਰਨ ਵਾਲੇ ਗਿਣਵੇਂ ਸਿੱਖਾਂ ਵਿਚ ਸ਼ਾਮਿਲ ਸਨ।[1]

ਅਨੰਦਪੁਰ ਸਾਹਿਬ ਵਿਚ ਰਹਿੰਦਿਆਂ ਸਿੱਖਾਂ ਨੂੰ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨਾਲ ਕਈ ਵਾਰ ਦੋ ਹੱਥ ਕਰਨੇ ਪਏ। ਜਦੋਂ 1705 ਈ. ਵਿਚ ਪਹਾੜੀ ਫ਼ੌਜਾਂ ਨੇ ਅਨੰਦਪੁਰ ਸਾਹਿਬ ਨੂੰ ਪੂਰੀ ਤਰ੍ਹਾਂ ਘੇਰ ਲਿਆ। ਅਖੀਰ ਸੱਤ ਮਹੀਨੇ ਦੇ ਘੇਰੇ ਮਗਰੋਂ 5 ਤੇ 6 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਨੇ ਸਿੱਖਾਂ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਅਨੰਦਪੁਰ ਛੱਡਣਾ ਮਨਜ਼ੂਰ ਕਰ ਲਿਆ। ਇਸ ਮੌਕੇ ਅਨੰਦਪੁਰ 'ਚ 500 ਦੇ ਕਰੀਬ ਸਿੱਖ ਹਾਜ਼ਰ ਸਨ। ਇਨ੍ਹਾਂ ਵਿਚੋਂ 40 ਸਿੱਖ ਅਜਿਹੇ ਸਨ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਇਕੱਠੇ ਜੀਣ-ਮਰਣ ਦੀਆਂ ਕਸਮਾਂ ਖਾਧੀਆਂ। ਭਾਈ ਅਨੰਦ ਸਿੰਘ ਉਨ੍ਹਾਂ ਵਿਚੋਂ ਇੱਕ ਸੀ। ਇਨ੍ਹਾਂ ਨੂੰ ਅਨੰਦਪੁਰ ਦੇ 'ਚਾਲੀ ਮੁਕਤੇ' ਆਖਿਆ ਜਾਂਦਾ ਹੈ।

ਉਸ ਅੱਧੀ ਰਾਤ ਨੂੰ ਚਲ ਕੇ ਗੁਰੂ ਸਾਹਿਬ ਤੇ ਸਿੱਖਾਂ ਦੀ ਵਹੀਰ ਕੀਰਤਪੁਰ ਤੋਂ 12-13 ਕਿਲੋਮੀਟਰ ਦੂਰ ਪਿੰਡ ਨੰਗਲ ਵਿਚ ਪੁਜ ਗਈ। ਜਿੱਥੇ ਸਿੰਘਾਂ ਅਤੇ ਪਹਾੜੀ ਤੇ ਮੁਗ਼ਲ ਫ਼ੌਜਾਂ ਵਿਚ ਲੜਾਈ ਹੋਈ। ਇਸ ਦੌਰਾਨ ਗੁਰੂ ਸਾਹਿਬ ਅਤੇ 40-50 ਸਿੰਘ ਨਦੀ ਪਾਰ ਕਰ ਗਏ। ਗੁਰੂ ਸਾਹਿਬ ਅਤੇ ਕੁਝ ਗਿਣੇ-ਚੁਣੇ ਸਿੱਖ ਪਿੰਡ ਕੋਟਲਾ ਨਿਹੰਗ ਖਾਂ (ਨੇੜੇ ਰੋਪੜ) ਵੱਲ ਚਲੇ ਗਏ। 6 ਦਸੰਬਰ ਦਾ ਦਿਨ ਦਾ ਵਕਤ ਉਥੇ ਬਿਤਾਣ ਮਗਰੋਂ ਗੁਰੂ ਸਾਹਿਬ 7 ਦਸੰਬਰ ਦੀ ਸਵੇਰ ਵੇਲੇ ਚਮਕੌਰ ਪੁੱਜ ਗਏ। ਚਮਕੌਰ ਵਿਚ ਵੀ ਇਨ੍ਹਾਂ ਸਿੱਖਾਂ ਨੂੰ ਸਰਹਿੰਦ ਦੀ ਫ਼ੌਜ ਦਾ ਟਾਕਰਾ ਕਰਨਾ ਪਿਆ। ਇਥੇ ਦੋ ਸਾਹਿਬਜ਼ਾਦਿਆਂ ਅਤੇ 45 ਸਿੱਖਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਆਈ ਮੁਗ਼ਲ ਫ਼ੌਜ ਦਾ ਡੱਟ ਕੇ ਮੁਕਾਬਲਾ ਕੀਤਾ। ਰਾਤ ਦਾ ਹਨੇਰਾ ਪਸਰਨ ਤੱਕ ਇਨ੍ਹਾਂ ਵਿਚੋਂ 38 ਸਿੰਘ ਸ਼ਹਾਦਤ ਪਾ ਗਏ ਸਨ। ਇਨ੍ਹਾਂ 38 ਸਿੰਘਾਂ ਵਿਚ ਭਾਈ ਅਨੰਦ ਸਿੰਘ ਵੀ ਸ਼ਾਮਿਲ ਸੀ।[2] ਭਾਈ ਅਨੰਦ ਸਿੰਘ ਨੇ 7 ਦਸੰਬਰ 1705 ਈ. ਦੇ ਦਿਨ ਚਮਕੌਰ ਦੀ ਲੜਾਈ ਵਿੱਚ ਕਈ ਮੁਗ਼ਲ ਫ਼ੌਜੀਆਂ ਦੇ ਆਹੂ ਲਾਹ ਕੇ ਸ਼ਹੀਦੀ ਜਾਮ ਪੀਤਾ।

---

[1] ਹਰਜਿੰਦਰ ਸਿੰਘ ਦਿਲਗੀਰ, ਮਾਤਾ ਗੁਜਰੀ ਚਾਰ ਸਾਹਿਬਜ਼ਾਦੇ ਚਾਲ੍ਹੀ ਮੁਕਤੇ, ਪੰਨਾ 71.

[2] *ਉਹੀ*, ਗੁਰੂ ਦੇ ਸ਼ੇਰ, ਪੰਨਾ 189.

**ਅਮੋਲਕ ਸਿੰਘ** : ਇਹ ਦਸਮੇਸ਼ ਜੀ ਦਾ ਮਹਾਂਵੀਰ ਸਿੱਖ ਸੀ। ਅਮੋਲਕ ਸਿੰਘ ਭਾਈ ਆਲਿਮ ਸਿੰਘ ਦਾ ਪੁੱਤਰ ਸੀ। ਭਾਈ ਆਲਮ ਸਿੰਘ ਦਾ ਸਾਰਾ ਪਰਿਵਾਰ ਗੁਰੂ ਸਾਹਿਬ ਦੀ ਸੇਵਾ ਵਿਚ ਤਤਪਰ ਰਹਿੰਦਾ ਸੀ। ਅਮੋਲਕ ਸਿੰਘ ਦੇ ਭਰਾ, ਪਿਤਾ ਤੇ ਮਾਤਾ ਬੀਬੀ ਭਿੱਖਾਂ ਨੇ ਵੀ ਗੁਰੂ ਸਾਹਿਬ ਦੀ ਸੇਵਾ ਵਿਚ ਸ਼ਹਾਦਤ ਪ੍ਰਾਪਤ ਕੀਤੀ ਸੀ। ਅਮੋਲਕ ਸਿੰਘ 7 ਦਸੰਬਰ 1705 ਈ. ਨੂੰ ਚਮਕੌਰ ਦੇ ਯੁੱਧ ਵਿਚ ਸ਼ਹੀਦ ਹੋਏ।[1]

**ਆਲਮ ਸਿੰਘ / ਆਲਿਮ ਨਚਣਾ** : ਸਿਆਲਕੋਟ ਦਾ ਵਸਨੀਕ ਇਕ ਰਾਜਪੂਤ, ਜਿਸ ਨੇ ਦਸਮੇਸ਼ ਤੋਂ ਅੰਮ੍ਰਿਤ ਛਕਿਆ। ਇਸ ਨੂੰ ਕਲਗੀਧਰ ਆਲਮ ਸਿੰਘ "ਨੱਚਣਾ" ਕਹਿਕੇ ਬੁਲਾਇਆ ਕਰਦੇ ਸਨ, ਕਿਉਂਕਿ ਇਹ ਵੱਡਾ ਚਪਲ ਅਤੇ ਯੁੱਧ ਦੇ ਕਰਤੱਬਾਂ ਵਿਚ ਨਿਪੁੰਨ ਸੀ।[2] ਭਾਈ ਸੰਤੋਖ ਸਿੰਘ ਵੀ ਇਸ ਨੂੰ ਸਿਆਲਕੋਟ ਦਾ ਵਾਸੀ ਅਤੇ ਰਾਜਪੂਤ ਦੱਸਦੇ ਹੋਏ ਲਿਖਦੇ ਹਨ –

> 'ਆਲਮ ਸਿੰਘ ਨਚਨਾ ਗੁਰ ਕਹੈ ਸਯਾਲਕੋਟ ਕੀ ਵਾਸੀ ਅਹੈ।24।
>
> ਜਾਤਿ ਹੁਤੀ ਰਾਜਪੂਤ ਤਿਸੀ ਕੀ।
>
> ਸੀਖ ਰਹਿਤ ਲੇ ਪਾਹੁਲ ਨੀਕੀ। ਪੁਰਿ ਮੁਲਤਾਨ ਅਲੀਪੁਰਿ ਨੇਰੇ।
>
> ਮਾਈ ਦਾਸ ਰਾਜਪੂਤ ਬਸੇਰੇ।'[3]

*ਗੁਰੂ ਕੀਆਂ ਸਾਖੀਆਂ* ਵਿਚ ਇਸ ਨੂੰ ਡਿਓਢੀਬਰਦਾਰ ਲਿਖਿਆ ਹੈ - 'ਡਿਊਢੀਬਰਦਾਰ ਭਾਈ ਆਲਮ ਚੰਦ ਨੱਚਨਾ ਗੁਰੂ ਜੀ ਸੇ ਜਾਇ ਖਬਰ ਦਈ। ਨਗਾਰਚੀ ਸਿੱਖ ਨੇ ਗੁਰੂ ਜੀ ਕਾ ਬਚਨ ਪਾਇ ਨਗਾਰੇ 'ਤੇ ਦੁਹਰੀ ਚੋਟ ਲਗਾਈ ਸਿੱਖ ਫ਼ੌਜ ਇਕੋ ਵਾਰੀ ਨਾਲੇ ਤੀਰ ਜਾਏ ਪਹੁੰਚੀ।'[4] ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਸ ਦਾ ਜ਼ਿਕਰ *ਬਚਿੱਤ੍ਰ ਨਾਟਕ* ਵਿਚ ਕੀਤਾ ਹੈ ਕਿ ਜਦੋਂ ਵੈਰੀ ਦੀ ਫ਼ੌਜ ਦਾ ਦਲ ਨਦੀ ਨੇੜੇ ਆ ਗਿਆ ਤਾਂ ਆਲਮ ਨਾਮ ਦੇ ਸਿੱਖ ਨੇ ਮੈਨੂੰ ਆ ਕੇ ਦਸਿਆ –

---

1 ਹਰਜਿੰਦਰ ਸਿੰਘ ਦਿਲਗੀਰ, ਮਾਤਾ ਗੁਜਰੀ ਚਾਰ ਸਾਹਿਬਜ਼ਾਦੇ ਚਾਲ੍ਹੀ ਮੁਕਤੇ, ਪੰਨਾ 51.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 106.

3 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤ 3 ਅੰਸੂ 20.

4 ਭਾਈ ਸ੍ਰਰੂਪ ਸਿੰਘ ਕੌਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 104.

ਜਬ ਦਲ ਪਾਰ ਨਦੀ ਕੇ ਆਯੋ। ਆਨਿ ਆਲਮੈ ਹਮੈ ਜਗਾਯੋ।

ਸੋਰੁ ਪੁਰਾ ਸਭ ਹੀ ਨਰ ਜਾਗੇ। ਗਹਿ ਗਹਿ ਸਸਤ੍ਰ ਬੀਰ ਰਿਸ ਪਾਗੇ।[1]

ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਭਾਈ ਆਲਮ ਸਿੰਘ ਸਿਆਲਕੋਟ ਵਾਸੀ ਭਾਈ ਦੁਰਗੂ ਦਾ ਪੁੱਤਰ ਸੀ। ਇਸ ਨੂੰ ਭਾਈ ਬੱਜਰ ਸਿੰਘ ਦੀ ਪੁੱਤਰੀ ਬੀਬੀ ਭਿੱਖੀ ਵਿਆਹੀ ਹੋਈ ਸੀ। ਇਹ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਇਆ।[2]

**ਈਸਰ ਸਿੰਘ** : ਈਸਰ ਸਿੰਘ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ ਸੀ। ਅਨੰਦਪੁਰ ਵਿਚ ਇਕ ਵੈਸਾਖ ਸੰਮਤ 1656 ਬਿ. (1699 ਈ.) ਨੂੰ ਪੰਜ ਪਿਆਰਿਆਂ ਤੋਂ ਬਾਅਦ ਵਿਚ ਅੰਮ੍ਰਿਤ ਛਕਣ ਵਾਲਿਆਂ ਵਿਚੋਂ ਈਸਰ ਸਿੰਘ ਇਕ ਸਨ।[3] ਇਹ ਕਿਲ੍ਹਾ ਤਾਰਾਗੜ੍ਹ ਅਨੰਦਪੁਰ ਸਾਹਿਬ ਦੇ ਜੁੱਧ ਵਿਚ ਸੰਮਤ 1757 ਬਿ. (1700 ਈ.) ਨੂੰ ਸ਼ਹੀਦ ਹੋਇਆ। ਈਸਰ ਸਿੰਘ ਬੇਟਾ ਕੇਵਲ ਕਾ ਪੋਤਾ ਆੜੂ ਕਾ ...ਬਿੰਜਲਉਤ...ਸਾਲ ਸਤਰਾਂ ਸੈ ਸਤਵੰਜਾ ਭਾਦਵ ਪ੍ਰਵਿਸ਼ਟੇ ਉਨੱਤੀਸ ਵੀਰਵਾਰ ਕੇ ਦਿਹੁੰ। ਗੁਰੂ ਕੇ ਸ਼ਹਿਜਾਦੇ ਅਜੀਤ ਸਿੰਘ ਕਾ ਬਚਨ ਪਾਇ ਕਿਲਾ ਤਾਰਾਗਢ ਕੇ ਮਲਹਾਨ ਪ੍ਰਗਨਾ ਤਾਰਾਪੁਰ ਏਕ ਪਹਿਰ ਘੋਰ ਜੁਧ ਕਰਕੇ ਘਣੇ ਪਰਬਤੀ ਮਾਰ ਸਾਹਮੇਂ ਮਾਥੇ ਰਣ ਮੇਂ ਜੂਝ ਕਰ ਸ਼ਹਾਦਤਾਂ ਪਾਇ ਗਏ।[4]

**ਸਾਹਿਬ ਸਿੰਘ, ਭਾਈ** : ਭਾਈ ਸਾਹਿਬ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਪੰਜ ਪਿਆਰਿਆਂ ਵਿਚੋਂ ਇਕ ਸੀ। ਇਨ੍ਹਾਂ ਦਾ ਪਹਿਲਾ ਨਾਂ ਸਾਹਿਬ ਚੰਦ ਸੀ। ਸਾਹਿਬ ਚੰਦ ਚਮਨ ਲਾਲ ਦੇ ਸਪੁੱਤਰ ਸਨ। ਚਮਨ ਲਾਲ ਦੇ ਵੱਡੇ-ਵਡੇਰੇ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਸਿੱਖ ਪੰਥ ਵਿਚ ਸ਼ਾਮਿਲ ਹੋਏ ਸਨ। ਇਸ ਪਰਿਵਾਰ ਨੇ ਨਾਈ ਦਾ ਕੰਮ ਛੱਡ ਕੇ ਮਿਹਨਤ ਮਜ਼ਦੂਰੀ ਨਾਲ ਰੋਟੀ ਕਮਾਉਣੀ ਸ਼ੁਰੂ ਕਰ ਦਿੱਤੀ ਸੀ। ਭਾਈ ਚਮਨ ਲਾਲ ਆਪਣੇ ਬੇਟੇ ਸਾਹਿਬ ਚੰਦ ਨੂੰ ਨਾਲ ਲੈ ਕੇ ਸੰਨ 1685 ਈ. ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਦਰਸ਼ਨਾਂ ਲਈ ਆਏ।

---

1 ਸ਼ਬਦਾਰਥ ਦਸਮ ਗ੍ਰੰਥ (ਪੋਥੀ ਪਹਿਲੀ), ਪੰਨਾ 82.

2 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 202.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 881.

4 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 121.

ਉਸ ਸਮੇਂ ਸਾਹਿਬ ਚੰਦ ਦੀ ਉਮਰ 23 ਸਾਲ ਦੀ ਸੀ। ਸਾਹਿਬ ਚੰਦ ਨੇ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਤੇ ਬਚਨ ਸੁਣੇ ਉਹ ਕੀਲਿਆ ਗਿਆ ਅਤੇ ਸਦਾ ਵਾਸਤੇ ਗੁਰੂ ਸਾਹਿਬ ਦਾ ਹੋ ਕੇ ਰਹਿ ਗਿਆ।[1]

ਗੁਰੂ ਗੋਬਿੰਦ ਸਿੰਘ ਸਾਹਿਬ ਅਪ੍ਰੈਲ 1685 ਈ. ਤੋਂ ਅਕਤੂਬਰ 1688 ਈ. ਤਕ ਪਾਉਂਟਾ ਸਾਹਿਬ ਰਹੇ ਸਨ। ਇਸ ਸਮੇਂ ਸਾਹਿਬ ਚੰਦ ਗੁਰੂ ਸਾਹਿਬ ਦੇ ਨਾਲ ਸੀ। ਜਦੋਂ 18 ਸਤੰਬਰ 1688 ਈ. ਦੇ ਦਿਨ ਗੜ੍ਹਵਾਲ ਦੇ ਰਾਜੇ ਫਤਿਹ ਸ਼ਾਹ ਨੇ ਗੁਰੂ ਸਾਹਿਬ 'ਤੇ ਹਮਲਾ ਕੀਤਾ ਤਾਂ ਭੰਗਾਣੀ ਪਿੰਡ ਵਿਚ ਹੋਈ ਲੜਾਈ ਵਿਚ ਭਾਈ ਸਾਹਿਬ ਚੰਦ ਨੇ ਵੀ ਡੱਟ ਕੇ ਲੜਾਈ ਕੀਤੀ ਤੇ ਵੈਰੀਆਂ ਦੇ ਖ਼ੂਬ ਆਹੂ ਲਾਹੇ।[2]

ਨਵੰਬਰ 1688 ਈ. ਵਿਚ ਗੁਰੂ ਸਾਹਿਬ ਚੱਕ ਨਾਨਕੀ ਵਾਪਿਸ ਪੁੱਜ ਗਏ ਤੇ ਅਨੰਦਪੁਰ ਸਾਹਿਬ ਵਸਾਇਆ। ਤਾਂ ਆਪ ਵੀ ਗੁਰੂ ਜੀ ਦੇ ਨਾਲ ਆ ਗਏ। ਗੁਰੂ ਦੇ ਖ਼ਾਲਸਾ ਪ੍ਰਗਟ ਕਰਨ ਸਮੇਂ ਆਪ ਨੇ ਆਪਣਾ ਸੀਸ ਭੇਟ ਕੀਤਾ। ਪੰਜ ਪਿਆਰਿਆਂ ਵਿਚ ਸ਼ਾਮਿਲ ਹੋਕੇ ਸਾਹਿਬ ਚੰਦ ਤੋਂ ਸਾਹਿਬ ਸਿੰਘ ਬਣੇ। ਭਾਈ ਸਾਹਿਬ ਸਿੰਘ ਨੇ ਅਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਵਿਚ ਹੋਏ ਹਮਲਿਆਂ ਵਿਚ ਦੁਸ਼ਮਣ ਦੇ ਖਿਲਾਫ ਡੱਟ ਕੇ ਲੜਾਈ ਕੀਤੀ। ਦਸਮ ਪਾਤਸ਼ਾਹ ਨੇ 5-6 ਦਸੰਬਰ 1705 ਈ. ਨੂੰ ਅਨੰਦਪੁਰ ਛੱਡਿਆ ਤਾਂ ਆਪ ਉਨ੍ਹਾਂ ਚਾਲੀ ਸਿੰਘਾਂ ਵਿਚ ਸ਼ਾਮਿਲ ਹੋਏ ਜਿਨ੍ਹਾਂ ਨੇ ਗੁਰੂ ਸਾਹਿਬ ਦੀ ਸੇਵਾ ਵਿਚ ਜੀਣ ਮਰਨ ਦੀਆਂ ਕਸਮਾਂ ਖਾਧੀਆਂ ਸਨ। ਅਨੰਦਪੁਰ ਤੋਂ ਨਿਕਲ ਕੇ 7 ਦਸੰਬਰ ਨੂੰ ਚਮਕੌਰ ਪਹੁੰਚੇ ਤਾਂ ਉਸ ਦਿਨ ਮੁਗ਼ਲ ਫ਼ੌਜ ਨੇ ਚਮਕੌਰ ਦੀ ਗੜ੍ਹੀ ਨੂੰ ਘੇਰ ਲਿਆ ਇਸ ਵਿਚ ਗਹਿਗੱਚ ਲੜਾਈ ਹੋਈ। ਇੱਥੇ ਇਕ-ਇਕ ਸਿੰਘ ਨੇ ਕਈ-ਕਈ ਮੁਗ਼ਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਮੌਕੇ 'ਤੇ ਚਾਲੀ ਸਿੰਘ ਸ਼ਹੀਦ ਹੋਏ ਜਿਨ੍ਹਾਂ ਵਿਚ ਭਾਈ ਸਾਹਿਬ ਸਿੰਘ ਨੇ ਵੈਰੀਆਂ ਨਾਲ ਜੂਝਦੇ ਸ਼ਹਾਦਤ ਦਾ ਜਾਮ ਪੀਤਾ।

**ਸਾਹਿਬ ਚੰਦ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਪ੍ਰੇਮੀ ਸਿੱਖ, ਜੋ ਮਹਾਨ ਯੋਧਾ ਸੀ।[3] ਇਹ ਅਨੰਦਪੁਰ ਦੇ ਯੁੱਧ

---

1 ਹਰਜਿੰਦਰ ਸਿੰਘ ਦਿਲਗੀਰ, ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ ਚਾਲ੍ਹੀ ਮੁਕਤੇ, ਪੰਨੇ 56-57.

2 ਕਵਿ ਸੈਨਾਪਤਿ ਰਚਿਤ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨੇ 19 .

3 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨੇ 300.

ਵਿਚ ਸ਼ਹੀਦ ਹੋਇਆ। ਗੁਰੂ ਸਾਹਿਬ ਦੀ ਆਗਿਆ ਨਾਲ ਇਸ ਦਾ ਸਸਕਾਰ ਨਿਰਮੋਹਗੜ੍ਹ ਕੀਤਾ ਗਿਆ। ਕਵੀ ਸੈਨਾਪਤਿ ਲਿਖਦਾ *ਸ੍ਰੀ ਗੁਰ ਸੋਭਾ* ਵਿਚ ਲਿਖਦਾ ਹੈ –

ਜੋਰ ਲਰੈ ਤਹਿ ਖ਼ਾਲਸਾ ਆਛੈ ਹੂ ਮਦਤ ਸਾਹਿਬ ਚੰਦ ਕੀ ਜਾਈ॥
ਏਕ ਸੋ ਏਕ ਮਹਾਬਲੀ ਸੂਰ ਲਰੇ ਰਨ ਮੈ ਜੁ ਕਰੈ ਹਥਿ ਆਈ॥
ਮਾਰਿ ਲਈ ਤਹਾਂ ਫ਼ੌਜ ਕਿਤੀ ਜੁ ਰਹੀ ਸੁ ਅਤੀ ਜੁ ਦਈ ਬਿਲਚਾਈ॥
ਜੀਤ ਭਈ ਤਹਾਂ ਖ਼ਾਲਸੇ ਕੀ ਅਰੁ ਸਾਹਿਬ ਚੰਦ ਕੀ ਲੋਥ ਉਠਾਈ॥6॥342॥
ਦੋਹਰਾ॥ ਲੋਥ ਲੀਯੇ ਨਿਰਮੋਹ ਮੈ ਆਨਿ ਦਿਯੋ ਤਿਹ ਦਾਗ॥
ਪ੍ਰਾਨ ਦਿਯੇ ਹੁਇ ਖ਼ਾਲਸਾ ਪੂਰਨ ਤਾਕੇ ਭਾਗ॥7॥343॥[1]

ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ ਸੰਪਾਦਤ *ਸ੍ਰੀ ਗੁਰ ਸੋਭਾ* ਦੇ ਪੰਨਾ ਨੰ. 64 'ਤੇ ਸਾਹਿਬ ਚੰਦ ਸੰਬੰਧੀ ਫੁੱਟ ਨੋਟ ਦਿੱਤਾ ਹੈ ਕਿ ਇਹ ਭੰਗਾਣੀ ਦੇ ਯੁੱਧ ਵਿਚ ਵੀ ਲੜਿਆ ਸੀ। ਉਹ ਸਾਹਿਬ ਚੰਦ ਹੋਰ ਹੈ। ਜਿਹੜਾ ਸੀਸ ਦੇ ਕੇ ਪੰਜ ਪਿਆਰਿਆਂ ਵਿਚ ਸ਼ਾਮਿਲ ਹੋਇਆ ਸੀ ਅਤੇ ਉਸ ਦਾ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਣਾ ਮਿਲਦਾ ਹੈ।

**ਸੁੱਖਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰੇਮੀ ਸਿੱਖ। ਇਹ ਰਾਇ ਸਿੰਘ ਦਾ ਪੁੱਤਰ ਸੀ। ਸੁੱਖਾ ਸਿੰਘ ਸੰਮਤ 1757 ਬਿ. (1700 ਈ.) ਨੂੰ ਲੋਹਗੜ੍ਹ ਵਿਖੇ ਸ਼ਹੀਦ ਹੋਇਆ।[2]

**ਸੂਰਤ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ ਸੀ। ਸੂਰਤ ਸਿੰਘ ਕੇਵਲ ਸਿੰਘ ਦਾ ਪੁੱਤਰ ਸੀ। ਇਹ ਸੰਮਤ 1757 ਬਿ. (1700 ਈ.) ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ।[3]

**ਸ਼ੇਰ ਸਿੰਘ** : ਸ਼ੇਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਫ਼ੌਜਦਾਰ ਸਿਦਕੀ ਸਿੱਖ ਸੀ। ਇਹ ਅਨੰਦਪੁਰ ਦੇ ਲੋਹਗੜ੍ਹ

---

1 ਕਵਿ ਸੈਨਾਪਤਿ ਰਚਿਤ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨੇ 64.

2 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 196.

3 *ਉਹੀ,* ਪੰਨਾ 196.

ਕਿਲੇ ਵਿਚ ਮੁਕੱਰਰ ਸੀ। ਇਸ ਨੇ ਵੱਡੀ ਬਹਾਦਰੀ ਨਾਲ ਦੁਸ਼ਮਣਾਂ ਦਾ ਮੁਕਾਬਲਾ ਕੀਤਾ।[1] ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਗੁਰੂ ਸਾਹਿਬ ਨਾਲ ਅਨੰਦਪੁਰ ਛੱਡਣ ਵੇਲੇ ਨਾਲ ਸਨ। ਇਹ ਚਮਕੌਰ ਦੀ ਗੜ੍ਹੀ ਵਿਚ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਸਨ। ਇਨ੍ਹਾਂ ਨੂੰ ਗੜ੍ਹੀ ਦੇ ਦਰਵਾਜੇ 'ਤੇ ਤਾਇਨਾਤ ਕੀਤਾ ਹੋਇਆ ਸੀ। ਗੜ੍ਹੀ ਵਿਚ ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਦੋਵੇਂ ਯੋਧੇ ਸ਼ਹੀਦ ਹੋ ਗਏ।[2] *ਤਾਰੀਖ਼-ਏ-ਪੰਜਾਬ* ਦੇ ਕਰਤਾ ਕਨ੍ਹੱਈਆ ਲਾਲ ਅਨੁਸਾਰ ਲੋਹਗੜ੍ਹ ਦੇ ਦੋ ਅਧਿਕਾਰੀਆਂ ਨਾਹਰ ਸਿੰਘ ਤੇ ਸ਼ੇਰ ਸਿੰਘ ਨੇ ਰਾਤ ਨੂੰ ਮੁਗ਼ਲ ਫ਼ੌਜ ਉਤੇ ਹੱਲਾ ਬੋਲ ਕੇ ਹਜ਼ਾਰਾਂ ਵੈਰੀਆਂ ਨੂੰ ਢੇਰ ਕੀਤਾ।[3] ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਗੁਰੂ ਸਾਹਿਬ ਦੇ ਅਨੰਦਪੁਰ ਛੱਡਣ ਵੇਲੇ ਨਾਲ ਸਨ। ਇਹ ਚਮਕੌਰ ਦੀ ਗੜ੍ਹੀ ਵਿਚ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਸਨ। ਇਨ੍ਹਾਂ ਨੂੰ ਗੜ੍ਹੀ ਦੇ ਦਰਵਾਜੇ ’ਤੇ ਤਾਇਨਾਤ ਕੀਤਾ ਹੋਇਆ ਸੀ। ਗੜ੍ਹੀ ਵਿਚ ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਦੋਵੇਂ ਯੋਧੇ ਸ਼ਹੀਦ ਹੋ ਗਏ।[4]

**ਸੇਵਾ ਸਿੰਘ** : ਸ੍ਰੀ ਦਸਮੇਸ਼ ਜੀ ਦਾ ਇਕ ਸੈਨਿਕ ਸਿੱਖ। ਸੇਵਾ ਸਿੰਘ ਜੀਤਾ ਸਿੰਘ ਦਾ ਪੁੱਤਰ ਸੀ। ਇਹ ਦਸਮ ਪਾਤਸ਼ਾਹ ਦੇ ਸਿਦਕੀ ਸਿੱਖਾਂ ਵਿਚੋਂ ਸੀ। ਸੇਵਾ ਸਿੰਘ 12 ਕੱਤਕ ਸੰਮਤ 1757 ਨੂੰ ਨਿਰਮੋਹਗੜ੍ਹ ਵਿਖੇ ਸ਼ਹੀਦ ਹੋਇਆ।[5]

**ਸੋਹਨ ਚੰਦ** : ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰੇਮੀ ਸਿੱਖ। ਸੋਹਨ ਚੰਦ ਭਾਈ ਮਾਈ ਦਾਸ ਦਾ ਪੁੱਤਰ ਸੀ। ਇਹ ਨਦੌਣ ਦੀ ਜੰਗ ਵਿਚ ਜੂਝ ਕੇ ਸ਼ਹੀਦ ਹੋਇਆ। ਇਸ ਪ੍ਰਥਾਇ *ਗੁਰੂ ਕੀਆਂ ਸਾਖੀਆਂ* ਵਿਚ ਲਿਖਿਆ ਹੈ - ‘ਮਾਈਦਾਸ ਦਾ ਬੇਟਾ। ਗੁਰੂ ਜੀ ਕੇ ਸਾਥੀ ਸਿੱਖ ਭਾਈ ਸੋਹਨ ਚੰਦ ਤੇ ਮੂਲ ਚੰਦ ਆਦਿ ਸਾਹਵੇਂ ਮਾਥੇ ਰਣ ਮੇਂ ਜੂਝ ਕੇ ਸ਼ਹਾਦਤ ਪਾਇ ਗਏ। ਸੋਹਨ ਚੰਦ ਬੇਟਾ ਮਾਈਦਾਸ ਕਾ ਪੋਤਾ ਬਲੂ ਕਾ ਪੜਪੋਤਾ ਮੂਲੇ ਕਾ... ਸਾਲ ਸਤਰਾਂ ਸੈ ਸੈਂਤਾਲੀਸ ਚੇਤ ਪ੍ਰਵਿਸ਼ਟੇ ਬਾਈਸ ਗੁਰਵਾਰ ਕੇ ਦਿਹੁੰ ਗੁਰੂ ਕਾ ਬਚਨ ਪਾਇ ਨਦਉਨ ਕੇ ਮਲਹਾਨ

---

1 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨੇ 301.

2 ਹਰਜਿੰਦਰ ਸਿੰਘ ਦਿਲਗੀਰ, ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ ਚਾਲ੍ਹੀ ਮੁਕਤੇ, ਪੰਨੇ 38-39.

3 ਕਨ੍ਹੱਈਆ ਲਾਲ, ਤਾਰਖ਼-ਏ-ਪੰਜਾਬ, ਪੰਨਾ 48.

4 ਹਰਜਿੰਦਰ ਸਿੰਘ ਦਿਲਗੀਰ, ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ ਚਾਲ੍ਹੀ ਮੁਕਤੇ, ਪੰਨੇ 38-39.

5 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 196.

ਸਾਮੇ ਮਾਥੇ ਜੂਝ ਕਰ ਮਰਾ।'[1]

**ਸੰਗਤ ਸਿੰਘ, ਛਾਬੜਾ** : ਭਾਈ ਸੰਗਤ ਸਿੰਘ ਛਾਬੜਾ ਗੋਤ ਦਾ ਅਰੋੜਾ ਸਿੱਖ ਸੀ। ਇਹ ਪਟੀ ਜਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਸੀ।[2] ਇਹ ਗੁਰੂ ਗੋਬਿੰਦ ਸਿੰਘ ਜੀ ਦੇ ਖਾਸ ਦਰਬਾਰੀ ਸਿੱਖਾਂ ਵਿਚੋਂ ਇਕ ਸੀ। ਇਹ ਬਹੁਤ ਹੀ ਬਹਾਦਰ ਯੋਧਾ ਅਤੇ ਗੁਰੂ ਸਾਹਿਬ ਦੀ ਫ਼ੌਜ ਦਾ ਮੰਨਿਆ ਹੋਇਆ ਜਰਨੈਲ ਸੀ। ਭਾਈ ਸੰਗਤ ਸਿੰਘ ਹਮੇਸ਼ਾਂ ਗੁਰੂ ਸਾਹਿਬ ਕੋਲ ਅਨੰਦਪੁਰ ਸਾਹਿਬ ਹੀ ਰਿਹਾ ਕਰਦਾ ਸੀ। ਖ਼ਾਲਸਾ ਪ੍ਰਗਟ ਹੋਣ ਤੋਂ ਬਾਅਦ ਇਹ ਚਮਕੌਰ ਦੀ ਲੜਾਈ ਤੱਕ ਉਹ ਗੁਰੂ ਸਾਹਿਬ ਦੇ ਅੰਗ-ਸੰਗ ਹੀ ਰਿਹਾ ਸੀ। ਮਈ 1705 ਈ. ਵਿਚ ਜਦੋਂ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਇਹ ਗੁਰੂ ਸਾਹਿਬ ਦੇ ਕੋਲ ਹੀ ਸੀ। ਇਥੋਂ 5 - 6 ਦਸੰਬਰ ਦੀ ਰਾਤ ਨੂੰ ਨਿਕਲ ਕੇ ਜਾਣ ਸਮੇਂ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਜਾਨਾਂ ਵਾਰਨ ਦਾ ਪ੍ਰਣ ਕਰਨ ਵਾਲੇ 40 ਮੁਕਤਿਆਂ ਵਿਚੋਂ ਇਕ ਸਨ। ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਚਮਕੌਰ ਦੀ ਗੜ੍ਹੀ ਵਿਚ 45 ਸਿੰਘਾਂ ਸਮੇਤ ਇਹ ਵੀ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਿਰ ਸੀ। ਇਥੇ ਗਹਿਗੱਚ ਲੜਾਈ ਹੋਈ ਜਿਸ ਵਿਚ ਦੋ ਸਾਹਿਬਜ਼ਾਦੇ ਅਤੇ 38 ਸਿੰਘ ਸ਼ਹੀਦ ਹੋ ਚੁੱਕੇ ਸਨ। ਬਾਕੀ ਬਚੇ ਸਿੱਖਾਂ ਨੇ ਗੁਰੂ ਸਾਹਿਬ ਨੂੰ ਗੜ੍ਹੀ ਵਿਚੋਂ ਨਿਕਲ ਜਾਣ ਲਈ ਕਿਹਾ, ਗੁਰੂ ਸਾਹਿਬ ਨਾ ਮੰਨੇ। ਫਿਰ ਸਿੰਘਾਂ ਨੇ 'ਗੁਰਮਤਾ' ਕਰਕੇ ਗੁਰੂ ਸਾਹਿਬ ਨੂੰ ਹੁਕਮ ਜਾਰੀ ਕੀਤਾ ਤਾਂ ਗੁਰੂ ਸਾਹਿਬ ਨੂੰ ਮੰਨਣਾ ਪਿਆ। ਪੰਜ ਸਿੰਘ ਗੁਰੂ ਸਾਹਿਬ ਨਾਲ ਗੜ੍ਹੀ ਵਿਚੋਂ ਚਲੇ ਗਏ। ਭਾਈ ਸੰਗਤ ਸਿੰਘ ਛਾਬੜਾ ਅਤੇ ਭਾਈ ਸੰਤ ਬੰਗੇਸ਼ਰੀ ਹੀ ਰਹਿ ਗਏ। ਮੁਗ਼ਲ ਫ਼ੌਜਾਂ ਨੇ ਫਿਰ ਹਮਲਾ ਕਰ ਦਿੱਤਾ। ਇਹ ਦੋ ਸਿੰਘ ਜਾਨਾਂ ਵਾਰ ਕੇ ਜੂਝਦੇ ਹੋਏ ਸ਼ਹੀਦ ਹੋ ਗਏ। ਜਦੋਂ ਮੁਗ਼ਲਾਂ ਨੂੰ ਗੜ੍ਹੀ ਅੰਦਰ ਦੋ ਹੀ ਸਿੰਘ ਸ਼ਹੀਦ ਹੋਏ ਨਜ਼ਰੀ ਆਏ ਤਾਂ ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ।[3]

**ਸੰਗਤ ਸਿੰਘ, ਬੰਗੇਸ਼ਰੀ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਅਨਿੰਨ ਸਿੱਖ ਸੀ। ਗੁਰੂ ਗੋਬਿੰਦ ਸਿੰਘ ਦੇ ਸਰੀਰ ਛੱਡਣ

---

1 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 98.

2 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 205.

3 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨੇ 147-48.

ਮਗਰੋਂ ਭਾਈ ਸੰਗਤ ਸਿੰਘ ਭਾਈ ਮਨੀ ਸਿੰਘ ਕੋਲ ਅੰਮ੍ਰਿਤਸਰ ਰਹਿੰਦੇ ਰਹੇ ਸਨ। ਅਪ੍ਰੈਲ 1734 ਈ. ਵਿਚ ਉਨ੍ਹਾਂ ਨੂੰ ਭਾਈ ਮਨੀ ਸਿੰਘ ਦੇ ਨਾਲ ਗ੍ਰਿਫਤਾਰ ਕਰਕੇ 24 ਜੂਨ ਦੇ ਦਿਨ ਲਾਹੌਰ ਵਿਚ ਸ਼ਹੀਦ ਕਰ ਦਿੱਤਾ ਗਿਆ। ਭਾਈ ਸੰਗਤ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਤਾਰੀਖੀ ਸੋਮਿਆਂ ਵਿਚ ਇੰਞ ਮਿਲਦਾ ਹੈ- ''ਸੰਗਤ ਸਿੰਘ ਨਠੀਏ ਕਾ, ਰਣ ਸਿੰਘ ਨਠੀਏ ਕਾ, ਪੋਤੇ ਬੱਲੂ ਕੇ ਪੜਪੋਤੇ ਮੂਲੇ... ਚੰਦਰ ਬੰਸੀ ਭਾਰਦੁਆਸੀ ਗੋਤ੍ਰ ਪੁਆਰ ਸੰਗਤ ਸੱਤਰਾਂ ਸੈ ਇਕਾਨਮੇ ਅਸਾਢ ਸੁਦੀ ਪੰਚਮੀ ਲਾਹੌਰ ਕੇ ਮਲਾਨ ਛੇ ਘੜੀ ਦਿਹੁੰ ਚਢੇ, ਲਵਪੁਰ ਨਿਖਾਸ ਚੌਂਕ ਮੇਂ। ਲਾਇ ਕਾਜ਼ੀ ਕੇ ਹੁਕਮ ਸਾਥ ਭਾਈ ਮਨੀ ਸਿੰਘ ਗੈਲੋਂ ਖਿੜੇ ਮਾਥੇ ਸ਼ਹਾਦਤ ਪਾਇ ਗਏ।[1]

ਭਾਈ ਸੰਗਤ ਸਿੰਘ ਬੰਗੇਸ਼ਰੀ ਤਾਂ 24 ਜੂਨ 1734 ਈ. ਦੇ ਦਿਨ ਭਾਈ ਮਨੀ ਸਿੰਘ ਦੇ ਨਾਲ ਲਾਹੌਰ ਵਿਚ ਸ਼ਹੀਦ ਹੋਏ ਸਨ। ਕਈ ਲੇਖਕ 8 ਦਸੰਬਰ 1705 ਈ. ਦੇ ਦਿਨ ਸ਼ਹੀਦ ਹੋਣ ਵਾਲੇ ਸੰਗਤ ਸਿੰਘ ਦੀ ਥਾਂ ਸੰਤ ਸਿੰਘ ਲਿਖ ਦਿੰਦੇ ਹਨ। ਦਰਅਸਲ ਇਹ ਸੰਗਤ ਸਿੰਘ ਬੰਗੇਸ਼ਰੀ ਸਨ ਅਤੇ ਦੂਜੇ ਸਿੰਘ ਭਾਈ ਸੰਗਤ ਸਿੰਘ ਛਾਬੜਾ ਅਰੋੜਾ ਸਨ। ਇਕੋ ਜਿਹਾ ਨਾਂ ਹੋਣ ਕਰਕੇ ਇਨ੍ਹਾਂ ਲੇਖਕਾਂ ਨੂੰ ਭੁਲੇਖਾ ਲਗਾ ਜਾਪਦਾ ਹੈ। *ਗੁਰਬਿਲਾਸ ਪਾਤਸ਼ਾਹੀ ੧੦* ਅਨੁਸਾਰ 'ਭਾਈ ਮਨੀ ਸਿੰਘ ਦੇ ਸਾਥੀ ਜੋ ਨਖਾਸ਼ ਚੌਕ ਲਾਹੌਰ ਵਿਚ ਨਵਾਬ ਜ਼ਕਰੀਆ ਖ਼ਾਨ (ਖ਼ਾਨ ਬਹਾਦੁਰ) ਦੇ ਹੁਕਮ ਨਾਲ ਸ਼ਹੀਦ ਕੀਤੇ ਗਏ ਸਨ। ਗੁਰਮਖਿ ਸਿੰਘ ਮਾਂਹੇ ਅਤਿ ਬੀਰਾ। ਰਣ ਸਿੰਘ ਏਕ ਅਗਮ ਮਤਿ ਧੀਰਾ। ਸੰਗਤ ਸਿੰਘ ਨਾਮ ਹੈ ਜਾਕੋ। ਏ ਜੂਝੇ ਹੈ ਬੀਰ ਸੁ ਬਾਕੋ।190। ਔਰ ਸਿੰਘ ਹੈਂ ਬਡੇ ਬਡੇਰੇ। ਪਰੇ ਨਿਖਾਸਤ ਬੀਚ ਸੁ ਹੋਰੇ। ਤਬ ਹੀ ਖਾਨ ਬਹਾਦੁਰ ਆਯੋ। ਪੁਨਿ ਕਾਜੀ ਕੋ ਸੰਗ ਲਿਆਯੋ।191।'[2]

**ਸੰਗਤਰਾਇ (ਸੰਗਤੀਆ ਸਿੰਘ)** : ਇਹ ਗੁਰੂ ਦਸਮੇਸ਼ ਜੀ ਦਾ ਇਕ ਵਿਸ਼ਵਾਸ਼ੀ ਸਿੱਖ ਜੋਧਾ ਸੀ। ਇਸ ਦੇ ਪਿਤਾ ਦਾ ਨਾਂ ਜੱਗੂ ਸੀ। ਹੁਸੈਨੀ ਫ਼ੌਜ ਦਾ ਜਰਨੈਲ ਹੁਸੈਨ ਖਾਂ ਜੋ ਸਾਰੀ ਤੁਰਕਾਨੀ ਫ਼ੌਜ ਵਿਚ ਮੰਨਿਆ ਹੋਇਆ ਜੋਧਾ ਸੀ। ਇਹ ਆਪਣਾ ਘੋੜਾ ਭਜਾ ਕੇ ਜੰਗ ਵਿਚ ਭਾਈ ਸੰਗਤਰਾਇ ਦੇ ਸਾਹਮਣੇ ਆ ਗਿਆ। ਸੰਗਤਰਾਇ ਨੇ ਆਪਣੇ ਤੀਰ ਨਾਲ ਇਸ ਨੂੰ ਮਾਰ ਦਿੱਤਾ। ਇਸ ਦੇ ਮਰਨ ਨਾਲ ਸਾਰੀ ਫ਼ੌਜ ਵਿਚ ਭਗਦੜ ਮਚ ਗਈ। ਕ੍ਰਿਪਾਲ ਚੰਦ ਤੇ

---

1 ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 327.

2 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 293.

ਅਜਮੇਰ ਚੰਦ ਹੁਸੈਨੀ ਦਾ ਬਦਲਾ ਲੈਣ ਲਈ ਅੱਗੇ ਆਏ। ਭਾਈ ਸੰਗਤਰਾਇ ਨੇ ਇਸ ਤਰ੍ਹਾਂ ਤੀਰ ਚਲਾਏ ਕਿ ਤੀਰਾਂ ਦੀ ਕਾਲੀ-ਬੋਲੀ ਅੰਧੇਰੀ ਆ ਗਈ। ਇਸ ਬਹਾਦਰ ਜੋਧੇ ਨੇ ਦੁਸ਼ਮਣ ਫ਼ੌਜ ਨੂੰ ਪਛਾੜ ਕੇ ਰੱਖ ਦਿੱਤਾ। ਇੰਨੇ ਨੂੰ ਪਰਬਤੀ ਫ਼ੌਜ ਦੇ ਇਕ ਮਨਚਲੇ ਨੌਜੁਆਨ ਨੇ ਇਸ ਦੇ ਤੀਰ ਮਾਰਿਆ ਤੇ ਇਹ ਗੁਲੇਰ ਦੀ ਜੰਗ ਵਿਚ ਕ੍ਰਿਪਾਲ ਚੰਦ ਕਟੋਚੀਆ, ਅਜਮੇਰ ਚੰਦ ਕਹਿਲੂਰੀ ਅਤੇ ਹੁਸੈਨੀ ਫ਼ੌਜ ਨਾਲ ਲੜ ਕੇ ਸ਼ਹੀਦ ਹੋਇਆ। *ਗੁਰੂ ਕੀਆਂ ਸਾਖੀਆਂ* ਅਨੁਸਾਰ 'ਪਰਬਤੀ ਫ਼ੌਜ ਮੇਂ ਸੇ ਕਿਸੇ ਮਨਚਲੇ ਜੁਆਨ ਨੇ ਇਸੇ ਤੱਕ ਕੇ ਤੀਰ ਮਾਰਾ ਭਾਈ ਸੰਗਤ ਸਿੰਘ ਪਰਲੋਕ ਪਿਆਨਾ ਕਰ ਗਿਆ। ਇਸ ਕੀ ਲਾਸ਼ ਉਠਾਨੇ ਕੇ ਲੀਏ ਭਾਈ ਲਹਿਨੀਆ, ਹਨੁਮੰਤ ਤੇ ਦਰਸੋ ਆਦਿ ਸਪਤ ਸਿੱਖ ਜਾਨਾਂ ਹੂਲ ਕੇ ਲਰੇ ਆਖਰ ਸਾਤੋਂ ਸਿੱਖ ਏਕ ਦੂਸਰੇ ਸੇ ਆਗੇ ਹੋਇ ਮੈਦਾਨੇ ਜੰਗ ਮੇਂ ਲੜ ਕੇ ਸ਼ਹਾਦਤਾਂ ਪਾਇ ਗਏ।'[1] ਭਾਈ ਸੰਗਤੀ ਗੁਰੂ ਸਾਹਿਬ ਦਾ ਇਕ ਪ੍ਰਸਿੱਧ ਸੈਨਾਪਤੀ ਸੀ। ਉਹ ਕਾਫੀ ਸਮਝਦਾਰ ਸੀ ਅਤੇ ਉਸ ਦਾ ਗੁਰੂ ਸਾਹਿਬ 'ਤੇ ਅਟੁੱਟ ਵਿਸ਼ਵਾਸ਼ ਸੀ। ਹੁਸੈਨੀ ਦੇ ਯੁੱਧ ਸਮੇਂ ਗੁਰੂ ਸਾਹਿਬ ਨੇ ਸੰਗਤੀਆ ਨੂੰ ਇਕ ਛੋਟੀ ਜਿਹੀ ਸੈਨਿਕ ਟੁਕੜੀ ਸਮੇਤ ਗੁਲੇਰ ਦੇ ਰਾਜਾ ਗੋਪਾਲ ਦੀ ਸਹਾਇਤਾ ਲਈ ਨਾਲ ਭੇਜਿਆ ਸੀ। ਇਹ ਸੈਨਾਪਤੀ ਵੀਰਤਾ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ।[2]

**ਸੰਤ ਸਿੰਘ, ਬੰਗੇਸ਼ਰੀ :** ਭਾਈ ਸੰਤ ਸਿੰਘ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਉਹ ਹਮੇਸ਼ਾਂ ਗੁਰੂ ਸਾਹਿਬ ਦੇ ਕੋਲ ਰਿਹਾ ਕਰਦੇ ਸਨ। ਖ਼ਾਲਸਾ ਪ੍ਰਗਟ ਹੋਣ ਤੋਂ ਬਾਅਦ ਚਮਕੌਰ ਦੀ ਲੜਾਈ ਤੱਕ ਉਹ ਗੁਰੂ ਸਾਹਿਬ ਦੇ ਅੰਗ-ਸੰਗ ਹੀ ਰਹੇ ਸਨ। ਜਦੋਂ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਉਹ ਗੁਰੂ ਸਾਹਿਬ ਦੇ ਕੋਲ ਹੀ ਸਨ। ਅਨੰਦਪੁਰ ਛੱਡਣ ਸਮੇਂ 5-6 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਜਾਨਾਂ ਵਾਰਨ ਦਾ ਪ੍ਰਣ ਕਰਨ ਵਾਲੇ 40 ਸਿੰਘਾਂ ਵਿਚ ਇਹ ਵੀ ਸ਼ਾਮਿਲ ਸੀ। ਚਮਕੌਰ ਦੀ ਗੜ੍ਹੀ ਵਿਚ ਸਿੰਘਾਂ ਨੂੰ ਮੁਗ਼ਲ ਫ਼ੌਜਾਂ ਨੇ ਘੇਰਾ ਪਾਇਆਂ ਅਤੇ ਇਥੇ ਗਹਿਗੱਚ ਲੜਾਈ ਹੋਈ ਜਿਸ ਵਿਚ ਦੋ ਸਾਹਿਬਜ਼ਾਦੇ ਅਤੇ 38 ਸਿੰਘ ਸ਼ਹੀਦ ਹੋ ਚੁੱਕੇ ਸਨ। ਬਾਕੀ ਬਚੇ ਸਿੱਖਾਂ ਨੇ ਗੁਰੂ ਸਾਹਿਬ ਨੂੰ ਗੜ੍ਹੀ ਵਿਚੋਂ ਚਲੇ ਜਾਣ ਲਈ ਬੇਨਤੀ ਕੀਤੀ, ਪਰ ਗੁਰੂ

---

[1] ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 105.

[2] ਵਰਿੰਦਰਜੀਤ ਸਿੰਘ ਗਿੱਲ, ਬਚਿਤ੍ਰ ਨਾਟਕ ਦਾ ਇਤਿਹਾਸਕ ਮਹੱਤਵ, ਪੰਨਾ 75.

ਸਾਹਿਬ ਨਾ ਮੰਨੇ। ਫਿਰ ਸਿੰਘਾਂ ਨੇ 'ਗੁਰਮਤਾ' ਕਰਕੇ ਗੁਰੂ ਸਾਹਿਬ ਨੂੰ ਹੁਕਮ ਜਾਰੀ ਕੀਤਾ ਤਾਂ ਗੁਰੂ ਸਾਹਿਬ ਨੂੰ ਮੰਨਣਾ ਪਿਆ। ਪੰਜ ਸਿੰਘ ਗੁਰੂ ਸਾਹਿਬ ਨਾਲ ਗੜ੍ਹੀ ਵਿਚੋਂ ਚਲੇ ਗਏ। ਭਾਈ ਸੰਤ ਸਿੰਘ ਬੰਗੇਸ਼ਰੀ ਅਤੇ ਸੰਗਤ ਸਿੰਘ ਛਾਬੜਾ ਹੀ ਰਹਿ ਗਏ। ਗੁਰੂ ਸਾਹਿਬ ਨੇ ਆਪਣਾ ਬਾਣਾ ਤੇ ਜਿਗ੍ਹਾ ਕਲਗੀ ਭਾਈ ਸੰਤ ਸਿੰਘ ਨੂੰ ਬਖਸ਼ੀ। ਗੁਰੂ ਸਾਹਿਬ ਦੇ ਇਕ *ਹੁਕਮਨਾਮੇ* ਵਿਚ ਭਾਈ ਸੰਤ ਸਿੰਘ ਨੂੰ ਕਲਗੀ ਬਖਸ਼ਣ ਤੇ ਉਨ੍ਹਾਂ ਦੀ ਸ਼ਹੀਦੀ ਬਾਰੇ ਲਿਖਿਆ ਹੈ –

'ਹੁਕਮ ਹੋਇਆ ਜੋ ਸੰਤ ਸਿੰਘ ਤੁਰਕ ਕਾ ਦੇਸ ਚੜ ਮਾਰੋ ਗੰਜ ਸਹੀਦੀ ਪਾਵਉ।

ਤੁਰਾ ਬਖਸਿਆ ਆਪ ਹੀ ਸਿਰ ਮੁਕਟ ਬਣਾਇਆ।

ਸਤਗੁਰੂ ਸੰਤ ਸਿੰਘ ਨੂੰ ਦੇ ਕੇ ਬਾਹਰ ਨਿਕਲ ਸਿਧਾਇਆ।...[1]

ਭਾਈ ਸੁੱਖਾ ਸਿੰਘ ਨੇ *ਗੁਰਬਿਲਾਸ ਪਾਤਸ਼ਾਹੀ ੧੦* ਦੇ ਇਕੀਵੇਂ ਅਧਿਆਇ ਵਿੱਚ ਲਿਖਿਆ ਹੈ ਕਿ ਚਮਕੌਰ ਦੇ ਮੁਕਾਮ ਤੇ ਦਸਮੇਸ਼ ਜੀ ਨੇ ਖ਼ਾਲਸੇ ਨੂੰ ਗੁਰਤਾ ਗੱਦੀ ਦੇਣ ਵੇਲੇ ਭਾਈ ਸੰਤ ਸਿੰਘ ਨੂੰ ਜਿਗ੍ਹਾ ਕਲਗੀ ਬਖਸ਼ੀ –

ਸੰਤ ਸਿੰਘ ਜੂ ਕੋ ਸੁ ਬੁਲਾਯੋ। ਥਾਪੀ ਦੇ ਕਰ ਸਸਤ੍ਰ ਫਰਾਯੋ।174।

ਬਰਸਾ ਖਾਸ ਖਗ ਤਿਹ ਦੀਨੋ। ਅਨਿਕ ਭਾਂਤਿ ਆਦਰ ਤਿਹ ਕੀਨੋ।

ਸ੍ਰੀ ਮੁਖ ਕੀ ਆਇਸ ਕਹ ਪਾਈ। ਅਸੁਰਨ ਮਧ ਪਰਿਯੋ ਤਬ ਜਾਈ।175।...

ਸਭ ਹਥੀਆਰ ਅੰਗ ਤਿਹ ਡਾਰੀ। ਕਲਗੀ ਜਿਗਾ ਸੀਸ ਤਿਹ ਧਾਰੀ। 178।[2]

ਮੁਗ਼ਲ ਫ਼ੌਜਾਂ ਨੇ 8 ਦਸੰਬਰ 1705 ਦੇ ਦਿਨ ਫਿਰ ਹਮਲਾ ਕਰ ਦਿੱਤਾ। ਇਹ ਦੋ ਸਿੰਘ ਜਾਨਾਂ ਵਾਰ ਕੇ ਜੂਝਦੇ ਹੋਏ ਸ਼ਹੀਦੀ ਦੇ ਜਾਮ ਪੀ ਗਏ। ਜਦੋਂ ਮੁਗ਼ਲਾਂ ਨੇ ਗੜ੍ਹੀ ਅੰਦਰ ਵੇਖਿਆ ਕਿ ਦੋ ਸਿੰਘ ਹੀ ਸ਼ਹੀਦ ਹੋਏ ਹਨ, ਤਾਂ ਉਹ ਬਹੁਤ ਹੈਰਾਨ ਹੋਏ। ਉਨ੍ਹਾਂ ਨੇ ਭਾਈ ਸੰਤ ਸਿੰਘ ਨੂੰ ਗੁਰੂ ਸਮਝ ਕੇ ਸਿਰ ਵੱਢ ਲਿਆ ਅਤੇ ਰੋਪੜ

---

1 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 77.

2 ਸੁੱਖਾ ਸਿੰਘ, ਗੁਰਬਿਲਾਸ ਪਾਤਸਾਹੀ ੧੦, ਭਾਸ਼ਾ ਵਿਭਾਗ ਪੰਜਾਬ, ਪੰਨਾ 323.

ਦੇ ਨਵਾਬ ਕੋਲ ਪੇਸ਼ ਕੀਤਾ। ਜਦੋਂ ਤਸਵੀਸ ਹੋਈ ਤਾਂ ਪਤਾ ਲਗਿਆ ਕਿ ਇਹ ਇਕ ਸਿੰਘ ਦਾ ਸਿਰ ਹੈ, ਜੋ ਗੁਰੂ ਸਾਹਿਬ ਦਾ ਹਮ-ਸ਼ਕਲ ਸੀ। ਚਮਕੌਰ ਵਿਚ ਸ਼ਹੀਦ ਹੋਣ ਵਾਲੇ ਭਾਈ ਸੰਤ ਸਿੰਘ ਬੰਗੇਸ਼ਰੀ ਨੂੰ ਗਲਤੀ ਨਾਲ ਸੰਗਤ ਸਿੰਘ ਲਿਖਿਆ ਹੈ। ਦਰਅਸਲ ਚਮਕੌਰ ਵਿਚ ਮਿਲਦੇ ਨਾਵਾਂ ਵਾਲੇ ਦੋ ਸਿੰਘ ਸਨ। ਇਕ ਸੰਗਤ ਸਿੰਘ ਛਾਬੜਾ ਜਾਤ ਦਾ ਅਰੋੜਾ ਸੀ ਅਤੇ ਦੂਜਾ ਸੰਤ ਸਿੰਘ ਪਰਮਾਰ ਰਾਜਪੂਤ ਭਾਈ ਨਠੀਆ ਦਾ ਬੇਟਾ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਅਨੁਸਾਰ ਦਸਮੇਸ਼ ਜੀ ਨੇ ਚਮਕੌਰ ਦੇ ਮਕਾਮ ਖ਼ਾਲਸੇ ਨੂੰ ਗੁਰਤਾ ਦੇਣ ਸਮੇਂ ਸੰਤ ਸਿੰਘ ਨੂੰ ਤੁਰਰਾ ਕਲਗੀ ਪਹਿਨਾਈ, ਯਥਾ -

ਪੰਚਹੁ ਮੇਂ ਕਲਗੀ ਕਿਹ ਦੀਨਸ, ਸੋ ਨਿਰਨੈ ਸੁਨੀਐ ਮਨ ਲਾਇ,
ਸੰਤ ਸਿੰਘ ਖਤ੍ਰੀ ਸਿਖ ਸੁਭਮਤਿ, ਥਾਪਯੋ ਪੰਚਹੁ ਮੇਂ ਵਡਿਆਇ...
...ਤਿਸ ਪਰ ਬਾਦ ਨਹੀ ਕੁਛ ਬਰਨੋ, ਦੋਨੋ ਕੇ ਲਿਹੁ ਚਰਨ ਮਨਾਇ।[1]

ਭਾਈ ਸੰਤ ਸਿੰਘ ਮਾਝੇ ਦੇ ਪੱਟੀ ਨਗਰ ਦਾ ਵਸਨੀਕ ਅਰੋੜਾ ਸਿੱਖ ਸੀ। ਇਸ ਦੇ ਪੁੱਤਰ ਹਾੜਾ ਸਿੰਘ ਨੂੰ (ਜਿਸ ਦਾ ਨਾਉਂ ਬਹਾਦਰ ਸਿੰਘ ਵੀ ਹੈ) ਕਲਗੀਧਰ ਨੇ ਇਸ ਨੂੰ ਹੁਕਮਨਾਮਾ ਬਖਸ਼ਿਆ ਸੀ।[2]

ਭਾਈ ਸੰਤ ਸਿੰਘ ਨੇ ਦਸੰਬਰ 1705 ਈ. ਦੇ ਦਿਨ ਸਵੇਰ ਵੇਲੇ ਮੁਗ਼ਲ ਫ਼ੌਜਾਂ ਨਾਲ ਲੜਦਿਆਂ ਸ਼ਹੀਦੀ ਜਾਮ ਪੀਤਾ। ਉਹ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋਣ ਵਾਲੇ ਆਖਰੀ ਦੋ ਸਿੰਘਾਂ ਵਿਚੋਂ ਇੱਕ ਸਨ। ਭਾਈ ਸੰਤ ਸਿੰਘ, ਭਾਈ ਨਠੀਆ ਦੇ ਪੁੱਤਰ ਅਤੇ ਸ਼ਹੀਦ ਭਾਈ ਬੱਲੂ ਦੇ ਪੋਤਰੇ ਸਨ। ਭਾਈ ਸੰਤ ਸਿੰਘ ਗੁਰੂ ਗੋਬਿੰਦ ਸਿੰਘ ਦੇ ਖਾਸ ਦਰਬਾਰੀ ਸਿੱਖਾਂ ਵਿਚੋਂ ਇੱਕ ਸਨ। ਅੱਜ ਉਸ ਥਾਂ ਉਤੇ ਇੱਕ ਵੱਡਾ ਗੁਰਦੁਆਰਾ ਬਣਿਆ ਹੋਇਆ ਹੈ। ਕੁਝ ਲੇਖਕਾਂ ਨੇ ਭਾਈ ਸੰਤ ਸਿੰਘ ਬੰਗੇਸ਼ਰੀ ਦੀ ਥਾਂ ਸੰਗਤ ਸਿੰਘ ਬੰਗੇਸ਼ਰੀ ਦਾ ਨਾਂ ਵੀ ਲਿਖਿਆ ਹੈ।[3]

**ਹਠੀ ਸਿੰਘ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਸਿੱਖ ਸੀ। ਹਠੀ ਸਿੰਘ ਭਾਈ ਮਾਈ ਦਾਸ ਦਾ ਪੁੱਤਰ

---

[1] ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ,ਰੁੱਤ 6, ਅੰਸ਼ੂ 41.

[2] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 243.

[3] ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 195.

ਸੀ। ਇਹ ਭੰਗਾਣੀ ਦੀ ਜੰਗ ਵਿਚ ਸ਼ਹੀਦ ਹੋਇਆ।[1]

**ਹਨੁਮੰਤ / ਹਨੁਮੰਤ ਰਾਇ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਸ਼ਵਾਸੀ ਸਿੱਖ ਜੋਧਾ ਸੀ। ਇਹ ਜਗਤੇ (ਜੱਗੂ) ਦਾ ਪੁੱਤਰ ਤੇ ਸੰਗਤਰਾਇ ਦਾ ਭਰਾ ਸੀ। ਇਹ ਗੁਲੇਰ ਦੀ ਜੰਗ ਵਿਚ ਹੁਸੈਨੀ ਦੀ ਫ਼ੌਜ ਨਾਲ ਲੜਦਾ ਹੋਇਆ ਭਾਈ ਸੰਗਤਰਾਇ ਨਾਲ ਸ਼ਹੀਦ ਹੋਇਆ। 'ਭਾਈ ਸੰਗਤਰਾਇ ਪਰਲੋਕ ਪਿਆਨਾ ਕਰ ਗਿਆ। ਇਸ ਦੀ ਲਾਸ਼ ਉਠਾਨੇ ਕੇ ਲੀਏ ਭਾਈ ਲਹਿਨੀਆ ਹਨਮੰਤ ਤੇ ਦਰਸੋ ਆਦਿ ਸਪਤ ਸਿੱਖ ਜਾਨਾਂ ਹੂਲ ਕੇ ਸ਼ਹਾਦਤਾਂ ਪਾਇ ਗਏ। ਗੈਲੋਂ ਸੰਗਤਰਾਇ ਹਨੁਮੰਤ ਬੇਟੇ ਜਗਤੇ ਕੇ ਪੋਤੇ ਪਦਮਾ ਕੇ ਪੜਪੋਤੇ ਕਉਲ ਕੇ ਚੰਦਰਬੰਸੀ ਬਤਸ ਗੋਤਰੇ ਚਾਹਿਮਾਨ ਹਜਾਬਤ ਆਬਿਆਨੇਂ ਮਾਰੇ ਗਏ।[2]

**ਹਿੰਮਤ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ। ਹਿੰਮਤ ਸਿੰਘ ਭਾਈ ਜੀਤਾ ਉਦਾਨਾ ਦਾ ਪੁੱਤਰ ਸੀ। ਇਹ ਗੁਰੂ ਸਾਹਿਬ ਦੀ ਫ਼ੌਜ ਦਾ ਸੈਨਿਕ ਯੋਧਾ ਸੀ। ਨਿਰਮੋਹਗੜ੍ਹ ਨੇੜੇ ਸਾਹੀ ਟਿੱਬੀ ਦੇ ਸਥਾਨ 'ਤੇ ਰੁਸਤਮ ਖ਼ਾਂ ਅਤੇ ਨਾਸਰ ਅਲੀ ਗੁਰੂ ਜੀ ਵਿਰੁੱਧ ਫ਼ੌਜ ਲੈ ਕੇ ਆਇਆ। ਨਾਸਰ ਅਲੀ ਨੇ ਆਪਣੀ ਤੋਪ ਦਾ ਗੋਲਾ ਗੁਰੂ ਸਾਹਿਬ ਵੱਲ ਸਿਸਤ ਬੰਨ੍ਹ ਕੇ ਚਲਾਇਆ। ਇਸ ਨਾਲ ਗੁਰੂ ਜੀ ਦਾ ਚੌਰਬਰਦਾਰ ਰਾਮ ਸਿੰਘ ਕਸ਼ਮੀਰੀ ਸ਼ਹੀਦ ਹੋ ਗਿਆ। ਗੁਰੂ ਸਾਹਿਬ ਨੇ ਆਪਣੇ ਇਕ ਤੀਰ ਨਾਲ ਨਾਸਰ ਅਲੀ ਨੂੰ ਮਾਰ ਮੁਕਾਇਆ। ਭਾਈ ਉਦੇ ਸਿੰਘ ਨੇ ਇਕੋ ਤੀਰ ਨਾਲ ਰੁਸਤਮ ਖ਼ਾਂ ਨੂੰ ਢੇਰ ਕਰ ਦਿੱਤਾ। ਫਿਰ ਦੋਵੇਂ ਫ਼ੌਜਾਂ ਆਹਮੋ-ਸਾਹਮਣੇ ਮੈਦਾਨ ਵਿਚ ਆ ਗਈਆ। ਇਸ ਜੰਗ ਵਿਚ ਹਿੰਮਤ ਸਿੰਘ 12 ਕੱਤਕ 1757 ਬਿ. (1700 ਈ.) ਨੂੰ ਸ਼ਹੀਦ ਹੋਇਆ।[3]

**ਹਿੰਮਤ ਸਿੰਘ, ਭਾਈ** : ਭਾਈ ਹਿੰਮਤ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਪੰਜ ਪਿਆਰਿਆਂ ਵਿਚੋਂ ਇਕ ਸੀ। ਇਹ ਗੁਰੂ ਸਾਹਿਬ ਦਾ ਹਜ਼ੂਰੀ ਸਿੱਖ ਤੇ ਬਹਾਦਰ ਯੋਧਾ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਇਨ੍ਹਾਂ ਦਾ ਜਨਮ ਪਿੰਡ ਸੰਗਤਪੁਰਾ (ਰਾਜ ਪਟਿਆਲਾ) ਵਿਚ ਜੋਤੀ ਰਾਮ ਝਿਊਰ ਦੇ ਘਰ ਮਾਈ ਰਾਮੋ ਦੀ ਕੁੱਖ ਤੋਂ 5 ਮਾਘ ਸੰਮਤ

---

1 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 197.

2 *ਉਹੀ*, ਪੰਨਾ 105

3 *ਉਹੀ*, ਪੰਨਾ 130, 197.

1718 (1661 ਈ.) ਨੂੰ ਮੰਨਿਆ ਹੈ।[1] *ਗੁਰਬਿਲਾਸ ਪਾਤਸ਼ਾਹੀ* ੧੦ ਅਨੁਸਾਰ ਇਹ ਜਗਨ ਨਾਥ ਪੁਰੀ ਦਾ ਵਸਨੀਕ ਸੀ। ਇਹ 1 ਵੈਸਾਖ ਸੰਮਤ 1756 ਬਿ. (1699 ਈ.) ਨੂੰ ਸ੍ਰੀ ਅਨੰਦਪੁਰ ਦੇ ਸਥਾਨ ਉੱਤੇ ਸੀਸ ਭੇਟ ਕਰਕੇ ਸਿੰਘ ਸਜਿਆ। ਇਹ ਪੰਜਾਂ ਪਿਆਰਿਆਂ ਵਿਚੋਂ ਇਕ ਸੀ।[2]

ਭਾਈ ਹਿੰਮਤ ਸਿੰਘ, ਭਾਈ ਗੁਲਜ਼ਾਰੀ ਜੋ ਕਿ ਇਕ ਝਿਊਰ ਜਾਤੀ ਵਿਚੋਂ ਸਨ, ਦੇ ਘਰ 1661 ਈ. ਵਿਚ ਜਗਨ ਨਾਥ ਪੁਰੀ ਵਿਚ ਪੈਦਾ ਹੋਏ। ਇਨ੍ਹਾਂ ਦੇ ਪੜਦਾਦੇ ਤੇ ਹੋਰ ਵੱਡੇ-ਵਡੇਰੇ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਸਿੱਖ ਪੰਥ ਨਾਲ ਜੁੜੇ ਹੋਏ ਸਨ। ਇਹ ਪਰਿਵਾਰ ਪਿਛਲੇ ਲੰਬੇ ਅਰਸੇ ਤੋਂ ਕਰਤਾਰਪੁਰ, ਗੋਇੰਦਵਾਲ, ਗੁਰੂ ਕਾ ਚੱਕ (ਅੰਮ੍ਰਿਤਸਰ), ਕੀਰਤਪੁਰ ਅਤੇ ਚੱਕ ਨਾਨਕੀ (ਅਨੰਦਪੁਰ) ਵਿਚ ਆਉਂਦਾ ਰਹਿੰਦਾ ਸੀ। ਭਾਈ ਹਿੰਮਤ ਸਿੰਘ ਪਹਿਲੀ ਵਾਰ 17 ਸਾਲ ਦੀ ਉਮਰ ਵਿਚ ਚੱਕ ਨਾਨਕੀ ਆਏ ਸਨ ਤੇ ਉਸ ਦੇ ਮਗਰੋਂ ਉਹ ਗੁਰੂ-ਘਰ ਦਾ ਹਿੱਸਾ ਹੀ ਬਣ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਦੋਂ ਪਾਉਂਟਾ ਨਗਰ ਵਸਾਇਆ ਤਾਂ ਉਸ ਸਮੇਂ ਹਿੰਮਤ ਸਿੰਘ ਨਾਲ ਸਨ। ਇਥੇ ਭੰਗਾਣੀ ਦੇ ਯੁੱਧ ਵਿਚ ਵੀ ਭਾਈ ਹਿੰਮਤ ਸਿੰਘ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਸਨ।

ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਵਿਖੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਤਾਂ ਹਿੰਮਤ ਰਾਇ ਨੇ ਵੀ ਆਪਣਾ ਸੀਸ ਭੇਂਟ ਕਰਕੇ ਪੰਜ ਪਿਆਰਿਆਂ ਦਾ ਖਿਤਾਬ ਹਾਸਿਲ ਕੀਤਾ। ਇਸ ਤੋਂ ਬਾਅਦ ਭਾਈ ਸਾਹਿਬ ਗੁਰੂ ਸਾਹਿਬ ਦੀ ਸੇਵਾ ਵਿਚ ਹਮੇਸ਼ਾਂ ਤੱਤਪਰ ਰਹੇ। ਭਾਈ ਹਿੰਮਤ ਸਿੰਘ ਇਕ ਬਹਾਦਰ ਜਰਨੈਲ ਸਨ। ਉਹ ਬੜੇ ਜਾਨਦਾਰ ਸ਼ਖ਼ਸ ਸਨ। ਤਲਵਾਰ ਬਾਜ਼ੀ ਅਤੇ ਘੋੜ ਸਵਾਰੀ ਵਿਚ ਉਹ ਬੜੇ ਮਾਹਿਰ ਸਨ। ਇਨ੍ਹਾਂ ਨੇ ਨਦੌਣ, ਅਨੰਦਪੁਰ ਸਾਹਿਬ ਅਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਦਸੰਬਰ 1705 ਨੂੰ ਅਨੰਦਪੁਰ ਸਾਹਿਬ ਛੱਡਣ ਵੇਲੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਜਾਨਾਂ ਵਾਰਨ ਦਾ ਪ੍ਰਣ ਕਰਨ ਵਾਲੇ ਸਿੰਘਾਂ ਵਿਚ ਵੀ ਸ਼ਾਮਿਲ ਹੋਏ। ਭਾਈ ਹਿੰਮਤ ਸਿੰਘ ਨੇ ਗੁਰੂ ਸਾਹਿਬ ਦੇ ਕਰੀਬੀ ਸਿੱਖਾਂ ਵਿਚ ਅਹਿਮ ਸੇਵਾ ਨਿਭਾਈ।

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ .

2 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ ਪੰਨਾ 302.

ਗੁਰੂ ਸਾਹਿਬ ਦੀਆਂ ਸੰਗਤਾਂ ਨਾਲ ਹੋਈਆਂ ਗਿਆਨ ਗੋਸ਼ਟੀਆਂ ਵਿਚ ਵੀ ਆਪ ਸ਼ਾਮਿਲ ਹੁੰਦੇ ਰਹਿੰਦੇ ਸਨ। ਗੁਰੂ ਜੀ ਵਲੋਂ ਬਖ਼ਸ਼ੇ ਰੁੱਤਬੇ 'ਪਿਆਰੇ' ਦੇ ਪਿਆਰ ਨੂੰ ਨਿਭਾਉਂਦਿਆਂ ਭਾਈ ਹਿੰਮਤ ਸਿੰਘ 7 ਦਸੰਬਰ 1705 ਈ. ਨੂੰ ਚਮਕੌਰ ਦੇ ਯੁੱਧ ਵਿਚ ਦੁਸ਼ਮਣ ਨਾਲ ਲੜਦੇ ਹੋਏ ਸ਼ਹੀਦ ਹੋ ਗਏ। ਭਾਈ ਹਿੰਮਤ ਸਿੰਘ ਨੇ 44 ਸਾਲ ਦੀ ਉਮਰ ਵਿਚ ਸ਼ਹੀਦੀ ਜਾਮ ਪੀਤਾ ਅਤੇ ਆਪਣੀ ਉਮਰ ਦੇ 33 ਸਾਲ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੇਵਾ ਵਿਚ ਗੁਜ਼ਾਰੇ ਸਨ।[1]

**ਕਲਿਆਣ ਸਿੰਘ** : ਕਲਿਆਣ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ ਸੀ। ਇਹ ਕਿਲ੍ਹਾ ਤਾਰਾਗੜ੍ਹ ਅਨੰਦਪੁਰ ਸਾਹਿਬ ਦੇ ਜੁੱਧ ਵਿਚ ਸੰਮਤ 1757 ਬਿ. ਨੂੰ ਸ਼ਹੀਦ ਹੋਇਆ। *ਗੁਰੂ ਕੀਆਂ ਸਾਖੀਆਂ* ਵਿਚ ਲਿਖਿਆ ਹੈ ਕਿ 'ਕਲਿਆਣ ਸਿੰਘ ਬੇਟਾ ਦਿਆਲ ਦਾਸ ਪੋਤਾ ਮਾਈਦਾਸ ਕਾ... ਸਾਲ ਸਤਰਾਂ ਸੈ ਸਤਵੰਜਾ ਭਾਦਵ ਪ੍ਰਵਿਸ਼ਟੇ ਉਨੱਤੀਸ ਵੀਰਵਾਰ ਕੇ ਦਿਹੁੰ। ਗੁਰੂ ਕੇ ਸ਼ਹਿਜਾਦੇ ਅਜੀਤ ਸਿੰਘ ਕਾ ਬਚਨ ਪਾਇ ਕਿਲਾ ਤਾਰਾਗਢ ਕੇ ਮਲਹਾਨ ਪ੍ਰਗਨਾ ਤਾਰਾਪੁਰ ਏਕ ਪਹਿਰ ਘੋਰ ਜੁਧ ਕਰਕੇ ਘਣੇ ਪਰਬਤੀ ਮਾਰ ਸਾਹਮੇਂ ਮਾਥੇ ਰਣ ਮੇਂ ਜੂਝ ਕਰ ਸ਼ਹਾਦਤਾਂ ਪਾਇ ਗਏ।'[2]

**ਕਾਠਾ ਸਿੰਘ** : ਸ੍ਰੀ ਦਸਮੇਸ਼ ਜੀ ਦਾ ਸਿਦਕੀ ਸਿੱਖ। ਇਹ ਚਮਕੌਰ ਦੀ ਗੜ੍ਹੀ ਵਿਚ ਇਕ ਦਰਵਾਜੇ ਉੱਪਰ ਤਾਇਨਾਤ ਸੀ। ਇਸ ਜੰਗ ਵਿਚ ਇਸ ਨੇ ਵੈਰੀਆ ਨਾਲ ਜੂਝਦਿਆਂ ਸ਼ਹਾਦਤ ਪਾਈ।[3] ਪ੍ਰੋ. ਪਿਆਰਾ ਸਿੰਘ ਪਦਮ ਨੇ ਇਸ ਨੂੰ ਰੰਘਰੇਟਾ ਸਿੱਖ ਲਿਖਿਆ ਹੈ ਤੇ ਇਸ ਨੂੰ ਕੋਠਾ ਸਿੰਘ ਵੀ ਕਹਿੰਦੇ ਸਨ।[4]

**ਕ੍ਰਿਪਾ / ਕਿਰਪਾ ਰਾਮ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ ਅਤੇ ਸਿੱਖ ਜੋਧਾ ਸੀ। ਇਕ ਬ੍ਰਾਹਮਣ ਜੋ ਭੰਗਾਣੀ ਦੇ ਜੰਗ ਵਿਚ ਬੜੀ ਬਹਾਦਰੀ ਨਾਲ ਲੜਿਆ ਸੀ।[5] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਭਾਈ ਕ੍ਰਿਪਾ ਰਾਮ ਦੱਤ ਬ੍ਰਾਹਮਣ ਮਟਨ (ਕਸ਼ਮੀਰ) ਦਾ ਰਹਿਣ ਵਾਲਾ ਸੀ, ਜੋ ਕਿ ਭਾਈ ਪਰਾਗੇ ਦੀ ਭੈਣ ਸਰਸੁਤੀ

---

1 ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 170.

2 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 121.

3 *ਉਹੀ*, ਪੰਨਾ 99.

4 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨੇ 203-4.

5 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 304.

ਦਾ ਪੁੱਤਰ ਸੀ। ਇਸ ਦਾ ਪਿਤਾ ਅੜੂ ਰਾਮ, ਦਾਦਾ ਨਾਰਾਇਣ ਦਾਸ ਤੇ ਪੜਦਾਦਾ ਬ੍ਰਹਮਦਾਸ ਖਾਨਦਾਨੀ ਸਿੱਖ ਸਨ। ਕ੍ਰਿਪਾ ਰਾਮ ਸੰਸਕ੍ਰਿਤ ਤੇ ਫ਼ਾਰਸੀ ਦਾ ਵਿਦਵਾਨ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ ਰਿਹਾ ਸੀ ਅਤੇ ਉਨ੍ਹਾਂ ਨੂੰ ਸ਼ਾਸਤ੍ਰੀ ਅੱਖਰਾਂ ਤੇ ਫ਼ਾਰਸੀ ਦਾ ਗਿਆਨ ਕਰਾਇਆ ਸੀ। ਇਹ ਗੁਰੂ ਤੇਗ ਬਹਾਦਰ ਦੇ ਪੂਰਬੀ ਭਾਰਤ ਵੱਲ ਕੀਤੇ ਦੌਰਿਆਂ ਸਮੇਂ ਵੀ ਨਾਲ ਰਿਹਾ ਸੀ। ਜਦੋਂ ਔਰੰਗਜੇਬ ਨੇ ਹਿੰਦੂਆਂ ਨੂੰ ਜ਼ਬਰੀ ਮੁਸਲਮਾਨ ਬਣਾਉਣ ਦਾ ਚੱਕਰ ਚਲਾਇਆ ਤਾਂ ਇਸ ਦੀ ਅਗਵਾਈ ਵਿਚ ਹੀ ਕਸ਼ਮੀਰੀ ਪੰਡਿਤ ਫਰਿਆਦ ਲੈ ਕੇ ਅਨੰਦਪੁਰ ਆਏ ਸਨ।[1] ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਇਹ ਅਨੰਦਪੁਰ ਸਾਹਿਬ ਹੀ ਦਸਮ ਪਾਤਸ਼ਾਹ ਦੀ ਸੇਵਾ ਵਿਚ ਰਿਹਾ। ਇਸ ਨੇ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਤੇ ਕ੍ਰਿਪਾ ਰਾਮ ਤੋਂ ਕ੍ਰਿਪਾ ਸਿੰਘ ਬਣ ਗਿਆ। ਕ੍ਰਿਪਾ ਸਿੰਘ ਨੇ ਕਈ ਜੰਗਾਂ ਵਿਚ ਵੀ ਹਿੱਸਾ ਲਿਆ। ਚਮਕੌਰ ਦੀ ਜੰਗ ਵਿਚ ਇਹ ਬੜੀ ਵੀਰਤਾ ਨਾਲ ਲੜਦਾ ਹੋਇਆ ਸ਼ਹੀਦੀ ਜਾਮ ਪੀ ਗਿਆ। ਇਸ ਦੀ ਸ਼ਹੀਦੀ ਬਾਰੇ ਪ੍ਰੋ. ਪਿਆਰਾ ਸਿੰਘ ਪਦਮ ਨੇ *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ* ਵਿਚ ਭੱਟ ਵਹੀਆਂ ਦੇ ਹਵਾਲੇ ਨਾਲ ਜ਼ਿਕਰ ਕੀਤਾ ਹੈ – ਕ੍ਰਿਪਾ ਸਿੰਘ ਬੇਟਾ ਅੜੂ ਰਾਮ ਕਾ ਸਨਮੁਖ ਸਿੰਘ ਬੇਟਾ ਅੜੂਰਾਮ ਕਾ... ਤੁਰਕ ਫ਼ੌਜ ਗੈਲ ਸਾਮ੍ਹੇ ਮਾਥੇ ਜੂਝਕੇ ਸਹਾਦਤਾਂ ਪਾਇ ਗਏ। ਆਗੇ ਗੁਰੂ ਕੀ ਗਤਿ ਗੁਰੂ ਜਾਣੇ। ਚਮਕੌਰ ਦੇ ਚਾਲੀ ਮੁਕਤਿਆਂ ਦੀ ਸੂਚੀ ਵਿਚ ਇਸ ਦਾ ਨਾਂ ਕ੍ਰਿਪਾਲ ਸਿੰਘ ਕਰਕੇ ਦਿਤਾ ਹੋਇਆ ਹੈ।[2]

**ਕੁਸਾਲ ਸਿੰਘ** : ਦਸਮ ਗੁਰੂ ਦਾ ਸ਼ਰਧਾਲੂ ਸਿੱਖ। ਕੁਸਾਲ ਸਿੰਘ ਭਾਈ ਮੱਖਣ ਸ਼ਾਹ ਲੁਬਾਣਾ ਦਾ ਪੁੱਤਰ ਸੀ। ਇਹ 1 ਅੱਸੂ 1757 ਬਿ. (1700 ਈ.) ਨੂੰ ਲੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ।[3]

**ਕੇਸਰ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਕੇਸਰ ਸਿੰਘ ਦਾ ਭਾਈ ਛਬੀਲਾ ਜੀ ਦਾ ਪੁੱਤਰ ਤੇ ਬਾਬਾ ਚੰਦਨ ਰਾਇ ਦਾ ਪੋਤਰਾ ਸੀ। ਇਹ 14 ਕੱਤਕ 1757 ਬਿ. (1700 ਈ.) ਨੂੰ ਨਿਰਮੋਹਗੜ੍ਹ ਦੇ ਯੁੱਧ ਵਿਚ

---

1 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 79.

2 *ਉਹੀ*, ਪੰਨਾ 80.

3 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 197.

ਸ਼ਹੀਦ ਹੋਇਆ।[1]

**ਗੁਰਬਖਸ਼ ਸਿੰਘ** : ਗੁਰਬਖਸ਼ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹਜ਼ੂਰੀ ਸਿੱਖ ਸੀ। ਭਾਈ ਮਨੀ ਸਿੰਘ ਦਾ ਸੱਤਵਾਂ ਪੁੱਤਰ ਸੀ। *ਗੁਰਬਿਲਾਸ ਪਾਤਸ਼ਾਹੀ* ੧੦ ਅਨੁਸਾਰ ਭਾਈ ਮਨੀ ਸਿੰਘ ਦੇ ਸਾਥੀ ਇਕ ਸਿੰਘ ਜੋ ਸੂਬਾ ਖ਼ਾਨ ਬਹਾਦੁਰ (ਜ਼ਕਰੀਆ ਖ਼ਾਨ) ਦੇ ਹੁਕਮ ਨਾਲ ਸਾਥੀਆਂ ਸਮੇਤ ਨਖਾਸ਼ ਚੌਕ (ਲਾਹੌਰ) ਵਿਚ ਸ਼ਹੀਦ ਕੀਤੇ ਗਏ ਸਨ।[2] *ਮਹਾਨ ਕੋਸ਼* ਵਿਚ ਲਿਖਿਆ ਹੈ ਕਿ ਇਹ ਦੀਵਾਨ ਮਤੀਦਾਸ ਦਾ ਭਤੀਜਾ ਸੀ, ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹਜ਼ੂਰੀ ਸਿੱਖ ਸੀ।[3]

ਭਾਈ ਗੁਰਬਖਸ਼ ਸਿੰਘ ਭਾਈ ਮਨੀ ਸਿੰਘ ਦੇ ਬੇਟੇ, ਭਾਈ ਮਾਈਦਾਸ ਦੇ ਪੋਤੇ ਅਤੇ ਸ਼ਹੀਦ ਭਾਈ ਬੱਲੂ ਦੇ ਪੜਪੋਤੇ ਸਨ। ਆਪ ਭਾਈ ਮਨੀ ਸਿੰਘ ਦੇ ਦਸ ਬੇਟਿਆਂ ਵਿਚੋਂ ਸਤਵੇਂ ਥਾਂ 'ਤੇ ਸਨ।

ਗੁਰਬਖਸ਼ ਸਿੰਘ ਨੂੰ ਅਪ੍ਰੈਲ 1734 ਈ. ਵਿਚ ਪਿਤਾ ਭਾਈ ਮਨੀ ਸਿੰਘ ਨਾਲ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਜਾਇਆ ਗਿਆ ਅਤੇ ਉੱਥੇ ਕੈਦ ਕਰ ਦਿੱਤਾ ਗਿਆ। ਬਾਕੀ ਸਾਥੀਆਂ ਵਾਂਗ ਗੁਰਬਖਸ਼ ਸਿੰਘ ਨੂੰ ਵੀ ਮੁਸਲਮਾਨ ਬਣਨ ਦੀ ਸੂਰਤ ਵਿਚ ਜਾਨ ਬਖ਼ਸ਼ੀ ਦੀ ਪੇਸ਼ਕਸ ਕੀਤੀ ਗਈ। ਪਰ ਆਪ ਨੇ ਜਾਨ ਬਚਾਉਣ ਵਾਸਤੇ ਧਰਮ ਛੱਡਣਾ ਮਨਜ਼ੂਰ ਨਾ ਕੀਤਾ। ਗੁਰਬਖਸ਼ ਸਿੰਘ ਨੂੰ ਜੇਲ ਵਿਚ ਬਹੁਤ ਤਸੀਹੇ ਦਿੱਤੇ ਗਏ। ਇਸ ਨੇ ਇਹ ਸਭ ਕੁਝ ਖਿੜੇ ਮੱਥੇ ਕਬੂਲ ਕੀਤਾ। ਅਖ਼ੀਰ ਗੁਰਬਖਸ਼ ਸਿੰਘ ਨੂੰ 24 ਜੂਨ 1734 ਈ. ਵਿਚ ਲਾਹੌਰ ਦੇ ਨਖਾਸ਼ ਚੌਂਕ ਵਿਚ ਲੋਕਾਂ ਦੇ ਭਾਰੀ ਇਕੱਠ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ। ਜਿੱਥੇ ਇਨ੍ਹਾਂ ਨੂੰ ਸ਼ਹੀਦ ਕੀਤਾ ਗਿਆ, ਉੱਥੇ ਸ਼ਹੀਦ ਗੰਜ ਭਾਈ ਮਨੀ ਸਿੰਘ ਨਾਂ ਦਾ ਗੁਰਦੁਆਰਾ ਬਣਿਆ ਹੋਇਆ ਹੈ।[4]

**ਗੁਲਜਾਰ ਸਿੰਘ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਸਿੱਖ ਸੀ। ਇਸ ਧਰਮਵੀਰ ਨੇ ਕਲਗੀਧਰ ਤੋਂ ਅੰਮ੍ਰਿਤ ਛਕਿਆ ਸੀ, ਇਹ ਭਾਈ ਮਨੀ ਸਿੰਘ ਦਾ ਸੰਗੀ ਸੀ। ਗੁਲਜਾਰ ਸਿੰਘ ਭਾਈ ਸਾਹਿਬ ਦੇ ਨਾਲ ਹੀ ਲਾਹੌਰ

---

1. ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨੇ 131, 197.
2. ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 305.
3. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 420.
4. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 331.

ਵਿਚ ਸ਼ਹੀਦ ਹੋਇਆ। ਇਸ ਦੀ ਸਮਾਧ ਭੀ ਕਿਲੇ ਪਾਸ ਭਾਈ ਮਨੀ ਸਿੰਘ ਦੇ ਸ਼ਹੀਦ ਗੰਜ ਕੋਲ ਹੈ।[1]

ਭਾਈ ਗੁਲਜਾਰ ਸਿੰਘ ਭਾਈ ਆਲਿਮ ਸਿੰਘ ਦੇ ਬੇਟੇ, ਭਾਈ ਦਰੀਆ ਦੇ ਪੋਤੇ ਅਤੇ ਮੂਲਾ ਦੇ ਪੜਪੋਤੇ ਸਨ। ਭਾਈ ਦਰੀਆ ਸ਼ਹੀਦ ਬੱਲੂ ਦੇ ਛੋਟੇ ਵੀਰ ਸਨ ਤੇ ਉਹ ਗੁਰੂ ਹਰਿ ਰਾਇ ਸਾਹਿਬ ਦੇ ਹਜ਼ੂਰੀ ਸਿੱਖ ਸਨ। ਗੁਲਜਾਰ ਸਿੰਘ, ਭਾਈ ਆਲਿਮ ਸਿੰਘ ਦੇ ਪੁੱਤਰਾਂ ਵਿਚੋਂ ਸਭ ਤੋਂ ਛੋਟੇ ਸਨ। ਇਹ ਪਰਮਾਰ ਰਾਜਪੂਤ ਸਨ। ਸੰਨ 1698 ਈ. ਵਿਚ ਇਹ ਮਨੀ ਸਿੰਘ ਨਾਲ ਗੁਰੂ ਕੇ ਚੱਕ (ਅੰਮ੍ਰਿਤਸਰ) ਦੀ ਸੇਵਾ ਸੰਭਾਲ ਲਈ ਨਾਲ ਗਏ ਸਨ। ਇਸ ਤੋਂ ਬਾਅਦ ਇਹ ਅੰਮ੍ਰਿਤਸਰ ਰਹੇ। ਸੰਨ 1706 ਈ. ਨੂੰ ਗੁਰੂ ਸਾਹਿਬ ਤਲਵੰਡੀ ਵਿਚ ਸਨ ਤੇ ਆਪ ਦਾ ਹੁਕਮਨਾਮਾ ਮਿਲਣ ਤੇ ਭਾਈ ਮਨੀ ਸਿੰਘ ਤੇ ਭੂਪਤ ਸਿੰਘ ਨਾਲ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲੈ ਕੇ ਤਲਵੰਡੀ ਸਾਬੋ ਪਹੁੰਚੇ।

1708 ਈ. ਵਿਚ ਭਾਈ ਮਨੀ ਸਿੰਘ ਦਾ ਖ਼ਤ ਲੈ ਕੇ ਗੁਰੂ ਸਾਹਿਬ ਕੋਲ ਬੁਰਹਾਨਪੁਰ ਗਏ। ਅਪ੍ਰੈਲ 1734 ਈ. ਵਿਚ ਮਨੀ ਸਿੰਘ ਨਾਲ ਇਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਇਸਲਾਮ ਤੇ ਮੌਤ ਵਿਚੋਂ ਇਕ ਦੀ ਚੋਣ ਲਈ ਕਿਹਾ ਗਿਆ, ਇਸਲਾਮ ਤੋਂ ਨਾਂਹ ਕਰਨ ’ਤੇ ਪੁੱਠੀ ਖੱਲ ਲਾਹ ਕੇ ਟੋਟੇ-ਟੋਟੇ ਕੀਤਾ ਗਿਆ। ਇਹ ਸ਼ਾਦੀ-ਸ਼ੁਦਾ ਸਨ। ਇਨ੍ਹਾਂ ਦੇ ਤਿੰਨ ਬੇਟੇ ਭਾਈ ਪਿਸ਼ੌਰਾ ਸਿੰਘ, ਕਿਸ਼ੌਰਾ ਸਿੰਘ ਤੇ ਕੇਸ਼ਰ ਸਿੰਘ ਸਨ। ਅੱਗੇ ਇਨ੍ਹਾਂ ਦੀ ਔਲਾਦ ਚਲੀ ਸੀ।[2]

**ਗੁਲਾਬ ਸਿੰਘ** : ਗੁਲਾਬ ਸਿੰਘ ਦਸਮ ਪਾਤਸ਼ਾਹ ਦਾ ਇੱਕ ਸਿਦਕੀ ਸਿੱਖ ਹੋਇਆ ਹੈ। ਇਸ ਦਾ ਪਿਛੋਕੜ ਇੱਕ ਖੱਤ੍ਰੀ ਪਰਿਵਾਰ ਵਿਚੋਂ ਸੀ। ਇਸ ਨੇ ਸੰਮਤ 1756 ਬਿ. (1699 ਈ.) ਦੀ ਵਿਸਾਖੀ ਨੂੰ ਦਸਮੇਸ਼ ਤੋਂ ਅੰਮ੍ਰਿਤ ਛਕਿਆ ਤੇ ਦੇਸ਼ ਅਤੇ ਕੌਮ ਦੀ ਸੇਵਾ ਕਰਦਾ ਅਨੰਦਪੁਰ ਦੇ ਜੰਗ ਵਿਚ ਸ਼ਹੀਦ ਹੋਇਆ। ਇਸ ਨੂੰ ਗੌਤਮ ਰਿਖੀ ਕਰਕੇ ਵੀ ਬੁਲਾਇਆ ਜਾਂਦਾ ਸੀ। *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਇਸ ਦਾ ਜ਼ਿਕਰ ਮਿਲਦਾ ਹੈ - ‘ਖੱਤ੍ਰੀ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 422.

2 ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 325.

ਸਿੱਖ ਗੁਲਾਬ ਸਿੰਘ ਜਾਨੋ। ਗੋਤਮ ਰਿਖਿ ਜੀ ਕੀਨਿ ਬਖਾਨੋ।'[1]

ਗੋਕਲ ਸਿੰਘ : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ। ਗੋਕਲ ਸਿੰਘ ਭਾਈ ਦਰੀਆ ਜੀ ਦਾ ਪੁੱਤਰ ਸੀ। ਇਹ 14 ਕੱਤਕ 1757 ਬਿ. (1700 ਈ.) ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ।[2]

**ਘਰਬਾਰਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਘਰਬਾਰਾ ਸਿੰਘ ਭਾਈ ਨਾਨੂ ਦਾ ਪੁੱਤਰ ਸੀ। ਇਸ ਨੇ ਗੁਰੂ ਸਾਹਿਬ ਦੇ ਦਰਬਾਰ ਵਿਚ ਬਹੁਤ ਸੇਵਾ ਕੀਤੀ। ਇਹ ਸੰਮਤ 1757 ਬਿ. (1700 ਈ.) ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ।[3] ਘਰਬਾਰਾ ਸਿੰਘ ਆਪਣੇ ਇਕ ਹੋਰ ਭਰਾ ਦਰਬਾਰਾ ਸਿੰਘ ਅਤੇ ਪਿਤਾ ਭਾਈ ਨਾਨੂ ਦੇ ਨਾਲ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਰਹੇ। ਪਿਤਾ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਇਆ।[4]

**ਚਿੱਤਰ ਸਿੰਘ** : ਭਾਈ ਚਿੱਤਰ ਸਿੰਘ ਸ੍ਰੀ ਦਸਮੇਸ਼ ਦਾ ਪ੍ਰੇਮੀ ਸਿੱਖ ਸੀ। ਇਹ ਭਾਈ ਮਨੀ ਸਿੰਘ ਦੇ ਦਸ ਪੁੱਤਰਾਂ ਵਿਚੋਂ ਸਭ ਤੋਂ ਵੱਡਾ ਸੀ। ਚਿੱਤਰ ਸਿੰਘ ਦਾ ਜਨਮ ਪਿੰਡ ਅਲੀਪੁਰ ਜਿਲ੍ਹਾ ਮੁਜ਼ਫ਼ਰਗੜ੍ਹ, ਰਿਆਸਤ ਮੁਲਤਾਨ ਵਿਚ ਬੀਬੀ ਸੀਤੋ ਜੀ, ਜੋ ਭਾਈ ਲੱਖੀ ਰਾਏ (ਸ਼ਾਹ) ਵਣਜਾਰੇ ਦੀ ਸਪੁੱਤਰੀ ਸੀ, ਦੇ ਉਦਰ ਤੋਂ ਹੋਇਆ। ਬੀਬੀ ਸੀਤੋ ਬੜੇ ਧਾਰਮਿਕ ਸੇਵਾ ਭਾਵ ਤੇ ਸਿਦਕ ਭਰੇ ਜਜ਼ਬੇ ਵਾਲੀ ਸੀ। ਇਸ ਕਰਕੇ ਚਿੱਤਰ ਸਿੰਘ ਵੀ ਸਿਦਕ ਤੇ ਕੁਰਬਾਨੀ ਜਜ਼ਬੇ ਵਾਲੇ ਵੀਰ ਪੁਰਸ਼ ਬਣੇ। ਚਿੱਤਰ ਸਿੰਘ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ। ਅਨੰਦਪੁਰ ਸਾਹਿਬ ਜਦੋਂ ਵੀ ਗੁਰੂ ਦਰਸ਼ਨਾਂ ਨੂੰ ਜਾਂਦੇ ਤਾਂ ਵਧੀਆ ਘੋੜੇ, ਵਧੀਆ ਸ਼ਸਤਰ ਤੇ ਦੇਸੀ ਘੀ ਆਦਿ ਵਸਤਾਂ ਭੇਟਾ ਹਿੱਤ ਜ਼ਰੂਰ ਲਿਜਾਂਦੇ। ਭਾਈ ਚਿੱਤਰ ਸਿੰਘ ਦੇ ਛੋਟੇ ਭਰਾ ਤਾਂ ਗੁਰੂ ਦਰਬਾਰ ਦੀ ਸੇਵਾ ਵਿਚ ਹੀ ਸਮਰਪਿਤ ਸਨ। ਪਰਿਵਾਰ ਵਿਚ ਵੱਡੇ ਹੋਣ ਕਰਕੇ ਘਰ ਦੀ ਜ਼ਿੰਮੇਵਾਰੀ ਚਿੱਤਰ ਸਿੰਘ ਦੇ ਉਪਰ ਸੀ। ਇਸ ਲਈ ਘਰ ਦੀ ਕਬੀਲਦਾਰੀ ਵੇਖਦੇ ਤੇ ਜਦੋਂ ਗੁਰੂ-ਘਰ ਵਿਚ ਸੇਵਾ ਦਾ ਮੌਕਾ ਮਿਲਦਾ, ਉਹ ਕਦੇ ਵੀ ਹੱਥੋਂ ਨਾ ਗਵਾਉਂਦੇ। ਇਨ੍ਹਾਂ

---

1 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁੱਤ 3, ਅੰਸੂ 20.

2 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 131.

3 *ਉਹੀ*, ਪੰਨਾ 197.

4 ਰਜਿੰਦਰ ਕੌਰ, ਨਿਹੰਗ ਸਿੰਘ ਸੰਸਥਾ : ਆਰੰਭ, ਵਿਕਾਸ ਤੇ ਯੋਗਦਾਨ, ਪੰਨਾ 265.

ਦੇ ਦੋ ਬੇਟੇ ਕੇਸੋ ਸਿੰਘ ਤੇ ਭਾਈ ਸੈਣਾ ਸਿੰਘ ਵੀ ਸਿੱਖ ਸ਼ਹੀਦਾਂ ਦੀ ਫਹਰਿਸਤ ਵਿਚ ਦਾਖਿਲ ਹੋਏ। ਭਾਈ ਮਨੀ ਸਿੰਘ ਨੂੰ ਆਪ ਦੇ ਸਾਹਮਣੇ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਨੂੰ ਲਾਹੌਰ ਵਿਚ ਕੈਦ ਕੀਤਾ ਗਿਆ। ਭਾਈ ਚਿੱਤਰ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਇਸਲਾਮ ਕਬੂਲ ਕਰਨ ਜਾਂ ਮੌਤ ਵਿਚੋਂ ਕਿਸੇ ਇਕ ਨੂੰ ਚੁਣਨ ਲਈ ਕਿਹਾ ਗਿਆ ਤਾਂ ਚਿੱਤਰ ਸਿੰਘ ਨੇ ਮੌਤ ਦੀ ਚੋਣ ਕੀਤੀ ਤੇ ਮੁਗ਼ਲ ਸ਼ਾਸਕਾਂ ਨੂੰ ਸਖਤ ਤਾੜਨਾ ਕੀਤੀ ਕਿ ਧਰਮ ਬਦਲਣ ਬਾਰੇ ਉਨ੍ਹਾਂ ਨਾਲ ਕੋਈ ਹੋਰ ਗੱਲ ਨਾ ਕੀਤੀ ਜਾਵੇ ਤੇ ਉਹ ਜੋ ਕਰਨਾ ਚਾਹੁੰਦੇ ਹਨ, ਕਰ ਲੈਣ। ਇਸ ਤਰ੍ਹਾਂ ਭਾਈ ਚਿੱਤਰ ਸਿੰਘ ਨੂੰ 24 ਜੂਨ 1734 ਈ. ਵਿਚ ਲਾਹੌਰ ਦੇ ਨਖਾਸ਼ ਚੌਕ ਵਿਚ ਬੜੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਗਿਆ।[1]

**ਜਵਾਹਰ ਸਿੰਘ** : ਭਾਈ ਜਵਾਹਰ ਸਿੰਘ ਗੁਰੂ ਗੋਬਿੰਦ ਸਿੰਘ ਦੇ ਪ੍ਰਮੁੱਖ ਸਿੱਖਾਂ ਵਿੱਚੋਂ ਇੱਕ ਸੀ। *ਮਹਾਨ ਕੋਸ਼* ਅਨੁਸਾਰ ਇਹ ਆਗਰੇ ਦਾ ਨਿਵਾਸੀ ਜੜੀਆ ਸਿੱਖ ਸੀ, ਜੋ ਦਸਮੇਸ਼ ਦੇ ਆਗਰੇ ਪਧਾਰਨ ਸਮੇਂ ਸਤਸੰਗ ਕਰਦਾ ਰਿਹਾ।[2]

ਦਸੰਬਰ 5-6 ਸੰਨ 1705 ਈ. ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਅਨੰਦਪੁਰ ਛੱਡਿਆ ਤਾਂ ਚਾਲੀ ਸਿੰਘਾਂ ਨੇ ਆਪ ਜੀ ਦੇ ਨਾਲ ਜੀਣ-ਮਰਨ ਦਾ ਪ੍ਰਣ ਕੀਤਾ, ਉਨ੍ਹਾਂ ਵਿੱਚੋਂ ਜਵਾਹਰ ਸਿੰਘ ਵੀ ਇੱਕ ਸਨ। ਇਹ ਗੁਰੂ ਸਾਹਿਬ ਦੇ ਨਾਲ ਅਨੰਦਪੁਰ ਤੋਂ ਕੀਰਤਪੁਰ ਵੱਲ 12-13 ਕਿਲੋਮੀਟਰ ਦੂਰ ਸਰਸਾ ਨਦੀ ਪਾਰ ਕਰ ਕੇ ਪਿੰਡਾਂ ਅਤੇ ਜੰਗਲਾਂ ਵਿਚੋਂ ਹੁੰਦੇ ਹੋਏ ਚਮਕੌਰ ਵਿਖੇ ਪੁੱਜ ਗਏ। ਚਮਕੌਰ ਵਿਚ ਆਪ ਗੁਰੂ ਜੀ ਦੇ ਨਾਲ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਠਹਿਰੇ। ਉਸੇ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਉਸ ਵੇਲੇ ਗੜ੍ਹੀ ਦੇ ਅੰਦਰ ਦੋ ਸਾਹਿਬਜ਼ਾਦੇ ਅਤੇ 45 ਸਿੱਖ ਸਨ। ਦੂਜੇ ਪਾਸੇ ਘੇਰਾ ਪਾਉਣ ਵਾਲੀਆਂ ਫ਼ੌਜਾਂ ਹਜ਼ਾਰਾਂ ਦੀ ਗਿਣਤੀ ਵਿਚ ਸਨ। ਚਾਲੀ ਸਿੰਘਾਂ ਨੇ ਇੱਕ-ਇੱਕ ਦੋ-ਦੋ ਕਰ ਕੇ ਗੜ੍ਹੀ ਵਿਚੋਂ ਬਾਹਰ ਨਿਕਲ ਕੇ ਮੁਗ਼ਲ ਫ਼ੌਜਾਂ ਨਾਲ ਹੱਥੋਂ-ਹੱਥ ਲੜਾਈ ਕੀਤੀ ਤੇ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਿਆ। ਹਨੇਰਾ ਹੋਣ ਮਗਰੋਂ ਇਹ ਲੜਾਈ ਬੰਦ ਹੋ ਗਈ। ਇਹ 7 ਦਸੰਬਰ ਦੀ ਸ਼ਾਮ ਸੰਨ 1705 ਈ. ਸੀ।

---

1 ਇੰਦਰਜੀਤ ਸਿੰਘ ਜੋਧਕਾ, ਮਹਾਨ ਸ਼ਹੀਦੀ ਪਰਿਵਾਰ - ਭਾਈ ਬਚਿੱਤਰ ਸਿੰਘ ਜੀ, ਪੰਨਾ 77.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 514.

ਇਸ ਵੇਲੇ ਤੱਕ ਭਾਈ ਜਵਾਹਰ ਸਿੰਘ ਸਮੇਤ 38 ਸਿੰਘ ਸ਼ਹੀਦ ਹੋ ਗਏ ਸਨ।[1]

**ਜੀਤਾ ਸਿੰਘ :** ਸ੍ਰੀ ਗੁਰੂ ਗੋਬਿੰਦ ਜੀ ਦਾ ਸਿਦਕੀ ਸਿੱਖ। ਇਹ ਨਿਰਮੋਹਗੜ੍ਹ ਦੀ ਜੰਗ ਵਿਚ 13 ਕੱਤਕ 1757 ਬਿ. (1700 ਈ.) ਨੂੰ ਰਾਜਾ ਅਜਮੇਰ ਚੰਦ ਦੀ ਫ਼ੌਜ ਵਿਰੁੱਧ ਗੁਰੂ ਸਾਹਿਬ ਵੱਲੋਂ ਲੜ ਕੇ ਸ਼ਹੀਦ ਹੋਇਆ।[2] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਇਹ ਥਾਨੇਸਰ ਦੇ ਵਾਸੀ ਭਾਈ ਰਾਮੇ ਦਾ ਪੁੱਤਰ ਸੀ, ਜੋ ਕਿ ਭਾਈ ਮਨੀ ਸਿੰਘ ਜੀ ਦੀ ਭੂਆ ਬੀਬੀ ਮਲੂਕੀ ਦੇ ਰਾਠੌਰ ਪਰਿਵਾਰ ਵਿਚੋਂ ਸੀ।[3]

**ਜੀਵਨ ਸਿੰਘ : ਇਹ** ਸ੍ਰੀ ਗੁਰੂ ਗੋਬਿੰਦ ਜੀ ਦਾ ਹਜ਼ੂਰੀ ਸਿੱਖ ਸੀ। ਜੀਵਨ ਸਿੰਘ ਭਾਈ ਪ੍ਰੇਮ ਚੰਦ ਦਾ ਪੁੱਤਰ, ਜੋ ਕਿ ਪੁਆਰ ਜਾਤੀ ਵਿਚੋਂ ਸੀ। ਜਦੋਂ ਭਾਈ ਉਦੇ ਸਿੰਘ ਅਤੇ ਹੋਰ ਸਿੱਖ ਬਸਾਲੀ ਤੋਂ ਸ਼ਿਕਾਰ ਖੇਡਣ ਗਏ। ਤਾਂ ਇਕ ਬਾਘ ਦਾ ਬੱਚਾ ਇਨ੍ਹਾਂ ਦੇ ਤੀਰ ਨਾਲ ਜਖ਼ਮੀ ਹੋ ਕੇ ਕਲਮੋਟ ਨਗਰ ਵਿਚ ਚਲਿਆ ਗਿਆ। ਇਹ ਵੀ ਉਸ ਦੇ ਪਿੱਛੇ ਕਲਮੋਟ ਨਗਰ ਵਿਚ ਚਲੇ ਗਏ। ਇੱਥੋਂ ਦੇ ਰੰਘੜਾਂ ਨਾਲ ਇਨ੍ਹਾਂ ਦੀ ਝਪਟ ਹੋ ਗਈ। ਜਿਸ ਵਿਚ ਜੀਵਨ ਸਿੰਘ ਸਖਤ ਜਖ਼ਮੀ ਹੋ ਕੇ ਸ਼ਹੀਦ ਹੋ ਗਿਆ। ਇਸ ਦਾ ਸਸਕਾਰ ਦੂਸਰੇ ਦਿਨ ਬਸਾਲੀ ਵਿਖੇ ਕੀਤਾ ਗਿਆ।[4]

**ਜੀਵਨ ਸਿੰਘ, ਭਾਈ ਜੈਤਾ :** ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਦਾ ਬਹਾਦੁਰ ਯੋਧਾ ਸਿੱਖ ਸੀ। ਗਿਆਨੀ ਗਿਆਨ ਸਿੰਘ ਨੇ *ਤਵਾਰੀਖ਼ ਗੁਰੂ ਖ਼ਾਲਸਾ* ਵਿੱਚ ਲਿਖਿਆ ਹੈ ਕਿ ਅੰਮ੍ਰਿਤ ਛਕਣ ਤੋਂ ਪਹਿਲਾਂ ਇਸ ਦਾ ਨਾਉਂ ਜੈਤਾ ਸੀ ਅਤੇ ਇਹ ਦਿੱਲੀ ਤੋਂ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਕੀਰਤਪੁਰ ਲਿਆਇਆ ਸੀ। ਜਦੋਂ ਅਨੰਦਪੁਰ ਛੱਡਕੇ ਦਸਮੇਸ਼ ਚਮਕੌਰ ਵੱਲ ਆਏ ਸਨ, ਤਦ ਇਹ ਰਸਤੇ ਵਿੱਚ ਬਾਬਾ ਅਜੀਤ ਸਿੰਘ ਜੀ ਨਾਲ ਮਿਲਕੇ, ਤੁਰਕਾਂ ਨਾਲ ਜੰਗ ਕਰਦਾ ਸ਼ਹੀਦ ਹੋਇਆ। ਇਸ ਦਾ ਸ਼ਹੀਦ ਗੰਜ ਚਮਕੌਰ ਹੈ।

ਭਾਈ ਜੀਵਨ ਸਿੰਘ ਭਾਈ ਆਗਿਆ ਸਿੰਘ ਦੇ ਪੁੱਤਰ ਤੇ ਭਾਈ ਦੁੱਲਾ ਦੇ ਪੋਤੇ ਸਨ। ਆਪ ਰੰਘਰੇਟੇ ਨਾਂ ਦੀ ਇੱਕ ਅਖੌਤੀ ਪੱਛੜੀ ਜਾਤੀ ਨਾਲ ਸੰਬੰਧ ਰੱਖਦੇ ਸਨ। ਆਪ ਦੇ ਵਡੇਰੇ ਦਿਲਵਾਲੀ ਮੁਹੱਲੇ, ਦਿੱਲੀ ਵਿਚ

---

1 ਭਾਈ ਸੁਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 143.

2 *ਉਹੀ,* ਪੰਨਾ 131.

3 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 220.

4 ਭਾਈ ਸੁਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 132.

ਰਹਿੰਦੇ ਸਨ। ਜਦੋਂ 11 ਨਵੰਬਰ 1675 ਈ. ਦੇ ਦਿਨ ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਵਿਚ ਸ਼ਹੀਦ ਕਰ ਦਿੱਤੇ ਗਏ ਤਾਂ ਭਾਈ ਜੈਤਾ ਆਪਣੇ ਤਿੰਨ ਸਾਥੀਆਂ ਨਾਲ ਰਲ ਕੇ ਗੁਰੂ ਸਾਹਿਬ ਦਾ ਸੀਸ ਚਾਂਦਨੀ ਚੌਕ 'ਚੋਂ ਚੁੱਕ ਕੇ ਲਿਆਏ ਸਨ ਅਤੇ ਅਨੰਦਪੁਰ ਸਾਹਿਬ ਲਿਜਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੇ ਦਿੱਤਾ ਸੀ। ਇਸ ਸੇਵਾ ਬਦਲੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਆਖ ਕੇ ਨਿਵਾਜਿਆ ਸੀ।[1] ਜਦੋਂ ਗੁਰੂ ਗੋਬਿੰਦ ਸਿੰਘ ਨੇ ਫ਼ੌਜ ਬਣਾਈ ਤਾਂ ਭਾਈ ਜੈਤਾ ਵੀ ਉਸ ਵਿਚ ਸ਼ਾਮਿਲ ਹੋਏ। ਭਾਈ ਜੈਤਾ ਨੇ ਸ਼ਸਤਰ ਚਲਾਉਣ ਦੀ ਸਿਖਲਾਈ ਲੈਣ ਵਿੱਚ ਦਿਲਚਸਪੀ ਦਿਖਾਈ। ਬੜੀ ਛੇਤੀ ਸ਼ਸਤਰ ਚਲਾਉਣ ਵਿਚ ਮਾਹਿਰ ਹੋ ਗਏ। ਜਦੋਂ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪ੍ਰਗਟ ਕੀਤਾ ਤਾਂ ਆਪ ਅੰਮ੍ਰਿਤ ਛਕ ਕੇ ਭਾਈ ਜੈਤਾ ਤੋਂ ਜੀਵਨ ਸਿੰਘ ਬਣ ਗਏ। ਅਨੰਦਪੁਰ ਸਾਹਿਬ ’ਤੇ ਹੋਏ ਹਮਲਿਆਂ ਵਿੱਚ ਇਸ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਅਤੇ ਬਹੁਤ ਸਾਰੇ ਹਮਲਾਵਰ ਪਹਾੜੀਆਂ ਅਤੇ ਮੁਗ਼ਲਾਂ ਨੂੰ ਮੌਤ ਦੇ ਘਾਟ ਉਤਾਰਿਆ।

ਦਸੰਬਰ 5-6 ਦੀ ਰਾਤ ਸੰਨ 1705 ਈ. ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਭਾਈ ਜੀਵਨ ਸਿੰਘ ਵੀ ਉਨ੍ਹਾਂ 40 ਸਿੰਘਾਂ ਵਿੱਚ ਸਨ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿਣ ਦਾ ਫੈਸਲਾ ਕੀਤਾ ਹੋਇਆ ਸੀ। ਜਦੋਂ ਇਹ ਕਾਫਲਾ ਅਨੰਦਪੁਰ ਤੋਂ ਨਿਕਲ ਕੇ ਕੀਰਤਪੁਰ ਤੋਂ ਅੱਗੇ ਸਰਸਾ ਨਦੀ ਦੇ ਨੇੜੇ ਪਹੁੰਚਿਆ ਤਾਂ ਪਹਾੜੀ ਫ਼ੌਜਾਂ ਨੇ ਸਿੱਖਾਂ ਉੱਪਰ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਭਾਈ ਜੀਵਨ ਸਿੰਘ ਨੂੰ ਉਨ੍ਹਾਂ ਦੇ ਇੱਕ ਸੌ ਸਾਥੀਆਂ ਸਮੇਤ ਪਿੰਡ ਝੱਖੀਆਂ ਦੀ ਜੂਹ ਵਿਚ ਮੋਰਚੇ ਲਾਉਣ ਵਾਸਤੇ ਤਾਇਨਾਤ ਕਰ ਦਿੱਤਾ। ਇਸ ਮੌਕੇ ’ਤੇ ਬੜੀ ਜ਼ਬਰਦਸਤ ਲੜਾਈ ਹੋਈ। ਸਾਰੇ ਸਿੰਘਾਂ ਨੇ ਹਮਲਾਵਰ ਸਿਪਾਹੀਆਂ ਦਾ ਡੱਟ ਕੇ ਮੁਕਾਬਲਾ ਕੀਤਾ। ਜੀਵਨ ਸਿੰਘ ਨੇ ਐਸੇ ਜੌਹਰ ਵਿਖਾਏ ਕਿ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਉਨ੍ਹਾਂ ਦੇ ਤੀਰਾਂ ਨੇ ਪਹਾੜੀਆਂ ਨੂੰ ਇੱਕ ਵਾਰ ਤਾਂ ਹੈਰਾਨ ਪ੍ਰੇਸ਼ਾਨ ਕਰ ਦਿੱਤਾ। ਇਸ ਮੌਕੇ ’ਤੇ ਅਚਾਨਕ ਭਾਈ ਜੀਵਨ ਸਿੰਘ ਦੇ ਮੱਥੇ ਵਿਚ ਇੱਕ ਗੋਲੀ ਆ ਕੇ ਵੱਜੀ ਅਤੇ ਉਨ੍ਹਾਂ ਨੇ ਉਸ ਵੇਲੇ 'ਵਾਹਿਗੁਰੂ ਜੀ ਕੀ ਫ਼ਤਿਹ' ਆਖ ਕੇ ਸ਼ਹੀਦੀ ਪਾ ਦਿੱਤੀ। ਇਸ ਲੜਾਈ

---

[1] ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 127.

ਵਿੱਚ ਭਾਈ ਸਾਹਿਬ ਦੇ ਨਾਲ ਸੌ ਸਿੱਖ ਸ਼ਹੀਦ ਹੋਏ।[1] ਸ੍ਰੀਮਤੀ ਰਜਿੰਦਰ ਕੌਰ ਨੇ ਆਪਣੇ ਪੀਐਚ-ਡੀ. ਦੇ ਥੀਸਿਸ ਵਿਚ ਭਾਈ ਜੀਵਨ ਸਿੰਘ ਬਾਰੇ ਲਿਖਿਆ ਹੈ ਕਿ ਸ਼੍ਰੋਮਣੀ ਜਰਨੈਲ ਬਾਬਾ ਜੀਵਨ ਸਿੰਘ (ਭਾਈ ਜੈਤਾ) ਦੇ ਨਾਮ ’ਤੇ ਨਿਹੰਗ ਸਿੰਘ ਦਲ ਬਣਿਆ ਹੋਇਆ ਹੈ। ਇਸ ਦਾ ਹੈੱਡ ਕੁਆਟਰ, ਗੁਰਦੁਆਰਾ ਸ਼ਹੀਦ ਬੁਰਜ (ਗੜ੍ਹੀ ਚਮਕੌਰ ਸਾਹਿਬ) ਰੋਪੜ ਹੈ।[2]

**ਟਹਿਲ ਸਿੰਘ** : ਗੁਰੂ ਦਸਮੇਸ਼ ਦਾ ਇਕ ਸਿਦਕੀ ਸਿੱਖ। ਜਦੋਂ ਗੁਰੂ ਗੋਬਿੰਦ ਸਿੰਘ ਨੇ ਇਕ ਵੈਸਾਖ ਸੰਮਤ 1656 ਬਿ. (1699 ਈ.) ਨੂੰ ਅਨੰਦਪੁਰ ਵਿਚ ਖ਼ਾਲਸਾ ਪ੍ਰਗਟ ਕੀਤਾ, ਤਾਂ ਪੰਜ ਪਿਆਰਿਆਂ ਤੋਂ ਬਾਅਦ ਵਿਚ ਅੰਮ੍ਰਿਤ ਛਕਣ ਵਾਲਿਆਂ ਵਿਚੋਂ ਟਹਿਲ ਸਿੰਘ ਇਕ ਸਨ। ਭਾਈ ਕਾਨ੍ਹ ਨਾਭਾ ਨੇ ਇਸ ਦਾ ਨਾਂ ਚਮਕੌਰ ਦੇ ਚਾਲੀ ਸ਼ਹੀਦ ਸਿੱਖਾਂ ਦੀ ਸੂਚੀ ਵਿਚ ਵੀ ਲਿਖਿਆ ਹੈ।[3] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਟਹਿਲ ਸਿੰਘ ਪਿੰਡ ਡੱਲਵਾਂ ਦਾ ਵਾਸੀ ਸੀ। ਇਸ ਦਾ ਨਾਂ ਚਮਕੌਰ ਦੇ ਚਾਲੀ ਮੁਕਤਿਆਂ ਵਿਚ ਦਰਜ ਹੈ।[4]

**ਦਰਸੋ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇੱਕ ਸੈਨਿਕ ਸਿੱਖ। ਇਹ ਹੁਸੈਨੀ ਸਿਪਾਹਸਲਾਰ ਨਾਲ ਪਹਾੜੀ ਰਾਜਿਆਂ ਦੇ ਵਿਰੁੱਧ ਜੰਗ ਵਿੱਚ ਲੜ ਕੇ ਸ਼ਹੀਦ ਹੋਇਆ ਸੀ।[5]

ਭਾਈ ਦਰਸੋ ਗੁਰੂ ਗੋਬਿੰਦ ਸਿੰਘ ਜੀ ਦੇ ਖਾਸ ਸਿੱਖਾਂ ਵਿੱਚੋਂ ਇੱਕ ਸਨ। ਉਹ ਗੁਲੇਰ ਦੀ ਲੜਾਈ ਵਿਚ 1696 ਈ. ਨੂੰ ਸ਼ਹੀਦ ਹੋਏ ਸਨ। ਗੁਲੇਰ ਦੀ ਇਸ ਲੜਾਈ ਵਿਚ ਭਾਈ ਲਹਿਨੀਆ, ਭਾਈ ਹਨੁਮੰਤ, ਭਾਈ ਸੰਗਤ ਰਾਇ ਤੇ ਭਾਈ ਦਰਸੋ ਤੋਂ ਇਲਾਵਾ ਤਿੰਨ ਹੋਰ ਸਿੱਖ ਸ਼ਹੀਦ ਹੋਏ ਸਨ। ਇਨ੍ਹਾਂ ਦੀਆਂ ਲਾਸ਼ਾਂ ਦਾ ਸਸਕਾਰ ਅਗਲੇ ਦਿਨ ਕੀਤਾ ਗਿਆ ਸੀ। ਗੁਲੇਰ ਦੀ ਲੜਾਈ ਹੁਸੈਨ ਖ਼ਾਂ ਅਤੇ ਗੁਲੇਰ ਦੇ ਰਾਜੇ ਦੀਆਂ ਫ਼ੌਜਾਂ ਵਿਚਕਾਰ ਹੋਈ ਸੀ। ਇਸ ਮੌਕੇ ’ਤੇ ਭਾਈ ਸੰਗਤ ਰਾਇ ਅਤੇ ਛੇ ਹੋਰ ਸਿੱਖ ਰਾਜਾ ਗੋਪਾਲ ਦਾ ਸਮਝੌਤਾ ਕਰਵਾਉਣ ਵਾਸਤੇ ਪੁੱਜੇ ਹੋਏ ਸਨ ਪਰ ਜਦੋਂ ਕਿਰਪਾਲ ਚੰਦ ਕਟੌਚੀਏ (ਜੋ ਮੁਗ਼ਲ ਹਮਲਾਵਰ ਹੁਸੈਨ ਖ਼ਾਂ ਦਾ ਸਾਥ ਦੇ ਰਿਹਾ ਸੀ)

---

1 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 145.

2 ਰਜਿੰਦਰ ਕੌਰ, ਨਿਹੰਗ ਸਿੰਘ ਸੰਸਥਾ : ਆਰੰਭ, ਵਿਕਾਸ ਤੇ ਯੋਗਦਾਨ, ਪੰਨਾ 259.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨੇ 881,981.

4 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 201.

5 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨੇ 622.

ਨੇ ਰਾਜਾ ਗੋਪਾਲ ਨੂੰ ਗੱਲਬਾਤ ਦੌਰਾਨ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਰਾਜਾ ਬੱਚ ਕੇ ਨਿਕਲ ਗਿਆ। ਇਸ ਮੌਕੇ ਤੇ ਭਾਈ ਦਰਸੋ ਸਣੇ ਸੱਤ ਸਿੱਖਾਂ ਨੇ ਸ਼ਹੀਦੀਆਂ ਪਾਈਆਂ।[1]

**ਦਾਨ ਸਿੰਘ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ ਜੋਧਾ। ਭਾਈ ਦਾਨ ਸਿੰਘ ਬੜੇ ਤਗੜੇ ਜਵਾਨ ਤੇ ਜੰਗਜੂ ਸੁਭਾਅ ਦੇ ਵਿਅਕਤੀ ਸਨ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਜ ਦੇ ਬਹਾਦਰ ਸਿਪਾਹੀਆਂ ਵਿਚੋਂ ਇੱਕ ਸਨ। ਦਾਨ ਸਿੰਘ ਗੁਰੂ ਸਾਹਿਬ ਕੋਲ ਅਨੰਦਪੁਰ ਹੀ ਰਿਹਾ ਕਰਦਾ ਸੀ। ਇਸ ਨੇ ਅਨੰਦਪੁਰ ਅਤੇ ਨਿਰਮੋਹਗੜ੍ਹ ਦੀਆਂ ਜੰਗਾਂ ਵਿਚ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਸਨ। ਅਨੰਦਪੁਰ ਛੱਡਣ ਵੇਲੇ ਭਾਈ ਦਾਨ ਸਿੰਘ, ਉਨ੍ਹਾਂ ਚਾਲੀ ਸਿੰਘਾਂ ਵਿਚ ਸ਼ਾਮਿਲ ਸਨ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਨਾਲ ਜੀਣ-ਮਰਨ ਦੀਆਂ ਕਸਮਾਂ ਖਾਧੀਆਂ ਸਨ। ਚਮਕੌਰ ਦੀ ਗੜ੍ਹੀ ਵਿਚ ਦਾਨ ਸਿੰਘ ਨੇ ਸੈਂਕੜੇ ਵੈਰੀਆਂ ਨਾਲ ਜੂਝ ਕੇ ਸ਼ਹਾਦਤ ਦਾ ਜਾਮ ਪੀਤਾ।[2]

**ਦੀਪ ਸਿੰਘ, ਬਾਬਾ :** ਬਾਬਾ ਦੀਪ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹਜ਼ੂਰੀ ਸਿੱਖਾਂ ਵਿਚੋਂ ਪ੍ਰਮੁੱਖ ਸਿੱਖ ਸਨ। ਇਹ ਸ਼ਹੀਦ ਸਿੰਘੀਆ ਮਿਸਲ ਦੇ ਆਗੂ ਵੀ ਸਨ। ਬਾਬਾ ਦੀਪ ਸਿੰਘ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛੱਕ ਕੇ ਸਿੰਘ ਸਜੇ ਸਨ। ਇਨ੍ਹਾਂ ਦਾ ਜਨਮ 14 ਮਾਘ, ਸੰਮਤ 1739 ਬਿ. (1682 ਈ.) ਵਿਚ ਅੰਮ੍ਰਿਤਸਰ ਜਿਲ੍ਹੇ ਦੇ ਪਹੂਵਿੰਡ ਪਿੰਡ ਵਿਖੇ ਭਾਈ ਭਗਤੂ ਜੀ ਦੇ ਘਰ ਮਾਤਾ ਊਨੀ (ਜੀਉਣੀ) ਦੀ ਕੁਖੋਂ ਹੋਇਆ। ਮਾਤਾ-ਪਿਤਾ ਨੇ ਇਨ੍ਹਾਂ ਦਾ ਨਾਂ ਦੀਪਾ ਰੱਖਿਆ। ਅੰਮ੍ਰਿਤ ਛੱਕਣ ਉਪਰੰਤ ਦੀਪਾ ਤੋਂ ਦੀਪ ਸਿੰਘ ਰੱਖਿਆ ਗਿਆ। ਗੁਰੂ-ਘਰ ਦੀ ਮਰਿਯਾਦਾ ਕੀਰਤਨ, ਕਥਾ, ਲੰਗਰ, ਸਿੰਘਾਂ ਦੀ ਬਹਾਦਰਾਂ ਵਾਲੀ ਪੋਸ਼ਾਕ ਤੇ ਸ਼ਸਤਰਾਂ ਤੋਂ ਆਪ ਇੰਨੇ ਪ੍ਰਭਾਵਿਤ ਹੋਏ ਕਿ ਮਾਪਿਆਂ ਦੀ ਆਗਿਆ ਲੈ ਕੇ ਗੁਰੂ ਸਾਹਿਬ ਕੋਲ ਅਨੰਦਪੁਰ ਸਾਹਿਬ ਹੀ ਰਹਿਣ ਲਗ ਪਏ। ਗੁਰਮਤਿ ਦਾ ਗਿਆਨ ਆਪ ਨੇ ਭਾਈ ਮਨੀ ਸਿੰਘ ਤੋਂ ਲਿਆ ਅਤੇ ਗੁਰਬਾਣੀ ਕੰਠ ਕੀਤੀ। ਇਥੇ ਹੀ ਦੀਪ ਸਿੰਘ ਨੇ ਘੋੜਸਵਾਰੀ ਅਤੇ ਸ਼ਸਤਰ ਵਿੱਦਿਆ ਵਿਚ ਮੁਹਾਰਤ ਹਾਸਿਲ ਕੀਤੀ। ਗੁਰੂ ਗੋਬਿੰਦ ਸਿੰਘ ਨਾਲ ਸ਼ਿਕਾਰ ਕਰਦਿਆਂ ਇਸ ਨੂੰ ਇਕ ਵਾਰ ਸ਼ੇਰ ਮਾਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ। ਕੁਝ ਸਮੇਂ ਬਾਅਦ ਆਪ ਦੀ ਸ਼ਾਦੀ ਕਰਨ ਲਈ ਆਪ

---

1 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 105.

2 *ਉਹੀ,* ਪੰਨੇ 145.

ਨੂੰ ਘਰ ਵਾਪਸ ਬੁਲਾ ਲਿਆ ਗਿਆ ਪਰ ਸ਼ਾਦੀ ਹੋਣ ਤੋਂ ਪਹਿਲਾਂ ਹੀ ਆਪ ਨੂੰ ਗੁਰੂ ਗੋਬਿੰਦ ਸਿੰਘ ਦੇ ਅਨੰਦਪੁਰ ਛੱਡਣ ਅਤੇ ਚਾਰੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖਬਰ ਮਿਲ ਗਈ। ਇਹ ਖਬਰ ਸੁਣਦਿਆਂ ਹੀ ਆਪ ਆਪਣਾ ਘੋੜਾ ਲੈ ਕੇ ਗੁਰੂ ਜੀ ਦੀ ਭਾਲ ਵਿਚ ਨਿਕਲ ਪਏ ਅਤੇ ਸਾਬੋ ਕੀ ਤਲਵੰਡੀ ਵਿਖੇ ਗੁਰੂ ਸਾਹਿਬ ਦੇ ਚਰਨਾਂ 'ਤੇ ਜਾ ਸੀਸ ਰੱਖਿਆ ਅਤੇ ਔਖੇ ਸਮੇਂ ਅਨੰਦਪੁਰ ਸਾਹਿਬ ਤੋਂ ਗੈਰ-ਹਾਜ਼ਰ ਹੋਣ ਲਈ ਮਾਫੀ ਮੰਗੀ। ਗੁਰੂ ਸਾਹਿਬ ਨੇ ਬਾਬਾ ਦੀਪ ਸਿੰਘ ਨੂੰ ਪਿਆਰ ਦਿੱਤਾ ਤੇ ਭਾਈ ਮਨੀ ਸਿੰਘ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਨ ਦੀ ਸੇਵਾ ਸੌਂਪੀ। ਗੁਰੂ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਬਾਬਾ ਜੀ ਨੇ ਬਾਕੀ ਦਾ ਜੀਵਨ ਤਲਵੰਡੀ ਸਾਬੋ ਵਿਖੇ ਬਿਤਾਇਆ ਅਤੇ ਇਥੇ ਰਹਿ ਕੇ *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ* (ਜੋ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਕਰਵਾਈ ਸੀ) ਤੋਂ ਕਈ ਉਤਾਰੇ ਕੀਤੇ, ਜਿਨ੍ਹਾਂ ਵਿਚੋਂ ਇਕ ਬੀੜ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ, ਇਕ ਪਟਨਾ ਸਾਹਿਬ, ਇਕ ਸ੍ਰੀ ਅਨੰਦਪੁਰ ਸਾਹਿਬ ਅਤੇ ਚੌਥੀ ਬੀੜ ਸ੍ਰੀ ਦਮਦਮਾ ਸਾਹਿਬ ਹੀ ਰੱਖੀ ਗਈ। ਇਸ ਬਾਰੇ ਸ. ਪਰਮਜੀਤ ਸਿੰਘ ਆਪਣੇ ਐਮ.ਫਿਲ. ਦੇ ਥੀਸਿਸ ਵਿਚ ਲਿਖਦੇ ਹਨ, ਕਿ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ 'ਗੁਰਬਾਣੀ ਦਾ ਪ੍ਰਚਾਰ ਸਾਰੇ ਸੰਸਾਰ ਤੱਕ ਪਹੁੰਚਾਣਾ ਹੈ' ਸੰਮਤ 1783 ਬਿ. (1726 ਈ.) ਮਾਘੀ ਵਾਲੇ ਦਿਨ ਅਰਦਾਸ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਆਪਣੇ ਭੋਰੇ ਵਿਚ ਬੈਠ ਕੇ ਇਹ ਸੇਵਾ ਸੰਪੂਰਨ ਕੀਤੀ।[1]

ਬਾਬਾ ਬੰਦਾ ਸਿੰਘ ਬਹਾਦਰ 1709 ਈ. ਵਿਚ ਜਦੋਂ ਜਾਲਮਾਂ ਨੂੰ ਸੋਧਣ ਲਈ ਪੰਜਾਬ ਆਇਆ ਤਾਂ ਬਾਬਾ ਦੀਪ ਸਿੰਘ ਆਪਣੇ ਸਿੰਘਾਂ ਦਾ ਇਕ ਭਾਰੀ ਜਥਾ ਲੈ ਕੇ ਉਸ ਨੂੰ ਮਿਲੇ। ਇਨ੍ਹਾਂ ਨੇ ਸਰਹਿੰਦ ਅਤੇ ਸਢੌਰਾ ਫਤਹਿ ਕਰਨ ਵੇਲੇ ਵੱਧ ਚੜ੍ਹ ਕੇ ਯੁੱਧ ਵਿਚ ਹਿੱਸਾ ਲਿਆ।[2] ਯੁੱਧ ਵਿਚ ਹਮੇਸ਼ਾਂ ਅੱਗੇ ਹੋ ਕੇ ਲੜਨ ਕਾਰਨ ਬਾਬਾ ਜੀ ਦਾ ਨਾਂ ਲਕਬ-ਸ਼ਹੀਦ ਪੈ ਗਿਆ ਅਤੇ ਆਪ ਦੇ ਜਥੇ ਨੂੰ ਸ਼ਹੀਦਾਂ ਦਾ ਜਥਾ ਕਿਹਾ ਜਾਣ ਲੱਗਾ।

ਪੰਜਾਬ ਦੇ ਗਵਰਨਰ ਯਾਹੀਆ ਖ਼ਾਨ ਅਤੇ ਲਖਪਤ ਰਾਇ ਨੇ ਜਦੋਂ 1746 ਈ. ਵਿਚ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਕਾਹਨੂੰਵਾਨ ਦੇ ਜੰਗਲ ਵਿਚ ਇਕੱਠੇ ਹੋਏ ਸਿੰਘਾਂ ਨੂੰ ਸ਼ਾਹੀ ਫ਼ੌਜ ਨਾਲ ਘੇਰ ਲਿਆ ਤਾਂ ਇਥੇ

---

[1] ਪਰਮਜੀਤ ਸਿੰਘ, ਸ਼ਹੀਦ ਬਾਬਾ ਦੀਪ ਸਿੰਘ ਜੀਵਨ, ਸਿੱਖ ਪਰੰਪਰਾ ਵਿਚ ਸਥਾਨ ਤੇ ਯੋਗਦਾਨ, ਪੰਨਾ 74.

[2] ਗੁਰਬਚਨ ਸਿੰਘ ਨਈਅਰ, ਗੁਰ ਰਤਨ ਮਾਲ ਸੌ ਸਾਖੀ, ਪੰਨਾ 178.

ਬਾਬਾ ਦੀਪ ਸਿੰਘ ਆਪਣੇ ਜਥੇ ਸਮੇਤ ਹਾਜ਼ਰ ਸਨ। ਬਹੁਤ ਦੇਰ ਲੜਾਈ ਚਲੀ ਅਤੇ ਅਖੀਰ ਲਖਪਤ ਰਾਇ ਨੇ ਜੰਗਲ ਨੂੰ ਅੱਗ ਲਗਵਾ ਦਿੱਤੀ। ਸਿੱਖ ਇਤਿਹਾਸ ਵਿਚ ਇਸ ਸਾਕੇ ਨੂੰ *ਛੋਟੇ ਘਲੂਘਾਰੇ* ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਮੁਗ਼ਲਾਨੀ ਬੇਗ਼ਮ ਦੇ ਸੱਦੇ ਉੱਤੇ ਅਹਿਮਦਸ਼ਾਹ ਅਬਦਾਲੀ ਨੇ ਸੰਨ 1756 ਈ. ਵਿਚ ਹਿੰਦੁਸਤਾਨ ਉਪਰ ਚੌਥਾ ਹਮਲਾ ਕੀਤਾ। ਸਿੰਘ ਇਨ੍ਹਾਂ ਨਾਲ ਡੱਟ ਕੇ ਲੜੇ। ਵਾਪਸ ਜਾਂਦੇ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਪੰਜਾਬ ਦਾ ਸੂਬੇਦਾਰ ਅਤੇ ਜਹਾਨ ਖ਼ਾਨ ਨੂੰ ਸੈਨਾਪਤੀ ਬਣਾ ਦਿੱਤਾ। ਇਨ੍ਹਾਂ ਦੋਹਾਂ ਨੇ ਅਬਦਾਲੀ ਦੇ ਹੁਕਮ ਅਨੁਸਾਰ ਸਿੱਖਾਂ ਉਤੇ ਬਹੁਤ ਤਸ਼ੱਦਦ ਕੀਤੇ। ਅੰਮ੍ਰਿਤਸਰ ਦੇ ਪਵਿੱਤਰ ਹਰਿਮੰਦਰ ਸਾਹਿਬ ਨੂੰ ਢਾਹ-ਢੇਰੀ ਕਰਨ ਅਤੇ ਸਰੋਵਰ ਨੂੰ ਮਲਬੇ ਨਾਲ ਪੂਰਨ ਦੇ ਮੰਤਵ ਨਾਲ ਜਹਾਨ ਖ਼ਾਨ ਭਾਰੀ ਫ਼ੌਜ ਲੈ ਕੇ ਅੰਮ੍ਰਿਤਸਰ ਪਹੁੰਚਿਆ। ਸਿੰਘਾਂ ਨੇ ਅੱਗੋਂ ਡੱਟ ਕੇ ਮੁਕਾਬਲਾ ਕੀਤਾ ਅਤੇ ਬਹੁਤ ਸਿੰਘ ਸ਼ਹੀਦ ਹੋਏ। ਜਹਾਨ ਖ਼ਾਨ ਨੇ ਆਲੇ-ਦੁਆਲੇ ਦੇ ਮਕਾਨ ਢਾਹ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ। ਅਬਦਾਲੀ ਨੂੰ ਇਹ ਯਕੀਨ ਸੀ, ਕਿ ਸਿੱਖ, ਸਰੋਵਰ ਦਾ ਪਵਿੱਤਰ ਅੰਮ੍ਰਿਤ ਜਲ ਛੱਕ ਕੇ ਫਿਰ ਨਰੋਏ ਹੋ ਜਾਂਦੇ ਹਨ। ਇਸ ਲਈ ਜਿੰਨੀ ਦੇਰ ਸਰੋਵਰ ਨਹੀਂ ਪੂਰਿਆ ਜਾਂਦਾ, ਉਨੀ ਦੇਰ ਇਨ੍ਹਾਂ ਨੂੰ ਹਰਾਉਣਾ ਮੁਸ਼ਕਿਲ ਹੈ।

ਅੰਮ੍ਰਿਤ ਸਰੋਵਰ ਨੂੰ ਪੂਰਨ ਤੋਂ ਬਾਅਦ ਸਖ਼ਤ ਫ਼ੌਜੀ ਪਹਿਰਾ ਲਗਾ ਕੇ ਅਬਦਾਲੀ ਆਪ ਲਾਹੌਰ ਚਲਾ ਗਿਆ। ਇਕ ਸਿੱਖ ਨੇ ਇਸ ਘਟਨਾ ਦੀ ਖਬਰ ਦਮਦਮਾ ਸਾਹਿਬ ਵਿਖੇ ਬਾਬਾ ਦੀਪ ਸਿੰਘ ਨੂੰ ਦਿੱਤੀ। ਖਬਰ ਸੁਣਦਿਆਂ ਹੀ ਆਪ ਨੇ ਨਗਾਰੇ 'ਤੇ ਚੋਟ ਲਗਾਈ ਤਾਂ ਨਗਰ ਦੇ ਸਾਰੇ ਸਿੰਘ ਇਕੱਠੇ ਹੋ ਗਏ। ਬਾਬਾ ਜੀ ਨੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਜ਼ਾਲਮਾਂ ਤੋਂ ਪਵਿੱਤਰ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਬਦਲਾ ਜ਼ਰੂਰ ਲੈਣਾ ਹੈ ਅਤੇ ਸ਼ਹੀਦੀਆਂ ਪ੍ਰਾਪਤ ਕਰਕੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ। ਇਹ ਹੁਕਮ ਸੁਣਦੇ ਹੀ ਸਿੰਘਾਂ ਨੇ ਜੈਕਾਰੇ ਛੱਡ ਦਿੱਤੇ ਅਤੇ ਬਾਬਾ ਜੀ ਦਾ ਹੁਕਮ ਪਿੰਡੋ-ਪਿੰਡ ਸਭ ਸਿੱਖਾਂ ਤੱਕ ਪਹੁੰਚਾਉਣ ਲਈ ਘੋੜਿਆਂ 'ਤੇ ਸਵਾਰ ਹੋ ਕੇ ਤੁਰ ਪਏ। ਗੁਰੂ-ਘਰ ਦੀ ਬੇਅਦਬੀ ਦੀ ਖਬਰ ਸੁਣ ਕੇ ਸਾਰੇ ਸਿੰਘ ਕਮਰ ਕੱਸ ਕੇ ਅਤੇ ਸ਼ਸਤਰਬੱਧ ਹੋ ਕੇ ਦਮਦਮਾ ਸਾਹਿਬ ਪਹੁੰਚ ਗਏ।

ਜਦੋਂ ਵੱਡੀ ਗਿਣਤੀ ਵਿਚ ਸਿੰਘ ਦਮਦਮਾ ਸਾਹਿਬ ਇਕੱਠੇ ਹੋਏ ਤਾਂ ਬਾਬਾ ਦੀਪ ਸਿੰਘ ਨੇ ਆਪਣੇ ਖੰਡੇ ਨਾਲ ਇਕ ਲਕੀਰ ਖਿੱਚੀ ਤੇ ਕਿਹਾ ਕਿ ਕੇਵਲ ਉਹ ਹੀ ਲਕੀਰ ਟੱਪੇ, ਜਿਸ ਨੇ ਯੁੱਧ ਵਿਚ ਪਿੱਠ ਨਹੀਂ ਦਿਖਾਉਣੀ ਅਤੇ ਧਰਮ ਤੋਂ ਜਾਨ ਵਾਰ ਕੇ ਸ਼ਹੀਦੀ ਪ੍ਰਾਪਤ ਕਰਨੀ ਹੈ। ਇਹ ਸੁਣ ਕੇ ਪੰਜ ਸੌ ਸਿੰਘ ਲਕੀਰ ਟੱਪ ਕੇ ਬਾਬਾ ਜੀ ਦੀ ਅਗਵਾਈ ਹੇਠ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ। ਰਸਤੇ ਵਿਚ ਚਲਦੇ-ਚਲਦੇ ਹੋਰ ਸਿੰਘ ਨਾਲ ਰਲਦੇ ਗਏ ਅਤੇ ਤਰਨਤਾਰਨ ਪਹੁੰਚਣ ਤੱਕ ਬਹੁਤ ਵੱਡੀ ਗਿਣਤੀ ਵਿਚ ਸਿੰਘ ਇਕੱਠੇ ਹੋ ਗਏ। ਸਿੰਘਾਂ ਦੇ ਇਸ ਇਕੱਠ ਦੀਆਂ ਖਬਰਾਂ ਲਾਹੌਰ ਤੱਕ ਪੁੱਜ ਗਈਆਂ। ਜਹਾਨ ਖ਼ਾਨ ਵੀਹ ਹਜ਼ਾਰ ਦੀ ਫ਼ੌਜ ਲੈ ਕੇ ਅੰਮ੍ਰਿਤਸਰ ਤੋਂ 7 ਕਿਲੋਮੀਟਰ ਦੂਰ ਗੋਹਲਵੜ੍ਹ ਕੋਲ ਪਹੁੰਚਿਆ ਤਾਂ 11 ਨਵੰਬਰ 1757 ਈ. ਨੂੰ ਸਿੰਘਾਂ ਨਾਲ ਉਸ ਦੀ ਫ਼ੌਜ ਦਾ ਟਾਕਰਾ ਹੋ ਗਿਆ। ਸਿੰਘ ਬਹੁਤ ਬਹਾਦਰੀ ਨਾਲ ਲੜੇ ਅਤੇ ਜਹਾਨ ਖ਼ਾਨ ਦੀ ਫ਼ੌਜ ਵਿਚ ਭਗਦੜ ਮਚਾ ਦਿੱਤੀ। ਭਾਈ ਦਿਆਲ ਸਿੰਘ ਨੇ ਅਮੀਰ ਖ਼ਾਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਤਰ੍ਹਾਂ ਲੜਦੇ-ਲੜਦੇ ਸਿੰਘ ਰਾਮਸਰ ਕੋਲ ਪਹੁੰਚ ਗਏ ਅਤੇ ਸ਼ਾਹੀ ਫ਼ੌਜਾਂ ਦਾ ਇਕ ਹੋਰ ਜਰਨੈਲ ਫ਼ੌਜ ਲੈ ਕੇ ਆ ਗਿਆ। ਅੰਤ ਚਾਟੀਵੰਡ ਦੇ ਦਰਵਾਜੇ ਅੱਗੇ (ਗੁਰਦੁਆਰਾ ਰਾਮਸਰ ਕੋਲ) ਬਾਬਾ ਦੀਪ ਸਿੰਘ ਜਹਾਨ ਖ਼ਾਨ ਨਾਲ ਲੜਦੇ ਸ਼ਹੀਦ ਹੋ ਗਏ। ਦੋਹਾਂ ਜਰਨੈਲਾਂ ਦੇ ਸਾਂਝੇ ਵਾਰ ਨਾਲ ਸਿਰ ਲੱਥੇ।[1]

**ਦੇਵਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ। ਗੁਰੂ ਗੋਬਿੰਦ ਸਿੰਘ ਨੇ ਜਦੋਂ ਇਕ ਵੈਸਾਖ ਸੰਮਤ 1656 ਬਿ. (1699 ਈ.) ਨੂੰ ਅਨੰਦਪੁਰ ਵਿਚ ਖਾਲਸਾ ਪ੍ਰਗਟ ਕੀਤਾ। ਉਸ ਸਮੇਂ ਪੰਜ ਪਿਆਰਿਆਂ ਤੋਂ ਬਾਅਦ ਵਿਚ ਅੰਮ੍ਰਿਤ ਛਕਣ ਵਾਲਿਆਂ ਸਿੱਖਾਂ ਵਿਚੋਂ ਦੇਵਾ ਸਿੰਘ ਇਕ ਸਨ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਇਸ ਦਾ ਨਾਂ ਚਮਕੌਰ ਦੇ ਚਾਲੀ ਮੁਕਤਿਆਂ ਦੀ ਸੂਚੀ ਵਿਚ ਵੀ ਦਿੱਤਾ ਹੈ।[2] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਇਹ ਬਘਿਆਣੇ ਦਾ ਵਸਨੀਕ ਸੀ ਅਤੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਇਆ।[3]

**ਦੇਵਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ। ਇਹ ਭਾਈ ਤੇਗੇ ਦਾ ਪੁੱਤਰ ਅਤੇ ਸੁਖੇ ਉਦਾਨੇ ਦਾ ਪੋਤਾ

---

[1] ਰਛਪਾਲ ਸਿੰਘ, ਪੰਜਾਬ ਕੋਸ਼ (ਭਾਗ ਦੂਜਾ), ਪੰਨਾ 139.

[2] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨੇ 881, 981.

[3] ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 201.

ਸੀ, ਜੋ ਕਿ 7 ਕੱਤਕ 1757 ਬਿ. ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ।[1]

**ਨਗਾਹੀਆ ਸਿੰਘ :** ਸ੍ਰੀ ਦਸਮੇਸ਼ ਜੀ ਦਾ ਇਕ ਸਿਦਕੀ ਸਿੱਖ। ਇਹ ਭਾਈ ਲੱਖੀ ਸ਼ਾਹ ਵਣਜਾਰੇ ਦਾ ਪੁੱਤਰ ਸੀ, ਜੋ ਕਿ 7 ਕੱਤਕ 1757 ਬਿ. ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ।[2]

**ਨਾਹਰ ਸਿੰਘ :** ਦਸਮੇਸ਼ ਜੀ ਦਾ ਸੈਨਾਨੀ ਸਿੱਖ, ਜੋ ਅਨੰਦਪੁਰ ਦੇ ਜੰਗ ਸਮੇਂ ਲੋਹਗੜ੍ਹ ਦੇ ਕਿਲੇ ਉਤੇ ਮਾਮੂਰ (ਨਿਯਤ ਕੀਤਾ) ਸੀ।[3] ਇਹ ਗੁਰੂ ਸਾਹਿਬ ਦੀਆਂ ਜੰਗਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਰਿਹਾ ਸੀ। ਕਨ੍ਹੱਈਆ ਲਾਲ *ਤਾਰੀਖ਼-ਇ-ਪੰਜਾਬ* ਵਿਚ ਲਿਖਦਾ ਹੈ ਕਿ ਲੋਹਗੜ੍ਹ ਦੇ ਦੋ ਅਧਿਕਾਰੀਆਂ ਨਾਹਰ ਸਿੰਘ ਤੇ ਸ਼ੇਰ ਸਿੰਘ ਨੇ ਰਾਤ ਨੂੰ ਮੁਗ਼ਲ ਫ਼ੌਜ ਉਤੇ ਹੱਲਾ ਬੋਲ ਕੇ ਹਜ਼ਾਰਾਂ ਵੈਰੀਆਂ ਨੂੰ ਢੇਰ ਕੀਤਾ।[4]

ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਗੁਰੂ ਸਾਹਿਬ ਦੇ ਅਨੰਦਪੁਰ ਛੱਡਣ ਵੇਲੇ ਨਾਲ ਸਨ। ਇਹ ਚਮਕੌਰ ਦੀ ਗੜ੍ਹੀ ਵਿਚ ਵੀ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਸਨ। ਇਨ੍ਹਾਂ ਨੂੰ ਗੜ੍ਹੀ ਦੇ ਦਰਵਾਜੇ ’ਤੇ ਤਾਇਨਾਤ ਕੀਤਾ ਹੋਇਆ ਸੀ। ਗੜ੍ਹੀ ਵਿਚ ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਦੋਵੇਂ ਯੋਧੇ ਸ਼ਹੀਦ ਹੋ ਗਏ।[5]

**ਨੇਤਾ ਸਿੰਘ :** ਸ੍ਰੀ ਗੁਰੂ ਗੋਬਿੰਦ ਜੀ ਦਾ ਸਿਦਕੀ ਸਿੱਖ। ਇਹ ਰਾਜਾ ਅਜਮੇਰ ਚੰਦ ਵਿਰੁੱਧ ਗੁਰੂ ਸਾਹਿਬ ਦੀ ਫ਼ੌਜ ਵੱਲੋਂ ਲੜ ਕੇ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ।[6] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਇਹ ਥਾਨੇਸਰ ਦੇ ਵਾਸੀ ਭਾਈ ਰਾਮੇ ਦਾ ਪੁੱਤਰ ਸੀ, ਜੋ ਭਾਈ ਮਨੀ ਸਿੰਘ ਜੀ ਦੀ ਭੂਆ ਬੀਬੀ ਮਲੂਕੀ ਦੇ ਰਾਠੌਰ ਪਰਿਵਾਰ ਵਿਚੋਂ ਸੀ।[7]

**ਨੰਦ ਸਿੰਘ :** ਸ੍ਰੀ ਦਸਮੇਸ਼ ਜੀ ਦਾ ਇਕ ਹਜ਼ੂਰੀ ਸਿੱਖ। ਇਹ ਭਾਈ ਆਲਮ ਸਿੰਘ ਪੰਵਾਰ ਦਾ ਪੁੱਤਰ ਅਤੇ ਭਾਈ ਦਰੀਏ ਦਾ ਪੋਤਾ ਸੀ। ਭਾਈ ਨੰਦ ਸਿੰਘ 30 ਭਾਦੋਂ 1757 ਬਿ. ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ

---

1 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 247.

2 *ਉਹੀ,* ਪੰਨਾ 247.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 689.

4 ਕਨ੍ਹੱਈਆ ਲਾਲ, ਤਾਰੀਖ਼-ਏ-ਪੰਜਾਬ, ਅਨੁ. ਡਾ. ਜੀਤ ਸਿੰਘ ਸੀਤਲ, ਪੰਨਾ 48.

5 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨੇ 147.

6 *ਉਹੀ,* ਪੰਨਾ 131.

7 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 220.

ਹੋਇਆ।[1]

**ਬਖਸ਼ੀਸ ਸਿੰਘ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਸਿੱਖ ਸੀ। ਪਿੰਡ ਭਰੋਵਾਲ (ਭੈਰੋਵਾਲ), ਜਿਲ੍ਹਾ ਤਰਨਤਾਰਨ ਦਾ ਕਲਾਲ। ਇਸ ਨੇ 1 ਵੈਸਾਖ ਸੰਮਤ 1756 ਨੂੰ ਦਸਮੇਸ਼ ਜੀ ਤੋਂ ਅੰਮ੍ਰਿਤ ਛਕਿਆ। ਇਹ ਧਰਮਵੀਰ ਅਨੰਦਪੁਰ ਦੇ ਜੰਗਾਂ ਵਿੱਚ ਬੜੀ ਬਹਾਦੁਰੀ ਨਾਲ ਲੜਦਾ ਰਿਹਾ।[2] ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਬਖਸੀਸ ਸਿੰਘ ਬਾਰੇ ਲਿਖਿਆ ਹੈ –

ਬਹੁਰ ਇਕਾਦਸ ਹਵੈ ਸਿਖ ਖਰੇ। ਅੰਮ੍ਰਿਤ ਲੀਨਿ ਬੀਰਰਸ ਭਰੇ।
ਬਖਸ਼ ਸਿੰਘ ਬਖਸ਼ੀਸ ਸਿੰਘ ਪੁਨ। ਸਿੰਘ ਕਲਾਲ ਜਾਤਿ ਰਹਿਤੈ ਸੁਨਿ।20।
ਭੈਰੋਵਾਲ ਗ੍ਰਾਮ ਕੇ ਸੋਇ। ਰਹੇ ਹਜ਼ੂਰ ਸਦਾਈ ਦੋਇ।[3]

*ਗੁਰੂ ਦੇ ਸ਼ੇਰ* ਵਿਚ ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਦੇ ਹਨ ਕਿ ਆਪ ਦੇ ਵੱਡੇ-ਵਡੇਰੇ ਪਹਿਲੋਂ ਸ਼ਰਾਬ ਬਣਾਉਣ ਦਾ ਕਾਰੋਬਾਰ ਕਰਦੇ ਸਨ, ਪਰ ਗੁਰੂ ਸਾਹਿਬ ਦੀ ਸਿੱਖਿਆ ਲੈਣ ਮਗਰੋਂ ਉਹ ਇਸ ਧੰਦੇ ਨੂੰ ਛੱਡ ਗਏ ਸਨ। ਉਂਝ ਸ. ਜੱਸਾ ਸਿੰਘ ਆਹਲੂਵਾਲੀਆ ਵਾਂਗ ਇਸ ਪਰਿਵਾਰ ਦੇ ਨਾਂ ਨਾਲ ਵੀ ਕਲਾਲ ਅੱਲ ਚਲਦੀ ਰਹੀ ਹੈ। ਗੁਰੂ ਸਾਹਿਬ ਦੇ ਅਨੰਦਪੁਰ ਛੱਡਣ ਸਮੇਂ ਉੱਥੇ ਹਾਜ਼ਿਰ 500 ਸਿੰਘਾਂ ਵਿੱਚੋਂ ਇੱਕ ਸਨ। ਇਸ ਮੌਕੇ ’ਤੇ 460 ਸਿੱਖ ਮਾਤਾ ਗੁਜਰੀ ਜੀ ਤੇ ਚੌਹਾਂ ਸਾਹਿਬਜ਼ਾਦਿਆਂ ਦੇ ਜੱਥੇ ਵਿਚ ਨਿਕਲੇ ਅਤੇ 40 ਸਿੱਖ ਗੁਰੂ ਸਾਹਿਬ ਦੇ ਨਾਲ ਰਹੇ। ਭਾਈ ਬਖਸੀਸ ਸਿੰਘ ਮਾਤਾ ਗੁਜਰੀ ਦੇ ਜੱਥੇ ਦੇ ਨਾਲ ਅਨੰਦਪੁਰ ਤੋਂ ਨਿਕਲੇ ਸਨ। ਇਹ ਸਾਰੀ ਵਹੀਰ 6 ਦਸੰਬਰ ਦੀ ਸਵੇਰ ਵੇਲੇ ਸਰਸਾ ਨਦੀ ਦੇ ਕੰਢੇ ਪਹੁੰਚ ਚੁੱਕੀ ਸੀ। ਬਖਸੀਸ ਸਿੰਘ ਬਾਕੀ ਦੇ ਸਿੰਘ ਤੇ ਗੁਰੂ ਸਾਹਿਬ 7 ਦਸੰਬਰ ਦੀ ਸਵੇਰ ਨੂੰ ਚਮਕੌਰ ਪੁੱਜ ਗਏ। ਚਮਕੌਰ ਵਿਚ ਭਾਈ ਬੁੱਧੀ ਚੰਦ ਰਾਵਤ ਨੇ ਆਪ ਸਭ ਨੂੰ ਆਪਣੀ ਗੜ੍ਹੀ ਵਿੱਚ ਰੁਕਣ ਦਾ ਸੱਦਾ ਦਿੱਤਾ। ਦੁਪਹਿਰ ਸਮੇਂ ਰੋਪੜ ਤੋਂ ਆਈ, ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੀ ਫ਼ੌਜ ਨੇ ਚਮਕੌਰ ਨੂੰ ਘੇਰਾ ਪਾ ਲਿਆ। ਫ਼ੌਜ ਦਾ ਘੇਰਾ ਚਹੁੰ ਪਾਸਿਓਂ ਹੋਣ ਕਰਕੇ ਸਿੱਖਾਂ

---

1 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 247.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 830.

3 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤ 3, ਅੰਸੂ 20.

ਵਾਸਤੇ ਬਚ ਕੇ ਨਿਕਲ ਜਾਣਾ ਨਾਮੁਮਕਿਨ ਸੀ। ਹੁਣ ਉਨ੍ਹਾਂ ਕੋਲ ਲੜਾਈ ਕਰਕੇ ਸ਼ਹੀਦ ਹੋਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। 7 ਦਸੰਬਰ ਦੀ ਰਾਤ ਤਕ ਸ਼ਹੀਦ ਹੋ ਜਾਣ ਵਾਲੇ 38 ਸਿੰਘਾਂ ਵਿੱਚ ਭਾਈ ਬਖਸੀਸ ਸਿੰਘ ਵੀ ਸਨ।[1]

**ਬਚਿੱਤਰ ਸਿੰਘ, ਭਾਈ** : ਇਹ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮੁੱਖ ਸਿੱਖ ਯੋਧਿਆਂ ਵਿਚੋਂ ਇਕ ਸੀ। ਬਚਿੱਤਰ ਸਿੰਘ ਸ਼ਹੀਦ ਭਾਈ ਮਨੀ ਦਾ ਸਪੁੱਤਰ ਸੀ। ਇਸ ਦਾ ਜਨਮ 12 ਅਪ੍ਰੈਲ 1663 ਈ. ਨੂੰ ਪਿੰਡ ਅਲੀਪੁਰ (ਜਿਲ੍ਹਾ ਮੁਜ਼ੱਫਰਗੜ੍ਹ) ਵਿਚ ਹੋਇਆ ਸੀ। ਭਾਈ ਮਨੀ ਸਿੰਘ ਨੇ ਜਿਹੜੇ ਆਪਣੇ ਪੰਜ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਰਪਨ ਕੀਤੇ ਸਨ, ਉਨ੍ਹਾਂ ਵਿਚੋਂ ਇਕ ਸੀ। ਗੁਰੂ ਸਾਹਿਬ ਨੇ ਇਸ ਨੂੰ ਆਪ ਅੰਮ੍ਰਿਤ ਛਕਾਇਆ ਸੀ। ਬਚਿੱਤਰ ਸਿੰਘ ਦਿਨ ਵਿੱਚ ਕਈ-ਕਈ ਪੁਸ਼ਾਕਾਂ ਪਹਿਨ ਕੇ ਰੂਪ ਬਦਲਿਆ ਕਰਦਾ ਸੀ, ਇਸ ਲਈ ਦਸਮੇਸ਼ ਇਸ ਨੂੰ ਬਹੁਰੂਪੀਆ ਕਹਿ ਕੇ ਵੀ ਬੁਲਾਇਆ ਕਰਦੇ ਸਨ। ਇਹ ਇੱਕ ਬਹਾਦੁਰ ਸਿਪਾਹੀ, ਦਲੇਰ ਨੌਜੁਆਨ ਅਤੇ ਹਮਦਰਦ ਇਨਸਾਨ ਸਨ। ਭਾਈ ਬਚਿੱਤਰ ਸਿੰਘ ਦਾ ਪਿਤਾ ਪੁਰਖੀ ਪਰਿਵਾਰ ਗੁਰੂ-ਘਰ ਨਾਲ ਜੁੜਿਆ ਹੋਇਆ ਸੀ। *ਗੁਰੂ ਕੀਆਂ ਸਾਖੀਆਂ* ਅਨੁਸਾਰ ਭਾਈ ਬਚਿੱਤਰ ਸਿੰਘ ਦੇ ਦੋ ਸਪੁੱਤਰ ਬਾਅਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਸਮੇਂ ਸ਼ਹੀਦੀ ਗਾਨ੍ਹੇ ਬੰਨ੍ਹ ਕੇ ਮੋਏ। ਭਾਈ ਸੰਗਰਾਮ ਸਿੰਘ ਚਪੜਚਿੜੀ ਦੀ ਜੰਗ ਵਿਚ ਅਤੇ ਦੂਜਾ ਭਾਈ ਰਾਮ ਸਿੰਘ ਦਿੱਲੀ ਵਿਚ ਬਾਬਾ ਬੰਦਾ ਸਿੰਘ ਨਾਲ ਸ਼ਹੀਦ ਕੀਤਾ ਗਿਆ।[2]

ਸੰਮਤ 1758 ਬਿ. ਵਿੱਚ ਪਹਾੜੀ ਰਾਜਿਆਂ ਨੇ ਆ ਕੇ ਅਨੰਦਪੁਰ ਨੂੰ ਘੇਰਿਆ ਅਤੇ ਇੱਕ ਮਸਤ ਹਾਥੀ ਲੋਹਗੜ੍ਹ ਦੇ ਕਿਲੇ ਦਾ ਦਰਵਾਜਾ ਤੋੜਨ ਲਈ ਅੱਗੇ ਕੀਤਾ। ਕਲਗੀਧਰ ਜੀ ਦੀ ਆਗਿਆ ਪਾ ਕੇ ਵੀਰ ਬਚਿੱਤਰ ਸਿੰਘ ਨੇ ਹਾਥੀ ਦੇ ਮੱਥੇ ’ਤੇ ਐਸਾ ਨੇਜਾ ਮਾਰਿਆ, ਜੋ ਲੋਹੇ ਦੇ ਤਵੇ ਨੂੰ ਭੰਨਕੇ ਅੰਦਰ ਜਾ ਧਸਿਆ, ਜਿਸ ਦੇ ਵੱਜਣ ਨਾਲ ਹਾਥੀ ਅਜੇਹਾ ਨੱਠਾ ਕਿ ਪਹਾੜੀ ਸੈਨਾ ਦੇ ਨਾਸ਼ ਦਾ ਕਾਰਣ ਬਣਿਆ।

ਬਚਿੱਤਰ ਸਿੰਘ ਜੰਗ ਵਿਚ ਹਮੇਸ਼ਾਂ ਹੀ ਸਭ ਤੋਂ ਮੂਹਰੇ ਹੋ ਕੇ ਲੜਾਈ ਕਰਦੇ ਸਨ। ਇਹ ਤਲਵਾਰ

---

1 ਹਰਜਿੰਦਰ ਸਿੰਘ ਦਿਲਗੀਰ, ਗੁਰੂ ਸ਼ੇਰ, ਪੰਨਾ 186.

2 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 18.

ਚਲਾਉਣ ਵਿਚ ਇੰਨੇ ਮਾਹਿਰ ਸਨ ਕਿ ਕਈ ਬੰਦਿਆਂ ਨਾਲ ਇਕੱਲੇ ਹੀ ਲੜ ਸਕਦੇ ਸਨ। ਇਨ੍ਹਾਂ ਨੇ ਗੁਰੂ ਸਾਹਿਬ ਦੀਆਂ ਸਾਰੀਆਂ ਜੰਗਾਂ ਵਿਚ ਹਿੱਸਾ ਲਿਆ।

ਦਸੰਬਰ 5-6 ਦੀ ਰਾਤ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਛੱਡਣ ਦਾ ਫੈਸਲਾ ਕੀਤਾ ਤਾਂ ਭਾਈ ਬਚਿੱਤਰ ਸਿੰਘ, ਉਨ੍ਹਾਂ 40 ਸਿੰਘਾਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਨਾਲ ਇਕੱਠੇ ਜੀਣ-ਮਰਣ ਦਾ ਪ੍ਰਣ ਕੀਤਾ ਸੀ। ਗੁਰੂ ਸਾਹਿਬ ਨੇ ਭਾਈ ਬਚਿੱਤਰ ਸਿੰਘ ਨੂੰ ਸੌ ਸਿੰਘਾਂ ਦੇ ਜਥੇ ਦਾ ਮੁੱਖੀ ਬਣਾ ਕੇ ਵਹੀਰ ਦੇ ਨਾਲ ਤੋਰਿਆ।[1] ਇਹ ਵਹੀਰ ਅਨੰਦਪੁਰ ਤੋਂ ਕੀਰਤਪੁਰ ਤੱਕ ਆਰਾਮ ਨਾਲ ਨਿਕਲ ਗਈ, ਤੇ ਉੱਥੇ ਸਰਸਾ ਵੱਲ ਰਵਾਨਾ ਹੋਈ। ਇਸ ਮੌਕੇ ਦੁਸ਼ਮਣ ਫ਼ੌਜਾਂ ਨੇ ਉਨ੍ਹਾਂ 'ਤੇ ਤੀਰਾਂ ਅਤੇ ਗੋਲੀਆਂ ਦੀ ਵਾਛੜ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਦੇ ਕਹਿਣ ਅਨੁਸਾਰ ਇਹ ਰੋਪੜ ਵਲ ਚਲੇ ਗਏ ਤਾਂ ਜੋ ਸਰਹਿੰਦ ਤੋਂ ਆ ਰਹੀ ਮੁਗ਼ਲ ਫ਼ੌਜ ਨੂੰ ਉਪਰ ਹੀ ਰੋਕਿਆ ਜਾ ਸਕੇ। ਜਦੋਂ ਭਾਈ ਸਾਹਿਬ ਦਾ ਜੱਥਾ ਪਿੰਡ ਮਲਕਪੁਰ ਰੰਘੜਾਂ ਪੁੱਜਾ ਤਾਂ ਉੱਥੇ ਉਨ੍ਹਾਂ ਦੀ ਝੜਪ ਮੁਕਾਮੀ ਰੰਘੜਾਂ ਅਤੇ ਸਰਹਿੰਦ ਦੀ ਫ਼ੌਜ ਨਾਲ ਹੋ ਗਈ। ਇੱਥੇ ਬੜੀ ਗਹਿਗੱਚ ਲੜਾਈ ਹੋਈ। ਇਸ ਲੜਾਈ ਵਿੱਚ ਸੌ ਦੇ ਸੌ ਸਿੰਘ ਸੈਂਕੜਿਆਂ ਤੋਂ ਵੱਧ ਮੁਗ਼ਲਾਂ ਨੂੰ ਮਾਰ ਕੇ ਸ਼ਹੀਦ ਹੋ ਗਏ। ਭਾਈ ਬਚਿੱਤਰ ਸਿੰਘ ਇਸ ਮੌਕੇ 'ਤੇ ਬੜੇ ਗੰਭੀਰ ਜਖ਼ਮੀ ਹੋ ਕੇ ਡਿੱਗ ਪਏ। ਮੁਗ਼ਲ ਫ਼ੌਜਾਂ ਨੇ ਉਨ੍ਹਾਂ ਨੂੰ ਖ਼ਤਮ ਸਮਝ ਕੇ ਛੱਡ ਦਿੱਤਾ। ਪਿੱਛੋਂ ਆ ਰਹੇ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਮਦਨ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਦੋਂ ਭਾਈ ਬਚਿੱਤਰ ਸਿੰਘ ਨੂੰ ਜਖ਼ਮੀ ਪਿਆ ਹੋਇਆ ਵੇਖਿਆ ਤਾਂ ਉਹ, ਉਨ੍ਹਾਂ ਨੂੰ ਚੁੱਕ ਕੇ ਕੋਟਲਾ ਨਿਹੰਗ ਖ਼ਾਂ (ਰੋਪੜ) ਵਿੱਚ ਲੈ ਆਏ। ਗੁਰੂ ਸਾਹਿਬ ਪਹਿਲਾਂ ਹੀ ਇੱਥੇ ਪਹੁੰਚ ਗਏ ਸਨ। ਇਸ ਤੋਂ ਬਾਅਦ ਭਾਈ ਬਚਿੱਤਰ ਸਿੰਘ ਨਿਹੰਗ ਖ਼ਾਂ ਦੇ ਘਰ ਹੀ ਰਹੇ। ਨਿਹੰਗ ਖ਼ਾਂ ਦੀ ਬੇਟੀ ਮੁਮਤਾਜ਼ ਨੇ ਬਚਿੱਤਰ ਸਿੰਘ ਦੀ ਬੜੀ ਸੇਵਾ ਕੀਤੀ। ਉਨ੍ਹਾਂ ਦੇ ਜ਼ਖ਼ਮ ਇੰਨੇ ਗਹਿਰੇ ਸਨ ਕਿ ਉਹ ਬਚ ਨਾ ਸਕੇ। ਨਿਹੰਗ ਖ਼ਾਂ ਦੀ ਇਹ ਬੇਟੀ, ਜੋ ਬੱਸੀ ਪਠਾਣਾਂ ਦੇ ਇੱਕ ਮੁਸਲਮਾਨ ਜਵਾਨ ਨਾਲ ਮੰਗੀ ਹੋਈ ਸੀ, ਨੇ ਆਪਣੇ ਬਾਪ ਵਲੋਂ ਫ਼ੌਜ ਤੋਂ ਬਚਿੱਤਰ ਸਿੰਘ ਨੂੰ ਬਚਾਉਣ ਵਾਸਤੇ ਬੋਲੇ ਝੂਠ ਨੂੰ ਇਲਾਹੀ ਹੁਕਮ ਮੰਨਦਿਆਂ ਬਚਿੱਤਰ ਸਿੰਘ ਨੂੰ ਆਪਣਾ (ਖਾਵੰਦ) ਪਤੀ ਮੰਨ ਲਿਆ ਅਤੇ ਬਾਕੀ ਰਹਿੰਦੀ ਉਮਰ ਭਾਈ

---

[1] ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 139.

ਬਚਿੱਤਰ ਸਿੰਘ ਦੀ ਸੇਵਾ (ਵਿਧਵਾ) ਵਜੋਂ ਗੁਜ਼ਾਰ ਦਿੱਤੀ। ਬੀਬੀ ਮੁਮਤਾਜ਼ ਦੀ ਕਬਰ 'ਤੇ ਉਸ ਦਾ ਮਜ਼ਾਰ ਕੋਟਲਾ ਨਿਹੰਗ ਖ਼ਾਂ ਤੋਂ ਥੋੜੀ ਦੂਰ ਰਮਣੀਕ ਜਗ੍ਹਾ ਵਿਚ ਅਜੇ ਵੀ ਮੌਜੂਦ ਹੈ। ਜਿੱਥੇ ਬੀਬੀ ਜੀ ਨਾਮ ਭਜਨ ਕਰਿਆ ਕਰਦੇ ਸਨ, ਉਥੇ ਉਨ੍ਹਾਂ ਦੀ ਯਾਦ ਵਿਚ ਬਹੁਤ ਸੁੰਦਰ 'ਗੁਰਦੁਆਰਾ ਤੱਪ ਅਸਥਾਨ ਬੀਬੀ ਮੁਮਤਾਜ਼' ਬਣਾਇਆ ਗਿਆ ਹੈ।[1]

*ਗੁਰਬਿਲਾਸ ਪਾਤਸ਼ਾਹੀ* ੧੦ ਅਨੁਸਾਰ ਭਾਈ ਬਚਿੱਤਰ ਸਿੰਘ ਦੀ ਸ਼ਹੀਦੀ ਜੰਗ ਵਿਚ ਸਖਤ ਜ਼ਖਮੀ ਹੋਣ ਕਰਕੇ 19 ਪੋਹ, ਸੰਮਤ 1762 ਬਿ. (8 ਦਸੰਬਰ 1705 ਈ.) ਨੂੰ ਪਿੰਡ ਕੋਟਲਾ ਨਿਹੰਗ ਖ਼ਾਂ (ਰੋਪੜ) ਵਿਖੇ ਹੋਈ।[2] ਇਨ੍ਹਾਂ ਦਾ ਸਸਕਾਰ ਭਾਈ ਗੁਰਸਾ ਸਿੰਘ ਅਤੇ ਬੱਗਾ ਸਿੰਘ ਤਖਣੇਟੇ ਨੇ ਰਾਤੋ-ਰਾਤ ਕਰ ਦਿੱਤਾ।[3]

**ਬਜਰ ਸਿੰਘ** : ਭਾਈ ਬਜਰ ਸਿੰਘ ਸ੍ਰੀ ਦਸਮੇਸ਼ ਜੀ ਦਾ ਬਜ਼ੂਰੀ ਸਿੱਖ ਸੀ। ਇਹ ਥਾਨੇਸਰ ਦੇ ਵਸਨੀਕ ਭਾਈ ਰਾਮੇ ਦਾ ਪੁੱਤਰ ਸੀ। ਰਾਮਾ ਭਾਈ ਮਨੀ ਸਿੰਘ ਦੀ ਭੂਆ ਬੀਬੀ ਮਲੂਕੀ ਦੇ ਰਾਠੌਰ ਪਰਿਵਾਰ ਵਿਚੋਂ ਸੀ। ਇਹ ਗੁਰੂ ਸਾਹਿਬ ਨੂੰ ਸ਼ਸਤਰ ਵਿੱਦਿਆ ਸਿਖਾਇਆ ਕਰਦਾ ਸੀ। ਇਸ ਦੇ ਦੋ ਪੁੱਤਰ ਜੀਤ ਸਿੰਘ, ਨੇਤਾ ਸਿੰਘ ਅਤੇ ਇਕ ਧੀ ਬੀਬੀ ਭਿੱਖੀ ਜੀ ਗੁਰੂ ਸਾਹਿਬ ਦੀਆਂ ਜੰਗਾਂ ਵਿਚ ਸ਼ਹੀਦ ਹੋਏ ਸਨ। ਭਾਈ ਬਜਰ ਸਿੰਘ ਵੀ 1767 ਬਿ. ਨੂੰ ਚਪੜਚਿੜੀ ਦੀ ਜੰਗ ਵਿਚ ਸ਼ਹੀਦ ਹੋਇਆ ਸੀ।[4]

**ਬਾਘ ਸਿੰਘ** : ਸ੍ਰੀ ਦਸਮੇਸ਼ ਜੀ ਦਾ ਹਜ਼ੂਰੀ ਸਿੱਖ। ਇਹ ਭਾਈ ਰਾਇ ਸਿੰਘ ਦਾ ਪੁੱਤਰ ਸੀ। ਭਾਈ ਬਾਘ ਸਿੰਘ 31 ਭਾਦੋਂ 1757 ਬਿ. ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ।[5]

**ਬਾਜ ਸਿੰਘ** : ਬਾਜ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਜੋਧਾ ਸੀ। ਇਹ ਬੱਲ ਗੋਤ ਦਾ ਜੱਟ, ਮੀਰਾਂਪੁਰ ਪੱਟੀ ਦਾ ਵਸਨੀਕ ਸੀ। ਇਸ ਨੇ ਕਲਗੀਧਰ ਤੋਂ ਅੰਮ੍ਰਿਤ ਛੱਕ ਕੇ ਸਿੱਖ ਧਰਮ ਧਾਰਨ ਕੀਤਾ। ਇਹ ਪੰਥ ਵਿੱਚ ਵੱਡਾ ਸੂਰਵੀਰ ਗਿਣਿਆ ਗਿਆ ਹੈ। ਇਸ ਨੂੰ ਦਸਮੇਸ਼ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਲਈ

---

1 ਇੰਦਰਜੀਤ ਸਿੰਘ ਜੋਧਕਾ, ਮਹਾਨ ਸ਼ਹੀਦੀ ਪਰਿਵਾਰ – ਭਾਈ ਬਚਿੱਤਰ ਸਿੰਘ ਜੀ, ਪੰਨਾ 19.

2 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 312.

3 ਇੰਦਰਜੀਤ ਸਿੰਘ ਜੋਧਕਾ, ਮਹਾਨ ਸ਼ਹੀਦੀ ਪਰਿਵਾਰ – ਭਾਈ ਬਚਿੱਤਰ ਸਿੰਘ ਜੀ, ਪੰਨਾ 19.

4 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 220.

5 *ਉਹੀ,* ਪੰਨਾ 247.

ਅਬਿਚਲ ਨਗਰ (ਨਾਂਦੇੜ) ਤੋਂ ਨਾਲ ਭੇਜਿਆ ਸੀ। ਸੰਮਤ 1767 ਬਿ. ਵਿੱਚ ਬੰਦਾ ਸਿੰਘ ਬਹਾਦਰ ਨੇ ਵਜ਼ੀਰ ਖ਼ਾਂ ਨੂੰ ਮਾਰ ਕੇ ਸਰਹਿੰਦ ਦਾ ਹਾਕਿਮ ਭਾਈ ਬਾਜ ਸਿੰਘ ਨੂੰ ਥਾਪਿਆ। ਬਾਜ ਸਿੰਘ, ਬੰਦਾ ਸਿੰਘ ਬਹਾਦਰ ਦੇ ਨਾਲ ਹੀ ਦਿੱਲੀ ਸ਼ਹੀਦ ਹੋਇਆ। ਇਸ ਦਾ ਭਾਈ ਰਾਮ ਸਿੰਘ ਵੀ ਬੰਦਾ ਸਿੰਘ ਬਹਾਦਰ ਦਾ ਸੱਜਾ ਹੱਥ ਸੀ। ਇਸ ਨੇ ਧਰਮ ਜੰਗਾਂ ਵਿੱਚ ਵੱਡੇ ਸਾਕੇ ਕੀਤੇ।[1]

ਭਾਈ ਬਾਜ ਸਿੰਘ, ਸੂਬੇਦਾਰ ਸਰਹਿੰਦ ਨੂੰ 9 ਜੂਨ 1716 ਈ. ਦੇ ਦਿਨ ਦਿੱਲੀ ਦੇ ਬਾਹਰ ਜਮਨਾ ਨਦੀ ਦੇ ਕੰਢੇ ਸ਼ਹੀਦੀ ਹਾਸਿਲ ਹੋਈ ਸੀ। ਭਾਈ ਬਾਜ ਸਿੰਘ ਭਾਈ ਨਠੀਆ ਦੇ ਬੇਟੇ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। ਆਪ ਭਾਈ ਨਠੀਆ ਦੇ ਅੱਠਾਂ ਬੇਟਿਆਂ ਵਿਚ ਦੂਜੇ ਥਾਂ ਤੇ ਸਨ। ਆਪ ਦਾ ਜਨਮ ਪਿੰਡ ਅਲੀਪੁਰ (ਜਿਲ੍ਹਾ ਮੁਜ਼ੱਫਰਗੜ੍ਹ) ਵਿੱਚ ਹੋਇਆ ਸੀ। ਮਗਰੋਂ ਆਪ ਦੇ ਪਿਤਾ ਬੰਗਸ਼ ਇਲਾਕੇ ਵੱਲ ਚਲੇ ਗਏ। ਆਪ ਦਾ ਬਚਪਨ ਦਾ ਨਾਂ ਬਾਜੂ ਸੀ ਤੇ ਆਪ ਖੰਡੇ ਦੀ ਪਾਹੁਲ ਹਾਸਿਲ ਕਰਨ ਮਗਰੋਂ ਭਾਈ ਬਾਜ ਸਿੰਘ ਬਣ ਗਏ ਸਨ। ਆਪ ਦਾ ਖਾਨਦਾਨ ਗੁਰੂ ਘਰ ਦਾ ਸੇਵਕ ਸੀ ਅਤੇ ਉਨ੍ਹਾਂ ਨੇ ਪੰਥ ਦੀ ਚੜ੍ਹਦੀ ਕਲਾ ਵਾਸਤੇ ਬੜੀਆਂ ਕੁਰਬਾਨੀਆਂ ਕੀਤੀਆਂ ਸਨ।

5 ਅਕਤੂਬਰ 1708 ਈ. ਦੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਾਬਾ ਬੰਦਾ ਸਿੰਘ ਨੂੰ ਖ਼ਾਲਸਾ ਫ਼ੌਜਾਂ ਦਾ ਮੁਖੀ ਬਣਾ ਕੇ ਪੰਜਾਬ ਭੇਜਿਆ ਤਾਂ ਉਸ ਦੇ ਨਾਲ ਭੇਜੇ ਪੰਜ ਸਾਥੀਆਂ ਵਿੱਚ ਭਾਈ ਬਾਜ ਸਿੰਘ ਵੀ ਸਨ। ਮਗਰੋਂ ਇਨ੍ਹਾਂ ਨੇ ਪੰਜਾਬ ਦਾ ਕਾਫੀ ਹਿੱਸਾ ਆਜ਼ਾਦ ਕਰਵਾ ਲਿਆ। 14 ਮਈ 1710 ਈ. ਦੇ ਦਿਨ ਸਰਹਿੰਦ ਨੂੰ ਆਜ਼ਾਦ ਕਰਵਾਉਣ ਮਗਰੋਂ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਲਾਇਆ ਗਿਆ। ਭਾਈ ਬਾਜ ਸਿੰਘ ਨੇ ਸਰਹਿੰਦ ਦਾ ਇੰਤਜਾਮ 5 ਮਹੀਨੇ ਬਾਖੂਬੀ ਚਲਾਇਆ। ਉਸ ਨੇ ਸਾਬਿਤ ਕਰ ਦਿੱਤਾ ਕਿ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਹੁਕਮ ਮੁਤਾਬਿਕ ਰਾਜ ਕਿੰਝ ਚਲਾਇਆ ਜਾਣਾ ਚਾਹੀਦਾ ਹੈ। ਸਰਹਿੰਦ ਦੇ ਲੋਕਾਂ ਨੂੰ ਨਿਜ਼ਾਮ, ਇਨਸਾਫ, ਹਿਫਾਜ਼ਤ, ਮਾਲੀ ਸਕੂਨ ਦੀ ਜੋ ਦੇਣ ਭਾਈ ਬਾਜ ਸਿੰਘ ਨੇ ਦਿੱਤੀ ਸੀ, ਸਰਹਿੰਦ ਦੇ ਲੋਕ ਇਸ ਨੂੰ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ ਸਨ। ਪਰ ਇਹ ਮਾਹੌਲ ਜ਼ਿਆਦਾ ਸਮਾਂ ਨਾ ਰਿਹਾ। ਨਵੰਬਰ 1710

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 850.

ਈ. ਵਿੱਚ ਬਹਾਦਰ ਸ਼ਾਹ ਦੇ ਹਮਲੇ ਕਾਰਨ ਸਿੱਖ ਆਗੂਆਂ ਨੂੰ ਇੱਥੋਂ ਜਾਣਾ ਪਿਆ।

ਇਸ ਮਗਰੋਂ ਬਾਜ ਸਿੰਘ ਨੇ ਫਿਰ ਬੰਦਾ ਸਿੰਘ ਬਹਾਦਰ ਨਾਲ ਰਲ ਕੇ ਜੱਦੋ-ਜਹਿਦ ਕੀਤੀ। ਪਰ ਇਸ ਦਾ ਅਖੀਰ ਉਦੋਂ ਆ ਗਿਆ, ਜਦੋਂ ਉਹ 8 ਮਹੀਨੇ ਭੁੱਖੇ ਭਾਣੇ ਰਹਿ ਕੇ ਕਮਜ਼ੋਰ ਹੋਣ ਮਗਰੋਂ ਗ੍ਰਿਫਤਾਰ ਕਰ ਲਏ ਗਏ ਅਤੇ ਦਿੱਲੀ ਵਿੱਚ 9 ਮਾਰਚ 1716 ਈ. ਦੇ ਦਿਨ ਸ਼ਹੀਦ ਕਰ ਦਿੱਤੇ ਗਏ। ਬਾਜ ਸਿੰਘ ਦੇ ਚਾਰ ਪੁੱਤਰ ਸਨ- ਭਾਈ ਕੇਸਰ ਸਿੰਘ, ਨਾਹਰ ਸਿੰਘ, ਸ਼ੇਰ ਸਿੰਘ ਤੇ ਅਲਬੇਲ ਸਿੰਘ। ਇਨ੍ਹਾਂ ਵਿੱਚੋਂ ਨਿੱਕੇ ਤਿੰਨੇ ਉਸ ਦੇ ਨਾਲ ਹੀ ਸ਼ਹੀਦ ਕਰ ਦਿੱਤੇ ਗਏ ਸਨ।[1]

**ਬੰਦਾ ਸਿੰਘ ਬਹਾਦਰ, ਬਾਬਾ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਬਹਾਦਰ ਜਰਨੈਲ ਤੇ ਜੋਧਾ ਸਿੱਖ ਸੀ। ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਰਾਮਦੇਵ ਦੇ ਘਰ ਕੱਤਕ ਸੁਦੀ 13, ਸੰਮਤ 1727 ਬਿ. ਨੂੰ ਰਾਜੌਰੀ (ਕਸ਼ਮੀਰ) ਦੇ ਸਥਾਨ ਪੁਰ ਹੋਇਆ।[2] ਪਹਿਲਾਂ ਇਸ ਦਾ ਨਾਮ ਲਛਮਣ ਦੇਵ ਸੀ ਤੇ ਫੇਰ ਵੈਰਾਗੀ ਸਾਧੂ ਬਣਨ ’ਤੇ ਮਾਧੋ ਦਾਸ ਪੈ ਗਿਆ। ਰਾਜਪੂਤ ਦਾ ਪੁੱਤਰ ਹੋਣ ਕਰਕੇ ਬਚਪਨ ਵਿਚ ਹੀ ਇਸ ਨੇ ਸਭ ਹੁਨਰ ਸਿੱਖ ਲਏ ਸਨ, ਜੋ ਰਾਜਪੂਤਾਂ ਲਈ ਜ਼ਰੂਰੀ ਹੁੰਦੇ ਹਨ। ਛੋਟਿਆਂ ਹੁੰਦਿਆਂ ਇਸ ਨੂੰ ਸ਼ਿਕਾਰ ਖੇਡਣ ਦਾ ਬਹੁਤ ਸ਼ੌਕ ਸੀ। ਉਸ ਸਮੇਂ ਸ਼ਿਕਾਰ ਲਈ ਮੁੱਖ ਤੌਰ ’ਤੇ ਤੀਰ ਕਮਾਨ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਵਿਚ ਉਸ ਨੇ ਪੂਰੀ ਮੁਹਾਰਤ ਹਾਸਿਲ ਕਰ ਲਈ ਸੀ। ਸ਼ਿਕਾਰ ਖੇਡਦਿਆਂ ਇਕ ਦਿਨ ਐਸੀ ਘਟਨਾ ਵਾਪਰੀ ਕਿ ਇਕ ਹਰਨੀ ਇਸ ਦੇ ਤੀਰ ਨਾਲ ਮਰ ਗਈ, ਜਦ ਉਸ ਦਾ ਢਿੱਡ ਚੀਰਿਆ ਤਾਂ ਉਸ ਦੇ ਪੇਟ ਵਿਚੋਂ ਦੋ ਬੱਚੇ ਨਿਕਲੇ, ਜੋ ਅੱਖਾਂ ਸਾਹਮਣੇ ਹੀ ਤੜਪ ਕੇ ਮਰ ਗਏ। ਇਸ ਘਟਨਾ ਦਾ ਸ਼ਿਕਾਰੀ ਮਨ ’ਤੇ ਬਹੁਤ ਅਸਰ ਪਿਆ ਤੇ ਸ਼ਿਕਾਰ ਦਾ ਸ਼ੌਕ ਜਾਂਦਾ ਰਿਹਾ ਅਤੇ ਮੁੜ ਕਿਤੇ ਸ਼ਿਕਾਰ ਨਹੀਂ ਖੇਡਿਆ। ਇਸ ਤੋਂ ਇਲਾਵਾ ਸੰਸਾਰ ਵਲੋਂ ਵੀ ਦਿਲ ਉਦਾਸ ਹੋ ਗਿਆ। ਲਛਮਣ ਦੇਵ ਦਾ ਇਕ ਜਾਨਕੀ ਪ੍ਰਸ਼ਾਦ ਬੈਰਾਗੀ ਸਾਧੂ ਨਾਲ ਮਿਲਾਪ ਹੋਇਆ। ਇਸ ਸਾਧੂ ਦੀ ਸਿੱਖਿਆ ਦਾ ਮਨ ’ਤੇ ਅਜਿਹਾ ਅਸਰ ਹੋਇਆ ਕਿ ਘਰ-ਬਾਰ ਛੱਡ ਕੇ ਬੈਰਾਗੀ ਹੀ ਬਣ ਗਿਆ। ਇਸ ਦੀ ਸੰਗਤ ਵਿਚ ਰਹਿਣ ਅਤੇ

---

[1] ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 292.

[2] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 888.

ਬੈਰਾਗੀ ਭੇਖ ਕਰ ਕੇ ਲਛਮਣ ਦੇਵ ਤੋਂ ਨਾਮ ਮਾਧੋ ਦਾਸ ਬੈਰਾਗੀ ਪੈ ਗਿਆ।

ਮਾਧੋ ਦਾਸ ਆਪਣੀ ਮੰਡਲੀ ਨਾਲ ਤੀਰਥ ਯਾਤਰਾ ਕਰਦਾ ਹੋਇਆ ਸਾਧੂ ਸੰਤਾਂ ਦੀ ਸੰਗਤ ਕਰਦਾ। ਇਨ੍ਹਾਂ ਸੰਤਾਂ ਦੀ ਸੁਹਬਤ ਦਾ ਮਾਧੋ ਦਾਸ ਉਪਰ ਬਹੁਤ ਪ੍ਰਭਾਵ ਪਿਆ। ਸੰਮਤ 1765 ਬਿ. ਵਿਚ ਜਦੋਂ ਸ੍ਰੀ ਦਸਮੇਸ਼ ਜੀ ਨੰਦੇੜ ਪਹੁੰਚੇ ਤਾਂ ਇਹੋ ਗੁਰੂ ਸਾਹਿਬ ਦੇ ਆਤਮਿਕ ਪ੍ਰਭਾਵ ਦੇ ਅਧੀਨ ਸਿੱਖ ਬਣ ਗਿਆ ਤੇ 'ਬੰਦਾ ਬਹਾਦਰ' ਨਾਂ ਨਾਲ ਮਸ਼ਹੂਰ ਹੋਇਆ। ਬੰਦਾ ਸਿੰਘ ਬਹਾਦਰ ਨੇ ਇਸੇ ਸਾਲ ਗੁਰੂ ਦਸਮੇਸ਼ ਦੇ ਹੁਕਮ ਨਾਲ ਪੰਜਾਬ ਪਹੁੰਚ ਕੇ ਸਿੱਖ ਜੋਧਿਆਂ ਨੂੰ ਇਕ ਲੜੀ ਵਿਚ ਪਰੋਇਆ ਤੇ ਬੜੀ ਛੇਤੀ ਸਮਾਣਾ, ਸਢੌਰਾ, ਕੁੰਜਪੁਰਾ, ਛੱਤ ਬਨੂੜ, ਸਰਹਿੰਦ, ਮਾਲੇਰਕੋਟਲਾ ਆਦਿ ਸਥਾਨ ਫਤਹਿ ਕਰ ਕੇ ਨਵਾਬ ਵਜ਼ੀਰ ਖ਼ਾਨ ਸਰਹਿੰਦੀ ਆਦਿ ਗੁਰੂ-ਘਰ ਦੇ ਦੋਸ਼ੀਆਂ ਨੂੰ ਸਖਤ ਦੰਡ ਦਿੱਤੇ ਪਰ ਫੇਰ ਛੇਤੀ ਹੀ ਸਿੱਖਾਂ ਦੀ ਬੇਇਤਫਾਕੀ ਦੇ ਕਾਰਣ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਬੰਦਾ ਬਹਾਦਰ ਆਪਣੇ ਸਾਥੀਆਂ ਸਮੇਤ ਮੁਗ਼ਲ ਫ਼ੌਜਾਂ ਦੇ ਹੱਥੋਂ ਗ੍ਰਿਫਤਾਰ ਹੋਇਆ ਤੇ ਚੇਤ ਸੁਦੀ 1, ਸੰਮਤ 1773 ਬਿ. (1716 ਈ.) ਨੂੰ ਦਿੱਲੀ ਵਿਚ ਲਿਜਾ ਕੇ ਸ਼ਹੀਦ ਕੀਤਾ ਗਿਆ।[1]

**ਭਿੱਖੀ ਜੀ, ਬੀਬੀ** : ਬੀਬੀ ਭਿੱਖੀ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸ਼ਰਧਾਲੂ ਸਿੱਖ ਸੀ। ਇਹ ਭਾਈ ਬਜਰ ਸਿੰਘ ਰਾਠੌਰ ਰਾਜਪੂਤ ਦੀ ਬੇਟੀ ਤੇ ਭਾਈ ਆਲਿਮ ਸਿੰਘ ਨੱਚਣਾ ਸਿੱਖ ਦੀ ਸੁਪਤਨੀ ਸੀ। ਇਸ ਦਾ ਸਾਰਾ ਪਰਿਵਾਰ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਜਦੋਂ ਅਨੰਦਪੁਰ ਛੱਡਿਆ ਤਾਂ ਬੀਬੀ ਭਿੱਖੀ ਪਰਿਵਾਰ ਸਮੇਤ ਸਿੱਖਾਂ ਦੀ ਵਹੀਰ ਦੇ ਨਾਲ ਸੀ। ਝੱਖੀਆਂ ਪਿੰਡ ਦੀ ਜੂਹ ਵਿਚ ਮੁਗ਼ਲ ਫ਼ੌਜ ਨੇ ਹਮਲਾ ਕਰ ਦਿੱਤਾ ਤਾਂ ਇਸ ਸ਼ੇਰਨੀ ਨੇ ਆਪਣੇ ਸਿੱਖ ਭਰਾਵਾਂ ਨਾਲ ਰਲ ਕੇ ਮੁਗ਼ਲ ਫ਼ੌਜ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਬਹੁਤ ਸਾਰੇ ਦੁਸ਼ਮਣਾਂ ਨੂੰ ਮਾਰ ਕੇ ਸ਼ਹੀਦੀ ਪ੍ਰਾਪਤ ਕੀਤੀ।[2]

**ਮਹਾਂ ਸਿੰਘ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ। ਇਹ ਰਾਇ ਸਿੰਘ ਦਾ ਪੁੱਤਰ ਸੀ, ਜੋ ਕਿ ਗੁਰੂ ਸਾਹਿਬ ਕੋਲ ਅਨੰਦਪੁਰ ਰਿਹਾ ਕਰਦਾ ਸੀ। ਜਦੋਂ ਅਨੰਦਪੁਰ ਨੂੰ ਪਹਾੜੀ ਰਾਜਿਆਂ ਅਤੇ ਮੁਗ਼ਲ ਫ਼ੌਜਾਂ ਨੇ ਕਈ

---

[1] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ,ਪੰਨਾ 314.

[2] ਹਰਜਿੰਦਰ ਸਿੰਘ ਦਿਲਗੀਰ, ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ ਚਾਲ੍ਹੀ ਮੁਕਤੇ, ਪੰਨਾ 28.

ਮਹੀਨੇ ਘੇਰਾ ਪਾਈ ਰੱਖਿਆ। ਕਿਲ੍ਹੇ ਵਿਚੋਂ ਰਸਦ ਪਾਣੀ ਮੁੱਕ ਗਿਆ, ਉਸ ਸਮੇਂ ਕੁਝ ਸਿੰਘ ਗੁਰੂ ਸਾਹਿਬ ਨੂੰ ਕਿਲ੍ਹਾ ਛੱਡਣ ਲਈ ਬੇਨਤੀ ਕਰਨ ਲੱਗੇ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਧੀਰਜ ਰੱਖਣ ਲਈ ਕਿਹਾ। ਪਰ ਇਹ ਚਾਲੀ ਸਿੰਘ ਸਬਰ ਨਾ ਰੱਖ ਸਕੇ ਅਤੇ ਗੁਰੂ ਸਾਹਿਬ ਨੂੰ ਬੇਦਾਵਾ (ਤਿਆਗ ਪੱਤਰ) ਲਿਖ ਕੇ ਦੇ ਆਏ। ਜਦ ਘਰ ਵਾਪਸ ਆਏ ਤਾਂ ਘਰ ਦੀਆਂ ਸੁਆਣੀਆਂ ਵਿਚੋਂ ਮਾਈ ਭਾਗ ਕੌਰ ਨੇ ਇਨ੍ਹਾਂ ਦੀ ਅਣਖ ਨੂੰ ਵੰਗਾਰਿਆ। ਇਨ੍ਹਾਂ ਦੀ ਜ਼ਮੀਰ ਫਿਰ ਜਾਗ ਉਠੀ। ਭਾਈ ਮਹਾਂ ਸਿੰਘ ਦੇ ਸਾਰੇ ਸਾਥੀ ਗੁਰੂ ਸਾਹਿਬ ਤੋਂ ਭੁੱਲ ਬਖਸ਼ਾਉਣ ਹਿਤ ਖਿਦਰਾਣੇ ਦੀ ਢਾਬ (ਮੁਕਤਸਰ ਦੀ ਜੰਗ) 'ਤੇ ਜੰਗ ਵਿਚ ਜੂਝੇ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਥੇ ਭਾਈ ਮਹਾਂ ਸਿੰਘ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਗੁਰੂ ਸਾਹਿਬ ਨੇ ਬੇਦਾਵਾ ਪਾੜਿਆ। ਮਹਾਂ ਸਿੰਘ ਨੇ ਗੁਰੂ ਸਾਹਿਬ ਦੀ ਗੋਦ ਵਿਚ ਪ੍ਰਾਣ ਤਿਆਗੇ।[1]

ਚਾਲੀ ਮੁਕਤਿਆਂ ਦੇ ਜਥੇਦਾਰ ਭਾਈ ਮਹਾਂ ਸਿੰਘ ਸੰਮਤ 1762 ਬਿ. (1705 ਈ.) ਨੂੰ ਸ਼ਾਹੀ ਫ਼ੌਜ ਨਾਲ ਮੁਕਤਸਰ ਦੀ ਜੰਗ ਵਿਚ ਲੜਦੇ ਹੋਏ ਸ਼ਹੀਦ ਹੋਏ। ਇਨ੍ਹਾਂ ਦਾ ਸਸਕਾਰ ਗੁਰੂ ਸਾਹਿਬ ਨੇ ਆਪਣੇ ਹੱਥੀਂ ਕੀਤਾ।[2]

ਰਜਿੰਦਰ ਕੌਰ ਆਪਣੇ ਪੀਐਚ-ਡੀ. ਦੇ ਥੀਸਿਸ ਵਿਚ ਮਹਾਂ ਸਿੰਘ ਬਾਰੇ ਲਿਖਦੀ ਹੈ ਕਿ ਬਾਬਾ ਮਹਾਂ ਸਿੰਘ ਚੌਰ ਬਰਦਾਰ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਇਕ ਪੰਥ ਅਕਾਲੀ ਤਰਨਾ ਦਲ ਮਿਸਲ ਬਾਬਾ ਮਹਾਂ ਬਣਿਆ ਹੋਇਆ ਹੈ। ਇਨ੍ਹਾਂ ਦਾ ਹੈੱਡ ਕੁਆਟਰ ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਜੀ, ਛਾਉਣੀ ਨਿਹੰਗ ਸਿੰਘਾਂ, ਮਜੀਠਾ ਰੋਡ ਬਾਈਪਾਸ ਜਿਲ੍ਹਾ ਅੰਮ੍ਰਿਤਸਰ ਵਿਖੇ ਹੈ।[3]

**ਮਥਰਾ ਸਿੰਘ** : ਸ੍ਰੀ ਦਸਮੇਸ਼ ਜੀ ਦਾ ਹਜ਼ੂਰੀ ਸਿੱਖ। ਇਹ ਭਾਈ ਦਿਆਲੇ ਦਾ ਪੁੱਤਰ ਸੀ। ਭਾਈ ਮਥਰਾ 7 ਕੱਤਕ 1757 ਬਿ. ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ।[4]

---

1 ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨੇ 54-55.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 934.

3 ਰਜਿੰਦਰ ਕੌਰ, ਨਿਹੰਗ ਸਿੰਘ ਸੰਸਥਾ : ਆਰੰਭ, ਵਿਕਾਸ ਤੇ ਯੋਗਦਾਨ, ਪੰਨਾ 259.

4 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 248.

**ਮਦਨ ਸਿੰਘ** : ਸ੍ਰੀ ਦਸਮੇਸ਼ ਜੀ ਦਾ ਹਜ਼ੂਰੀ ਸਿੱਖ ਯੋਧਾ। ਇਸ ਨੂੰ ਗੁਰੂ ਸਾਹਿਬ ਨੇ ਚਮਕੌਰ ਦੀ ਗੜ੍ਹੀ ਵਿਚ ਇਕ ਦਰਵਾਜੇ ਉੱਪਰ ਤਾਇਨਾਤ ਕੀਤਾ ਹੋਇਆ ਸੀ। ਇਸ ਯੁੱਧ ਵਿਚ ਹੀ ਵੈਰੀਆਂ ਨਾਲ ਜੂਝ ਕੇ ਸ਼ਹੀਦ ਹੋਇਆ।[1]

**ਮਨੀ ਸਿੰਘ, ਭਾਈ** : ਭਾਈ ਮਨੀ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਹੀਦ ਸਿੱਖਾਂ ਵਿਚੋਂ ਅਜਿਹੇ ਸਿੱਖ ਸ਼ਹੀਦ ਸਨ, ਜਿਨ੍ਹਾਂ ਨੇ ਕਈ ਤਸੀਹੇ ਝੱਲੇ, ਬੰਦ-ਬੰਦ ਕਟਵਾਏ ਪਰ ਗੁਰੂ ਜੀ ਦੇ ਬਖ਼ਸ਼ੇ ਸਿੱਖੀ ਸਿਦਕ ਨੂੰ ਨਹੀਂ ਛੱਡਿਆ। ਉਨ੍ਹਾਂ ਨੇ ਆਪਣੇ ਭਰਾ, ਪੁੱਤਰ ਤੇ ਪੋਤਰੇ ਸਭ ਗੁਰੂ ਦੀ ਸੇਵਾ ਵਿਚ ਰਹਿ ਕੇ ਸਮੇਂ-ਸਮੇਂ ਜੰਗਾਂ ਵਿਚ ਸ਼ਹੀਦ ਕਰਵਾਏ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਨੀ ਰਾਮ ਜਿਲ੍ਹਾ ਮੁਲਤਾਨ (ਹੁਣ ਮੁਜੱਫਰਗੜ੍ਹ) ਦੇ ਅਲੀਪੁਰ ਗ੍ਰਾਮ ਦਾ ਵਸਨੀਕ ਇਕ ਰਾਜਪੂਤ ਸੀ, ਜਿਸ ਨੇ ਆਪਣੇ ਪੰਜ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਅਰਪਣ ਕੀਤੇ। ਕਲਗੀਧਰ ਨੇ 1 ਵੈਸਾਖ ਸੰਮਤ 1756 ਬਿ. ਨੂੰ ਅੰਮ੍ਰਿਤ ਛਕਾ ਕੇ ਇਨ੍ਹਾਂ ਨੂੰ ਸਿੰਘ ਸਜਾਇਆ। ਇਹ ਪੰਜੇ ਵੀਰ (ਉਦਯ/ਉਦੇ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਅਨਕ ਸਿੰਘ ਅਤੇ ਬਚਿਤ੍ਰ ਸਿੰਘ) ਸਦਾ ਕਲਗੀਧਰ ਦੀ ਸੇਵਾ ਵਿੱਚ ਹਾਜ਼ਿਰ ਰਹੇ।[2] ਇਨ੍ਹਾਂ ਦਾ ਜ਼ਿਕਰ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਮਿਲਦਾ ਹੈ –

> ਪੁਰਿ ਮੁਲਤਾਨ ਅਲੀਪੁਰਿ ਨੇਰੇ। ਮਾਈ ਦਾਸ ਰਾਜਪੂਤ ਬਸੇਰੇ।...
>
> ...ਮਨਹੁ ਪੰਚ ਪਾਂਡਵ ਬਲਪੀਨਾ।28।[3]

ਭਾਈ ਮਨੀ ਸਿੰਘ ਦਾ ਜਨਮ ਪੰਵਾਰ ਰਾਜਪੂਤ ਨਾਇਕ ਮਾਈ ਦਾਸ ਦੇ ਘਰ ਮਾਤਾ ਮਧੁਰੀ ਬਾਈ ਦੀ ਕੁਖੋਂ 1701 ਬਿ. (1644 ਈ.) ਚੇਤ ਸੁਦੀ ਦੁਆਦਸੀ ਨੂੰ ਪਿੰਡ ਅਲੀਪੁਰ, ਜਿਲ੍ਹਾ ਮੁਲਤਾਨ ਵਿਚ ਹੋਇਆ।[4] ਸੋਹਣ ਸਿੰਘ ਸੀਤਲ, ਗਿਆਨੀ ਗਿਆਨ ਸਿੰਘ ਦੇ ਹਵਾਲੇ ਨਾਲ ਲਿਖਦੇ ਹਨ ਕਿ ਭਾਈ ਮਨੀ ਸਿੰਘ ਕੈਂਬੋਵਾਲ ਪਿੰਡ ਦੇ ਵਸਨੀਕ ਦੁਲੱਟ ਜੱਟ ਚੌਧਰੀ ਕਾਲੇ (ਕੱਲ੍ਹੇ) ਦਾ ਪੁੱਤ੍ਰ ਸੀ। ਇਨ੍ਹਾਂ ਦਾ ਪਹਿਲਾ ਨਾਂ ਮਨੀਆ ਸੀ ਅਤੇ ਇਨ੍ਹਾਂ ਦੇ ਵੱਡੇ-ਵਡੇਰੇ ਪਿੰਡ ਕੈਂਬੋਵਾਲ ਦੇ ਰਹਿਣ ਵਾਲੇ ਸਨ। ਪਿਛੋਂ ਨਾਦਰ ਸ਼ਾਹ ਦੇ ਹਮਲੇ ਸਮੇਂ ਪਿੰਡ ਕੈਂਬੋਵਾਲ

---

1. ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨੇ 146-47.
2. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 951.
3. ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁੱਤ 3, ਅੰਸ਼ੂ 20.
4. ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 63.

ਉਜੜ ਗਿਆ, ਤਾਂ ਓਥੋਂ ਦੇ ਬਚੇ ਲੋਕ ਲੌਂਗੋਵਾਲ ਜਾ ਵਸੇ। ਭਾਈ ਮਨੀ ਸਿੰਘ ਦੇ ਪਿਤਾ ਦਾ ਨਾਮ ਭਾਈ ਕੱਲ੍ਹਾ ਸੀ। ਉਹ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਨ ਗਿਆ ਤਾਂ ਉਸ ਦੇ ਦੋਵੇਂ ਪੁੱਤਰ ਮਨੀਆ ਤੇ ਨਿਗਾਹੀਆ ਨਾਲ ਸਨ।'[1]

ਗਿਆਨੀ ਗਰਜਾ ਸਿੰਘ ਨੇ *ਸ਼ਹੀਦ ਬਿਲਾਸ ਭਾਈ ਮਨੀ ਸਿੰਘ* ਦੀ ਭੂਮਿਕਾ ਵਿਚ ਇਸ ਬਾਰੇ ਬਹੁਤ ਪੜਚੋਲ ਕਰਨ ਤੋਂ ਬਾਅਦ ਮਨੀ ਸਿੰਘ ਮੁਲਤਾਨੀ ਦੇ ਹੀ ਕਈ ਨਾਂ ਦੱਸੇ ਹਨ।[2] ਡਾ. ਗੁਰਮੁਖ ਸਿੰਘ ਨੇ ਭਾਈ ਮਨੀ ਸਿੰਘ ਦਾ ਜਨਮ ਚੰਦਰ ਬੰਸੀ ਭਾਰਦਵਾਸੀ ਪੰਵਾਰ ਗੋਤ ਦੇ ਰਾਜਪੂਤ ਭਾਈ ਮਾਈ ਦਾਸ ਦੇ ਘਰ ਦਾ ਹੀ ਠੀਕ ਮੰਨਿਆ ਹੈ। ਉਹ ਲਿਖਦੇ ਹਨ ਕਿ ਮਨੀਏ ਦੀ ਉਮਰ ਕੇਵਲ ਪੰਜ ਵਰ੍ਹੇ ਦੀ ਸੀ ਜਦ ਭਾਈ ਮਾਈ ਦਾਸ ਨੇ ਇਸ ਨੂੰ ਸ੍ਰੀ ਗੁਰੂ ਹਰਿ ਰਾਇ ਜੀ ਦੇ ਦਰ 'ਤੇ ਚੜ੍ਹਾ ਦਿੱਤਾ ਸੀ। ਇਹ ਛੋਟੀ ਉਮਰ ਤੋਂ ਹੀ ਗੁਰੂ-ਘਰ ਦੀ ਸੇਵਾ ਵਿਚ ਰਿਹਾ। ਇਸ ਨੇ ਕਲਗੀਧਰ ਤੋਂ ਅੰਮ੍ਰਿਤ ਛਕ ਕੇ ਸਿੰਘ ਪਦਵੀ ਧਾਰਨ ਕੀਤੀ। ਸੰਮਤ 1762 ਬਿ. ਵਿੱਚ ਜਦ ਗੁਰੂ ਸਾਹਿਬ ਨੇ ਅਨੰਦਪੁਰ ਛਡਿਆ ਤਦ ਇਹ ਆਗਿਆ ਅਨੁਸਾਰ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਜੀ ਨੂੰ ਲੈ ਕੇ ਦਿੱਲੀ ਪਹੁੰਚਿਆ ਅਤੇ ਸੇਵਾ ਵਿੱਚ ਹਾਜ਼ਿਰ ਰਿਹਾ। ਸੰਮਤ 1762-63 ਬਿ. ਵਿੱਚ ਇਹ ਮਾਤਾ ਸਾਹਿਬਾਨ ਦੇ ਨਾਲ ਦਮਦਮੇ ਪੁੱਜਾ। ਉੱਥੇ ਕਲਗੀਧਰ ਨੇ ਇਨ੍ਹਾਂ ਦੀ ਕਲਮ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇੱਕ ਬੀੜ ਲਿਖਵਾਈ।[3] ਭਾਈ ਮਨੀ ਸਿੰਘ ਉੱਚ ਕੋਟੀ ਦੇ ਵਿਦਵਾਨ ਅਤੇ ਯੋਧੇ ਸਨ। ਆਪ ਪਾਉਂਟਾ ਵਿਖੇ ਗੁਰੂ ਦਰਬਾਰ ਵਿਚ 52 ਕਵੀਆਂ ਵਿਚ ਸ਼ਾਮਲ ਸੀ – 'ਬਾਵਨ ਕਵੀ ਗੁਰੂ ਢਿਗ ਰਹੈ। ਮਨੀਆ ਉਨ ਮਹਿ ਗੁਨੀਆ ਅਹੈ।' ਆਪ ਨੇ ਭਾਈ ਗੁਰਦਾਸ ਜੀ ਦੀਆਂ ਦੋ ਵਾਰਾਂ (ਪਹਿਲੀ ਤੇ ਗਿਆਰਵੀਂ) ਦੀ ਵਿਆਖਿਆ 'ਗਿਆਨ ਰਤਨਾਵਲੀ' ਤੇ 'ਸਿੱਖਾਂ ਦੀ ਭਗਤਮਾਲਾ' ਲਿਖੀ। ਇਹ ਵੀ ਮੰਨਿਆ ਜਾਂਦਾ ਹੈ ਕਿ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਕ੍ਰਿਤ ਭਾਈ ਕੁਇਰ ਸਿੰਘ ਵੀ ਆਪ ਦੀ ਰਚਨਾ ਹੈ। ਇਸ ਤੋਂ ਇਲਾਵਾ ਆਪਣੀ ਸ਼ਸਤਰ ਕੁਸ਼ਲਤਾ ਕਰ ਕੇ ਭਾਈ ਮਨੀ ਸਿੰਘ ਸਮਕਾਲੀਆਂ ਵਿਚ ਇਕ ਪ੍ਰਮੁੱਖ ਜੋਧਾ ਮੰਨਿਆ ਜਾਂਦਾ ਸੀ। ਉਸ ਨੂੰ ਗੁਰੂ ਸਾਹਿਬ ਦਾ ਦੀਵਾਨ

---

1 ਸੋਹਣ ਸਿੰਘ ਸੀਤਲ, ਸਿੱਖ ਸ਼ਹੀਦ ਯੋਧੇ, ਪੰਨਾ 68.

2 ਸੇਵਾ ਸਿੰਘ ਕ੍ਰਿਤ, ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਸੰਪਾ. ਗਿਆਨੀ ਗਰਜਾ ਸਿੰਘ, ਪੰਨੇ 5-30.

3 ਗੁਰਮੁਖ ਸਿੰਘ, ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਪੰਨੇ 261-62.

ਹੋਣ ਦੀ ਹੈਸੀਅਤ ਵਿਚ ਅਨੇਕ ਮਾਲੀ, ਸਿਆਸੀ ਤੇ ਪ੍ਰਬੰਧਕ ਮਸਲਿਆਂ ਵੱਲ ਧਿਆਨ ਦੇਣਾ ਪੈਂਦਾ ਸੀ। ਫਿਰ ਵੀ ਭਾਈ ਸਾਹਿਬ ਇਤਨਾ ਸਮਾਂ ਕੱਢ ਲੈਂਦੇ ਸਨ ਕਿ ਉਹ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੇ ਗਿਆਨੀ ਬਣੇ।[1] ਡਾ. ਜਸਬੀਰ ਸਿੰਘ ਸਾਬਰ ਅਨੁਸਾਰ ਆਪ ਅਠਾਰਵੀਂ ਸਦੀ ਦੇ ਨਾ ਕੇਵਲ ਪ੍ਰੀਤਵਾਨ ਸਿਦਕੀ ਸਿੱਖ ਹੀ ਸਨ, ਸਗੋਂ ਸਮੇਂ ਦੀ ਮੁਗ਼ਲ ਹਕੂਮਤ ਵਲੋਂ ਹੈਵਾਨੀਅਤ ਵਸ ਫੈਲਾਈ ਜਾ ਰਹੀ ਅਨੈਤਿਕਤਾ ਨੂੰ ਠੱਲ ਪਾਉਣ ਵਾਲੇ ਜੁਝਾਰੂ ਯੋਧੇ ਵੀ ਸਨ।[2] ਸ਼ਹੀਦ ਬਿਲਾਸ ਵਿਚ ਜ਼ਿਕਰ ਹੈ – ਸੂਹੀਏ ਖਬਰ ਪੁਚਾਈ ਸਾਰੀ। ਚੜਿਯੋ ਦਲ ਰਾਜਨ ਕੂੰ ਭਾਰੀ। ਮਨੀਏ ਸਹਿਤ ਨਾਮੀ ਸਿੱਖ ਜੇਤੇ। ਰਾਖੇ ਸਬ ਤਕੜਾਈ ਹੇਤੇ।[3]

ਸੰਮਤ 1778 ਬਿ. ਵਿੱਚ ਮਾਤਾ ਸੁੰਦਰੀ ਨੇ ਇਸ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦਾ ਗ੍ਰੰਥੀ ਥਾਪਿਆ। ਇਸ ਅਧਿਕਾਰ ਵਿੱਚ ਭਾਈ ਮਨੀ ਸਿੰਘ ਨੇ ਕਈ ਗ੍ਰੰਥ ਲਿਖੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇੱਕ ਨਵੀਂ ਬੀੜ ਤਿਆਰ ਕੀਤੀ, ਜਿਸ ਵਿੱਚ ਹਰੇਕ ਸਤਿਗੁਰੂ ਦੀ ਬਾਣੀ ਸਭ ਰਾਗਾਂ ਵਿੱਚੋਂ ਚੁਣ ਕੇ ਇੱਕ ਥਾਂ ਕੀਤੀ ਅਰ ਭਗਤ ਬਾਣੀ ਨੂੰ ਵੀ ਇਸੇ ਕ੍ਰਮ ਨਾਲ ਲਿਖਿਆ। ਇਸ ਸੰਬੰਧ ਵਿਚ ਇਕ ਇਹ ਧਾਰਨਾ ਵੀ ਹੈ ਕਿ ਇਸ ਪੁਰ ਪੰਥ ਨੇ ਸਰਾਪ ਦਿੱਤਾ ਕਿ ਭਾਈ ਮਨੀ ਸਿੰਘ ਦੇ ਅੰਗ-ਅੰਗ ਜੁਦੇ ਹੋਣ।

ਅੰਮ੍ਰਿਤਸਰ ਦੀ ਦੀਪਮਾਲਾ ਦਾ ਮੇਲਾ ਕਈ ਵਰ੍ਹਿਆਂ ਤੋਂ ਤੁਰਕਾਂ ਨੇ ਬੰਦ ਕਰ ਰੱਖਿਆ ਸੀ। ਭਾਈ ਮਨੀ ਸਿੰਘ ਨੇ ਸੂਬਾ ਲਾਹੌਰ ਨੂੰ ਪੰਜ ਹਜ਼ਾਰ ਰੁਪਿਆ ਟੈਕਸ ਦੇਣਾ ਕਰਕੇ ਮੇਲੇ ਦੀ ਮਨਜ਼ੂਰੀ ਲਈ, ਪਰ ਸੂਬੇ ਨੇ ਅੰਮ੍ਰਿਤਸਰ ਦੇ ਚੌਹੀਂ ਪਾਸੀਂ ਪਹਿਰੇ ਲਾ ਦਿੱਤੇ, ਜਿਸ ਤੋਂ ਲੋਕ ਡਰਦੇ ਮੇਲੇ ਨਾ ਆਏ ਅਤੇ ਨਾ ਕੁਝ ਚੜ੍ਹਾਵਾ ਚੜ੍ਹਿਆ ਸੂਬੇ ਨੇ ਰੁਪਿਆ ਨਾ ਅਦਾ ਕਰਨ ਦੇ ਅਪਰਾਧ ਵਿੱਚ ਭਾਈ ਸਾਹਿਬ ਨੂੰ ਕੈਦ ਕਰ ਲਿਆ ਅਤੇ ਇਸਲਾਮ ਵਿੱਚ ਲਿਆਉਣ ਦੇ ਅਨੇਕਾਂ ਯਤਨ ਕੀਤੇ। ਜਦ ਕਾਮਯਾਬੀ ਨਾ ਹੋਈ, ਤਾਂ ਜੱਲਾਦ ਤੋਂ ਅੰਗ-ਅੰਗ ਕਟਵਾ ਕੇ ਸ਼ਹੀਦ ਕਰ ਦਿੱਤਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਮਤ 1794 ਬਿ. (1737 ਈ.) ਵਿੱਚ ਭਾਈ ਮਨੀ

---

1 ਗੁਰਮੁਖ ਸਿੰਘ, ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਪੰਨੇ 262-64.

2 ਜਸਬੀਰ ਸਿੰਘ ਸਾਬਰ, ਭਾਈ ਮਨੀ ਸਿੰਘ ਜੀ, ਗੁਰਮਤਿ ਪ੍ਰਕਾਸ਼, ਪੰਨਾ 157.

3 ਸੇਵਾ ਸਿੰਘ ਕ੍ਰਿਤ, ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਸੰਪਾ. ਗਿਆਨੀ ਗਰਜਾ ਸਿੰਘ, ਪੰਨਾ 65.

ਸਿੰਘ ਧਰਮਵੀਰ ਨੇ ਲਾਹੌਰ ਦੇ ਕਿਲੇ ਪਾਸ ਸ਼ਹੀਦੀ ਪਾਈ।[1] ਪਰ ਗਿਆਨੀ ਠਾਕੁਰ ਸਿੰਘ *ਸ੍ਰੀ ਗੁਰਦੁਆਰੇ ਦਰਸ਼ਨ* ਵਿਚ ਭਾਈ ਮਨੀ ਸਿੰਘ ਦੇ ਜਨਮ ਤੇ ਸ਼ਹੀਦੀ ਬਾਰੇ ਵਿਵਰਣ ਦਿੰਦੇ ਹੋਏ ਲਿਖਦੇ ਹਨ ਕਿ – 'ਭਾਈ ਮਨੀ ਸਿੰਘ ਜੀ ਦੀ ਸ਼ਹੀਦੀ 22 ਮੱਘਰ, ਤਿੱਥ ਅਮਾਵਸ, ਦਿਨ ਐਤਵਾਰ 1791 ਬਿਕ੍ਰਮੀ (1734 ਈ.) ਨੂੰ ਹੋਈ ਸੀ।'[2] *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ* ਅਨੁਸਾਰ ਵੀ ਇਨ੍ਹਾਂ ਦੀ ਸ਼ਹੀਦੀ 25 ਹਾੜ ਸੁਦੀ ਪੰਚਮੀ ਸੰਮਤ 1791 ਬਿ. (24 ਜੂਨ 1734 ਈ.) ਨੂੰ ਹੋਈ।[3]

ਭਾਈ ਮਨੀ ਸਿੰਘ 12 ਭਰਾ ਸਨ, ਜਿਨ੍ਹਾਂ ਵਿਚੋਂ 11 ਸ਼ਹੀਦ ਹੋਏ। ਭਾਈ ਦਿਆਲਾ ਜਿਨ੍ਹਾਂ ਨੂੰ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ, ਭਾਈ ਮਨੀ ਸਿੰਘ ਦੇ ਛੋਟੇ ਭਾਈ ਸਨ। ਇੱਕ ਭਰਾ ਅਮਰ ਚੰਦ ਛੋਟੀ ਉਮਰ ਵਿਚ ਹੀ ਚੜ੍ਹਾਈ ਕਰ ਗਿਆ ਸੀ। ਭਾਈ ਲਖੀ ਸ਼ਾਹ ਜਿਨ੍ਹਾਂ ਨੇ ਭਾਈ ਨਗਾਹੀਆ ਆਦਿ ਸਿੱਖਾਂ ਨਾਲ ਮਿਲ ਕੇ ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਦਾ ਸਸਕਾਰ ਪਿੰਡ ਰਾਇ ਸੀਨਾ (ਰਕਾਬਗੰਜ ਸਾਹਿਬ, ਦਿੱਲੀ) ਵਿਖੇ ਕੀਤਾ ਸੀ, ਉਹ ਭਾਈ ਮਨੀ ਸਿੰਘ ਦੇ ਸਹੁਰਾ ਸਾਹਿਬ ਸਨ।[4]

**ਮਾਨ ਸਿੰਘ** : ਮਾਨ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਨਿੰਨ ਸੇਵਕ ਸੀ। *ਗੁਰੂ ਕੀਆਂ ਸਾਖੀਆਂ* ਅਨੁਸਾਰ ਇਹ ਗੁਰੂ ਸਾਹਿਬ ਦਾ ਨਿਸ਼ਾਨਚੀ ਸਿੱਖ ਸੀ, ਜੋ ਕਿ ਖ਼ਾਲਸਾ ਫ਼ੌਜ ਅੱਗੇ ਨਿਸ਼ਾਨ ਲੈ ਕੇ ਚਲਦਾ ਸੀ। ਇਕ ਰਾਜਾ ਅਜਮੇਰ ਚੰਦ ਨਾਲ ਜੰਗ ਕਰਦਿਆਂ ਇਹ ਜਖ਼ਮੀ ਹੋ ਕੇ ਡਿੱਗ ਪਿਆ ਅਤੇ ਇਸ ਦਾ ਨਿਸ਼ਾਨ ਵੀ ਟੁੱਟ ਕੇ ਹੇਠਾਂ ਡਿੱਗ ਪਿਆ ਸੀ। ਇਸ ਦਿਨ ਤੋਂ ਬਾਅਦ ਗੁਰੂ ਸਾਹਿਬ ਨੇ ਸਿੰਘਾਂ ਨੂੰ ਆਪਣੇ ਦੁਮਾਲੇ ਵਿਚ ਨੀਲੇ ਰੰਗ ਦਾ ਫਰਰਾ ਸਜਾਉਣ ਦਾ ਹੁਕਮ ਦਿੱਤਾ। ਇਹ ਅਨੰਦਪੁਰ ਤੋਂ ਚਮਕੌਰ ਅਤੇ ਉਸ ਥਾਂ ਤੋਂ ਦਸਮੇਸ਼ ਨਾਲ ਮਾਲਵੇ ਅਤੇ ਦੱਖਣ ਦੀ ਯਾਤਰਾ ਵਿੱਚ ਸਾਥ ਰਿਹਾ। ਇਹ ਨਰਮਦਾ ਨਦੀ ਦੇ ਕਿਨਾਰੇ ਇੱਕ ਮਤਾਂਧ ਮੁਸਲਮਾਨ ਦੇ ਹੱਥੋਂ ਗੋਲੀ ਨਾਲ

[1] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨੇ 950-51.

[2] ਗਿਆਨੀ ਠਾਕੁਰ ਸਿੰਘ, ਸ੍ਰੀ ਗੁਰਦੁਆਰੇ ਦਰਸ਼ਨ, ਪੰਨੇ 370-79.

[3] ਗੁਰਮੁਖ ਸਿੰਘ, ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਪੰਨਾ 272.

[4] ਰਘਬੀਰ ਸਿੰਘ ਅਨੰਦਪੁਰੀ, ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ, ਪੰਨਾ 155.

ਮਾਰਿਆ ਗਿਆ।[1] *ਗੁਰਬਿਲਾਸ ਪਾਤਸ਼ਾਹੀ ੧੦* ਅਨੁਸਾਰ ਸ੍ਰੀ ਦਸਮੇਸ਼ ਜੀ ਦਾ ਇਕ ਪ੍ਰਸਿੱਧ ਸੇਵਕ ਜੋ ਅਨੰਦਪੁਰ, ਚਮਕੌਰ, ਇਲਾਕਾ ਜੰਗਲ ਤੇ ਦੱਖਣ ਦੇ ਸਫ਼ਰ ਵਿਚ ਹਮੇਸ਼ਾਂ ਗੁਰੂ ਸਾਹਿਬ ਦੇ ਨਾਲ ਰਿਹਾ। ਨਦੀ ਨਰਮਦਾ ਦੇ ਕੰਢੇ ਇਕ ਮੁਸਲਮਾਨ ਦੇ ਹੱਥੋਂ ਮਾਰਿਆ ਗਿਆ ਸੀ।[2]

**ਮੂਲ ਚੰਦ** : ਇਹ ਰਘੁਪਤਿ ਰਾਇ ਨਿੱਝਰ ਦਾ ਪੁੱਤਰ ਸੀ। ਜਿਸ ਨੇ ਨਦੌਣ ਦੀ ਜੰਗ ਵਿਚ ਸ਼ਹੀਦੀ ਪ੍ਰਾਪਤ ਕੀਤੀ। ਮੂਲ ਚੰਦ ਦੀ ਸ਼ਹੀਦੀ ਬਾਰੇ *ਗੁਰੂ ਕੀਆਂ ਸਾਖੀਆਂ* ਵਿਚ ਜ਼ਿਕਰ ਮਿਲਦਾ ਹੈ - ਗੁਰੂ ਜੀ ਕੇ ਸਾਥੀ ਸਿੱਖ ਭਾਈ ਸੋਹਨ ਚੰਦ ਤੇ ਮੂਲ ਚੰਦ ਆਦਿ ਸਾਹਵੇਂ ਮਾਥੇ ਰਣ ਮੇਂ ਜੂਝ ਕੇ ਸ਼ਹਾਦਤ ਪਾਇ ਗਏ। ਸਾਲ ਸਤਰਾਂ ਸੈ ਸੈਂਤਾਲੀਸ ਚੇਤ ਪ੍ਰਵਿਸ਼ਟੇ ਬਾਈਸ ਗੁਰਵਾਰ ਕੇ ਦਿਹੁੰ ਗੁਰੂ ਕਾ ਬਚਨ ਪਾਇ ਨਦਉਨ ਕੇ ਮਲਹਾਨ ਸਾਮੇ ਮਾਥੇ ਜੂਝ ਕਰ ਮਰਾ। ਗੈਲ ਮੂਲਚੰਦ ਬੇਟਾ ਰਘੁਪਤਿ ਰਾਇ ਕਾ ਨਿਝਰ ਗੋਤਰ ਕੰਬੋਜ ਬਾਸੀ ਖੇਮਕਰਨ ਪਰਗਨਾ ਕਸੂਰ ਜੂਝ ਕਰ ਮਰਾ।[3] *ਤਾਰੀਖ਼-ਏ-ਪੰਜਾਬ* ਦੇ ਕਰਤਾ ਕਨ੍ਹੱਈਆ ਲਾਲ ਮੂਲ ਚੰਦ ਬਾਰੇ ਲਿਖਦਾ ਹੈ - ਕਿ ਮੂਲ ਚੰਦ ਇਕ ਹਲਵਾਈ ਸੀ ਤੇ ਉਹ ਭੰਗਾਣੀ ਦੀ ਜੰਗ ਵਿਚ ਖੂਬ ਲੜਿਆ। 'ਮੂਲ ਚੰਦ ਹਲਵਾਈ ਵੀ ਜਿਹੜਾ ਗੁਰੂ ਸਾਹਿਬ ਦੇ ਲਸ਼ਕਰ ਵਿਚ ਦੁਕਾਨ ਕਰਦਾ ਸੀ, ਗੁਰੂ ਜੀ ਪਾਸੋਂ ਸ਼ਸਤਰ ਲੈ ਕੇ ਖੂਬ ਲੜਿਆ ਤੇ ਨਜ਼ਾਬਤ ਖਾਂ ਸਰਦਾਰ ਨੂੰ ਮਾਰ ਘੱਤਿਆ।'[4]

**ਮੋਹਕਮ ਸਿੰਘ, ਭਾਈ** : ਭਾਈ ਮੋਹਕਮ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਪੰਜ ਪਿਆਰਿਆਂ ਵਿਚੋਂ ਇਕ ਸਨ। ਇਨ੍ਹਾਂ ਦਾ ਜਨਮ ਜੂਨ 1663 ਈ. ਵਿਚ ਦੁਆਰਕਾ ਵਿਖੇ ਹੋਇਆ। ਪਹਿਲਾ ਨਾਮ ਮੋਹਕਮ ਦਾਸ ਸੀ, ਇਸ ਦੇ ਪਿਤਾ ਭਾਈ ਤੀਰਥ ਰਾਮ ਤੇ ਮਾਤਾ ਦਾ ਨਾਮ ਸੁਖ ਦੇਵੀ ਸੀ। ਆਪ 1785 ਈ. ਵਿਚ ਸ੍ਰੀ ਅਨੰਦਪੁਰ ਸਾਹਿਬ ਆਏ ਸਨ। ਆਪ ਨੇ ਪਹਾੜੀ ਰਾਜਿਆਂ ਅਤੇ ਤੁਰਕਾਂ ਨਾਲ ਹੋਈਆਂ ਲੜਾਈਆਂ ਵਿਚ ਬਹਾਦਰੀ ਦੇ ਚੰਗੇ ਜੌਹਰ ਵਿਖਾਏ। ਭਾਈ ਸੰਤੋਖ ਸਿੰਘ ਅਨੁਸਾਰ ਭਾਈ ਮੋਹਕਮ ਸਿੰਘ ਨੇ ਸਰਸਾ ਦੇ ਕੰਢੇ ਹੋਈ

---

1 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 139; ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 964.

2 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 316.

3 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 98.

4 ਕਨ੍ਹੱਈਆ ਲਾਲ, ਤਾਰੀਖ਼-ਏ-ਪੰਜਾਬ, ਅਨੁ. ਡਾ. ਜੀਤ ਸਿੰਘ ਸੀਤਲ, ਪੰਨਾ 45.

ਲੜਾਈ ਵਿਚ ਦੁਸ਼ਮਣਾਂ ਨਾਲ ਖੂਬ ਲੋਹਾ ਲਿਆ।

> ਉਦੇ ਸਿੰਘ ਅਰੁ ਧਰਮ ਸਿੰਘ ਭਟ ਸਾਹਿਬ ਸਿੰਘ ਸੰਭਾਰੇ॥
>
> ਮੁਹਕਮ ਸਿੰਘ ਟੇਕ ਸਿੰਘ ਮਿਲਿ ਕੇ ਈਸਰ ਸਿੰਘ ਪ੍ਰਹਾਰੇ॥[1]

ਰਾਜਾ ਕੇਸਰੀ ਚੰਦ ਜਸਵਾਲੀਏ ਦੇ ਹਾਥੀ ਨਾਲ ਮੁਕਾਬਲੇ ਸਮੇਂ ਭਾਈ ਬਚਿੱਤਰ ਸਿੰਘ ਜੀ ਦੇ ਨਾਲ ਗੁਰੂ ਸਾਹਿਬ ਨੇ ਭਾਈ ਮੋਹਕਮ ਸਿੰਘ ਨੂੰ ਵੀ ਭੇਜਿਆ ਸੀ।[2]

**ਮੋਹਰ ਸਿੰਘ** : ਸ੍ਰੀ ਦਸਮੇਸ਼ ਜੀ ਦਾ ਹਜ਼ੂਰੀ ਸਿੱਖ। ਇਹ ਨਾਇਕ ਧੂਮੇ ਦਾ ਪੁੱਤਰ ਸੀ। ਭਾਈ ਮੋਹਰ ਸਿੰਘ 12 ਕੱਤਕ 1757 ਬਿ. ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ।[3]

**ਰਾਮ ਸਿੰਘ** : ਇਹ ਸ੍ਰੀ ਗੁਰੂ ਗੋਬਿੰਦ ਦਾ ਸਿਦਕੀ ਸਿੱਖ ਸੀ, ਜੋ ਗੁਰੂ ਸਾਹਿਬ ਦਾ ਚੌਰਬਰਦਾਰ ਸੀ। ਇਹ ਕਸ਼ਮੀਰ ਦਾ ਰਹਿਣ ਵਾਲਾ ਸੀ। ਜਦੋਂ ਨਿਰਮੋਹਗੜ੍ਹ ਦੀ ਜੰਗ ਹੋ ਰਹੀ ਸੀ ਤਾਂ ਮੁਗ਼ਲਾਂ ਨੇ ਗੁਰੂ ਸਾਹਿਬ ਵੱਲ ਤੋਪ ਦਾ ਗੋਲਾ ਮਾਰਿਆ ਜਿਸ ਨਾਲ ਰਾਮ ਸਿੰਘ ਸ਼ਹੀਦ ਹੋ ਗਿਆ।[4] ਪ੍ਰੋ. ਪਿਆਰਾ ਸਿੰਘ ਪਦਮ ਨੇ ਇਸ ਨੂੰ ਸ੍ਰੀ ਨਗਰ ਦੇ ਵਸਨੀਕ ਦੁਨੀ ਚੰਦ ਕਾਲੇ ਬ੍ਰਾਹਮਣ ਦਾ ਪੁੱਤਰ ਲਿਖਿਆ ਹੈ।[5]

**ਲਹਿਣਾ ਸਿੰਘ** : ਸ੍ਰੀ ਦਸਮੇਸ਼ ਜੀ ਦਾ ਹਜ਼ੂਰੀ ਸਿੱਖ। ਇਹ ਭਾਈ ਮਾਈ ਦਾਸ ਦਾ ਪੁੱਤਰ ਅਤੇ ਭਾਈ ਬੱਲੂ ਦਾ ਪੋਤਰਾ ਸੀ। ਭਾਈ ਲਹਿਣਾ ਸਿੰਘ ਗੁਲੇਰ ਦੀ ਜੰਗ ਵਿਚ 1752 ਬਿ. ਨੂੰ ਸ਼ਹੀਦ ਹੋਇਆ।[6]

## 1.5. ਹਜ਼ੂਰੀ ਕਵੀ :-

**ਉਦੇ ਰਾਇ / ਰਾਯ** : ਉਦੇ ਰਾਇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਸੀ। ਇਹ ਲਾਹੌਰ ਦਾ ਰਹਿਣ ਵਾਲਾ ਸੀ। ਇਸ ਦਾ ਵਰਣਨ ਕਈ ਥਾਵਾਂ 'ਤੇ ਮਿਲਦਾ ਹੈ – 'ਊਦੇ ਰਾਇ ਕਵਿ ਇਉ ਕਹੈ ਜੈਸੀ ਕਾਹੂ ਘਾਲ।

---

1 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁੱਤ 4 ਅੰਸ 38.

2 ਰੂਪ ਸਿੰਘ (ਸੰਪਾ.), ਦਸ਼ਮੇਸ਼ ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ: ਜੀਵਨ ਦਰਸ਼ਨ, ਪੰਨਾ 564.

3 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 248.

4 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 130.

5 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 248.

6 *ਉਹੀ,* ਪੰਨਾ 243.

ਤੈਸਾ ਫਲ ਦ੍ਰਮ ਹੋਇਗਾ ਜੈਸਾ ਬੀਜ ਬਿਸਾਲ।'[1]

**ਅਣੀ ਰਾਇ** : ਅਣੀ ਰਾਇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ ਸੀ। ਇਹ ਗੁਰੂ ਘਰ ਦਾ ਪੁਰਾਣਾ ਲਿਖਾਰੀ ਸੀ। ਅਣੀ ਰਾਇ ਦੀ ਇੱਕੋ-ਇਕ ਰਚਨਾ *ਜੰਗਨਾਮਾ ਗੁਰੂ ਗੋਬਿੰਦ ਸਿੰਘ ਜੀ ਕਾ* ਲਿਖਿਆ ਮਿਲਦਾ ਹੈ, ਜਿਸ ਨੂੰ ਪਿਆਰਾ ਸਿੰਘ ਪਦਮ ਨੇ ਅਨੁਵਾਦ ਕੀਤਾ ਤੇ ਛਾਪਿਆ। ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਦਾ ਰਚਨਾ ਕਾਲ 1700-1703 ਈ. ਅਨੁਮਾਨਿਆ ਹੈ। ਅਣੀ ਰਾਇ ਨੂੰ ਗੁਰੂ ਦਰਬਾਰ ਵਿਚੋਂ ਚੰਗਾ ਮਾਨ-ਦਾਨ ਮਿਲਦਾ ਰਿਹਾ ਹੈ। ਉਹ ਆਪਣੀ ਰਚਨਾ ਵਿਚ ਕਈ ਥਾਂਈਂ 'ਰਾਇ' ਛਾਪ ਵਰਤਦਾ ਹੈ, ਜਿਸ ਤੋਂ ਉਸ ਦੇ ਭੱਟ ਹੋਣ ਦਾ ਅਨੁਮਾਨ ਲਗਦਾ ਹੈ।[2] ਇਹ ਕਵੀ ਜਾਤਿ ਦਾ ਭੱਟ ਤੇ ਲਾਹੌਰ ਦਾ ਜੰਮਪਲ ਸੀ। ਇਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ 'ਜੰਗਨਾਮਾ' 68 ਪਦਾਂ ਵਿਚ ਬਣਾਇਆ ਹੈ।[3]

ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਅਣੀ ਰਾਇ ਦਾ 'ਜੰਗਨਾਮਾ' ਅਜਿਹੀ ਰਚਨਾ ਹੈ ਜਿਸ ਵਿਚ ਸਿੱਖ ਬੀਰਤਾ ਦੀ ਪਹਿਲੀ ਤਸਵੀਰ ਹੈ ਜੋ ਕਿਸੇ ਸਮਕਾਲੀ ਦਰਬਾਰੀ ਕਵੀ ਨੇ ਬੀਰਤਾ ਦਾ ਰੰਗ ਭਰ ਕੇ ਉਲੀਕੀ ਹੈ। ਸ਼ਾਇਦ ਇਸ ਵਿਚ ਉਤਨੀ ਇਤਿਹਾਸਕ ਸਮੱਗਰੀ ਨਹੀਂ, ਜਿਤਨਾ ਬੀਰ ਝਾਕੀਆਂ ਚਿਤ੍ਰਣ ਵਿਚ ਕਮਾਲ ਦਿਖਾਇਆ ਗਿਆ ਹੈ।[4] ਅਣੀ ਰਾਇ ਸੱਤਵੇਂ ਪਾਤਸ਼ਾਹ ਤੋਂ ਗੁਰੂ ਘਰ ਦੇ ਨਿਕਟਵਰਤੀ ਮੋਹਰੀ ਸਿੱਖਾਂ ਵਿਚੋਂ ਸੀ ਤੇ ਇਸ ਦਾ ਨਾਮ ਗੁਰੂ ਹਰਿਕ੍ਰਿਸਨ ਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਹੁਕਮਨਾਮਿਆਂ ਵਿਚ ਵੀ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਵੀ ਇਸ ਨਾਲ ਵਿਸ਼ੇਸ਼ ਪ੍ਰੇਮ ਸੀ ਤੇ ਕਈ ਵਾਰ ਆਪ ਉਚੇਚੀਆਂ ਬਖਸ਼ੀਸ਼ਾਂ ਦੁਆਰਾ ਅਣੀ ਰਾਇ ਨੂੰ ਨਿਹਾਲ ਕਰਦੇ ਰਹਿੰਦੇ ਸਨ।[5]

**ਅੰਮ੍ਰਿਤ ਰਾਇ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ। *ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ* ਦੇ ਕਰਤਾ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 845; ਗੁਰਬਚਨ ਸਿੰਘ ਨਈਅਰ, ਗੁਰ ਰਤਨ ਮਾਲ ਸੌ ਸਾਖੀ, ਪੰਨਾ 177.

2 ਦੇਵਿੰਦਰ ਸਿੰਘ ਵਿਦਿਆਰਥੀ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ, ਪੰਨੇ 60-61.

3 ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨਾ 103.

4 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 156.

5 *ਉਹੀ*, ਪੰਜਾਬੀ ਵਾਰਾਂ, ਪੰਨਾ 247.

ਨੇ ਅੰਮ੍ਰਿਤ ਰਾਇ ਨੂੰ ਲਾਹੌਰ ਨਿਵਾਸੀ ਭੱਟ ਕਵੀ ਖੜਗ ਰਾਇ ਦਾ ਪੁੱਤਰ ਮੰਨਿਆ ਹੈ।[1] *ਗੁਰੂ ਕੀਆਂ ਸਾਖੀਆਂ* ਵਿਚ ਇਸ ਨੂੰ ਲਵਪੁਰ ਨਗਰੀ ਦਾ ਰਹਿਣ ਵਾਲਾ ਦਸਿਆ ਗਿਆ ਹੈ- 'ਲਵਪੁਰ ਨਗਰੀ ਕਾ ਰਹਿਨੇ ਵਾਲਾ ਅੰਮ੍ਰਿਤ ਰਾਇ ਨਾਮੀ ਸ਼ਾਇਰ ਹਾਥ ਬਾਂਧ ਖਲਾ ਹੋਏ ਬੋਲਾ, ਇਹ ਸੇਵਾ ਮੁਝੇ ਦੀਜੀਏ। ਸੱਚੇ ਪਾਤਸ਼ਾਹ! ਮੈਂ ਹੰਸਰਾਜ 'ਭੱਲੇ' ਕੀ ਬੰਸ ਸੇ ਹੂੰ, ਮੈਂ ਏਸ ਗ੍ਰੰਥ ਕੋ ਦੇਖਾ ਤੇ ਵਾਚਾ ਹੈ। ਗੁਰੂ ਜੀ ਕਾ ਬਚਨ ਪਾਇ ਅੰਮ੍ਰਿਤ ਰਾਇ ਨੇ ਚਾਰੇ ਪੱਤਰੇ ਕਾਵਿ ਮੇਂ ਲਿਖ ਕੇ ਸਤਿਗੁਰਾਂ ਕੀ ਭੇਟਾ ਕੀਏ। ਇਨੈ-ਦੇਖ ਅੰਮ੍ਰਿਤ ਰਾਇ ਕੀ ਕੀਤੀ ਸੇਵਾ ਤੇ ਬੜੇ ਪ੍ਰਸੰਨ ਹੂਏ। ਇਸੇ ਚੰਗਾ ਇਨਾਮ ਦੀਆ ਗਿਆ।'[2]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਦਸਮੇਸ਼ ਦੇ ਦਰਬਾਰ ਦਾ ਕਵੀ ਸੀ, ਜੋ ਛੈਲਰਾਯ ਭੱਟ ਦਾ ਸਪੁੱਤ੍ਰ ਲਾਹੌਰ ਨਿਵਾਸੀ ਸੀ। ਇਸ ਨੇ ਸਤਿਗੁਰੂ ਦੀ ਆਗਿਆ ਅਨੁਸਾਰ ਮਹਾਂਭਾਰਤ ਦੇ ਸਭਾ ਪਰਵ ਦਾ ਹਿੰਦੀ ਅਨੁਵਾਦ ਕੀਤਾ ਹੈ।[3]

ਇਹ ਜਾਤ ਦਾ ਭੱਟ ਤੇ ਲਾਹੌਰ ਦਾ ਰਹਿਣ ਵਾਲਾ ਸੀ। ਇਸ ਨੂੰ ਲਾਹੌਰ ਵਿਚ ਆਪਣੇ ਕਦਰਦਾਨਾਂ ਉੱਤੇ ਬਹੁਤ ਅਭਿਮਾਨ ਸੀ ਤੇ ਕਿਧਰੇ ਹੋਰ ਜਾਣਾ ਨਹੀਂ ਚਾਹੁੰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਜਸ ਤੇ ਦਾਨ ਦੀ ਅਪਾਰ ਮਹਿਮਾ ਦੇ ਕਿੱਸੇ ਸੁਣ ਕੇ ਆਖਰ ਅਨੰਦਪੁਰ ਗੁਰੂ ਦਰਬਾਰ ਵਿਚ ਆ ਗਿਆ।[4]

ਅੰਮ੍ਰਿਤ ਰਾਇ ਆਮ ਆਦਮੀਆਂ ਦੀ ਤਰ੍ਹਾਂ ਅਮੀਰਾਂ ਦੇ ਦੁਆਰੇ ਨਹੀਂ ਜਾਇਆ ਕਰਦਾ ਸੀ। ਇਸ ਦੀ ਸ੍ਵੈ-ਸਤਿਕਾਰ ਦੀ 'ਮਨ ਪ੍ਰਤੀਤੀ' ਕਮਾਲ ਦੀ ਸੀ ਪਰ ਗੁਰੂ ਜੀ ਦੀ 'ਦੀਨ ਰਖਯਾ ਤੇ ਆਤਮ ਤੱਤ ਦਰਸਤਾ' ਦੀਆਂ ਖੂਬੀਆਂ ਦੇ ਕਮਾਲ ਸੁਣ-ਸੁਣ ਕੇ ਅੰਮ੍ਰਿਤ ਰਾਇ ਨੂੰ ਦਰਸ਼ਨ-ਪ੍ਰੇਮ ਉਗਮਿਆ ਤੇ ਜਾ ਹਾਜ਼ਰ ਹੋਏ। ਦੇਖੇ ਸੁਣੇ ਦਾ ਫਰਕ ਹੁੰਦਾ ਹੈ, ਜੋ ਕੁਝ ਇਸ ਨੇ ਉੱਥੇ ਡਿਠਾ ਉਸ ਨੇ ਮੋਹਿਤ ਕਰ ਲਿਆ ਤੇ ਇਸ ਨੇ ਗੁਰੂ ਜਸ ਗਾਏ। ਇਸ ਨੂੰ ਗੁਰੂ ਦਰਬਾਰ ਵਿਚ ਦਾਨ ਮਾਨ ਨਾਲ ਸਨਮਾਨਿਆ ਗਿਆ ਸੀ। ਇਸ ਦੇ ਬੇਪਰਵਾਹ ਤੇ ਕਮਾਲ ਦੇ ਸ੍ਵੈ-

---

1 ਦੇਵਿੰਦਰ ਸਿੰਘ ਵਿਦਿਆਰਥੀ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ, ਪੰਨਾ 22.

2 ਭਾਈ ਸਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 84

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 78.

4 ਦੇਵਿੰਦਰ ਸਿੰਘ ਵਿਦਿਆਰਥੀ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ, ਪੰਨਾ 52.

ਸਤਿਕਾਰੀ ਹੁੰਦਿਆਂ ਹੋਇਆਂ ਇਸ ਦੇ ਰਚੇ ਗੁਰੂ ਗੀਤ ਗਾਯਨ ਦੇ ਛੰਦ ਇਤਿਹਾਸਕ ਨੁਕਤੇ ਤੋਂ ਵੀ ਵੱਡੇ ਕੀਮਤੀ ਹਨ। ਉਦਾਹਰਨ ਲਈ-

ਜਾਹੀਂ ਓਰ ਜਾਊਂ, ਅਤਿ ਆਦਰ ਤਰ੍ਹਾਂ ਤੇ ਪਾਊਂ।

ਤੇਰੇ ਗੁਨ ਗਨ ਕਉ ਅਗਾਊਂ ਗਨੈ ਸ਼ੇਸ ਜੂ...

...ਬ੍ਰਹਮ ਗਯਾਨ ਸਮਰਸ 'ਅੰਮ੍ਰਿਤ' ਵਿਰਾਜੈ ਸਦਾ।

ਸ੍ਰੀ ਗੁਰੂ ਗੋਬਿੰਦ ਰਾਇ ਨਵੋਂ ਰਸ ਭੀਨੋ ਹੈ।

*ਗੁਰੂ ਕੀਆਂ ਸਾਖੀਆਂ* ਅਨੁਸਾਰ ਜਦੋਂ ਭਾਈ ਨੰਦ ਲਾਲ ਜੀ ਨੇ ਆਪਣੀ ਰਚਨਾ 'ਬੰਦਗੀਨਾਮਾ' ਅਤੇ ਹਿਰਦੇ ਰਾਮ ਭੱਲੇ ਦੀ ਰਚਨਾ 'ਹਨੂਮਾਨ ਨਾਟਕ' ਗੁਰੂ ਜੀ ਸਾਹਮਣੇ ਪੇਸ਼ ਕੀਤੀ। ਸਤਿਗੁਰੂ 'ਬੰਦਗੀਨਾਮਾ' ਵਾਚ ਨੰਦ ਲਾਲ ਤੇ ਬੜੇ ਬਿਗਸੇ। ਇਸੇ ਚਰਨ ਪਾਹੁਲ ਦੇ ਕੇ ਸਿੱਖ ਬਣਾਇਆ। ਬਚਨ ਹੋਆ ਨੰਦ ਲਾਲ! ਤੇਰੀ ਰਚਨਾ ਮਨ ਕੋ ਮੋਹਨੇ ਵਾਲੀ ਤੇ ਜ਼ਿੰਦਗੀ ਕੋ ਨਏ ਸਿਰੇ ਤਾਜ਼ਾ ਕਰਨੇ ਵਾਲੀ ਹੈ, ਅਸਾਂ ਆਜ ਸੇ ਏਸ ਕਿਤਾਬ ਕਾ ਨਾਉਂ ਬੰਦਗੀਨਾਮਾ ਸੇ ਜ਼ਿੰਦਗੀਨਾਮਾ ਰਾਖਤੇ ਹੈ। ਇਸ ਕਾ ਸਤਿਕਾਰ ਹਮਾਰੀ ਰਚਨਾ ਕੇ ਤੁਲ ਹੋਇਗਾ। ਦੂਜੀ ਰਚਨਾ ਹਨੂਮਾਨ ਨਾਟਕ ਚੰਗੀ ਤਰ੍ਹਾਂ ਵਾਚ ਕੇ ਕਿਹਾ। ਭਾਈ ਸਿੱਖਾ ਇਸ ਕੇ ਪੜਨੇ ਸੇ ਬੁਜ਼ਦਿਲ ਤੇ ਕਮਜ਼ੋਰ ਸ਼ਖ਼ਸ ਜੋਧਾ ਬਣ ਸਕਦਾ ਹੈ, ਇਹ ਪੋਥੀ ਬੀਰ ਰਸ ਸੇ ਭਰੀ ਹੁਈ ਹੈ। ਇਸ ਕਿਤਾਬ ਮੇਂ ਸੇ ਚਾਰ ਵਰਕੇ ਫਟੇ ਹੂਏ ਥੇ। ਗੁਰੂ ਜੀ ਨੇ ਕਵੀ ਜਨਾਂ ਦਾ ਧਿਆਨ ਏਸ ਤਰਫ ਦਿਲਾਇਆ। ਬਚਨ ਹੋਆ ਕਿ ਜੋ ਸ਼ਾਇਰ ਇਨ ਚਾਰ ਵਰਕੋਂ ਕੋ ਭੱਲਾ ਜੀ ਜੈਸੀ ਕਾਵਿ ਰਚਨਾ ਹਮੇਂ ਪੇਸ਼ ਕਰੇਗਾ, ਵੁਹ ਮੂੰਹ ਮਾਂਗਾ ਇਨਾਮ ਪਾਏਗਾ। ਤਾਂ ਅੰਮ੍ਰਿਤ ਰਾਇ ਨੇ ਚਾਰ ਵਰਕੇ ਪੂਰੇ ਕੀਤੇ। ਗੁਰੂ ਸਾਹਿਬ ਬਹੁਤ ਖੁਸ਼ ਹੋਏ ਤੇ ਇਸ ਨੂੰ ਇਨਾਮ ਨਾਲ ਨਿਵਾਜ਼ਿਆ।[1]

**ਆਲਮ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ ਸੀ। *ਗੁਰੂ ਮਹਿਮਾ ਰਤਨਾਵਲੀ* ਅਨੁਸਾਰ ਇਹ ਜਾਤਿ ਦਾ ਬ੍ਰਾਹਮਣ, ਅਰਬੀ, ਫ਼ਾਰਸੀ ਅਤੇ ਹਿੰਦੀ ਦਾ ਆਲਿਮ ਅਤੇ ਉਤਮ ਕਵੀ ਸ੍ਰੀ ਗੁਰੂ ਗੋਬਿੰਦ ਸਿੰਘ

---

[1] ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ ੮੪.

ਸਾਹਿਬ ਦੇ ਦਰਬਾਰ ਦਾ ਭੂਸ਼ਣ ਸੀ।[1]

ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਆਲਮ ਕਵੀ ਪਹਿਲਾਂ ਔਰੰਗਜ਼ੇਬ ਦੇ ਬੇਟੇ ਮੁਅਜ਼ਮ ਪਾਸ ਰਿਹਾ ਕਰਦਾ ਸੀ, ਉਹ ਆਪਣੇ ਤਜ਼ਰਬੇ ਦੇ ਆਸਰੇ ਕਹਿੰਦਾ ਹੈ, ਕਿ ਜਿਸ ਤਰ੍ਹਾਂ ਇਥੇ ਕਵੀਆਂ ਨੂੰ ਰੋਜ਼ ਧਨ ਦੌਲਤ ਨਾਲ ਮਾਲਾਮਾਲ ਕੀਤਾ ਜਾਂਦਾ, ਵੈਸਾ ਰਾਜਾ ਭੋਜ ਦੇ ਦਰਬਾਰ ਵਿਚ ਵੀ ਨਹੀਂ ਸੀ। ਉੱਥੇ ਕਦੀ-ਕਦੀ ਐਸਾ ਹੁੰਦਾ ਸੀ, ਇੱਥੇ ਗੁਰੂ ਦਰਬਾਰ ਵਿਚ ਇਹ ਦਾਤਾਂ ਰੋਜ਼ ਵੰਡੀਆਂ ਜਾਂਦੀਆਂ ਹਨ।[2]

ਭਾਈ ਕਾਨ੍ਹ ਸਿੰਘ ਨਾਭਾ ਨੇ *ਮਹਾਨ ਕੋਸ਼* ਇਸ ਬਾਰੇ ਲਿਖਿਆ ਹੈ ਕਿ ਇਹ ਇਕ ਬ੍ਰਾਹਮਣ ਸੀ ਤੇ ਫੇਰ ਇਕ ਰੰਗਰੇਜਣ 'ਸ਼ੇਖ' ਨਾਮੀ ਦੇ ਪ੍ਰੇਮ ਵਿਚ ਮੁਸਲਮਾਨ ਹੋ ਗਿਆ ਸੀ। ਇਸ ਨੇ ਜੋਧ ਕਵੀ ਦੀ ਸੰਸਕ੍ਰਿਤ ਪੁਸਤਕ ਦਾ (ਜੋ 991 ਹਿਜ਼ਰੀ ਵਿਚ ਉਸ ਨੇ ਲਿਖੀ ਸੀ) ਹਿੰਦੀ ਵਿਚ ਅਨੁਵਾਦ ਕੀਤਾ, ਜਿਸ ਦਾ ਨਾਉਂ 'ਮਾਧਵਾਨਲ ਕਾਮ ਕੰਦਲਾ' ਹੈ। 'ਸਿਵ ਸਿੰਹ ਸਰੋਜ' ਵਿਚ ਲਿਖਿਆ ਹੈ ਕਿ ਏਹ ਸ਼ਹਿਜ਼ਾਦੇ ਮੁਅੱਜ਼ਮ ਪਾਸ ਬਹੁਤ ਦਿਨੋਂ ਤੱਕ ਰਹੇ। ਮਗਰੋਂ ਜਾਪਦਾ ਹੈ ਕਿ ਇਹ ਗੁਰੂ ਜੀ ਪਾਸ ਰਿਹਾ। ਕਾਮ ਕੰਦਲਾ ਦੇ ਤਰਜ਼ਮੇ ਦਾ ਸੰਮਤ ਹਿੰਦੀ ਲਿਪੀ ਵਿਚੋਂ ਲਿਖੇ ਕਾਮ ਕੰਦਲਾ ਦੇ ਨੁਸਖੇ ਵਿਚ ਬਿ. 1774 ਦਿੱਤਾ ਹੈ। ਸੂਰਜ ਪ੍ਰਕਾਸ਼ ਵਿਚ ਕਵੀਆਂ ਦੇ ਕਬਿੱਤਾਂ ਵਿਚ ਇਕ ਕਬਿੱਤ ਇਨ੍ਹਾਂ ਦਾ ਆਇਆ ਹੈ-

ਸੋਭਾ ਹੂੰ ਕੇ ਸਾਗਰ ਨਵਲ ਨੇਹ ਨਾਗਰ ਹੈ...
...ਆਲਮ ਤਮਾਮ ਜਾਮ ਆਠੋਂ ਗੁਨ ਗਾਈਏ।
ਪ੍ਰਬਲ ਪ੍ਰਤਾਪੀ ਪਾਤਿਸ਼ਾਹ ਗੁਰੂ ਗੋਬਿੰਦ ਜੀ।
ਭੋਜ ਕੀ ਸੀ ਮੌਜ ਤੇਰੇ ਰੋਜ਼ ਰੋਜ਼ ਪਾਈਏ॥[3]

**ਸੈਨਾਪਤਿ, ਕਵਿ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ। ਇਸ ਨੇ ਗੁਰੂ ਸਾਹਿਬ ਦੀ ਉਸਤਤਿ ਵਿਚ ਇਕ ਗ੍ਰੰਥ *'ਸ੍ਰੀ ਗੁਰ ਸੋਭਾ'* ਲਿਖਿਆ। ਕਵਿ ਸੈਨਾਪਤਿ ਦੇ ਜਨਮ ਅਤੇ ਮੁੱਢਲੇ ਜੀਵਨ ਬਾਰੇ ਕੋਈ ਪੁਖਤਾ ਜਾਣਕਾਰੀ

---

1 ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨਾ 112.

2 ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਹਿਤ ਦਰਬਾਰ, ਪੰਨਾ 4.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 106.

ਪ੍ਰਾਪਤ ਨਹੀਂ ਹੁੰਦੀ ਪਰ ਫਿਰ ਵੀ ਕਵਿ ਸੈਨਾਪਤਿ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਦੇ ਰੂਪ ਵਿਚ ਆਪਣੀ ਵਿਸ਼ੇਸ਼ ਪਛਾਣ ਸਥਾਪਿਤ ਕੀਤੀ ਹੋਈ ਸੀ। ਭਾਈ ਕਾਨ੍ਹ ਸਿੰਘ ਨਾਭਾ *ਗੁਰੁਮਤ ਮਾਰਤੰਡ* ਵਿਚ ਲਿਖਦੇ ਹਨ ਕਿ – 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਗੁਰਮੁਖੀ ਅਤੇ ਸੰਸਕ੍ਰਿਤ ਦਾ ਚੰਗਾ ਲਿਖਾਰੀ ਕਵਿ ਸੈਨਾਪਤਿ ਸੀ, ਜਿਸ ਦੀ ਗਿਣਤੀ ਗੁਰੂ ਸਾਹਿਬ ਦੇ ਬਵੰਜਾ ਕਵੀਆਂ ਵਿਚ ਆਈ ਹੈ।'[1] ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਕਵੀ ਸੈਨਾਪਤਿ ਦਾ ਅਸਲ ਨਾਂ ਚੰਦ੍ਰ ਸੀ ਤੇ ਉਹ ਜਾਤਿ ਦਾ ਮਾਨ ਜੱਟ ਨਗਰ ਵਜ਼ੀਰਾਬਾਦ ਜਿਲ੍ਹਾ ਗੁਜਰਾਂਵਾਲਾ (ਪੱਛਮੀ ਪੰਜਾਬ) ਦਾ ਵਸਨੀਕ ਸੀ।[2] *ਮਹਾਨ ਕੋਸ਼* ਵਿਚ ਸੈਨਾਪਤਿ ਬਾਰੇ ਲਿਖਿਆ ਹੈ - ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਇਕ ਲਿਖਾਰੀ ਅਤੇ ਕਵਿ, ਜਿਸ ਨੇ *ਚਾਣਿਕਯ ਨੀਤਿ* ਦਾ ਉਲਥਾ ਕੀਤਾ ਹੈ - "ਗੁਰ ਗੋਬਿੰਦ ਕੀ ਸਭਾ ਮੇ ਲੇਖਕ ਪਰਮ ਸੁਜਾਨ। ਚਾਣਾਕੇ ਭਾਖਾ ਕਰੀ ਕਵਿ ਸੈਨਾਪਤਿ ਨਾਮ॥" ਇਸ ਦਾ ਬਣਾਇਆ ਇੱਕ "ਗੁਰਸ਼ੋਭਾ" ਗ੍ਰੰਥ ਭੀ ਹੈ।[3]

ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਇਸ ਦਾ ਅਸਲ ਨਾਮ ਚੰਦ੍ਰਸੈਨ ਸੀ ਤੇ ਉਪਨਾਮ ਸੈਨਾਪਤਿ। ਆਪ ਦਾ ਜਨਮ ਮਾਨ ਗੋਤ ਦੇ ਜੱਟ ਪਰਿਵਾਰ ਵਿਚ ਪਿਤਾ ਬਾਲ ਚੰਦ ਦੇ ਘਰ ਲਾਹੌਰ ਹੋਇਆ।[4]

ਕਵੀ ਸੈਨਾਪਤਿ ਦੇ 'ਸ੍ਰੀ ਗੁਰ ਸੋਭਾ' ਗ੍ਰੰਥ ਵਿਚ ਜਿਥੇ ਗੁਰੂ ਸਾਹਿਬ ਦੇ ਜੀਵਨ ਸਮਾਚਾਰ ਮਿਲਦੇ ਹਨ ਉਥੇ ਇਸ ਦੀ ਕਵਿਤਾ ਵਿਚੋਂ ਖ਼ਾਲਸਾ ਸਾਜਣ ਦਾ ਹਾਲ, ਖ਼ਾਲਸੇ ਦੇ ਗੁਣ ਅਤੇ ਕੇਸ ਕ੍ਰਿਪਾਨ ਆਦਿ ਰਹਿਤ ਮਰਯਾਦਾ ਦਾ ਗੁਰੂ ਸਾਹਿਬ ਵਲੋਂ ਆਪ ਕਾਇਮ ਕਰਨਾ ਤੇ ਟੋਰਨਾ ਅੱਖੀਂ ਡਿੱਠਾ ਹਾਲ ਬਿਆਨ ਕੀਤਾ ਮਿਲਦਾ ਹੈ -

ਛਪੈ ਛੰਦ

ਨਿਰਮਲ ਕਰਿ ਸੰਸਾਰ, ਜਗਤ ਮੈਂ ਬਚਨਿ ਸੁਨਾਏ।

ਕਿਯੋ ਖ਼ਾਲਸਾ ਪ੍ਰਗਟ ਸੁਨਤ ਦੁਰਜਨ ਡਰ ਪਾਏ।

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਮਤ ਮਾਰਤੰਡ, ਭਾਗ ਪਹਿਲਾ, ਪੰਨਾ 79

2 ਕਵਿ ਸੈਨਾਪਤਿ ਰਚਿਤ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 1.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 230.

4 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 101.

ਮੁਨਿ ਜਨ ਕਰਤ ਬਿਚਾਰ ਚਾਰ ਅਚਰਜ ਸੁਨਿ ਭਾਈ।

ਗੁਪਤਿ ਬਾਤ ਭਈ ਪ੍ਰਗਟਿ ਅੰਤ ਗੁਰਦੇਵ ਬਤਾਈ।

ਮਾਨਹਿ ਸੁ ਸੰਤ ਇਹ ਮੰਤ ਕੋ ਜਨਮ ਮੁਕਤਾ ਭਯੋ।

ਕਬਿਤਾ ਸੁ ਰੇਨ ਤਿਹ ਸਿੱਖ ਕੀ ਜੁ ਸਤਿਗੁਰ ਕੀ ਸਰਨੀ ਅਯੋ।।16।[1]

**ਸੁਖਦੇਵ** : ਇਹ ਸ੍ਰੀ ਦਸਮੇਸ਼ ਦਾ ਹਜ਼ੂਰੀ ਇਕ ਪੰਡਿਤ ਕਵੀ ਸੀ, ਜਿਸ ਨੇ ਕਰਤਾਰ ਦੇ ਬਾਰਾਂ ਵਿਸ਼ੇਸ਼ਣਾਂ (ਸਤ, ਚਿਤ, ਆਨੰਦ, ਅਦਿਵਤੀਯ, ਅਖੰਡ, ਅਚਲ, ਅਨੰਤ, ਸਵਪ੍ਰਕਾਸ਼, ਕੂਟਸਥ, ਅਜ, ਅਕ੍ਰਿਯ ਅਤੇ ਬ੍ਰਹਮ) ਦੀ ਵਿਚਿਤ੍ਰ ਵਿਆਖਿਆ ਲਿਖੀ।[2] ਇਹ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਦਾ ਇਕ ਕਵੀ ਸੀ। ਇਸ ਦੀ ਗਿਣਤੀ 52 ਕਵੀਆਂ ਵਿਚੋਂ ਹੈ। *ਅਧਿਆਤਮ ਪ੍ਰਕਾਸ਼* (ਵੇਦਾਂਤ ਗ੍ਰੰਥ) ਇਸੇ ਕਵੀ ਦੀ ਰਚਨਾ ਹੈ।[3]

ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਦਸਮੇਸ਼ ਦਾ ਹਜ਼ੂਰੀ ਇੱਕ ਪੰਡਿਤ ਕਵੀ। ਜਿਹੜਾ ਪਹਿਲਾ ਰਾਜਿਆਂ ਮਹਾਂਰਾਜਿਆਂ ਪਾਸ ਰਹਿੰਦਾ ਹੋਇਆ ਅਮੀਰੀ ਜੀਵਨ ਬਸਰ ਕਰਨ ਦਾ ਸ਼ੌਕ ਰਖਦਾ ਸੀ। ਬਾਅਦ ਵਿਚ ਗੁਰੂ ਦਰਬਾਰ ਵਿਚ ਆ ਕੇ ਇਸ ਦਾ ਜੀਵਨ ਦ੍ਰਿਸ਼ਟੀਕੋਣ ਬਦਲ ਗਿਆ ਤੇ ਉਹ ਬਿਲਾਸੀ ਪੰਡਿਤ ਦੀ ਥਾਂ ਆਤਮ ਪ੍ਰਕਾਸ਼ੀ ਨਿਰਮਲ ਸਾਧੂ ਜਾਂ ਉਤਮ ਤੱਤ ਗਿਆਨੀ ਬਣ ਗਿਆ। ਜਿਸ ਦਾ ਪਰਿਦਰਸ਼ਨ ਇਸ ਦੇ *'ਅਧਿਆਤਮ ਪ੍ਰਕਾਸ਼"* ਵਿਚੋਂ ਮਿਲਦਾ ਹੈ।[4]

**ਸੁੰਦਰ** : ਇਸ ਕਵੀ ਦਾ ਨਾਮ ਗੁਰੂ ਸਾਹਿਬ ਦੇ 52 ਕਵੀਆਂ ਵਿਚ ਨਹੀਂ ਗਿਣਿਆ ਗਿਆ, ਪਰ ਅਨੰਦਪੁਰ ਸਤਿਗੁਰੂ ਦੀ ਸੇਵਾ ਵਿਚ ਹਾਜ਼ਰ ਹੋਣ ਦਾ ਮਾਣ ਇਸ ਨੂੰ ਪ੍ਰਾਪਤ ਹੈ। ਇਸ ਦੀ ਛਾਪ ਦੇ ਦੋ ਛੰਦ ਮਿਲਦੇ ਹਨ। ਜੋ ਇਸ ਪ੍ਰਕਾਰ ਹਨ –

ਸਾਧਨ ਕੋ ਸਿੱਧੇ ਸਰਨਾਗਤ, ਸਮਰ ਸਿੰਧੁ ਸੁਧਾਧਰ ਸੁੰਦਰ ਸਰਸ ਪਦ ਪਾਯੋ ਹੈ॥

---

1. ਕਵਿ ਸੈਨਾਪਤਿ ਰਚਿਤ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 31.
2. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 208.
3. ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 300.
4. ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 161.

ਤੇਗ ਸਾਚੋ ਦੇਗ ਸਾਚੋ ਸੂਰਮਾ ਸਰਨ ਸਾਚੋ। ਸਾਚੋ ਪਾਤਸ਼ਾਹ ਗੁਰ ਗੋਬਿੰਦ ਕਹਾਯੋ ਹੈ।...

...ਗੁਰਨਾਮੇ ਐਸੋ ਗੁਰੂ ਗੋਬਿੰਦ ਕਹਾਏ ਹੋ।।[1]

*ਮਹਾਨ ਕੋਸ਼* ਵਿਚ ਇਸ ਨੂੰ ਗਵਾਲੀਅਰ ਦਾ ਰਹਿਣ ਵਾਲਾ ਬ੍ਰਾਹਮਣ ਸ਼ਾਹਜਹਾਂ ਦਾ ਦਰਬਾਰੀ ਕਵੀ ਮੰਨਿਆ ਗਿਆ ਹੈ।[2]

**ਸੁਦਾਮਾ** : ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ। ਇਹ ਬ੍ਰਾਹਮਣ ਜਾਤੀ ਵਿਚੋਂ ਹੋਇਆ ਹੈ, ਜੋ ਬੁੰਦੇਲਖੰਡ ਦਾ ਰਹਿਣ ਵਾਲਾ ਸੀ। ਕੁਝ ਸਮਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹਾਜ਼ਰ ਰਿਹਾ, ਸੁਦਾਮੇ ਦੀ ਰਚਨਾ ਇਹ ਹੈ –

ਏਕੈ ਸੰਗਿ ਪਢੇ ਹੈਂ ਅਵੰਤਿਕਾ ਸੰਦੀਪਨਿ ਕੇ,

ਸੋਈ ਸੁਧ ਆਈ ਤੋ ਬੁਲਾਇ ਬੂਝੀ ਬਾਮਾ ਮੇ।...

ਪ੍ਰੀਤਿ ਕਰਿ ਜਾਨੈ ਗੁਰ ਗੋਬਿੰਦ ਕੈ ਮਾਨੇ ਤਾਂਤੇ,

ਵਹੀ ਤੂੰ ਗੋਬਿੰਦ ਵਹੀ ਬਾਮ੍ਹਨ ਸੁਦਾਮਾ ਮੈਂ।[3]

ਇਹ ਚੰਗਾ ਕਵੀ ਸੀ, ਪਰ ਅਤਿ ਗਰੀਬ ਸੀ। ਇਸ ਨੇ ਸੁਣਿਆ ਕਿ ਗੁਰੂ ਗੋਬਿੰਦ ਸਿੰਘ ਜੀ ਕਵੀਆਂ ਨੂੰ ਸਨਮਾਨਦੇ ਹਨ, ਇਹ ਆਪਣਾ ਦਰਿਦਰ (ਗਰੀਬੀ) ਦੂਰ ਕਰਨ ਹਿਤ ਅਨੰਦਪੁਰ ਗਿਆ ਤੇ ਗੁਰੂ ਸਾਹਿਬ ਦੇ ਹਜ਼ੂਰ ਦੁਆਪੁਰ ਦੇ ਸੁਦਾਮੇ ਦੀ ਆਪਣੇ ਨਾਲ ਸਮਾਨਤਾ ਲੈ ਕੇ ਗੁਰੂ ਜੀ ਨੂੰ ਮਿਲਿਆ ਤੇ ਦਾਨ ਪਾ ਕੇ ਸੁੱਖੀ ਹੋਇਆ।[4]

**ਹਰਿ / ਹੀਰ ਕਵੀ** : ਹਰਿ ਕਵੀ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ ਸੀ। ਕਈ ਵਿਦਵਾਨਾਂ ਨੇ ਇਸ ਨੂੰ ਹੀਰ ਕਵੀ ਵੀ ਲਿਖਿਆ ਹੈ। ਹਰਿ ਭੱਟ ਇਕ ਧੜੱਲੇਦਾਰ ਕਵੀ ਸੀ, ਪਰ ਯੋਗ ਸਰਪ੍ਰਸਤੀ ਨਾ ਪ੍ਰਾਪਤ ਹੋਣ ਕਰਕੇ

---

1 ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨਾ 121.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 212.

3 *ਉਹੀ,* ਪੰਨਾ 213.

4 ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨਾ 122.

ਭੁੱਖ ਨੰਗ ਨਾਲ ਘੁਲਦਾ ਫਿਰਦਾ ਸੀ। ਇਹ ਅਨੰਦਪੁਰ ਆ ਗਿਆ। ਗੁਰੂ ਸਾਹਿਬ ਨੇ ਗੁਣੀ ਵੇਖ ਕੇ ਹਰ ਤਰ੍ਹਾਂ ਸਹਾਇਤਾ ਕੀਤੀ ਤੇ ਉਸ ਨੂੰ ਸੰਤੁਸ਼ਟ ਕੀਤਾ।[1] *ਗੁਰੂ ਮਹਿਮਾ ਰਤਨਾਵਲੀ* ਅਨੁਸਾਰ ਇਹ ਕਲਗੀਧਰ ਸਵਾਮੀ ਦੇ ਬਵੰਜਾ ਕਵੀਆਂ ਵਿਚੋਂ ਹੈ। ਕਾਵਯ ਦੇ ਆਚਾਰਯਾ ਗੁਣ ਗ੍ਰਾਹੀ ਸਤਿਗੁਰੂ ਨੇ ਹੀਰ ਕਵੀ ਨੂੰ ਦੋ ਕਬਿਤਾਂ ਪੁਰ ਇਤਨਾ ਇਨਾਮ ਬਖ਼ਸ਼ਿਆ ਸੀ ਕਿ ਉਹ ਸਾਰੀ ਉਮਰ ਮੰਗਣ ਜੋਗਾ ਨਾ ਰਿਹਾ।[2]

ਇਹ ਚੰਗਾ ਚਮਤਕਾਰੀ ਕਵੀ ਹੋਇਆ ਹੈ। ਇਸ ਦੀ ਰਚਨਾ ਤੋਂ ਪਤਾ ਲਗਦਾ ਹੈ ਕਿ ਇਹ ਖ਼ਾਲਸਾ ਸਾਜਣ ਤੋਂ ਬਾਅਦ ਅਨੰਦਪੁਰ ਹਾਜ਼ਰ ਹੋਇਆ ਸੀ ਤੇ ਇਸ ਨੇ ਕਈ ਜੁੱਧ ਗੁਰੂ ਸਾਹਿਬ ਦੇ ਅੱਖੀਂ ਦੇਖੇ ਸਨ ਤੇ ਆਪਣੇ ਦੇਖੇ ਸਮਿਆਂ ਨੂੰ ਅਲੰਕਾਰੀ ਰਚਨਾ ਵਿਚ ਰਚਦਾ ਰਿਹਾ ਹੈ। ਗੁਰੂ ਚਰਨਾਂ ਵਿਚ ਹਾਜ਼ਰ ਹੋਣ ਦੀ ਇਸ ਦੀ ਕਥਾ ਮਨੋਹਰ ਹੈ। ਗੁਰੂ ਕਾ ਦਰਬਾਰ ਲਗ ਰਿਹਾ ਸੀ, ਸਾਰੇ ਕਵੀ ਹਾਜ਼ਰ ਸਨ ਤੇ ਬੀਰ ਰਸੀ ਕਵਿਤਾ ਤੇ ਛੰਦ ਕਹੇ ਜਾ ਰਹੇ ਸਨ ਤਦ ਹਰਿ ਕਵਿ ਵੀ ਆ ਹਾਜ਼ਰ ਹੋਇਆ। ਉਸ ਨੂੰ ਪਤਾ ਲਗ ਗਿਆ ਸੀ ਕਿ ਬੀਰ ਰਸੀ ਕਵਿਤਾ 'ਤੇ ਆਪ ਬਹੁਤ ਪ੍ਰਸੰਨ ਹੁੰਦੇ ਹਨ। ਸੋ ਉਹ ਉਠ ਕੇ ਹੱਥਾਂ ਬਾਹਾਂ ਅੱਖਾਂ ਆਦਿ ਨਾਲ ਇਉਂ ਨਾਟ ਕਰਨ ਲਗ ਪਿਆ ਜਿਵੇਂ ਕਿਸੇ ਵੈਰੀ ਨਾਲ ਘੁਲ ਰਿਹਾ ਹੋਵੇ ਤੇ ਉਸ ਨੂੰ ਪ੍ਰਾਜੇ (ਜਿੱਤਣ) ਕਰਨ ਦੇ ਜਤਨ ਵਿਚ ਹੈ, ਸਾਰੀ ਸਭਾ ਹੱਸ ਪਈ ਤੇ ਗੁਰੂ ਜੀ ਨੇ ਕਿਹਾ ਕਵੀਸ਼ਰ ਜੀ ਕੀ ਕਰ ਰਹੇ ਹੋ? ਹਰਿ ਮਹਾਰਾਜ ਵੱਲ ਹੱਥ ਜੋੜ ਕੇ ਬੋਲਿਆ -

ਏਕ ਬੀਰ ਬਲਵਾਨ। ਦੇਤ ਪਢਨ ਨਹਿ ਕ੍ਰਿਪਾ ਨਿਧਾਨ।
ਤਾ ਸਨ ਲਰ ਲਰ ਕਬਿਤ ਸੂਝੈ ਹੌਂ। ਮਹਾਰਾਜ ਸੁਖ ਖਾਨ ਰਿਝੈ ਹੌਂ।

ਤਦ ਹੁਕਮ ਹੋਇਆ ਹੋਰ ਕਬਿਤ ਸੁਣਾਓ, ਤਦ ਹਰਿ ਨੇ ਉਸੇ ਤਰ੍ਹਾਂ ਨਾਟ ਕਰ ਕਰਕੇ ਦੋ ਕਬਿਤ ਸੁਣਾਏ, ਉਹ ਕਬਿਤ ਇਹ ਹਨ -

ਪਾਸ ਠਾਢੋ ਝਗਰਤ, ਝੁਕਤ ਦਰੇਰੈ ਮੋਹਿ, ਬਾਤਨ ਕਰਨ ਪਾਊਂ ਮਹਾਂ ਬਲੀ ਬੀਰ ਸੋਂ।

---

[1] ਪਿਅਰਾ ਸਿੰਘ ਪਦਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਹਿਤ ਦਰਬਾਰ, ਪੰਨਾ 8.

[2] ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨਾ 210.

ਐਸੇ ਅਰਿ ਬਿਕਟ ਨਿਕਟ ਬਸੇ ਨਿਸਦਿਨ ਨਿਪਟ ਨਿਸੰਕ ਸਠ ਘੇਰੈ ਫੇਰ ਭੀਰ ਸੋਂ।

ਦਾਰਿਦ ਕਪੂਤ ਤੇਰੋ ਮਰਨ ਬਨਯੋ ਹੈ ਆਜ ਕਰਕੈ ਸਲਾਮ ਵਿਦਾ ਹੁਜੈ ਕਬਿ ਹੀਰ ਸੋਂ।

ਨਾਤੁਰ ਗੋਬਿੰਦ ਸਿੰਘ ਵਿਕਲ ਕਹੈਂਗੇ ਤੋਹਿ ਟੂਕ ਟੂਕ ਹ੍ਵੈ ਹੈਂ ਗਾਢੇ ਦਾਨਨ ਕੇ ਤੀਰ ਸੋਂ।

ਇਨ੍ਹਾਂ ਕਬਿਤਾਂ ਨੂੰ ਸੁਣ ਕੇ ਗੁਰੂ ਜੀ ਸਮੇਤ ਸਾਰੀ ਸਭਾ ਅਤਿ ਪ੍ਰਸੰਨ ਹੋਈ। ਗੁਰੂ ਜੀ ਵਲੋਂ ਉਸੇ ਵੇਲੇ ਉਸ ਨੂੰ ਬਹੁਤ ਦਾਨ ਤੇ ਸਨਮਾਨ ਮਿਲਿਆ ਤੇ ਕਵੀਆਂ ਵਿਚ ਰੁਜ਼ੀਨਾਂ (ਤਨਖ਼ਾਹ) ਲਾ ਕੇ ਰੱਖ ਲਿਆ ਗਿਆ।

ਹੁਸੈਨ ਅਲੀ : ਹੁਸੈਨ ਅਲੀ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ ਸੀ। ਇਸ ਨੇ ਗੁਰੂ ਨਾਨਕ ਦੇਵ ਜੀ ਦੀ ਰਬਾਬ ਬਾਰੇ ਇਕ ਕਬਿੱਤ ਲਿਖਿਆ –

ਤਜੱਲਾ ਤਿਰੀ ਜਾਤ ਕਾ ਸੂ ਬਸੂ ਹੈ।...

...ਦੀਦਾਰਿ ਖੁਦਾ ਗਰ ਨਹੀਂ ਤੁਮ ਨੇ ਦੇਖਾ ਗੋਬਿੰਦ ਕੋ ਦੇਖੋ ਵੁਹੀ ਹੂਬ ਹੂ ਹੈ।[1]

**ਹੰਸਰਾਮ** : ਸ੍ਰੀ ਦਸਮੇਸ਼ ਜੀ ਦੇ ਦਰਬਾਰ ਦਾ ਮਹਾਨ ਕਵਿ, ਜਿਸ ਨੇ ਹੋਰ ਰਚਨਾ ਤੋਂ ਛੁੱਟ *ਮਹਾਂਭਾਰਤ* ਦੇ *'ਕਰਣ ਪਰਬ'* ਦਾ ਹਿੰਦੀ ਕਵਿਤਾ ਵਿਚ ਉੱਤਮ ਅਨੁਵਾਦ ਕੀਤਾ ਹੈ।[2] *ਗੁਰੂ ਮਹਿਮਾ ਰਤਨਾਵਲੀ* ਅਨੁਸਾਰ ਇਹ ਵਾਜਪੇਯੀ ਬ੍ਰਾਹਮਣ ਮੌਜਵਾਬਾਦ (ਜਿਲ੍ਹਾ ਫਤਹਪੁਰ) ਦਾ ਵਸਨੀਕ ਕਲਗੀਧਰ ਸਵਾਮੀ ਦੇ ਬਵੰਜਾ ਕਵੀਆਂ ਵਿਚੋਂ ਹੈ, ਜੋ ਕਾਵਯ ਦਾ ਪੂਰਾ ਪੰਡਿਤ ਅਤੇ ਗੁਰ ਭਗਤ ਸੀ।[3]

ਇਹ ਹਿੰਦੀ ਦੇ ਪ੍ਰਸਿੱਧ ਕਵੀ ਚੰਦ੍ਰ ਸ਼ੇਖਰ ਬਾਜਪੇਯੀ ਦੇ ਪੜਦਾਦਾ ਅਤੇ ਉੱਤਰ ਪ੍ਰਦੇਸ਼ ਨਿਵਾਸੀ ਬਾਜਪੇਯੀ ਬ੍ਰਾਹਮਣ ਅਸਨੀ ਦੇ ਰਹਿਣ ਵਾਲੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ *ਮਹਾਂਭਾਰਤ* ਦੇ ਅਨੁਵਾਦਕਾਂ ਵਿਚ ਇਸ ਦੀ ਵਿਲੱਖਣ ਥਾਂ ਹੈ। ਇਹ ਕਵੀ ਗੁਰੂ ਸਾਹਿਬ ਦੇ ਦਰਬਾਰ ਦਾ ਇਕ ਪ੍ਰਬਲ ਕਵੀ ਹੋਇਆ ਹੈ। ਇਸ ਦੀ ਇਕ ਰਚਨਾ *ਮਹਾਂਭਾਰਤ* ਦੇ *ਕਰਣ ਪਰਬ* ਦਾ ਭਾਸ਼ਾ ਵਿਚ ਅਨੁਵਾਦ ਹੈ। ਇਸ ਵਿਚ ਕਵੀ ਦੀ ਆਪਣੀ ਲੇਖਣੀ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਵਿਦਿਆ ਦੀ ਸਰਪ੍ਰਸਤੀ ਕਿੰਨੀ ਉਦਾਰਤਾ ਨਾਲ

---

1 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨੇ 205-6.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 284.

3 ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨਾ 213.

ਕਰਦੇ ਹੁੰਦੇ ਸਨ। ਹੋਰ ਨਿਤ ਦਾਨ ਤੋਂ ਛੁੱਟ ਹੰਸਰਾਮ ਨੂੰ ਗੁਰੂ ਜੀ ਨੇ ਸੱਠ ਹਜ਼ਾਰ ਰੁਪਯਾ ਦਿੱਤਾ ਸੀ। ਇਸ ਗੱਲ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਕ-ਇਕ ਪਰਵ ਤਰਜਮੇ ਲਈ ਇੰਨੀ ਭਾਰੀ ਰਕਮ ਦਾਨ ਦੇ ਕੇ ਵਿਦਵਾਨ ਰੱਖ ਲੈਣੇ ਕਿੰਨੀ ਭਾਰੀ ਵਿੱਦਿਆ ਦੀ ਕਦਰਦਾਨੀ ਹੈ। ਜਿਸ ਦੀ ਸਾਖ ਕਵੀ ਆਪ ਭਰਦਾ ਹੈ -

ਪ੍ਰਿਥਮ ਕ੍ਰਿਪਾ ਕਰਿ ਰਾਖ ਗੁਰ ਗੋਬਿੰਦ ਉਦਾਰ,
ਟਕਾ ਕਰੇ ਬਖਸ਼ੀਸ ਤਬ ਮੋਕੋ ਸਾਠ ਹਜ਼ਾਰ।
ਤਾਂ ਕੋ ਆਯਸੁ ਪਾਇ ਕੈ ਕਰਣ ਪਰਬ ਮੈਂ ਕੀਨ।
ਭਾਖਾ ਅਰਥ ਵਚਿਤ੍ਰ ਕਰ ਸੁਨੇ ਸੁ ਕਵਿ ਪਰਬੀਨ।
ਸੰਬਤ ਸਤ੍ਹਾਂ ਸੈ ਬਰਸ ਬਾਵਨ ਬੀਤਨਹਾਰ,
ਮਾਰਗ ਵਦਿ ਤਿਥਿ ਦੂਜ ਕੋ ਤਾਂ ਦਿਨ ਮੰਗਕਵਾਰ।
ਹੰਸਰਾਮ ਤਾਂ ਦਿਨ ਕਰਯੋਂ ਕਰਨ ਪਰਬ ਆਰੰਭ।[1]

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ* ਵਿਚ ਜ਼ਿਕਰ ਹੈ ਕਿ ਹੰਸਰਾਮ ਕਵੀ ਨੇ ਆਪਣੇ ਇਕ ਕਬਿੱਤ ਵਿਚ ਗੁਰੂ ਸਾਹਿਬ ਦੇ ਦਰਬਾਰ ਦੇ ਕਵੀਆਂ ਪ੍ਰਥਾਇ ਲਿਖਿਆ ਹੈ ਕਿ ਇਕ ਵਾਰ ਜਦੋਂ ਕਵੀਆਂ ਨੂੰ ਹਾਥੀ ਘੋੜੇ ਅਤੇ ਹੋਰ ਅਨੇਕਾਂ ਕੀਮਤੀ ਵਸਤਾਂ, ਭੂਸ਼ਣਾਂ ਦਾ ਦਾਨ ਦਿੱਤਾ ਗਿਆ ਤਾਂ ਇਹ ਕਵੀਆਂ ਦਾ ਸ਼ਾਹੀ ਜਲੂਸ ਇੱਕ ਤਰ੍ਹਾਂ ਫ਼ੌਜੀ ਚੜ੍ਹਾਈ ਬਣ ਗਿਆ। ਕਵੀ ਕਹਿੰਦਾ ਹੈ ਹੇ ਰਾਜਿਓ ਮਹਾਰਾਜਿਓ ਡਰੋ ਨਹੀਂ, ਇਹ ਕੋਈ ਸੈਨਿਕ ਦਲ ਨਹੀਂ ਬਲਕਿ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਤੋਂ ਵਰੋਸਾਏ ਕਵੀਆਂ ਦਾ ਜਥਾ ਜਾ ਰਿਹਾ ਹੈ।[2]

**ਕੀਰਤ ਸਿੰਘ** : ਕੀਰਤ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਸਿੱਖ ਸੀ। *ਸ਼ਹੀਦ ਬਿਲਾਸ ਭਾਈ ਮਨੀ ਸਿੰਘ* ਦੇ ਕਰਤਾ ਅਨੁਸਾਰ ਜਦੋਂ ਅਨੰਦਪੁਰ ਸਾਹਿਬ ਤੋਂ ਭਾਈ ਮਨੀ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ, ਨਿਸ਼ਾਨ ਸਾਹਿਬ ਤੇ ਪੰਜ ਸਿੰਘ ਨਾਲ ਦੇ ਕੇ ਅੰਮ੍ਰਿਤਸਰ ਸੇਵਾ ਸੰਭਾਲ ਲਈ ਭੇਜਿਆ ਤਾਂ ਉਨ੍ਹਾਂ ਵਿਚ ਭਾਈ ਕੀਰਤ ਸਿੰਘ ਵੀ ਸ਼ਾਮਲ ਸੀ –

---

1 ਦੇਵਿੰਦਰ ਸਿੰਘ ਵਿਦਿਆਰਥੀ, ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ, ਪੰਨਾ 45.

2 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 135.

ਕਹਿਯੋ ਸੁਧਾ ਸਰ ਨਗਰੀ ਜਾਵੋ। ਹਰਿ ਮੰਦਰ ਕੀ ਸੇਵਾ ਕਮਾਵੋ।

ਪੰਚ ਸਿਖ ਗੈਲ ਕੀਏ ਤਿਆਰ। ਭੂਪਤ ਸਿੰਘ ਔ ਸਿੰਘ ਗੁਲਜਾਰ।

ਚੰਦਰਾ ਕੋਇਰ ਸਿੰਘ ਸਿੰਘ ਦਾਨ। ਪੰਚਮ ਕੀਰਤ ਸਿੰਘ ਸੁਜਾਨ।

ਸੇਵਾ ਹਰੀ ਗੁਰ ਹੋ ਕ੍ਰਿਪਾਲ। ਮੰਨ ਬੇਨਤੀ ਸੰਗਤ ਨਾਲ।83।[1]

ਭਾਈ ਕੀਰਤ ਸਿੰਘ ਨੇ ਗੁਰਦਾਸ ਸਿੰਘ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ ਵੀ ਲਿਖੇ ਸਨ।

**ਕੁਵਰੇਸ਼ / ਕੁੰਵਰੇਸ਼** : ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਦਾ ਕਵੀ। ਕੁਵਰੇਸ਼ ਦੇ ਜਨਮ, ਪਿਤਾ ਤੇ ਵੰਸ਼ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਹਨ। ਭਾਈ ਸੰਤੋਖ ਸਿੰਘ ਨੇ ਕੁਵਰੇਸ਼ ਨੂੰ ਕਵੀ ਕੇਸ਼ਵ ਦਾ ਪੁੱਤਰ ਦੱਸਿਆ ਹੈ, ਜੋ ਕਿ ਬੁਦੇਲਖੰਡ ਵਾਸੀ ਸਨਾਢਯ ਬ੍ਰਾਹਮਣ ਦੱਸੇ ਗਏ ਹਨ।[2] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਕੁੰਵਰੇਸ਼ ਜੋ ਕਿ ਮਹਾਂ ਕਵੀ ਕੇਸ਼ਵ ਦਾਸ ਦਾ ਪੁਤਰ ਸੀ, ਉਹ ਆਖਦਾ ਹੈ ਕਿ ਦੇਸ਼ ਦੇ ਕਵੀਆਂ ਦਾ ਜੀਵਨ ਆਸਰਾ ਦਸਮੇਸ਼ ਹੀ ਹਨ, ਇਹਨਾਂ ਦੇ ਸਦਕੇ ਹੀ ਸਾਹਿਤਕਾਰ ਸੁੱਖ ਦੀਆਂ ਘੜੀਆਂ ਬਿਤਾਉਂਦੇ ਹਨ।[3] ਡਾ. ਦੇਵਿੰਦਰ ਸਿੰਘ ਵਿਦਿਆਰਥੀ ਕੁਵਰੇਸ਼ ਦੀ ਆਪਣੀ ਰਚਨਾ ਦੇ ਆਧਾਰ 'ਤੇ ਕੁਵਰੇਸ਼ ਨੂੰ ਕਸ਼ਯਪ ਬੰਸੀ ਬ੍ਰਾਹਮਣ, ਪ੍ਰਯਾਗ ਤੋਂ ਪੰਜਾਹ ਕੋਹ ਅਤੇ ਆਗਰੇ ਤੋਂ ਅੱਸੀ ਕੋਹਾਂ ਉੱਤੇ ਗੰਗਾ ਤੋਂ ਨੌਂ ਕੋਹ ਅਤੇ ਜਮਨਾ ਤੋਂ ਚਾਰ ਕੋਹ ਦੂਰ ਬੜੀ ਗ੍ਰਾਮ ਦਾ ਰਹਿਣ ਵਾਲਾ ਦਸਦਾ ਹੈ।[4] ਡਾ. ਗੰਡਾ ਸਿੰਘ ਨੇ ਕੁਵਰੇਸ਼ ਨੂੰ ਕੰਵਰ ਸੈਨ ਲਿਖਿਆ ਹੈ, ਕਿ ਸੰਨ 1697 ਈ. ਦੇ ਲਗਪਗ ਇਕ ਹੋਰ ਕਵੀ ਅਤੇ ਵਿਦਵਾਨ ਕੰਵਰ ਸੈਨ ਸਪੁੱਤਰ ਕੇਸ਼ਵ ਦਾਸ ਬੁੰਦੇਲਖੰਡੀ ਔਰੰਗਜ਼ੇਬ ਬਾਦਸ਼ਾਹ ਤੋਂ ਡਰਦਾ ਮਾਰਿਆ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆ ਗਿਆ। ਗੁਰੂ ਸਾਹਿਬ ਨੇ ਉਸ ਨੂੰ ਵੀ ਦਰਬਾਰੀ ਰਤਨਾਂ ਵਿਚ ਸ਼ਾਮਿਲ ਕਰ ਲਿਆ ਅਤੇ ਚੰਗੀ ਤਨਖ਼ਾਹ ਲਾ ਦਿੱਤੀ।[5]

ਇਕ ਬ੍ਰਾਹਮਣ ਕਵੀ ਕੇਸ੍ਵਦਾਸ (ਕੇਸ਼ਵਸ਼) ਜੋ ਉੜਛਾ ਦੇ ਰਾਜੇ ਇੰਦ੍ਰਜੀਤ ਪਾਸ ਰਹਿੰਦਾ ਸੀ। ਰਾਜਾ ਨੇ

---

1 ਕਵੀ ਸੇਵਾ ਸਿੰਘ ਕ੍ਰਿਤ, ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਸੰਪਾ. ਗਿਆਨੀ ਗਰਜਾ ਸਿੰਘ, ਪੰਨਾ 70.

2 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁੱਤ 2, ਅੰਸੂ 50.

3 ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਹਿਤ ਦਰਬਾਰ, ਪੰਨਾ 5.

4 ਦੇਵਿੰਦਰ ਸਿੰਘ ਵਿਦਿਆਰਥੀ, ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ, ਪੰਨਾ 46.

5 ਗੰਡਾ ਸਿੰਘ (ਸੰਪਾ.), ਭਾਈ ਨੰਦ ਲਾਲ ਗ੍ਰੰਥਾਵਲੀ, ਪੰਨਾ 8.

ਇਸ ਨੂੰ 21 ਪਿੰਡ ਇਨਾਮ ਵਜੋਂ ਦਿੱਤੇ ਸਨ। ਇਸ ਸ਼ਿਰੋਮਣੀ ਕਵੀ ਨੇ 'ਕਵਿ ਪ੍ਰਿਯਾ', 'ਰਸਿਕ ਪ੍ਰਿਯਾ' ਨਾਮਕ ਦੋ ਗ੍ਰੰਥ ਲਿਖੇ ਹਨ ਜੋ ਬ੍ਰਜ ਭਾਸ਼ਾ ਵਿਚ ਕਾਵਯ ਵਿਦਯਾ ਦੇ ਉੱਚ ਪਾਏ ਦੇ ਗ੍ਰੰਥ ਮੰਨੇ ਜਾਂਦੇ ਹਨ ਅਤੇ ਪੜ੍ਹਨ-ਪੜ੍ਹਾਉਣ ਦੇ ਨਾਲ-ਨਾਲ ਸਤਿਕਾਰੇ ਵੀ ਜਾਂਦੇ ਹਨ। 'ਰਾਮਚੰਦ ਚੰਦ੍ਰਿਕਾ' ਵੀ ਇਕ ਅਲੰਕ੍ਰਿਤ ਰਚਨਾ ਇਸੇ ਮਹਾਨ ਕਵੀ ਦੀ ਹੈ। ਇਸ ਦਾ ਪੁੱਤਰ ਕੁਵਰੇਸ਼ ਹੋਇਆ ਹੈ। ਇਹ ਵੀ ਕਵੀ ਤੇ ਸੰਸਕ੍ਰਿਤ ਦਾ ਮਹਾਨ ਪੰਡਿਤ ਸੀ। ਔਰੰਗਜ਼ੇਬ ਨੇ ਇਸ ਨੂੰ ਮੁਸਲਮਾਨ ਬਣਾਉਣਾ ਚਾਹਿਆ। ਜਦ ਕੁਵਰੇਸ਼ ਨੂੰ ਪਤਾ ਲੱਗਾ ਤਾਂ ਚੁਪਾਤਾ ਉਠ ਤੁਰਿਆ। ਭੇਸ ਵਟਾ ਕੇ ਲੁਕ-ਛੁਪ ਕੇ ਅਨੰਦਪੁਰ ਪਹੁੰਚਾ ਤੇ ਗੁਰੂ ਚਰਨਾਂ ਵਿਚ ਹਾਜ਼ਰ ਹੋ ਕੇ ਇਉਂ ਬਿਨੇ ਕੀਤੀ -

ਸੁਨਾ ਨਿਥਾਂਵਨ ਕੋ ਤੁਮ ਥਾਨ। ਸਦਾ ਨਿਮਾਨਨ ਕੋ ਬਡ ਮਾਨ।

ਅਹੋ ਨਿਤਾਨਨ ਕੋ ਤੁਮ ਤਾਨ। ਅਸ ਸੋਭਾ ਕੋ ਕਥੈ ਜਹਾਨ।

ਥੁਰਕ ਤੇਜ ਤੇ ਬਿਨ ਬਲ ਹਿੰਦੂ। ਧਰਮ ਬਿਨਾਸਤ ਮੇਲਤ ਬਿੰਦੂ।

ਮਹਾਂ ਤ੍ਰਾਸ ਤੇ ਮੈਂ ਚਲਿ ਆਯੋ। ਚਲਿਤ ਆਪਨੋ ਧਰਮ ਬਚਾਯੋ।

ਸ੍ਰੀ ਸਤਿਗੁਰ ਜੀ ਬ੍ਰਾਹਮਣ ਵਿਦਵਾਨ ਦੀ ਦੁੱਖੀ ਦਸ਼ਾ 'ਤੇ ਪਤੀਜੇ ਤੇ ਪੰਜ ਰੁਪੈ ਰੋਜ਼ ਦਾ ਰੁਜ਼ੀਨਾ ਲਾ ਕੇ ਆਪਣੇ ਕਵੀ ਸਮਾਜ ਵਿਚ ਰੱਖ ਲਿਆ। ਇਸ ਨੇ ਗੁਰੂ ਆਗਿਆ ਵਿਚ *ਮਹਾਂਭਾਰਤ* ਦੇ 'ਦ੍ਰੋਣ ਪਰਬ' ਦਾ ਹਿੰਦੀ ਅਨੁਵਾਦ ਕੀਤਾ, ਜਿਸ ਬਾਬਤ ਉਹ ਆਪ ਇਉਂ ਲਿਖਦਾ ਹੈ-

ਸੰਬਤ ਸਤ੍ਰਹ ਸੈ ਅਧਿਕ ਬਾਵਨ ਬੀਤੇ ਔਰ।

ਤਾ ਮੈਂ ਕਵਿ ਕੁਵਰੇਸ਼ ਯਾ ਕਿਯੋ ਗ੍ਰੰਥ ਕੋ ਡੌਰ।

..ਤਹਾਂ ਸੁ ਕਵਿ ਕੁਵਰੇਸ਼ ਕੋ ਬਾਸ ਕੈ ਕੋ ਧਾਮ।

**ਗਿਰਿਧਾਰੀ ਲਾਲ :** ਦਸਮ ਪਾਤਸ਼ਾਹ ਦਾ ਦਰਬਾਰੀ ਕਵੀ। ਇਹ ਆਗਰੇ ਦਾ ਰਹਿਣ ਵਾਲਾ ਸੀ, ਜੋ ਬਹੁਤ ਸਮਾਂ ਕਲਗੀਧਰ ਪਾਤਸ਼ਾਹ ਦੇ ਦਰਬਾਰ ਵਿੱਚ ਹਾਜ਼ਿਰ ਰਿਹਾ। ਇਸ ਨੇ ਉਤਮ ਗ੍ਰੰਥ ਦੀ ਰਚਨਾ ਕੀਤੀ। ਜਿਸ ਦਾ ਨਾਂ

"ਪਿੰਗਲਸਾਰ" ਹੈ।[1] *ਗੁਰੂ ਮਹਿਮਾ ਰਤਨਾਵਲੀ* ਵਿਚ ਵੀ ਇਸ ਨੂੰ ਆਗਰੇ ਦਾ ਨਿਵਾਸੀ ਮੰਨਿਆ ਹੈ, ਜਿਸ ਨੇ ਦਸਮੇਸ਼ ਦੀ ਸੇਵਾ ਵਿਚ ਰਹਿ ਕੇ ਛੰਦ ਗ੍ਰੰਥ 'ਪਿੰਗਲਸਾਰ' ਲਿਖਿਆ।[2] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਕਵੀ ਗਿਰਧਿਰ ਲਾਲ, ਗਜ ਮੱਲ ਦਾ ਪੁੱਤਰ ਸੀ, ਇਹ ਆਗਰੇ ਰਹਿੰਦਾ ਸੀ। ਜਦੋਂ ਇਸ ਨੂੰ ਸੁੰਧਕ (ਸੂਹ) ਮਿਲੀ ਕਿ ਪੰਜਾਬ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਤ-ਰਚਨਾ ਦਾ ਯੱਗ ਰਚਿਆ ਹੈ ਤਾਂ ਇਹ ਪਾਉਂਟੇ ਆਇਆ ਤੇ ਇਸ ਨੇ ਇਸ ਵਿਚ ਯਥਾਯੋਗ ਹਿੱਸਾ ਪਾਇਆ।[3]

**ਗੁਰਦਾਸ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਹਜ਼ੂਰੀ ਸਿੱਖ ਕਵੀ, ਜਿਸ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਨਾਲ ਆਪਣੀ ਰਚਨਾ 41 ਵੀਂ ਵਾਰ ਜੋੜੀ ਹੈ, ਪੀਓ ਪਾਹੁਲ ਖੰਡ ਧਾਰ ਹੋਇ ਜਨਮ ਸੁਹੇਲਾ।[4] ਸ੍ਰੀ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ। ਗੁਰੂ ਤੇਗ ਬਹਾਦਰ ਦੇ ਸਮੇਂ ਇਕ ਪ੍ਰੇਮੀ ਗੁਰਸਿੱਖ ਭਾਈ ਦੁਰਗੂ ਜੀ ਹੋਏ, ਉਨ੍ਹਾਂ ਦੇ ਚਾਰ ਪੁੱਤਰ (ਬੀਰ ਸਿੰਘ, ਆਲਮ ਸਿੰਘ, ਚੌਪਾ ਸਿੰਘ ਤੇ ਗੁਰਦਾਸ ਸਿੰਘ) ਹੋਏ ਸਨ, ਜੋ ਕਿ ਚੌਹਾਨ ਜਾਤੀ ਦੇ ਰਾਜਪੂਤ ਸਨ। ਗੁਰਦਾਸ ਸਿੰਘ ਗਿਆਨੀ ਪੁਰਸ਼ ਸੀ ਤੇ ਪਹਿਲਾਂ ਤੋਂ ਹੀ ਸਾਹਿਤਕ ਸ਼ੌਕ ਰੱਖਦਾ ਸੀ। ਇਹ ਗੁਰੂ ਦਰਬਾਰ ਦਾ ਪਹਿਲਾ ਕਵੀ ਹੈ ਜਿਸ ਨੇ ਗੁਰੂ ਸਾਹਿਬ ਦੇ ਅੱਖੀਂ ਡਿੱਠੇ ਕ੍ਰਾਂਤੀਕਾਰੀ ਕਾਰਨਾਮੇ ਦੀ ਵਾਰ ਲਿਖੀ, ਜੋ ਕਿ ਭਾਈ ਗੁਰਦਾਸ ਦੀਆਂ ਵਾਰਾਂ ਵਿਚ 41ਵੀਂ ਵਾਰ ਕਰਕੇ ਪ੍ਰਸਿੱਧ ਹੈ। ਇਸ ਤੋਂ ਇਲਾਵਾ ਇਸ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ ਵੀ ਲਿਖੇ। ਇਹ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸ਼ਿਕਾਰਪੁਰ ਵੱਲ ਚਲਿਆ ਗਿਆ ਤੇ ਲਗਪਗ ਡੇਢ ਸੌ ਸਾਲ ਦੀ ਉਮਰ ਭੋਗ ਕੇ ਉਥੇ ਹੀ ਸਵਰਗਵਾਸ ਹੋਇਆ।[5]

**ਗੋਪਾਲ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਸੀ। ਇਸ ਦਾ ਨਾਮ ਗੁਰੂ ਦਰਬਾਰੀ ਕਵੀਆਂ ਦੀ ਸੂਚੀ ਵਿਚ ਮਿਲਦਾ ਹੈ। ਹਿੰਦੀ ਸਾਹਿਤ ਵਿਚ ਗੋਪਾਲ ਨਾਂ ਦੇ ਤਿੰਨ ਕਵੀ (ਗੋਪਾਲ ਦਾਸ, ਗੋਪਾਲ ਚੰਦ੍ਰ ਤੇ ਗੋਪਾਲ ਰਾਇ) ਮਿਲਦੇ ਹਨ। ਗੋਕੁਲ ਨਿਵਾਸੀ ਗੋਪਾਲ ਭੱਟ ਗੁਰੂ ਸਾਹਿਬ ਦਾ ਸਮਕਾਲੀ ਬਣਦਾ ਹੈ, ਹੋ ਸਕਦਾ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 409.

2 ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨਾ 228.

3 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨੇ 170-71.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 416.

5 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨੇ 191-92.

ਹੈ ਇਹੋ ਗੁਰੂ ਸਾਹਿਬ ਦੀ ਸ਼ਰਣ ਆਇਆ ਹੋਵੇ। ਇਸ ਦੀਆਂ ਦੋ ਰਚਨਾਵਾਂ ਮਿਲਦੀਆਂ ਹਨ – 'ਮੋਹ ਮਰਦ ਰਾਜੇ ਕੀ ਕਥਾ' ਤੇ 'ਅਨੁਭਉ ਉਲਾਸ'।[1]

**ਚੰਦ :** ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਦਰਬਾਰੀ ਕਵੀ। ਚੰਦ ਕਵੀ ਬਾਰੇ ਕੇਵਲ ਇਤਨਾ ਪਤਾ ਚਲਦਾ ਹੈ ਕਿ ਉਹ ਜਾਤ ਦਾ ਸੁਰਣਕਾਰ (ਸੁਨਿਆਰ) ਸੀ। ਇਸ ਨੇ ਗੁਰੂ ਦਰਬਾਰ ਵਿਚ ਰਹਿ ਕੇ *ਮਹਾਂਭਾਰਤ* ਦੇ ਦੋ ਪਰਬਾਂ ਦਾ ਅਨੁਵਾਦ ਕੀਤਾ ਸੀ। ਪਹਿਲਾ ਅਨੁਵਾਦ 'ਕਰਣ ਪਰਵ' ਦਾ ਸੀ ਤੇ ਦੂਜਾ 'ਉਦਯੋਗ ਪਰਬ' ਦਾ। ਇਸ ਤੋਂ ਇਲਾਵਾ ਇਸ ਦੀਆਂ ਦੋ ਹੋਰ ਪੁਸਤਕਾਂ 'ਪ੍ਰੀਛਾ ਗੁਰੂ ਗੋਬਿੰਦ ਸਿੰਘ' ਅਤੇ 'ਤ੍ਰਿਯਾ ਚਰਿਤ੍ਰ' ਵੀ ਮਿਲਦੀਆਂ ਹਨ। ਇੱਕ ਰਾਮਾਇਣ ਵੀ ਏਸੇ ਨਾਉਂ ਦੇ ਕਵੀ ਦੀ ਲਿਖੀ ਦੱਸੀ ਜਾਂਦੀ ਹੈ। ਇਨ੍ਹਾਂ ਦੇ ਗੁਰੂ ਦਾ ਨਾਮ ਮੇਘਰਾਜ ਸੀ।[2] ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਇਹ ਦਸਮੇਸ਼ ਜੀ ਦੇ ਦਰਬਾਰ ਦਾ ਕਵੀ ਸੀ। ਚੰਦ ਹਿੰਦੀ ਅਤੇ ਪੰਜਾਬੀ ਦਾ ਉਤਮ ਕਵੀ ਹੋਇਆ ਹੈ। ਇਸ ਕਵੀ ਦਾ ਕਬਿੱਤ ਹੇਠ ਲਿਖੇ ਅਨੁਸਾਰ ਹੈ -

ਰਾਘਵ ਦਯਾ ਤੇ ਦੇਖੋ ਪਾਈ ਹੈ ਬਡਾਈ ਭ੍ਰਾਂਤ,
ਲਛਮਨ ਕਸਬੇ ਕੋ ਜਤ ਕੀ ਲੰਗੋਈ ਹੈ।...
...ਸਤਿਗੁਰੂ ਗੁਬਿੰਦ! ਚੰਦ ਦੇਖਤ ਬਜਾਇ ਠੋਕ,
ਸਿੱਖਨ ਕੇ ਕਸਬੇ ਕੋ ਆਯਸੁ ਕਸਉਟੀ ਹੈ।[3]

ਭਾਈ ਕਾਨ੍ਹ ਸਿੰਘ ਨਾਭਾ ਨੇ ਚੰਦ ਕਵੀ ਨੂੰ ਮਹਾਂਭਾਰਤ ਦੇ ਉਦਯੋਗ ਪਰਵ ਦਾ ਉਲਥਾਕਾਰ ਇੱਕ ਸੁਨਿਆਰਾ ਮੰਨਿਆ ਹੈ।[4]

**ਚੰਦਨ :** ਚੰਦਨ ਕਵੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਕਵੀ ਰਿਹਾ ਹੈ। ਇਹ ਬ੍ਰਾਹਮਣ ਜਾਤ ਨਾਲ ਸੰਬੰਧਿਤ ਸੀ। ਇਹ ਇਕ ਦਿਨ ਕਲਗੀਧਰ ਦੇ ਵਿਦਵਾਨਾਂ ਦੀ ਸਭਾ ਵਿੱਚ ਹਾਜ਼ਰ ਹੋਇਆ ਤੇ ਆਪਣੀ

---

1 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 184.

2 ਦੇਵਿੰਦਰ ਸਿੰਘ ਵਿਦਿਆਰਥੀ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ, ਪੰਨਾ 56.

3 ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨਾ 267.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 481.

ਵਿਦਵਤਾ ਦੀ ਪੇਸ਼ਕਸ਼ ਕੀਤੀ। ਗੁਰੂ ਜੀ ਨੇ ਪੁੱਛਿਆ ਕਵੀ ਜੀਓ ਕਿਸ ਤਰ੍ਹਾਂ ਆਉਣਾ ਹੋਇਆ। ਕਹਿਣ ਲੱਗਾ ਆਪਦਾ ਯਸ਼ ਬਹੁਤ ਸੁਣਿਆ ਹੈ। ਆਪਦੇ ਗੁਣਾਂ ਦੀ ਦੇਸ਼ ਵਿਚ ਘਰ-ਘਰ ਕੀਰਤੀ ਹੋ ਰਹੀ ਹੈ। ਆਪ ਨੇ ਪ੍ਰਜਾ ਦੀ ਪਾਲਣਾ ਤੇ ਰੱਖਿਆ ਕੀਤੀ ਹੈ, ਧੰਨ ਹੋ। ਫਿਰ ਆਪ ਦੀ ਕੀਰਤੀ ਵਿਦਯਾ ਦੀ ਕਦਰਦਾਨੀ ਦੀ ਹੋ ਰਹੀ ਹੈ। ਆਪ ਦੇ ਦਰਬਾਰ ਦੇ ਕਵੀਆਂ ਤੇ ਵਿਦਵਾਨਾਂ ਦੀ ਵੀ ਅਤਿ ਮਹਿਮਾ ਹੋ ਰਹੀ ਹੈ। ਮੈਂ ਵੀ ਆਇਆ ਹਾਂ ਕਿ ਦੇਖਾਂ ਆਪਦੇ ਕਵੀ ਕੋਵਿਦ (ਵਿਦਵਾਨ, ਪੰਡਿਤ) ਮੇਰੇ ਇੱਕ ਸ੍ਵੈਯੇ ਨੂੰ ਸਮਝਦੇ ਹਨ ਕਿ ਨਹੀਂ। ਜੇ ਮੇਰੀ ਯੋਗਤਾ ਵੀ ਗੁਰੂ ਜੀ ਨੂੰ ਭਾਸ ਜਾਵੇ ਤਾਂ ਮੈਂ ਵੀ ਸੇਵਾ ਵਿਚ ਟਿਕ ਜਾਵਾਂ। ਗੁਰੂ ਜੀ ਉਸ ਦੀ ਗੁਣ ਗਰਬਿਤ ਅਵਸਥਾ ਤੇ ਮੁਸਕਰਾਏ ਤੇ ਬੋਲੇ ਸੁਣਾਓ ਕਵਿ ਜੀ ਆਪਣੀ ਰਚਨਾ। ਤਦ ਉਸ ਨੇ ਇੱਕ ਸ੍ਵੈਯਾ ਪੜ੍ਹਿਆ -

ਨਵ ਸਾਤ ਤਿਯੇ, ਨਵ ਸਾਤ ਤਿਯੇ...

...ਕਵਿ ਚੰਦਨ ਚੰਦ ਕਲੇਵਰ ਛਾਏ॥

ਸ੍ਵੈਯਾ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਬੋਲੇ - ਇਸ ਜੈਸਨਿ ਕੇ ਅਰਥ ਬਿਚਾਰਨ। ਹਮਰੇ ਘਾਹੀ ਕਰੈ ਉਚਾਰਨ॥

ਚੰਦਨ ਕਵੀ ਅਚਰਜ ਰਹਿ ਗਿਆ ਕਿ ਮੇਰਾ ਐਡਾ ਪ੍ਰਾਗਲਭ ਸ੍ਵੈਯਾ ਤੇ ਐਸੇ ਸ੍ਵੈਯੇ ਇਥੋਂ ਦੇ ਘਾਹੀ ਸਮਝ ਸਕਦੇ ਹਨ। ਫਿਰ ਬੋਲਿਆ, ਪਾਤਸ਼ਾਹ! ਕੋਈ ਘਾਹੀ ਬੁਲਾਓ ਤਾਂ ਜੋ ਇਸ ਦੇ ਅਰਥ ਕਰੇ। ਤਦ ਚੋਬਦਾਰ ਨੂੰ ਹੁਕਮ ਹੋਇਆ ਧੰਨਾ ਸਿੰਘ ਨੂੰ ਬੁਲਾਓ। ਥੋੜ੍ਹੀ ਦੇਰ ਬਾਅਦ ਹੱਥ ਵਿਚ ਰੰਬਾ ਤੇ ਮੋਢੇ 'ਤੇ ਜਾਲੀ ਸੁੱਟੀ ਧੰਨਾ ਸਿੰਘ ਆ ਗਿਆ। ਸਤਿਗੁਰਾਂ ਨੇ ਆਗਿਆ ਕੀਤੀ, ਭਾਈ ਧੰਨਾ ਸਿੰਘ! ਇਸ ਕਵੀਸ਼ਰ ਜੀ ਦਾ ਸ੍ਵੈਯਾ ਸੁਣੋ ਤੇ ਇਸਦਾ ਅਰਥ ਜੋ ਸਮਝੋ ਸੁਣਾ ਦਿਓ। ਧੰਨਾ ਸਿੰਘ ਨੇ ਸ੍ਵੈਯਾ ਸੁਣ ਕੇ ਅਰਥ ਦੱਸ ਦਿੱਤਾ। ਇਹ ਅਰਥ ਸੁਣ ਕੇ ਚੰਦਨ ਸ਼ਰਮਿੰਦਾ ਹੋ ਗਿਆ ਪਰ ਆਪਾ ਸੰਭਾਲ ਕੇ ਬੋਲਿਆ ਸਾਹਿਬ ਜੀਓ ਆਪ ਨਿਰੇ ਪੰਡਿਤ, ਨਿਰੇ ਵਿਦਯਾਧਰ, ਨਿਰੇ ਕਵੀ ਨਹੀਂ ਹੋ, ਆਪ ਅਵਤਾਰ ਤੇ ਸਾਹਿਬ ਕਰਾਮਾਤ ਹੋ, ਜੋ ਚਾਹੇ ਸੋ ਕਰ ਸਕਦੇ ਹੋ। ਸੁਣਿਆ ਸੀ ਆਪ ਦੇ ਵਡੇਰੇ ਗੁਰੂ ਹਰਿਕ੍ਰਿਸ਼ਨ ਜੀ ਨੇ ਝੀਵਰ ਤੋਂ ਪੰਡਤ ਨੂੰ ਸ਼ਾਸਤ੍ਰਾਰਥ ਵਿਚ ਹਰਾ ਦਿੱਤਾ ਸੀ। ਅਜ ਘਾਹੀ ਨੇ ਮੇਰਾ ਸ੍ਵੈਯਾ ਸਮਝ ਲਿਆ ਤਾਂ ਆਪ ਦੀ ਬਰਕਤ ਹੈ। ਤਦ ਗੁਰੂ ਜੀ ਬੋਲੇ, ਧੰਨਾ ਸਿੰਘ ਬਈ ਤੂੰ ਵੀ ਕੋਈ ਆਪਣੀ

ਸ਼ਾਬਦਿਕ ਸੁੰਦਰਤਾ ਦੀ ਰਚਨਾ ਸੁਣਾ ਜੋ ਕਵੀ ਜੀ ਨੂੰ ਸਮਝ ਪਵੇ ਕਿ ਤੁਸੀਂ ਵੀ ਕਵਿਤਾ ਕਰ ਸਕਦੇ ਹੋ, ਤਾਂ ਧੰਨਾ ਸਿੰਘ ਬੋਲਿਆ -

ਮੀਨ ਮਰੇ ਜਲ ਕੇ ਪਰਸੇ ਕਬਹੂੰ ਨ ਮਰੇ ਪਰ ਪਾਵਕ ਪਾਏ...

...ਗੂੜ੍ਹ ਮੈਂ ਬਾਤ ਕਹੀ ਦਿਜਰਾਜ, ਬਿਚਾਰ ਸਕੇ ਨ ਬਿਨਾ ਚਿਤ ਲਾਏ॥

ਇਹ ਸੁਣ ਕੇ ਕਵੀ ਚੰਦਨ ਨੂੰ ਅਰਥ ਦੀ ਸੁਗੰਧੀ (ਸਮਝ) ਨਾ ਆਈ, ਤਦ ਬੋਲਿਆ, ਪਾਤਸ਼ਾਹ ਵਿੱਦਿਆ ਦੇ ਜਲ ਉੱਪਰ ਅਭਿਮਾਨ ਦਾ ਝੂਰ ਵੀ ਛਾ ਜਾਂਦਾ ਹੈ। ਮੇਰੇ ਉੱਤੇ ਤਾਂ ਵਿੱਦਿਆ ਅਭਿਮਾਨ ਦੇ ਨਾਲ ਜਾਤੀ ਅਭਿਮਾਨ ਵੀ ਰਲ ਗਿਆ ਸੀ। ਖਿਮਾ ਕਰੋ ਤੇ ਇਹ ਦੂਰ ਕਰੋ। ਗੁਰੂ ਜੀ ਉਸ ਦੀ ਸ੍ਵੈ ਅਵਗੁਣ ਲੱਖਤਾ ’ਤੇ ਪ੍ਰਸੰਨ ਹੋ ਗਏ ਤੇ ਉਸ ਦਾ ਰੁਜ਼ੀਨਾ ਲਾ ਕੇ ਕਵੀ ਸਮੁਦਾਇ ਵਿੱਚ ਰੱਖ ਲਿਆ।[1]

**ਟਹਿਕਣ** : ਟਹਿਕਣ ਕਵੀ ਦਾ ਨਾਮ ਗੁਰੂ ਸਾਹਿਬ ਦੇ 52 ਕਵੀਆਂ ਦੀ ਫਹਿਰਿਸਤ ਵਿਚੋਂ ਹੈ, ਪਰ ਅਜੇ ਤੱਕ ਇਸ ਦੀ ਗੁਰੂ ਦਰਬਾਰ ਵਿੱਚ ਆ ਕੇ ਕੀਤੀ ਰਚਨਾ ਦੀ ਕੋਈ ਵੰਨਗੀ ਨਹੀਂ ਲੱਭੀ। ਜਦੋਂ ਗੁਰੂ ਦਰਬਾਰ ਵਿਚ ਆਇਆ ਤਾਂ ਵਡੇਰੀ ਉਮਰ ਦਾ ਜਾਪਦਾ ਹੈ। ਇਹ ਪਹਿਲੀ ਉਮਰੇ ਸਿਪਾਹੀ ਰਿਹਾ ਹੈ। ਤੱਦੋਂ ਇਸ ਨੇ ‘ਅਸ੍ਵਮੇਧ ਭਾਖਾ’ ਗ੍ਰੰਥ ਲਿਖਿਆ ਹੈ। ਜਿਸ ਬਾਬਤ ਉਹ ਲਿਖਦਾ ਹੈ -

ਕਛੁਕ ਉਕਤਿ ਬਲਬੁਧਿ ਕਛੁਕ ਪਰ ਕ੍ਰਿਤ ਹਰਿ ਲੀਨੀ।

ਬੀਨ ਬੀਨ ਅੱਛਰ ਪ੍ਰਬੀਨ ਪੋਥੀ ਸੁਭ ਕੀਨੀ।

ਇਸ ਗ੍ਰੰਥ ਦੇ ਆਦਿ ਅੰਤ ਇਸ ਨੇ ਆਪਣਾ ਨਾਮ-ਥਾਂਵ ਦਾ ਪਤਾ ਦਿੱਤਾ ਹੈ -

ਟਹਿਕਣ ਕਵਿ ਜਲਾਲਪੁਰ ਬਾਸੀ। ਛਡਿ ਧਰਮ ਨੰਦ ਲਾਲ ਉਪਾਸੀ।

ਪਿਤਾ ਰੰਗੀਲਦਾਸ ਜਿਹ ਨਾਮਾ। ਗਯਾਤ ਚੋਪਰਾ ਕੁਲ ਅਭਿਰਾਮਾ।

ਸਮੈ ਪਾਇ ਕਰਿ ਗਯੋ ਸਿਪਾਹੀ। ਹੈ ਕ੍ਰਿਤ ਭਾਖਾ ਕਰੀ ਤਹਾਂ ਹੀ।

ਪ੍ਰਥਮ ਸਹਤ ਕ੍ਰਿਤ ਸਰੁਤਿ ਸੁਨਿ ਲੀਨੀ। ਤਾਂ ਪਾਛੇ ਭਾਖਾ ਬਰ ਕੀਨੀ।

---

[1] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨੇ 481, 673.

ਡਾ. ਰਛਪਾਲ ਸਿੰਘ ਗਿੱਲ ਦੇ *ਪੰਜਾਬ ਕੋਸ਼* ਅਨੁਸਾਰ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਦਰਬਾਰੀ ਕਵੀ ਸੀ, ਜੋ ਕਿ ਗੁਜਰਾਤ ਜਿਲ੍ਹੇ ਦੇ ਜਲਾਲਪੁਰ ਪਿੰਡ ਦੇ ਨਿਵਾਸੀ, ਇਕ ਚੋਪੜਾ ਖੱਤਰੀ ਰੰਗੀਲ ਦਾਸ ਦੇ ਘਰ ਜਨਮਿਆ। ਇਹ ਚੰਗਾ ਪੜਿਆ ਲਿਖਿਆ ਅਤੇ ਸਾਹਿਤਕ ਮਨੋਬਿਰਤੀ ਵਾਲਾ ਵਿਅਕਤੀ ਸੀ ਪਰ ਆਪਣੇ ਸ਼ੌਕ ਨੂੰ ਇਕ ਪਾਸੇ ਰੱਖ ਜੀਵਨ ਦੀਆਂ ਲੋੜਾਂ ਨੂੰ ਅਹਿਮੀਅਤ ਦੇ ਕੇ ਇਹ ਫ਼ੌਜ ਵਿਚ ਭਰਤੀ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਕੋਲ ਇਹ ਕਵੀ ਆਪਣੀ ਵੱਡੀ ਉਮਰ ਵਿਚ ਕਾਫੀ ਸਮਾਂ ਰਿਹਾ।'[1] *ਗੁਰੂ ਕੀਆਂ ਸਾਖੀਆਂ* ਵਿਚ ਜ਼ਿਕਰ ਹੈ ਕਿ ਪਾਂਵਟਾ (ਪਾਉਂਟਾ) ਦੀ ਧਰਤੀ 'ਤੇ ਦੇਸ਼ਾਂ ਦੇਸ਼ਾਂਤਰਾਂ ਦੀਆਂ ਸੰਗਤਾਂ ਆਪੋ-ਆਪਣੀਆਂ ਭੇਟਾਵਾਂ ਲੈ ਕੇ ਗੁਰੂ ਦਰਸ਼ਨਾਂ ਨੂੰ ਆਉਣ ਲੱਗੀਆਂ। ਇਸੀ ਅਸਥਾਨ 'ਤੇ ਸ੍ਰੀ ਅੰਮ੍ਰਿਤ ਰਾਇ ਲਵਪੁਰੀ ਤੇ ਟਹਿਕਨ ਗੁਜਰਾਤੀਆ ਆਦਿ ਬਵੰਜਾ ਸ਼ਾਇਰ (ਕਵੀ) ਗੁਰੂ ਦਰਬਾਰ ਵਿਚ ਹਾਜ਼ਰ ਹੋਏ।[2]

ਪ੍ਰੋ. ਪਿਆਰਾ ਸਿੰਘ ਪਦਮ ਨੇ ਵੀ ਕਵੀ ਟਹਿਕਨ ਦਾਸ ਨੂੰ ਜਿਲ੍ਹਾ ਗੁਜਰਾਤ ਦਾ ਰਹਿਣ ਵਾਲਾ ਚੋਪੜਾ ਖੱਤਰੀ ਰੰਗੀਲ ਦਾਸ ਦਾ ਪੁੱਤਰ ਮੰਨਿਆ ਹੈ। ਇਸ ਨੇ 'ਅਸਵਮੇਧ ਪਰਬ' ਦਾ ਭਾਖਾ ਅਨੁਵਾਦ ਕੀਤਾ। ਇਹ ਚੰਗਾ ਪੜ੍ਹਿਆ ਲਿਖਿਆ ਤੇ ਸਾਹਿਤਕ ਸ਼ੌਕ ਰੱਖਣ ਵਾਲਾ ਆਦਮੀ ਸੀ, ਪਰ ਜੀਵਨ ਦੀਆਂ ਲੋੜਾਂ ਨੂੰ ਮੁੱਖ ਰਖ ਕੇ ਫ਼ੌਜ ਵਿਚ ਭਰਤੀ ਹੋ ਗਿਆ। ਇਹ ਵਡੇਰੀ ਉਮਰ ਵਿਚ ਗੁਰੂ ਦਰਬਾਰ ਵਿਚ ਆਇਆ।[3]

**ਤਨਸੁਖ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਿੱਖ ਕਵੀ, ਜੋ ਕਿ ਲਾਹੌਰ ਦਾ ਰਹਿਣ ਵਾਲਾ ਸੀ। ਇਸ ਨੇ ਪੰਚਤੰਤ੍ਰ ਦਾ ਹਿੰਦੀ ਭਾਸ਼ਾ ਵਿੱਚ ਉਲੱਥਾ ਕੀਤਾ ਹੈ।[4] *ਪੰਜਾਬ ਕੋਸ਼* ਅਨੁਸਾਰ ਲਾਹੌਰ ਦਾ ਰਹਿਣ ਵਾਲਾ ਹੋਣ ਕਰਕੇ ਇਸਦਾ ਨਾਂ ਲਾਹੌਰੀ ਪਿਆ। ਇਹ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਸੀ। ਇਸ ਨੇ ਸੰਨ 1691 ਈ. ਵਿਚ 'ਹਿਤੋਪਦੇਸ਼' ਦਾ ਆਪਣੇ ਨਵੇਕਲੇ ਢੰਗ ਨਾਲ ਅਨੁਵਾਦ ਕੀਤਾ ਅਤੇ ਉਸ ਦਾ ਨਾਂ 'ਰਾਜਨੀਤੀ ਗ੍ਰੰਥ' ਰੱਖਿਆ। ਇਸ ਦੇ ਤਿੰਨ ਪੁੱਤਰਾਂ ਵਿਚ ਦੋ ਗੁਰੂ ਸਾਹਿਬ ਦੇ ਸਾਹਿਤਕ ਦਰਬਾਰ ਵਿਚ ਸ਼ਾਮਿਲ ਸਨ।[5] *ਗੁਰੂ*

---

1 ਰਛਪਾਲ ਸਿੰਘ, ਪੰਜਾਬ ਕੋਸ਼ (ਭਾਗ ਦੂਜਾ), ਪੰਨਾ 2.

2 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 87.

3 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 144.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 574.

5 ਰਛਪਾਲ ਸਿੰਘ, ਪੰਜਾਬ ਕੋਸ਼ (ਭਾਗ ਦੂਜਾ), ਪੰਨਾ 51.

*ਮਹਿਮਾ ਰਤਨਾਵਲੀ* ਅਨੁਸਾਰ ਇਹ ਉਤਮ ਕਵੀ ਦਸਮੇਸ਼ ਦਾ ਸਿੱਖ ਲਾਹੌਰ ਨਿਵਾਸੀ ਸੀ, ਜੋ ਕੁਝ ਸਮਾਂ ਰਣਥੰਭੌਰ (ਰਾਜਸਥਾਨ) ਵੀ ਰਿਹਾ। ਸਭ ਤੋਂ ਪਹਿਲਾਂ ਹਿੰਦੀ ਭਾਸ਼ਾ ਵਿਚ ਇਸ ਨੇ 'ਪੰਚਤੰਤ੍ਰ' ਦਾ ਉਲਥਾ ਕੀਤਾ ਹੈ।[1] ਇਹ ਰਣਥੰਭੌਰ ਕਿਸੇ ਕਰਮ-ਗਤਿ ਕਰਕੇ ਗਿਆ ਹੋਇਆ ਸੀ, ਇਥੇ ਹੀ ਇਸ ਦੇ ਪੁੱਤਰਾਂ ਨੇ ਕਿਸੇ ਹੱਥ ਕਵੀ ਲੱਖਣ ਰਾਇ ਦੀ 'ਹਿਤੋਪਦੇਸ' ਦੀ ਪੋਥੀ ਇਸ ਪਾਸ ਭੇਜੀ। ਇਸ ਨੂੰ ਪੜ੍ਹ ਕੇ ਤਨਸੁਖ ਨੇ ਆਪਣੇ ਢੰਗ ਮੁਤਬਿਕ 'ਹਿਤੋਪਦੇਸ' ਦਾ ਤਰਜ਼ਮਾ ਕੀਤਾ ਤੇ ਇਸ ਦਾ ਨਾਮ 'ਰਾਜਨੀਤਿ ਗ੍ਰੰਥ' ਰੱਖਿਆ।[2]

**ਦੇਵੀ ਦਾਸ, ਪੰਡਿਤ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ। ਇਹ ਦਸਮੇਸ਼ ਜੀ ਨੂੰ ਬਚਪਨ ਵਿਚ ਕਥਾ ਸੁਣਾਇਆ ਕਰਦਾ ਸੀ। ਗੁਰੂ ਦਰਬਾਰ ਦੇ ਸ਼੍ਰੋਮਣੀ ਕਵੀ ਚੰਦ੍ਰਸੇਨ (ਸੈਨਾਪਤਿ) ਨੇ ਇਸ ਨੂੰ ਆਪਣਾ ਉਸਤਾਦ ਦੱਸਿਆ ਹੈ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਭਾਈ ਚੌਪਾ ਸਿੰਘ ਦਾ ਭਤੀਜਾ, ਜੋ ਕਿ ਹਰਦਯਾਲ ਦਾਸ ਦਾ ਪੁੱਤਰ ਸੀ। ਇਹ ਗੁਰੂ ਘਰ ਦਾ ਵਿਸ਼ਵਾਸ ਪਾਤਰ ਵਿਦਵਾਨ ਛਿੱਬਰ ਬ੍ਰਾਹਮਣ ਸੀ।[3]

*ਪੰਜਾਬ ਕੋਸ਼* ਅਨੁਸਾਰ ਇਹ ਬੁੰਦੇਲਖੰਡ ਦਾ ਨਿਵਾਸੀ ਸੀ ਅਤੇ ਕਰੌਲੀ (ਰਾਜਸਥਾਨ) ਦੇ ਰਾਜਾ ਰਤਨ ਪਾਲ ਕੋਲ ਰਹਿੰਦਾ ਰਿਹਾ ਸੀ।[4]

**ਦੁਨਾ ਸਿੰਘ ਹੰਡੂਰੀਆ** : ਦੁਨਾ ਸਿੰਘ ਹੰਡੂਰੀਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਕਵੀ ਸੀ। ਗੁਰੂ ਕੀਆਂ ਸਾਖੀਆਂ ਅਨੁਸਾਰ ਇਹ ਪਿੰਡ ਸਹੇੜੀ ਨੇੜੇ ਰੋਪੜ ਦਾ ਰਹਿਣ ਵਾਲਾ ਸੀ। ਇਸ ਨੇ ਭਾਈ ਦਇਆ ਸਿੰਘ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਬਾਰੇ ਖਬਰ ਦਿੱਤੀ ਸੀ।[5] ਦੁਨਾ ਸਿੰਘ ਨੇ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਬਾਰੇ ਇਕ ਕਵਿਤਾ 'ਕਥਾ ਗੁਰੂ ਸੁਤਨ ਕੀ' ਲਿਖੀ, ਜੋ ਅਣਛਪੀ ਹੈ। ਇਸ ਕਵਿਤਾ ਅਨੁਸਾਰ ਦੁਨਾ ਸਿੰਘ, ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਤੇ ਇਕ ਦਾਸੀ, ਪੰਜੇ ਸਰਸਾ ਨਦੀ ਦੇ ਵਿਛੋੜੇ ਤੋਂ ਬਾਅਦ ਕੁੰਮਾ ਮਾਸ਼ਕੀ ਦੇ ਘਰ ਠਹਿਰੇ ਸਨ। ਇਥੋਂ ਦੋ ਬ੍ਰਾਹਮਣ ਮਸੰਦ ਦਰਬਾਰੀ ਤੇ ਧੁਮਾ

---

1 ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨਾ 276.

2 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨੇ 96-97.

3 *ਉਹੀ,* ਪੰਨਾ 88.

4 ਰਛਪਾਲ ਸਿੰਘ, ਪੰਜਾਬ ਕੋਸ਼ (ਭਾਗ ਦੂਜਾ), ਪੰਨਾ 161.

5 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 153.

ਇਨ੍ਹਾਂ ਨੂੰ ਆਪਣੇ ਪਿੰਡ ਸਹੇੜੀ (ਖੇੜੀ) ਲੈ ਗਏ ਸਨ। ਆਪਣੇ ਘਰ ਲੈ ਜਾ ਕੇ ਸੇਵਾ ਕੀਤੀ ਪਰ ਰਾਤ ਨੂੰ ਮਾਤਾ ਜੀ ਦੀ ਰੁਪਇਆਂ ਵਾਲੀ ਖੁਰਜੀ ਚੋਰੀ ਕਰ ਲਈ ਸੀ। ਮਾਤਾ ਜੀ ਦੇ ਪੁਛਣ 'ਤੇ ਲੋਹੇ ਲਾਖੇ ਹੋਏ ਤੇ ਮੋਰਿੰਡੇ ਥਾਣੇ ਜਾ ਕੇ ਇਤਲਾਹ ਦੇ ਦਿੱਤੀ, ਇਥੋਂ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਸਰਹਿੰਦ ਪਹੁੰਚਾਇਆ ਗਿਆ। ਇਸ ਵਿਚ ਦੁਨਾ ਸਿੰਘ ਨੇ ਗੰਗੂ ਬ੍ਰਾਹਮਣ ਦਾ ਕੋਈ ਜ਼ਿਕਰ ਨਹੀਂ ਕੀਤਾ।[1]

**ਧੰਨਾ ਸਿੰਘ** : ਧੰਨਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਇਕ ਘਾਹੀ ਸਿੱਖ ਸੀ, ਜੋ ਗੁਰੂ ਸਾਹਿਬ ਦੇ ਘੋੜੇ ਦਾ ਸੇਵਕ ਅਤੇ ਵਿਦਵਾਨ ਕਵੀ ਵੀ ਸੀ। ਇੱਕ ਵਾਰ ਚੰਦਨ ਕਵੀ ਇੱਕ ਸਵੈਯਾ ਬਣਾ ਕੇ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਿਰ ਹੋਇਆ ਅਤੇ ਆਖਿਆ ਕਿ ਆਪ ਦੇ ਦਰਬਾਰ ਦੇ ਕਵੀਆਂ ਵਿੱਚੋ ਕੋਈ ਇਸ ਦਾ ਅਰਥ ਕਰੇ। ਕਲਗੀਧਰ ਨੇ ਫ਼ਰਮਾਇਆ ਕਿ ਇਸ ਦਾ ਅਰਥ ਗੁਰੂ ਘਰ ਦੇ ਘਾਹੀ ਭੀ ਕਰ ਸਕਦੇ ਹਨ।

ਭਾਈ ਧੰਨਾ ਸਿੰਘ ਨੇ ਇਸ ਦਾ ਅਰਥ ਕੀਤਾ ਕਿ ਸੋਲਾਂ ਵਰ੍ਹੇ ਦੀ ਉਮਰ ਦੀ ਇਸਤ੍ਰੀ ਨੇ ਸੋਲਾਂ ਸ਼ਿੰਗਾਰ ਕੀਤੇ, ਉਸ ਦਾ ਪਤੀ ਸੋਲਾਂ ਮਹੀਨਿਆਂ ਪਿੱਛੋਂ ਪਰਦੇਸੋਂ ਆਇਆ ਸੀ, ਇਸਤ੍ਰੀ ਨੇ ਸੋਲਾਂ ਪ੍ਰਕਾਰ ਦੇ ਭੋਜਨ ਖਵਾਏ, ਸੋਲਾਂ ਘਰਾਂ ਦੇ ਚੋਪੜ ਦੀ ਬਾਜ਼ੀ ਪਤੀ ਨਾਲ ਰਚੀ, ਦੋਹਾਂ ਨੇ ਸੋਲਾਂ ਸੋਲਾਂ ਚਾਲਾਂ ਚੱਲੀਆਂ, ਸੋਲਾਂ ਨਰਦਾਂ ਵਾਲੀ ਬਾਜ਼ੀ ਜਿੱਤ ਕੇ ਇਸਤ੍ਰੀ ਨੇ ਸੋਲਾਂ ਆਨੇ ਵਾਲੇ ਰੁਪਯੇ ਪ੍ਰਾਪਤ ਕੀਤੇ, ਜਦ ਪਤੀ ਨੇ ਇਸਤ੍ਰੀ ਨੂੰ ਜਿੱਤਿਆ, ਤਦ ਸੋਲਾਂ ਕਲਾਂ ਚੰਦ੍ਰ ਵਤ ਮੁਖ ਨੂੰ ਸ਼ਰਮ ਦੇ ਮਾਰੇ ਵਸਤ੍ਰ ਨਾਲ ਛੁਪਾ ਲਿਆ, ਮਾਨੋ ਚੰਦ੍ਰਮਾ ਮੇਘ ਵਿੱਚ ਢਕਿਆ ਗਿਆ ਹੈ।[2]

ਭਾਈ ਧੰਨਾ ਸਿੰਘ ਨੇ ਚਮਕੌਰ ਦੀ ਜੰਗ ਵਿੱਚ 7 ਦਸੰਬਰ 1705 ਈ. ਦੇ ਦਿਨ ਸ਼ਹੀਦੀ ਜਾਮ ਪੀਤਾ ਸੀ। ਚਮਕੌਰ ਦੇ ਚਾਲੀ ਮੁਕਤਿਆਂ ਵਿਚੋ ਭਾਈ ਧੰਨਾ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖਾਸ ਦਰਬਾਰੀ ਸਿੱਖਾਂ ਵਿੱਚੋਂ ਇੱਕ ਸਨ। ਉਨ੍ਹਾਂ ਦੀ ਇੱਕ ਮਸ਼ਹੂਰ ਕਵੀ ਚੰਦਨ ਨਾਲ ਟੱਕਰ ਦਾ ਜ਼ਿਕਰ ਕੁਝ ਸਿੱਖ ਸਾਖੀਕਾਰਾਂ ਨੇ ਕੀਤਾ ਹੈ। ਭਾਈ ਧੰਨਾ ਸਿੰਘ ਕਵੀ ਹੋਣ ਦੇ ਨਾਲ ਹੀ ਬਹਾਦੁਰ ਯੋਧਾ ਵੀ ਸੀ। ਉਸ ਨੇ ਕਈ ਵਾਰ ਲੜਾਈ ਵਿੱਚ ਵੀ ਹਿੱਸਾ ਲਿਆ ਸੀ। ਜਦ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਇਹ ਵੀ ਗੁਰੂ ਸਾਹਿਬ ਦੇ ਨਾਲ ਹੀ

---

1 ਕੇਹਰ ਸਿੰਘ ਮਠਾਰੂ, ਕਿਰਤੀ ਸੂਰਮੇਂ, ਪੰਨੇ 580-81.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 673.

ਸਨ। ਇਹ ਕੀਰਤਪੁਰ ਸਰਸਾ ਨਦੀ ਤੋਂ ਹੁੰਦੇ ਹੋਏ 7 ਦਸੰਬਰ 1705 ਈ. ਦੀ ਸਵੇਰ ਚਮਕੌਰ ਪੁਹੰਚੇ। ਇਨ੍ਹਾਂ ਸਿੰਘਾਂ ਦੀ ਗਿਣਤੀ 45 ਸੀ। ਜਿਸ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਮੁਗ਼ਲ ਸੈਨਾ ਨਾਲ ਮੁਕਾਬਲਾ ਕਰਨਾ ਸੀ। ਇਸ ਅਸਾਂਵੀ ਲੜਾਈ ਵਿੱਚ ਸਿੱਖਾਂ ਨੇ ਆਪਣੀ ਬਹਾਦੁਰੀ ਦਾ ਇਜ਼ਹਾਰ ਕੀਤਾ ਅਤੇ ਇੱਕ-ਇੱਕ ਸਿੱਖ ਨੇ ਕਈ-ਕਈ ਮੁਗਲਾਂ ਦੇ ਸਿਰ ਲਾਹੇ। ਰਾਤ ਹੋਣ ਤੱਕ 38 ਸਿੱਖ ਸ਼ਹੀਦੀਆਂ ਪਾ ਚੁੱਕੇ ਸਨ। ਇਨ੍ਹਾਂ ਵਿੱਚ ਭਾਈ ਧੰਨਾ ਸਿੰਘ ਵੀ ਸ਼ਾਮਿਲ ਸੀ।[1] ਪ੍ਰੋ. ਪਿਆਰਾ ਸਿੰਘ ਪਦਮ ਧੰਨਾ ਸਿੰਘ ਦੇ ਸ਼ਹੀਦੀ ਸਥਾਨ ਵਿਚ ਵਖਰੇਵਾਂ ਕਰਦਾ ਹੋਇਆ ਇਸਨੂੰ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਇਆ ਬਿਆਨ ਕਰਦਾ ਹੈ।[2]

*ਪੰਜਾਬ ਕੋਸ਼* ਦੇ ਕਰਤਾ ਨੇ ਵੀ ਇਸਨੂੰ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਇਆ ਦੱਸਿਆ ਹੈ। ਉਸ ਅਨੁਸਾਰ ਇਹ ਕਵੀ ਹੋਣ ਦੇ ਨਾਲ-ਨਾਲ ਇਕ ਜੋਧਾ ਵੀ ਸੀ। ਇਹ ਮੁਕਤਸਰ ਦੀ ਜੰਗ ਵਿਚ ਜੂਝਦਾ ਸ਼ਹੀਦ ਹੋਇਆ।'[3]

**ਧਯਾਨ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਕਵੀ ਸਿੱਖ ਸੀ। ਇਹ ਮਾਜਰੀ ਪਿੰਡ ਦਾ ਵਸਨੀਕ ਸੀ, ਜਿਸ ਨੇ ਸ੍ਰੀ ਦਸਮੇਸ਼ ਜੀ ਤੋਂ ਅੰਮ੍ਰਿਤ ਛਕਿਆ। ਇਹ ਕਲਗੀਧਰ ਦੇ ਦਰਬਾਰ ਦਾ ਕਵੀ ਸੀ।[4]

**ਨੰਦ ਰਾਮ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ। ਨੰਦ ਰਾਮ ਪ੍ਰਸਿੱਧ ਸੂਫ਼ੀ ਸੰਤ ਕਵੀ ਵਲੀ ਰਾਮ ਦਾ ਪੁੱਤਰ ਸੀ, ਜਿਸ ਨੂੰ ਅੰਬਾਵਤੀ ਨਿਵਾਸੀ ਖੰਡੇਵਾਲ ਵੈਸ਼ ਦੱਸਿਆ ਗਿਆ ਹੈ। ਵਲੀ ਰਾਮ ਦਾਰਾ ਸ਼ਕੋਹ ਦਾ ਮੁਨਸ਼ੀ ਅਤੇ ਗੁਰੂ-ਘਰ ਦਾ ਸ਼ਰਧਾਲੂ ਸੀ। ਇਸ ਨੇ ਫ਼ਾਰਸੀ, ਰੇਖਤਾ, ਹਿੰਦੀ ਅਤੇ ਪੰਜਾਬੀ ਕਈ ਜ਼ਬਾਨਾਂ ਵਿਚ ਰਚਨਾ ਕੀਤੀ ਸੀ। ਇਸ ਦੇ ਪੁੱਤਰ ਕਵੀ ਨੰਦ ਰਾਮ ਨੇ 'ਨੰਦਰਾਮ ਪਸੀਚੀ' ਲਿਖੀ ਜਿਸ ਵਿਚ ਕਲਿਯੁਗ ਦੀ ਦਸ਼ਾ ਦਾ ਵਰਣਨ ਹੈ। ਗੁਰੂ ਦਰਬਾਰ ਵਿਚ ਇਸ ਨੇ ਕੀ ਲਿਖਿਆ, ਇਸ ਬਾਰੇ ਕੁਝ ਵੀ ਨਹੀਂ ਪਤਾ ਲਗਦਾ?

---

[1] ਹਰਜੀਤ ਕੌਰ, ਮਹਾਨ ਕੋਸ਼ ਵਿਚ ਗੁਰੂ ਸਾਹਿਬਾਨ ਦੇ ਸਿੱਖ : ਇਕ ਸਰਵੇਖਣ, ਪੰਨਾ 135.

[2] ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 208.

[3] ਰਛਪਾਲ ਸਿੰਘ, ਪੰਜਾਬ ਕੋਸ਼ (ਭਾਗ ਦੂਜਾ), ਪੰਨਾ 179.

[4] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 674.

ਇਸ ਦਾ ਨਾਮ ਗੁਰੂ ਦਰਬਾਰ ਦੇ ਕਵੀਆਂ ਦੀ ਸੂਚੀ ਵਿਚ ਨੰਦ ਸਿੰਘ ਕਰਕੇ ਲਿਖਿਆ ਮਿਲਦਾ ਹੈ।[1]

**ਨੰਦ ਲਾਲ, ਭਾਈ / ਨੰਦ ਲਾਲ ਗੋਯਾ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹਜ਼ੂਰੀ ਕਵੀਆਂ ਵਿਚੋਂ ਭਾਈ ਨੰਦ ਲਾਲ ਪ੍ਰਥਮ ਕਵੀ ਸੀ। ਇਸ ਦਾ ਜਨਮ 1633 ਈ. ਵਿਚ ਮੁਨਸ਼ੀ ਛੱਜੂਰਾਮ ਆਗਿਰਸ ਖੱਤ੍ਰੀ, ਜੋ ਫ਼ਾਰਸੀ ਦਾ ਵਿਦਵਾਨ ਸੀ, ਦੇ ਘਰ ਹੋਇਆ। ਇਨ੍ਹਾਂ ਦੀ ਤਾਲੀਮ ਦਾ ਯੋਗ ਪ੍ਰਬੰਧ ਕੀਤਾ ਗਿਆ। ਜਦ ਬਾਰਾਂ ਸਾਲ ਦੀ ਉਮਰ ਹੋਈ ਤਾਂ ਕੁਲ ਰੀਤ ਅਨੁਸਾਰ ਕੁਲ ਗੁਰੂ ਤੋਂ ਵੈਸ਼ਨਵ ਧਰਮ ਦੀ ਸਿਖਿਆ ਦਿਵਾ ਕੇ ਕੰਠੀ ਬੰਨ੍ਹਵਾਉਣ ਦੀ ਰਸਮ ਕਰਵਾਉਣੀ ਚਾਹੀ, ਪਰ ਵਿਚਾਰਸ਼ੀਲ ਨੰਦ ਲਾਲ ਜੀ ਨੇ ਪਿਤਾ ਅਤੇ ਕੁਲ ਗੁਰੂ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਮੈਂ ਆਪਣੀ ਤਸੱਲੀ ਕੀਤੇ ਬਿਨਾਂ ਕੋਈ ਧਰਮ ਨਹੀਂ ਧਾਰਨ ਕਰਾਂਗਾ।[2]

ਛੋਟੀ ਉਮਰ ਵਿਚ ਹੀ ਪਿਤਾ ਦਾ ਦਿਹਾਂਤ ਹੋ ਗਿਆ। ਭਾਈ ਨੰਦ ਲਾਲ ਉਦਾਸ ਹੋ ਕੇ ਗਜ਼ਨੀ ਤੋਂ ਦਿੱਲੀ ਆ ਗਿਆ। ਇਥੇ ਹੀ ਇੱਕ ਸਿੱਖ ਘਰਾਣੇ ਦੀ ਲੜਕੀ ਨਾਲ ਸ਼ਾਦੀ ਹੋ ਗਈ, ਜਿਸ ਤੋਂ ਗੁਰਸਿੱਖੀ ਦੀ ਪ੍ਰੀਤਿ ਮਨ ਵਿਚ ਉਪਜੀ। ਕਹਿੰਦੇ ਹਨ ਕਿ ਇਕ ਵਾਰ ਬਾਦਸ਼ਾਹ ਔਰੰਗਜ਼ੇਬ ਨੇ ਇਸਲਾਮੀ ਵਿਦਵਾਨਾਂ ਦੀ ਸਭਾ ਵਿਚ ਕੁਰਾਨ ਮਜੀਦ ਦੀ ਕਿਸੇ ਇਕ ਆਇਤ ਦੇ ਭਾਵ ਪੁੱਛੇ। ਕਈਆਂ ਨੇ ਵਿਸਥਾਰ ਨਾਲ ਦੱਸਣ ਦੇ ਯਤਨ ਕੀਤੇ ਪਰ ਬਾਦਸ਼ਾਹ ਦੀ ਤਸੱਲੀ ਨਾ ਹੋਈ। ਸ਼ਹਿਜ਼ਾਦਾ ਮੁਅੱਜ਼ਮ ਵੀ ਉਥੇ ਮੌਜੂਦ ਸੀ। ਉਸ ਨੇ ਬਾਦਸ਼ਾਹ ਤੋਂ ਮੁਹਲਤ ਮੰਗੀ ਤਾਂ ਜੋ ਉਹ ਉਸ ਆਇਤ ਦੇ ਭਾਵ ਬਾਰੇ ਸੋਚ ਸਕੇ। ਮੁਹਲਤ ਦੇ ਦਿਨਾਂ ਵਿਚ ਸ਼ਹਿਜ਼ਾਦੇ ਨੇ ਹੋਰਨਾਂ ਆਲਮਾਂ ਤੋਂ ਛੁੱਟ ਭਾਈ ਨੰਦ ਲਾਲ ਪਾਸੋਂ ਵੀ ਉਸ ਆਇਤ ਦੇ ਭਾਵ ਪੁੱਛੇ। ਭਾਈ ਸਾਹਿਬ ਦੇ ਦੱਸੇ ਅਰਥ ਸ਼ਹਿਜ਼ਾਦੇ ਨੂੰ ਠੀਕ ਜਾਪੇ ਅਤੇ ਜਦ ਉਸ ਨੇ ਉਨ੍ਹਾਂ ਦਾ ਵਿਸਥਾਰ ਬਾਦਸ਼ਾਹ ਨੂੰ ਦਸਿਆ ਤਾਂ ਉਸ ਦੀ ਵੀ ਤਸੱਲੀ ਹੋ ਗਈ ਅਤੇ ਉਹ ਬਹੁਤ ਪ੍ਰਸੰਨ ਹੋਇਆ। ਜਦ ਇਹ ਪਤਾ ਲੱਗਾ ਕਿ ਇਹ ਅਰਥ ਭਾਈ ਨੰਦ ਲਾਲ ਨੇ ਕੀਤੇ ਹਨ ਤਾਂ ਭਾਈ ਸਾਹਿਬ ਨੂੰ ਬੁਲਾ ਕੇ ਵੱਡਾ ਇਨਾਮ ਦਿੱਤਾ। ਗੱਲਬਾਤ ਕਰਦਿਆਂ ਬਾਦਸ਼ਾਹ ਨੇ ਸ਼ਹਿਜ਼ਾਦੇ ਨੂੰ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਅਜਿਹਾ ਵਿਦਵਾਨ ਅਤੇ ਸੂਝਵਾਨ ਹਾਲੀ ਤਕ ਇਸਲਾਮ ਦੇ ਘੇਰੇ ਵਿਚ ਨਹੀਂ ਆਇਆ। ਭਾਈ

---

1 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 176.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 723.

ਨੰਦ ਲਾਲ ਬਾਦਸ਼ਾਹਤ ਦੀ ਨੀਅਤ ਤਾੜ ਗਏ। ਉਨ੍ਹਾਂ ਲਈ ਹੁਣ ਦੋ ਹੀ ਰਾਹ ਸਨ, ਜਾਂ ਤਾਂ ਮੁਸਲਮਾਨ ਹੋ ਜਾਣ ਜਾਂ ਫਿਰ ਕਿਧਰੇ ਹੋਰ ਸੁਰੱਖਿਅਤ ਥਾਂ ਚਲੇ ਜਾਣ। ਅਖੀਰ ਭਾਈ ਸਾਹਿਬ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਪਾਸ ਅਨੰਦਪੁਰ ਆਉਣ ਦਾ ਫੈਸਲਾ ਕਰ ਲਿਆ।[1] *ਤਾਰੀਖ਼-ਏ-ਪੰਜਾਬ* ਦੇ ਕਰਤਾ ਕਨ੍ਹੱਈਆ ਲਾਲ ਅਨੁਸਾਰ ਜਦੋਂ 'ਸ਼ਹਿਜ਼ਾਦਾ ਮੁਅਜ਼ਮ ਨੂੰ ਇਹ ਹੁਕਮ ਮਿਲਿਆ, ਕਿ ਗੁਰੂ ਜੀ ਨੂੰ ਵਧੀਕੀ ਤੋਂ ਰੋਕੇ। ਪਰੰਤੂ ਸ਼ਹਿਜ਼ਾਦੇ ਨੇ ਆਪਣੇ ਮੀਰ ਮੁਨਸ਼ੀ ਸ੍ਰੀ ਨੰਦ ਲਾਲ ਪਾਸੋਂ ਗੁਰੂ ਜੀ ਦੀ ਉਪਮਾ ਸੁਣ ਕੇ ਅਨੰਦਪੁਰ ਜਾਣ ਦੀ ਨੀਅਤ ਰੱਦ ਕਰ ਦਿੱਤੀ। ਮੁਨਸ਼ੀ ਨੰਦ ਲਾਲ ਦੁਨੀਆਂ ਤੋਂ ਉਪਰਾਮ ਚਿੱਤ ਹੋ ਕੇ ਗੁਰੂ ਜੀ ਦੀ ਸੇਵਾ ਵਿਚ ਆ ਗਿਆ ਤੇ ਆਪਣੀਆਂ ਰਚਨਾਵਾਂ ਨੁਸਖ਼ਾ 'ਜ਼ਿੰਦਗੀਨਾਮਾ' (ਕਵਿਤਾ ਵਿਚ) ਤੇ 'ਦੀਵਾਨ-ਇ-ਮਾਅਰਫ਼ਤ' ਗੁਰੂ ਜੀ ਦੀ ਭੇਟਾ ਕੀਤੀਆਂ, ਜਿਹੜੀਆਂ ਗੁਰੂ ਜੀ ਨੇ ਬਹੁਤ ਪਸੰਦ ਕੀਤੀਆਂ।[2]

ਡਾ. ਗੰਡਾ ਸਿੰਘ *ਭਾਈ ਨੰਦ ਲਾਲ ਗ੍ਰੰਥਾਵਲੀ* ਵਿਚ ਲਿਖਦੇ ਹਨ ਕਿ ਮੁਲਤਾਨ ਵਿਚ ਭਾਈ ਸਾਹਿਬ ਨੇ ਆਪਣੇ ਜੀਵਨ ਦੇ ਅੰਤਮ ਦਿਨ ਜਨ-ਸਧਾਰਨ ਦੀ ਸੇਵਾ ਵਿਚ ਬਤੀਤ ਕੀਤੇ ਅਤੇ ਸ਼ਹਿਰ ਦੇ ਲੋਕਾਂ ਦੀਆਂ ਵਿੱਦਿਅਕ ਲੋੜਾਂ ਨੂੰ ਅਨੁਭਵ ਕਰਦੇ ਹੋਏ ਇਕ ਉੱਚ-ਵਿੱਦਿਆਲਾ ਸਥਾਪਤ ਕੀਤਾ ਜਿੱਥੇ ਬਿਨਾਂ ਪੱਖ-ਪਾਤ ਅਤੇ ਧਰਮ-ਕਰਮ ਦੇ ਵਿਤਕਰੇ ਦੇ ਹਿੰਦੂਆਂ ਅਤੇ ਮੁਸਲਮਾਨਾਂ ਲਈ ਮੁੱਢਲੀ ਫ਼ਾਰਸੀ, ਅਰਬੀ ਦੀ ਵਿੱਦਿਆ ਤੋਂ ਲੈ ਕੇ ਉਸ ਵੇਲੇ ਦੀ ਉਚੀ ਤੋਂ ਉੱਚੀ ਵਿੱਦਿਆ ਦਾ ਯੋਗ ਪ੍ਰਬੰਧ ਕੀਤਾ ਗਿਆ। ਭਾਈ ਸਾਹਿਬ ਆਪ ਉਸ ਵਿੱਦਿਆਲੇ ਦੇ ਮੁੱਖ-ਅਧਿਆਪਕ ਦੇ ਤੌਰ 'ਤੇ ਫ਼ਰਜ ਨਿਭਾਉਂਦੇ ਰਹੇ ਅਤੇ ਹਰ ਵਿਦਿਆਰਥੀ ਦੀ ਦੀਨੀ ਅਤੇ ਦੁਨਿਆਵੀ ਮਸਲਿਆਂ ਵਿਚ ਬੜੇ ਸ਼ੌਕ ਅਤੇ ਪ੍ਰੇਮ ਨਾਲ ਅਗਵਾਈ ਕਰਦੇ ਅਤੇ ਉਸ ਵਿਚ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਹਾਈ ਹੁੰਦੇ। ਭਾਈ ਸਾਹਿਬ ਇਸ ਤਰ੍ਹਾਂ ਦੀਆਂ ਸੇਵਾਵਾਂ ਨਿਭਾਉਂਦੇ ਹੋਏ 1712 ਈ. ਵਿਚ ਮੁਲਤਾਨ ਵਿਚ ਹੀ ਸੁਰਗਵਾਸ ਹੋਏ।[3] ਇਸ ਤਾਲੀਮੀ ਅਦਾਰੇ ਦਾ ਕੰਮ ਆਪ ਦੀ ਜ਼ਿੰਦਗੀ ਤੋਂ ਬਾਅਦ ਜਾਰੀ ਰਿਹਾ ਅਤੇ ਆਪ ਦੀ ਔਲਾਦ 1849 ਈ. ਵਿਚ ਮੁਲਤਾਨ ਵਿਖੇ ਅੰਗਰੇਜ਼ੀ ਅਮਲਦਾਰੀ ਹੋ ਜਾਣ ਤੋਂ ਕਾਫੀ ਸਮੇਂ ਬਾਅਦ ਉਸ ਦੀ

---

1. ਗੰਡਾ ਸਿੰਘ (ਸੰਪਾ.), ਭਾਈ ਨੰਦ ਲਾਲ ਗ੍ਰੰਥਾਵਲੀ, ਪੰਨੇ 6-7.
2. ਕਨ੍ਹੱਈਆ ਲਾਲ, ਤਾਰੀਖ਼-ਏ-ਪੰਜਾਬ, ਅਨੁ. ਡਾ. ਜੀਤ ਸਿੰਘ ਸੀਤਲ, ਪੰਨਾ 46.
3. ਗੰਡਾ ਸਿੰਘ (ਸੰਪਾ.), ਭਾਈ ਨੰਦ ਲਾਲ ਗ੍ਰੰਥਾਵਲੀ, ਪੰਨਾ 11.

ਸਰਪ੍ਰਸਤੀ ਕਰਦੀ ਰਹੀ। 20ਵੀਂ ਸਦੀ ਦੇ ਮੁੱਢ ਤੱਕ ਕਿੰਨੇ ਸਫੈਦ ਕੱਪੜਿਆਂ ਵਾਲੇ ਜਦੋਂ ਇਸ ਅਦਾਰੇ ਕੋਲੋਂ ਲੰਘਦੇ ਤਾਂ ਸਤਿਕਾਰ ਵਜੋਂ ਸੀਸ ਨਿਵਉਂਦੇ ਅਤੇ ਆਖਦੇ ਕਿ ਇਸ ਅਦਾਰੇ ਦੇ ਭਾਈ ਜਸਰਾਮ ਤੋਂ ਅਸੀਂ ਵਿੱਦਿਆ ਪ੍ਰਾਪਤ ਕੀਤੀ ਹੈ।[1] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਨੰਦਪੁਰ ਦੇ ਲੰਗਰ ਤੋਂ ਛੁੱਟ ਭਾਈ ਨੰਦ ਲਾਲ ਅਤੇ ਭਾਈ ਰਾਮ ਕਵਰ ਜੀ ਦਾ ਲੰਗਰ ਬਹੁਤ ਪ੍ਰਸਿੱਧ ਸੀ ਪਰੰਤੂ ਭਾਈ ਨੰਦ ਲਾਲ ਜੀ ਦੇ ਲੰਗਰ ਨਾਲ ਕਿਸੇ ਦਾ ਕੋਈ ਮੁਕਾਬਲਾ ਨਹੀਂ ਸੀ।[2]

ਭਾਈ ਨੰਦ ਲਾਲ ਨੇ ਗੁਰੂ ਦਰਬਾਰ ਵਿਚ ਬਹੁਤ ਸੇਵਾ ਕੀਤੀ। ਉਨ੍ਹਾਂ ਨੇ ਗੁਰੂ ਸਾਹਿਬ ਦੀ ਰਹਿਨੁਮਾਈ ਹੇਠ ਦਸ ਰਚਨਾਵਾਂ ਲਿਖੀਆਂ। ਜਿਨ੍ਹਾ ਵਿਚੋਂ ਸੱਤ ਫ਼ਾਰਸੀ ਅਤੇ ਤਿੰਨ ਪੰਜਾਬੀ ਵਿਚ ਇਸ ਤਰ੍ਹਾਂ ਹਨ – 1. ਜ਼ਿੰਦਗੀਨਾਮਾ (ਫ਼ਾਰਸੀ), 2. ਗ਼ਜ਼ਲੀਆਤ ਅਰਥਾਤ ਦੀਵਾਨਿ-ਗੋਯਾ (ਫ਼ਾਰਸੀ), 3. ਤੌਸੀਫ਼-ਓ-ਸਨਾ ਅਤੇ ਖ਼ਾਤਿਮਾ (ਫ਼ਾਰਸੀ), 4. ਗੰਜਨਾਮਾ (ਫ਼ਾਰਸੀ), 5. ਜੋਤ-ਬਿਗਾਸ (ਫ਼ਾਰਸੀ ਕਵਿਤਾ), 6. ਦਸਤੂਰੁਲ-ਇਨਸ਼ਾ (ਫ਼ਾਰਸੀ ਵਾਰਤਕ), 7. ਅਰਜ਼ੁਲ-ਅਲਫ਼ਾਜ਼ (ਫ਼ਾਰਸੀ ਕਵਿਤਾ), 8. ਜੋਤ-ਬਿਗਾਸ (ਪੰਜਾਬੀ ਕਵਿਤਾ), 9. ਰਹਿਤ ਨਾਮਾ (ਪੰਜਾਬੀ ਕਵਿਤਾ), 10. ਤਨਖਾਹ ਨਾਮਾ (ਪੰਜਾਬੀ ਕਵਿਤਾ)।

**ਨਨੂਆ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸ਼ਰਧਾਲੂ ਸਿੱਖ। ਇਹ ਪਹਿਲਾਂ ਵੈਰਾਗੀ ਸਾਧੂ ਸੀ, ਗੁਰਸਿੱਖਾਂ ਦੀ ਸੰਗਤ ਕਰਨ ਤੋਂ ਬਾਅਦ ਦਸਮੇਸ਼ ਦੇ ਦਰਸ਼ਨ ਕਰਨ ਦਾ ਪ੍ਰੇਮ ਜਾਗਿਆ। ਅਨੰਦਪੁਰ ਪਹੁੰਚ ਕੇ ਗੁਰਸਿੱਖੀ ਧਾਰਨ ਕੀਤੀ ਅਤੇ ਸਾਰੀ ਅਵਸਥਾ ਕਰਤਾਰ ਦੀ ਯਾਦ ਵਿਚ ਵਿਤਾਈ। ਇਸ ਦੇ ਕੁਝ ਪਦੇ ਇਸ ਤਰ੍ਹਾਂ ਹਨ –

ਅਸਾਂ ਸਾਹਿਬ ਦਰਸ ਦਿਖਾਯਾ,
ਖੁਲੀ ਬੰਦੀ ਡੁਲ੍ਹਦੇ ਨੈਣੀ ਹਸਦਾ ਹਸਦਾ ਆਯਾ।
ਪਯਾਰ ਆਪਣਾ ਭਰ ਭਰ ਬੁਕੀਂ ਮਨ ਤਨ ਸਾਡੇ ਪਾਯਾ।
ਨਨੂਏ ਨੂੰ ਹੋਰ ਚਿੰਤ ਨ ਕਾਈ ਸਿਰ ਚਰਨਾਂ ਤੇ ਲਾਯਾ।[3]

---

1. ਰੁਪਿੰਦਰਜੀਤ ਸਿੰਘ, ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ, ਪੰਨਾ 28.
2. ਗੁਰਬਚਨ ਸਿੰਘ ਨਈਅਰ, ਗੁਰ ਰਤਨ ਮਾਲ ਸੌ ਸਾਖੀ, ਪੰਨਾ 167.
3. ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨਾ 289.

*ਮਹਿਮਾ ਪ੍ਰਕਾਸ਼* ਦੇ ਕਰਤਾ ਨੇ ਵੀ ਭਾਈ ਨਨੂਆ ਨੂੰ ਬੈਰਾਗੀ ਦੱਸਿਆ ਹੈ –

ਨਨੂਆ ਬੈਰਾਗੀ ਸਿਆਮ ਕਬ ਬ੍ਰਹਮ ਭਾਟ ਜੋ ਆਹ।

ਭਈ ਨਿਹਚਲ ਫਕੀਰ ਗੁਰ ਬਡੇ ਗੁਨਗ ਗੁਨ ਤਾਹ।[1]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨਾਂ ਵਿਚ ਇਸ ਨੂੰ ਵਜ਼ੀਰਾਬਾਦ ਦੇ ਕਿਸੇ ਅਮੀਰ ਘਰਾਣੇ ਦਾ ਜੰਮਪਲ ਤੇ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਰਧਾਲੂ ਸਿੱਖ ਦਸਿਆ ਗਿਆ ਹੈ। ਬਾਅਦ ਵਿਚ ਇਹ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਸੇਵਾ ਕਰਦਾ ਰਿਹਾ। ਇਹ ਵੈਰਾਗੀ ਸੁਭਾਅ ਦੇ ਸਨ, ਇਸ ਲਈ ਇਸ ਦਾ ਨਾਮ ਨਨੂਆ ਵੈਰਾਗੀ ਪੈ ਗਿਆ। ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਨਨੂਏ ਵਰਗੇ ਕੋਮਲ ਤੇ ਸ਼ਾਂਤ ਸੁਭਾਅ ਦੇ ਭਗਤ ਕਵੀ ਵੀ ਮੌਜੂਦ ਸਨ।[2]

ਪ੍ਰਹਿਲਾਦ ਰਾਇ : ਪ੍ਰਹਿਲਾਦ ਰਾਇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਧੁਰੰਧਰ ਵਿਦਵਾਨ ਸੀ। ਇਸ ਨੇ *ਉਪਨਿਸ਼ਦਾਂ* ਦਾ ਭਾਖਾ ਅਨੁਵਾਦ ਕਰਕੇ ਭਾਰਤੀ ਸਾਹਿਤ ਵਿਚ ਭਰਪੂਰ ਯੋਗਦਾਨ ਪਾਇਆ। ਪਾਉਂਟਾ ਸਾਹਿਬ ਤੋਂ ਅਨੰਦਪੁਰ ਆ ਕੇ ਗੁਰੂ ਸਾਹਿਬ ਨੇ ਸਾਹਿਤਕ ਵਿਕਾਸ ਦੀਆਂ ਮਹਾਨ ਯੋਜਨਾਵਾਂ ਵਿਉਂਤੀਆਂ। ਇਨ੍ਹਾਂ ਵਿਚ *ਮਹਾਂਭਾਰਤ, ਉਪਨਿਸ਼ਦਾਂ* ਤੇ ਰਾਜਨੀਤੀ ਗ੍ਰੰਥਾਂ ਦੇ ਤਰਜਮੇ ਸ਼ਾਮਲ ਸਨ। ਗੁਰੂ ਸਾਹਿਬ ਨੇ ਕਵੀਆਂ ਤੋਂ ਜਿੱਥੇ *ਮਹਾਂਭਾਰਤ* ਦੇ ਵੱਖੋ-ਵੱਖਰੇ ਪਰਬ ਵੰਡ ਕੇ ਅਨੁਵਾਦ ਕਰਵਾਇਆ ਉੱਥੇ *ਉਪਨਿਸ਼ਦਾਂ* ਦੇ ਤਰਜਮੇ ਦਾ ਕੰਮ ਭਾਈ ਪ੍ਰਹਿਲਾਦ ਨੂੰ ਸੌਂਪਿਆ।[3]

**ਬ੍ਰਹਮ ਭੱਟ** : ਬ੍ਰਹਮ ਭੱਟ ਨਾਂ ਦੇ ਕਵੀ ਦੀ ਗੱਲ ਗਿਆਨੀ ਗਿਆਨ ਸਿੰਘ ਦੇ ਹਵਾਲੇ ਨਾਲ ਪ੍ਰੋ. ਪਿਆਰਾ ਸਿੰਘ ਪਦਮ ਨੇ *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ* ਵਿਚ ਕੀਤੀ ਹੈ। ਪਰ ਹੋਰ ਕਿਸੇ ਵੀ ਇਤਿਹਾਸਕਾਰ ਨੇ ਬ੍ਰਹਮ ਭੱਟ ਦਾ ਗੁਰੂ ਦਰਬਾਰ ਦੇ ਕਵੀਆਂ ਵਿਚ ਜ਼ਿਕਰ ਨਹੀਂ ਕੀਤਾ।[4]

---

1 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ, ਪੰਨਾ 795.

2 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨੇ 81-82.

3 *ਉਹੀ,* ਪੰਨਾ 115.

4 *ਉਹੀ,* ਪੰਨਾ 197.

**ਬ੍ਰਿਜ ਲਾਲ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ। ਇਹ ਇਕ ਪਾਂਡਾ ਸੀ। ਦਸਮੇਸ਼ ਜੀ ਨੇ ਇਕ ਵਾਰ ਜਪੁ ਜੀ ਦਾ ਮਹਾਤਮ ਬਿਆਨ ਕਰਦਿਆਂ ਕਿਹਾ ਕਿ ਇਹ ਅੰਮ੍ਰਿਤ ਫਲ ਦੇ ਭੁੰਚਣ ਵਾਂਙ ਸਰੀਰਕ ਤ੍ਰਿਪਤੀ ਵੀ ਦੇਂਦਾ ਹੈ ਤੇ ਮੁਕਤੀ ਵੀ। ਇਸ ਸਮੇਂ ਪੰਡਿਤ ਬ੍ਰਿਜ ਲਾਲ ਨੇ ਆਪਣੀ ਹੱਡ ਬੀਤੀ ਗੁਰੂ ਸਾਹਿਬ ਨੂੰ ਕਵਿਤਾ ਵਿਚ ਸੁਣਾਈ ਕਿ ਇਕ ਵਾਰ ਮੈਨੂੰ ਸੁਪਨੇ ਵਿਚ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਹੋਏ।[1]

**ਬ੍ਰਿੰਦ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਕਵੀ। ਇਹ ਸੇਵਕ ਜਾਤੀ ਦਾ ਬ੍ਰਾਹਮਣ ਮੇੜਤਾ ਰਿਆਸਤ ਜੋਧਪੁਰ ਦਾ ਵਸਨੀਕ ਸੀ ਅਤੇ ਇਸ ਦਾ ਪਿਤਾ ਵੀ ਅੱਛਾ ਕਵੀ ਸੀ। ਪਹਿਲਾਂ ਇਹ ਔਰੰਗਜ਼ੇਬ ਦੇ ਦਰਬਾਰ ਵਿਚ ਨੌਕਰੀ ਕਰਦਾ ਸੀ। ਇਸ ਨੇ ਹੋਰ ਵੀ ਕਈ ਰਾਜਿਆਂ ਦੇ ਦਰਬਾਰ ਵਿਚ ਨੌਕਰੀ ਕੀਤੀ, ਕਿਉਂਕਿ ਇਹ ਅਜਿਹੇ ਪ੍ਰਤਿਸ਼ਠਤ ਕਵੀਆਂ ਵਿਚੋਂ ਸੀ, ਜਿਨ੍ਹਾਂ ਨੂੰ ਮੁਗ਼ਲ ਦਰਬਾਰ ਵਿਚ ਉਚਾ ਸਨਮਾਨ ਪ੍ਰਾਪਤ ਸੀ। ਇਸ ਨੇ ਕਿਸੇ ਕਵੀ ਤੋਂ ਗੁਰੂ ਸਾਹਿਬ ਦੇ ਦਰਬਾਰ ਦਾ ਸੁਤੰਤਰ ਤੇ ਸਵੈਮਾਨ ਵਾਲਾ ਵਾਤਾਵਰਣ ਅਤੇ ਸੋਭਾ ਬਾਰੇ ਸੁਣਿਆ ਤੇ ਆਪਣੇ ਸਾਰੇ ਸ਼ਾਹੀ ਸਨਮਾਨਾਂ ਨੂੰ ਤਿਆਗ ਕੇ ਅਨੰਦਪੁਰ ਸਤਿਗੁਰਾਂ ਦੀ ਸ਼ਰਨ ਆ ਗਿਆ।[2]

**ਮੰਗਲ / ਮੰਗਲ ਰਾਇ** : ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਦਾ ਇਕ ਕਵੀ, ਜੋ ਹਿੰਦੀ, ਪੰਜਾਬੀ ਅਤੇ ਪਹਾੜੀ ਭਾਸ਼ਾ ਦੀ ਉੱਤਮ ਕਵਿਤਾ ਕਰਦਾ ਸੀ। ਇਸ ਨੇ *ਮਹਾਂਭਾਰਤ* ਦੇ 'ਸ਼ਲਯ ਪਰਬ' ਦਾ ਮਨੋਹਰ ਅਨੁਵਾਦ (ਉਲਥਾ) ਕੀਤਾ ਹੈ। ਇਸ ਕਵੀ ਨੂੰ ਗੁਰੂ ਸਾਹਿਬ ਨੇ ਆਪ ਬੁਲਾਇਆ ਸੀ ਤੇ *ਮਹਾਂਭਾਰਤ* ਦਾ ਇੱਕ ਪਰਬ ਉਲਥਾ ਕਰਨ ਲਈ ਦਿੱਤਾ। ਜਿਸ ਬਾਬਤ ਉਹ (ਕਵੀ) ਆਪ ਲਿਖਦਾ ਹੈ -

ਗੁਰੂ ਗੋਬਿੰਦ ਮਨ ਹਰਖ ਹ੍ਵੈ ਮੰਗਲ ਲਿਯੋ ਬੁਲਾਇ।
ਸਲਯ ਪਰਬ ਆਗਯਾ ਕਰੀ ਲੀਜੈ ਤੁਰਤ ਬਨਾਇ।
ਸੰਬਤ ਸਤ੍ਰਹ ਸੈ ਬਰਖ ਤ੍ਰੇਪਨ ਬੀਤਨਹਾਰ।
ਮਾਧਵ ਰਿਤੂ ਤਿਥਿ ਤ੍ਰੋਦਸੀ ਤਾਂ ਦਿਨ ਮੰਗਲਵਾਰ।

---

[1] ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 209.

[2] *ਉਹੀ,* ਪੰਨੇ 166-67.

ਸਲਯ ਪਰਬ ਭਾਸ਼ਾ ਭਯੋ ਗੁਰ ਗੋਬਿੰਦ ਕੇ ਰਾਜ।

ਅਰਬ ਖਰਬ ਬਹੁ ਦਰਬ ਦੈ ਕਰਿ ਕਵਿ ਜਨ ਕੋ ਕਾਜ।

ਜੀ ਲੌ ਧਰਨ ਅਕਾਸ਼ ਗਿਰਿ ਚੰਦ ਸੂਰ ਗੁਰ ਇੰਦ।

ਤੌਂ ਲੌ ਚਿਰਜੀਵੈ ਜਗਤ ਸਾਹਿਬ ਗੁਰ ਗੋਬਿੰਦ।

ਇਸ ਤੋਂ ਪਤਾ ਲਗਦਾ ਹੈ ਕਿ ਇਸ ਨੂੰ ਵੀ ਇੱਕ ਪਰਬ ਦੇ ਅਨੁਵਾਦ ਲਈ ਕੋਈ ਭਾਰੀ ਰਕਮ ਮਿਲੀ ਹੈ। ਹੰਸ ਰਾਮ ਨੇ 60 ਹਜ਼ਾਰ ਰੁਪਯਾ ਮਿਲਿਆ ਲਿਖਿਆ ਹੈ। ਇਸ ਦੇ ਅਰਬ ਖਰਬ ਕਹਿਣ ਤੋਂ ਅਨੁਮਾਨ ਹੁੰਦਾ ਹੈ ਕਿ ਇੰਨੀ ਜਾਂ ਇਸ ਤੋਂ ਵਧੀਕ ਰਕਮ ਮੰਗਲ ਨੂੰ ਵੀ ਮਿਲੀ ਹੈ ਤੇ ਇੰਨੀ ਮਿਲੀ ਹੈ ਕਿ ਜਿੰਨੀ ਦੀ ਉਸ ਨੂੰ ਆਸ ਨਹੀਂ ਸੀ, ਲੈ ਕੇ ਗਦ-ਗਦ ਹੋ ਗਿਆ ਹੈ ਤੇ ਉਸ ਨੂੰ ਅਰਬ ਖਰਬ ਕਹਿ ਕੇ ਚਿੱਤ ਦਾ ਅਹਲਾਦ (ਖੁਸ਼ੀ) ਪ੍ਰਗਟ ਕਰ ਰਿਹਾ ਹੈ।[1] ਪ੍ਰੋ. ਪਿਆਰਾ ਸਿੰਘ ਪਦਮ ਨੇ ਮੰਗਲ ਰਾਇ ਦੀ ਇੱਕ ਪੁਰਾਣੀ ਚਿਠੀ ਦੇ ਅਧਾਰ 'ਤੇ ਉਸ ਨੂੰ ਪਸਰੂਰ ਨਿਵਾਸੀ ਮੰਨਿਆ ਹੈ।[2] *ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ* ਅਨੁਸਾਰ ਮੰਗਲ ਕਵੀ ਦੀ ਇੱਕੋ ਰਚਨਾ *ਮਹਾਂਭਾਰਤ* ਦੇ 'ਸ਼ਲਯ ਪਰਬ' ਦਾ ਭਾਖਾ ਅਨੁਵਾਦ ਮਿਲਦਾ ਹੈ। ਹੋਰ ਕੋਈ ਗ੍ਰੰਥ ਇਸ ਦਾ ਰਚਿਆ ਨਹੀਂ ਮਿਲਦਾ। ਹਜ਼ੂਰੀ ਕਵੀਆਂ ਦੇ ਪੁਰਾਣੇ ਛੰਦ-ਸੰਗ੍ਰਹਿ ਵਾਲੇ ਗ੍ਰੰਥਾਂ ਵਿਚ ਇਸ ਕਵੀ ਦੇ ਕੁਝ ਕੁ ਪੰਜਾਬੀ ਛੰਦ ਮਿਲਦੇ ਹਨ, ਜਿਨ੍ਹਾਂ ਦੀ ਭਾਸ਼ਾ, ਸ਼ੈਲੀ ਅਤੇ ਭਾਵ-ਅਭਿਵਿਅਕਤੀ ਉਸ ਦੇ ਪੰਜਾਬੀ ਹੋਣ ਦੇ ਅਨੁਮਾਨ ਨੂੰ ਪੱਕਾ ਕਰਦੀ ਹੈ। ਮੰਗਲ ਦੀ ਰਚਨਾ ਦਾ ਬਹੁਤਾ ਅੰਸ਼ ਸਰਲ ਅਤੇ ਸੁਖਾਵੀਂ ਹਿੰਦੀ ਵਿਚ ਹੈ ਪਰ ਕਿਧਰੇ ਕਿਧਰੇ ਪੰਡਿਤਾਊ ਰੰਗ ਵੀ ਬਲਵਾਨ ਹੋ ਜਾਂਦਾ ਹੈ। ਅਨੁਵਾਦਕ ਦੇ ਰੂਪ ਵਿਚ ਉਹ ਆਪਣੇ ਸਮੇਂ ਦਾ ਸਫਲ ਅਨੁਵਾਦਕ ਹੈ।[3]

**ਰਾਮਦਾਸ** : ਰਾਮਦਾਸ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹਜ਼ੂਰੀਆ ਕਰਕੇ ਪ੍ਰਸਿੱਧ ਹੈ। ਇਹ ਗੁਰੂ ਸਾਹਿਬ ਦਾ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1000.

2 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 130.

3 ਦੇਵਿੰਦਰ ਸਿੰਘ ਵਿਦਿਆਰਥੀ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ, ਪੰਨਾ 50.

ਦਰਬਾਰੀ ਕਵੀ ਸੀ।[1]

**ਲੱਖਣ ਰਾਇ** : ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀਆਂ ਵਿਚੋਂ ਲੱਖਣ ਰਾਇ ਸ਼ਾਇਦ ਪਹਿਲਾ ਕਵੀ ਹੈ ਜਿਸ ਦੀ ਇਤਨੀ ਪੁਰਾਣੀ ਰਚਨਾ ਮਿਲਦੀ ਹੈ। ਇਸ ਨੇ 1737 ਬਿ. (1680 ਈ.) ਹਿਤੋਪਦੇਸ ਦਾ ਅਨੁਵਾਦ ਪੂਰਾ ਕੀਤਾ। ਦਰਅਸਲ ਲੱਖਣ ਤੇ ਭੋਜਰਾਜ ਦੋਵੇਂ ਸਕੇ ਭਾਈ ਸਨ ਤੇ ਚਾਂਗਰੇ ਗੋਤ ਦੇ ਰਾਜਪੂਤ ਸਨ, ਇਨ੍ਹਾਂ ਦੇ ਪਿਤਾ ਦਾ ਨਾਂ ਬੀਕ ਚੰਦ ਤੇ ਨਗਰ ਊਨਾ ਜਿਲ੍ਹਾ ਹੁਸ਼ਿਆਰਪੁਰ ਸੀ। ਇਸ ਦੋਵੇਂ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਰਧਾਲੂ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਰਹਿ ਕੇ ਕਲਮੀ ਸੇਵਾ ਕਰਦੇ ਰਹੇ। [2]

**ਵਿਦ** : ਇਹ ਕਵੀ ਕੁਝ ਸਮਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਿਹਾ ਸੀ, ਅਰ ਗੁਰੂ ਘਰ ਵਿਚ ਪੂਰਨ ਸ਼ਰਧਾ ਰੱਖਦਾ ਸੀ। ਇਸ ਦੀ ਰਚੀ ਸ਼ਤਸਈ ਮਨੋਹਰ ਰਚਨਾ ਹੈ, ਜਿਸ ਦਾ ਪ੍ਰਸਿੱਧ ਨਾਮ 'ਦ੍ਰਿਸ਼ਟਾਂਤ ਸ਼ਤਸਈ' ਹੈ, ਜੋ ਹੇਠ ਲਿਖੇ ਅਨੁਸਾਰ ਹੈ –

ਸ੍ਰੀ ਗੁਰ ਨਾਥ ਪ੍ਰਭਾਵ ਤੇ ਹੋਤ ਮਨੋਰਥ ਸਿੱਧਿ।

ਘਨ ਤੇ ਜਯੋਂ ਤਰੁ ਵੇਲਿ ਦਲ ਫੂਲ ਫਲਨ ਕੀ ਵਿਧਿ।...[3]

## 1.6. ਹਜ਼ੂਰੀ ਕਵੀ, ਸ਼ਹੀਦ :-

**ਕੇਸੋ ਸਿੰਘ, ਭੱਟ** : ਕੇਸੋ ਸਿੰਘ ਭੱਟ ਗੁਰੂ ਸਾਹਿਬ ਦੇ ਸ਼ਰਧਾਲੂ ਸਨ, ਜੋ ਗੁਰੂ ਸਾਹਿਬ ਦੇ ਜੱਸ ਦੀਆਂ ਪਉੜੀਆਂ ਗਾਉਂਦਾ ਰਹਿੰਦਾ ਸੀ। ਇਹ ਬੋਹਥ ਦਾ ਪੁੱਤਰ ਤੇ ਭਿਖੇ ਭੱਟ ਦਾ ਪੜਪੋਤਾ ਸੀ। ਕੇਸੋ ਤੇ ਦੇਸੋ ਦੋ ਭਰਾ ਸਨ, ਜੋ ਕਿ ਅਨੰਦਪੁਰ ਅੰਮ੍ਰਿਤ ਛਕ ਕੇ ਕੇਸੋ ਸਿੰਘ ਤੇ ਦੇਸੋ (ਦੇਸਾ ਸਿੰਘ) ਸਿੰਘ ਬਣੇ। ਭਾਈ ਕੇਸੋ ਸਿੰਘ ਨੂੰ ਲਾਹੌਰ ਪਰਗਣੇ ਦੇ ਪਿੰਡ ਆਲੋਵਾਲ ਵਿਚ ਬਾਦਸ਼ਾਹ ਬਹਾਦਰ ਸ਼ਾਹ ਦੇ ਹੁਕਮ ਨਾਲ ਸਾਥੀ ਭੱਟਾਂ ਸਮੇਤ ਧਰਤੀ ਵਿਚ

---

1. ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 208.
2. ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨੇ 92-93.
3. *ਉਹੀ,* ਪੰਨਾ 397.

ਗੱਡ ਕੇ ਸ਼ਹੀਦ ਕਰ ਦਿੱਤਾ ਸੀ।[1] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇੱਕ ਤੰਤ੍ਰ ਸ਼ਾਸਤ੍ਰ ਦਾ ਪੰਡਿਤ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹਜ਼ੂਰ ਮੰਤ੍ਰ ਸ਼ਕਤਿ ਦੁਆਰਾ ਦੁਰਗਾ ਸਿੱਧ ਕਰਨ ਦਾ ਦਾਵਾ ਕਰਦਾ ਸੀ ਅਤੇ ਅੰਤ ਨੂੰ ਸ਼ਰਮਿੰਦਾ ਹੋ ਕੇ ਅਨੰਦਪੁਰ ਤੋਂ ਵਾਪਸ ਚਲਾ ਗਿਆ। ਕੇਸੋ ਦਾਸ ਨੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਤੋਂ ਵੀ ਇਨਕਾਰ ਕੀਤਾ ਸੀ।[2]

**ਚੌਪਾ / ਚਉਪਾ ਸਿੰਘ / ਚਉਪਤਿ ਰਾਇ, ਭਾਈ :** ਭਾਈ ਚਉਪਾ ਸਿੰਘ ਸ੍ਰੀ ਦਸਮੇਸ਼ ਦਾ ਖਿਡਾਵਾ ਅਤੇ ਅਨਿੰਨ ਸਿੱਖ ਸੀ। *ਮਹਾਨ ਕੋਸ਼* ਅਨੁਸਾਰ ਇਸ ਦਾ ਬਣਾਇਆ ਇੱਕ ਰਹਿਤਨਾਮਾ ਭੀ ਹੈ, ਜੋ ਅਗਯਾਨੀ ਸਿੱਖਾਂ ਨੇ ਬਹੁਤ ਅਸ਼ੁੱਧ ਕਰ ਦਿੱਤਾ ਹੈ।[3] ਪ੍ਰੋ. ਪਿਆਰਾ ਪਦਮ ਅਨੁਸਾਰ ਭਾਈ ਚਉਪਤਿ ਰਾਇ ਕੜਿਆਲਾ ਜਿਲ੍ਹਾ ਜਿਹਲਮ ਦਾ ਰਹਿਣ ਵਾਲਾ ਛਿੱਬਰ ਬ੍ਰਾਹਮਣ ਸੀ ਤੇ ਇਸ ਘਰਾਣੇ ਵਿਚ ਸਿਖੀ ਪਿਉ ਦਾਦਿਓਂ ਚਲੀ ਆ ਰਹੀ ਸੀ।[4] ਭਾਈ ਚੌਪਾ ਸਿੰਘ ਦਾ ਜਨਮ 1635 ਤੋਂ 1640 ਈ. ਦੇ ਵਿਚਕਾਰ ਦਾ ਸਮਾਂ ਦੱਸਿਆ ਜਾਂਦਾ ਹੈ। ਇਹ ਬਾਵਾ ਪੈਰਾ ਦੇ ਬੇਟੇ ਤੇ ਬਾਬਾ ਗੌਤਮ ਰਮਦਾਸ ਦੇ ਪੋਤੇ ਸਨ। ਇਸ ਦੇ ਦਾਦਾ ਗੁਰੂ ਨਾਨਕ ਸਾਹਿਬ ਦੀ ਚੌਥੀ ਉਦਾਸੀ ਵੇਲੇ ਸਿੱਖ ਪੰਥ ਦਾ ਹਿੱਸਾ ਬਣੇ। ਭਾਈ ਚੌਪਾ ਸਿੰਘ ਦਾ ਪਹਿਲਾ ਨਾਂ ਚਉਪਤਿ ਰਾਇ ਸੀ। ਇਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਗੁਰੂ ਹਰਿ ਰਾਇ ਸਾਹਿਬ ਦੇ ਅਰਪਣ ਕਰ ਦਿੱਤਾ ਗਿਆ ਸੀ, ਇਹ ਗੁਰੂ ਸਾਹਿਬ ਕੋਲ ਕੀਰਤਪੁਰ ਸਾਹਿਬ ਹੀ ਰਹੇ ਸਨ। ਗੁਰੂ ਤੇਗ ਬਹਾਦਰ ਸਾਹਿਬ ਜਦੋਂ 8 ਜੂਨ 1656 ਈ. ਵਿਚ ਕੀਰਤਪੁਰ ਤੋਂ ਲੰਬੀ ਯਾਤਰਾ 'ਤੇ ਚਲੇ ਤਾਂ ਚਉਪਤਿ ਰਾਇ ਵੀ ਉਨ੍ਹਾਂ ਦੇ ਨਾਲ ਗਿਆ ਸੀ।[5]

ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਅਤੇ ਚਉਪਤਿ ਰਾਇ ਕੁਝ ਹੋਰ ਸਿੱਖਾਂ ਨਾਲ 1656 ਤੋਂ 1670 ਈ. ਤੱਕ 14 ਸਾਲ ਪਟਨੇ ਵਿਚ ਹੀ ਰਹੇ। ਉਥੇ ਚਉਪਤਿ ਰਾਇ, ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਨੂੰ ਬਚਪਨ ਵਿਚ ਖਿਡਾਉਂਦੇ ਸਨ। ਇਸ ਲਈ ਇਨ੍ਹਾਂ ਨੂੰ ਚਉਪਤਿ ਰਾਇ ਖਿਡਾਵਾ ਵੀ ਲਿਖਿਆ ਮਿਲਦਾ ਹੈ। ਇਸ ਨੇ ਗੋਬਿੰਦ

---

1. ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨੇ 212-14.
2. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 347.
3. *ਉਹੀ,* ਪੰਨਾ 479.
4. ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 75.
5. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 311.

ਰਾਇ ਨੂੰ ਪਹਿਲੀ ਪੜ੍ਹਾਈ ਕਰਵਾਈ ਸੀ।

11 ਨਵੰਬਰ 1675 ਈ. ਨੂੰ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦ ਹੋ ਗਏ। ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਚਉਪਤਿ ਰਾਇ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਦੇ ਸੇਵਾਦਾਰ ਬਣ ਕੇ ਅਨੰਦਪੁਰ ਸਾਹਿਬ ਰਹਿੰਦੇ ਰਹੇ। ਗੁਰੂ ਸਾਹਿਬ ਨੇ ਵਿਸਾਖੀ ਨੂੰ ਖੰਡੇ ਦੀ ਪਾਹੁਲ ਤਿਆਰ ਕਰਨ ਸਮੇਂ ਚਰਨ ਪਾਹੁਲ ਵਾਲੀ ਗਾਗਰ ਨੂੰ ਸਤਲੁਜ ਦਰਿਆ ਵਿਚ ਡੋਲ੍ਹ ਕੇ ਖੰਡੇ ਦਾ ਪਾਹੁਲ ਤਿਆਰ ਕਰਨ ਦੀ ਸੇਵਾ ਵੀ ਚਉਪਤਿ ਰਾਇ ਨੂੰ ਸੌਂਪੀ ਸੀ। ਇਹ ਘਰ ਤੇ ਦਰਬਾਰ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਉਂਦਾ ਰਿਹਾ ਸੀ। ਗੁਰੂ ਸਾਹਿਬ ਦੇ ਸਮਾਗਮਾਂ ਵਿੱਚ ਤੰਬੂ, ਲੰਗਰ ਅਤੇ ਸੰਗਤਾਂ ਦੇ ਆਰਾਮ ਕਰਨ ਲਈ ਪ੍ਰਬੰਧ ਕਰਨਾ ਵੀ ਇਸ ਦੀ ਸੇਵਾ ਹੁੰਦੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਸ ਨੂੰ ਆਪ ਖੰਡੇ ਦੀ ਪਾਹੁਲ ਛਕਾਈ ਤੇ ਨਾਮ ਚਉਪਤਿ ਰਾਇ ਤੋਂ ਚੌਪਾ ਸਿੰਘ ਰੱਖਿਆ।

ਗੁਰੂ ਸਾਹਿਬ ਇਸ ਦਾ ਵਿਸ਼ੇਸ਼ ਆਦਰ ਕਰਦੇ ਸਨ। ਇਸ ਨੂੰ ਗੁਰੂ ਸਾਹਿਬ ਵਲੋਂ ਸਿੱਖੀ ਰਹਿਤ ਦਾ ਰਹਿਤਨਾਮਾ ਲਿਖਣ ਦਾ ਹੁਕਮ ਹੋਇਆ। ਇਸ ਨੇ ਬਿਬੇਕੀ ਸਿੰਘਾਂ ਦੀ ਮਦਦ ਨਾਲ ਇਕ ਰਹਿਤਨਾਮਾ ਲਿਖਿਆ, ਜੋ ਕਿ 'ਰਹਿਤਨਾਮਾ ਹਜ਼ੂਰੀ' ਕਰਕੇ ਪ੍ਰਸਿੱਧ ਹੋਇਆ। ਜਦੋਂ ਗੁਰੂ ਸਾਹਿਬ ਨੂੰ 1705 ਈ. ਦੇ ਦਿਨ ਅਨੰਦਪੁਰ ਛੱਡਣਾ ਪਿਆ ਤਾਂ ਭਾਈ ਚੌਪਾ ਸਿੰਘ, ਮਾਮਾ ਕ੍ਰਿਪਾਲ ਸਿੰਘ ਅਤੇ ਮਾਤਾਵਾਂ ਨਾਲ ਦਿੱਲੀ ਵੱਲ ਚਲੇ ਗਏ। ਇੱਥੇ ਜਨਵਰੀ 1724 ਈ. ਵਿਚ ਮਾਤਾ ਸੁੰਦਰੀ ਕੌਰ ਦੇ ਪਾਲਿਤ ਪੁੱਤਰ ਅਜੀਤ ਸਿੰਘ ਨਾਲ ਇੱਕ ਝੜਪ ਵਿਚ ਇੱਕ ਮੁਸਲਮਾਨ ਫਕੀਰ ਮਾਰਿਆ ਗਿਆ, ਜਿਸ ਕਾਰਨ ਹਾਕਮਾਂ ਨੇ ਧਾਰਮਿਕ ਮਸਲਾ ਬਣਾ ਕੇ 60 ਸਿੱਖ ਗ੍ਰਿਫ਼ਤਾਰ ਕਰ ਲਏ ਤੇ 4 ਜਨਵਰੀ ਨੂੰ ਕਤਲ ਕਰ ਦਿੱਤੇ। ਇਨ੍ਹਾਂ ਵਿਚ ਬਜ਼ੁਰਗ ਭਾਈ ਚੌਪਾ ਸਿੰਘ ਵੀ ਸ਼ਾਮਿਲ ਸੀ। ਉਸ ਸਮੇਂ ਇਨ੍ਹਾਂ ਦੀ ਉਮਰ 85-90 ਸਾਲ ਦੇ ਵਿਚਕਾਰ ਹੋਵੇਗੀ। ਗੁਰੂ ਦਰਬਾਰ ਦੀ ਸੇਵਾ ਵਿਚ ਭਾਈ ਮਨੀ ਸਿੰਘ ਤੋਂ ਬਾਅਦ ਏਨੀ ਸੇਵਾ ਕਰਨ ਦਾ ਮਾਣ ਭਾਈ ਚੌਪਾ ਸਿੰਘ ਨੂੰ ਹੀ ਹਾਸਿਲ ਹੈ।[1]

**ਦੇਸਾ ਸਿੰਘ / ਦੇਸੂ (ਭੱਟ)** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਪ੍ਰਸਿੱਧ ਕਵੀ। ਇਸ ਦਾ ਪਹਿਲਾ ਨਾਂ ਦੇਸੂ ਭੱਟ ਸੀ, ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਤੋਂ ਅੰਮ੍ਰਿਤ ਛਕ ਕੇ ਦੇਸਾ ਸਿੰਘ ਬਣਿਆ। ਕੇਸੋ ਸਿੰਘ ਭੱਟ ਦਾ

---

1 ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 76.

ਭਰਾ ਅਤੇ ਬੋਹਥ ਦਾ ਪੁੱਤਰ ਸੀ। ਦੇਸਾ ਸਿੰਘ ਦੇ ਪੁੱਤਰ ਭੀਮ ਸਿੰਘ ਅਤੇ ਅਮਰ ਸਿੰਘ ਵੀ ਚੰਗੇ ਕਵੀ ਸਨ। 11 ਅਕਤੂਬਰ ਸੰਨ 1711 ਈ. ਨੂੰ ਲਾਹੌਰ ਪਰਗਣੇ ਦੇ ਆਲੋਵਾਲ ਪਿੰਡ ਦੇ ਨਜ਼ਦੀਕ ਮੁਗਲਾਂ ਦੇ ਹੁਕਮ ਨਾਲ ਜਿਹੜੇ *7* ਭੱਟਾਂ ਨੂੰ ਧਰਤੀ ਵਿਚ ਗੱਡ ਕੇ ਸ਼ਹੀਦ ਕੀਤਾ ਗਿਆ ਸੀ, ਉਨ੍ਹਾਂ ਵਿਚ ਦੇਸਾ ਸਿੰਘ ਭੱਟ ਵੀ ਸ਼ਾਮਿਲ ਸੀ।[1]

**ਧਰਮ ਸਿੰਘ, ਕਵੀ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਦਰਬਾਰੀ ਕਵੀ, ਜਿਹੜਾ ਭਟਾਣਾ ਗੋਤ ਦਾ ਜ਼ਿਮੀਦਾਰ ਸੀ ਅਤੇ ਮੁਜ਼ੱਫਰਗੜ੍ਹ ਜਿਲ੍ਹੇ ਦੇ ਖੈਰਪੁਰ ਸਾਦਾਤ ਪਿੰਡ ਦਾ ਵਸਨੀਕ ਸੀ। ਇਸ ਦਾ ਪਿਤਾ ਛਬੀਲ ਸਿੰਘ ਗੁਰੂ ਘਰ ਦਾ ਸ਼ਰਧਾਲੂ ਸੀ। ਇਸ ਦੇ ਤਿੰਨ ਭਰਾ ਹੋਰ ਜੇਠਾ, ਸੱਦਾ ਅਤੇ ਗੁਰਦਾਸ ਸਨ। ਇਨ੍ਹਾਂ ਵਿਚੋਂ ਧਰਮਾ ਅੰਮ੍ਰਿਤਪਾਨ ਕਰ ਕੇ ਧਰਮ ਸਿੰਘ ਕਹਿਲਾਇਆ। ਇਸ ਦੀਆਂ ਰਚਨਾਵਾਂ 'ਪੰਚ ਤੰਤ੍ਰ', 'ਕੋਕ ਸੰਵਾਦ' ਤੇ 'ਕਥਾ ਰਾਜੇ ਭਰਥਰੀ ਕੀ' ਦੱਸੀਆਂ ਜਾਂਦੀਆਂ ਹਨ।[2] *ਪੰਜਾਬ ਕੋਸ਼* ਅਨੁਸਾਰ ਭਾਈ ਮਨੀ ਸਿੰਘ ਦੇ ਇਲਾਕੇ ਦੇ ਹੋਣ ਕਰਕੇ ਅਨੰਦਪੁਰ ਰਹਿੰਦਿਆਂ ਭਾਈ ਸਾਹਿਬ ਨਾਲ ਇਨ੍ਹਾਂ ਦਾ ਵਿਸ਼ੇਸ਼ ਪ੍ਰੇਮ ਹੋ ਗਿਆ ਸੀ। ਇਸ ਨੇ ਗੁਰੂ ਸਾਹਿਬ ਦੇ ਦਰਬਾਰ ਵਿਚ ਬਹੁਤ ਸੇਵਾ ਕੀਤੀ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਵੀ ਪੜ੍ਹਾਉਂਦਾ ਸੀ। ਜਿਸ ਸਮੇਂ ਗੁਰੂ ਸਾਹਿਬ ਜੋਤੀ ਜੋਤ ਸਮਾਏ, ਇਹ ਭਾਈ ਮਨੀ ਸਿੰਘ ਨਾਲ ਝੰਗ (ਪਾਕਿਸਤਾਨ) ਜਿਲ੍ਹੇ ਦੇ ਪਿੰਡ ਬਾਗਾਂ ਵਾਲੇ ਵਿਚ ਸਥਿਤ ਗੁਰਦੁਆਰਾ ਨਾਨਕਸਰ ਵਿਖੇ ਕੁਝ ਸਮਾਂ ਜਾ ਠਹਿਰਿਆ ਅਤੇ ਇਥੇ ਇਹ ਗੁਰੂ ਜੀ ਨਾਲ ਸੰਬੰਧਤ ਵੀਰਤਾ ਭਰਪੂਰ ਪ੍ਰਸੰਗ ਸੁਣਦਾ ਅਤੇ ਸੁਣਾਉਂਦਾ ਰਿਹਾ।

ਪ੍ਰਸਿੱਧ ਕਵੀ ਸੋਹਨ ਵੀ ਇਸ ਦਾ ਚੇਲਾ ਸੀ ਅਤੇ ਜਿਸ ਦੀ ਪ੍ਰੇਰਨਾ ਨਾਲ ਹੀ ਉਸ ਨੇ 'ਗੁਰ ਬਿਲਾਸ' ਦੀ ਰਚਨਾ ਕੀਤੀ। ਭੱਟ ਇਤਿਹਾਸ ਅਨੁਸਾਰ 1711 ਈ. ਵਿਚ ਆਲੋਵਾਲ, ਲਾਹੌਰ ਵਿਖੇ ਸੱਤ ਭੱਟ ਜ਼ਮੀਨ ਵਿਚ ਗੱਡ ਕੇ ਸ਼ਹੀਦ ਕੀਤੇ ਗਏ ਸਨ, ਉਨਾਂ ਵਿਚ ਧਰਮ ਸਿੰਘ ਵੀ ਸ਼ਾਮਿਲ ਸੀ। ਧਰਮ ਸਿੰਘ ਦੀਆਂ ਰਚਨਾਵਾਂ ਪੰਚਤੰਤ੍ਰ, ਕੋਕ ਸੰਵਾਦ ਅਤੇ ਕਥਾ ਰਾਜੇ ਭਰਥਰੀ ਹਰੀ ਕੀ ਹਨ।[3]

---

1. ਰਛਪਾਲ ਸਿੰਘ, ਪੰਜਾਬ ਕੋਸ਼ (ਭਾਗ ਦੂਜਾ), ਪੰਨਾ 157.
2. ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨੇ 188-89.
3. ਰਛਪਾਲ ਸਿੰਘ, ਪੰਜਾਬ ਕੋਸ਼ (ਭਾਗ ਦੂਜਾ), ਪੰਨਾ 173.

**ਨਰਬਦ ਸਿੰਘ (ਭੱਟ)** : ਗੁਰੂ ਘਰ ਦਾ ਜਸ ਗਾਉਣ ਵਾਲਾ ਇਹ ਕਵੀ ਕੇਸੋ ਸਿੰਘ ਭੱਟ ਦਾ ਪੁੱਤਰ ਸੀ। ਨਰਬਦ ਸਿੰਘ ਭੱਟ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਨੰਦੇੜ ਗਿਆ ਸੀ।

ਜਦੋਂ 1707 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ ਤਾਂ ਭਾਈ ਬਾਜ ਸਿੰਘ ਤੇ ਕੌਰ ਸਿੰਘ ਆਦਿ ਮੁੱਖੀਏ ਸਿੰਘ ਵੀ ਉਸ ਨਾਲ ਭੇਜੇ ਸਨ। ਇਹ ਸਭ ਸਿੰਘ ਭਾਈ ਮਨੀ ਸਿੰਘ ਦੇ ਪੋਤੇ ਭਗਵੰਤ ਸਿੰਘ ਨਾਲ ਲੁਕ ਛਿਪ ਕੇ ਆਏ ਸਨ। ਉਸ ਸਮੇਂ ਬਾਣ ਗੰਗਾ ਦੇ ਕੰਢੇ ਖੜ੍ਹੇ ਹੋ ਕੇ ਨਰਬਦ ਸਿੰਘ ਭੱਟ ਨੇ ਇਨ੍ਹਾਂ ਵੀਰ ਯੋਧਿਆਂ ਦੀ ਹਿੰਮਤ ਵਧਾਉਣ ਲਈ ਕੁਝ ਛੰਦ ਕਹੇ ਸਨ।

ਨਰਬਦ ਸਿੰਘ ਭੱਟ ਨੂੰ 11 ਅਕਤੂਬਰ 1711 ਈ. ਵਿਚ ਆਪਣੇ ਪਿਤਾ ਅਤੇ ਹੋਰ ਸਬੰਧੀਆਂ ਨਾਲ ਲਾਹੌਰ ਪਰਗਣੇ ਦੇ ਆਲੋਵਾਲ ਪਿੰਡ ਦੇ ਨਜ਼ਦੀਕ ਮੁਗਲਾਂ ਦੇ ਹੁਕਮ ਨਾਲ ਧਰਤੀ ਵਿਚ ਗੱਡ ਕੇ ਸ਼ਹੀਦ ਕੀਤਾ ਗਿਆ।[1]

**ਨਾਨੂ ਰਾਇ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਸਿੱਖ। ਇਹ ਭਾਈ ਬਾਘੇ ਦਾ ਪੁੱਤਰ ਅਤੇ ਭਾਈ ਸੈਣੇ ਦਾ ਭਰਾ ਸੀ, ਜੋ ਕਿ ਦਸਵੇਂ ਪਾਤਸ਼ਾਹ ਦੇ ਦਰਬਾਰ ਦਾ ਇਕ ਪ੍ਰਸਿੱਧ ਕਵੀ ਵੀਸੀ। ਇਸ ਦੇ ਇਕ ਭਰਾ ਕਲਿਆਣੇ ਦੇ ਨਾਂ ਉਪਰ ਦਿੱਲੀ ਵਿਚ ਭਾਈ ਕਲਿਆਣੇ ਦੀ ਧਰਮਸ਼ਾਲਾ ਬਣੀ ਹੋਈ ਹੈ। ਭਾਈ ਨਾਨੂ ਰਾਇ ਨੇ ਚਮਕੌਰ ਦੀ ਜੰਗ ਵਿਚ ਸ਼ਹੀਦੀ ਪ੍ਰਾਪਤ ਕੀਤੀ।[2]

**ਨਿਹਾਲ ਚੰਦ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉੱਘੇ ਦਰਬਾਰੀ ਕਵੀਆਂ ਅਤੇ ਲਿਖਾਰੀਆਂ ਵਿਚ ਇਸ ਦਾ ਨਾਂ ਵੀ ਮਿਲਦਾ ਹੈ। ਇਸ ਦਾ ਨਾਂ ਨਿਹਾਲ ਚੰਦ ਜਾਂ ਨਿਹਾਲ ਸਿੰਘ ਵਜੋਂ ਮਿਲਦਾ ਹੈ। ਗੁਰੂ ਜੀ ਨੇ ਆਦੇਸ਼ ਦੇ ਕੇ ਇਸ ਨੂੰ ਕਈ ਰਚਨਾਵਾਂ ਰਚਣ ਲਈ ਪ੍ਰੇਰਿਆ। ਇਸ ਨੇ *ਦਸਮ ਗ੍ਰੰਥ* ਦਾ 'ਚਰਿਤ੍ਰਪਖਯਾਨ' ਵਾਲਾ ਕਾਫੀ ਹਿੱਸਾ ਹੱਥੀਂ ਲਿਖਿਆ ਸੀ। ਇਸ ਦੀ ਰਚਨਾ ਦਾ ਹਿੱਸਾ ਹੁਣ ਵੀ ਉਪਲਬਧ ਹੈ। ਇਹ ਚਮਕੌਰ ਦੇ ਯੁੱਧ ਵਿਚ ਸ਼ਹੀਦ ਹੋਇਆ।[3]

---

1 ਰਛਪਾਲ ਸਿੰਘ, ਪੰਜਾਬ ਕੋਸ਼ (ਭਾਗ ਦੂਜਾ), ਪੰਨਾ 208.

2 *ਉਹੀ,* ਪੰਨਾ 233.

3 *ਉਹੀ,* ਪੰਨਾ 244.

**ਰਾਇ ਸਿੰਘ** : ਰਾਇ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਸੀ। ਇਹ ਭਾਈ ਮਨੀ ਸਿੰਘ ਦਾ ਛੋਟਾ ਭਾਈ ਸੀ। ਰਾਜਪੂਤ ਘਰਾਣੇ ਦਾ ਇਹ ਸਾਰਾ ਪਰਿਵਾਰ ਗੁਰੂ ਘਰ ਦਾ ਸ਼ਰਧਾਲੂ ਸੀ। ਇਸ ਪਰਿਵਾਰ ਵਿਚ ਕੁਝ ਤੇਗ ਚਲਾਉਣ ਵਾਲੇ ਅਤੇ ਕੁਝ ਕਲਮ ਵਾਹੁਣ ਵਾਲੇ ਵਿਦਵਾਨ ਸਨ। ਰਾਇ ਸਿੰਘ ਫ਼ਾਰਸੀ ਦੇ ਕਵੀਆਂ ਵਿਚੋਂ ਇਕ ਸੀ। ਜਦੋਂ ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਤੇ ਮੁਗਲਾਂ ਦੀ ਬਦਨੀਤੀ ਦੇਖੀ ਕਿ ਇਹ ਕਿਸੇ ਵੇਲੇ ਵੀ ਅਨੰਦਪੁਰ ’ਤੇ ਹਮਲਾ ਕਰ ਸਕਦੇ ਹਨ ਤਾਂ ਗੁਰੂ ਸਾਹਿਬ ਨੇ ਇਨ੍ਹਾਂ ਕਵੀਆਂ ਨੂੰ ਇਥੋਂ ਵਿਦਾ ਕਰ ਦਿੱਤਾ ਸੀ।[1] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਇਹ ਆਪਣੇ ਪੁੱਤਰ ਸੀਤਲ ਸਿੰਘ ਸਮੇਤ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਇਆ।[2]

## 1.7. ਹਜ਼ੂਰੀ ਕਾਤਬ :-

**ਸੀਂਹਾਂ ਸਿੰਘ, ਭਾਈ** : ਸ੍ਰੀ ਦਸਮ ਪਾਤਸ਼ਾਹ ਦਾ ਲਿਖਾਰੀ। ਇਹ ਅਨੰਦਪੁਰ ਤਿਆਗ ਤੋਂ ਬਾਅਦ ਮਾਤਾ ਸੁੰਦਰੀ ਜੀ ਕੋਲ ਦਿੱਲੀ ਰਹਿੰਦਾ ਰਿਹਾ ਸੀ। ਜਦੋਂ ਮਾਤਾ ਜੀ ਨੇ ਗੁਰੂ ਸਾਹਿਬ ਦੀਆਂ ਗੁੰਮ ਹੋ ਰਹੀਆਂ ਰਚਨਾਵਾਂ ਨੂੰ ਇਕੱਤਰ ਕਰਨ ਦਾ ਬੀੜਾ ਚੁਕਿਆ ਤਾਂ ਭਾਈ ਮਨੀ ਸਿੰਘ ਨਾਲ ਸਾਰੇ ਮਸਾਲੇ ਨੂੰ ਸੰਗ੍ਰਹਿ ਕਰ ਕੇ ਤਿਆਰ ਕਰਨ ਵਾਲੇ ਲਿਖਾਰੀਆਂ ਵਿਚੋਂ ਸੀਂਹਾਂ ਸਿੰਘ ਇਕ ਸੀ।[3]

**ਸੈਣਾ, ਲਿਖਾਰੀ** : ਸ੍ਰੀ ਦਸਮ ਪਾਤਸ਼ਾਹ ਦਾ ਇਕ ਪ੍ਰੇਮੀ ਜੱਟ ਸਿੱਖ। ਇਹ ਇਕ ਲਿਖਾਰੀ ਸੀ। ਇਕ ਵੇਰ ਸੈਣੇ ਤੋਂ ਕੁਝ ਅਪਰਾਧ ਹੋ ਗਿਆ, ਇਹ ਗੁਰੂ ਸਾਹਿਬ ਤੋਂ ਡਰਦਾ ਭੱਜ ਗਿਆ।[4] ਇਹ ਗੁਰੂ ਕੇ ਦਰਬਾਰ ਦਾ ਇਕ ਲਿਖਾਰੀ ਸੀ। ਇਸ ਤੋਂ ਕੁਝ ਖਤਾ (ਗਲਤੀ) ਹੋ ਗਈ, ਮੁਆਫ਼ੀ ਮੰਗ ਲੈਣ ਦੀ ਥਾਂ ਨੱਸ ਗਿਆ ਤੇ ਘਰ ਜਾ ਕੇ ਖੇਤੀ-ਬਾੜੀ ਵਿਚ ਲਗ ਗਿਆ। ਅੱਖਰ ਇਹ ਬਹੁਤ ਸੋਹਣੇ ਲਿਖਿਆ ਕਰਦਾ ਸੀ, ਜਿਸ ਕਰਕੇ ਗੁਰੂ ਜੀ ਇਸ ਨੂੰ ਯਾਦ ਕਰਦੇ ਹੁੰਦੇ ਸਨ। ਇਸ ਦੀ ਗੁਰੂ ਜੀ ਕਦਰ ਵੀ ਕਰਦੇ, ਕਦੇ ਕਦੇ ਇਹ ਕੁਝ ਕਵਿਤਾ ਵੀ ਕਰ ਲੈਂਦਾ ਸੀ।

---

1 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨੇ 222-23.

2 *ਉਹੀ,* ਗੋਬਿੰਦ ਸਾਗਰ, ਪੰਨੇ 211-12.

3 *ਉਹੀ,* ਪੰਨਾ 256.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 229.

ਕੁਝ ਚਿਰ ਘਰ ਰਹਿ ਕੇ 'ਗੁਰੂ ਮਿਹਰਾਂ' ਨੂੰ ਯਾਦ ਕਰਕੇ ਇਸ ਨੇ ਕੁਝ ਕਵਿਤਾ ਲਿਖ ਘੱਲੀ ਜਿਸ ਦਾ ਇਹ ਰੂਪ ਮਿਲਦਾ ਹੈ -

ਜਬਤੇ ਪ੍ਰਭੁ ਤੇ ਬੀਛੁਰੇ, ਕਰਯੋ ਕ੍ਰਿਖੀ ਕੋ ਠਾਟ।
ਬ੍ਰਿਖਭਨੁ ਸੰਗਤਿ ਹਮ ਕਰੀ ਭਏ ਜਾਟ ਕੇ ਜਾਟ।
ਅਬੁ ਕਾ ਮੁਖ ਪ੍ਰਭੁ ਕਉ ਦਿਖਰਾਊਂ।
ਸਿਮਰ ਨਾਮ ਨਿਤ ਆਨੰਦ ਪਾਊਂ॥
ਗੁਰਮਤਿ ਅਗਮ ਜਾਣ ਨਹਿੰ ਜਾਈ।
ਨਾਰਦਾਦਿ ਕੀ ਮਤਿ ਭਰਮਾਈ॥

ਇਹ ਕਵਿਤਾ ਪੜ੍ਹ ਕੇ ਸਤਿਗੁਰਾਂ ਨੇ ਮੁਆਫ਼ ਕਰ ਦਿੱਤਾ ਅਤੇ ਬੁਲਾ ਲਿਆ ਫਿਰ ਉਸ ਨੂੰ ਲਿਖਤ ਦੀ ਸੇਵਾ ਸੌਂਪ ਦਿਤੀ। ਇਸ ਦਾ ਜ਼ਿਕਰ *ਬੰਸਾਵਲੀਨਾਮੇ* ਵਿਚ ਲਿਖਿਆ ਮਿਲਦਾ ਹੈ-

ਬਚਨ ਕੀਤਾ ਏਹੁ ਰਸੀਦ ਕਿਸ ਅੰਧੇ ਹੈਨਿ ਲਿਖੀਆਂ॥
ਜੋ ਵਸਤੂ ਏਹੁ ਮਾਈ ਹੈ ਕਹਦੀ ਸੋ ਅਸਾਂ ਅਖੀ ਨਹੀਂ ਦਿਖੀਆਂ॥337॥
ਸੈਣਾ ਲਿਖਾਰੀ ਘਰਿ ਬੈਠਿਆ ਅੰਧਾ ਹੋਇ ਗਿਆ॥
ਬਚਨ ਖਾਵਦ ਦਾ ਜੋ ਕ੍ਰੋਧ ਨਾਲਿ ਭਇਆ॥[1]

*ਗੁਰੂ ਮਹਿਮਾ ਰਤਨਾਵਲੀ* ਅਨੁਸਾਰ ਇਹ ਜੱਟ ਕਵੀ ਗੁਰਮੁਖੀ ਅਤੇ ਸੰਸਕ੍ਰਿਤ ਦਾ ਚੰਗਾ ਲਿਖਾਰੀ ਸੀ। ਇਕ ਵਾਰ ਸਤਿਗੁਰ ਸਵਾਮੀ ਕਿਸੇ ਗੱਲੋਂ ਨਰਾਜ਼ ਹੋ ਗਏ, ਜਿਸ ਪਰ ਸੈਣਾ ਘਰ ਚਲਾ ਗਿਆ, ਕੁਝ ਸਮੇਂ ਪਿਛੋਂ ਦੋਹਾ ਲਿਖ ਕੇ ਭੇਜਿਆ। ਕਲਗੀਧਰ ਨੇ ਪ੍ਰਸੰਨ ਹੋ ਕੇ ਬੁਲਾ ਭੇਜਿਆ ਅਤੇ ਮੁੜ ਸੇਵਾ ਵਿਖੇ ਹਾਜ਼ਰ ਕਰ ਲੀਤਾ।[2]

---

1 ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਸੰਪਾ. ਰਤਨ ਸਿੰਘ ਜੱਗੀ, ਪੰਨਾ 130.

2 ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਪੰਨਾ 150.

**ਹਰਿਦਾਸ** : ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਦਾ ਲਿਖਾਰੀ ਸਿੱਖ। ਪ੍ਰੋ. ਪਿਆਰਾ ਸਿੰਘ ਪਦਮ ਇਕ ਹੱਥ ਲਿਖਤ ਬੀੜ ਦੇ ਹਵਾਲੇ ਨਾਲ ਕਵੀ ਹਰਿਦਾਸ ਬਾਰੇ ਲਿਖਦੇ ਹਨ, ਕਿ ਇਸ ਨੇ ਪਹਿਲੇ ਆਦਿ ਗ੍ਰੰਥ ਦੀ ਬੀੜ ਲਿਖੀ ਤੇ ਫਿਰ ਗੁਰੂ ਸਾਹਿਬ ਵਲੋਂ ਤਿਆਰ ਕਰਾਈ ਜਾ ਰਹੀ ਦਸਮ ਗ੍ਰੰਥ ਦੀ ਪੋਥੀ ਦਾ ਕੁਝ ਭਾਗ ਨਕਲ ਕੀਤਾ। ਇਸ ਪੁਰਾਤਨ ਬੀੜ ਦੇ ਕ੍ਰਿਸ਼ਣਾਵਤਾਰ ਵਾਲੇ ਹਿਸੇ 'ਤੇ ਨੋਟ ਹੈ – 'ਜੁਧ ਪ੍ਰਬੰਧ ਪੂਰਾ ਹੋਇਆ, ਲਿਖਿਆ ਹਰਿਦਾਸ ਸੰਮਤ 1752 ਮਿਤੀ ਚੇਤਰ 22, ਇਸੇ ਤਰ੍ਹਾਂ ਸਿੱਖ ਰੈਫਰੈਂਸ ਲਾਇਬਰੇਰੀ ਵਿਚ ਪਏ ਗੁਰੂ ਗ੍ਰੰਥ ਸਾਹਿਬ ਦੇ 741 ਪੱਤਰੇ 'ਤੇ ਲਿਖਿਆ ਹੈ – ਗ੍ਰੰਥ ਸਪੂਰਨੁ ਹੋਆ, ਲਿਖਿਆ ਹਰਿਦਾਸ ਲਿਖਾਰੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਲਿਖਿਆ।' ਇਸ ਨੇ 'ਪ੍ਰੇਮ ਅੰਬੋਧ' ਦੀ ਰਚਨਾ ਕੀਤੀ ਜਿਸ ਵਿਚ ਸੋਲਾਂ ਭਗਤਾਂ ਦੀਆਂ ਪ੍ਰੇਮ ਕਥਾਵਾਂ ਦਰਜ ਹਨ, ਇਸੇ ਕਰਕੇ ਇਸ ਨੂੰ 'ਪਰਚੀਆਂ ਭਗਤਾਂ ਕੀਆਂ' ਕਹਿ ਕੇ ਯਾਦ ਕੀਤਾ ਜਾਂਦਾ ਹੈ।[1] ਡਾ. ਮੁਹੱਬਤ ਸਿੰਘ ਆਪਣੇ ਇਕ ਖੋਜ ਪਰਚੇ *'ਗੁਰਬਾਣੀ ਲਿਖਣ ਪਰੰਪਰਾ ਅਤੇ ਪ੍ਰਮੁਖ ਕਾਤਬ'* ਵਿਚ ਡਾ. ਬਲਬੀਰ ਸਿੰਘ ਦੇਹਰਾਦੂਨ ਦੇ ਹਵਾਲੇ ਨਾਲ ਲਿਖਦੇ ਹਨ ਕਿ ਭਾਈ ਹਰਦਾਸ ਗੁਰੂ ਗੋਬਿੰਦ ਸਿੰਘ ਦਾ ਹਜ਼ੂਰੀ ਕਾਤਬ ਮੰਨਿਆ ਜਾਂਦਾ ਹੈ। ਉਸ ਦਾ ਉਲੇਖ ਇਕ ਬਹੁਤ ਨਿਪੁੰਨ ਅਤੇ ਖ਼ੁਸ਼ਖ਼ਤ ਉਤਾਰਾਕਾਰ ਵਜੋਂ ਕੀਤਾ ਹੈ। ਉਸ ਦੇ ਉਤਾਰੇ ਭੁੱਲਾਂ ਤੋਂ ਮੁਕਤ ਹੁੰਦੇ ਸਨ।[2]

**ਬੁਲਾਕਾ ਸਿੰਘ** : ਸ੍ਰੀ ਦਸਮੇਸ਼ ਜੀ ਦਾ ਲਿਖਾਰੀ ਸੀ। ਇਸ ਨੇ ਰਹਿਤਨਾਮੇ ਦਾ ਇਕ ਖਰੜਾ ਲਿਖਿਆ।

**ਰਾਮ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਲਿਖਾਰੀ ਸਿੱਖ। ਰਾਮ ਸਿੰਘ ਅਖੌਤੀ ਚਮਾਰ ਜਾਤੀ ਵਿਚੋਂ ਸੀ। ਕੁਦਰਤ ਨੇ ਇਸ ਨੂੰ ਸੁੰਦਰ ਲਿਖਾਈ ਦੀ ਕਲਾ ਬਖਸ਼ੀ ਸੀ। ਇਸ ਨੇ ਗੁਰੂ ਸਾਹਿਬ ਪਾਸ ਰਹਿ ਕੇ ਕਈ ਸੁੰਦਰ ਬੀੜਾਂ ਲਿਖੀਆਂ।

ਰਾਮ ਰਾਇ, ਭਾਈ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਲਿਖਾਰੀ ਸਿੱਖ। ਰਾਮ ਰਾਇ ਪਟਨੇ ਦਾ ਮਸੰਦ ਸੀ, ਜੋ ਕਿ ਉਤਮ ਚੰਦ ਸੁਨਿਆਰ ਦਾ ਪੁੱਤਰ ਸੀ। ਇਹ ਬਹੁਤ ਵਧੀਆ ਲਿਖਾਰੀ ਸੀ। ਇਸ ਨੂੰ ਗੁਰੂ ਸਾਹਿਬ

---

1 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 179.

2 ਮੁਹੱਬਤ ਸਿੰਘ, ਖੋਜ-ਪੱਤਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਨਤਾ ਤੇ ਸੰਗੀਤ ਪ੍ਰਬੰਧ, ਪ੍ਰੋਸ਼ੀਡਿੰਗਜ਼।

ਵਲੋਂ ਇਕ *ਹੁਕਮਨਾਮਾ* ਭੇਜ ਕੇ ਬੁਲਾਉਣ ਦਾ ਜ਼ਿਕਰ ਮਿਲਦਾ ਹੈ।[1] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਇਸ ਦੀ ਲਿਖੀ ਬੀੜ ਪਟਨਾ ਸਾਹਿਬ ਵਿਖੇ ਸੰਭਾਲੀ ਪਈ ਹੈ। ਜਿਸ ਦੇ ਅੰਤ 'ਤੇ ਨੋਟ ਹੈ – 'ਲਿਖਤੰ ਗੁਲਾਬ ਖਾਨੇਜ਼ਾਦ ਸੰਗਤ ਕਾ ਕੀਟ ਜੰਤੂ ਉਤਮ ਚੰਦ ਸੁਨਿਆਰ ਕਾ ਬੇਟਾ। ਰਾਮ ਰਾਇ ਸਿਖ ਫਕੀਰ ਗੁਰ ਪੂਰੇ ਕਾ ਭੁਲੇ ਚੁਕੇ ਬਖਸਣਾ ਸੰਗਤਿ ਗੁਰੂ ਕਾ ਸਦਕਾ।[2]'

**ਰੋਸ਼ਨ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੇ ਬਵੰਜਾ ਵਕੀ ਸਨ, ਉਨ੍ਹਾਂ ਵਿੱਚੋਂ ਇੱਕ ਸਿਆਣੇ ਤੇ ਵਿਦਵਾਨ ਕਵੀ ਦਾ ਨਾਉਂ ਰੋਸ਼ਨ ਸਿੰਘ ਵੀ ਸੀ।[3] ਇਕ ਦਿਨ ਗੁਰੂ ਜੀ ਨੇ ਕੁਝ ਸੈ੍ਯਾਂ ਦੀ ਰਚਨਾ ਕੀਤੀ ਤੇ ਰੋਸ਼ਨ ਸਿੰਘ ਨੂੰ ਉਤਾਰਾ ਕਰਨ ਲਈ ਦਿੱਤੀ ਅਤੇ ਆਪ ਉਸ ਦਫਤਰ ਵਿੱਚੋਂ ਜਿੱਥੇ ਲਿਖਾਰੀ ਆਪ ਦੀ ਉਚਾਰ ਹੁੰਦੀ ਰਚਨਾ ਲਿਖਦੇ ਹੁੰਦੇ ਸਨ, ਵਿਚੋਂ ਬਾਹਰ ਚਲੇ ਗਏ। ਰੋਸ਼ਨ ਸਿੰਘ ਇਕੱਲਾ ਸੀ ਉਸ ਨੇ ਕੁਝ ਸੈ੍ਯੇ ਆਪਣੇ ਪੱਟ ਉੱਤੇ ਲਿਖ ਲਏ ਕਿ ਘਰ ਜਾ ਕੇ ਉਤਾਰਾ ਕਰਕੇ ਆਪਣੀ ਛਾਪ ਵਿਚ ਪਾ ਕੇ ਲਿਖ ਲਵਾਂਗਾ। ਇਸ ਨੇ ਸੋਚਿਆ ਕਿ ਗੁਰੂ ਜੀ ਭੁੱਲ ਜਾਣਗੇ, ਯਾਦ ਨਹੀਂ ਰਹਿਣ ਲੱਗਾ। ਗੁਰੂ ਜੀ ਇਸ ਵੇਲੇ ਬਾਹਰ ਸਮਾਗਮ ਵਿਚ ਜਾ ਬੈਠੇ ਸਨ। ਥੋੜ੍ਹੇ ਚਿਰ ਵਿਚ ਹੀ ਆਪ ਜੀ ਨੇ ਖ਼ਜਾਨਚੀ ਨੂੰ ਸੱਦਿਆ ਤੇ ਕਿਹਾ ਕਿ ਜਾਓ ਰੋਸ਼ਨ ਸਿੰਘ ਨੂੰ ਸਾਬਣ ਦਹੀਂ ਦੇ ਕੇ ਆਪ ਨਾਲ ਹੋ ਕੇ ਕੇਸਾਂ ਸਣੇ ਇਸ਼ਨਾਨ ਕਰਾ ਦਿਓ ਅਤੇ ਨਵੇਂ ਕੱਪੜੇ ਪੁਆ ਕੇ ਘਰ ਜਾਣ ਦੀ ਛੁੱਟੀ ਦੇ ਦਿਓ। ਜਦ ਐਸਾ ਕੀਤਾ ਗਿਆ ਤਾਂ ਪੱਟ 'ਤੇ ਲਿਖੇ ਹੋਏ ਸਾਰੇ ਅੱਖਰ ਮਿਟ ਗਏ। ਰੋਸ਼ਨ ਸਿੰਘ ਪਛਤਾਉਂਦਾ ਹੋਇਆ ਨਹਾ ਧੋ ਕੇ ਘਰ ਚਲਿਆ ਗਿਆ। ਕੁਝ ਸਮੇਂ ਬਾਅਦ ਗੁਰੂ ਸਾਹਿਬ ਨੇ ਇੱਕ ਦਿਨ ਇਕੱਲੇ ਨੂੰ ਹੱਸ ਕੇ ਕਿਹਾ 'ਸੁਣਾ ਬਈ ਰੋਸ਼ਨ ਸਿੰਘ! ਰੌਸ਼ਨੀ ਕਿ ਰੁਸ਼ਨਾਈ? ਚਾਨਣਾ ਕਿ ਸ਼ਾਹੀ? ਨਾਮ ਤਾਂ ਸੀ 'ਚਾਨਣਾ' ਤੇ ਤੂੰ ਕਰ ਲਿਆ ਸਿਆਹੀ।' ਸ਼ਰਮਿੰਦਾ ਹੋ ਕੇ ਚਰਨੀਂ ਪੈ ਗਿਆ, ਪਾਤਸ਼ਾਹ! ਤੇਰੀ ਅੰਤਰ-ਆਤਮਾ ਤੇ ਵਧੀਕ ਸਦਕੇ ਤੇਰੀ ਪੜਦੇ ਕੱਜ ਗਰੀਬ ਨਿਵਾਜਤਾ ਦੇ, ਮੈਂ ਤਾਂ ਚਾਨਣੇ ਤੋਂ ਸਿਆਹੀ ਬਣਨ ਦੀ ਕਰਤੂਤ ਕੀਤੀ, ਪਰ ਹੇ ਦਾਤਾ, ਤੂੰ ਧੋ ਦਿੱਤੀ ਸਿਆਹੀ, ਉਜਲ ਕਰ ਦਿੱਤਾ ਸਰੀਰ ਵੀ ਤੇ ਮਨ ਵੀ। ਨਾਲ ਮੇਰਾ ਪਰਦਾ ਵੀ ਬਣਿਆ ਰਿਹਾ, ਜਿਸ ਆਪ

---

1 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 55.

2 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨ 254.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 881.

ਦੇ ਪੜਦੇ ਢੱਕ ਬਿਰਦ ਦੇ ਸਦਕੇ ਮੇਰਾ ਜਨਮ ਸੰਵਰ ਗਿਆ। ਮਿਹਰ ਕਰੋ ਹੁਣ ਕਦੇ ਗਲਤੀ ਨਾ ਹੋਵੇ। ਤੀਜੀ ਮੇਹਰ ਇਹ ਕੀਤੀ ਹੈ ਕਿ ਪੜਦੇ ਵੀ ਢਕੇ ਤੇ ਫੇਰ ਹਜ਼ੂਰੀ ਵਿਚੋਂ ਧੱਕੇ ਵੀ ਨਹੀਂ ਦਿੱਤੇ, ਮੈਨੂੰ ਮੇਰੇ ਕੰਮ 'ਤੇ ਲਾਈ ਰੱਖਿਆ, ਪੈਜ ਰੱਖ ਲਈ।'[1]

## 1.8. ਹਜ਼ੂਰੀ ਕਾਤਬ, ਸ਼ਹੀਦ :-

**ਸੀਤਲ ਸਿੰਘ** : ਸ੍ਰੀ ਦਸਮੇਸ਼ ਜੀ ਦਾ ਲਿਖਾਰੀ ਸਿੱਖ। ਸੀਤਲ ਸਿੰਘ ਭਾਈ ਰਾਇ ਸਿੰਘ ਦਾ ਪੁੱਤਰ ਅਤੇ ਭਾਈ ਮਨੀ ਸਿੰਘ ਦਾ ਭਤੀਜਾ ਸੀ। ਜਦੋਂ ਭਾਈ ਚੌਪਾ ਸਿੰਘ ਨੇ ਮੁਕਤੇ ਸਿੱਖਾਂ ਦੀ ਮੱਦਦ ਨਾਲ ਰਹਿਤਨਾਮਾ ਤਿਆਰ ਕੀਤਾ ਸੀ, ਤਾਂ ਭਾਈ ਸੀਤਲ ਸਿੰਘ ਬਹੁਰੂਪੀਏ ਨੇ ਇਸ ਦਾ ਸੁੰਦਰ ਉਤਾਰਾ ਕਰਕੇ ਗੁਰੂ ਸਾਹਿਬ ਕੋਲੋਂ ਸਹੀ ਪਵਾਈ ਸੀ। ਇਹ ਆਪਣੇ ਭਰਾ ਤੇ ਪਿਤਾ ਨਾਲ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਇਆ।[2]

**ਘਰਵਾਰੀ** : ਸ੍ਰੀ ਦਸਮੇਸ਼ ਜੀ ਦੇ ਦਰਬਾਰ ਦਾ ਇਕ ਲਿਖਾਰੀ ਸਿੱਖ। ਇਹ ਦੋ ਭਰਾ ਸਨ, ਜੋ ਕਿ ਭੱਲਾ ਖਾਨਦਾਨ ਵਿਚੋਂ ਬਾਬਾ ਮੋਹਰੀ ਦੀ ਸੱਤਵੀਂ ਪੀੜ੍ਹੀ ਵਿਚੋਂ ਭਾਈ ਖੁਸ਼ਹਾਲ ਸਿੰਘ ਦੇ ਪੁੱਤਰ ਸਨ। ਇਹ ਘਰਾਣਾ ਗੁਰਬਾਣੀ ਲਿਖਣ ਦਾ ਪੁਰਾਣਾ ਅਭਿਆਸੀ ਸੀ। ਇਹ ਦੋਵੇਂ ਭਰਾ ਗੁਰੂ ਦਰਬਾਰ ਵਿਚ ਲਿਖਣ ਦੀ ਸੇਵਾ ਕਰਦੇ ਸਨ। ਅਨੰਦਪੁਰ ਵਿਚੋਂ ਗੁਰੂ ਸਾਹਿਬ ਨੂੰ ਬਿਨਾਂ ਦਸੇ ਚਲੇ ਗਏ। ਪਰ ਪਿਛੋਂ ਆਪਣੇ ਪਿਤਾ ਨਾਲ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਏ।[3]

**ਦਰਬਾਰੀ** : ਸ੍ਰੀ ਦਸਮੇਸ਼ ਜੀ ਦੇ ਦਰਬਾਰ ਦਾ ਇਕ ਲਿਖਾਰੀ। ਇਹ ਦੋ ਭਰਾ ਸਨ, ਜੋ ਕਿ ਭੱਲਾ ਖਾਨਦਾਨ ਵਿਚੋਂ ਬਾਬਾ ਮੋਹਰੀ ਦੀ ਸੱਤਵੀਂ ਪੀੜ੍ਹੀ ਵਿਚੋਂ ਭਾਈ ਖੁਸ਼ਹਾਲ ਸਿੰਘ ਦੇ ਸਪੁੱਤਰ ਸਨ। ਇਹ ਘਰਾਣਾ ਗੁਰਬਾਣੀ ਲਿਖਣ ਦਾ ਪੁਰਾਣਾ ਅਭਿਆਸੀ ਸੀ। ਇਹ ਦੋਵੇਂ ਭਰਾ ਗੁਰੂ ਦਰਬਾਰ ਵਿਚ ਲਿਖਣ ਦੀ ਸੇਵਾ ਕਰਦੇ ਸਨ। ਇਹ ਦੋਵੇਂ ਅਨੰਦਪੁਰ ਵਿਚੋਂ ਗੁਰੂ ਸਾਹਿਬ ਨੂੰ ਬਿਨਾਂ ਦਸੇ ਚਲੇ ਗਏ ਸਨ। ਪਰ ਪਿਛੋਂ ਆਪਣੇ ਪਿਤਾ ਨਾਲ ਮੁਕਤਸਰ ਦੀ

---

1 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 255.

2 *ਉਹੀ*, ਪੰਨਾ 255.

3 *ਉਹੀ,* ਪੰਨਾ 254.

ਜੰਗ ਵਿਚ ਸ਼ਹੀਦ ਹੋਏ।[1]

## 1.9. ਹਜ਼ੂਰੀ ਢਾਡੀ ਤੇ ਰਬਾਬੀ :-

**ਸੱਦੂ :** ਸੱਦੂ ਤੇ ਮੱਦੂ ਦੋ ਭਰਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਰਬਾਬੀ ਸਨ। ਸੱਦੂ ਆਪਣੇ ਭਰਾ ਮੱਦੂ ਨਾਲ ਮਿਲ ਕੇ ਦਸਮੇਸ਼ ਜੀ ਦੇ ਦਰਬਾਰ ਵਿਚ ਕੀਰਤਨ ਕਰਦਾ ਹੁੰਦਾ ਸੀ। *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਇਨ੍ਹਾਂ ਬਾਰੇ ਲਿਖਿਆ ਹੈ –

> 'ਸੱਦੂ ਮੱਦੂ ਆਸਾ ਵਾਰ।
>
> ਕੀਰਤਨ ਕਰਤੇ ਰਾਗ ਸੁਧਾਰ।'[2]

**ਨੱਥ ਮੱਲ :** ਭਾਈ ਨੱਥ ਮੱਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਦਾ ਇਕ ਢਾਡੀ ਸੀ। ਇਸ ਦੀ ਮਾਸੀ ਦਾ ਪੁੱਤਰ ਇਕ ਹੋਰ ਢਾਡੀ ਅਬਦੁਲ ਸੀ। ਇਹ ਦੋਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਢਾਡੀ ਸਨ। ਭਾਈ ਨੱਥ ਮੱਲ ਦੇ ਖਾਨਦਾਨ ਨੂੰ ਭਾਈ ਮਰਦਾਨੇ ਦੇ ਨਾਲ ਜੋੜਨ ਦੇ ਸੰਕੇਤ ਵੀ ਮਿਲਦੇ ਹਨ ਪਰੰਤੂ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਹ ਤੱਥ ਖੋਜ ਦਾ ਲਿਖਾਇਕ ਹੈ।

ਭਾਈ ਨੱਥ ਮੱਲ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਜਿਉਂਦਾ ਰਿਹਾ। ਇਹ ਢਾਡੀ ਗੁਰੂ ਸਾਹਿਬ ਦੇ ਦੱਖਣ ਵੱਲ ਦੇ ਅਖੀਰਲੇ ਸਮੇਂ ਤੱਕ ਉਨ੍ਹਾਂ ਦੇ ਨਾਲ ਸੀ। ਇਸ ਦੀ ਇਕ ਲਿਖਤ *'ਅਮਰਨਾਮਾ'* ਮਿਲਦੀ ਹੈ ਜਿਸ ਦੀ ਅੰਦਰਲੀ ਗਵਾਹੀ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਉਹ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਕੁਝ ਦੇਰ ਪਹਿਲਾਂ ਨੰਦੇੜ ਵਿਖੇ ਗੁਰਮਤਿ ਸੰਬੰਧੀ ਵਿਖਿਆਨਾਂ ਅਤੇ ਦੀਵਾਨਾਂ ਵਿਚ ਹਾਜ਼ਰੀ ਭਰਦਾ ਰਿਹਾ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦਾ ਅੰਤਲੇ ਸਮੇਂ ਤੱਕ ਆਨੰਦ ਮਾਨਣ ਦਾ ਸੁਭਾਗ ਪ੍ਰਾਪਤ ਕਰਦਾ ਰਿਹਾ ਸੀ।[3]

**ਮੱਦੂ / ਮਧੂ :** ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਦਾ ਰਬਾਬੀ ਸਿੱਖ। ਇਹ ਦੋ ਭਰਾ (ਦੂਜਾ ਸੱਦੂ) ਗੁਰੂ

---

1. ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 254.
2. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 152.
3. ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ (1469-1849) ਅਧਿਐਨ ਤੇ ਮੁਲਾਂਕਣ, ਪੰਨਾ 43.

ਦਰਬਾਰ ਵਿਚ ਕੀਰਤਨ ਕਰਦੇ ਸਨ।[1] ਇਹ ਗੁਰੂ ਦਰਬਾਰ ਦਾ ਹਜ਼ੂਰੀ ਸਿੱਖ ਸੀ। ਇਸ ਦਾ ਨਾਮ ਦਰਬਾਰੀ ਕਵੀਆਂ ਵਿਚ ਵੀ ਆਉਂਦਾ ਹੈ ਪਰ ਇਸ ਦੀ ਕੋਈ ਰਚਨਾ ਨਹੀਂ ਮਿਲੀ।[2]

**ਮੀਰ ਛਬੀਲਾ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਇਕ ਢਾਡੀ ਸੀ। ਜੰਗਾਂ ਯੁੱਧਾਂ ਸਮੇਂ ਸਿੰਘਾਂ ਵਿਚ ਜੋਸ਼ ਭਰਨ ਲਈ ਇਹ ਗੁਰੂ ਦਰਬਾਰ ਵਿਚ ਢਾਡੀ ਵਾਰਾਂ ਗਾਇਆ ਕਰਦਾ ਸੀ।[3]

**ਮੀਰ ਮੁਸ਼ਕੀ** : ਮੀਰ ਮੁਸ਼ਕੀ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਦਾ ਇਕ ਢਾਡੀ ਸੀ, ਜੋ ਕਿ ਮੀਰ ਛਬੀਲੇ ਦਾ ਸਾਥੀ ਸੀ। ਇਹ ਦੋਵੇਂ ਗੁਰੂ ਦਰਬਾਰ ਵਿਚ ਢਾਡੀ ਵਾਰਾਂ ਗਾਇਆ ਕਰਦੇ ਸਨ।[4]

## 1.10. ਹਜ਼ੂਰੀ ਕਾਰੀਗਰ :-

**ਸੁੱਖੋ ਬਾਢੀ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਕਾਰੀਗਰ ਸਿੱਖ। ਇਹ ਪਿੰਡ ਮਾੜੀ ਮੇਗਾ, ਜਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਸੀ। ਆਪਣੇ ਪਿੰਡ ਦੇ ਕੁਝ ਸਾਥੀਆਂ ਨਾਲ ਗੁਰੂ ਦਰਸ਼ਨਾਂ ਨੂੰ ਅਨੰਦਪੁਰ ਗਿਆ। ਇਹ ਮਨ ਦਾ ਨਿਰਮਲ, ਸੂਝਵਾਨ, ਕੰਮ ਦਾ ਸ਼ੌਕੀਨ ਤੇ ਤੇਜ ਬੁੱਧੀ ਵਾਲਾ ਸੀ। ਇਸ ਨੇ ਗੁਰੂ ਸਾਹਿਬ ਦੀ ਸੇਵਾ ਦੌਰਾਨ ਕਈ ਯੁੱਧਾਂ ਵਿਚ ਵੀ ਹਿੱਸਾ ਪਾਇਆ।[5] ਗੁਰੂ ਸਾਹਿਬ ਨੇ ਭਵਿੱਖ ਨੂੰ ਜਾਣਦਿਆਂ ਆਪਣੇ ਪਾਸ ਆਸੇ-ਪਾਸੇ ਦੇ ਵਿਸ਼ਵਕਰਮਾ (ਲੋਹਾਰ, ਤਰਖਾਣ) ਵੰਸੀਆਂ ਨੂੰ ਉਤਸ਼ਾਹ ਦੇ ਕੇ ਅਨੰਦਪੁਰ ਵਸਣ ਲਈ ਖਾਸ ਸਹੂਲਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਸਿੱਖ ਫੌਜਾਂ ਲਈ ਹਥਿਆਰ ਬਣਾਉਣ ਵਾਸਤੇ ਇਨ੍ਹਾਂ ਦੀ ਲੋੜ ਸੀ। ਬਹੁਤ ਸਾਰੇ ਲੋਹਾਰ ਤੇ ਤਰਖਾਣ ਗੁਰੂ ਸਾਹਿਬ ਦੀ ਖ਼ਾਲਸਾ ਫੌਜ ਲਈ ਹਥਿਆਰ ਬਣਾਉਣ ਲੱਗੇ। ਇਹ ਸਵੇਰੇ ਸ਼ਾਮ ਗੁਰੂ ਦਰਬਾਰ ਵਿਚ ਕੀਰਤਨ ਤੇ ਕਥਾ-ਵਿਚਾਰਾਂ ਸੁਣਦੇ ਅਤੇ ਫਿਰ ਹਥਿਆਰ ਬਣਾਉਣ ਦੀ ਕਿਰਤ ਵਿਚ ਲੱਗ ਜਾਂਦੇ। ਇਨ੍ਹਾਂ ਕਾਰੀਗਰਾਂ ਵਿਚ ਭਾਈ ਸੁੱਖਾ ਸਿੰਘ ਬਾਢੀ ਦਾ ਨਾਂ ਵਿਸ਼ੇਸ਼ ਹੈ।

ਗੁਰੂ ਸਾਹਿਬ ਦੀ ਸੇਵਾ ਵਿਚ ਰਹਿੰਦਿਆਂ ਭਾਈ ਸੁੱਖੋ ਨੇ ਬੜੀ ਮਿਹਨਤ ਨਾਲ ਇਕ ਦੋਧਾਰਾ ਖੰਡਾ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 946.

2 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 220.

3 *ਉਹੀ,* ਪੰਨਾ 210.

4 ਕੇਹਰ ਸਿੰਘ ਮਠਾਰੂ, ਕਿਰਤੀ ਸੂਰਮੇ, ਪੰਨਾ 211.

5 *ਉਹੀ,*, ਪੰਨਾ 426.

ਬਣਾਇਆ। ਜਦੋਂ ਗੁਰੂ ਦਰਬਾਰ ਵਿਚ ਪੇਸ਼ ਕੀਤਾ ਤਾਂ ਗੁਰੂ ਸਾਹਿਬ ਨੇ ਖੰਡੇ ਨੂੰ ਹੱਥਾਂ ਵਿਚ ਫੜ ਕੇ ਚੰਗੀ ਤਰ੍ਹਾਂ ਵੇਖਿਆ। ਗੁਰੂ ਜੀ ਨੇ ਭਾਈ ਸੁੱਖੋ ਨੂੰ ਆਪਣੀ ਹਿੱਕ ਨਾਲ ਲਾ ਕੇ ਪਿਆਰ, ਸਤਿਕਾਰ ਤੇ ਸ਼ਾਬਾਸ ਦੇ ਕੇ ਕੋਲ ਬਿਠਾਇਆ। ਹਥਿਆਰਾਂ ਦੇ ਪ੍ਰਬੰਧਕ ਨੂੰ ਬੁਲਾ ਕੇ ਕਿਹਾ ਕਿ ਇਹ ਖੰਡਾ ਸੰਭਾਲ ਕੇ ਰੱਖਣਾ, ਕਿਉਂਕਿ ਅਜੇ ਇਸ ਦੀ ਲੋੜ ਨਹੀਂ। ਇਸ ਖੰਡੇ ਤੋਂ ਬਹੁਤ ਭਾਰੀ ਕੰਮ ਲੈਣਾ ਹੈ। ਜਦੋਂ 1699 ਈ. ਨੂੰ ਖਾਲਸਾ ਸਾਜਿਆ ਉਸ ਸਮੇਂ ਇਸ ਖੰਡੇ ਨਾਲ ਅੰਮ੍ਰਿਤ ਦੀ ਪਾਹੁਲ ਤਿਆਰ ਕੀਤੀ ਗਈ ਸੀ।[1]

**ਹਰਿਦਾਸ ਸਿੰਘ** : ਹਰਿਦਾਸ ਸਿੰਘ ਸ੍ਰੀ ਦਸਮੇਸ਼ ਜੀ ਦਾ ਕਾਰੀਗਰ ਸਿੱਖ ਸੀ। ਹਰਿਦਾਸ ਦਾ ਜਨਮ ਬਿਧੀਚੰਦ ਦੇ ਘਰ ਸੁਰ ਸਿੰਘ ਪਿੰਡ (ਜਿਲ੍ਹਾ ਲਹੌਰ ਹੁਣ ਪਾਕਿਸਤਾਨ) ਵਿਚ ਹੋਇਆ। ਬਿਧੀਚੰਦ ਨੇ ਰੁਜ਼ਗਾਰ ਲਈ ਤਰਖਾਣਾਂ ਦਾ ਕਿੱਤਾ ਸਿੱਖ ਲਿਆ ਸੀ। ਇਸ ਲਈ ਇਨ੍ਹਾਂ ਨੂੰ 'ਠੇਕੇ' ਵੀ ਆਖਦੇ ਸਨ। ਹਰਿਦਾਸ ਜਦੋਂ ਵੱਡਾ ਹੋਇਆ ਤਾਂ ਆਪਣੇ ਪਿਤਾ ਨਾਲ ਜੱਦੀ ਕਿੱਤੇ ਵਿਚ ਹੱਥ ਵਟਾਉਣ ਲੱਗਾ। ਇਹ ਨੇਕਦਿਲ ਇਨਸਾਨ ਤੇ ਧਾਰਮਿਕ ਖਿਆਲਾਂ ਦਾ ਸੀ। ਗੁਰੂ ਦਰਸ਼ਨਾਂ ਨੂੰ ਅਨੰਦਪੁਰ ਗਿਆ। ਜਦੋਂ ਗੁਰੂ ਸਾਹਿਬ ਨੇ ਖਾਲਸੇ ਦੀ ਸਾਜਨਾ ਕੀਤੀ। ਇਹ ਵੀ ਅੰਮ੍ਰਿਤ ਛਕ ਕੇ ਸਿੰਘ ਸਜਿਆ ਤੇ ਗੁਰੂ ਸਾਹਿਬ ਦੀ ਸੇਵਾ ਵਿਚ ਤਤਪਰ ਰਿਹਾ। ਇਥੇ ਇਹ ਸ਼ਸਤਰ ਬਣਾਉਣ ਵਾਲੇ ਕਾਰਖਾਨੇ ਵਿਚ ਤਰ੍ਹਾਂ-ਤਰ੍ਹਾਂ ਦੇ ਸ਼ਸਤਰ ਬਣਾਇਆ ਕਰਦਾ ਸੀ। ਕੇਹਰ ਸਿੰਘ ਮਠਾਰੂ ਕਿਰਪਾਲ ਸਿੰਘ ਨਾਰੰਗ ਦੇ ਹਵਾਲੇ ਨਾਲ ਲਿਖਦੇ ਹਨ ਕਿ ਜਿਹੜੀ ਨਾਗਨੀ ਭਾਈ ਬਚਿੱਤਰ ਸਿੰਘ ਨੇ ਹਾਥੀ ਨੂੰ ਕਾਬੂ ਕਰਨ ਲਈ ਵਰਤੀ ਸੀ, ਉਹ ਹਰਿਦਾਸ ਸਿੰਘ ਦੀ ਬਣਾਈ ਹੋਈ ਸੀ। ਗੁਰੂ ਸਾਹਿਬ ਦੀ ਸੰਗਤ ਵਿਚ ਰਹਿੰਦਾ ਇਹ ਸ਼ਸਤਰ ਵਿਦਿਆ ਵੀ ਸਿੱਖ ਗਿਆ ਸੀ। ਇਸ ਨੇ ਗੁਰੂ ਸਾਹਿਬ ਦੀਆਂ ਕਈ ਜੰਗਾਂ ਵਿਚ ਵੀ ਹਿੱਸਾ ਲਿਆ। ਭਾਈ ਹਰਿਦਾਸ ਸਿੰਘ ਬੰਦਾ ਸਿੰਘ ਬਹਾਦਰ ਸਮੇਂ ਬਜਵਾੜੇ ਦੀ ਜੰਗ ਵਿਚ (1710 ਈ.) ਜਖਮੀ ਹੋਣ ਤੋਂ ਬਾਅਦ ਸ਼ਹੀਦੀ ਪਾ ਗਏ।[2]

**ਦੂਲਾ ਸਿੰਘ** : ਭਾਈ ਦੂਲਾ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਕਾਰੀਗਰ ਸਿੱਖ ਸੀ ਜੋ ਕਿ ਫ਼ੁਰਖ਼ਾਬਾਦ ਦਾ ਰਹਿਣ

---

[1] ਕੇਹਰ ਸਿੰਘ ਮਠਾਰੂ, ਕਿਰਤੀ ਸੂਰਮੇ, ਪੰਨਾ 426.

[2] *ਉਹੀ,* ਪੰਨੇ 479, 483.

ਵਾਲਾ ਗੁਰੂ-ਘਰ ਦਾ ਬੜਾ ਪ੍ਰੇਮੀ ਸੀ। ਇਸ ਨੇ ਦਰਬਾਰ ਵਿਚ ਹਾਜ਼ਰ ਹੋ ਕੇ ਗੁਰੂ ਸਾਹਿਬ ਨੂੰ ਅਦਬ ਸਤਿਕਾਰ ਸਹਿਤ ਮੱਥਾ ਟੇਕਿਆ ਅਤੇ ਕੱਪੜੇ ਵਿਚ ਲਪੇਟੇ ਸਮਾਨ ਵਿਚੋਂ ਦੋ ਕਮਾਨਾਂ, ਤਿੰਨ ਸੌ ਤੀਰ, ਦੋ ਤਮੰਚੇ (ਪਿਸਤੌਲ), ਦੋ ਬਾਘ ਬੱਚੇ (ਛੋਟੀਆਂ ਕ੍ਰਿਪਾਨਾਂ ਜਿਨ੍ਹਾਂ ਦੀ ਮੁੱਠ 'ਤੇ ਸ਼ੇਰ ਦੀ ਮੂਰਤ ਬਣੀ ਹੋਈ ਸੀ), ਇਕ ਦੋਨਾਲੀ ਬੰਦੂਕ, ਕੁਝ ਰੌਂਦ ਅਤੇ ਦੋ ਤਲਵਾਰਾਂ ਭੇਟ ਕੀਤੀਆਂ।[1]

**ਨੱਥੂ ਰਾਮ, ਲੋਟੇ** : ਨੱਥੂ ਰਾਮ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਇਕ ਕਾਰੀਗਰ (ਤਰਖਾਣ) ਸੀ। ਇਹ ਪਿੰਡ ਬਸੀ ਪਠਾਣਾਂ, ਰੋਪੜ ਦਾ ਵਸਨੀਕ ਸੀ। ਨੱਥੂ ਰਾਮ ਲੋਟੇ ਆਪਣੀ ਪਤਨੀ ਸਮੇਤ ਗੁਰੂ ਸਾਹਿਬ ਦੇ ਦਰਬਾਰ ਵਿਚ ਸੇਵਾ ਲਈ ਹਾਜ਼ਰ ਹੋਇਆ। ਇਹ ਹਥਿਆਰ ਬਣਾਉਣ ਵਾਲੇ ਕਾਰਖਾਨੇ ਵਿਚ ਕੰਮ ਕਰਦਾ ਸੀ। ਇਸ ਦੀ ਪਤਨੀ ਬੀਬੀ ਭਿੱਖੀ ਬਹੁਤ ਸ਼ਰਧਾਲੂ ਅਤੇ ਨੇਕ ਸੁਭਾਅ ਦੀ ਮਾਲਕ ਸੀ। ਇਸ ਨੂੰ ਮਾਤਾ ਜੀਤੋ ਜੀ ਨੇ ਆਪਣੇ ਘਰ ਦੀ ਸਹਾਇਤਾ ਲਈ ਰੱਖ ਲਿਆ ਸੀ। ਇਨ੍ਹਾਂ ਦੇ ਪੁੱਤਰ ਜੋਰਾਵਰ ਸਿੰਘ ਨੇ ਗੁਰੂ ਸਾਹਿਬ ਦੀਆਂ ਜੰਗਾਂ ਵਿਚ ਹਿੱਸਾ ਲਿਆ।[2]

**ਭਗਵਾਨ ਸਿੰਘ** : ਇਹ ਗੁਰੂ ਸਾਹਿਬ ਦਾ ਸ਼ਰਧਾਲੂ ਸਿੱਖ ਸੀ। ਇਸ ਦਾ ਜਨਮ ਭਾਈ ਹਰਿਦਾਸ ਸਿੰਘ ਤੇ ਮਾਤਾ ਗੰਗਾ ਜੀ ਦੇ ਘਰ ਅਨੰਦਪੁਰ ਵਿਚ ਹੋਇਆ। ਹਰਿਦਾਸ ਸਿੰਘ ਅਨੰਦਪੁਰ ਵਿਖੇ ਗੁਰੂ ਸਾਹਿਬ ਦੇ ਕਾਰਖਾਨੇ ਵਿਚ ਸ਼ਸਤਰ ਬਣਾਉਣ ਦਾ ਕੰਮ ਕਰਦਾ ਸੀ। ਭਗਵਾਨ ਸਿੰਘ ਦੀ ਪਰਿਵਰਿਸ਼ ਗੁਰੂ ਦਰਬਾਰ ਵਿਚ ਹੋਈ। ਅਨੰਦਪੁਰ ਛੱਡਣ ਉਪਰੰਤ ਇਹ ਆਪਣੇ ਮਾਪਿਆਂ ਨਾਲ ਜੱਦੀ ਪਿੰਡ ਸੁਰ ਸਿੰਘ ਵਿਖੇ ਆ ਕੇ ਰਹਿਣ ਲੱਗ ਪਿਆ ਸੀ।[3] ਇਹ ਗੁਰੂ ਸਾਹਿਬ ਨੂੰ ਦਮਦਮੇ (ਤਲਵੰਡੀ ਸਾਬੋ) ਜਾ ਕੇ ਮਿਲਿਆ। ਗਿਆਨੀ ਗਿਆਨ ਸਿੰਘ ਅਨੁਸਾਰ ਇਹ ਦਮਦਮੇ ਤੋਂ ਗੁਰੂ ਸਾਹਿਬ ਨਾਲ ਦੱਖਣ ਵੱਲ ਨੂੰ ਗਿਆ –

ਸਿੰਘ ਭਗਵਾਨ ਤਾਹਿ ਸੁਤ ਭਣੋ ਅਬਚਲ ਨਗਰ ਗੁਰੂ ਸੰਗ ਗਯੋ।
ਤਬ ਸਤਿਗੁਰ ਨਿਜ ਲੋਕ ਸੁਧਾਰੇ ਆ ਕਰ ਉਨ ਪੰਜਾਬ ਮੰਜਾਰੇ।

---

1 ਕੇਹਰ ਸਿੰਘ ਮਠਾਰੂ, ਕਿਰਤੀ ਸੂਰਮੇ, ਪੰਨਾ 470.

2 *ਉਹੀ*, ਪੰਨਾ 426.

3 *ਉਹੀ*, ਪੰਨਾ 484.

ਬੰਦੇ ਕਾ ਸੰਗੀ ਹੋ ਨੀਕੇ ਧਰਮ ਯੁੱਧ ਬਹੁ ਕੀਨੇ ਠੀਕੇ।[1]

**ਲਾਲ ਸਿੰਘ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਕਾਰਖਾਨੇ ਦਾ ਕਾਰੀਗਰ ਸਿੱਖ ਸੀ। ਇਹ ਪਿੰਡ ਲੱਲਾਂ ਰਿਆਸਤ ਪਟਿਆਲਾ ਦਾ ਰਹਿਣ ਵਾਲਾ ਸੀ ਅਤੇ ਬਹੁਤ ਵਧੀਆ ਤਰਖਾਣੀ ਦਾ ਕੰਮ ਜਾਣਦਾ ਸੀ। ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਵਿਚ ਹਥਿਆਰ ਬਣਾਉਣ ਦਾ ਕਾਰਖਾਨਾ ਲਾਇਆ ਤਾਂ ਇਹ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ। ਗੁਰੂ ਸਾਹਿਬ ਤੋਂ ਅੰਮ੍ਰਿਤ ਛਕ ਕੇ ਲਾਲ ਸਿੰਘ ਬਣਿਆ। ਇਸ ਬਾਰੇ ਕਵੀ ਸੰਤੋਖ ਸਿੰਘ ਲਿਖਦੇ ਹਨ –

ਇਕ ਸਤਿਗੁਰੂ ਕੋ ਪੂਰਬ ਤੇ ਚਲਿ ਆਇ।

ਲਾਲ ਸਿੰਘ ਤਿਸ ਨਾਮ ਹੈ ਕਰਿ ਦਰਸ਼ਨ ਕੋ ਚਾਇ।

ਲਾਲ ਸਿੰਘ ਨੇ ਇਕ ਬਹੁਤ ਵਧੀਆ ਮਜ਼ਬੂਤ ਢਾਲ ਬਣਾਈ। ਜਦੋਂ ਗੁਰੂ ਸਾਹਿਬ ਦਾ ਸ਼ਾਮ ਨੂੰ ਦੀਵਾਨ ਲਗਿਆ ਤਾਂ ਬੜੇ ਮਾਨ ਨਾਲ ਢਾਲ ਦੀਆਂ ਸਿਫਤਾਂ ਕਰਦਿਆਂ ਪੇਸ਼ ਕੀਤੀ ਕਿ ਇਸ ਵਿਚੋਂ ਗੋਲੀ ਪਾਰ ਨਹੀਂ ਹੋ ਸਕਦੀ। ਇਹ ਮੈਂ ਬਹੁਤ ਮਿਹਨਤ ਕਰਕੇ ਤੇ ਕਈ ਧਾਤਾਂ ਜੋੜਕੇ ਬਣਾਈ ਹੈ। ਢਾਲ ਦੀਆਂ ਇਸ ਦੁਆਰਾ ਕੀਤੀਆਂ ਸਿਫਤਾਂ ਨੂੰ ਕਵੀ ਸੰਤੋਖ ਸਿੰਘ ਨੇ ਬਿਆਨ ਕੀਤਾ ਹੈ –

ਮੋਰ ਸਿਪਰ (ਢਾਲ) ਕੋ ਚਰਮ ਕਠਨੰ।

ਗੋਰੀ ਕਹਾਂ ਸਕਹਿ ਇਸ ਭੰਨਿ।

ਲਗਹਿ ਤੜਕ ਕੈ ਗਿਰਹਿ ਸੁ ਪਾਛੈ।

ਯਾਂਤੇ ਬਹੁ ਧਨ ਤੇ ਲਈ ਆਛੇ।

ਗੁਰੂ ਸਾਹਿਬ ਨੇ ਕਿਹਾ ਭਾਈ ਹੁਣ ਤਾਂ ਰਹਿਰਾਸ ਦਾ ਵੇਲਾ ਹੈ ਕੱਲ ਤੇਰੀ ਢਾਲ ਪਰਖਾਂਗੇ। ਘਰ ਜਾ ਕੇ ਲਾਲ ਸਿੰਘ ਨੇ ਸਾਰੀ ਗੱਲ ਆਪਣੀ ਘਰਵਾਲੀ ਨੂੰ ਦੱਸੀ। ਉਸ ਨੇ ਕਿਹਾ ਕਿ ਹਰ ਕਿਰਤੀ ਨੂੰ ਆਪਣੇ ਹੱਥਾਂ ਨਾਲ ਕੀਤੇ ਕੰਮ ਉੱਤੇ ਸੱਚਾ ਮਾਣ ਤਾਂ ਹੋਣਾ ਚਾਹੀਦਾ ਹੈ ਪਰ ਤੁਸੀਂ ਤਾਂ ਹੰਕਾਰ ਕਰ ਬੈਠੇ। ਲਾਲ ਸਿੰਘ ਨੇ ਗੁਰੂ

[1] ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 680.

ਸਾਹਿਬ ਤੋਂ ਭੁੱਲ ਬਖਸਾਈ।[1]

## 2. ਸ਼ਰਧਾਲੂ ਸਿੱਖ :-

### 2.1. ਸ਼ਰਧਾਲੂ ਸਿੱਖ

**ਉਮਰਦੀਨ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰੇਮੀ ਸਿੱਖ। ਇਹ ਮਧੇਅ ਨਗਰ ਦਾ ਰਹਿਣ ਵਾਲਾ ਸੀ, ਜੋ ਕਿ ਇਕ ਲੋਹਾਰ ਸੀ। ਇਹ ਹਿਕਮਤ ਦਾ ਵੀ ਬਹੁਤ ਵਧੀਆਂ ਕੰਮ ਜਾਣਦਾ ਸੀ। ਜਦੋਂ ਗੁਰੂ ਸਾਹਿਬ ਮਾਛੀਵਾੜੇ ਤੋਂ ਮਧੇਅ ਨਗਰ ਪਹੁੰਚੇ ਸਨ ਤਾਂ ਇਸ ਨੇ ਗੁਰੂ ਜੀ ਦੇ ਹੱਥ ਦੀ ਉਂਗਲ ਅਤੇ ਜਖ਼ਮੀ ਪੈਰ ਦੀ ਮੱਲਮ੍ਹ ਪੱਟੀ ਦੀ ਸੇਵਾ ਕੀਤੀ ਸੀ। ਗੁਰੂ ਸਾਹਿਬ ਨੇ ਇਸ ਨੂੰ ਦੋ ਮੋਹਰਾਂ ਬਖਸ਼ ਕੇ ਥਾਪੜਾ ਦਿੱਤਾ ਸੀ।[2]

**ਅਉਲੀਆ ਸਿੰਘ** : ਸ੍ਰੀ ਦਸਮੇਸ਼ ਜੀ ਦਾ ਇਕ ਸ਼ਰਧਾਲੂ ਸਿੱਖ। ਅਉਲੀਆ ਸਿੰਘ ਮਾਲਵੇ ਵਿਚ ਭੂੰਦੜ ਦਾ ਵਸਨੀਕ ਸੀ, ਜੋ ਕਿ ਬਹੁਤ ਪਰਉਪਕਾਰੀ ਸੀ। ਜਦੋਂ ਗੁਰੂ ਸਾਹਿਬ ਭੂੰਦੜ ਨਗਰ ਪਹੁੰਚੇ ਤਾਂ ਇਸ ਨੇ ਬਹੁਤ ਸੇਵਾ ਕੀਤੀ ਅਤੇ ਕਈ ਦੁਖੀ ਲੋਕਾਂ ਨੂੰ ਗੁਰੂ ਸਾਹਿਬ ਦੇ ਦਰਸ਼ਨ ਕਰਵਾ ਕੇ ਦੁੱਖਾਂ ਤੋਂ ਨਵਿਰਤੀ ਕਰਵਾਈ।[3]

**ਅਜਬ ਸਿੰਘ, ਕੰਧਾਰੀ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ। ਇਹ ਕੰਧਾਰ ਦਾ ਰਹਿਣ ਵਾਲਾ ਸੀ। ਇਕ ਵਾਰ ਇਹ ਪਰਿਵਾਰ ਸਮੇਤ ਗੁਰੂ ਦਰਸ਼ਨਾਂ ਨੂੰ ਆਇਆ। ਗੁਰੂ ਸਾਹਿਬ ਸਫੈਦ ਪੁਸ਼ਾਕਾ ਪਾ ਕੇ ਜਾ ਰਹੇ ਸਨ। ਉੱਥੇ ਇਕ ਸਿੱਖ ਕਾਨ੍ਹ ਸਿੰਘ ਕਾਹਲੀ-ਕਾਹਲੀ ਲਿਪਾਈ ਕਰ ਰਿਹਾ ਸੀ। ਅਚਾਨਕ ਗੁਰੂ ਸਾਹਿਬ ਦੇ ਚੋਗੇ ਉਪਰ ਕੁਝ ਛਿੱਟੇ ਪੈ ਗਏ ਤਾਂ ਗੁਰੂ ਸਾਹਿਬ ਨੇ ਸਿੱਖਾਂ ਨੂੰ ਕਿਹਾ ਇਸ ਦੇ ਤਮਾਚਾ ਮਾਰੋ। ਕਈ ਸਿੱਖਾਂ ਨੇ ਤਮਾਚੇ ਮਾਰੇ। ਸਿੱਖ ਦਾ ਮੂੰਹ ਲਾਲ ਕਰ ਦਿੱਤਾ। ਗੁਰੂ ਜੀ ਨੇ ਫੁਰਮਾਇਆ ਇਸ ਦਾ ਮੂੰਹ ਵਿਹਾਂਦੜ ਦੀ ਤਰ੍ਹਾਂ ਲਾਲ ਕਰ ਦਿੱਤਾ ਹੈ। ਹੁਣ ਕੋਈ ਸਿੱਖ ਆਪਣੀ ਲੜਕੀ ਇਸ ਨੂੰ ਦੇਵੇ। ਸਾਰੇ ਨੀਵੀਂ ਪਾ ਗਏ। ਫਿਰ ਅਜਬ ਸਿੰਘ ਨੇ ਗੁਰੂ ਦਰਬਾਰ ਵਿਚ ਆਪਣੀ ਲੜਕੀ ਪੇਸ਼ ਕੀਤੀ। ਗੁਰੂ ਜੀ ਇਸ ਦੇ ਸਿਦਕ ਤੇ ਭਰੋਸੇ ਬਹੁਤ ਪ੍ਰਸ਼ੰਨ ਹੋਏ। ਇਸ ਨੂੰ ਅਸ਼ੀਸ

[1] ਕੇਹਰ ਸਿੰਘ ਮਠਾੜੂ, ਕਿਰਤੀ ਸੂਰਮੇ, ਪੰਨਾ 457.

[2] ਭਾਈ ਸਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 155.

[3] *ਉਹੀ,* ਪੰਨਾ 165.

ਬਖ਼ਸ਼ੀ।[1]

**ਅਜਿਲਸ ਰਾਇ, ਦੀਵਾਨ** : ਇਹ ਪਿੰਡ ਲੋਪੋਕੇ (ਅੰਮ੍ਰਿਤਸਰ) ਦਾ ਵਸਨੀਕ ਤੇ ਬਾਦਸ਼ਾਹ ਬਹਾਦੁਰ ਸ਼ਾਹ ਦਾ ਦੀਵਾਨ ਸੀ। ਸ੍ਰੀ ਦਸਮੇਸ਼ ਜੀ ਜਦ ਨੰਦੇੜ (ਦੱਖਣ) ਗਏ ਸਨ ਤਾਂ ਇਹ ਗੁਰੂ ਸਾਹਿਬ ਦੀ ਸੇਵਾ ਵਿਚ ਬੜੇ ਸ਼ਰਧਾ ਭਾਵ ਨਾਲ ਹਾਜ਼ਿਰ ਹੁੰਦਾ ਰਿਹਾ ਸੀ।[2]

**ਅਨੂਪ ਰਾਇ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ ਹੁਕਮਨਾਮੇ ਵਿਚ ਅਨੂਪ ਰਾਇ ਦਾ ਜ਼ਿਕਰ ਕੀਤਾ ਹੈ।[3]

**ਅਮਰ ਸਿੰਘ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਬੀਬੀ ਰੂਪ ਕੌਰ ਤੇ ਰਘੁਪਤਿ ਰਾਏ ਦਾ ਪੁੱਤਰ ਸੀ ਜੋ ਗੁਰੂ-ਘਰ ਦੇ ਅਨਿੰਨ ਸਿੱਖ ਸਨ। ਇਹ ਪਸਰੂਰ ਜਿਲ੍ਹਾ ਸਿਆਲਕੋਟ ਦੇ ਰਹਿਣ ਵਾਲੇ ਸਨ।[4]

**ਆਸਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਭਦੌੜ ਨਗਰ ਦਾ ਰਹਿਣ ਵਾਲਾ ਅਤੇ ਇਥੋਂ ਦਾ ਮੁਖੀਆ ਸੀ। ਜਦੋਂ ਗੁਰੂ ਸਾਹਿਬ ਦੀਨਾ ਨਗਰ ਤੋਂ ਭਦੌੜ ਕੋਲ ਪਹੁੰਚੇ ਤਾਂ ਇਥੇ ਇਸ ਨੇ ਸੰਗਤ ਸਮੇਤ ਗੁਰੂ ਸਾਹਿਬ ਨੂੰ ਬੇਨਤੀ ਕਰਕੇ ਭਦੌੜ ਨਗਰ ਵਿਚ ਲੈ ਆਂਦਾ ਅਤੇ ਬਹੁਤ ਸੇਵਾ ਕੀਤੀ ਸੀ।[5]

**ਸਤੀ ਦਾਸ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਦਾ ਸ਼ਰਧਾਲੂ ਸਿੱਖ। ਇਹ ਭਾਈ ਸਤੀ ਦਾਸ, ਜੋ ਗੁਰੂ ਤੇਗ ਬਹਾਦਰ ਜੀ ਨਾਲ ਦਿੱਲੀ ਵਿਚ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ ਸੀ, ਤੋਂ ਵੱਖਰਾ ਹੈ। ਭਾਈ ਸਤੀ ਦਾਸ ਦੇ ਨਾਮ ਪੁਰ ਇਹ ਹੁਕਮਨਾਮਾ ਮਿਲਦਾ ਹੈ, ਜਿਸ ਵਿਚ ਗੁਰੂ ਸਾਹਿਬ ਨੇ ਭਾਈ ਸਤੀ ਦਾਸ ਤੇ ਭਾਈ ਮੁਹਕਮ ਸਿੰਘ ਨੂੰ ਸ਼ਹਜ਼ਾਦੇ ਅਜ਼ੀਮ (ਸ਼ਹਿਜ਼ਾਦਾ ਮੁਅੱਜ਼ਮ ਸ਼ਾਹ, ਪ੍ਰਸਿੱਧ ਨਾਮ ਬਹਾਦਰ ਸ਼ਾਹ) ਦੀ ਮਦਦ ਕਰਨ ਬਾਰੇ

---

1 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨੇ 230-31.

2 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 315.

3 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 140.

4 ਰੂਪ ਸਿੰਘ (ਸੰਪਾ.), ਦਸਮੇਸ਼ ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ: ਜੀਵਨ ਦਰਸ਼ਨ, ਪੰਨਾ 566.

5 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 155.

ਹੁਕਮ ਕੀਤਾ ਹੈ।[1]

**ਸਮੀਰ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ ਸੀ ਤੇ ਕਾਂਗੜੇ ਦੇ ਜੋਧ ਰਾਇ ਚੌਧਰੀ ਦਾ ਪੁੱਤਰ ਸੀ। ਇਸ ਦਾ ਇਕ ਹੋਰ ਭਰਾ ਲਖਮੀਰ ਸੀ। ਜਦੋਂ ਗੁਰੂ ਸਾਹਿਬ ਮਾਲਵੇ ਖੇਤਰ ਵਿਚ ਗਏ ਤਾਂ ਇਨ੍ਹਾਂ ਨੇ ਗੁਰੂ ਸਾਹਿਬ ਨੂੰ ਆਪਣੇ ਘਰ ਲਿਆ ਕੇ ਬਹੁਤ ਸੇਵਾ ਕੀਤੀ।[2] ਭਾਈ ਸੰਤੋਖ ਸਿੰਘ ਨੇ ਸਮੀਰ ਤੇ ਲਖਮੀਰ ਬਾਰੇ ਲਿਖਿਆ ਹੈ –

> ਕਹਯੋ ਪ੍ਰਭੁ ਆਛੋ ਕਰਯੋ ਅਬਿ ਬੈਠਿ ਸਮੀਰਾ।
>
> ਸੁਨਿ ਕਰਿ ਬੈਠੇ ਨਿਕਟ ਹੁਇ ਸੰਗੀ ਲਖਮੀਰਾ।
>
> ਸੇਵਕ ਅਪਨਾ ਜਾਨਿ ਕਰਿ ਕਰੁਨਾ ਬਹੁ ਠਾਨੈ।
>
> ਪ੍ਰਿਥਮ ਪਿਾਮੇ ਸੇਵ ਕਰਿ ਹਿਤਕਾਰੀ ਮਾਨੈ।[3]

ਭਾਈ ਵੀਰ ਸਿੰਘ ਸਮੀਰ ਦਾ ਇਸ ਦੇ ਹੋਰ ਤਿੰਨ ਭਰਾਵਾਂ ਸਮੇਤ *ਸ੍ਰੀ ਕਲਗੀਧਰ ਦੀਨੇ* ਵਿਚ ਜ਼ਿਕਰ ਕਰਦੇ ਹਨ ਕਿ ਇਹ ਤਿੰਨ ਭਰਾ ਸਨ ਲਖਮੀਰ, ਸਾਮੀਰ ਤੇ ਤਖਤ ਮੱਲ ਇਨ੍ਹਾਂ ਤਿੰਨਾਂ ਨੇ ਗੁਰੂ ਸਾਹਿਬ ਦਾ ਆਉਣਾ ਸੁਣਿਆ ਤੇ ਦੋ ਕੋਹ ਅਗਲਵਾਂਢੀ ਆ ਮਿਲੇ। ਗੁਰੂ ਸਾਹਿਬ ਦੇ ਰਕਾਬਾਂ ਵਿਚ ਪਏ ਚਰਨਾਂ 'ਤੇ ਸੀਸ ਧਰਿਆ ਤੇ ਭੇਟਾ ਅਰਪਨ ਕੀਤੀ। ਫਿਰ ਗੁਰੂ ਸਾਹਿਬ ਨੂੰ ਬੇਨਤੀ ਕਰ ਕੇ ਆਪਣੇ ਘਰ ਲੈ ਜਾ ਕੇ ਸੇਵਾ ਕੀਤੀ।[4]

**ਸਯਾਮ ਦਾਸ / ਚੰਦ / ਸਯਾਮ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ। ਸੂਰਜ ਮੱਲ ਦਾ ਪੋਤਾ ਤੇ ਦੀਪ ਚੰਦ ਦਾ ਪੁੱਤਰ, ਜਿਸ ਦਾ ਜਨਮ 1662 ਈ. ਵਿਚ ਹੋਇਆ। ਗੁਲਾਬ ਰਾਇ ਇਸ ਦਾ ਵੱਡਾ ਭਰਾ ਸੀ। ਸਯਾਮ ਸਿੰਘ ਨੇ ਦਸਮੇਸ਼ ਜੀ ਤੋਂ ਅੰਮ੍ਰਿਤਪਾਨ ਕਰਕੇ ਖ਼ਾਲਸਾ ਰਹਿਤ ਧਾਰਨ ਕਰ ਲਈ ਸੀ।[5]

**ਸਰਧਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਦਿੱਲੀ ਦਾ ਰਹਿਣ ਵਾਲਾ ਅਰੋੜਾ ਸਿੱਖ ਸੀ, ਜੋ

---

1 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 63.

2 ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 302.

3 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁੱਤ 6, ਅੰਸੂ 55.

4 ਭਾਈ ਵੀਰ ਸਿੰਘ, ਸ੍ਰੀ ਕਲਗੀਧਰ ਦੀਨੇ, ਪੰਨੇ 15-16.

5 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾ. ਬਲਵੰਤ ਸਿੰਘ ਢਿੱਲੋਂ, ਪੰਨਾ 168.

ਕਿ ਮੋਹਕਮ ਦਾਸ ਦਾ ਪੁੱਤਰ ਸੀ। ਇਸ ਨੇ ਗੁਰੂ ਸਾਹਿਬ ਦੇ ਪਰਿਵਾਰ ਦੀ ਦਿੱਲੀ ਵਿਚ ਬਹੁਤ ਸੇਵਾ ਕੀਤੀ ਸੀ।[1]

**ਸਲਾਹੀ ਚੰਦ, ਰਾਜਾ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸੀ। ਸਲਾਹੀ ਚੰਦ ਬਸਾਲੀ ਨਗਰ ਦਾ ਰਾਜਾ ਸੀ। ਇਸ ਦਾ ਪੂਰਾ ਪਰਿਵਾਰ ਗੁਰੂ-ਘਰ ਦਾ ਸ਼ਰਧਾਲੂ ਸੀ। ਜਦੋਂ ਇਸ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਨੂੰ ਨਿਰਮੋਹਗੜ੍ਹ ਦੀ ਟਿਬੀ 'ਤੇ ਪਹਾੜੀ ਫ਼ੌਜਾਂ ਨੇ ਘੇਰ ਰੱਖਿਆ ਹੈ। ਤਾਂ ਇਸ ਨੇ ਗੁਰੂ ਸਾਹਿਬ ਨੂੰ ਬਸਾਲੀ ਆਉਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਇਸ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਬਸਾਲੀ ਨਗਰ ਗਏ।[2]

**ਸਿੱਧ ਸੈਨ** : ਮੰਡੀ ਦਾ ਰਾਜਾ, ਇਹ ਗੁਰੂ ਗੋਬਿੰਦ ਸਿੰਘ ਜੀ ਦਾ ਬੜਾ ਪ੍ਰੇਮੀ ਸੀ। ਗੁਰੂ ਜੀ ਇਸ ਦੇ ਸੱਦੇ 'ਤੇ ਮੰਡੀ ਪਧਾਰੇ ਸਨ।[3]

**ਸਿਵਦੱਤ, ਬ੍ਰਾਹਮਣ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ। ਇਹ ਪਟਨਾ ਵਿਖੇ ਗੰਗਾ ਕਿਨਾਰੇ ਰਹਿੰਦਾ ਸੀ। ਇਸ ਨੇ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਦੇ ਅਲੌਕਿਕ ਚਰਿੱਤ੍ਰ ਸੁਣੇ ਤਾਂ ਮਨ ਵਿਚ ਸੋਚਿਆ ਕਿ ਗੋਬਿੰਦ ਰਾਇ ਮੈਨੂੰ ਰਾਮਚੰਦ੍ਰ ਦੇ ਸਰੂਪ ਵਿਚ ਦਰਸ਼ਨ ਦੇਵੇ ਤਾਂ ਮੈਂ ਤਨੋ-ਮਨੋ ਇਸ ਦਾ ਸੇਵਕ ਹੋ ਜਾਵਾਂ। ਗੋਬਿੰਦ ਰਾਇ ਨੇ ਰਾਮਚੰਦ੍ਰ ਦੇ ਰੂਪ ਵਿਚ ਦਰਸ਼ਨ ਦਿੱਤੇ। ਇਹ ਗੁਰੂ ਸਾਹਿਬ ਦਾ ਸੇਵਕ ਹੋਇਆ। *ਸ੍ਰੀ ਗੁਰ ਪੰਥ ਪ੍ਰਕਾਸ਼* ਵਿਚ ਇਸ ਦਾ ਜ਼ਿਕਰ ਮਿਲਦਾ ਹੈ –

ਸਿਵਦਤ ਬ੍ਰਾਹਮਣ ਤਹਾ ਕਾ ਥਾ ਰਈਸ ਨਿਤਜਾਇ।
ਗੰਗਾ ਤਟ ਪੂਜਾ ਕਰੇ ਗੁਰ ਲੀਲਾ ਦਰਸਾਇ।...[4]

**ਸੁਖੀਆ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਸੁਖੀਆ ਭਾਈ ਰੂਪ ਚੰਦ (ਭਾਈਰੂਪੇ ਵਾਲੇ, ਜੋ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਮੁੱਖ ਸਿੱਖ ਸਨ) ਦਾ ਛੇਵਾਂ ਪੁੱਤਰ ਸੀ। ਇਸ ਨੂੰ ਸੁਖਾ ਨੰਦ ਵੀ ਕਹਿੰਦੇ ਹਨ। ਇਹ ਭਾਈ ਰੂਪੇ ਵਾਲੀ ਗੱਦੀ ਦਾ ਵਾਰਸ ਬਣਿਆ। ਗੁਰੂ ਸਾਹਿਬ ਨੇ ਭਾਈ ਸੁਖੀਆ ਦੇ ਨਾਮ ਪੁਰ ਇਕ

---

1 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 142.

2 *ਉਹੀ*, ਪੰਨਾ 131.

3 ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪੰਨਾ 226.

4 ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 172.

*ਹੁਕਮਨਾਮਾ* ਲਿਖਿਆ, ਜਿਸ ਵਿਚ ਇਕ ਊਠ, ਅਸਵਾਰ (ਘੋੜਸਵਾਰ), ਪਿਆਦੇ (ਪੈਦਲ ਸਿਪਾਹੀ) ਅਤੇ ਬੰਦੂਕੀ (ਬੰਦੂਕਾਂ ਵਾਲੇ) ਲੈ ਕੇ ਆਉਣ ਦਾ ਹੁਕਮ ਕੀਤਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਇਕ *ਹੁਕਮਨਾਮੇ* ਵਿਚ ਜੋ ਕਿ ਭਾਈ ਰੂਪੇ ਦੀ ਸੰਗਤ ਦੇ ਨਾਮ ਭੇਜਿਆ ਸੀ। ਉਸ ਵਿਚ ਇਕ ਨਾਮ ਸੰਗੋ ਸਿੰਘ ਵਰਤਿਆ ਹੈ, ਜਾਪਦਾ ਹੈ ਕਿ ਇਹ ਨਾਮ ਭਾਈ ਸੁਖੀਆ ਲਈ ਹੀ ਵਰਤਿਆ ਗਿਆ ਹੋਵੇ, ਕਿਉਂਕਿ ਭਾਈ ਰੂਪੇ ਦੇ ਸਿਰਨਾਮੀ ਸਿੱਖਾਂ ਵਿਚੋਂ ਭਾਈ ਸੁਖੀਆ ਹੀ ਸੀ।[1]

**ਸੁਖਦੇਵ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਸੁਖਦੇਵ ਦਾ ਜ਼ਿਕਰ ਕੀਤਾ ਹੈ।[2]

**ਸੁੱਖੂ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ ਸੀ। ਜਦੋਂ ਗੁਰੂ ਸਾਹਿਬ ਮਾਲਵੇ ਵਿੱਚ ਕੋਠੇ ਅਤੇ ਮਲੂਕੇ ਪਿੰਡ ਦੇ ਵਿਚਕਾਰ ਬਿਰਾਜੇ ਹੋਏ ਸਨ, ਤਦ ਇੱਕ ਦਿਵਾਨਾ ਸਾਧੂ ਮਲੂਕਾ ਪਹਿਰੇ ਬਰਦਾਰ ਦੇ ਵਰਜਣ 'ਤੇ ਵੀ ਗੁਰੂ ਸਾਹਿਬ ਦੇ ਤੰਬੂ ਵਿੱਚ ਦਾਖਿਲ ਹੋਣ ਲੱਗਾ, ਜਿਸ ਕਰਕੇ ਸਿਪਾਹੀ ਨੇ ਉਸ ਨੂੰ ਅਜੇਹਾ ਮਾਰਿਆ ਕਿ ਉਹ ਮਰ ਗਿਆ। ਉਸ ਦਾ ਬਦਲਾ ਲੈਣ ਲਈ ਦਿਵਾਨਿਆਂ ਦੇ ਮਹੰਤ ਘੁੱਦੇ ਨੇ ਪੰਜਾਹ ਦਿਵਾਨੇ ਇਕੱਠੇ ਕੀਤੇ, ਉਨ੍ਹਾਂ ਵਿਚ ਦੋ ਸੁੱਖੂ ਤੇ ਬੁੱਧੂ ਵੀ ਸਨ। ਇਹ ਬਾਜਕ ਦੇ ਮੁਕਾਮ ਗੁਰੂ ਸਾਹਿਬ ਪਾਸ ਪੁੱਜੇ ਪਰ ਦਰਸ਼ਨ ਕਰਕੇ ਸ਼ਾਂਤ ਹੋ ਗਏ ਅਤੇ ਗੁਰੂ ਸਾਹਿਬ ਦੇ ਸ਼ਰਦਾਲੂ ਬਣੇ। ਸੁੱਖੂ ਅਤੇ ਬੁੱਧੂ ਦਿਵਾਨਿਆਂ ਨੇ ਪ੍ਰੇਮ ਭਾਵ ਨਾਲ ਸਤਿਗੁਰੂ ਦੀ ਸੇਵਾ ਕੀਤੀ ਅਤੇ ਸਾਰੰਗੀ ਤੇ ਢੱਡ ਨਾਲ ਪੇਂਡੂ ਧਾਰਣਾ ਦੇ ਗੀਤ ਗਾ ਕੇ ਸੁਣਾਏ।[3]

**ਸੁਜਾਨ ਸਿੰਘ, ਭਾਈ** : ਇਹ ਦਸਮ ਪਾਤਸ਼ਾਹ ਦਾ ਸ਼ਰਧਾਲੂ ਸਿੱਖ ਸੀ। ਭਾਈ ਸੁਜਾਨ ਸਿੰਘ ਲਾਹੌਰ ਦਾ ਰਹਿਣ ਵਾਲਾ ਸੀ। ਇਹ ਸ਼ਾਹੂਕਾਰਾਂ ਦੇ ਪਰਿਵਾਰ ਵਿਚੋਂ ਸੀ। ਇਸ ਦੇ ਪਿਤਾ ਜੀ ਦੋ ਭਰਾ ਸਨ। ਵੱਡੇ ਦੇ ਔਲਾਦ ਨਾ ਹੋਈ, ਉਸ ਨੇ ਸੁਜਾਨ ਨੂੰ ਗੋਦ ਲੈ ਲਿਆ। ਇਸ ਲਈ ਪੜ੍ਹਨ-ਪੜ੍ਹਾਉਣ ਦਾ ਖਾਸ ਪ੍ਰਬੰਧ ਕੀਤਾ ਗਿਆ। ਇਸ ਨੇ

---

1 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 61, 102; ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 181.

2 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 140.

3 ਰਣਧੀਰ ਸਿੰਘ, ਰੀਸਰਚ ਸਕਾਲਰ, ਉਦਾਸੀ ਸਿੱਖਾਂ ਦੀ ਵਿਥਿਆ, ਪੰਨਾ 498.

ਹਿੰਦੀ, ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਦੀ ਵਿਦਿਆ ਤੋਂ ਇਲਾਵਾ ਵੈਦਗੀ ਵਿਚ ਵੀ ਮੁਹਾਰਤ ਹਾਸਿਲ ਕਰ ਲਈ ਸੀ। ਫਿਰ ਇਕ ਚੰਗੇ ਹਕੀਮ ਕੋਲੋਂ ਹਿਕਮਤ ਸਿੱਖ ਕੇ ਚੰਗਾ ਹਕੀਮ ਬਣ ਗਿਆ। ਇਸ ਦਾ ਪਰਿਵਾਰ ਚੰਗਾ ਗੁਜ਼ਾਰਾ ਕਰ ਰਿਹਾ ਸੀ। ਘਰ ਪਰਿਵਾਰ ਸੁਖੀ ਹੋਣ ਦੇ ਬਾਵਜੂਦ ਇਸ ਦਾ ਮਨ ਸ਼ਾਂਤ ਨਹੀਂ ਸੀ ਰਹਿੰਦਾ। ਇਕ ਦਿਨ ਇਸ ਨੂੰ ਅੰਮ੍ਰਿਤਸਰ ਵਿਚ ਇਕ ਕਵੀ ਅੰਮ੍ਰਿਤ ਰਾਇ ਮਿਲਿਆ, ਇਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਕਵੀਆਂ ਅਤੇ ਵਿਦਵਾਨਾਂ ਦੀ ਕਦਰ ਬਾਰੇ ਦੱਸਿਆ। ਅੰਮ੍ਰਿਤ ਰਾਇ ਨੇ ਕਿਹਾ ਕਿ ਉਥੇ ਮੇਰਾ ਇਕ ਦੋਸਤ ਕਵੀ ਸੈਨਾਪਤਿ ਹੈ। ਉਸ ਨੇ ਸਾਨੂੰ ਅਨੰਦਪੁਰ ਦਾ ਨਜ਼ਾਰਾ ਵੇਖਣ ਲਈ ਸੱਦਾ ਦਿੱਤਾ ਹੈ। ਸੁਜਾਨ ਛੇਤੀ ਨਾਲ ਅਨੰਦਪੁਰ ਗੁਰੂ ਦਰਸ਼ਨਾਂ ਨੂੰ ਗਿਆ। ਉਥੇ ਜਾ ਕੇ ਜਦੋਂ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਪਿਛਲਾ ਸਾਰਾ ਕੁਝ ਭੁੱਲ ਗਿਆ। ਗੁਰੂ ਗੋਬਿੰਦ ਸਿੰਘ ਨੇ ਇਸ ਨੂੰ ਸੰਗਤ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ। ਇਹ ਪਰਿਵਾਰ ਸਮੇਤ ਅੰਮ੍ਰਿਤ ਛਕ ਕੇ ਸੁਜਾਨ ਤੋਂ ਸੁਜਾਨ ਸਿੰਘ ਬਣਿਆ। ਇਹ ਅਨੰਦਪੁਰ ਤੋਂ ਚਲ ਕੇ ਰੋਪੜ ਆ ਕੇ ਰਹਿਣ ਲੱਗ ਪਿਆ। ਇਥੇ ਆਪਣੀ ਹਕੀਮੀ ਕਰਦਾ ਤੇ ਕਿਸੇ ਤੋਂ ਪੈਸੇ ਘੱਟ ਹੀ ਮੰਗਦਾ ਜੋ ਕੁਝ ਕੋਈ ਦੇ ਜਾਂਦਾ, ਲੈ ਲੈਂਦਾ। ਅਨੰਦਪੁਰ ਨੂੰ ਜਾਣ-ਆਉਣ ਵਾਲੀ ਸੰਗਤ ਇਸ ਕੋਲ ਠਹਿਰਦੀ। ਇਹ ਸੰਗਤ ਅਤੇ ਰੋਗੀਆਂ ਲਈ ਲੰਗਰ ਪਾਣੀ ਦੀ ਸੇਵਾ ਵੀ ਕਰਦਾ। ਸੰਗਤ ਅਨੰਦਪੁਰ ਜਾ ਕੇ ਇਸ ਦੀਆਂ ਸੇਵਾਵਾਂ ਦਾ ਖਾਸ ਜ਼ਿਕਰ ਕਰਦੀ। ਗੁਰੂ ਸਾਹਿਬ ਇਸ ਦੀ ਸੇਵਾ ਤੋਂ ਬਹੁਤ ਪ੍ਰਸੰਨ ਹੋਏ।[1]

**ਸੁਭਾਗ ਸਿੰਘ, ਭਾਈ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਗੁਰੂ ਸਾਹਿਬ ਦੇ ਇਕ *ਹੁਕਮਨਾਮੇ* ਵਿਚ ਭਾਈ ਸੁਭਾਗ ਸਿੰਘ ਦਾ ਜ਼ਿਕਰ ਮਿਲਦਾ ਹੈ। ਉਸ ਵਿਚ ਸੰਗਤ ਲਈ ਹੁਕਮ ਹੈ ਕਿ ਭਾਈ ਸੁਭਾਗ ਸਿੰਘ ਨੂੰ ਕਾਰ (ਭੇਟਾ) ਦੇਣੀ ਤੇ ਭਾਈ ਸੁਭਾਗ ਸਿੰਘ ਸੰਗਤ ਦੀ ਕਾਰ ਲੈ ਕੇ ਵਿਸਾਖੀ ਨੂੰ ਆਵੇ।[2]

**ਸੂਮੋ / ਸੂਮਾ :** ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ। ਸੂਮਾ ਬਰਾੜ ਲੱਖੀ ਜੰਗਲ ਵਿਚ ਮਹਮਾ ਸਰਜਾ ਦਾ ਚੌਧਰੀ ਸੀ।

---

1 ਖਾਲਸਾ ਟ੍ਰੈਕਟ ਸੁਸਾਇਟੀ, ਗੁਰਸਿੱਖ ਵਾੜੀ, ਪੰਨੇ 191-200.

2 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 77.

ਜਦੋਂ ਗੁਰੂ ਸਾਹਿਬ ਇਸ ਖੇਤਰ ਵਿਚ ਬਿਰਾਜੇ ਸਨ ਤਾਂ ਇਸ ਨੇ ਗੁਰੂ ਜੀ ਦੀ ਕਰਾਮਾਤ ਵੇਖਣ ਲਈ ਕਈ ਵਾਰ ਵੱਖ-ਵੱਖ ਮੱਝਾਂ ਦਾ ਦੁੱਧ ਲਿਆ ਕੇ ਸੇਵਾ ਕੀਤੀ ਸੀ।[1]

**ਸੇਵਕ ਦਾਸ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ ਸੀ। ਸੇਵਕ ਦਾਸ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ। ਇਸ ਬਾਰੇ ਕੋਈ ਸੰਤੋਖਜਨਕ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਸੇਵਕ ਦਾਸ ਦਾ ਜ਼ਿਕਰ ਕੀਤਾ ਹੈ।[2]

**ਸੋਭਾ ਚੰਦ, ਦਰਬਾਰੀ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਸ਼ਰਧਾਲੂ ਸਿੱਖ। ਗੁਰੂ ਸਾਹਿਬ ਵਲੋਂ ਭਾਈ ਰਾਮਰਾਇ ਤੇ ਦਾਈ ਲਾਡੋ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਸੋਭਾ ਚੰਦ ਦਰਬਾਰੀ ਨੂੰ ਹਜ਼ੂਰ ਪਹੁੰਚਣ ਲਈ ਹੁਕਮ ਕੀਤਾ ਗਿਆ ਸੀ।[3]

**ਸੋਮਾਂ, ਬੀਬੀ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਧਾਲੂ ਸਿੱਖ। ਇਹ ਮਾਛੀਵਾੜੇ ਦੀ ਰਹਿਣ ਵਾਲੀ ਇਕ ਬ੍ਰਾਹਮਣੀ ਸੀ। ਬੀਬੀ ਸੋਮਾਂ ਹਰ ਸਾਲ ਗੁਰੂ ਜੀ ਵਾਸਤੇ ਖੱਦਰ ਦਾ ਇਕ ਰੇਂਜਾ ਤਿਆਰ ਕਰ ਕੇ ਦਰਸ਼ਨਾਂ ਨੂੰ ਅਨੰਦਪੁਰ ਜਾਇਆ ਕਰਦੀ ਸੀ। ਜਦੋਂ ਗੁਰੂ ਸਾਹਿਬ ਮਾਛੀਵਾੜੇ ਆਏ। ਇਸ ਨੂੰ ਪਤਾ ਲੱਗਾ ਤਾਂ ਇਕ ਰੇਂਜਾ ਅਤੇ ਪੰਜ ਰੁਪਏ ਭੇਟਾ ਲੈ ਕੇ ਗੁਰੂ ਜੀ ਨੂੰ ਮੱਥਾ ਟੇਕਿਆ।[4]

**ਸੰਗਤੀਆ, ਬਾਲਾ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ। ਇਹ ਕਿਥੋਂ ਦਾ ਰਹਿਣ ਵਾਲਾ ਸੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਪਰ ਭਾਈ ਸੰਗਤੀਆ ਬਾਲਾ ਦੇ ਨਾਮ ਪੁਰ ਗੁਰੂ ਸਾਹਿਬ ਵਲੋਂ ਲਿਖਿਆ ਇਕ *ਹੁਕਮਨਾਮਾ* ਮਿਲਦਾ ਹੈ, ਜਿਸ ਵਿਚ ਗੁਰੂ ਸਾਹਿਬ ਵਲੋਂ ਹੁਕਮ ਕੀਤਾ ਹੋਇਆ ਹੈ ਕਿ ਵਿਸਾਖੀ ਨੂੰ ਇਕ ਤੁਪਕ (ਤੋਪੜਾ, ਛੋਟੀ ਤੋਪ), ਲੈ ਕੇ ਆਉਣਾ।[5]

**ਸੰਤੋਖਾ, ਮੇਵੜਾ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮੇਵੜਾ (ਸੁਨੇਹਾ ਲੈ ਜਾਣ ਤੇ ਲਿਆਉਣ ਵਾਲਾ, ਇਹ ਚਲਣ

---

1 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾ. ਡਾ. ਬਲਵੰਤ ਸਿੰਘ ਢਿੱਲੋਂ, ਪੰਨਾ 61.

2 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 140.

3 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 55.

4 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 150.

5 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 59.

ਵਿਚ ਬਹੁਤ ਤੇਜ ਹੁੰਦੇ ਸਨ) ਸਿੱਖ ਸੀ। ਸੰਤੋਖਾ ਪਟਨ ਫਰੀਦ ਦੇ ਇਲਾਕੇ ਦਾ ਰਹਿਣ ਵਾਲਾ ਸੀ। ਇਹ ਗੁਰੂ ਸਾਹਿਬ ਕੋਲ ਸੰਗਤੀ ਭੇਟਾ ਲੈ ਕੇ ਹਾਜ਼ਰ ਹੋਇਆ। ਗੁਰੂ ਸਾਹਿਬ ਨੇ ਪਟਨ ਫਰੀਦ ਦੀ ਸੰਗਤ ਦੇ ਨਾਮ ਜੋ *ਹੁਕਮਨਾਮਾ* ਭੇਜਿਆ, ਉਸ ਵਿਚ ਸੰਤੋਖੇ ਮੇਵੜੇ ਹੱਥ ਸੰਗਤ ਦੀ ਭੇਜੀ ਭੇਟਾ ਗੁਰੂ ਸਾਹਿਬ ਨੇ ਪ੍ਰਵਾਨ ਕਰਦਿਆਂ ਅਸੀਸ ਬਖਸ਼ੀ, ਨਾਲ ਕਿਹਾ, ਕਿਸੇ ਹੋਰ ਮਸੰਦ ਨੂੰ ਨਹੀਂ ਮੰਨਣਾ। ਸੰਤੋਖ ਮੇਵੜੇ ਦੇ ਹੱਥ ਪਟਨ ਫਰੀਦ ਦੀ ਸੰਗਤ ਲਈ ਗੁਰੂ ਸਾਹਿਬ ਨੇ ਤਿੰਨ ਸਿਰਪਾਉ ਵੀ ਭੇਜੇ।[1]

**ਸੰਮਾ / ਸਿਆਮਾ** : ਦਸਮ ਪਾਤਸ਼ਾਹ ਦਾ ਸ਼ਰਧਾਲੂ ਸਿੱਖ। ਇਹ ਮਾਲਵੇ ਵਿਚ ਸੁਨੀਅਰ ਪਿੰਡ ਦਾ ਵਸਨੀਕ ਇਕ ਡੋਗਰ ਸੀ, ਇਹ ਦਸਮੇਸ਼ ਜੀ ਦੇ ਸੁਨੀਅਰ ਪਿੰਡ ਪਧਾਰਨ ਸਮੇਂ ਦੁੱਧ ਲੈ ਕੇ ਸੇਵਾ ਵਿੱਚ ਹਾਜ਼ਿਰ ਹੋਇਆ ਸੀ।[2]

**ਹਰਦਿਆਲ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਢਾਕੇ ਦੇ ਇਲਾਕੇ ਦਾ ਸ਼ਰਧਾਲੂ ਸਿੱਖ। ਢਾਕੇ ਵਿਚ ਇਹ ਕਿਥੋਂ ਦਾ ਰਹਿਣ ਵਾਲਾ ਸੀ। ਇਸ ਬਾਰੇ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਵਲੋਂ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਹਰਦਿਆਲ ਦਾ ਜ਼ਿਕਰ ਮਿਲਦਾ ਹੈ।[3]

**ਹੀਰਾ, ਭਾਈ** : ਭਾਈ ਹੀਰਾ ਗੁਰੂ ਸਾਹਿਬ ਦਾ ਇਕ ਸ਼ਰਧਾਲੂ ਸਿੱਖ ਸੀ। ਇਹ ਸੁਨਾਮ ਦਾ ਰਹਿਣ ਵਾਲਾ ਸੀ। ਗੁਰੂ ਸਾਹਿਬ ਧਮਧਾਨ ਤੋਂ ਚਲ ਕੇ ਭਾਈ ਹੀਰੇ ਦੇ ਘਰ ਠਹਿਰੇ ਸਨ ਅਤੇ ਇਸ ਦੇ ਪੁੱਤਰ ਸ਼ੀਹੇ ਨੂੰ ਤਾਪ (ਬੁਖਾਰ) ਦੀ ਬੀਮਾਰੀ ਤੋਂ ਠੀਕ ਕੀਤਾ ਸੀ। *ਗੁਰੂ ਕੀਆਂ ਸਾਖੀਆਂ* ਵਿਚ ਲਿਖਿਆ ਹੈ – 'ਧਮਧਾਨ ਨਗਰੀ ਮੇਂ ਨਿਵਾਸ ਰੱਖ ਕੇ ਭਾਈ ਨਗਾਹੀਏ ਸੇ ਵਿਦਾਇਗੀ ਮਾਂਗੀ। ਯਹਾਂ ਸੇ ਚੱਲ ਜਾਖਲ, ਗੁਰਨਾ, ਗਾਗਾ ਲਹਿਰਾ, ਛਾਜਲੀ ਆਦਿ ਨਗਰਾਂ ਥੀਂ ਹੋਤੇ ਹੂਏ ਸੁਨਾਮ ਗਾਉਂ ਮੇਂ ਆਇ ਕੰਬੋਆਂ ਕੇ ਮਹੱਲੇ ਭਾਈ ਹੀਰੇ ਕੇ ਗ੍ਰਿਹਿ ਮੇਂ ਜਾਇ ਨਿਵਾਸ ਕੀਆ। ਗੁਰੂ ਜੀ ਕਾ ਸੁਨਾਮ ਨਗਰੀ ਮੇਂ ਆਨਾਂ ਸੁਨ ਗਾਉਂ ਵਾਸੀ ਸਿੱਖ ਸੰਗਤਾਂ ਹੁੰਮ ਹੁਮਾਇਕੇ ਦਰਸ਼ਨ ਪਾਨੇ ਆਈਆਂ। ਭਾਈ ਹੀਰਾ ਅਰ ਇਸ ਕੀ ਇਸਤਰੀ ਦੇਸਾਂ ਨੇ ਤਨ ਮਨ ਸੇ ਸੇਵਾ ਕੀ, ਇਨ ਕਾ ਏਕ ਹੀ ਬੇਟਾ

---

1 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 161.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 248.

3 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 140.

ਸੀ ਜਿਸ ਕਾ ਨਾਉਂ ਸ਼ੀਹਾਂ ਥਾ ਜਿਸੇ ਕਈ ਦਿਹੁੰ ਸੇ ਤਾਪ ਆਤਾ ਸੀ। ਦੋਹਾਂ ਸਿੱਖ ਤੇ ਸਿਖਨੀ ਨੇ ਹਾਥ ਬਾਂਧ ਬੇਨਤੀ ਕੀ ਗਰੀਬ ਨਿਵਾਜ! ਇਸੇ ਵਾਰੀ ਕਾ ਬੁਖਾਰ ਆਤਾ ਹੈ, ਸਹਾਈ ਹੋਈਏ। ਸਤਿਗੁਰੂ ਸ਼ੀਹੇ ਕੀ ਤਰਫ ਦੇਖਾ, ਮੁਖ ਥੀਂ ਮੂਲਮੰਤਰ ਕਾ ਪਾਠ ਕਰਕੇ ਇਸੇ ਦਾਂਇਆ ਪਾਉਂ ਛੁਹਾਇਆ ਤਾਪ ਜਾਤਾ ਰਹਾ।'[1]

**ਹੁਲਾਸ ਚੰਦ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੇ ਰਹਿੰਦਾ ਸੀ, ਇਸ ਬਾਰੇ ਕੋਈ ਪੁਖਤਾ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਭਾਈ ਹੁਲਾਸ ਚੰਦ ਦਾ ਜ਼ਿਕਰ ਕੀਤਾ ਹੈ ਕਿ ਭਾਈ ਹੁਲਾਸ ਚੰਦ ਨੇ ਦੀਵਾਲੀ ਨੂੰ ਸੰਗਤ ਪਾਸੋਂ ਕਾਰ ਭੇਟ, ਹਥਿਆਰ ਅਤੇ ਕਪੜਾ ਆਦਿਕ ਲੈ ਕੇ ਆਵਣਾ। ਇਸ ਤੋਂ ਇਲਾਵਾ ਇਕ *ਹੁਕਮਨਾਮੇ* ਵਿਚ ਹੁਲਾਸ ਚੰਦ ਦੁਆਰਾ ਗੁਰੂ ਦਰਬਾਰ ਵਿਚ ਭੇਟਾ ਪਹੁੰਚਾਉਣ ਤੋਂ ਬਾਅਦ ਸੰਗਤ ਨੂੰ ਦੱਸਿਆ ਗਿਆ ਹੈ ਕਿ ਹੁਲਾਸ ਚੰਦ ਨੇ ਇੰਨੀ ਭੇਟਾ ਜਮ੍ਹਾਂ ਕਰਵਾਈ ਹੈ।[2]

**ਹੇਤਾ :** ਭਾਈ ਹੇਤਾ ਦਸਮੇਸ਼ ਦਾ ਇਕ ਪ੍ਰੇਮੀ ਮਲਵਈ ਸਿੱਖ ਸੀ। ਇਹ ਪਿੰਡ ਸਿਵਰਾਸੀ (ਸਿਉਰਾਸੀ, ਹੁਣ ਸਰਾਵਾਂ) ਕੋਟਕਪੂਰੇ ਦਾ ਰਹਿਣ ਵਾਲਾ ਸੀ। ਇਸ ਨੇ ਮਾਲਵੇ ਵਿਚ ਗੁਰੂ ਸਾਹਿਬ ਦੀ ਤਨੋਂ ਮਨੋਂ ਬਹੁਤ ਸੇਵਾ ਕੀਤੀ। ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਇਸ ਨੂੰ ਇਕ ਕਟਾਰ ਬਖਸ਼ੀ।[3] ਇਸ ਬਾਰੇ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਲਿਖਿਆ ਹੈ –

ਬਹਿਬਲ ਤੇ ਸਿਉਰਾਸੀ ਨਾਮੂ।
ਕਰੇ ਬਿਲੋਕਨ ਜਬ ਏ ਗ੍ਰਾਮੂ।[4]

**ਕਪੂਰਾ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮਾਲਵੇ ਇਲਾਕੇ ਦਾ ਇਕ ਸ਼ਰਧਾਲੂ ਸਿੱਖ। ਇਹ ਬੈਰਾੜ ਗੋਤ ਦਾ ਇਕ ਜੱਟ ਸਰਦਾਰ ਸੀ, ਜਿਸ ਦੇ ਨਾਉਂ 'ਤੇ 'ਕੋਟਕਪੂਰਾ' ਨਗਰ ਆਬਾਦ ਹੋਇਆ। ਜਦੋਂ ਸੂਬਾ ਸਰਹਿੰਦ ਦਸਮੇਸ਼ ਦਾ

---

1 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 100.

2 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨੇ 135, 140.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 280.

4 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁੱਤ 5, ਅੰਸੂ 20.

ਪਿੱਛਾ ਕਰਦਾ ਹੋਇਆ ਫ਼ੌਜ ਲੈ ਕੇ ਜੰਗਲ ਪਹੁੰਚਿਆ, ਤਦ ਮੁਕਤਸਰ ਦੇ ਮੁਕਾਮ ਕਪੂਰਾ ਸ਼ਾਹੀ ਫ਼ੌਜ ਨਾਲ ਖੜਾ ਸੀ। ਘੋਰ ਜੰਗ ਪਿੱਛੋਂ ਇਸ ਨੇ ਸੂਬੇ ਨੂੰ ਇਹ ਸਮਝਾਕੇ ਕਿ ਅੱਗੇ ਆਸ-ਪਾਸ ਕਿਤੇ ਵੀ ਪਾਣੀ ਨਹੀਂ, ਤੁਰਕੀ ਸੈਨਾ ਨੂੰ ਗੁਰੂ ਸਾਹਿਬ ਦਾ ਪਿੱਛਾ ਕਰਨੋਂ ਵਰਜਿਆ। ਕਲਗੀਧਰ ਤੋਂ ਅੰਮ੍ਰਿਤ ਛੱਕ ਕੇ ਕਪੂਰਾ ਤੋਂ ਕਪੂਰ ਸਿੰਘ ਬਣਿਆ। ਗੁਰੂ ਸਾਹਿਬ ਨੇ ਇਸ ਨੂੰ ਇੱਕ ਖੜਗ ਅਤੇ ਢਾਲ ਬਖਸ਼ੀ। ਈਸਾ ਖ਼ਾਨ ਮੰਝ (ਜੋ ਗਵਾਂਢੀ ਇਲਾਕੇ ਦਾ ਮਾਲਿਕ ਬਣਿਆ ਹੋਇਆ ਸੀ) ਨੇ ਕਪੂਰ ਸਿੰਘ ਨੂੰ ਸੰਨ 1708 ਈ. ਵਿੱਚ ਫਾਂਸੀ ਦੇ ਕੇ ਮਾਰ ਦਿੱਤਾ।[1]

**ਕਪੂਰੋ, ਬੀਬੀ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਧਾਲੂ ਇਕ ਸਿੱਖ ਬੀਬੀ। ਇਹ ਬੈਰਾੜ ਗੋਤ ਦੇ ਕਪੂਰੇ (ਕਪੂਰ ਸਿੰਘ) ਚੌਧਰੀ ਦੀ ਭੈਣ ਸੀ। ਇਹ ਸਾਰਾ ਪਰਿਵਾਰ ਗੁਰੂ-ਘਰ ਦਾ ਸ਼ਰਧਾਲੂ ਸੀ। ਬੀਬੀ ਕਪੂਰੋ ਸਾਬ੍ਹੋ ਕੀ ਤਲਵੰਡੀ (ਦਮਦਮੇ) ਦੇ ਚੌਧਰੀ ਰਾਇ ਡੱਲੇ ਨੂੰ ਵਿਆਹੀ ਹੋਈ ਸੀ। ਜਦੋਂ ਗੁਰੂ ਸਾਹਿਬ ਦਮਦਮੇ ਵਿਖੇ ਪਹੁੰਚੇ ਤਾਂ ਇਸ ਪੂਰੇ ਪਰਿਵਾਰ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਸੀ।[2]

**ਕਰਮ ਚੰਦ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਗੁਰੂ ਸਾਹਿਬ ਦੇ ਇਕ *ਹੁਕਮਨਾਮੇ* ਵਿਚ ਦੋ ਹੋਰ ਸਿੱਖਾਂ (ਭਾਈ ਮਿਹਰ ਚੰਦ ਤੇ ਭਾਈ ਧਰਮ ਚੰਦ) ਦੇ ਨਾਲ ਭਾਈ ਕਰਮ ਚੰਦ ਦਾ ਜ਼ਿਕਰ ਮਿਲਦਾ ਹੈ। ਇਨ੍ਹਾਂ ਨੂੰ ਗੁਰੂ ਸਾਹਿਬ ਵਲੋਂ ਹੁਕਮ ਹੋਇਆ ਕਿ ਇਕ ਸੌ ਇਕ ਰੁਪਏ ਦੀ ਹਾਥੀ ਪ੍ਰਥਾਇ ਹੁੰਡੀ ਕਰਵਾ ਭੇਜਣੀ ਅਤੇ ਹੋਰ ਜਥਾ ਯੋਗ ਜੋ ਗੁਰੂ ਨਮਿਤ ਹੋਵੇ ਸੋ ਆਪ ਹਥਿਆਰ ਬੰਨ੍ਹ ਕੇ ਲੈ ਆਉਣਾ।[3]

**ਕਲਿਆਣ ਰਾਇ, ਭਾਈ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਅਨਿੰਨ ਸਿੱਖ ਸੀ। ਭਾਈ ਕਲਿਆਣ ਰਾਇ ਮਾਛੀਵਾੜੇ ਦਾ ਰਹਿਣ ਵਾਲਾ ਸੀ। ਇਸ ਦੇ ਅਤੇ ਸਰਬੱਤ ਸੰਗਤ ਮਾਛੀਵਾੜੇ ਦੀ ਨਾਮ ਪੁਰ ਗੁਰੂ ਸਾਹਿਬ ਵਲੋਂ ਲਿਖਿਆ ਇਕ *ਹੁਕਮਨਾਮਾ* ਮਿਲਦਾ ਹੈ, ਜਿਸ ਵਿਚ ਗੁਰੂ ਸਾਹਿਬ ਨੇ ਕੁਝ ਭੇਟਾਵਾਂ ਸੋਨਾ ਆਦਿਕ ਤੇ ਦਸਵੰਧ ਲੈ ਕੇ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 297.

2 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 170.

3 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 171.

ਆਉਣ ਦਾ ਹੁਕਮ ਕੀਤਾ ਹੈ ਅਤੇ ਨਾਲ ਇਹ ਵੀ ਕਿਹਾ ਹੈ ਕਿ ਮਸੰਦ ਨੂੰ ਨਹੀਂ ਦੇਵਣਾ ਆਪ ਲੈ ਕੇ ਆਉਣਾ।[1]

**ਕੱਲ੍ਹਾਰਾਇ / ਰਾਇਕੱਲ੍ਹਾ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮਾਲਵੇ ਇਲਾਕੇ ਦਾ ਪਰਮ ਸੇਵਕ। ਰਾਇਕੱਲ੍ਹਾ ਰਾਇਕੋਟ (ਜਿਲ੍ਹਾ ਲੁਧਿਆਣਾ) ਦਾ ਇਕ ਸਰਦਾਰ ਸੀ, ਜੋ ਜਗਰਾਵਾਂ (ਜਗਰਾਓਂ) ਦੇ ਪਾਸ ਦੇ ਤਿਹਾੜ ਇਲਾਕੇ ਦਾ ਰਾਜਾ ਸੀ। ਇਹ ਗੁਰੂ ਗੋਬਿੰਦ ਸਿੰਘ ਜੀ ਦਾ ਪਰਮ ਸੇਵਕ ਸੀ। ਜਦੋਂ ਮਾਛੀਵਾੜੇ ਤੋਂ ਗੁਰੂ ਸਾਹਿਬ 'ਉੱਚ ਦਾ ਪੀਰ' ਬਣ ਕੇ ਰਾਇਕੋਟ ਪਹੁੰਚੇ, ਤਾਂ ਰਾਇਕੱਲ੍ਹੇ ਨੇ ਗੁਰੂ ਸਾਹਿਬ ਦੀ ਤਨ ਮਨ ਨਾਲ ਸੇਵਾ ਕੀਤੀ। ਆਪਣਾ ਚਰਵਾਹਾ ਨੂਰੂ (ਨੂਰਾ ਮਾਹੀ) ਸਰਹਿੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖਬਰ ਇਸੇ ਨੇ ਮੰਗਵਾਈ ਸੀ। ਕਲਗੀਧਰ ਨੇ ਰਾਇਕੱਲ੍ਹਾ ਨੂੰ ਇੱਕ ਖੜਗ ਬਖਸ਼ਿਆ ਅਤੇ ਹੁਕਮ ਕੀਤਾ ਕਿ ਇਸ ਨੂੰ ਸਨਮਾਨ ਨਾਲ ਰੱਖਣਾ। ਰਾਇਕੱਲ੍ਹੇ ਨੇ ਹੁਕਮ ਦੀ ਪੂਰੀ ਪਾਲਣਾ ਕੀਤੀ, ਪਰ ਉਸ ਦੇ ਪੋਤੇ ਨੇ ਦਸਮੇਸ਼ ਦਾ ਖੜਗ ਪਹਿਨ ਲਿਆ ਅਤੇ ਉਸੇ ਦਿਨ ਸ਼ਿਕਾਰ ਵਿੱਚ ਘੋੜੇ ਤੋਂ ਡਿੱਗ ਕੇ ਦਸਮੇਸ਼ ਦੇ ਖੜਗ ਨਾਲ ਜ਼ਖਮੀ ਹੋ ਕੇ ਮੋਇਆ। ਕਲਗੀਧਰ ਦੀਆਂ ਦੋ ਵਸਤੂਆਂ ਉਨ੍ਹਾਂ ਪਾਸ ਹਨ, ਇੱਕ ਗੰਗਾ ਸਾਗਰ ਅਤੇ ਇੱਕ ਪੋਥੀ ਕੌਲਣ ਦੀ ਰੇਹਲ।[2] ਜਦੋਂ ਗੁਰੂ ਸਾਹਿਬ ਨੂੰ ਨੂਰੇ ਮਾਹੀ ਨੇ ਖਬਰ ਦਿੱਤੀ ਕਿ ਛੋਟੇ ਸਾਹਿਬਜ਼ਾਦੇ ਕੰਧਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ ਹਨ ਅਤੇ ਮਾਤਾ ਗੁਜਰੀ ਜੀ ਵੀ ਸਰੀਰ ਛੱਡ ਗਏ ਹਨ ਤਾਂ ਗੁਰੂ ਸਾਹਿਬ ਨੇ ਕਾਹੀ ਦਾ ਬੂਟਾ ਪੁਟਦੇ ਹੋਏ ਕਿਹਾ ਤੁਰਕ ਰਾਜ ਦੀਆਂ ਜੜ੍ਹਾਂ ਪੁਟੀਆਂ ਗਈਆਂ। ਤਾਂ ਰਾਇਕੱਲ੍ਹੇ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਅਸੀਂ ਵੀ ਤੁਰਕ ਹਾਂ, ਸਾਡਾ ਕੀ ਹੋਵੇਗਾ? *ਗੁਰੂ ਕੀਆਂ ਸਾਖੀਆਂ* ਵਿਚ ਇਸ ਬਾਰੇ ਲਿਖਿਆ ਹੈ – 'ਗੁਰੂ ਜੀ ਨੇ ਆਲਮ ਖ਼ਾਂ ਕੀ ਤਰਫ ਦੇਖਾ, ਬਚਨ ਹੋਆ ਕਿ ਰਾਇ ਜੀ! ਕਿਆ ਕਹਿ ਰਹੇ ਹੈਂ, ਆਗੇ ਸੇ ਆਲਮ ਖ਼ਾਂ ਬੋਲਾ ਕਿ ਇਹ ਕਹਿ ਰਹੇ ਹੈ ਕਿ ਮੈਂ ਵੀ ਤੁਰਕ ਹਾਂ, ਕਿਆ ਮੇਰੇ ਰਾਜ ਕੀਆਂ ਜੜਾਂ ਵੀ ਹਿਲ ਜਾਣਗੀਆਂ? ਸਤਿਗੁਰਾਂ ਕਹਾ ਆਲਮ ਖ਼ਾਂ ਰਾਇ ਜੀ ਕਾ ਘਰ ਗੁਰੂ ਨਾਨਕ ਦੇਵ ਜੀ ਕੇ ਦਰ ਕਾ ਸੇਵਕ ਹੈ। ਇਸੇ ਤੱਤੀ ਵਾਉ ਨਹੀਂ ਲਾਗੇਗੀ। ਅਸਾਂ ਉਸ ਮਹਾਂ ਕਾਲ ਕੀ ਦਰਗਾਹ ਸੇ ਏਸ ਘਰ ਕੋ ਬਖਸ਼ਾਇ ਦੀਆ ਹੈ।'[3]

---

1 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 64.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 311.

3 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 154.

**ਕਵਲ ਨੈਨ** : ਸ੍ਰੀ ਦਸਮੇਸ਼ ਜੀ ਦਾ ਇਕ ਸ਼ਰਧਾਲੂ। ਕਵਲ ਨੈਨ ਢਿੱਲਵਾਂ ਨਗਰ ਵਿਚ ਰਹਿੰਦਾ ਸੀ। ਇਹ ਸੋਢੀ ਬੰਸ ਵਿਚੋਂ ਸੋਢੀ ਹਰਿ ਜਾ ਦਾ ਪੁੱਤਰ ਸੀ, ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਤਾਇਆ ਲਗਦਾ ਸੀ। ਕਵਲ ਨੈਨ ਨੇ ਗੁਰੂ ਸਾਹਿਬ ਦਾ ਬਹੁਤ ਆਦਰ ਕੀਤਾ ਅਤੇ ਆਪਣੇ ਡੇਰੇ ਵਿਚ ਲੈ ਜਾ ਕੇ ਇਕ ਇਕਾਂਤ ਕੋਠੜੀ ਵਿਚ ਆਸਣ ਲਵਾਇਆ ਸੀ।[1]

**ਕਾਸੀ ਰਾਮ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੇ ਰਹਿੰਦਾ ਸੀ। ਇਸ ਬਾਰੇ ਕੁਝ ਵੀ ਜਾਣਕਾਰੀ ਨਹੀਂ ਮਿਲਦੀ। ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਦੋ *ਹੁਮਕਨਾਮਿਆਂ* ਵਿਚ ਕਾਸੀ ਰਾਮ ਦਾ ਜ਼ਿਕਰ ਕੀਤਾ ਹੈ।[2]

**ਕਿਰਪਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਬਨਾਰਸ ਦਾ ਸ਼ਰਧਾਲੂ ਸਿੱਖ। ਕਿਰਪਾ ਸਿੰਘ ਬਨਾਰਸ ਵਿਚ ਕਿਥੋਂ ਦਾ ਰਹਿਣ ਵਾਲਾ ਹੈ। ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਗੁਰੂ ਸਾਹਿਬ ਨੇ ਬਨਾਰਸ ਦੀ ਸੰਗਤ ਦੇ ਨਾਮ ਪੁਰ ਇਕ *ਹੁਕਮਨਾਮਾ* ਲਿਖਿਆ, ਜਿਸ ਵਿਚ ਹੁਕਮ ਹੈ ਕਿ ਚਾਲੀ ਰੁਪਏ ਕਿਰਪਾ ਸਿੰਘ ਦੇ ਡੇਰੇ ਦੇਣੇ। ਹੋ ਸਕਦਾ ਹੈ ਕਿ ਇਹ ਉਥੇ ਕਿਸੇ ਡੇਰੇ ਦਾ ਮਹੰਤ ਹੋਵੇ।[3]

**ਕ੍ਰਿਪਾਲ ਦਾਸ** : ਇਹ ਨਾਮ ਦਾ ਰਸੀਆ ਅਤੇ ਮਹਾਨ ਸੂਰਵੀਰ ਉਦਾਸੀ ਸਾਧੂਆਂ ਦਾ ਮਹੰਤ ਸੀ, ਜਿਸ ਨੇ ਭੰਗਾਣੀ ਦੇ ਯੁੱਧ ਵਿੱਚ ਹਯਾਤ ਖ਼ਾਂ ਸਰਦਾਰ ਨੂੰ ਆਪਣੇ ਕੁਤਕੇ (ਸੋਟੇ) ਨਾਲ ਮਾਰਿਆ ਸੀ। ਇਸ ਦੀ ਸੇਵਾ ਪੁਰ ਪ੍ਰਸੰਨ ਹੋ ਕੇ ਦਸਮੇਸ਼ ਨੇ ਸਰੋਪਾ ਬਖਸ਼ਿਆ ਇਸ ਦਾ ਜ਼ਿਕਰ *ਬਚਿਤ੍ਰ ਨਾਟਕ* ਵਿਚ ਇਸ ਤਰ੍ਹਾਂ ਮਿਲਦਾ ਹੈ –

'ਕ੍ਰਿਪਾਲੰ ਕੁਪਯੋ ਹੈ ਕੁਤਕੋ ਸੰਭਾਰੀ, ਹਠੀ ਖ਼ਾਨ ਹਯਾਤ ਕੇ ਸੀਸ ਝਾਰੀ,

ਉਠੀ ਛਿੱਛ ਇੱਛੰ ਕੱਢਾ ਮਿੱਜ ਜੋਰੰ, ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ।'

ਕਨ੍ਹੱਈਆ ਲਾਲ ਨੇ *ਤਾਰੀਖ਼-ਏ-ਪੰਜਾਬ* ਵਿਚ ਲਿਖਿਆ ਹੈ ਕਿ ਲੜਾਈ ਵਿਚ ਉਦਾਸੀ ਕ੍ਰਿਪਾਲ ਨੇ ਲੂਣ

---

[1] ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 158.

[2] ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨੇ 135, 140

[3] ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 82.

ਹਰਾਮੀ ਰਸਾਲਦਾਰ ਹੱਯਾਤ ਖ਼ਾਂ ਦੇ ਸਿਰ 'ਤੇ ਕੁਤਕੇ ਦੀ ਕਾਰੀ ਸੱਟ ਮਾਰੀ।[1]

ਕ੍ਰਿਪਾਲ ਦਾਸ ਦੀ ਗੱਦੀ ਦਾ ਅਸਥਾਨ ਪਿੰਡ ਹੇਹਰ (ਜਿਲ੍ਹਾ ਲਧਿਆਣਾ) ਵਿਚ ਹੈ। ਜਦ ਦਸਮੇਸ਼ ਮਾਛੀਵਾੜੇ ਤੋਂ ਉੱਚ ਦੇ ਪੀਰ ਦਾ ਰੂਪ ਧਾਰ ਕੇ ਹੇਹਰ ਪਹੁੰਚੇ, ਤਦ ਕ੍ਰਿਪਾਲ ਦਾਸ ਨੇ ਸਤਿਗੁਰੂ ਦੀ ਸੇਵਾ ਕੀਤੀ ਅਤੇ ਵਿਦਾਇਗੀ ਸਮੇਂ ਕਈ ਕੋਹ ਤੀਕ ਪਲੰਘ ਦਾ ਪਾਵਾ ਉਠਾਈ ਗਿਆ।[2] ਗੁਰਬਚਨ ਸਿੰਘ ਨਈਅਰ ਅਨੁਸਾਰ 'ਮਹੰਤ ਕ੍ਰਿਪਾਲ ਦਾਸ ਉਦਾਸੀ ਜੋ ਭੰਗਾਣੀ ਦੀ ਲੜਾਈ ਵਿਚ ਲੜਿਆ ਸੀ ਉਹ ਪਿਛੋਂ ਇੱਥੇ (ਪਿੰਡ ਹੇਰਾਂ ਜਿਲ੍ਹਾ ਲੁਧਿਆਣਾ) ਆ ਕੇ ਵਸ ਗਿਆ ਸੀ। ਉਸ ਨੇ ਇਥੇ ਉਦਾਸੀਆਂ ਦੇ ਇਕ ਬਹੁਤ ਵੱਡੇ ਡੇਰੇ ਦੀ ਸਥਾਪਨਾ ਕੀਤੀ ਸੀ। ਜਿਸ ਸਮੇਂ ਗੁਰੂ ਜੀ ਇੱਥੇ ਆਏ ਸਨ ਤਾਂ ਮਹੰਤ ਕਿਰਪਾਲ ਦਾਸ ਦਾ ਉਤਰ-ਅਧਿਕਾਰੀ ਇੱਥੇ ਰਹਿੰਦਾ ਸੀ। ਉਸ ਨੇ ਗੁਰੂ ਸਾਹਿਬ ਦੀ ਬਹੁਤ ਆਓ ਭਗਤ ਕੀਤੀ। ਇਸ ਆਓ ਭਗਤ ਕਰਨ ਦੇ ਫਲਸਰੂਪ ਗੁਰੂ ਜੀ ਦੇ ਜਾਣ ਪਿਛੋਂ ਹਕੂਮਤ ਨੇ ਇਸ ਮਹੰਤ ਨੂੰ ਮਰਵਾ ਦਿੱਤਾ ਸੀ।[3]

**ਕੀਰਤ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਗਿੱਦੜਬਾਹੇ ਨਗਰ ਦਾ ਵਸਨੀਕ ਸੀ। ਇਸ ਨੇ ਗੁਰੂ ਸਾਹਿਬ ਨੂੰ ਆਪਣੀ ਹਵੇਲੀ ਵਿਚ ਲੈ ਜਾ ਕੇ ਸੇਵਾ ਕੀਤੀ।[4]

**ਕੇਸਰੂ ਮੱਲ (ਮੱਲ ਸਿੰਘ)** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਸਰਹਾਲੀ ਦਾ ਚੌਧਰੀ ਸੀ, ਜਿਸ ਨੂੰ ਚਾਰ ਹਜ਼ਾਰੀ ਰਾਜੇ ਦਾ ਖ਼ਿਤਾਬ ਸੀ। ਇਹ ਸਰਵਰੀਆਂ ਦੀ ਪੂਜਾ ਛੱਡ ਕੇ ਇਸਤਰੀ ਤੇ ਪੁੱਤਰ ਸਮੇਤ ਸਿੰਘ ਸਜ ਗਿਆ ਸੀ। ਅੰਮ੍ਰਿਤ ਛੱਕ ਕੇ ਮੱਲ ਸਿੰਘ ਬਣਿਆ। ਇਹ ਦਸਮੇਸ਼ ਜੀ ਦੇ ਜੰਗਾਂ ਵਿਚ ਹਿੱਸਾ ਲੈਂਦਾ ਰਿਹਾ ਸੀ। ਇਸ ਦੀ ਵਹੁਟੀ ਜਿਸ ਨੂੰ ਰਾਣੀ ਝਾਲਾ ਕਹਿੰਦੇ ਸਨ, ਬੜੀ ਸਿਦਕ ਵਾਲੀ ਸੀ।[5]

**ਕੁਮਾ / ਕੀਮਾ ਮਾਸਕੀ** : ਇਹ ਗੁਰੂ-ਘਰ ਦਾ ਸ਼ਰਧਾਲੂ ਸੀ। ਇਸਦਾ ਪਹਿਲਾਂ ਨਾਂ ਕਰਮਾ ਝੀਬਰ ਸੀ, ਜੋ ਕਿ ਹਿੰਦੂ ਪਰਿਵਾਰ ਵਿਚੋਂ ਸੀ। ਇਸ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਗਿਆ ਤੇ ਇਸਦਾ ਨਾਂ ਕੁਮਾ ਮਾਸਕੀ

---

1 ਕਨ੍ਹੱਈਆ ਲਾਲ, ਤਾਰੀਖ਼-ਏ-ਪੰਜਾਬ, ਅਨੁ. ਡਾ. ਜੀਤ ਸਿੰਘ ਸੀਤਲ, ਪੰਨਾ 45.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 359.

3 ਗੁਰਬਚਨ ਸਿੰਘ ਨਈਅਰ ਸੁਖਦਿਆਲ ਸਿੰਘ, ਗੁਰੂ ਗੋਬਿੰਦ ਸਿੰਘ-ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ ਚਿੰਨ੍ਹ, ਪੰਨਾ 66.

4 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 166.

5 ਖਾਲਸਾ ਟ੍ਰੈਕਟ ਸੁਸਾਇਟੀ, ਗੁਰਸਿੱਖ ਵਾੜੀ, ਪੰਨਾ 245.

ਪਿਆ। ਇਹ ਨਦੀ ਕਿਨਾਰੇ ਮਲਾਹ ਦਾ ਕੰਮ ਕਰਦਾ ਸੀ। ਕੁਮਾ ਮਾਸਕੀ ਕਿਥੇ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਇਸ ਨੇ ਸਰਸਾ ਨਦੀ ਪਾਰ ਕਰਨ ਸਮੇਂ ਇਕ ਰਾਤ ਮਾਤਾ ਗੁਜਰੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਦੀ ਸੇਵਾ ਕੀਤੀ ਸੀ।[1]

**ਖ਼ਾਨ ਖ਼ਾਨਾ** : ਦਸਮ ਪਾਤਸ਼ਾਹ ਦਾ ਪ੍ਰੇਮੀ ਇੱਕ ਅਮੀਰ, ਜੋ ਬਹੁਤ ਕਰਕੇ ਆਗਰੇ ਰਹਿੰਦਾ ਸੀ। ਇਸ ਦਾ ਅਸਲ ਨਾਉਂ ਮੁਨਇਮ ਖ਼ਾਨ ਸੀ। ਇਸ ਨੇ ਬਾਦਸ਼ਾਹ ਬਹਾਦੁਰ ਸ਼ਾਹ ਵੇਲੇ ਵਜ਼ਾਰਤ ਦਾ ਅਹੁਦਾ ਪ੍ਰਾਪਤ ਕੀਤਾ। ਇਸ ਦਾ ਦੇਹਾਂਤ ਸੰਮਤ 1768 ਬਿ. ਵਿੱਚ ਹੋਇਆ ਹੈ।[2] *ਗੁਰਬਿਲਾਸ ਪਾਤਸ਼ਾਹੀ ੧੦* ਅਨੁਸਾਰ ਖ਼ਾਨ ਖ਼ਾਨਾ ਆਗਰੇ ਸ਼ਾਹੀ ਮਹਿਲਾਂ ਦਾ ਦਰੋਗਾ ਸੀ। ਗੁਰੂ ਸਾਹਿਬ ਜੀ ਜਦੋਂ ਆਗਰੇ ਗਏ ਤਾਂ ਇਸ ਨੇ ਗੁਰੂ ਸਾਹਿਬ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਦੀ ਸੇਵਾ ਕਰਕੇ ਪ੍ਰਸੰਨ ਹੋਇਆ - 'ਬਾਗ ਏਕ ਨਿਰਖਯੋ ਤਹਾਂ, ਉਤਰ ਕੀਓ ਬਿਸਰਾਮ। ਜੋਜਨ ਭਰ ਤਾਤੇ ਰਹੇ ਬਾਦਸਾਹ ਕੇ ਧਾਮ।27। ਖਾਨ ਖਾਨਾ ਸਨ ਕੇ ਤਬੈ ਦੀਨੇ ਲੋਕ ਭਿਜਾਇ। ਬਿਨੈ ਕਰੀ ਕਰ ਜੋਰ ਕੈ ਦਰਸ ਦਿਖਾਵੋ ਆਇ।28।'[3]

**ਖਾਨਾ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਬੈਰਾੜ ਗੋਤ ਦਾ ਇੱਕ ਪ੍ਰੇਮੀ ਸਿੱਖ, ਇਹ ਕਪੂਰੇ ਦੇ ਹੁਕਮ ਨਾਲ ਦਸਮੇਸ਼ ਜੀ ਨੂੰ ਖਿਦਰਾਣਾ (ਮੁਕਤਸਰ) ਤਾਲ ਦਾ ਰਾਹ ਦੱਸਣ ਗਿਆ ਸੀ।[4]

**ਗੁਰਸਾ ਸਿੰਘ** : ਭਾਈ ਗੁਰਸਾ ਸਿੰਘ ਗਹੂਣੀਆ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ ਸੀ। ਇਹ ਕੋਟਲਾ ਨਿਹੰਗ ਖ਼ਾਂ ਰੋਪੜ ਦਾ ਵਸਨੀਕ ਸੀ। *ਗੁਰੂ ਕੀਆਂ ਸਾਖੀਆਂ* ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਕੋਟਲਾ ਨਿਹੰਗ ਖ਼ਾਂ ਦੇ ਪੁੱਤਰ ਆਲਮ ਖ਼ਾਂ ਦੀ ਮੰਗਣੀ 'ਤੇ ਇਸ ਨਗਰ ਆਏ ਸਨ, ਤਾਂ ਗੁਰੂ ਜੀ ਦੇ ਪ੍ਰਮੁੱਖ ਸਿੱਖਾਂ ਦਾ ਨਿਵਾਸ ਭਾਈ ਗੁਰਸੇ ਦੇ ਗ੍ਰਹਿ ਵਿਖੇ ਕੀਤਾ ਗਿਆ ਸੀ – 'ਗੁਰੂ ਜੀ ਪਾਂਚਮੀ ਸੇ ਏਕ ਦਿਵਸ ਬਮੈ (ਸਮੇਤ) ਪਰਿਵਾਰ ਅਨੰਦਪੁਰ ਸੇ ਚਲ ਕੋਟਲਾ ਨਿਹੰਗ ਮੇਂ ਆਇ ਪਹੁੰਚੇ। ਸਤਿਗੁਰਾਂ ਕੇ ਗੈਲ ਦੀਵਾਨ ਧਰਮ ਚੰਦ 'ਛਿਬਰ' ਆਦਿ

---

1 ਰਘਬੀਰ ਸਿੰਘ ਅਨੰਦਪੁਰੀ, ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ, ਪੰਨੇ 35-36.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 373.

3 ਕੁਇਰ ਸਿੰਘ, ਗੁਰਬਿਲਾਸ ਪਾ. ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨੇ 256-57.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 373.

ਮੁਖੀਏ ਸਿੱਖ ਅਨੰਦਪੁਰ ਸੇ ਆਏ। ਇਨ ਕਾ ਨਿਵਾਸ ਭਾਈ ਗੁਰਸੇ ਗਹੂਣੀਏ ਸਿੱਖ ਕੇ ਗ੍ਰਿਹਿ ਮੇਂ ਕੀਆ ਗਿਆ।'[1]

**ਗੁਰਦਾਸ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਪਿੰਡ ਫਫੜਿਆਂ ਭਾਈਕਾ (ਫਫੜੇ ਭਾਈਕੇ) ਦਾ ਰਹਿਣ ਵਾਲਾ ਸੀ। ਗੁਰੂ ਸਾਹਿਬ ਨੇ ਫਫੜਿਆਂ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਗੁਰਦਾਸ ਭਗਤੇ ਫਫੜੇ ਕਾ ਜ਼ਿਕਰ ਕੀਤਾ ਹੈ।[2]

**ਗੁਰਦਾਸ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਮਾਲਵੇ ਵਿਚੋਂ ਭਗਤੇ ਨਗਰ ਦਾ ਵਸਨੀਕ ਸੀ। *ਗੁਰੂ ਕੀਆਂ ਸਾਖੀਆਂ* ਵਿਚ ਇਸ ਨੂੰ ਭਾਈ ਬਹਿਲੋ ਕਾ ਗਰੁਦਾਸ ਲਿਖਿਆ ਹੈ। ਜਦੋਂ ਗੁਰੂ ਸਾਹਿਬ ਭਗਤਾ ਨਗਰ ਵਿਚ ਪਹੁੰਚੇ ਤਾਂ ਇਹ ਆਪਣੇ ਤਿੰਨ ਪੁੱਤਰਾਂ ਸਮੇਤ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ।[3]

**ਗੁਰਬਖਸ਼** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ ਸੀ। ਗੁਰਬਖਸ਼ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ ਹੁਮਕਨਾਮੇ ਵਿਚ ਗੁਰਬਖਸ਼ ਦਾ ਜ਼ਿਕਰ ਕੀਤਾ ਹੈ।[4]

**ਗੁਰਬਖਸ਼ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਭਾਈਕੇ ਕੋਟ ਦਾ ਮਲਵਈ ਸਿੱਖ। ਜਦੋਂ ਗੁਰੂ ਸਾਹਿਬ ਮਾਲਵੇ ਵਿਚ ਕੋਟ ਭਾਈਕੇ ਆਏ ਤਾਂ ਗੁਰਬਖਸ਼ ਸਿੰਘ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ। ਇਸ ਬਾਰੇ *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* ਜ਼ਿਕਰ ਆਇਆ ਹੈ -

> ਡੋਰੜਿ ਗੁਰਬਖਸ਼ ਸਿੰਘ ਨੇ ਪਾਹੁਲ ਲਈ। ਕੁੱਪ ਦੀਆ ਨੀਰੇ ਕਾ।
>
> ਗੁਰੂ ਜੀ ਸ਼ਿਕਾਰ ਗਏ ਸੁਨੀਅਰ ਉਤਰੇ ਭਾਈ ਦੇ ਕੋਟ।[5]

**ਗੁਰਬਖਸ਼, ਮਸੰਦ** : ਗੁਰਬਖਸ਼ ਗੁਰੂ ਘਰ ਦਾ ਮਸੰਦ ਸਿੱਖ ਸੀ। ਇਹ ਜੌਨਪੁਰ ਦੇ ਇਲਾਕੇ ਦਾ ਮਸੰਦ ਸੀ, ਜੋ ਕਿ ਭਾਈ ਗੁਰਦਾਸ ਜੀ ਦੇ ਸਮੇਂ ਥਾਪੇ ਗਏ ਸਨ। *ਤਵਾਰੀਖ਼ ਗੁਰੂ ਖ਼ਾਲਸਾ* ਅਨੁਸਾਰ ਜਦੋਂ ਗੁਰੂ ਸਾਹਿਬ ਪਟਨੇ

---

1 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 102.

2 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 155.

3 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 156.

4 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 140.

5 ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 74.

ਤੋਂ ਪੰਜਾਬ ਨੂੰ ਆ ਰਹੇ ਸੀ ਤਾਂ ਰਸਤੇ ਵਿਚ ਇਸ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ।[1]

**ਗੁਲਾਬਾ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਮਾਛੀਵਾੜਾ (ਜਿਲ੍ਹਾ ਲੁਧਿਆਣਾ) ਦਾ ਵਸਨੀਕ ਇੱਕ ਖੱਤ੍ਰੀ ਸਿੱਖ, ਜੋ ਮਸੰਦੀ ਤਿਆਗ ਕੇ ਕਿਰਤ ਕਰਦਾ ਸੀ। ਚਮਕੌਰ ਦੇ ਕਿਲੇ ਤੋਂ ਚਲ ਕੇ ਦਸਮੇਸ਼ ਜੀ ਇਸ ਦੇ ਘਰ ਸੰਮਤ 1761 ਬਿ. ਵਿਚ ਠਹਿਰੇ। ਉੱਚ ਪੀਰ ਦਾ ਲਿਬਾਸ ਵੀ ਇਸ ਦੇ ਘਰ ਪਹਿਰਿਆ ਸੀ।[2] ਮਾਛੀਵਾੜੇ ਗੁਰੂ ਸਾਹਿਬ ਸਵੇਰ ਵੇਲੇ ਪਹੁੰਚੇ। ਗੁਰੂ ਸਾਹਿਬ ਬਹੁਤ ਥੱਕ ਚੁੱਕੇ ਸਨ ਅਤੇ ਚਲਦੇ-ਚਲਦੇ ਪੈਰ੍ਹਾਂ ਵਿਚ ਛਾਲੇ ਪੈ ਗਏ ਸਨ। ਇਥੇ ਆਪ ਭਾਈ ਗੁਲਾਬੇ ਮਸੰਦ ਦੇ ਖੂਹ ਉੱਤੇ ਸਿਰ ਹੇਠਾਂ ਟਿੰਡ ਦਾ ਆਸਰਾ ਲੈ ਕੇ ਕੁਝ ਦੇਰ ਲਈ ਸੌਂ ਗਏ। ਇੰਨੀ ਦੇਰ ਵਿਚ ਉਹ ਤਿੰਨੇ ਸਿੰਘ ਜੋ ਗੜ੍ਹੀ ਵਿਚੋਂ ਨਿਕਲਦੇ ਵਿਛੜ ਗਏ ਸਨ, ਭੀ ਉਥੇ ਆ ਪਹੁੰਚੇ। ਭਾਈ ਗੁਲਾਬਾ ਜਿਸ ਦਾ ਇਹ ਬਾਗ ਅਤੇ ਖੂਹ ਸੀ, ਇਹ ਪਹਿਲਾਂ ਗੁਰੂ ਤੇਗ ਬਹਾਦਰ ਜੀ ਦਾ ਮਸੰਦ ਹੁੰਦਾ ਸੀ, ਪ੍ਰੰਤੂ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਦੀ ਪ੍ਰਥਾ ਬੰਦ ਕੀਤੀ ਤਾਂ ਇਸ ਨੇ ਕਿਰਤ ਕਰਨੀ ਸ਼ੁਰੂ ਕਰ ਦਿੱਤੀ ਸੀ। ਚਮਕੌਰ ਦੀ ਜੰਗ ਤੋਂ ਬਾਅਦ ਗੁਰੂ ਜੀ ਇਸ ਦੇ ਘਰ ਠਹਿਰੇ ਇਸ ਸਿਦਕੀ ਸਿੱਖ ਨੇ ਗੁਰੂ ਸਾਹਿਬ ਦੀ ਹਰ ਪ੍ਰਕਾਰ ਦੀ ਸੇਵਾ ਕੀਤੀ। ਗਨੀ ਖ਼ਾਂ ਤੇ ਨਬੀ ਖ਼ਾਂ ਨੇ ਇਸ ਦੇ ਘਰੋਂ ਗੁਰੂ ਸਾਹਿਬ ਨੂੰ ਉਚ ਦਾ ਪੀਰ ਬਣਾ ਕੇ ਪਲੰਘ ਮੋਢਿਆਂ 'ਤੇ ਚੁੱਕ ਕੇ ਆਲਮਗੀਰ ਤੱਕ ਲੈ ਕੇ ਗਏ ਸਨ। ਗੁਰੂ ਸਾਹਿਬ ਨੇ ਸੇਵਾ ਤੋਂ ਪ੍ਰਸੰਨ ਹੋ ਕੇ ਇਨ੍ਹਾਂ ਸਭ ਨੂੰ ਹੁਕਮਨਾਮੇ ਪ੍ਰਦਾਨ ਕੀਤੇ।[3]

**ਗੁਲਾਲ ਚੰਦ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਢਾਕੇ ਦਾ ਇਕ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਦੋ *ਹੁਮਕਨਾਮਿਆਂ* ਵਿਚ ਭਾਈ ਗੁਲਾਲ ਚੰਦ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਨੂੰ ਗੁਰੂ ਸਾਹਿਬ ਵਲੋਂ ਹੁਕਮ ਹੋਇਆ ਇਕ ਸੌ ਇਕ ਰੁਪਏ ਹੁੰਡੀ ਕਰਵਾ ਭੇਜਣੀ। ਇਸ ਤੋਂ ਇਲਾਵਾ ਹੋਰ ਕੁਝ ਗੁਰੂ ਨਮਿਤ ਹੋਵੇ ਤਾਂ

---

1 ਗਿਆਨੀ ਗਿਆਨ ਸਿੰਘ , ਤਵਾਰੀਖ਼ ਗੁਰੂ ਖ਼ਾਲਸਾ (ਭਾਗ ਪਹਿਲਾ), ਪੰਨਾ 709.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 423.

3 ਰਘਬੀਰ ਸਿੰਘ ਅਨੰਦਪੁਰੀ, ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ, ਪੰਨਾ 166.

ਆਪ ਹਥਿਆਰ ਬੰਨ੍ਹ ਕੇ ਦਰਸ਼ਨ ਕਰਨ ਆਉਣਾ।[1]

**ਗੋਦੜੀਆ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ। ਭਾਈ ਗੌਰੇ ਦਾ ਇੱਕ ਸਿੱਖ ਸੇਵਕ, ਜੋ ਵੱਡਾ ਗੁਰਮੁਖ ਸੀ। ਇਹ ਨਿੱਤ 21 ਪਾਠ ਜਪੁ ਦੇ ਕਰਦਾ ਅਤੇ ਕਿਰਤ ਵਿੱਚ ਲੱਗਾ ਰਹਿੰਦਾ ਸੀ, ਜਦ ਦਸਮੇਸ਼ ਦਮਦਮੇ ਉੱਤਰੇ, ਤਦ ਇਹ ਸੇਵਾ ਵਿੱਚ ਹਾਜ਼ਿਰ ਹੋਇਆ ਅਤੇ ਜਿਸ ਵੇਲੇ ਦਸਮੇਸ਼ ਜੀ ਭਾਈਕੇ ਚੱਕ ਪਧਾਰੇ, ਤਦ ਇਸ ਨੇ ਸਤਿਗੁਰੂ ਅਤੇ ਸੰਗਤ ਦੀ ਸੇਵਾ ਕਰਕੇ ਆਸ਼ੀਰਵਾਦ ਲਿਆ।[2] *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* ਅਨੁਸਾਰ ਜਦੋਂ ਗੁਰੂ ਸਾਹਿਬ ਦਮਦਮੇ ਤੋਂ ਚੱਕ ਭਾਈਕੇ ਹੁੰਦੇ ਹੋਏ ਬਠਿੰਡੇ ਆਏ ਤਾਂ ਭਾਈ ਗੋਦੜੀਆ ਭੁੱਚੋ ਤੋਂ ਗੁਰੂ ਸਾਹਿਬ ਦੇ ਨਾਲ ਹੀ ਸੰਗਤ ਵਿਚ ਆਇਆ। ਇਹ ਬਹੁਤ ਸੰਤੋਖੀ ਪੁਰਸ਼ ਸੀ। ਗੁਰੂ ਸਾਹਿਬ ਨੇ ਦੱਖਣ ਵਿਚ ਜਾ ਕੇ ਇਸ ਬਾਰੇ ਕਿਹਾ ਸੀ – 'ਮਾਲਵੇ ਵਿਚ ਦੇਖਿਆ ਇਕ ਮਾਇਆ ਕਾ ਤਿਆਗੀ ਭਾਈ ਗੋਦੜੀਆ।'[3] ਰਣਧੀਰ ਸਿੰਘ ਰੀਸਰਚ ਸਕਾਰਲ ਅਨੁਸਾਰ ਗੁਰੂ ਸਾਹਿਬ ਦਾ ਮਾਲਵੇ ਵਿਚ ਆਉਣਾ ਸੁਣ ਕੇ ਸਰਬੱਤ ਖਾਲਸੇ ਨੇੜੇ-ਦੂਰ ਕੇ ਹੁਮ ਹੁਮਾਇ ਕੇ ਦਰਸ਼ਨਾਂ ਨੂੰ ਆਏ, ਭੁਚੋ ਤੇ ਭਾਈ ਗੋਦੜੀਆ ਆਇਆ। ਸਰਬੱਤ ਨੇ ਆਨ ਹਜ਼ੂਰ ਦਰਸ਼ਨ ਕੀਤਾ। ਆਪਣੀ ਆਪਣੀ ਭੇਟਾ ਰੱਖੀ।[4]

**ਗੰਗਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ। ਇਹ ਸਰਾਵਾਂ ਪਿੰਡ ਦਾ ਵਸਨੀਕ ਸੀ। ਜਦੋਂ ਗੁਰੂ ਸਾਹਿਬ ਇਸ ਨਗਰ ਪਧਾਰੇ ਤਾਂ ਇਸ ਨਗਰ ਦੇ ਸਿੱਖਾਂ ਨੇ ਗੁਰੂ ਸਾਹਿਬ ਨਾਲ ਆਏ ਸਿੱਖਾਂ ਨੂੰ ਆਪਣੇ-ਆਪਣੇ ਘਰ ਲੈ ਜਾ ਕੇ ਜਲ-ਪਾਨ ਛਕਾਉਣ ਦੀ ਸੇਵਾ ਕੀਤੀ। ਗੰਗਾ ਸਿੰਘ ਘਰੋਂ ਬਹੁਤ ਗਰੀਬ ਸੀ। ਕੁਝ ਸ਼ਰੀਕੇ ਵਾਲਿਆਂ ਨੇ ਇਸ ਨੂੰ ਵੀ ਕਿਹਾ ਕਿ ਇਕ ਸਿੱਖ ਨੂੰ ਤੁਸੀਂ ਵੀ ਲੈ ਜਾਓ। ਇਹ ਇਕ ਸਿੱਖ ਭਾਈ ਮਲਿਆਗਰ ਸਿੰਘ ਨੂੰ ਆਪਣੇ ਘਰ ਲੈ ਗਿਆ। ਘਰ ਵਿਚ ਪਕਾਉਣ ਲਈ ਕੁਝ ਵੀ ਨਹੀਂ ਸੀ। ਇਸ ਪੱਕੇ ਪੀਲੂ ਉਬਾਲ ਕੇ ਸਿੱਖ ਨੂੰ ਛਕਾਏ, ਛਕਣ ਵਾਲਾ ਸਿੱਖ ਬੜਾ ਸੰਤੋਖੀ ਸੀ। ਉਸ ਨੇ ਛਕ ਕੇ ਅਰਦਾਸ ਕੀਤੀ। ਜਦੋਂ ਸਾਰੇ

---

1. ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨੇ 140, 171.
2. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 429.
3. ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 89.
4. ਰਣਧੀਰ ਸਿੰਘ ਰੀਸਰਚ ਸਕਾਲਰ, ਉਦਾਸੀ ਸਿੱਖਾਂ ਦੀ ਵਿਥਿਆ, ਪੰਨਾ 500.

ਸਿੱਖ ਘਰਾਂ ਵਿਚੋਂ ਜਲ-ਪਾਨ ਕਰ ਕੇ ਵਾਪਸ ਆਏ ਤਾਂ ਸਾਰਿਆਂ ਨੇ ਬਹੁਤ ਖ਼ੁਸ਼ੀ ਨਾਲ ਦੱਸਿਆ ਕਿ ਅਸੀਂ ਬਹੁਤ ਅੱਛਾ ਭੋਜਨ ਛੱਕ ਕੇ ਆਏ ਹਾਂ। ਇਹ ਸਿੱਖ ਚੁਪ ਰਿਹਾ। ਗੁਰੂ ਸਾਹਿਬ ਨੇ ਇਸ ਨੂੰ ਪੁੱਛਿਆ ਸਿੱਖ ਜੀ ਤੁਸੀਂ ਕੀ ਛਕ ਕੇ ਆਏ ਹੋ? ਤਾਂ ਇਸ ਨੇ ਕਿਹਾ ਪਾਤਸ਼ਾਹ ਮੈਂ ਅੱਜ ਅਜਿਹਾ ਭੋਜਨ ਛਕਿਆ ਹੈ ਕਿ ਪਹਿਲਾਂ ਨਾ ਕਦੇ ਖਾਧਾ ਹੈ ਅਤੇ ਨਾ ਹੀ ਖਾਣ ਲਈ ਮਿਲਣਾ ਹੈ। ਸਾਰੇ ਸਿੱਖ ਹੈਰਾਨ ਹੋਏ ਕਿ ਇਹ ਇਕ ਗਰੀਬ ਸਿੱਖ ਦੇ ਘਰ ਗਿਆ ਤੇ ਉਸ ਨੇ ਅਜਿਹਾ ਕੀ ਖਵਾ ਦਿੱਤਾ? ਗੁਰੂ ਸਾਹਿਬ ਨੇ ਇਕ ਸਿੱਖ ਭੇਜ ਕੇ ਗੰਗਾ ਸਿੰਘ ਨੂੰ ਬੁਲਾਇਆ ਅਤੇ ਇਸ ਬਾਰੇ ਪੁੱਛਿਆ। ਗੰਗਾ ਸਿੰਘ ਹੱਥ ਜੋੜ ਬੇਨਤੀ ਕੀਤੀ ਪਾਤਸ਼ਾਹ! ਮੈਂ ਗਰੀਬ ਹਾਂ ਇਸ ਸਿੱਖ ਨੂੰ ਪੱਕੇ ਪੀਲੂ ਉਬਾਲ ਕੇ ਛਕਾਏ ਸਨ। ਗੁਰੂ ਸਾਹਿਬ ਇਨ੍ਹਾਂ ਦੋਵਾਂ ਸਿੱਖਾਂ ਦੀ ਭਾਵਨਾ ਉੱਪਰ ਬਹੁਤ ਪ੍ਰਸੰਨ ਹੋਏ।[1]

**ਘੁੰਘਣੀਆ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ। ਜਦੋਂ ਦਸਮੇਸ਼ ਜੀ ਭਗਤੇ ਪਿੰਡ (ਫਰੀਦਕੋਟ) ਪਧਾਰੇ ਹੋਏ ਸਨ, ਤਦ ਇੱਕ ਪ੍ਰੇਮੀ ਸਿੱਖ ਆਪਣੇ ਲੜਕੇ ਦੇ ਸਿਰ ਘੁੰਘਣੀਆਂ ਚੁਕਵਾ ਕੇ ਲਿਆਇਆ। ਕਲਗੀਧਰ ਨੇ ਪੁੱਛਿਆ ਕਿ ਲੜਕੇ ਦਾ ਨਾਉਂ ਕੀ ਹੈ? ਸਿੱਖ ਨੇ ਬੇਨਤੀ ਕੀਤੀ ਕਿ ਮਹਾਰਾਜ, ਅਜੇ ਨਾਉਂ ਕੁਝ ਨਹੀਂ ਰੱਖਿਆ। ਗੁਰੂ ਸਾਹਿਬ ਨੇ ਅੰਮ੍ਰਿਤ ਛਕਾ ਕੇ ਘੁੰਘਣੀਆ ਸਿੰਘ ਨਾਉਂ ਥਾਪਿਆ।[2] *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* ਅਨੁਸਾਰ ਗੁਰੂ ਸਾਹਿਬ ਦਾ ਭਗਤੇ ਪਿੰਡ ਦਾ ਇੱਕ ਸ਼ਰਧਾਲੂ ਸਿੱਖ ਆਪਣੇ ਪੁੱਤਰ ਸਮੇਤ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਗੁਰੂ ਜੀ ਨੇ ਉਸ ਦੇ ਪੁੱਤਰ ਦਾ ਨਾਮ ਪੁੱਛਿਆ, ਤਾਂ ਸਿੱਖ ਨੇ ਕਿਹਾ ਕਿ ਅਜੇ ਨਾਮ ਰੱਖਿਆ ਨਹੀਂ? ਗੁਰੂ ਸਾਹਿਬ ਨੇ ਉਸ ਨੂੰ ਸਿੰਘਾਂ ਪਾਸੋਂ ਅੰਮ੍ਰਿਤ ਛਕਾਇਆ ਤੇ ਬੱਚੇ ਦਾ ਨਾਮ ਘੁੰਘਣੀਆ ਸਿੰਘ ਰੱਖਿਆ। ਘੁੰਘਣੀਆ ਸਿੰਘ ਆਪਣੇ ਪਿਤਾ ਨੂੰ ਕਹਿੰਦਾ ਮੈਂ ਗੁਰੂ ਸਾਹਿਬ ਦੇ ਨਾਲ ਜਾਣਾ, ਤਾਂ ਪਿਤਾ ਨੇ ਕਿਹਾ ਕਿ ਥੋੜਾ ਸੁਚੇਤ (ਨੌਜੁਆਨ) ਹੋ ਜਾ ਫਿਰ ਚਲਾ ਜਾਈਂ।[3]

**ਘੁੱਦਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ। ਇਹ ਬੜਿੰਗ ਗੋਤ ਦਾ ਇਕ ਜੱਟ ਸੀ, ਜੋ ਕਿ ਰਾਮੇਆਣੇ ਦਾ ਵਸਨੀਕ ਸੀ। ਜਦੋਂ ਗੁਰੂ ਸਾਹਿਬ ਮਾਲਵੇ ਵਿੱਚ ਰਾਮੇਆਣੇ ਪਿੰਡ ਆਏ ਤਾਂ ਇਸ ਦੇ ਘਰ ਬਿਰਾਜੇ

---

[1] ਭਾਈ ਸ੍ਰਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 157.

[2] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 445.

[3] ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 41.

ਸਨ। ਇਸ ਨੇ ਗੁਰੂ ਸਾਹਿਬ ਅਤੇ ਸੰਗਤ ਦੀ ਬਹੁਤ ਸੇਵਾ ਕੀਤੀ।[1]

**ਘੁੱਦਾ, ਮਹੰਤ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ ਸੀ। ਜਦੋਂ ਗੁਰੂ ਸਾਹਿਬ ਮਾਲਵੇ ਵਿੱਚ ਕੋਠੇ ਅਤੇ ਮਲੂਕੇ ਪਿੰਡ ਦੇ ਵਿਚਕਾਰ ਬਿਰਾਜੇ ਹੋਏ ਸਨ, ਤਦ ਇੱਕ ਦਿਵਾਨਾ ਸਾਧੂ ਪਹਿਰੇ ਬਰਦਾਰ ਦੇ ਵਰਜਣ 'ਤੇ ਵੀ ਗੁਰੂ ਸਾਹਿਬ ਦੇ ਤੰਬੂ ਵਿੱਚ ਦਾਖਿਲ ਹੋਣ ਲੱਗਾ, ਜਿਸ ਕਰਕੇ ਸਿਪਾਹੀ ਨੇ ਉਸ ਨੂੰ ਅਜੇਹਾ ਮਾਰਿਆ ਕਿ ਉਹ ਮਰ ਗਿਆ। ਉਸ ਦਾ ਬਦਲਾ ਲੈਣ ਲਈ ਦਿਵਾਨਿਆਂ ਦਾ ਮਹੰਤ ਘੁੱਦਾ ਬਾਜਕ ਦੇ ਮੁਕਾਮ ਗੁਰੂ ਸਾਹਿਬ ਪਾਸ ਪੁੱਜਾ ਪਰ ਦਰਸ਼ਨ ਕਰਕੇ ਸ਼ਾਂਤ ਹੋ ਗਿਆ। ਇਸ ਦੇ ਸਾਥੀ ਸੁੱਖੂ ਅਤੇ ਬੁੱਧੂ ਦਿਵਾਨਿਆਂ ਨੇ ਪ੍ਰੇਮ ਭਾਵ ਨਾਲ ਸਤਿਗੁਰੂ ਦੀ ਸੇਵਾ ਕੀਤੀ ਅਤੇ ਪੇਂਡੂ ਧਾਰਣਾ ਦੇ ਗੀਤ ਗਾਕੇ ਸੁਣਾਏ।[2] *ਗੁਰੂ ਕੀਆਂ ਸਾਖੀਆਂ* ਵਿਚ ਇਸ ਬਾਰੇ ਜ਼ਿਕਰ ਹੈ ਕਿ 'ਰਾਮੋਆਣੇ ਇਸੇ ਪਾਸ ਗੁਰੂ ਦਸਮੇਸ਼ ਜੀ ਰਹੇ।'[3]

**ਘੁੰਮੀ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਬਾਣੀਆ। ਇਹ ਪਿੰਡ ਕੋਟਭਾਈ (ਜਿਲ੍ਹਾ ਫਿਰੋਜ਼ਪੁਰ) ਦਾ ਰਹਿਣ ਵਾਲਾ ਸੀ, ਜਦੋਂ ਗੁਰੂ ਸਾਹਿਬ ਇਸ ਪਿੰਡ ਪਧਾਰੇ, ਤਦ ਰੰਗੀ ਅਤੇ ਘੁੰਮੀ ਬਾਣੀਏ ਹਾਜ਼ਿਰ ਹੋਏ। ਦਸਮੇਸ਼ ਜੀ ਨੇ ਅੰਮ੍ਰਿਤ ਛਕਾ ਕੇ ਸਿੰਘ ਸਜਾਏ।[4] *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* ਅਨੁਸਾਰ 'ਅਗੇ ਗੁਰੂ ਜੀ ਚੜੇ ਡੇਰਾ ਕੀਤਾ ਭਾਈ ਦੇ ਕੋਟ। ਬਾਣੀਏ ਸਿਖ ਨੇ ਟਹਿਲ ਕੀਤੀ। ਗੁਰੂ ਜੀ ਨੂੰ ਰਸਦ ਦਿਤੀ ਤਰਾ ਤਰੀ। ਪਹੁਲ ਲਈ ਰੰਗੀ ਕਾ ਨਾਉ ਰਖਿਆ ਰੰਗੀ ਸਿੰਘ, ਦੂਏ ਕਾ ਨਾਉ ਰਖਿਆ ਘੁੰਮੀ ਸਿੰਘ।[5]

**ਚਮਨ ਤ੍ਰੀਗਰ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪੂਰਬੀ ਪਟਨੇ ਦਾ ਸ਼ਰਧਾਲੂ ਸਿੱਖ। ਪਟਨੇ ਵਿਚ ਇਹ ਕਿਸ ਪਿੰਡ ਦਾ ਰਹਿਣ ਵਾਲਾ ਸੀ। ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਗੁਰੂ ਸਾਹਿਬ ਨੇ ਪੂਰਬੀ ਪਟਨੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਚਮਨ ਤ੍ਰੀਗਰ ਦਾ ਜ਼ਿਕਰ ਕੀਤਾ ਹੈ। ਸਰਬੱਤ ਸੰਗਤ

---

1. ਭਾਈ ਸੂਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 160.
2. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 445.
3. ਭਾਈ ਸੂਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 197.
4. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 445.
5. ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 74.

ਪੂਰਬ ਪਟਨੇ ਦੀ ਨੂੰ ਹੁਕਮ ਹੋਇਆ ਕਿ ਦੋ ਥਾਨ (ਦੋ ਰੁਪਏ) ਚਮਨ ਤ੍ਰੀਗਰ ਨੂੰ ਦੇਣੇ।[1]

**ਚਰਨ ਦਾਸ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮਾਲਵੇ ਦਾ ਸ਼ਰਧਾਲੂ ਸਿੱਖ। *ਗੁਰੂ ਕੀਆਂ ਸਾਖੀਆਂ* ਅਨੁਸਾਰ ਇਹ ਭਦੌੜ ਨਗਰ ਦਾ ਰਹਿਣ ਵਾਲਾ ਸੀ, ਜੋ ਕਿ ਦੀਵਾਨ ਸਾਹਿਬ ਸਿੰਘ ਛਿੱਬਰ ਦਾ ਪੁੱਤਰ ਸੀ। ਗੁਰੂ ਸਾਹਿਬ ਦੀ ਆਗਿਆ ਨਾਲ ਇਹ ਅਨੰਦਪੁਰ ਤੋਂ ਆਪਣੇ ਨਗਰ ਭਦੌੜ ਆ ਗਿਆ ਸੀ। ਗੁਰੂ ਸਾਹਿਬ ਭਦੌੜ ਵਿਖੇ ਇਸੇ ਦੇ ਡੇਰੇ ਵਿਚ ਠਹਿਰੇ ਸਨ। ਇਸ ਨੇ ਸੰਗਤ ਸਮੇਤ ਗੁਰੂ ਸਾਹਿਬ ਬਹੁਤ ਸੇਵਾ ਕੀਤੀ।[2]

**ਚੜ੍ਹਤ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ। ਇਹ ਦਸਮੇਸ਼ ਦੇ ਹਜ਼ੂਰੀ ਮਲਵਈ ਸਿੱਖ ਦਾਨ ਸਿੰਘ ਦਾ ਭਾਈ ਸੀ।[3]

**ਚੇਤੋ, ਭਾਈ** : ਗੁਰੂ ਗੋਬਿੰਦ ਸਿੰਘ ਜੀ ਦਾ ਇਕ ਮਸੰਦ ਸਿੱਖ। ਇਸ ਨੇ ਦਸਵੰਦ ਦੀ ਭੇਟਾ ਵਿਚੋਂ ਹੇਰਾ-ਫੇਰੀ ਕੀਤੀ ਸੀ। ਗੁਰੂ ਸਾਹਿਬ ਦੇ ਇਕ ਸ਼ਰਧਾਲੂ ਸਿੱਖ ਨੇ ਗੁਰੂ ਦਰਬਾਰ ਵਿਚ ਭੇਟਾ ਵਜੋਂ ਇਕ ਚੂੜਾ ਭਾਈ ਚੇਤੋ ਮਸੰਦ ਦੇ ਹੱਥ ਭੇਜਿਆ। ਚੇਤੋ ਨੇ ਉਹ ਚੂੜਾ ਆਪਣੇ ਘਰ ਵਾਲੀ ਨੂੰ ਦਿਖਾਇਆ ਤਾਂ ਉਹ ਚੂੜਾ ਵੇਖ ਲਾਲਚ ਵਸ ਹੋਈ ਤੇ ਕਹਿੰਦੀ, ਇਹ ਚੂੜਾ ਗੁਰੂ ਨੂੰ ਭੇਟ ਨਹੀਂ ਕਰਨਾ। ਕੁਝ ਸਮੇਂ ਬਾਅਦ ਵਿਸਾਖੀ ਨੂੰ ਚੂੜਾ ਭੇਟ ਕਰਨ ਵਾਲਾ ਸਿੱਖ ਆਇਆ। ਉਸ ਨੇ ਗੁਰੂ ਸਾਹਿਬ ਦੇ ਦਰਸ਼ਨ ਕਰਦਿਆਂ ਬੇਨਤੀ ਕੀਤੀ ਕਿ ਮੈਂ ਆਪ ਦੀ ਭੇਟਾ ਹਿਤ ਇਕ ਚੂੜਾ ਭੇਜਿਆ ਸੀ। ਗੁਰੂ ਸਾਹਿਬ ਨੇ ਕਿਹਾ ਕਿ ਸਾਡੇ ਕੋਲ ਕੋਈ ਚੂੜਾ ਨਹੀਂ ਪਹੁੰਚਿਆ। ਸਿੱਖ ਨੇ ਕਿਹਾ ਮੈਂ ਚੇਤੋ ਮਸੰਦ ਨੂੰ ਦਿੱਤਾ ਸੀ। ਜਦੋਂ ਚੇਤੋ ਨੂੰ ਪੁਛਿਆ ਤਾਂ ਉਸ ਨੇ ਕਿਹਾ ਸਿੱਖ ਝੂਠ ਬੋਲਦਾ ਹੈ। ਗੁਰੂ ਸਾਹਿਬ ਨੇ ਕੁਝ ਸਿੱਖ ਭੇਜ ਕੇ ਚੇਤੋ ਦੇ ਘਰ ਦੀ ਤਲਾਸ਼ੀ ਕਰਵਾਈ ਚੂੜਾ ਉਸ ਦੇ ਘਰੋਂ ਨਿਕਲਿਆ। ਚੇਤੋ ਬਹੁਤ ਸਰਮਿੰਦਾ ਹੋਇਆ। ਗੁਰੂ ਸਾਹਿਬ ਨੇ ਚੇਤੋ ਨੂੰ ਇਸ ਗਲਤੀ ਬਦਲੇ ਉਬਲਦੇ ਤੇਲ ਦੇ ਕੜਾਹੇ ਵਿਚ ਸੁੱਟ ਕੇ ਸਜ਼ਾ ਦਿੱਤੀ।[4]

**ਚੈਯਾ** : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਥਾਪਿਆ ਹੋਇਆ ਬਿਹਾਰ ਦਾ ਇੱਕ ਮਸੰਦ। ਇਹ ਕੁਝ ਕਾਲ

---

1 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 82.

2 ਭਾਈ ਸ੍ਰਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 155.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 460.

4 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ, ਪੰਨੇ 803-4.

ਦਸਮੇਸ਼ ਦੇ ਸਮੇਂ ਭੀ ਆਪਣੇ ਅਧਿਕਾਰ ਪੁਰ ਰਿਹਾ ਹੈ।[1]

ਜਗਤਾ / ਜੈਤਾ ਸੇਠ: ਪਟਨੇ ਦਾ ਰਹਿਣ ਵਾਲਾ ਇਕ ਧਨਾਢ ਸੇਠ, ਜੋ ਕਿ ਗੁਰੂ ਘਰ ਦਾ ਸ਼ਰਧਾਲੂ ਸਿੱਖ ਸੀ। ਇਹ ਪਹਿਲਾਂ ਪਟਨੇ ਵਿਚ ਹਲਵਾਈ ਦੀ ਦੁਕਾਨ ਕਰਦਾ ਸੀ, ਫਿਰ ਵੱਡਾ ਧਨੀ ਹੋ ਕੇ ਸੇਠ (ਸ਼ਾਹੂਕਾਰ) ਹੋਇਆ। ਇਸ ਨੇ ਗੁਰੂ ਤੇਗ ਬਹਾਦਰ ਅਤੇ ਦਸਮੇਸ਼ ਜੀ ਦੀ ਪਟਨੇ ਵਿੱਚ ਬਹੁਤ ਸੇਵਾ ਕੀਤੀ।[2] ਸਰੂਪ ਦਾਸ ਭੱਲਾ ਨੇ ਵੀ *ਮਹਿਮਾ ਪ੍ਰਕਾਸ਼* ਵਿਚ ਇਸ ਨੂੰ ਇਕ ਹਲਵਾਈ ਦਸਿਆ ਹੈ –

ਜੈਤਾ ਸੇਠ ਤਿਸ ਨਾਮ ਥਾ ਸ੍ਰੀ ਸਤਿਗੁਰ ਕਾ ਸਿਖ।

ਅਤਿ ਸੰਛੇਪ ਰਹਨੀ ਰਹੈ ਧੁਰ ਮਸਤਕ ਭਾਗ ਭਵਿਖ।

ਆਲਮਗੰਜ ਸਿਖ ਵਹ ਰਹੈ।

ਹਲਵਾਈ ਕੀ ਦੁਕਾਨ ਕਰ ਬਹੈ।[3]

ਗਿਆਨੀ ਗਿਆਨ ਸਿੰਘ ਅਨੁਸਾਰ ਜਗਤ ਸੇਠ ਦੇ ਤਿੰਨ ਵਿਆਹ ਹੋਏ ਪਰ ਘਰ ਵਿਚ ਕੋਈ ਔਲਾਦ ਨਾ ਹੋਈ। ਇਹ ਗੁਰੂ ਸਾਹਿਬ ਦੀ ਸ਼ਰਨ ਆਇਆ ਗੁਰੂ ਤੇਗ ਬਹਾਦਰ ਸਾਹਿਬ ਦੇ ਬਚਨਾਂ ਨਾਲ ਇਸ ਦੇ ਘਰ ਤਿੰਨ ਪੁੱਤਰ ਪੈਦਾ ਹੋਏ। ਪੁੱਤਰਾਂ ਦੀ ਦਾਤ ਪ੍ਰਾਪਤ ਕਰਨ ਤੋਂ ਬਾਅਦ ਇਹ ਗੁਰੂ ਘਰ ਦਾ ਪੱਕਾ ਸ਼ਰਧਾਲੂ ਬਣ ਗਿਆ।[4] ਇਸ ਦਾ ਅਸਲ ਨਾਮ ਜਗਤ ਸੇਠ (ਜੈਤਾ ਸੇਠ) ਸੀ, ਪਿਆਰ ਨਾਲ ਗੁਰੂ ਸਾਹਿਬ ਅਤੇ ਸੰਗਤ ਇਸ ਨੂੰ ਸੇਠ ਮੱਲ ਕਹਿ ਕੇ ਬੁਲਾਉਂਦੇ ਸਨ।

**ਜਗਤਾ** : ਬ੍ਰਾਹਮਣ ਜਾਤਿ ਤੋਂ ਸਿੱਖ ਬਣਿਆ ਹੋਇਆ ਇੱਕ ਮਸੰਦ, ਜੋ ਲਾਹੌਰ ਰਹਿੰਦਾ ਸੀ, ਮਸੰਦਾਂ ਨੂੰ ਦੰਡ ਦੇਣ ਸਮੇਂ ਦਸਮੇਸ਼ ਜੀ ਨੇ ਇਸ ਨੂੰ ਬਖਸ਼ ਦਿੱਤਾ ਸੀ।[5]

ਇਹ ਪਹਿਲਾਂ ਸੁਲਤਾਨੀਆ ਸੀ ਅਤੇ ਮਾਤਾ ਸੁਰਤੀ ਦੇ ਕਹਿਣ 'ਤੇ ਗੁਰੂ ਘਰ ਦਾ ਸਿੱਖ ਬਣਿਆ। ਇਹ ਸੂਰਮਾ ਅਤੇ ਪ੍ਰਤਾਪੀ ਸੀ। ਇਸ ਦੇ ਦੋ ਬੇਟੇ ਧਰਮ ਸਿੰਘ ਅਤੇ ਪਰਮ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਪਾਸੋਂ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 476.

2 *ਉਹੀ,* ਪੰਨਾ 499.

3 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ, ਪੰਨਾ 710.

4 ਗਿਆਨੀ ਗਿਆਨ ਸਿੰਘ , ਪੰਥ ਪ੍ਰਕਾਸ਼, ਪੰਨਾ 174.

5 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 499.

'ਖੰਡੇ ਦੀ ਪਾਹੁਲ' ਲੈ ਕੇ ਸਿੰਘ ਸਜ ਗਏ ਸਨ।[1]

**ਜਗਨਾ, ਮਸੰਦ** : ਜਗਨਾ ਇਕ ਮਸੰਦ ਸਿੱਖ ਸੀ। ਗੁਰੂ ਸਾਹਿਬ ਨੇ ਇਸ ਦੇ ਨਾਮ ਪੁਰ ਇਕ *ਹੁਕਮਨਾਮਾ* ਲਿਖਿਆ, ਕਿ ਪ੍ਰਚਾਰ ਕਰਨ ਵਾਲੇ ਸਿੱਖਾਂ ਦੀ ਲੋੜ ਅਨੁਸਾਰ ਸੇਵਾ ਕਰਨੀ। ਇਨ੍ਹਾਂ ਨੂੰ ਘੋੜੇ ਆਦਿਕ ਤੇ ਹੋਰ ਭੇਟਾਵਾਂ ਦੇਣੀਆਂ।[2]

**ਜਾਦੋ ਰਾਇ** : ਸ੍ਰੀ ਗੁਰੂ ਗੋਬਿੰਦ ਸਿੰਘ ਜਦੋਂ ਲੱਖੀ ਜੰਗਲ ਵਿਚ ਆਏ ਤਾਂ ਉਸ ਸਮੇਂ ਭਾਈ ਜਾਦੋ ਰਾਇ ਜੋ ਕਿ ਉਦਾਸੀ ਸਾਧੂ ਬਾਲੂ ਹਸਨੇ ਦਾ ਚੇਲਾ ਸੀ, ਗੁਰੂ ਸਾਹਿਬ ਨੂੰ ਆਪਣੀ ਮੰਡਲੀ ਸਮੇਤ ਲੱਖੀ ਜੰਗਲ ਵਿਚ ਮਿਲਿਆ। ਇਹ ਗੁਰੂ ਸਾਹਿਬ ਦਾ ਇੰਨਾ ਪ੍ਰੇਮੀ ਹੋਇਆ ਕਿ ਗੁਰੂ ਸਾਹਿਬ ਦਾ ਵਿਛੋੜਾ ਸਹਿ ਨਹੀਂ ਸਕਦਾ ਸੀ। ਦੱਖਣ ਵੱਲ ਵੀ ਇਹ ਗੁਰੂ ਸਾਹਿਬ ਦੇ ਨਾਲ ਗਿਆ।[3]

**ਜੀਵਨ ਮਲ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਜੀਵਨ ਮਲ ਦਾ ਜ਼ਿਕਰ ਕੀਤਾ ਹੈ।[4]

**ਜੇਠਾ** : ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੇਵਕ, ਜੋ ਲਖਨੌਰ ਨਿਵਾਸੀ ਮਸੰਦ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਪਟਨੇ ਤੋਂ ਅਨੰਦਪੁਰ ਨੂੰ ਆਉਂਦੇ ਸਮੇਂ ਇਸ ਦੇ ਘਰ ਠਹਿਰੇ ਸਨ। ਇਸ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ।[5]

**ਜੇਠਾ ਸਿੰਘ** : ਅਹਿਮਦਾਬਾਦ ਦਾ ਵਸਨੀਕ ਇਕ ਵਪਾਰੀ ਸਿੱਖ। ਭਾਈ ਦਯਾ ਸਿੰਘ ਜਫ਼ਰਨਾਮਾ ਲੈ ਕੇ ਜਦ ਔਰੰਗਜ਼ੇਬ ਪਾਸ ਦੱਖਣ ਗਏ ਸਨ ਤਦ ਇਸ ਪਾਸ ਠਹਿਰੇ ਸਨ।[6] *ਗੁਰਬਿਲਾਸ ਪਾਤਸ਼ਾਹੀ ੧੦* ਦੇ ਕਰਤਾ ਨੇ ਵੀ ਇਸ ਨੂੰ ਅਹਮਦ ਨਗਰ (ਦੱਖਣ) ਦਾ ਇਕ ਦੁਕਾਨਦਾਰ ਲਿਖਿਆ ਹੈ। ਇਸ ਸਿੱਖ ਦੇ ਘਰ ਭਾਈ ਦਯਿਆ

---

1. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 69.
2. ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਲਮਨਾਮੇ, ਪੰਨਾ 55.
3. ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਹਿਤ ਦਰਬਾਰ, ਪੰਨਾ 242.
4. ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 140.
5. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 532.
6. *ਉਹੀ*, ਪੰਨਾ 532.

ਸਿੰਘ ਜੀ ਠਹਿਰੇ ਤੇ ਫਿਰ ਜ਼ਫਰਨਾਮੇ ਸਮੇਤ ਸ਼ਾਹ ਔਰੰਗਜ਼ੇਬ ਆਲਿਮਗੀਰ ਨੂੰ ਮਿਲੇ –

ਯੌ ਲੀਲਾ ਤਿਹ ਲਿਖੀ ਅਪਾਰਾ। ਭਾਂਤਿ ਭਾਂਤਿ ਸੋ ਸਾਹ ਬੀਚਾਰ।

ਜੇਠਾ ਸਿੰਘ ਗੰਜ ਮੈ ਹੋਈ। ਤਾ ਕੇ ਧਾਮ ਦਯਾ ਸਿੰਘ ਸੋਈ।25।

ਲਯਾਵਹੁ ਬੇਗ ਤਾਹਿ ਮਮ ਤੀਰਾ। ਭ੍ਰਿਤਨਿ ਕਹਯੋ ਸਾਹ ਮਤਿ ਧੀਰਾ।

ਬੇਗ ਦਾਸ ਤਿਹ ਧਾਮ ਸਿਧਾਏ। ਦਯਾ ਸਿੰਘ ਕੋ ਲੇਵਨ ਆਏ।26।[1]

**ਜੈਤਾ ਰਾਮ** : ਜੈਤ ਰਾਮ ਨਾਰਾਇਣਾ (ਜਿਲ੍ਹਾ ਜੈਪੁਰ, ਰਾਜਸਥਾਨ) ਵਿਖੇ ਦਾਦੂ ਦਵਾਰੇ ਦਾ ਮਹੰਤ ਸੀ, ਜਦੋਂ ਗੁਰੂ ਗੋਬਿੰਦ ਸਿੰਘ ਜੀ 1707 ਈ. ਵਿਚ ਦੱਖਣ ਨੂੰ ਜਾਂਦੇ ਹੋਏ ਨਾਰਾਇਣਾ ਠਹਿਰੇ ਸਨ ਤਾਂ ਇਸ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਸੀ। ਗੁਰੂ ਸਾਹਿਬ ਨੂੰ ਨਾਦੇੜ ਵਿਖੇ ਬੰਦੇ ਦੇ ਆਸ਼ਰਮ ਤੇ ਉਸ ਦੀਆਂ ਰਿਧੀਆਂ ਸਿਧੀਆਂ ਬਾਰੇ ਜਾਣਕਾਰੀ ਵੀ ਇਸੇ ਤੋਂ ਮਿਲੀ ਸੀ।[2]

**ਜੋਧ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਸ਼ਰਧਾਲੂ ਸਿੱਖ। ਇਹ ਸਰਹਿੰਦ ਦਾ ਨਿਵਾਸੀ ਸੀ। *ਗੁਰੂ ਕੀਆਂ ਸਾਖੀਆਂ* ਅਨੁਸਾਰ ਜੋਧ ਸਿੰਘ ਨੇ ਸਸਕਾਰ ਤੋਂ ਬਾਅਦ ਸਾਹਿਬਜ਼ਾਦਿਆਂ ਦੀ ਭਸਮ ਸੰਭਾਲੀ ਸੀ।[3]

**ਜੋਧ ਸਿੰਘ** : ਦਸਮੇਸ਼ ਜੀ ਦਾ ਸੇਵਕ ਇੱਕ ਮਸੰਦ ਸਿੱਖ, ਜੋ ਕੋਟ ਕਮਾਲ ਦਾ ਵਸਨੀਕ ਸੀ। ਮਸੰਦਾਂ ਨੂੰ ਦੰਡ ਦੇਣ ਸਮੇਂ ਸਤਿਗੁਰੂ ਨੇ ਇਸ ਨੂੰ ਮੁਆਫ ਕੀਤਾ।[4]

ਝਾਲਾ ਕੌਰ, ਰਾਣੀ : ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸ਼ਰਧਾਲੂ ਇਕ ਮਲਵਈ ਸਿੱਖਣੀ। ਝਾਲਾ ਕੌਰ ਸਰਹਾਲੀ ਦੇ ਚੌਧਰੀ ਕੇਸਰੂ ਮੱਲ (ਮੱਲ ਸਿੰਘ) ਦੀ ਪਤਨੀ ਸੀ। ਕੇਸਰੂ ਮੱਲ, ਜਿਸ ਨੂੰ ਚਾਰ ਹਜ਼ਾਰੀ ਰਾਜੇ ਦਾ ਖ਼ਿਤਾਬ ਸੀ। ਇਹ ਸਰਵਰੀਆਂ ਦੀ ਪੂਜਾ ਛੱਡ ਕੇ ਇਸਤਰੀ ਤੇ ਪੁੱਤਰ ਸਮੇਤ ਸਿੰਘ ਸਜ ਗਿਆ ਸੀ ਅਤੇ ਕੇਸਰੂ ਮੱਲ ਤੋਂ ਮੱਲ ਸਿੰਘ ਬਣਿਆ। ਇਸ ਦੇ ਘਰ ਵਾਲੀ ਨੂੰ ਰਾਣੀ ਝਾਲਾ ਕਹਿੰਦੇ ਸਨ। ਇਹ ਵੀ ਅੰਮ੍ਰਿਤ ਛਕਣ ਉਪਰੰਤ ਝਾਲਾ ਕੌਰ

---

1 ਕੁਇਰ ਸਿੰਘ, ਗੁਰਬਿਲਾਸ ਪਾ. ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 223, 307.

2 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾ. ਡਾ. ਬਲਵੰਤ ਸਿੰਘ ਢਿੱਲੋਂ, ਪੰਨਾ 71.

3 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 198.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 537.

ਬਣ ਗਈ। ਇਹ ਬੀਬੀ ਬੜੇ ਸਿਦਕ ਵਾਲੀ ਸੀ। ਇਸ ਦਾ ਪਤੀ ਦਸਮੇਸ਼ ਜੀ ਦੇ ਜੰਗਾਂ ਵਿਚ ਹਿੱਸਾ ਲੈਂਦਾ ਰਿਹਾ ਸੀ। *ਗੁਰਸਿੱਖ ਵਾੜੀ* ਅਨੁਸਾਰ ਪਤੀ ਦੀ ਮੌਤ ਤੋਂ ਬਾਅਦ ਇਸ ਨੇ ਆਪਣੇ ਪੁੱਤਰ ਨੂੰ ਗੁਰਸਿੱਖੀ ਦੀ ਖ਼ੂਬ ਸਿਖਿਆ ਦਿੱਤੀ ਤੇ ਸ਼ਸਤਰ ਵਿੱਦਿਆ ਸਿਖਾ ਕੇ ਗੁਰੂ ਸਾਹਿਬ ਕੋਲ ਸੇਵਾ ਲਈ ਭੇਜਿਆ। ਅਨੰਦਪੁਰ ਭੇਜਣ ਤੋਂ ਬਾਅਦ ਉਸ ਨੇ ਅਰਦਾਸ ਕੀਤੀ ਕਿ ਮੇਰਾ ਪੁੱਤ ਕਿਤੇ ਗੁਰੂ ਨੂੰ ਪਿਠ ਨਾ ਦਿਖਾ ਆਵੇ –

ਪੁਤ ਜੀਵੇ ਤਾਂ ਗੁਰੂ ਦੇ ਰਹੇ ਸਨਮੁਖ ਮੌਤ ਆਉਸ ਤਾਂ ਪਿੱਠ ਨ ਦੇ ਜਾਈ।

ਮਰੇ ਮੋਹਿਰੀ ਹੋਇਕੇ ਵਧੇ ਅੱਗੇ। ਮਾਰੋ ਮਾਰ ਕਰਦਾ ਮੌਤ ਚੱਖ ਲੇਵੇ।

ਸਨਮੁਖ ਗੁਰਾਂ ਦੇ ਪੰਥ ਦੇ ਰਹੇ ਸੁਹਣਾ। ਪਤ ਮੁਝ ਨਿਮਾਣੀ ਦੀ ਰੱਖ ਲੇਵੇ।[1]

ਇਹ ਸਾਰਾ ਪਰਿਵਾਰ ਗੁਰੂ ਸਾਹਿਬ ਦੀਆਂ ਸੇਵਾਵਾਂ ਵਿਚ ਹਾਜ਼ਰ ਰਿਹਾ।

**ਝੂਲਨਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ। ਇਹ ਦੁਤਾਰਾ ਵਜਾ ਕੇ ਗਾਉਂਦਾ ਹੋਇਆ ਮਸਤੀ ਵਿੱਚ ਝੂਲਿਆ ਕਰਦਾ ਸੀ, ਜਿਸ ਕਾਰਣ ਝੂਲਨਾ ਸਿੰਘ ਨਾਮ ਪ੍ਰਸਿੱਧ ਹੋਇਆ। ਦਮਦਮੇ ਦੇ ਮੁਕਾਮ 'ਤੇ ਇੱਕ ਦਿਨ ਇਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕੈਂਪ ਪਾਸ ਦੁਤਾਰਾ ਵਜਾ ਕੇ ਗੱਵਾਰੂ ਗੀਤ ਗਾਏ। ਅੰਤ ਨੂੰ ਇਹ ਸਮਝਕੇ ਕਿ ਮੇਰਾ ਗਾਉਣਾ-ਵਜਾਉਣਾ ਸ਼ਾਇਦ ਮਾਤਾ ਜੀ ਨੇ ਸੁਣਿਆ ਹੋਊ, ਬਹੁਤ ਪਛਤਾਇਆ ਅਤੇ ਜੋਸ਼ ਵਿੱਚ ਆ ਕੇ ਇੰਦ੍ਰੀ ਕੱਟ ਦਿੱਤੀ ਅਰ ਸਾਰੀ ਅਵਸਥਾ ਮੌਨੀ ਰਹਿ ਕੇ ਬਿਤਾਈ। ਇਸ ਕਾਰਣ ਇਸ ਨੂੰ 'ਅਕੂਆ' ਭੀ ਆਖਦੇ ਹਨ।[2]

**ਟੋਡਰ ਮੱਲ** : ਸਰਹਿੰਦ ਦਾ ਵਸਨੀਕ ਇੱਕ ਸ਼ਾਹੂਕਾਰ, ਜਿਸ ਨੇ ਦੋ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਪਿੱਛੋਂ ਮਾਤਾ ਗੁਜਰੀ ਜੀ ਦੀ ਸੇਵਾ ਕੀਤੀ ਅਤੇ ਧੀਰਯ ਦਿੱਤਾ।[3]

ਕਵੀ ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਟੋਡਰ ਮੱਲ ਬਾਰੇ ਜ਼ਿਕਰ ਕੀਤਾ ਹੈ ਕਿ –

1 ਖਾਲਸਾ ਟ੍ਰੈਕਟ ਸੁਸਾਇਟੀ, ਗੁਰਸਿੱਖ ਵਾੜੀ, ਪੰਨੇ 245, 252.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 547.

3 *ਉਹੀ,* ਪੰਨਾ 552.

ਇਕ ਸਿਖ ਟੋਡਰ ਮਲ ਬਹੁ ਧਨੀ। ਸਾਹਿਬਜਾਦੇ ਪਕਰਨਿ ਸੁਨੀ।

ਰਿਦੈ ਬਿਚਾਰਯੋ ਧਨ ਗਨ ਦੈ ਕੈ। ਤੁਰਕਨਿ ਤੇ ਛੁਰਵਾਵਨਿ ਕੈ ਕੈ।36।

ਜਹਾਂ ਗੁਰੂ ਤਹਿਂ ਦੇਉ ਪੁਚਾਈ। ਪਾਵੈਂ ਜਗਤ ਬਿਖੈ ਬਡਿਆਈ।[1]

ਇਤਿਹਾਸ ਵਿਚ ਟੋਡਰ ਮੱਲ ਬਾਰੇ ਜ਼ਿਕਰ ਹੈ ਕਿ ਇਸ ਨੇ ਵਜੀਰ ਖ਼ਾਂ ਨੂੰ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਲਈ ਭਾਰੀ ਰਕਮ (ਪੰਜ ਸੌ ਮੋਹਰਾਂ) ਦੇ ਕੇ ਧਰਤੀ ਦਾ ਮੁੱਲ ਤਾਰਿਆ ਸੀ।

**ਡੱਲਾ, ਭਾਈ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਚੌਧਰੀ ਸਿੱਖ। ਤਲਵੰਡੀ ਸਾਬੋ ਦਾ ਇਕ ਬਰਾੜ ਸਰਦਾਰ ਜੋ ਸੰਮਤ 1762 ਬਿ. (1705 ਈ.) ਵਿਚ ਗੁਰੂ ਦਸਮੇਸ਼ ਜੀ ਦੀ ਸੇਵਾ ਵਿਚ ਬੜੇ ਸ਼ਰਧਾ ਭਾਵ ਨਾਲ ਹਾਜ਼ਿਰ ਰਿਹਾ। ਪਿੱਛੋਂ ਗੁਰੂ ਸਾਹਿਬ ਤੋਂ ਅੰਮ੍ਰਿਤ ਛਕ ਕੇ ਇਹੋ ਡੱਲਾ ਸਿੰਘ ਬਣ ਗਿਆ ਸੀ। ਕੁਇਰ ਸਿੰਘ ਨੇ *ਗੁਰਬਿਲਾਸ ਪਾਤਸ਼ਾਹੀ ੧੦* ਵਿਚ ਇਸ ਬਾਰੇ ਲਿਖਿਆ ਹੈ –

ਤਾ ਤੇ ਪਯਾਨ ਸੋ ਕਰਤ ਹੀ ਸ੍ਰੀ ਸਾਹਿਬ ਸਿਰਮੌਰ।

ਤਲਵੰਡੀ ਤਬ ਆਇ ਹੈ ਸੁਨੀ ਖਬਰ ਸਭ ਠੌਰ।9।

ਡੱਲੇ ਆਦਿ ਬੈਰਾੜ ਜੋ ਊਚ ਨੀਚ ਸਿਰਦਾਰ।

ਸਰਬ ਹਜੂਰ ਸੁ ਆਵਹੀ ਗੁਰ ਕੇ ਹਿਤ ਦੀਦਾਰ।10।[2]

*ਮਹਾਨ ਕੋਸ਼* ਅਨੁਸਾਰ ਸਾਬੋ ਦੀ ਤਲਵੰਡੀ ਦਾ ਜੱਟ ਸਰਦਾਰ, ਜਿਸ ਨੇ ਸੰਮਤ 1762 ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪ੍ਰੇਮ ਨਾਲ ਆਪਣੇ ਪਿੰਡ ਠਹਿਰਾਇਆ ਅਤੇ ਪੂਰੀ ਸੇਵਾ ਕੀਤੀ। ਜਿੱਥੇ ਦਸਮੇਸ਼ ਜੀ ਬਿਰਾਜੇ ਸਨ ਉਸ ਗੁਰਦੁਆਰੇ ਦਾ ਨਾਮ 'ਦਮਦਮਾ ਸਾਹਿਬ' ਹੈ।

ਡੱਲੇ ਨੂੰ ਸੰਬੋਧਨ ਕਰਕੇ ਕਲਗੀਧਰ ਨੇ ਮਾਲਵੇ ਨੂੰ ਵਰਦਾਨ ਦਿੱਤਾ ਸੀ ਕਿ ਭੂਮੀ ਵਿੱਚ ਨਹਿਰਾਂ ਚੱਲਣਗੀਆਂ, ਅੰਬ ਲੱਗਣਗੇ, ਕਣਕ ਪੈਦਾ ਹੋਵੇਗੀ ਆਦਿਕ। ਇਸ ਅਨਿੰਨ ਸੇਵਕ ਨੇ ਦਸਮੇਸ਼ ਤੋਂ ਅੰਮ੍ਰਿਤ

---

1 ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਰੁੱਤ 6, ਅੰਸੂ 50.

2 ਕੁਇਰ ਸਿੰਘ, ਗੁਰਬਿਲਾਸ ਪਾ. ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 308.

ਛਕਿਆ ਅਤੇ ਡੱਲਾ ਸਿੰਘ ਪ੍ਰਸਿੱਧ ਹੋਇਆ।[1]

**ਤਖਤ ਮੱਲ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ। ਭਾਈ ਕਾਨ੍ਹ ਸਿੰਘ ਨਾਭਾ ਨੇ *ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਇਸ ਨੂੰ ਨੱਕੇ ਦਾ ਮਸੰਦ ਲਿਖਿਆ ਹੈ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਅੰਮ੍ਰਿਤ ਪ੍ਰਚਾਰ ਤੋਂ ਪਹਿਲਾਂ ਸੀ।[2] *ਪੰਜਾਬ ਕੋਸ਼* ਅਨੁਸਾਰ ਇਸ ਨੇ ਗੁਰੂ ਸਾਹਿਬ ਦੀ ਮਾਲਵੇ ਵਿਚ ਆਉਣ ਸਮੇਂ ਸੇਵਾ ਕੀਤੀ ਸੀ। 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ ਜੋ ਦੀਨੇ ਵਿਖੇ ਆਪਣੇ ਭਰਾਵਾਂ ਲਖਮੀਰ ਅਤੇ ਸਮੀਰ ਨਾਲ ਰਹਿੰਦਾ ਸੀ। ਇਹ ਤਿੰਨੇ ਭਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਰਮ ਸੇਵਕ ਰਾਇ ਜੋਧ ਦੇ ਪੋਤਰੇ ਸਨ, ਜਿਸ ਨੇ ਗੁਰੂਸਰ ਦੀ ਜੰਗ ਵਿਚ ਗੁਰੂ ਜੀ ਦੀ ਅਗਵਾਈ ਹੇਠ ਸੂਰਬੀਰਤਾ ਨਾਲ ਯੁੱਧ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਜਦੋਂ ਧਲਿਆਈ ਚਕਰ ਤਖਤੂਪੁਰਾ ਅਤੇ ਮਸੇਲ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਦੀਨੇ ਪਿੰਡ ਪਧਾਰੇ ਤਾਂ ਇਨ੍ਹਾਂ ਤਿੰਨਾਂ ਭਰਾਵਾਂ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਅਤੇ ਅਨੇਕਾਂ ਵਰ ਪ੍ਰਾਪਤ ਕੀਤੇ।[3] ਭਾਈ ਵੀਰ ਸਿੰਘ ਤਖਤ ਮੱਲ ਦਾ ਇਸ ਦੇ ਹੋਰ ਤਿੰਨ ਭਰਾਵਾਂ ਸਮੇਤ *ਸ੍ਰੀ ਕਲਗੀਧਰ ਦੀਨੇ* ਵਿਚ ਜ਼ਿਕਰ ਕਰਦੇ ਹਨ ਕਿ ਇਹ ਤਿੰਨ ਭਰਾ ਸਨ ਲਖਮੀਰ, ਸਮੀਰ ਤੇ ਤਖਤ ਮੱਲ, ਇਨ੍ਹਾਂ ਤਿੰਨਾਂ ਨੇ ਗੁਰੂ ਸਾਹਿਬ ਦਾ ਆਉਣਾ ਸੁਣਿਆ ਤੇ ਦੋ ਕੋਹ ਅਗਲਵਾਂਢੀ ਆ ਮਿਲੇ। ਗੁਰੂ ਸਾਹਿਬ ਦੇ ਰਕਾਬਾਂ ਵਿਚ ਪਏ ਚਰਨਾਂ 'ਤੇ ਸੀਸ ਧਰਿਆ ਤੇ ਭੇਟਾ ਅਰਪਨ ਕੀਤੀ। ਫਿਰ ਗੁਰੂ ਸਾਹਿਬ ਨੂੰ ਬੇਨਤੀ ਕਰ ਕੇ ਆਪਣੇ ਘਰ ਲੈ ਜਾ ਕੇ ਸੇਵਾ ਕੀਤੀ।[4]

**ਤਿਲੋਕਾ ਸਿੰਘ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਅਨਿੰਨ ਸੇਵਕ। ਇਹ ਨਾਭੇ ਅਤੇ ਜੀਂਦ ਰਾਜਵੰਸ਼ ਦੇ ਵਡੇਰੇ, ਬਾਬੇ ਫੂਲ ਦਾ ਵਡਾ ਸਪੁੱਤਰ ਸੀ। ਇਸ ਨੇ ਆਪਣੇ ਛੋਟੇ ਭਾਈ ਰਾਮ ਸਿੰਘ ਨਾਲ ਮਿਲ ਕੇ ਦਮਦਮਾ ਸਾਹਿਬ ਦਸਮੇਸ਼ ਤੋਂ ਅੰਮ੍ਰਿਤ ਛਕ ਕੇ ਸਿੰਘ ਪਦ ਧਾਰਣ ਕੀਤਾ।[5] ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਇਨ੍ਹਾਂ ਪੁਰ ਜੋ ਕਲਗੀਧਰ ਦੀ ਅਪਾਰ ਕ੍ਰਿਪਾ ਹੋਈ, ਉਸ ਦਾ ਅਨੁਮਾਨ ਹੇਠ ਲਿਖੇ *ਹੁਕਮਨਾਮੇ* ਤੋਂ ਹੋ ਸਕਦਾ ਹੈ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 558.

2 *ਉਹੀ*, ਪੰਨਾ 570.

3 ਰਛਪਾਲ ਸਿੰਘ, ਪੰਜਾਬ ਕੋਸ਼ (ਭਾਗ ਦੂਜਾ), ਪੰਨਾ 48.

4 ਭਾਈ ਵੀਰ ਸਿੰਘ, ਸ੍ਰੀ ਕਲਗੀਧਰ ਦੀਨੇ, ਪੰਨੇ 15-16.

5 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 592.

-

੧ਓਂ ਸਤਿਗੁਰੂ ਜੀ॥

ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਤੇਲੋਕਾ ਭਾਈ ਰਾਮਾ ਸਰਬਤ ਸੰਗਤ ਗੁਰੂ ਰਖੈਗਾ ਤੁਧ ਜਮੀਅਤ ਲੈ ਕੇ ਅਸਾਡੇ ਹਜੂਰ ਆਵਣਾ ਮੇਰੀ ਤੇਰੇ ਉਪਰਿ ਬਹੁਤ ਖੁਸੀ ਹੈ ਤੇਰਾ ਘਰੁ ਮੇਰਾ ਹੈ ਤੁਧੁ ਹੁਕਮੁ ਦੇਖਦਿਆ ਹੀ ਛੇਤੀ ਅਸਾਡੇ ਹਜੂਰ ਆਵਣਾ ਤੇਰਾ ਘਰੁ ਮੇਰਾ ਅਸੈ ਤੁਧੁ ਸਿਤਾਬੀ ਹੁਕਮ ਦੇਖਦਿਆ ਹੀ ਆਵਣਾ ਤੁਸਾਂ ਅਸਵਾਰ ਲੈ ਕੇ ਆਵਣਾ ਜਰੂਰ ਆਵਣਾ ਤੇਰੇ ਉਤੇ ਅਸਾਡੀ ਖਰੀ ਮਿਹਰਵਾਨਗੀ ਅਸੈ ਤੈ ਆਵਣਾ ਇਕੁ 1 ਜੋੜਾ ਭੇਜਾ ਹੈ ਰਖਾਵਣਾ ਭਾਦੋਂ ੨ ਸੰਮਤ ੫੩ (੧੭੫੩)' ਇਹ ਅਸਲ ਹੁਕਮਨਾਮਾ ਬਾਬਾ ਆਲਾ ਸਿੰਘ ਜੀ ਦੇ ਬੁਰਜ ਪਟਿਆਲੇ ਵਿਚ ਸੁਰੱਖਿਅਤ ਹੈ, ਅਤੇ ਇਸ ਦੀ ਨਕਲ ਨਾਭਾ ਪਾਸ ਹੈ।[1] *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* ਅਨੁਸਾਰ ਭਾਈ ਤਿਲੋਕਾ ਸਿੰਘ ਤੇ ਭਾਈ ਰਾਮ ਸਿੰਘ ਨੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਵੀ ਕੀਤਾ ਸੀ।[2] ਰਣਧੀਰ ਸਿੰਘ ਰੀਸਰਚ ਸਕਾਲਰ ਅਨੁਸਾਰ ਭਾਈ ਰਾਮ ਸਿੰਘ ਤੇ ਤਿਲੋਕਾ ਸਿੰਘ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਦਮਦਮੇ ਦੇ ਅਸਥਾਨ 'ਤੇ ਆਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਖੁਸ਼ੀ ਬਖ਼ਸ਼ੀ ਤੇ ਸਿਰਪਾਉ ਦਿੱਤੇ।[3]

**ਤੁਲਸੀ ਦਾਸ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਸ਼ਰਧਾਲੂ ਸਿੱਖ। ਇਹ ਬਾਘੇ ਦਾ ਪੁੱਤਰ ਦਿਲਵਾਲੀ ਮੁਹੱਲਾ ਦਿੱਲੀ ਦਾ ਮਸੰਦ ਸੀ।[4]

**ਥਿਰਾਜ ਸਿੰਘ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮਾਲਵੇ ਦਾ ਸ਼ਰਧਾਲੂ ਇਕ ਬੈਰਾੜ ਸਿੱਖ। ਇਹ ਕਿਥੋਂ ਦਾ ਰਹਿਣ ਵਾਲਾ ਸੀ। ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਗੁਰੂ ਸਾਹਿਬ ਨੇ ਭਾਈ ਰੂਪੇ ਦੀ ਸੰਗਤ ਦੇ ਨਾਮ ਪੁਰ ਇਕ ਹੁਕਮਨਾਮਾ ਲਿਖਿਆ ਸੀ। ਉਸ ਵਿਚ ਭਾਈ ਥਿਰਾਜ ਸਿੰਘ ਦਾ ਜ਼ਿਕਰ ਮਿਲਦਾ ਹੈ, ਹੋ ਸਕਦਾ ਹੈ, ਕਿ ਇਹ ਭਾਈਰੂਪੇ ਦਾ ਜਾਂ ਇਸ ਦੇ ਨੇੜੇ ਕਿਸੇ ਹੋਰ ਪਿੰਡ ਦਾ ਵਸਨੀਕ ਹੋਵੇ। *ਹੁਕਮਨਾਮੇ* ਵਿਚ ਗੁਰੂ

---

1 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 62.

2 ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 112.

3 ਰਣਧੀਰ ਸਿੰਘ ਰੀਸਰਚ ਸਕਾਲਰ, ਉਦਾਸੀ ਸਿੱਖਾਂ ਦੀ ਵਿਥਿਆ, ਪੰਨਾ 500.

4 ਭਾਈ ਸ੍ਰਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 198.

ਸਾਹਿਬ ਵਲੋਂ ਭਾਈ ਥਿਰਾਜ ਸਿੰਘ ਨੂੰ ਇਕ ਚੰਗਾ ਬੈਲ ਭੇਜਣ ਦਾ ਹੁਕਮ ਹੈ।[1]

**ਦਖਨੀ ਰਾਇ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਢਾਕੇ ਦਾ ਇਕ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ। ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਵਲੋਂ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਦਖਨੀ ਰਾਇ ਦਾ ਜ਼ਿਕਰ ਮਿਲਦਾ ਹੈ।[2]

**ਦਗੋ** : ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬਾਂਗਰ ਦੇਸ਼ ਦਾ ਮਸੰਦ ਸਿੱਖ। ਭਾਈ ਦਗੋ ਬਾਂਗਰ ਦੇਸ਼ ਵਿਚ ਧਮਧਾਨ ਨਗਰ ਕਾ ਮੁਖੀਆ ਸੀ, ਇਸ ਨੇ ਮਸੰਦ ਦੀ ਸੇਵਾ ਨਿਭਾਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੇ ਪੁੱਤਰ ਭਾਈ ਨਗਾਹੀਏ ਨੂੰ ਮਸੰਦ ਥਾਪਿਆ। ਗੁਰੂ ਕੀਆਂ ਸਾਖੀਆਂ ਅਨੁਸਾਰ 'ਗੁਰੂ ਜੀ ਕੇ ਜਾਨੇ ਸੇ ਕੁਝ ਸਮਾ ਪਹਿਲੋਂ ਇਸ ਫਾਨੀ ਸੰਸਾਰ ਸੇ ਚਲ ਵਸਿਆ ਸੀ। ਬਚਨ ਹੋਆ ਭਾਈ ਸਿੱਖੋ! ਦਗੋ ਬੜਾ ਗੁਰਮੁਖ ਸਿੱਖ ਥਾ, ਜਿਸ ਨੇ ਪਿਤਾ ਗੁਰੂ ਜੀ ਕੇ ਠਹਿਰਨੇਂ ਕੇ ਲੀਏ ਏਕ ਮਕਾਨ ਤੇ ਕੂੰਆਂ ਲਵਾਇ ਕੇ ਦੀਆ ਥਾ।[3]

**ਦਯਾਲ ਦਾਸ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮਾਲਵੇ ਖੇਤਰ ਦਾ ਇਕ ਪ੍ਰੇਮੀ ਸਿੱਖ। ਇਹ ਭਾਈ ਭਗਤੂ ਦਾ ਪੋਤਾ ਅਤੇ ਗੌਰੇ ਦਾ ਪੁੱਤਰ ਸੀ, ਜੋ ਭੁੱਚੋ ਪਿੰਡ ਵਿੱਚ ਰਹਿੰਦਾ ਸੀ। ਜਦ ਦਸਮੇਸ਼ ਦਮਦਮੇ ਠਹਿਰੇ, ਤਦ ਇਹ ਸੇਵਾ ਵਿੱਚ ਹਾਜ਼ਿਰ ਹੋਇਆ। ਗੁਰੂ ਸਾਹਿਬ ਨੇ ਅੰਮ੍ਰਿਤ ਛਕਣ ਲਈ ਫੁਰਮਾਇਆ, ਜਿਸ ਦੀ ਇਸ ਨੇ ਤਾਮੀਲ ਕੀਤੀ।[4]

**ਦਯਾਲ ਦਾਸ / ਪੁਰੀ** : ਸ੍ਰੀ ਦਸਮੇਸ਼ ਜੀ ਦਾ ਇਕ ਸ਼ਰਧਾਲੂ ਸਿੱਖ। ਇਹ ਸਰਹਿੰਦ ਦਾ ਨਿਵਾਸੀ ਸੀ। ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਦਯਾਲ ਦਾਸ ਦਾ ਗੁਰੂ ਹਜ਼ੂਰੀ ਵਿਚ ਹਾਜ਼ਿਰ ਹੋਣ ਬਾਰੇ ਜ਼ਿਕਰ ਕੀਤਾ ਹੈ – ਜਦੋਂ ਇਸ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਨੇ ਸਰਹਿੰਦ ਨੂੰ ਉਜੜਨ ਦਾ ਬਚਨ ਕੀਤਾ ਹੈ ਤਾਂ ਇਹ ਗੁਰੂ ਸਾਹਿਬ ਦੇ ਹਜ਼ੂਰ ਹਾਜ਼ਰ ਹੋਇਆ ਤੇ ਬੇਨਤੀ ਕੀਤੀ ਕਿ ਗੁਰੂ ਜੀ ਮੈਂ ਵੀ ਸਰਹਿੰਦ ਦਾ ਰਹਿਣ

---

1 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 81.

2 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 140.

3 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 100.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 622.

ਵਾਲਾ ਹਾਂ। ਗੁਰੂ ਸਾਹਿਬ ਨੇ ਇਸ ਨੂੰ ਔਖੇ ਸਮੇਂ ਸੰਖ ਵਜਾਉਣ ਲਈ ਕਿਹਾ ਕਿ ਤੇਰੀ ਰੱਖਿਆ ਹੋਵੇਗੀ।[1]

**ਦਲਪਤਿ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ। ਇਹ ਭੀਮ ਜੱਟ ਦਾ ਪੁੱਤਰ ਸੀ, ਜੋ ਪਿੰਡ ਮੌੜ ਦਾ ਵਸਨੀਕ ਸੀ। ਜਦੋਂ ਦਸਮੇਸ਼ ਜੀ ਸਾਬੋ ਕੀ ਤਲਵੰਡੀ (ਦਮਦਮੇ) ਬਿਰਾਜੇ ਸਨ, ਤਦ ਇਹ ਦੁੱਧ ਦਾ ਘੜਾ ਲੈ ਕੇ ਹਾਜ਼ਿਰ ਹੋਇਆ ਸੀ, ਸਤਿਗੁਰਾਂ ਨੇ ਇਸ ਨੂੰ ਇਕ ਦਸਤਾਰ ਬਖਸ਼ੀ।[2]

**ਦਾਈ ਲਾਡੋ** : ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸ਼ਰਧਾਲੂ ਸਿੱਖਣੀ। ਦਾਈ ਲਾਡੋ ਕਿਥੋਂ ਦੀ ਰਹਿਣ ਵਾਲੀ ਸੀ, ਇਸ ਬਾਰੇ ਕੋਈ ਪੁਖਤਾ ਜਾਣਕਾਰੀ ਹਾਸਿਲ ਨਹੀਂ ਹੁੰਦੀ। ਗੁਰੂ ਸਾਹਿਬ ਵਲੋਂ ਭਾਈ ਰਾਮਰਾਇ ਤੇ ਦਾਈ ਲਾਡੋ ਪ੍ਰਥਾਇ ਇਕ *ਹੁਕਮਨਾਮਾ* ਲਿਖਿਆ ਮਿਲਦਾ ਹੈ, ਜਿਸ ਵਿਚ ਇਨ੍ਹਾਂ ਨੂੰ ਅਸ਼ੀਸ ਬਖਸ਼ੀ ਗਈ ਹੈ।[3]

**ਦਾਨ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਬੈਰਾੜ ਜਾਤ ਦਾ ਮਲਵਈ ਸਿੱਖ ਸੀ। *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* ਅਨੁਸਾਰ ਜਦੋਂ ਮਾਲਵੇ ਦੇਸ਼ ਦੇ ਦੌਰੇ ਸਮੇਂ ਗੁਰੂ ਸਾਹਿਬ ਆਪਣੇ ਘੋੜੇ 'ਤੇ ਬਿਰਾਜਮਾਨ ਸਨ, ਤਦ ਦਾਨ ਸਿੰਘ ਦੇ ਪੁੱਤਰ ਨੇ ਗੁਰੂ ਸਾਹਿਬ ਦੇ ਘੋੜੇ ਨੂੰ ਪਿਛੋਂ ਕੋਰੜਾ ਮਾਰਿਆ ਤੇ ਕਿਹਾ ਤੇਜ ਚਲ ਪਿੱਛੇ ਤੁਰਕ ਆ ਰਹੇ ਨੇ। ਗੁਰੂ ਸਾਹਿਬ ਨੇ ਇਸ ਦਾ ਬੁਰਾ ਮਨਾਇਆ ਕਿ ਘੋੜੇ ਨੂੰ ਕੋਰੜਾ ਕਿਉਂ ਮਾਰਿਆ। ਦਾਨ ਸਿੰਘ ਨੇ ਗੁਰੂ ਸਾਹਿਬ ਤੋਂ ਭੁੱਲ ਬਖਸਾਈ।[4] ਰਣਧੀਰ ਸਿੰਘ ਰੀਸਰਚ ਸਕਾਲਰ ਉਦਾਸੀ ਸਿੱਖਾਂ ਦੀ ਵਿਥਿਆ ਵਿਚ ਲਿਖਦੇ ਹਨ ਕਿ ਅਬਲੂ ਮਹਿਮੇ ਤੇ ਦਾਨ ਸਿੰਘ ਆਪਣੇ ਪੁੱਤਰ ਗੁਰਬਖਸ਼ ਸਿੰਘ ਨੂੰ ਨਾਲ ਲੈ ਕੇ ਗੁਰੂ ਦਰਸ਼ਨਾਂ ਨੂੰ ਆਇਆ।[5]

**ਦਾਨ ਸਿੰਘ, ਚੌਧਰੀ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਮਾਲਵੇ ਵਿਚੋਂ ਮਹਿਮਾ ਸਰਜਾ ਦਾ ਰਹਿਣ ਵਾਲਾ ਇਕ ਚੌਧਰੀ ਸੀ। ਜਦੋਂ ਮਾਲਵੇ ਵਿਚ ਛਤਿਆਣੇ ਲਾਗੇ ਗੁਰੂ ਸਾਹਿਬ ਨੇ ਡੇਰਾ ਕੀਤਾ ਤਾਂ ਬੈਰਾੜਾਂ ਨੇ ਗੁਰੂ ਜੀ ਤੋਂ ਤਨਖ਼ਾਹ ਮੰਗੀ। ਗੁਰੂ ਜੀ ਨੇ ਉਨ੍ਹਾਂ ਨੂੰ ਤਨਖ਼ਾਹ ਦੇ ਦਿੱਤੀ। ਫਿਰ ਦਾਨ ਸਿੰਘ ਨੂੰ ਕਿਹਾ ਭਾਈ ਤੂੰ

---

1 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁੱਤ 6, ਅੰਸ਼ੂ 57.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 625.

3 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 55.

4 ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨੇ 53-54.

5 ਰਣਧੀਰ ਸਿੰਘ ਰੀਸਰਚ ਸਕਾਲਰ, ਉਦਾਸੀ ਸਿੱਖਾਂ ਦੀ ਵਿਥਿਆ, ਪੰਨਾ 500.

ਵੀ ਤਨਖ਼ਾਹ ਲੈ ਲੈ। ਦਾਨ ਸਿੰਘ ਨੇ ਕਿਹਾ ਸਤਿਗੁਰੂ ਜੀ ਮੇਰੇ ਪਾਸ ਸਭ ਕੁਝ ਹੈ। ਮੈਨੂੰ ਸਿੱਖੀ ਬਖ਼ਸ਼ੋ। ਗੁਰੂ ਜੀ ਨੇ ਬਚਨ ਕੀਤਾ ਤੂੰ ਮਾਲਵੇ ਵਿਚ ਸਿੱਖੀ ਦਾ ਬੀਜ ਰੱਖ ਲਿਆ।[1]

**ਦਾਨੀ ਰਾਇ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਢਾਕੇ ਦੇ ਇਲਾਕੇ ਦਾ ਇਕ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੇ ਰਹਿੰਦਾ ਸੀ। ਇਸ ਬਾਰੇ ਸੰਕੇਤ ਮਾਤਰ ਜਾਣਕਾਰੀ ਮਿਲਦੀ ਹੈ। ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਦਾਨੀ ਰਾਇ ਦਾ ਜ਼ਿਕਰ ਕੀਤਾ ਹੈ।[2]

**ਦਿਆਲ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਮਲਵਈ ਸਿੱਖ। ਇਹ ਚੱਕ ਭਾਈਕੇ ਦਾ ਰਹਿਣ ਵਾਲਾ ਸੀ। ਜਦੋਂ ਗੁਰੂ ਸਾਹਿਬ ਤਲਵੰਡੀ ਸਾਬੋ (ਦਮਦਮੇ) ਤੋਂ ਚੱਕ ਭਾਈਕੇ ਹੁੰਦੇ ਹੋਏ ਭੁੱਚੋ ਮੰਡੀ ਆਏ ਤਾਂ ਇਥੇ ਦਿਆਲ ਸਿੰਘ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਤੇ ਬੇਨਤੀ ਕੀਤੀ ਗੁਰੂ ਸਾਹਿਬ ਜੀ ਦਰਸ਼ਨ ਦਿਓ। ਗੁਰੂ ਸਾਹਿਬ ਨੇ ਕਿਹਾ, ਭਾਗੂ (ਅੱਜਕਲ ਭਾਗੀ ਬਾਂਦਰ) ਉਤਰਾਂਗੇ। ਦਿਆਲ ਸਿੰਘ ਨੇ ਬੇਨਤੀ ਕੀਤੀ ਜੀ ਪ੍ਰਸਾਦ ਤਿਆਰ ਹੈ। ਗੁਰੂ ਸਾਹਿਬ ਅਤੇ ਸਿੰਘਾਂ ਨੇ ਛੱਕਿਆ। ਦਿਆਲ ਸਿੰਘ ਨੇ ਗੁਰੂ ਸਾਹਿਬ ਨੂੰ ਇਕ ਘੋੜਾ ਤੇ ਦੁਸ਼ਾਲਾ ਭੇਟਾ ਕੀਤਾ।[3] ਰਣਧੀਰ ਸਿੰਘ ਰੀਸਰਚ ਸਕਾਲਰ ਆਨੁਸਾਰ ਭਾਈ ਦਿਆਲ ਸਿੰਘ ਚੱਕਾਂ ਤੋਂ ਚੱਲ ਕੇ ਗੁਰੂ ਦਰਸ਼ਨਾਂ ਨੂੰ ਆਇਆ। ਆਪਣੀ ਭੇਟਾ ਅਰਪਨ ਕੀਤੀ।[4]

**ਦਿਆਲ ਦਾਸ** : ਇਹ ਗੁਰੂ ਗੋਬਿੰਦ ਸਿੰਘ ਜੀ ਦਾ ਢਾਕੇ ਦਾ ਇਕ ਸ਼ਰਧਾਲੂ ਸਿੱਖ ਸੀ। ਦਿਆਲ ਦਾਸ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਦਿਆਲ ਦਾਸ ਦਾ ਜ਼ਿਕਰ ਕੀਤਾ ਹੈ।[5]

**ਦੀਪ ਕੌਰ, ਬੀਬੀ** : ਗੁਰੂ ਘਰ ਦੀ ਸ਼ਰਧਾਲੂ ਸਿੰਘਣੀ। ਇਹ ਪਿੰਡ ਤਲਵਣ ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਦੇ ਰਹਿਣ ਵਾਲੇ ਰਾਮ ਸਿੰਘ ਦੀ ਧੀ ਸੀ। ਵਿਸਾਖਾ ਸਿੰਘ ਨੇ *ਮਾਲਵਾ ਇਤਿਹਾਸ* ਵਿਚ ਇਸ ਨੂੰ ਕਵਿਤਾ ਰੂਪ

---

1 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 236.

2 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 140.

3 ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 87; ਗੁਰੂ ਕੀਆਂ ਸਾਖੀਆਂ, ਪੰਨਾ 176.

4 ਰਣਧੀਰ ਸਿੰਘ ਰੀਸਰਚ ਸਕਲਰ, ਉਦਾਸੀ ਸਿੱਖਾਂ ਦੀ ਵਿਥਿਆ, ਪੰਨਾ 500.

5 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 135.

ਵਿਚ ਬਿਆਨ ਕਰਦੇ ਲਿਖਿਆ ਹੈ –

…ਜਿਲ੍ਹਾ ਜਲੰਧਰ ਵਸਦਾ ਤਲਵਨ ਇੱਖ ਗਰਾਂ।

ਦੋ ਘੜੀਆਂ ਵਿਸ਼ਰਾਮ ਨੂੰ ਸੰਗਤ ਬੈਠੀ ਜਾ।

ਸਿਖਰ ਦੁਪਹਿਰਾ ਉਮਰ ਦਾ ਰਾਮ ਸਿੰਘ ਦੀ ਧੀ।

ਰੰਬਾ ਪਰੀ ਦੀ ਭੈਣ ਜਾ ਅਰਸੋਂ ਉਤਰੀ ਸੀ।…'[1]

ਡਾ. ਰਛਪਾਲ ਸਿੰਘ ਗਿੱਲ ਅਨੁਸਾਰ ਇਕ ਵਾਰ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਜਾ ਰਹੇ ਸਨ। ਇਹ ਬਾਹਰ ਵਾਰ ਮਾਝੇ ਦੀ ਸੰਗਤ ਦੀ ਉਡੀਕ ਵਿਚ ਖੜੀ ਸੀ ਤਾਂ ਮੁਗ਼ਲ ਸਿਪਾਹੀਆਂ ਦਾ ਇਕ ਦਸਤਾ ਉਥੇ ਆ ਗਿਆ। ਸਿਪਾਹੀਆਂ ਦੇ ਮੁਖੀ ਨੇ ਮਾੜੀ ਨੀਅਤ ਨਾਲ ਇਸ ਨੂੰ ਕਾਬੂ ਕਰਨਾ ਚਾਹਿਆ ਅਤੇ ਜਿਉਂ ਹੀ ਇਸ ਨੂੰ ਫੜਨ ਲਈ ਹੱਥ ਅੱਗੇ ਵਧਾਇਆ ਤਾਂ ਇਸ ਨੇ ਝੱਟ ਮਿਆਨ ਵਿਚੋਂ ਤਲਵਾਰ ਸੂਤ ਲਈ ਅਤੇ ਸ਼ੇਰਨੀ ਦੀ ਤਰ੍ਹਾਂ ਝਪਟ ਕੇ ਮੁਖੀ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਇਸ ਉਪਰੰਤ ਉਸੇ ਦੀ ਬਦੂੰਕ ਖੋਹ ਕੇ ਉਸੇ ਦੇ ਘੋੜੇ ਤੇ ਸਵਾਰ ਹੋ ਗਈ। ਸਿਪਾਹੀਆਂ ਨੇ ਆਪਣੇ ਸਰਦਾਰ ਦੀ ਹੱਤਿਆ ਦੇਖ ਕੇ ਇਸ ਉੱਤੇ ਹਮਲਾ ਕਰ ਦਿੱਤਾ। ਇਸ ਨੇ ਤੁਰੰਤ ਦੋ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ। ਘੋੜੇ ਦੀ ਵਾਗ ਮੂੰਹ ਵਿਚ ਦਬਾ ਕੇ ਦੂਜੇ ਦੋਹਾਂ ਉੱਤੇ ਤਲਵਾਰ ਨਾਲ ਹਮਲਾ ਕੀਤਾ। ਦੋ ਹੋਰਾਂ ਨੇ ਝਪਟ ਕੇ ਇਸ ਉਤੇ ਬਰਛੇ ਨਾਲ ਹਮਲਾ ਕੀਤਾ, ਜਿਸ ਨਾਲ ਇਹ ਜਖ਼ਮੀ ਹੋ ਗਈ ਪਰ ਨਾਲ ਹੀ ਇਕ ਹੋਰ ਸੈਨਿਕ ਨੂੰ ਮਾਰ ਦਿੱਤਾ। ਇਨ੍ਹਾਂ ਵਿਚੋਂ ਦੋ ਤਾਂ ਡਰਦੇ ਦੌੜ ਗਏ ਅਤੇ ਦੂਸਰੇ ਦੋਹਾਂ ਦਾ ਇਹ ਮੁਕਾਬਲਾ ਕਰ ਰਹੀ ਸੀ। ਇੰਨੇ ਨੂੰ ਮਾਝੇ ਦੀ ਸੰਗਤ ਆ ਗਈ ਜਿਸ ਦਾ ਇਹ ਇੰਤਜ਼ਾਰ ਕਰ ਰਹੀ ਸੀ। ਉਨ੍ਹਾਂ ਨੇ ਇਸ ਦੇ ਜਖ਼ਮਾਂ ਦੀ ਮਲ੍ਹਮ ਪੱਟੀ ਕੀਤੀ ਤੇ ਡੋਲੇ ਵਿਚ ਪਾ ਕੇ ਨਾਲ ਹੀ ਇਸ ਨੂੰ ਅਨੰਦਪੁਰ ਲੈ ਗਏ। ਸੰਗਤ ਨੇ ਇਥੇ ਡੇਰੇ ਵਿਚ ਹੀ ਇਸ ਨੂੰ ਸੁਆ ਦਿੱਤਾ।

ਜਦੋਂ ਇਹ ਸੰਗਤ ਗੁਰੂ ਦਰਬਾਰ ਵਿਚ ਪਹੁੰਚੀ ਤਾਂ ਗੁਰੂ ਸਾਹਿਬ ਨੇ ਉੱਚੀ ਆਵਾਜ਼ ਵਿਚ ਕਿਹਾ ਕਿ ਮੇਰੀ ਬੇਟੀ ਕਿਥੇ ਹੈ? ਸੰਗਤ ਨੇ ਬੇਨਤੀ ਕੀਤੀ ਕਿ ਮਹਾਰਾਜ ਆਪ ਜੀ ਦੀ ਮੁਰਾਦ ਕਿਸ ਤੋਂ ਹੈ? ਇਸ ਤੇ ਗੁਰੂ

---

1 ਵਿਸਾਖਾ ਸਿੰਘ, ਮਾਲਵਾ ਸਿੱਖ ਇਤਿਹਾਸ (ਭਾਗ ਦੂਜਾ), ਪੰਨਾ 479.

ਸਾਹਿਬ ਨੇ ਫੁਰਮਾਇਆ ਕਿ ਮੇਰੀ ਪਿਆਰੀ ਬੇਟੀ ਦੀਪ ਕੌਰ ਜਿਸ ਨੇ ਬਹਾਦਰੀ ਨਾਲ ਆਪਣੇ ਧਰਮ ਦੀ ਰੱਖਿਆ ਕੀਤੀ। ਗੁਰੂ ਸਾਹਿਬ ਦੀ ਆਗਿਆ ਨਾਲ ਦੀਪ ਕੌਰ ਨੂੰ ਦਰਬਾਰ ਵਿਚ ਲਿਆਂਦਾ ਗਿਆ। ਗੁਰੂ ਸਾਹਿਬ ਨੇ ਆਪ ਇਸ ਦੇ ਜ਼ਖ਼ਮਾਂ ਦੀ ਮੱਲ੍ਹਮ ਪੱਟੀ ਕੀਤੀ ਅਤੇ ਪਿਆਰ ਨਾਲ ਸਿਰ 'ਤੇ ਹੱਥ ਰੱਖ ਇਸ ਨੂੰ ਅਸ਼ੀਰਵਾਦ ਦਿੱਤਾ। ਬੀਬੀ ਨੇ ਦਰਬਾਰ ਵਿਚ ਆਪਣੇ ਨਾਲ ਬੀਤੀ ਸਾਰੀ ਘਟਨਾ ਸੁਣਾਈ ਤਾਂ ਸਾਰੀ ਸੰਗਤ ਇਸ ਦੀ ਬਹਾਦਰੀ ਸੁਣ ਕੇ ਬਹੁਤ ਪ੍ਰਸੰਨ ਹੋਈ।[1] ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਕਿਹਾ। ਦੀਪ ਕੌਰ ਜੋ ਜੰਗਲ ਵਿਚ ਰਸਤਾ ਭੁੱਲੀ ਤੇ ਸੰਗ ਤੋਂ ਵਿਛੜੀ ਬਘਿਆੜਾਂ ਵਿਚ ਘਿਰੀ ਹੋਈ ਹਿਰਨੀ ਵਾਂਗ ਭੀ ਹੋ ਗਈ। ਪਰ ਅਜਿਹੇ ਔਖੇ ਸਮੇਂ ਹਿੰਮਤ ਨਹੀਂ ਹਾਰੀ। ਭੈ ਭੀਤ ਨਹੀਂ ਹੋਈ ਤੇ ਹੌਂਸਲਾ ਹੱਥੋਂ ਨਹੀਂ ਛੱਡਿਆ। ਸਗੋਂ ਬੜੀ ਦਲੇਰੀ ਤੇ ਬਹਾਦਰੀ ਨਾਲ 'ਧਰਮ' ਤੇ 'ਇੱਜ਼ਤ' ਦੀ ਰਾਖੀ ਲਈ ਜਾਨ ਵਾਰਨ ਲਈ ਤਿਆਰ ਹੋ ਗਈ। ਵੈਰੀ ਦੇ ਤੇਜ਼ ਹਥਿਆਰਾਂ ਨਾਲ ਸਰੀਰ ਪੱਛਿਆ ਗਿਆ। 'ਪਤੀ ਬ੍ਰਤ' ਧਰਮ ਅਤੇ ਕੌਮ ਦੀ ਆਨ ਨੂੰ ਲਾਜ ਨਹੀਂ ਲੱਗਣ ਦਿੱਤੀ। ਇਸ ਲਈ ਦੀਪ ਕੌਰ ਮੇਰੀ ਪਿਆਰੀ ਪੁੱਤਰੀ ਹੈ, ਤੇ ਮੈਂ ਇਸ 'ਤੇ ਪ੍ਰਸੰਨ ਹਾਂ।[2]

**ਦੇਸ ਰਾਜ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ, ਜੋ ਕਿ ਪਿੰਡ ਫਫੜਿਆਂ ਭਾਈਕਾ (ਫਫੜੇ ਭਾਈਕੇ) ਦਾ ਰਹਿਣ ਵਾਲਾ ਸੀ। ਡਾ. ਗੰਡਾ ਸਿੰਘ ਅਨੁਸਾਰ ਇਹ ਗੁਰੂ ਸਾਹਿਬ ਦੇ ਹਜ਼ੂਰ ਗਿਆ। ਭਾਈ ਦੇਸ ਰਾਜ ਦੇ ਨਾਮ ਪੁਰ ਗੁਰੂ ਸਾਹਿਬ ਨੇ ਫਫੜਿਆਂ ਦੀ ਸੰਗਤ ਨੂੰ ਇਕ *ਹੁਕਮਨਾਮਾ* ਭੇਜਿਆ।[3]

**ਦੇਸਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਸ਼ਰਧਾਲੂ ਸਿੱਖ। ਇਹ ਪਿੰਡ ਦੀਨੇ ਦਾ ਰਹਿਣ ਵਾਲਾ ਤਨਖੇਟਾ ਸਿੱਖ ਸੀ। ਗੁਰੂ ਸਾਹਿਬ ਦੀਨੇ ਪਿੰਡ ਵਿਖੇ ਇਸ ਦੇ ਚੁਬਾਰੇ ਵਿਚ ਠਹਿਰੇ ਸਨ। ਬਾਅਦ ਵਿਚ ਇਹ ਆਪਣੇ ਭਰਾ ਸਮੇਤ ਦਮਦਮੇ ਦੇ ਸਥਾਨ 'ਤੇ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਇਆ ਸੀ।[4]

**ਦੇਸਾ ਸਿੰਘ, ਛੀਪਾ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਮਸੰਦ ਸਿੱਖ। ਇਹ ਅਜਨੇਰ ਪਿੰਡ ਦਾ ਰਹਿਣ ਵਾਲਾ ਸੀ,

---

1. ਰਛਪਾਲ ਸਿੰਘ, ਪੰਜਾਬ ਕੋਸ਼ (ਭਾਗ ਦੂਜਾ), ਪੰਨਾ 141
2. ਸੇਵਾ ਸਿੰਘ ਭਾਈ, ਬਹਾਦਰ ਸਿੰਘਣੀਆਂ, ਪੰਨੇ 43-44.
3. ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 155.
4. ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 155, 172.

ਜੋ ਕਿ ਪਹਿਲਾਂ ਇਸ ਇਲਾਕੇ ਦਾ ਮਸੰਦ ਮੰਨਿਆ ਹੋਇਆ ਸੀ। ਗੁਰੂ ਸਾਹਿਬ ਮਾਛੀਵਾੜੇ ਤੋਂ ਚੱਲ ਕੇ ਇਸ ਨਗਰੀ ਆਏ ਤੇ ਹਾਜੀ ਚਰਾਗਸ਼ਾਹ ਦੇ ਤਕੀਏ ਡੇਰਾ ਕੀਤਾ। ਦੇਸਾ ਸਿੰਘ ਮਸੰਦ ਨੇ ਗੁਰੂ ਸਾਹਿਬ ਨੂੰ ਉੱਚ ਦੇ ਪੀਰ ਦੇ ਲਿਬਾਸ ਵਿਚ ਪਛਾਣ ਲਿਆ ਤਾਂ ਹਾਜੀ ਚਰਾਗਸ਼ਾਹ ਨੇ ਸਾਰੀ ਗੱਲ ਦੇਸਾ ਸਿੰਘ ਮਸੰਦ ਨੂੰ ਸਮਝਾ ਦਿੱਤੀ। ਇਸ ਨੇ ਆਪਣੇ ਪਰਿਵਾਰ ਸਮੇਤ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਸੇਵਾ ਵਿਚ ਹਾਜ਼ਰ ਹੋਇਆ।[1]

**ਦੇਸਾਂ, ਬੀਬੀ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਸ਼ਰਧਾਲੂ ਸਿੱਖਣੀ। ਇਹ ਮਾਛੀਵਾੜੇ ਦੀ ਰਹਿਣ ਵਾਲੀ ਇਕ ਖਤਰਾਣੀ ਸੀ। ਇਹ ਹਰ ਸਾਲ ਖੱਦਰ ਦਾ ਰੇਂਜਾ ਤਿਆਰ ਕਰ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਅਨੰਦਪੁਰ ਜਾਇਆ ਕਰਦੀ ਸੀ। ਜਦੋਂ ਗੁਰੂ ਸਾਹਿਬ ਚਮਕੌਰ ਤੋਂ ਮਾਛੀਵਾੜੇ ਆਏ ਤਾਂ ਇਸ ਨੇ ਖੱਦਰ ਦਾ ਇਕ ਰੇਂਜਾ ਅਤੇ ਪੰਜ ਰੁਪਏ ਭੇਟਾ ਕਰ ਕੇ ਗੁਰੂ ਸਾਹਿਬ ਨੂੰ ਮੱਥਾ ਟੇਕਿਆ।[2]

**ਦੇਵਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਇਕ ਮਲਵਈ ਸਿੱਖ। ਇਹ ਦੀਨੇ ਨਗਰ ਦਾ ਵਾਸੀ ਸੀ, ਇਸ ਦੇ ਘਰ ਠਹਿਰ ਕੇ ਗੁਰੂ ਸਾਹਿਬ ਨੇ ਜ਼ਫ਼ਰਨਾਮਾ ਲਿਖਿਆ ਸੀ।[3]

**ਧਨਰਾਜ ,ਭਾਈ (ਮਸੰਦ)** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿੰਧ ਇਲਾਕੇ ਦਾ ਮਸੰਦ ਸਿੱਖ। ਸਿੰਧ ਦੇ ਇਲਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ। ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਭਾਈ ਧਨਰਾਜ ਦਾ ਦਾਦਾ ਤੋਤਾ ਸਿੰਘ ਮਹਿਤਾ (ਜੋ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਅੰਮ੍ਰਿਤਸਰ ਦੇ ਯੁੱਧ ਵਿਚ ਸ਼ਹੀਦ ਹੋਇਆ ਸੀ, ਇਸ ਦਾ ਜ਼ਿਕਰ ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦੀ ਅਠਾਈਵੀਂ ਪਉੜੀ ਵਿਚ ਹੈ) ਸੀ। ਫਿਰ ਪਿਤਾ ਆਸਾ ਨੰਦ ਮਹਿਤਾ ਗੁਰੂ ਹਰਿ ਰਾਇ ਜੀ ਦੇ ਹੁਕਮ ਨਾਲ ਸਿੰਧ ਇਲਾਕੇ ਵਿਚ ਗੁਰਸਿੱਖੀ ਦਾ ਪ੍ਰਚਾਰਕ ਥਾਪਿਆ ਗਿਆ। ਗੁਰੂ ਸਾਹਿਬ ਨੇ ਭਾਈ ਧਨਰਾਜ ਦੇ ਨਾਮ ਪੁਰ ਇਕ *ਹੁਕਮਨਾਮਾ* ਭੇਜਿਆ। ਜਿਸ ਵਿਚ ਉਸ ਨੂੰ ਦੋ ਸੰਜੋਏ ਟੋਪਾਂ ਸਮੇਤ ਲੈ ਕੇ ਅਨੰਦਪੁਰ ਆਉਣ ਦਾ ਹੁਕਮ ਕੀਤਾ ਹੋਇਆ।[4]

---

1 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 150.

2 *ਉਹੀ,* ਪੰਨਾ 150.

3 *ਉਹੀ,* ਪੰਨਾ 198.

4 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 83.

**ਧਰਮ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮਲਵਈ ਸਿੱਖ। ਭਾਈ ਧਰਮ ਸਿੰਘ ਭਾਈ ਰੂਪ ਚੰਦ (ਜੋ ਕਿ ਭਾਈ ਰੂਪੇ ਦਾ ਵਸਨੀਕ ਸੀ) ਦਾ ਵੱਡਾ ਪੁੱਤਰ ਸੀ। ਭਾਈ ਧਰਮ ਸਿੰਘ ਮਾਲਵੇ ਵਿਚ ਗੁਰੂ ਸਾਹਿਬ ਦੀ ਬਹੁਤ ਸੇਵਾ ਕਰਦਾ ਸੀ। ਇਸ ਦਾ ਨਾਮ ਗੁਰੂ ਸਾਹਿਬ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਹੁਕਮਨਾਮਿਆਂ ਵਿਚ ਮਿਲਦਾ ਹੈ। ਗੁਰੂ ਸਾਹਿਬ ਨੇ ਭਾਈ ਰੂਪੇ ਦੀ ਸੰਗਤ ਨੂੰ ਹੁਕਮ ਕਰਦਿਆਂ ਚੰਗੇ ਚਾਰ ਬੈਲ ਭੇਜਣ ਲਈ ਹੁਕਮ ਕੀਤਾ ਸੀ, ਜਿਨ੍ਹਾਂ ਵਿਚ ਭਾਈ ਧਰਮ ਸਿੰਘ ਨੂੰ ਵੀ ਇਕ ਬੈਲ ਭੇਜਣ ਦਾ ਹੁਕਮ ਸੀ। ਇਸ ਤੋਂ ਇਲਵਾ ਭਾਈ ਧਰਮ ਸਿੰਘ ਨੂੰ ਪੰਜ ਹਥਿਆਰ (ਕ੍ਰਿਪਾਨ, ਤੀਰ ਕਮਾਣ, ਬੰਦੂਕ, ਕਟਾਰ ਤੇ ਬਰਛਾ) ਭੇਜਣ ਦਾ ਹੁਕਮ ਹੋਇਆ ਸੀ।[1] *ਸ੍ਰੀ ਗੁਰਪ੍ਰਤਾਪ ਸੂਰਜ ਪ੍ਰਕਾਸ਼* ਦੇ ਕਰਤਾ ਨੇ ਵੀ ਧਰਮ ਸਿੰਘ ਨੂੰ ਰੂਪੇ ਕੇ ਵਾਸੀ ਲਿਖਿਆ ਹੈ –

ਪਰਮ ਸਿੰਘ ਅਰੁ ਧਰਮ ਸਿੰਘ ਰੂਪੇ ਕੇ ਦੋਈ।

ਅਪਰ ਸਿੰਘ ਬੇ ਸੈਂਕਰੇ ਪ੍ਰੇਮੀ ਸਿਖ ਜੋਈ।[2]

ਭਾਈ ਵੀਰ ਸਿੰਘ ਵੀ ਲਿਖਦੇ ਹਨ ਕਿ ਜਦੋਂ ਗੁਰੂ ਸਾਹਿਬ ਮਾਲਵੇ ਵਿਚ ਚਮਕੌਰ ਦਿੀ ਜੰਗ ਤੋਂ ਬਾਅਦ ਪਿੰਡ ਦੀਨੇ ਆਏ ਤਾਂ ਭਾਈ ਧਰਮ ਸਿੰਘ ਅਤੇ ਪਰਮ ਸਿੰਘ ਦੋ ਭਰਾ ਆਪਣੇ ਨਾਲ ਗੁਰੂ ਸਾਹਿਬ ਲਈ ਬਸਤਰ ਅਤੇ ਕੁਝ ਹੋਰ ਸਿੱਖ ਨਾਲ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ।*ਗੁਰੂ ਕੀਆਂ ਸਾਖੀਆਂ* ਅਨੁਸਾਰ ਭਾਈ ਧਰਮ ਸਿੰਘ ਅਤੇ ਪਰਮ ਸਿੰਘ ਵਲੋਂ ਭੇਟਾ ਕੀਤੇ ਬਸਤਰ ਅਤੇ ਦਸਤਾਰ ਗੁਰੂ ਸਾਹਿਬ ਨੇ ਢਿੱਲਵਾਂ ਪਿੰਡ ਵਿਚ ਧਾਰਨ ਕੀਤੇ ਸਨ।[3]

**ਧਰਮ ਚੰਦ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਢਾਕੇ ਦਾ ਇਕ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਗੁਰੂ ਸਾਹਿਬ ਵਲੋਂ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ ਤੋਂ ਵੱਧ *ਹੁਮਕਨਾਮਿਆਂ* ਵਿਚ ਧਰਮ ਚੰਦ ਦਾ ਜ਼ਿਕਰ ਕੀਤਾ ਹੋਇਆ ਮਿਲਦਾ ਹੈ।[4]

---

1 *ਉਹੀ,* ਪੰਨਾ 81; ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 193.

2 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁੱਤ 6, ਅੰਸ਼ੂ 58.

3 ਭਾਈ ਵੀਰ ਸਿੰਘ, ਸ੍ਰੀ ਕਲਗੀਧਰ ਜੀ ਦੀਨੇ, ਪੰਨਾ 19; ਗੁਰੂ ਕੀਆਂ ਸਾਖੀਆਂ, ਪੰਨਾ 158.

4 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 140, 171.

**ਨਾਹਰ ਸਿੰਘ** : ਨਾਹਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ ਸੀ। ਨਾਹਰ ਸਿੰਘ ਦਾ ਪਿਤਾ ਰਾਧਾ ਸਿੰਘ ਪਿੰਡ ਸੌੜੀਆਂ ਦਾ ਰਹਿਣਾ ਵਾਲਾ ਸੀ। ਇਸ ਦੀ ਪਤਨੀ ਰਾਮ ਕੌਰ ਸਾਰਾ ਪਰਿਵਾਰ ਗੁਰੂ-ਘਰ ਨੂੰ ਸਮਰਪਿਤ ਸੀ। ਨਾਹਰ ਸਿੰਘ ਇਨ੍ਹਾਂ ਦਾ ਪਲੇਠੀ ਦਾ ਪੁੱਤਰ ਸੀ। ਇਹ ਸਾਰਾ ਪਰਿਵਾਰ ਗੁਰੂ ਦੇ ਦੱਸੇ ਉਪਦੇਸ਼ਾਂ ਅਨੁਸਾਰ ਸੰਗਤਾਂ ਦੀ ਸੇਵਾ ਕਰਿਆ ਕਰਦਾ ਸੀ। ਨਾਹਰ ਸਿੰਘ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਗਿਆ।[1]

**ਨਾਨੂ ਰਾਇ / ਸਿੰਘ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ। ਇਹ ਦਿੱਲੀ ਦਾ ਵਸਨੀਕ ਸੀ। ਜਦੋਂ ਗੁਰੂ ਸਾਹਿਬ ਦਮਦਮੇ ਠਹਿਰੇ ਹੋਏ ਸਨ। ਇਹ ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਅਤੇ ਦਿੱਲੀ ਦੀ ਸੰਗਤ ਨਾਲ ਗੁਰੂ ਦਰਸ਼ਨਾਂ ਨੂੰ ਆਇਆ ਸੀ।[2]

**ਨਿਹਾਲਾ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਸ਼ਰਧਾਲੂ ਸਿੱਖ। ਇਹ ਚਮਕੌਰ ਦਾ ਨੰਬਰਦਾਰ ਸੀ, ਇਸ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਸਾਹਿਬ ਥਨੇਸਰ ਤੋਂ ਆਉਂਦੇ ਹੋਏ ਇਸ ਦੇ ਘਰ ਬਿਰਾਜੇ ਸਨ।[3]

**ਨੂਰਾ ਮਾਹੀ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ। ਨੂਰਾ ਮਾਹੀ ਰਾਇਕੋਟ ਦਾ ਰਹਿਣ ਵਾਲਾ ਸੀ। ਇਹ ਇਥੋਂ ਦੇ ਚੌਧਰੀ ਰਾਇਕੱਲ੍ਹੇ ਦਾ ਨੌਕਰ ਸੀ। ਸਰਹਿੰਦ ਵਿਚ ਇਸ ਦੀ ਰਿਸ਼ਤੇਦਾਰੀ ਸੀ। ਰਾਇਕੱਲ੍ਹੇ ਦੇ ਕਹਿਣ 'ਤੇ ਇਹ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸਰਹਿੰਦ ਵਿਚ ਹੋਈ ਸ਼ਹੀਦੀ ਬਾਰੇ ਖਬਰ ਲੈ ਕੇ ਆਇਆ ਸੀ।[4]

**ਨੌਨਿਧ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਆਗਰੇ ਦਾ ਇਕ ਸ਼ਰਧਾਲੂ ਸਿੱਖ। ਇਹ ਆਗਰੇ ਦਾ ਨਿਵਾਸੀ ਇਕ ਭੰਡਾਰੀ ਖੱਤ੍ਰੀ ਸੀ। ਇਹ ਦਸਮੇਸ਼ ਦੇ ਆਗਰੇ ਪਧਾਰਣ ਸਮੇਂ ਹਾਜ਼ਿਰ ਹੋਇਆ ਅਤੇ ਸੇਵਾ ਕੀਤੀ। ਗੁਰੂ ਸਾਹਿਬ ਨੇ ਇਸ

---

1. ਖਾਲਸਾ ਟ੍ਰੈਕਟ ਸੁਸਾਇਟੀ, ਗੁਰਸਿੱਖ ਵਾੜੀ, ਪੰਨੇ 209-217.
2. ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 172.
3. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 704.
4. ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 155.

ਨੂੰ ਕੇਸ ਰੱਖਣ ਦਾ ਉਪਦੇਸ਼ ਦਿੱਤਾ।[1]

**ਨੰਦ ਲਾਲ / ਪਿੰਡੀ ਲਾਲ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ। ਪਿੰਡੀਲਾਲ ਇੱਕ ਬ੍ਰਾਹਮਣ ਸੀ। ਦਸਮੇਸ਼ ਜੀ ਨੇ ਇਸ ਨੂੰ ਜਪੁ ਦੇ ਅਰਥ ਸਮਝਾਏ। ਇਹ ਗੁਰੂ ਸਾਹਿਬ ਜੀ ਦਾ ਸਿੱਖ ਬਣਿਆ।[2]

**ਪੰਜਾਬ ਸਿੰਘ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੁਣਛ ਦੇ ਇਲਾਕੇ ਦਾ ਇਕ ਸ਼ਰਧਾਲੂ ਸਿੱਖ। ਪੰਜਾਬ ਸਿੰਘ ਦਾ ਜਨਮ ਨੰਦਹਾੜ ਸ਼ਹਿਰ, ਪਾਕਸਤਾਨ ਵਿਚ ਹਰੀ ਰਾਮ ਸ਼ਾਹੂਕਾਰ ਖੱਤ੍ਰੀ ਦੇ ਘਰ ਸੰਮਤ 1729 ਬਿ. (1672 ਈ.) ਨੂੰ ਹੋਇਆ। ਬਾਲ ਅਵਸਥਾ ਵਿਚ ਪਿਤਾ ਨੇ ਗੁਰਮੁਖੀ, ਸੰਸਕ੍ਰਿਤ ਤੇ ਫ਼ਾਰਸੀ ਵਿੱਦਿਆ ਦੀ ਸਿੱਖਿਆ ਦਿੱਤੀ। ਇਹ ਗੁਰਬਾਣੀ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿਚ ਕਮਾਉਂਦੇ ਸਨ। ਹੱਟੀ ਕਰਦਿਆਂ ਜਦੋਂ ਕੋਈ ਲੋੜਵੰਦ ਆਉਂਦਾ ਤਾਂ ਉਸ ਦੀ ਖੂਬ ਮਦਦ ਕਰਦੇ। ਸਾਕ ਸੰਬੰਧੀ ਇਹ ਹਾਲ ਦੇਖ ਕੇ ਕੁੜ੍ਹਦੇ ਤੇ ਇਨ੍ਹਾਂ ਨੂੰ ਕਹਿੰਦੇ ਕਿ ਤੁਸੀਂ ਤਾਂ ਸਾਰੀ ਹੱਟੀ ਉਜਾੜ ਦਿਓਂਗੇ, ਇਸ ਤਰ੍ਹਾਂ ਕੌਣ ਖੱਟੀ ਖੱਟ ਸਕਦਾ ਹੈ? ਇਹ ਦੂਰੋਂ ਨੇੜਿਓਂ ਬਾਬਾ ਫੇਰੂ ਜੀ ਦੇ ਰਿਸ਼ਤੇਦਾਰ ਵੀ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਛੱਡ ਕੇ ਮਾਲਵੇ ਵਿਚ ਚਲੇ ਗਏ ਸਨ, ਤਾਂ ਇਨ੍ਹਾਂ ਨੂੰ ਪਤਾ ਲੱਗਾ ਇਹ ਵੀ ਦਰਸ਼ਨਾਂ ਨੂੰ ਮਾਲਵੇ ਵਿਚ ਗਏ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਹੁਕਮ ਕੀਤਾ ਕਿ ਤੁਸੀਂ ਆਪਣੇ ਦੇਸ਼ ਜਾ ਕੇ ਗੁਰਸਿੱਖੀ ਦਾ ਪ੍ਰਚਾਰ ਕਰੋ। ਇਹ ਅੰਮ੍ਰਿਤ ਛਕ ਸਿੰਘ ਸਜਿਆ ਘਰ ਵਾਪਿਸ ਆ ਕੇ ਆਪਣਾ ਧਨ ਦੌਲਤ ਗੁਜ਼ਾਰੇ ਜਿੰਨਾ ਰੱਖ ਕੇ ਬਾਕੀ ਲੋੜਵੰਦਾਂ ਵਿਚ ਵੰਡ ਦਿੱਤਾ ਤੇ ਇਕ ਗੁਰਦੁਆਰਾ ਬਣਾ ਦਿੱਤਾ।[3]

**ਪਰਸਰਾਮ** : ਇੱਕ ਵੈਰਾਗੀ ਸਾਧੂ, ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸੇਵਕ ਹੋਇਆ, ਇਸ ਨੂੰ ਕਲਗੀਧਰ ਨੇ ਯੋਗਤਤਵ ਦਾ ਉਪਦੇਸ਼ ਦਿੱਤਾ।[4]

**ਪਰਮ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਮਲਵਈ ਸਿੱਖ। ਭਾਈ ਪਰਮ ਸਿੰਘ ਭਾਈਰੂਪੇ ਦਾ ਰਹਿਣ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 723.

2 *ਉਹੀ,* ਪੰਨਾ 723.

3 ਬੁੱਧ ਸਿੰਘ, ਗੁੱਝੇ ਹੀਰੇ, ਪੰਨੇ 47, 51.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 743.

ਵਾਲਾ ਸੀ। ਪਰਮ ਸਿੰਘ ਮਾਲਵੇ ਵਿਚ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ। ਇਸ ਦਾ ਨਾਮ ਬਾਬਾ ਬੰਦਾ ਸਿੰਘ ਬਹਾਦਰ ਦੇ *ਹੁਕਮਨਾਮੇ* ਵਿਚ ਭਾਈ ਧਰਮ ਸਿੰਘ ਦੇ ਨਾਮ ਸਮੇਤ ਮਿਲਦਾ ਹੈ। ਭਾਈ ਪਰਮ ਸਿੰਘ ਨੂੰ ਹਥਿਆਰ ਭੇਜਣ ਦਾ ਹੁਕਮ ਹੋਇਆ ਸੀ।[1] *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਦੇ ਕਰਤਾ ਨੇ ਵੀ ਪਰਮ ਸਿੰਘ ਨੂੰ ਰੂਪੇ ਕੇ ਵਾਸੀ ਲਿਖਿਆ ਹੈ –

ਪਰਮ ਸਿੰਘ ਅਰੁ ਧਰਮ ਸਿੰਘ ਰੂਪੇ ਕੇ ਦੋਈ।
ਅਪਰ ਸਿੰਘ ਬੇ ਸੈਂਕਰੇ ਪ੍ਰੇਮੀ ਸਿਖ ਜੋਈ।[2]

ਭਾਈ ਵੀਰ ਸਿੰਘ ਲਿਖਦੇ ਹਨ ਕਿ ਜਦੋਂ ਗੁਰੂ ਸਾਹਿਬ ਮਾਲਵੇ ਵਿਚ ਚਮਕੌਰ ਦੀ ਜੰਗ ਤੋਂ ਬਾਅਦ ਪਿੰਡ ਦੀਨੇ ਆਏ ਤਾਂ ਭਾਈ ਧਰਮ ਸਿੰਘ ਅਤੇ ਪਰਮ ਸਿੰਘ ਦੋ ਭਰਾ ਆਪਣੇ ਨਾਲ ਕੁਝ ਹੋਰ ਸਿੱਖ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ।[3]

**ਪਾਤੀ ਰਾਮ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਢਾਕੇ ਦੇ ਇਲਾਕੇ ਦਾ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ। ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਪਾਤੀ ਰਾਮ ਸਿੱਖ ਦਾ ਜ਼ਿਕਰ ਕੀਤਾ ਹੈ।[4]

**ਪ੍ਰਸਾ, ਭਾਈ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਸ਼ਰਧਾਲੂ ਸਿੱਖ। ਇਹ ਕਿਥੋਂ ਦਾ ਰਹਿਣ ਵਾਲਾ ਸੀ। ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਭਾਈ ਪ੍ਰਸਾ ਦਾ ਨਾਮ ਇਕ *ਹੁਕਮਨਾਮੇ* ਵਿਚ ਆਉਂਦਾ ਹੈ। ਜੋ ਕਿ ਭਾਈ ਸੁਖੀਆ ਤੇ ਭਾਈ ਮੁਖੀਆ ਸਮੇਤ ਤਿੰਨ ਸਿੱਖਾਂ ਦੇ ਨਾਮ ਪੁਰ ਗੁਰੂ ਸਾਹਿਬ ਵਲੋਂ ਲਿਖਿਆ ਗਿਆ ਸੀ। ਇਸ ਵਿਚ ਗੁਰੂ ਸਾਹਿਬ ਵਲੋਂ ਹੁਕਮ ਹੈ ਕਿ ਕੁਝ ਅਸਵਾਰ (ਘੋੜਸਵਾਰ), ਬੰਦੂਕਚੀ ਤੇ ਚੰਗੇ ਜੁਆਨ ਨਾਲ ਲੈ ਕੇ

---

1 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 81; ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 193.

2 ਭਾਈ ਸੰਤੋਖ ਸਿੰਘ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁੱਤ 6, ਅੰਸ਼ੂ 58.

3 ਭਾਈ ਵੀਰ ਸਿੰਘ, ਸ੍ਰੀ ਕਲਗੀਧਰ ਜੀ ਦੀਨੇ, ਪੰਨਾ 19.

4 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 140.

ਆਉਣਾ।[1]

**ਪ੍ਰੀਤਮ ਦਾਸ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ। ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਵਲੋਂ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਪ੍ਰੀਤਮ ਦਾਸ ਦਾ ਜ਼ਿਕਰ ਕੀਤਾ ਮਿਲਦਾ ਹੈ।[2]

**ਪ੍ਰੇਮ ਦਾਸ, ਉਦਾਸੀ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ। ਇਹ ਕੁਝ ਸਮਾਂ ਅਨੰਦਪੁਰ ਵਿਖੇ ਰਿਹਾ ਸੀ। ਗੁਰੂ ਸਾਹਿਬ ਨੇ ਇਸ ਨੂੰ ਹੁਕਮ ਕੀਤਾ ਕਿ ਤੁਸੀਂ ਲਹਿੰਦੇ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕਰੋ। ਇਹ ਕਹਿਣ ਲੱਗਾ, ਇੱਥੇ ਤੁਹਾਡੇ ਦਰਸ਼ਨ ਰੋਜ਼ ਹੁੰਦੇ ਹਨ, ਉੱਥੇ ਕੀ ਕਰਾਂਗਾ? ਗੁਰੂ ਜੀ ਨੇ ਕਿਹਾ, ਚੰਗੀ ਰਹਿਤ ਬਹਿਤ ਵਾਲੇ ਸਿੱਖ ਦੇ ਦਰਸ਼ਨ ਕਰ ਲੈਣਾ, ਮੇਰਾ ਹੀ ਦਰਸ਼ਨ ਹੋਵੇਗਾ। ਭਾਈ ਪ੍ਰੇਮ ਦਾਸ ਨੇ ਕਿਹਾ ਗੁਰੂ ਜੀ, ਉੱਥੇ ਕਿਹੜਾ ਸਿੱਖ ਮਿਲੇਗਾ। ਤਾਂ ਗੁਰੂ ਸਾਹਿਬ ਨੇ ਹੁਕਮ ਕੀਤਾ ਤੇਰਾ ਦਾੜ੍ਹਾ ਬੜਾ ਸੁੰਦਰ ਹੈ, ਆਪ ਹੀ ਇਸ ਨੂੰ ਸੱਜੇ ਹੱਥ ਵਿਚ ਫੜ ਕੇ ਅੱਖਾਂ ਸਾਹਮਣੇ ਕਰ ਲੈਣਾ, ਦਰਸ਼ਨ ਹੋ ਜਾਵੇਗਾ। ਪ੍ਰੇਮ ਦਾਸ ਬਹੁਤ ਖੁਸ਼ ਹੋਇਆ। ਇਸ ਨੇ ਲਹਿੰਦੇ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ।[3]

**ਫਤੇ ਚੰਦ / ਫੱਤਾ, ਮਸੰਦ** : ਇਹ ਇਕ ਪੁਰਾਣਾ ਮਸੰਦ ਸੀ, ਜੋ ਕਿ ਦੁਰਾਹੇ ਲਾਗੇ ਕਨੇਚ ਪਿੰਡ ਦਾ ਰਹਿਣ ਵਾਲਾ ਇਕ ਚੌਧਰੀ ਸੀ। ਜਦੋਂ ਗੁਰੂ ਸਾਹਿਬ ਮਾਛੀਵਾੜੇ ਤੋਂ ਉੱਚ ਦਾ ਪੀਰ ਬਣ ਕੇ ਦੁਰਾਹੇ ਲਾਗੇ ਕਨੇਚ ਪਿੰਡ ਪਹੁੰਚੇ ਤਾਂ ਗੁਰੂ ਜੀ ਨੇ ਹਾਜੀ ਚਰਾਗ ਸ਼ਾਹ ਨੂੰ ਫਤੇ ਚੰਦ ਨੂੰ ਬੁਲਾਉਣ ਲਈ ਕਿਹਾ। ਗੁਰੂ ਸਾਹਿਬ ਨੇ ਇਸ ਤੋਂ ਘੋੜੀ ਦੀ ਮੰਗ ਕੀਤੀ। ਇਸ ਨੇ ਕਿਹਾ ਘੋੜੀ ਘਰ ਨਹੀਂ, ਗੁਰੂ ਸਾਹਿਬ ਸਮਝ ਗਏ। ਜਦੋਂ ਇਹ ਆਪਣੇ ਘਰ ਗਿਆ ਤਾਂ ਵੇਖਿਆ ਘੋੜੀ ਮਰੀ ਪਈ ਸੀ। ਬਾਅਦ ਵਿਚ ਇਸ ਨੇ ਬਹੁਤ ਪਛਤਾਵਾ ਕੀਤਾ।[4]

**ਫਤੇ ਚੰਦ ਮੈਣੀ, ਰਾਜਾ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ ਇਕ ਰਾਜਾ। ਇਹ ਪਟਨੇ ਦਾ ਰਹਿਣ ਵਾਲਾ ਸੀ।

---

1 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 181.

2 *ਉਹੀ,* ਪੰਨਾ 140.

3 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 226.

4 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਪੰਨਾ 151; ਭਾਈ ਵੀਰ ਸਿੰਘ, ਸ੍ਰੀ ਕਲਗੀਧਰ ਜੀ ਦੀਨੇ, ਪੰਨੇ 5-6.

ਇਸ ਦੇ ਘਰ ਕੋਈ ਔਲਾਦ ਨਹੀਂ ਸੀ। ਇਸ ਦੀ ਰਾਣੀ ਨੇ ਮਨ ਵਿਚ ਅਰਦਾਸ ਕੀਤੀ ਕਿ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਮੈਨੂੰ ਦਰਸ਼ਨ ਦੇਣ। ਇਕ ਦਿਨ ਗੋਬਿੰਦ ਰਾਇ ਆਪਣੇ ਸਾਥੀਆਂ ਨਾਲ ਖੇਡਦੇ ਹੋਏ ਰਾਜੇ ਦੇ ਮਹਿਲਾਂ ਵਿਚ ਜਾ ਕੇ ਰਾਣੀ ਦੀ ਗੋਦ ਵਿਚ ਬੈਠ ਗਏ। ਰਾਣੀ ਬਹੁਤ ਖੁਸ਼ ਹੋਈ ਤੇ ਸੇਵਾ ਕੀਤੀ। ਇਕ ਗੋਲੀ ਨੇ ਗੋਬਿੰਦ ਰਾਇ ਨੂੰ ਬੇਨਤੀ ਕੀਤੀ ਕਿ ਰਾਣੀ ਦੇ ਘਰ ਪੁੱਤਰ ਨਹੀਂ, ਇਕ ਪੁੱਤਰ ਦੀ ਦਾਤ ਬਖਸ਼ੋ। ਗੋਬਿੰਦ ਰਾਇ ਨੇ ਕਿਹਾ ਮੈਨੂੰ ਹੀ ਰਾਣੀ ਦਾ ਪੁੱਤਰ ਸਮਝੋ। ਇਸ ਦਿਨ ਤੋਂ ਬਾਅਦ ਗੋਬਿੰਦ ਰਾਇ ਦਾ ਰਾਜੇ ਦੇ ਮਹਿਲਾਂ ਵਿਚ ਆਉਣਾ-ਜਾਣਾ ਹੋ ਗਿਆ। ਰਾਜਾ ਫਤੇ ਚੰਦ ਮੈਣੀ ਤੇ ਉਸ ਦੀ ਰਾਣੀ ਗੁਰੂ ਸਾਹਿਬ ਦੇ ਬਹੁਤ ਸ਼ਰਧਾਲੂ ਹੋਏ, ਜਦੋਂ ਗੁਰੂ ਸਾਹਿਬ ਪਟਨੇ ਤੋਂ ਪੰਜਾਬ ਵੱਲ ਆਏ ਤਾਂ ਇਹ ਗੁਰੂ ਵਿਛੋੜੇ ਵਿਚ ਬਹੁਤ ਵਿਆਕੁਲ ਹੋਏ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਇਕ ਕਟਾਰ, ਤਲਵਾਰ ਤੇ ਸਾਰੀ ਪੁਸ਼ਾਕ ਬਖ਼ਸ਼ੀ ਤੇ ਹੁਕਮ ਕੀਤਾ ਕਿ ਰੋਜ਼ਾਨਾਂ ਤਲੇ ਚਨੇ (ਉਬਲੇ ਛੋਲੇ) ਤੇ ਪੂਰੀਆਂ ਬੱਚਿਆਂ ਨੂੰ ਵੰਡਿਆ ਕਰਨੀਆਂ, ਤੁਹਾਨੂੰ ਮੇਰੇ ਦਰਸ਼ਨ ਹੋਣਗੇ।[1]

**ਫੇਰੂ, ਬਾਬਾ** : ਬਾਬਾ ਫੇਰੂ ਗੁਰੂ ਗੋਬਿੰਦ ਸਿੰਘ ਜੀ ਦੇ ਕਸ਼ਮੀਰ ਇਲਾਕੇ ਦੇ ਸ਼ਰਧਾਲੂ ਸਿੱਖ ਸਨ। ਬਾਬਾ ਫੇਰੂ ਦਾ ਜਨਮ ਸੰਮਤ 1693 ਬਿ. (1636 ਈ.) ਨੂੰ ਜਿਲ੍ਹਾ ਹਜ਼ਾਰਾ ਸ਼ਹਿਰ ਰਜੋਈਏ ਵਿਚ, ਚੌਧਰੀ ਗੁਰਦਾਸ ਮਲਵਣਜਾਹੀ ਛੰਡੋਕ ਖੱਤ੍ਰੀ ਦੇ ਘਰ ਹੋਇਆ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਨੂੰ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜ ਕੇ ਅਨੰਦਪੁਰ ਸੱਦਿਆ ਸੀ ਤਾਂ ਬਾਬਾ ਫੇਰੂ ਜੀ ਵੀ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਨਾਲ ਲੈ ਕੇ ਅਨੰਦਪੁਰ ਪਹੁੰਚੇ ਸਨ। ਇਥੇ ਬਾਬਾ ਫੇਰੂ ਨੇ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਤੇ ਹੋਰ ਪ੍ਰਾਣੀਆਂ ਨੂੰ ਵੀ ਛਕਾਇਆ ਸੀ। ਬਾਬਾ ਫੇਰੂ ਦੀ ਗੰਭੀਰਤਾ, ਧੀਰਜਤਾ, ਭਜਨ ਬੰਦਗੀ ਤੇ ਹਰ ਇਕ ਨਾਲ ਪਿਆਰ ਕਰਨ ਕਰ ਕੇ ਲੋਕੀ ਇਨ੍ਹਾਂ ਨੂੰ ਭਗਤ ਫੇਰੂ ਮਲ ਜੀ ਕਰਕੇ ਸੱਦਣ ਲੱਗੇ ਸਨ।[2]

**ਫੇਰੂ, ਭਾਈ / ਭਾਈ ਸੰਗਤੀਆ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮਾਲਵੇ ਦਾ ਇਕ ਮਸੰਦ ਸਿੱਖ। ਭਾਈ ਫੇਰੂ ਦਾ ਜਨਮ ਅੰਬਮਾੜੀ ਪਿੰਡ ਵਿੱਚ ਉੱਪਲ ਖੱਤ੍ਰੀ ਬਿੰਨੇ ਦੇ ਘਰ ਸੰਮਤ 1697 (1640 ਈ.) ਨੂੰ ਹੋਇਆ। ਮਾਪਿਆਂ

---

1 ਗਿਆਨੀ ਗਿਆਨ ਸਿੰਘ , ਪੰਥ ਪ੍ਰਕਾਸ਼, ਪੰਨੇ 172-73.

2 ਬੁੱਧ ਸਿੰਘ, ਗੁੱਝੇ ਹੀਰੇ, ਪੰਨੇ 18-19.

ਨੇ ਨਾਉਂ ਸੰਗਤ ਰੱਖਿਆ। ਇਹ ਸੰਮਤ 1713 (1656 ਈ.) ਵਿੱਚ ਗੁਰੂ ਹਰਿ ਰਾਇ ਸਾਹਿਬ ਦਾ ਸਿੱਖ ਬਣਿਆ। ਗੁਰੂ ਸਾਹਿਬ ਨੇ ਇਸ ਦਾ ਨਾਉਂ ਫੇਰੂ ਰੱਖਿਆ, ਕਿਉਂਕਿ ਇਹ ਵਪਾਰ ਲਈ ਫੇਰੀ ਪਾਉਂਦਾ ਹੋਇਆ ਸਤਿਗੁਰੂ ਦੀ ਸ਼ਰਣ ਆਇਆ ਸੀ। ਸਤਿਗੁਰੂ ਜੀ ਨੇ ਕੁਝ ਸਮੇਂ ਪਿੱਛੋਂ ਇਸ ਨੂੰ ਨੱਕੇ ਦਾ ਮਸੰਦ ਥਾਪਿਆ। ਜਦ ਮਸੰਦਾਂ ਦੀ ਮੰਦ ਕਰਨੀ ਪੁਰ ਦਸਮੇਸ਼ ਜੀ ਨੇ ਤਾੜਨਾ ਕੀਤੀ। ਤਦ ਫੇਰੂ ਨੂੰ ਵੀ ਦਾੜ੍ਹੀ ਤੋਂ ਫੜ ਕੇ ਹਜ਼ੂਰ ਲਿਆਉਣ ਦਾ ਹੁਕਮ ਹੋਇਆ, ਭਾਈ ਫੇਰੂ ਆਪਣੀ ਦਾੜ੍ਹੀ ਆਪਣੇ ਹੱਥ ਫੜ ਕੇ ਵੱਡੀ ਨਿਮਰਤਾ ਨਾਲ ਹਾਜ਼ਰ ਹੋਇਆ, ਜਿਸ ਪੁਰ ਕਲਗੀਧਰ ਨੇ ਇਸ ਨੂੰ 'ਸੱਚੀ ਦਾੜ੍ਹੀ' ਅਤੇ 'ਸੰਗਤ ਸਾਹਿਬ' ਦਾ ਖਿਤਾਬ ਬਖਸ਼ਿਆ। ਇਸ ਦੀ ਸੰਪ੍ਰਦਾਯ ਦੇ ਉਦਾਸੀ ਸਾਧੂ 'ਸੰਗਤ ਸਾਹਿਬ ਕੇ' ਕਹਾਉਂਦੇ ਹਨ, ਅਰ ਛੋਟਾ ਅਖਾੜਾ ਇਸੇ ਸ਼ਾਖ ਦਾ ਹੈ।[1] ਰਣਧੀਰ ਸਿੰਘ ਰੀਸਰਚ ਸਕਾਲਰ ਅਨੁਸਾਰ ਭਾਈ ਸਾਹਿਬ ਨੇ ਮੀਂਏ ਕੇ ਮੌੜ ਦੀ ਜੂਹ ਵਿਚ ਇਕ ਰੌੜ ਵਿਚ ਆਸਣ ਆ ਜਮਾਇਆ ਅਤੇ ਨਾਮਦਾਨ ਦੇ ਨਾਲ-ਨਾਲ ਲੰਗਰ ਵੀ ਚਲਾਇਆ। ਇਸ ਸਥਾਨ ਦਾ ਨਾਮ ਹੀ ਭਾਈ ਫੇਰੂ ਪ੍ਰਸਿੱਧ ਹੋਇਆ।[2]

**ਬਖਸ਼ੀਸ਼ ਚੰਦ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਢਾਕੇ ਦਾ ਇਕ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ ਹੈ। ਗੁਰੂ ਸਾਹਿਬ ਵਲੋਂ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਦੋ *ਹੁਕਮਨਾਮਿਆਂ* ਵਿਚ ਬਖਸ਼ੀਸ਼ ਚੰਦ ਦਾ ਜ਼ਿਕਰ ਕੀਤਾ ਮਿਲਦਾ ਹੈ।[3]

**ਬਖਤਮੱਲ** : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦਾ ਇੱਕ ਮਸੰਦ ਸਿੱਖ, ਜੋ ਕਾਬੁਲ ਦੀ ਕਾਰ ਉਗਰਾਹੁੰਦਾ ਹੁੰਦਾ ਸੀ। ਜਦੋਂ ਦਸਮੇਸ਼ ਜੀ ਨੇ ਮਸੰਦਾਂ ਨੂੰ ਤਾੜਨਾ ਕੀਤੀ, ਤਦ ਇਹ ਇਸਤਰੀ ਦਾ ਭੇਖ ਧਾਰ ਕੇ ਮਾਤਾ ਗੁਜਰੀ ਜੀ ਦੀ ਸ਼ਰਨ ਪਿਆ ਅਤੇ ਮੁਆਫ਼ੀ ਮੰਗੀ। ਮਾਤਾ ਜੀ ਦੇ ਕਹਿਣ ਪੁਰ ਕਲਗੀਧਰ ਨੇ ਇਸ ਨੂੰ ਮੁਆਫ ਕੀਤਾ ਅਤੇ ਅੱਗੋਂ ਨੂੰ ਸੁਮਾਰਗ ਚੱਲਣ ਦਾ ਉਪਦੇਸ਼ ਦਿੱਤਾ। ਇਸ ਦੀ ਸੰਪ੍ਰਦਾਯ ਦੇ ਉਦਾਸੀ ਬਖਤਮੱਲੀਏ ਸਦਾਉਂਦੇ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 822; ਗੁਰੂ ਕੀਆਂ ਸਾਖੀਆਂ ਪੰਨਾ 64.

2 ਰਣਧੀਰ ਸਿੰਘ ਰੀਸਰਚ ਸਕਾਲਰ, ਉਦਾਸੀ ਸਿੱਖਾਂ ਦੀ ਵਿਥਿਆ, ਪੰਨਾ 262.

3 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨੇ 135, 140.

ਹਨ, ਅਤੇ ਗੱਦੀ ਬੈਠਣ ਵੇਲੇ ਮਹੰਤ ਇਸਤਰੀ ਦਾ ਲਿਬਾਸ ਪਹਿਨਦਾ ਹੈ।[1] ਪ੍ਰੋ. ਪਿਆਰਾ ਸਿੰਘ ਅਨੁਸਾਰ ਬਖਤਮੱਲ ਭਾਈ ਸਬੇਲ ਦਾ ਪੁੱਤਰ ਸੂਰੀ ਖੱਤਰੀ ਜਲਾਲਪੁਰ ਜੱਟਾਂ ਦਾ ਵਾਸੀ ਮਸੰਦ ਸੀ ਤੇ ਪੱਛਮੀ ਪੰਜਾਬ ਵਿਚ ਧਰਮ-ਪ੍ਰਚਾਰ ਤੇ ਕਾਰ ਭੇਟਾ ਉਗਰਾਹੁਣ ਦੀ ਜ਼ਿੰਮੇਵਾਰੀ ਨਿਭਾਉਂਦਾ ਸੀ। ਇਸ ਨੇ ਮਾਤਾ ਗੁਜਰੀ ਜੀ ਰਾਹੀਂ ਗੁਰੂ ਸਾਹਿਬ ਤੋਂ ਮੁਆਫੀ ਮੰਗੀ ਸੀ।[2]

**ਬੱਜਰ ਸਿੰਘ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ। ਇਹ ਸੋਧਰੇ ਦਾ ਰਹਿਣ ਵਾਲਾ ਸੀ। ਸੋਧਰੇ ਦੀ ਸੰਗਤ ਲੈ ਕੇ ਦਮਦਮੇ ਦੇ ਸਥਾਨ 'ਤੇ ਗੁਰੂ ਦਰਸ਼ਨਾਂ ਲਈ ਆਇਆ ਸੀ।[3]

**ਬਾਹੜ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਸਿਦਕੀ ਸਿੱਖ। ਗੁਰੂ ਸਾਹਿਬ ਦੇ ਇਕ *ਹੁਕਮਨਾਮੇ* ਵਿਚ ਭਾਈ ਬਾਹੜ ਸਿੰਘ ਦਾ ਨਾਮ ਆਉਂਦਾ ਹੈ। ਜਿਸ ਤੋਂ ਸੰਕੇਤ ਮਿਲਦਾ ਹੈ ਕਿ ਇਹ ਭਾਈ ਸੰਤ ਸਿੰਘ ਦਾ ਪੁੱਤਰ ਸੀ, ਜਿਸ ਨੂੰ ਗੁਰੂ ਸਾਹਿਬ ਨੇ ਚਮਕੌਰ ਵਿਚ ਕਲਗੀ ਤੋੜਾ ਦਿੱਤਾ ਸੀ। ਭਾਈ ਸੰਤ ਸਿੰਘ ਨੇ ਚਮਕੌਰ ਵਿਚ ਸ਼ਹੀਦੀ ਪਾਈ।[4]

**ਬਾਜ ਸਿੰਘ, ਭਾਈ** : ਭਾਈ ਬਾਜ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮਾਲਵੇ ਦਾ ਇਕ ਸ਼ਰਧਾਲੂ ਸਿੱਖ ਸੀ। ਇਹ ਕਿਸ ਪਿੰਡ ਦਾ ਰਹਿਣ ਵਾਲਾ ਸੀ। ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਗੁਰੂ ਸਾਹਿਬ ਨੇ ਭਾਈਰੂਪੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਭਾਈ ਬਾਜ ਸਿੰਘ ਦਾ ਜ਼ਿਕਰ ਕੀਤਾ ਹੈ। ਹੋ ਸਕਦਾ ਹੈ ਕਿ ਇਹ ਭਾਈਰੂਪੇ ਜਾਂ ਕਿਸੇ ਹੋਰ ਨੇੜਲੇ ਪਿੰਡ ਦਾ ਹੀ ਵਸਨੀਕ ਹੋਵੇ। ਗੁਰੂ ਸਾਹਿਬ ਨੇ ਹੁਕਮਨਾਮੇ ਵਿਚ ਇਸ ਨੂੰ ਇਕ ਚੰਗਾ ਬੈਲ ਭੇਜਣ ਦਾ ਹੁਕਮ ਕੀਤਾ ਹੈ।[5]

**ਬਾਬੂ ਰਾਇ ਮਹੇਸ਼** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੇ ਰਹਿੰਦਾ ਸੀ, ਇਸ ਬਾਰੇ ਪੱਕੀ ਜਾਣਕਾਰੀ ਨਹੀਂ ਮਿਲਦੀ। ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ*

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 830.

2 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 226.

3 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 176.

4 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 77.

5 *ਉਹੀ*, ਪੰਨਾ 81.

ਵਿਚ ਬਾਬੂ ਰਾਇ ਮਹੇਸ਼ ਦਾ ਜ਼ਿਕਰ ਕੀਤਾ ਹੈ।[1]

**ਬਿਸੰਭਰਦਾਸ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਇਕ ਬਾਣੀਆ ਸਿੱਖ। ਉੱਜੈਨ ਦਾ ਨਿਵਾਸੀ ਇਕ ਬਾਣੀਆ ਦਸਮੇਸ਼ ਜੀ ਦਾ ਸਿੱਖ ਸੀ। ਇਸ ਪਰਥਾਇ ਗੁਰੂ ਸਾਹਿਬ ਨੇ *'ਮੁਕਤਿਨਾਮਾ'* ਉਚਾਰਿਆ ਹੈ।[2]

**ਬਿਹਾਰੀ ਲਾਲ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਢਾਕੇ ਦਾ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਬਿਹਾਰੀ ਲਾਲ ਦਾ ਜ਼ਿਕਰ ਕੀਤਾ ਮਿਲਦਾ ਹੈ।[3]

**ਬਿੰਦਰਾਬਨ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਢਾਕੇ ਦੇ ਇਲਾਕੇ ਦਾ ਇਕ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੇ ਰਹਿੰਦਾ ਸੀ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਦੋ *ਹੁਕਮਨਾਮਿਆਂ* ਵਿਚ ਭਾਈ ਬਿੰਦਰਾਬਨ ਦਾ ਜ਼ਿਕਰ ਕੀਤਾ ਹੈ। ਇਸ ਨੂੰ ਗੁਰੂ ਸਾਹਿਬ ਵਲੋਂ ਹੁਕਮ ਹੋਇਆ ਕਿ ਹੁਕਮ ਦੇਖਦੇ ਹੀ, ਇਕ ਸੌ ਇਕ ਰੁਪਏ ਦੀ ਹੁੰਡੀ ਕਰਵਾ ਭੇਜਣੀ। ਇਸ ਤੋਂ ਇਲਾਵਾ ਹੋਰ ਕੁਝ ਗੁਰੂ ਨਮਿਤ ਹੋਵੇ ਤਾਂ ਆਪ ਹਥਿਆਰ ਬੰਨ੍ਹ ਕੇ ਦਰਸ਼ਨ ਕਰਨ ਆਉਣਾ।[4]

**ਬੁੱਧੂ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਮਲਵਈ ਸਿੱਖ ਸੀ, ਜੋ ਕਿ ਪਹਿਲਾਂ ਇਕ ਦੀਵਾਨੇ ਸਾਧੂ ਦਾ ਚੇਲਾ ਸੀ। ਜਦੋਂ ਗੁਰੂ ਸਾਹਿਬ ਮਾਲਵੇ ਵਿੱਚ ਕੋਠੇ ਅਤੇ ਮਲੂਕੇ ਪਿੰਡ ਦੇ ਵਿਚਕਾਰ ਬਿਰਾਜੇ ਹੋਏ ਸਨ, ਤਦ ਇੱਕ ਦਿਵਾਨਾ ਸਾਧੂ ਮਲੂਕਾ ਪਹਿਰੇ ਬਰਦਾਰ ਦੇ ਵਰਜਣ 'ਤੇ ਵੀ ਗੁਰੂ ਸਾਹਿਬ ਦੇ ਤੰਬੂ ਵਿੱਚ ਦਾਖਿਲ ਹੋਣ ਲੱਗਾ, ਜਿਸ ਕਰਕੇ ਸਿਪਾਹੀ ਨੇ ਉਸ ਨੂੰ ਅਜੇਹਾ ਮਾਰਿਆ ਕਿ ਉਹ ਮਰ ਗਿਆ। ਉਸ ਦਾ ਬਦਲਾ ਲੈਣ ਲਈ ਦਿਵਾਨਿਆਂ ਦੇ ਮਹੰਤ ਘੁੱਦੇ ਨੇ ਪੰਜਾਹ ਦਿਵਾਨੇ ਇਕੱਠੇ ਕੀਤੇ, ਉਨ੍ਹਾਂ ਵਿਚ ਸੁੱਖੂ ਤੇ ਬੁੱਧੂ ਸਨ। ਇਹ ਬਾਜਕ ਦੇ ਮੁਕਾਮ ਗੁਰੂ ਸਾਹਿਬ ਪਾਸ ਪੁੱਜੇ ਪਰ ਦਰਸ਼ਨ ਕਰਕੇ ਸ਼ਾਂਤ ਹੋ ਗਏ ਅਤੇ ਗੁਰੂ ਸਾਹਿਬ ਦੇ ਸ਼ਰਧਾਲੂ ਬਣੇ। ਸੁੱਖੂ

---

1 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 135.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 863.

3 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 140.

4 *ਉਹੀ,* ਪੰਨਾ 135, 175.

ਅਤੇ ਬੁੱਧੂ ਦਿਵਾਨਿਆਂ ਨੇ ਪ੍ਰੇਮ ਭਾਵ ਨਾਲ ਸਤਿਗੁਰੂ ਦੀ ਸੇਵਾ ਕੀਤੀ ਅਤੇ ਸਾਰੰਗੀ ਤੇ ਢੱਡ ਨਾਲ ਪੇਂਡੂ ਧਾਰਣਾ ਦੇ ਗੀਤ ਗਾਕੇ ਸੁਣਾਏ।[1]

**ਬੁਲਾਕੀ ਸਿੰਘ, ਭਾਈ** : ਬੁਲਾਕੀ ਸਿੰਘ ਗੁਰੂ ਸਾਹਿਬ ਦਾ ਮਾਲਵੇ ਦਾ ਇਕ ਸ਼ਰਧਾਲੂ ਸਿੱਖ ਸੀ। ਮਾਲਵੇ ਵਿਚ ਇਹ ਕਿਸ ਪਿੰਡ ਦਾ ਰਹਿਣ ਵਾਲਾ ਸੀ। ਇਸ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਭਾਈ ਰੂਪੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਭਾਈ ਬੁਲਾਕੀ ਸਿੰਘ ਦਾ ਜ਼ਿਕਰ ਕੀਤਾ ਹੈ। ਹੋ ਸਕਦਾ ਹੈ, ਕਿ ਇਹ ਭਾਈਰੂਪੇ ਦਾ ਹੀ ਜਾਂ ਕਿਸੇ ਹੋਰ ਨੇੜਲੇ ਪਿੰਡ ਦਾ ਵਸਨੀਕ ਹੋਵੇ। ਗੁਰੂ ਸਾਹਿਬ ਨੇ ਹੁਕਮਨਾਮੇ ਵਿਚ ਇਸ ਨੂੰ ਇਕ ਚੰਗਾ ਬੈਲ ਭੇਜਣ ਦਾ ਹੁਕਮ ਕੀਤਾ ਹੈ।[2]

**ਬੁਲਾਕੀ ਦਾਸ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ। ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਬੁਲਾਕੀ ਦਾਸ ਦਾ ਜ਼ਿਕਰ ਕੀਤਾ ਹੈ।[3] ਭਾਈ ਸਰੂਪ ਦਾਸ ਭੱਲਾ ਨੇ *ਮਹਿਮਾ ਪ੍ਰਕਾਸ਼* ਵਿਚ ਬੁਲਾਕੀ ਦਾਸ ਨੂੰ ਢਾਕੇ ਦਾ ਇਕ ਮਸੰਦ ਦੱਸਿਆ ਹੈ। ਇਸ ਅਨੁਸਾਰ ਜਦੋਂ ਗੁਰੂ ਸਾਹਿਬ ਢਾਕੇ ਵੱਲ ਗਏ ਤਾਂ ਬੁਲਾਕੀ ਦਾਸ ਦੀ ਬਿਰਧ ਮਾਤਾ ਨੇ ਗੁਰੂ ਸਾਹਿਬ ਨੂੰ ਆਪਣੇ ਹੱਥੀਂ ਸੂਤ ਕੱਤ ਕੇ ਇਕ ਪੁਸ਼ਾਕ ਬਣਾ ਕੇ ਭੇਟਾ ਕੀਤੀ ਸੀ।[4]

**ਬੇਲਾ, ਭਾਈ** : ਭਾਈ ਬੇਲਾ ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ ਸੀ। ਇਹ ਸਿਧੇ-ਸਾਦੇ ਸੁਭਾਅ ਦਾ ਇਕ ਪੇਂਡੂ ਕਿਸਾਨ ਸੀ। ਅਨੰਦਪੁਰ ਆ ਕੇ ਇਸ ਨੇ ਕੁਝ ਸਮਾਂ ਗੁਰੂ ਸਾਹਿਬ ਦੇ ਤਬੇਲੇ ਵਿਚ ਘੋੜਿਆਂ ਦੀ ਸੇਵਾ ਕੀਤੀ ਸੀ। ਇਕ ਦਿਨ ਇਸ ਨੇ ਦੇਖਿਆ ਕਿ ਸਵੇਰੇ-ਸਵੇਰੇ ਉਠਕੇ ਸਿੱਖ ਕੋਈ ਚੀਜ਼ ਗੁਣ-ਗੁਣਾਉਂਦੇ ਰਹਿੰਦੇ ਹਨ ਤੇ ਕਈ ਗੁਰਬਾਣੀ ਦੀਆਂ ਪੋਥੀਆਂ ਤੋਂ ਪਾਠ ਕਰਦੇ ਹਨ। ਜਦੋਂ ਗੁਰੂ ਜੀ ਤਬੇਲੇ ਵਿਚੋਂ ਘੋੜਾ ਲੈਣ ਆਏ ਤਾਂ ਇਸ ਨੇ

---

1 ਰਣਧੀਰ ਸਿੰਘ ਰੀਸਰਚ ਸਕਾਲਰ, ਉਦਾਸੀ ਸਿੱਖਾਂ ਦੀ ਵਿਥਿਆ, ਪੰਨਾ 498.

2 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 81.

3 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 135.

4 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ, ਪੰਨੇ 714-15.

ਬੇਨਤੀ ਕੀਤੀ, ਸਤਿਗੁਰੂ ਜੀ ਮੈਨੂੰ ਵੀ ਸ਼ਬਦ ਬਾਣੀ ਦੀ ਕੋਈ ਤੁਕ ਦੱਸੋ। ਸਤਿਗੁਰਾਂ ਨੇ ਇਸ ਦਾ ਪ੍ਰੇਮ ਭਾਵ ਵੇਖ ਕੇ ਇਸ ਨੂੰ ਰੋਜ਼ਾਨਾਂ ਇਕ ਤੁਕ ਦੱਸਣੀ ਸ਼ੁਰੂ ਕਰ ਦਿੱਤੀ। ਇਹ ਦਿਨ ਭਰ ਯਾਦ ਕਰਦਾ ਰਹਿੰਦਾ। ਇਕ ਦਿਨ ਗੁਰੂ ਜੀ ਕਾਹਲੀ ਵਿਚ ਸਨ ਕਿ ਇਸ ਨੂੰ ਤੁਕ ਦੱਸਣੀ ਭੁੱਲ ਗਏ। ਇਹ ਗੁਰੂ ਸਾਹਿਬ ਦੇ ਮਗਰ-ਮਗਰ ਭੱਜਿਆ ਤੇ ਕਹਿਣ ਲੱਗਾ 'ਮਹਾਰਾਜ' ਕੋਈ ਤੁਕ ਤਾਂ ਦੱਸ ਜਾਉ। ਗੁਰੂ ਜੀ ਨੇ ਹੱਸਕੇ ਕਿਹਾ 'ਵਾਹ ਵੀ ਬੇਲਾ ਤੇਰਾ ਵਕਤ ਨ ਵੇਲਾ' ਇਹ ਸਿਦਕੀ ਸਿੱਖ ਸਾਰਾ ਦਿਨ ਇਹੋ ਤੁਕ ਪੜਦਾ ਰਿਹਾ। ਕਿਸੇ ਸਿੱਖ ਨੇ ਇਹ ਗੱਲ ਗੁਰੂ ਜੀ ਨੂੰ ਦੱਸੀ। ਗੁਰੂ ਸਾਹਿਬ ਬਹੁਤ ਖੁਸ਼ ਹੋਏ ਤੇ ਇਸ ਨੂੰ ਬੇਅੰਤ ਅਸ਼ੀਸਾਂ ਬਖ਼ਸ਼ੀਆਂ।[1]

**ਭਗਤਾ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ। ਭਾਈ ਬਹਿਲੋਲ ਵੰਸ਼ੀ ਭਗਤਾ, ਜਿਸ ਨੇ ਮਾਲਵੇ ਵਿੱਚ ਭਗਤਾ ਪਿੰਡ ਵਸਾਇਆ ਹੈ, ਜੋ ਰਾਜ ਫਰੀਦਕੋਟ ਦੇ ਥਾਣਾ ਕੋਟਕਪੂਰੇ ਵਿੱਚ ਹੈ ਅਤੇ ਰੇਲਵੇ ਸਟੇਸ਼ਨ ਜੈਤੋ ਤੋਂ 16 ਮੀਲ ਪੂਰਵ ਹੈ। ਰਾਮਪੁਰਾ ਫੂਲ ਤੋਂ 12 ਮੀਲ ਉੱਤਰ ਪੱਛਮ ਹੈ। ਇੱਥੇ ਗੁਰੂ ਗੋਬਿੰਦ ਸਿੰਘ ਜੀ ਤਿੰਨ ਦਿਨ ਠਹਿਰੇ ਸਨ। ਉਸ ਵੇਲੇ ਭਗਤੇ ਦੇ ਪੰਜ ਪੁੱਤਰ (ਗੁਰਦਾਸ, ਤਾਰਾ, ਭਾਰਾ, ਮੋਹਰਾ, ਬਖਤਾ) ਸਨ, ਜਿਨ੍ਹਾਂ ਨੇ ਦਸਮੇਸ਼ ਜੀ ਦੀ ਪ੍ਰੇਮ ਭਾਵ ਨਾਲ ਸੇਵਾ ਕੀਤੀ, ਇੱਥੇ ਛੇਵੇਂ ਸਤਿਗੁਰੂ ਜੀ ਵੀ ਪਧਾਰੇ ਸਨ। ਪਿੰਡ ਦੀ ਆਬਾਦੀ ਅੰਦਰ ਗੁਰਦੁਆਰਾ ਹੈ। ਪਾਸ ਹੀ ਭਾਈ ਭਗਤੇ ਦਾ ਲਾਇਆ ਖੂਹ ਹੈ।[2]

ਭਗਤੇ ਦੇ ਪੁੱਤਰਾਂ ਨੇ ਗੁਰੂ ਜੀ ਤੇ ਨਾਲ ਗਈ ਸੰਗਤ ਦੀ ਬੜੇ ਪ੍ਰੇਮ ਸਹਿਤ ਸੇਵਾ ਕੀਤੀ ਅਤੇ ਅਸੀਰਵਾਦ ਪ੍ਰਾਪਤ ਕੀਤੇ। ਗੁਰੂ ਸਾਹਿਬ ਦੇ ਆਦੇਸ਼ ਅਨੁਸਾਰ ਇਹ ਸਿੰਘ ਸਜੇ ਤੇ ਧਰਮ ਯੁੱਧਾਂ ਵਿੱਚ ਵੀ ਪੰਥ ਦੀ ਸੇਵਾ ਕੀਤੀ।[3]

**ਭਾਗੋ, ਮਾਈ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਧਾਲੂ ਸਿੱਖਣੀ ਸੀ। ਢਿੱਲੋਂ ਗੋਤ ਦੀ ਉੱਚ ਆਚਾਰ ਵਾਲੀ ਇਕ ਸਿੱਖ ਇਸਤਰੀ, ਜੋ ਕਿ ਪਿੰਡ ਝਬਾਲ, ਜਿਲ੍ਹਾ ਅੰਮ੍ਰਿਤਸਰ ਦੀ ਵਸਨੀਕ ਸੀ। ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸਿੱਖ ਭਾਈ ਲੰਗਾਹ ਦੇ ਪੁੱਤਰ ਪੇਰੋ ਸ਼ਾਹ ਦੀ ਔਲਾਦ ਵਿੱਚੋਂ ਸੀ। ਜਦ ਕੁਝ ਸਿੱਖ ਅਨੰਦਪੁਰ ਵਿਚੋਂ

---

1 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 234.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 901.

3 ਰਘਬੀਰ ਸਿੰਘ ਅਨੰਦਪੁਰੀ, ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ, ਪੰਨਾ 165.

ਬੇਦਾਵਾ ਲਿਖ ਕੇ ਘਰ ਵਾਪਿਸ ਮੁੜ ਆਏ ਸਨ, ਤਦ ਇਸ ਨੇ ਉਨ੍ਹਾਂ ਨੂੰ ਧਿਰਕਾਰਿਆ ਅਤੇ ਆਪ ਘੋੜੇ ’ਤੇ ਸਵਾਰ ਹੋ ਕੇ ਸਿੰਘ ਭੇਸ ਧਾਰ ਕੇ ਅਜੇਹੇ ਤਰਕ ਦੇ ਵਾਕ ਕਹੇ, ਜਿਨ੍ਹਾਂ ਦੇ ਅਸਰ ਨਾਲ ਬਹੁਤ ਸਿੱਖ ਸਤਿਗੁਰੂ ਦੀ ਸੇਵਾ ਵਿਚ ਮੁੜ ਹਾਜ਼ਿਰ ਹੋਣ ਲਈ ਤਿਆਰ ਹੋ ਗਏ।

ਸੰਮਤ 1762 ਬਿ. ਵਿਚ ਭਾਗੋ ਮਾਈ (ਮਾਈ ਭਾਗੋ) ਸਿੰਘਾਂ ਨਾਲ ਸ਼ਾਮਿਲ ਹੋ ਕੇ ਮੁਕਤਸਰ ਦੇ ਜੰਗ ਵਿੱਚ ਵਡੀ ਬਹਾਦੁਰੀ ਨਾਲ ਲੜੀ ਅਤੇ ਬਹੁਤ ਘਾਇਲ ਹੋਈ। ਦਸਮੇਸ਼ ਨੇ ਇਸ ਦਾ ਇਲਾਜ ਕਰਵਾ ਕੇ ਰਾਜੀ ਕੀਤਾ ਅਤੇ ਅੰਮ੍ਰਿਤ ਛਕਾ ਕੇ ਭਾਗੋ ਤੋਂ ਭਾਗ ਕੌਰ ਬਣਾਈ। ਇਹ ਮਰਦਾਵਾਂ ਭੇਸ ਧਾਰ ਕੇ ਸਤਿਗੁਰੂ ਦੀ ਸਦਾ ਅੜਦਲ ਵਿਚ ਰਹਿੰਦੀ ਸੀ। ਜਦ ਕਲਗੀਧਰ ਅਬਿਚਲ ਨਗਰ ਜੋਤੀ-ਜੋਤਿ ਸਮਾ ਗਏ, ਤਦ ਇਹ ਉਦਾਸ ਹੋ ਕੇ ਬਿਦਰ ਚਲੀ ਗਈ ਅਤੇ ਉਸ ਥਾਂ ਦੇਹ ਤਿਆਗੀ। ਇਸ ਦੇ ਨਾਮ ਦਾ ਅਬਿਚਲ ਨਗਰ ਵਿੱਚ ਇਕ ਬੁੰਗਾ ਹੈ, ਜਿਸ ਵਿੱਚ ਦਰਬਾਰ ਦਾ ਵੱਡਾ ਪੁਜਾਰੀ ਰਹਿੰਦਾ ਹੈ। ਇਸ ਦੇ ਬਰਛੇ ਦਾ ਫਲ ਗੁਰੂ ਸਾਹਿਬ ਦੇ ਸਿੰਘਾਸਨ ’ਤੇ ਹੁਣ ਤੱਕ ਸਨਮਾਨ ਪਾ ਰਿਹਾ ਹੈ, ਜਿਸ ਨੂੰ ਅਣਜਾਣ ਅਸਟਭੁਜੀ ਦੇਵੀ ਆਖਦੇ ਹਨ।[1]

**ਭੂਪਤ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸ਼ਰਧਾਲੂ ਸਿੱਖ। ਇਹ ਭਾਈ ਮਨੀ ਸਿੰਘ ਨਾਲ ਸ੍ਰੀ ਗ੍ਰੰਥ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸਵਾਰੀ ਲੈ ਕੇ ਦਮਦਮੇ ਆਇਆ ਸੀ।[2]

**ਮਸਤਾਨ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸ਼ਰਧਾਲੂ ਸਿੱਖ, ਜੋ ਬਾਅਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਨਾਲ ਹੋ ਕੇ ਮੁਗ਼ਲਾਂ ਵਿਰੁੱਧ ਲੜਿਆ।[3]

**ਮਹਿਤਾਬ ਸਿੰਘ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ। ਇਹ ਅਜਨਾਲੇ ਦਾ ਰਹਿਣ ਵਾਲਾ ਸੀ, ਜੋ ਕਿ ਨਿਝਰ ਗੋਤ ਨਾਲ ਸੰਬੰਧ ਰੱਖਦਾ ਸੀ। ਜਦੋਂ ਗੁਰੂ ਸਾਹਿਬ ਦਮਦਮੇ ਪਧਾਰੇ ਹੋਏ ਸਨ ਤਾਂ ਇਹ ਅਜਨਾਲੇ ਦੀ ਸੰਗਤ ਲੈ ਕੇ ਗੁਰੂ ਦਰਸ਼ਨਾਂ ਨੂੰ ਆਇਆ ਸੀ।[4]

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 912.

2 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 176.

3 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾ. ਡਾ. ਬਲਵੰਤ ਸਿੰਘ ਢਿੱਲੋਂ, ਪੰਨਾ 404.

4 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 176.

**ਮਦਨਦਾਸ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਇੱਕ ਵੈਰਾਗੀ ਸਾਧੂ। ਇਹ ਦਸਮੇਸ਼ ਜੀ ਦੇ ਦੀਵਾਨ ਵਿੱਚ ਅਨੰਦਪੁਰ ਵਿਖੇ ਧਰਮ ਚਰਚਾ ਸੁਣਿਆ ਕਰਦਾ ਸੀ।[1]

**ਮਦਨਨਾਥ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਇੱਕ ਯੋਗੀ। ਇਹ ਗੁਰੂ ਸਾਹਿਬ ਨੂੰ ਥਨੇਸਰ ਵਿਖੇ ਮਿਲਿਆ ਅਤੇ ਉਪਦੇਸ਼ ਸੁਣ ਕੇ ਕ੍ਰਿਤਾਰਥ ਹੋਇਆ।[2]

**ਮਨਸਾ ਸਿੰਘ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ। ਇਹ ਪੱਕੇ ਪਿੰਡ ਦਾ ਰਹਿਣ ਵਾਲਾ ਸੀ। ਜਦੋਂ ਗੁਰੂ ਸਾਹਿਬ ਇਸ ਨਗਰ ਪਧਾਰੇ ਸਨ ਤਾਂ ਇਹ ਸੇਵਾ ਵਿਚ ਹਾਜ਼ਰ ਹੋਇਆ ਸੀ।[3]

**ਮੱਲਾ / ਮੱਲ ਸਿੰਘ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ। ਇਹ ਸਾਬੋ ਕੀ ਤਲਵੰਡੀ ਦੇ ਚੌਧਰੀ ਭਾਈ ਡੱਲੇ ਦਾ ਛੋਟਾ ਭਰਾ ਸੀ। ਜਦੋਂ ਦਮਦਮੇ ਤੋਂ ਗੁਰੂ ਸਾਹਿਬ ਦਾ ਪਰਿਵਾਰ ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਅਤੇ ਕੁਝ ਸੰਗਤ ਦਿੱਲੀ ਨੂੰ ਰਵਾਨਾ ਹੋਏ ਤਾਂ ਇਨ੍ਹਾਂ ਦੇ ਨਾਲ ਭਾਈ ਮੱਲ ਸਿੰਘ ਤੇ ਭਾਈ ਗੋਦੜੀਆ ਸਿੰਘ ਆਦਿ ਪੰਜ ਸਿੱਖ ਘੋੜਿਆਂ 'ਤੇ ਸਵਾਰ ਹੋ ਕੇ ਗੁਰੂ ਹੁਕਮ ਅਨੁਸਾਰ ਨਾਲ ਗਏ ਸਨ।[4]

**ਮਲੂਕਾ, ਮਹੰਤ / ਸਿੰਘ** : ਇਹ ਗੁਰੂ ਸਾਹਿਬ ਦਾ ਸ਼ਰਧਾਲੂ ਸਿੱਖ ਸੀ। ਮਲੂਕਾ ਸਿੰਘ ਇਕ ਦੀਵਾਨਾ ਸਾਧੂ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਵਿਚ ਜੈਤੋ ਕੋਲ ਬਿਰਾਜੇ ਸਨ। ਉੱਥੇ ਗੁਰੂ ਸਾਹਿਬ ਅੰਮ੍ਰਿਤ ਵੇਲੇ ਆਪਣੇ ਤੰਬੂ ਵਿਚ ਬੈਠੇ ਹੋਏ ਸਨ। ਮਲੂਕਾ ਦੀਵਾਨਾ ਸਾਧੂ ਦਰਸ਼ਨ ਕਰਨ ਆਇਆ। ਗੁਰੂ ਸਾਹਿਬ ਦੇ ਡਿਊਢੀਬਰਦਾਰ ਨੇ ਰੋਕਿਆ ਕਿ ਦਿਨ ਚੜ੍ਹੇ ਦਰਸ਼ਨ ਕਰੀਂ। ਪਰ ਉਹ ਨਾ ਰੁਕਿਆ ਕਹਿੰਦਾ ਹੁਣੇ ਦਰਸ਼ਨ ਕਰਨੇ ਹਨ। ਡਿਊਢੀਬਰਦਾਰ ਨਾਲ ਉਸ ਦੀ ਲੜਾਈ ਹੋ ਗਈ। ਇਸ ਵਿਚ ਮਲੂਕਾ ਜਖ਼ਮੀ ਹੋ ਗਿਆ। ਜਦੋਂ ਗੁਰੂ ਸਾਹਿਬ ਨੂੰ ਪਤਾ ਲੱਗਾ ਤਾਂ ਉਸ (ਮਲੂਕੇ) ਨੂੰ ਬੁਲਾਇਆ। ਗੁਰੂ ਸਾਹਿਬ ਨੇ ਕਿਹਾ – ਜੀਵਣ ਕੀ ਸੁਰਤਿ ਹੈ, ਦੀਵਾਨਾ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 946.

2 *ਉਹੀ,* ਪੰਨਾ 946.

3 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 169.

4 *ਉਹੀ,* ਪੰਨਾ 178.

ਕਹਿੰਦਾ – ਜੀ ਹੁਣ ਖੁਸ਼ੀ ਕਰੋ ਤੁਸਾਂ ਕੀ ਹਜ਼ੂਰ ਪ੍ਰਾਣ ਮੇਰੇ ਛੁਟਣ ਏਹੋ ਖੁਸ਼ੀ ਕਰੋ, ਫੇਰ ਪ੍ਰਾਣ ਛੁਟੇ।[1]

**ਮਾਲੀ ਸਿੰਘ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸ਼ਰਧਾਲੂ ਸਿੱਖ ਸੀ, ਜੋ ਕਿ ਭਾਈ ਫੇਰੂ ਦਾ ਪੋਤਾ ਚੇਲਾ ਮਹਾਤਮਾ ਸਾਧੂ ਸੀ। ਇਹ ਦਸਮੇਸ਼ ਜੀ ਦੇ ਮਾਲਵੇ ਖੇਤਰ ਵਿਚ ਪਧਾਰਨ ਸਮੇਂ ਸੇਵਾ ਵਿਚ ਹਾਜ਼ਰ ਰਿਹਾ।[2]

**ਮਿਹਰ ਚੰਦ** : ਭਾਈ ਮਿਹਰ ਚੰਦ ਗੁਰੂ ਸਾਹਿਬ ਦਾ ਢਾਕੇ ਖੇਤਰ ਦਾ ਇਕ ਅਨਿੰਨ ਸਿੱਖ ਸੀ। ਇਹ ਢਾਕੇ ਦੇ ਇਲਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਡਾ. ਗੰਡਾ ਸਿੰਘ ਗੁਰੂ ਸਾਹਿਬ ਦੇ ਇਕ *ਹੁਕਮਨਾਮੇ* ਦੇ ਹਵਾਲੇ ਨਾਲ ਲਿਖਦੇ ਹਨ, ਕਿ ਭਾਈ ਮਿਹਰ ਚੰਦ ਨੂੰ ਹੁਕਮ ਹੋਇਆ ਸੀ। 'ਮਨ ਵਿਚ ਕੁਝ ਨਹੀਂ ਰੱਖਣਾ ਗੁਰੂ ਸਾਹਿਬ ਤੇਰੇ ਉਪਰ ਨਿਹਾਲ ਹੋਏ ਹਨ, ਤੂੰ ਤੁਲਾ ਰਾਮ ਦਾ ਦੋਹਤਾ ਨਾਲ ਲੈ ਕੇ ਆਉਣਾ। ਇਸ ਤੋਂ ਇਲਾਵਾ ਕੱਪੜਾ, ਚੀਰੇ ਤੇ ਢਾਲਾਂ ਲੈ ਆਉਣੀਆਂ।'[3] ਸ਼ਮਸ਼ੇਰ ਸਿੰਘ ਅਸ਼ੋਕ ਨੇ ਵੀ ਇਕ *ਹੁਕਮਨਾਮੇ* ਦਾ ਹਵਾਲਾ ਦਿੰਦਿਆਂ ਲਿਖਿਆ ਹੈ, ਕਿ ਭਾਈ ਮਿਹਰ ਚੰਦ ਦੇ ਨਾਮ ਗੁਰੂ ਸਾਹਿਬ ਨੇ ਇਕ ਹੁਕਮ ਲਿਖਿਆ, 'ਭਾਈ ਮਿਹਰ ਚੰਦ ਤੁਸੀਂ ਦਰਬਾਰ ਵਿਚ ਆਵਣਾ ਤੇਰੇ ਉਪਰ ਮੇਰੀ ਬਹੁਤ ਖੁਸ਼ੀ ਹੈ। ਤੇਰੀ ਰੱਖਿਆ ਅਸੀਂ ਆਪ ਕਰਾਂਗੇ।'[4] ਗੁਰੂ ਸਾਹਿਬ ਨੇ ਇਕ *ਹੁਕਮਨਾਮੇ* ਵਿਚ ਇਸ ਨੂੰ ਭਾਈ ਮਿਹਰ ਚੰਦ ਪੇਸ਼ਕਾਰ ਖੁਫ਼ੀਆ ਨਵੀਸ ਲਿਖਦਿਆਂ ਇਕ ਤੋਲਾ ਸੋਨਾ ਸਿਤਾਬੀ ਹੁੰਡੀ ਕਰਵਾਉਣ ਲਈ ਹੁਕਮ ਕੀਤਾ ਹੈ।[5] ਇਕ *ਹੁਕਮਨਾਮੇ* ਵਿਚ ਮਿਹਰਚੰਦ ਜੱਟ ਦਾ ਜ਼ਿਕਰ ਵੀ ਮਿਲਦਾ ਹੈ। ਉਪਰੋਕਤ ਅਤੇ ਇਹ ਹੁਕਮਨਾਮਾ ਇਕੋ ਤਾਰੀਖ ਵਿਚ ਲਿਖੇ ਮਿਲਦੇ ਹਨ ਪਰ ਲਿਖਤ ਵਿਚ ਅੰਦਰੂਨੀ ਅਤੇ ਸਤਰਾਂ ਦੀ ਗਿਣਤੀ ਵਿਚ ਅੰਤਰ ਹੈ। ਹੋ ਸਕਦਾ ਹੈ ਕਿ ਇਕੋ ਸਮੇਂ ਗੁਰੂ ਸਾਹਿਬ ਨੇ ਦੋ ਵੱਖ-ਵੱਖ ਸਿੱਖਾਂ ਨੂੰ ਹੁਕਮ ਲਿਖੇ ਹੋਣ।[6]

**ਮੀਹਾਂ ਸਾਹਿਬ / ਭਾਈ ਰਾਮਦੇਵ** : ਮੀਹਾਂ ਸਾਹਿਬ ਦਾ ਪਹਿਲਾਂ ਨਾਂ ਰਾਮਦੇਵ ਸੀ, ਜੋ ਸ੍ਰੀ ਗੁਰੂ ਤੇਗ ਬਹਾਦਰ

---

1 ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨੇ 48-49.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 968.

3 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 135.

4 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 56.

5 *ਉਹੀ*, ਪੰਨਾ 73; ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 169.

6 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 73.

ਜੀ ਦਾ ਇਕ ਸ਼ਰਧਾਵਾਨ ਸਿੱਖ ਹੋਇਆ ਹੈ। ਇਹ ਲੰਗਰ ਵਿਚ ਜਲ ਭਰਨ ਅਤੇ ਛਿੜਕਾਉ ਦੀ ਸੇਵਾ ਕਰਿਆ ਕਰਦਾ ਸੀ। ਧਮਧਾਨ ਨਗਰ ਵਿਚ ਇਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਇਸ ਦਾ ਨਾਮ ਭਾਈ ਮੀਹਾਂ ਰੱਖਿਆ ਅਰ ਨਗਾਰਾ, ਨਿਸ਼ਾਨ ਤਥਾ ਲੰਗਰ ਚਲਾਉਣ ਲਈ ਲੋਹ ਬਖ਼ਸ਼ ਕੇ ਮਹੰਤ ਥਾਪਿਆ ਸੀ। ਇਸ ਮਹਾਤਮਾ ਨੇ ਸ੍ਰੀ ਦਸਮੇਸ਼ ਜੀ ਦੀ ਵੀ ਸੇਵਾ ਕੀਤੀ ਸੀ। ਜਿਸ ਪੁਰ ਪ੍ਰਸੰਨ ਹੋ ਕੇ ਕਲਗੀਧਰ ਨੇ ਇਸ ਨੂੰ ਇਕ ਦਸਤਾਰ ਅਤੇ ਸ਼ਸਤਰ ਬਖ਼ਸ਼ਿਆ। ਇਸ ਦੀ ਸੰਪ੍ਰਦਾਯ ਦੇ ਉਦਾਸੀ ਸਾਧੂ ਮੀਹਾਂ ਸ਼ਾਹੀ ਅਤੇ ਮੀਹਾਂ ਦਾਸੀਏ ਕਹਾਉਂਦੇ ਹਨ।[1] *ਗੁਰੂ ਕੀਆਂ ਸਾਖੀਆਂ* ਵਿਚ ਵੀ ਇਸ ਦਾ ਪਹਿਲਾ ਨਾਮ ਰਾਮਦੇਵ ਲਿਖਿਆ ਹੈ - 'ਏਸ ਕਾ ਨਾਉਂ ਰਾਮਦੇਵ ਥਾ। ਏਸ ਕਾ ਕਾਮ ਪ੍ਰਿਥਮੇ ਦੀਵਾਨ - ਅਸਥਾਨ ਤੇ ਮਸ਼ਕ ਗੈਲ ਜਲ ਛਿੜਕਾਨਾ ਸੀ। ਉਪਰੰਤ ਲੰਗਰ ਮੇਂ ਪਾਨੀ ਲਾਤਾ ਸੀ, ਬਾਂਗਰ ਦੇਸ਼ ਮੇਂ ਪਾਨੀ ਕੀ ਬੜੀ ਕਿੱਲਤ ਸੀ। ਇਹ ਕਿਸੇ ਵੇਲੇ ਵੀ ਲੰਗਰ ਮੇਂ ਪਾਨੀ ਕੀ ਤਰੋਟ ਨਹੀਂ ਸੀ ਆਨੇ ਦੇਤਾ। ਸਤਿਗੁਰਾਂ ਏਸ ਕੀ ਗਾੜ੍ਹੀ ਸੇਵਾ ਦੇਖ ਏਸ ਕਾ ਨਾਉਂ ਮੀਂਹ ਬਰਸਾਨੇ ਵਾਲਾ- 'ਮੀਂਹਾਂ' ਨਾਮ ਰਾਖਾ। ਉਸੀ ਦਿਹੁੰ ਸੇ ਸਿੱਖ ਸੰਗਤਾਂ ਇਸੇ ਮੀਹਾਂ ਨਾਮ ਸੇ ਬੁਲਾਨੇ ਲਗ ਗਈਆਂ। ਇਹ ਦੋਵੇਂ ਸਿਖ ਭਾਈ ਫੇਰੂ ਤੇ ਮੀਹਾਂ ਦਸਮੇਂ ਪਾਤਸ਼ਾਹ ਕੇ ਸਮੇਂ ਉਦਾਸੀ ਭੇਖ ਕੀਆਂ ਛੇ ਬਖਸ਼ਸ਼ਾਂ ਕੇ ਮੁਖੀਏ ਬਨੇ।[2]

**ਮੁਹਕਮ ਸਿੰਘ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ। ਇਸ ਦੇ ਨਾਮ ਪੁਰ ਇਕ *ਹੁਕਮਨਾਮਾ* ਲਿਖਿਆ ਮਿਲਦਾ ਹੈ, ਜਿਸ ਵਿਚ ਗੁਰੂ ਸਾਹਿਬ ਨੇ ਭਾਈ ਮੁਹਕਮ ਸਿੰਘ ਤੇ ਭਾਈ ਸਤੀ ਦਾਸ ਨੂੰ ਸ਼ਹਿਜ਼ਾਦੇ ਅਜ਼ੀਮ (ਸ਼ਹਿਜ਼ਾਦਾ ਮੁਅੱਜ਼ਮ ਸ਼ਾਹ, ਪ੍ਰਸਿੱਧ ਨਾਮ ਬਹਾਦਰ ਸ਼ਾਹ) ਦੀ ਮਦਦ ਕਰਨ ਲਈ ਹੁਕਮ ਕੀਤਾ ਹੋਇਆ ਹੈ।[3] ਗੁਰੂ ਸਾਹਿਬ ਦੇ ਦਰਬਾਰੀ ਸਿੱਖਾਂ ਵਿਚ ਇਕ ਹੋਰ ਨਾਮ ਭਾਈ ਮੋਹਕਮ ਸਿੰਘ (ਪਿਆਰਾ) ਦਾ ਮਿਲਦਾ ਹੈ। ਇਹ ਭਾਈ ਮੁਹਕਮ ਸਿੰਘ, ਪਿਆਰੇ ਭਾਈ ਮੋਹਕਮ ਸਿੰਘ ਤੋਂ ਵੱਖਰਾ ਹੈ, ਕਿਉਂਕਿ ਉਸ (ਪਿਆਰੇ) ਦਾ ਪਹਿਲਾਂ ਨਾਮ ਮੋਹਕਮ ਚੰਦ ਸੀ, ਜੋ ਕਿ ਇਸ ਮੁਹਕਮ ਸਿੰਘ ਦੇ ਨਾਮ ਪੁਰ *ਹੁਕਮਨਾਮਾ* ਲਿਖਿਆ ਮਿਲਦਾ ਹੈ, ਇਹ ਸੰਮਤ 1755 ਬਿ. (1698 ਈ.) ਦਾ ਹੈ। ਜਦੋਂ ਕਿ ਮੋਹਕਮ ਚੰਦ ਸੰਮਤ 1756 ਬਿ. (1699 ਈ.)

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 973.

2 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 65.

3 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 63.

ਨੂੰ ਅੰਮ੍ਰਿਤ ਛਕ ਕੇ ਮੋਹਕਮ ਸਿੰਘ 'ਪਿਆਰਾ' ਬਣਿਆ ਸੀ।

**ਮੁਖੀਆ, ਭਾਈ** : ਸ੍ਰੀ ਗੁਰੂ ਗੋਬਿੰਦ ਸਿੰਘ ਸੀ ਦਾ ਇਕ ਸ਼ਰਧਾਲੂ ਸਿੱਖ। ਇਹ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੁਝ ਵੀ ਪਤਾ ਨਹੀਂ ਲਗਦਾ। ਗੁਰੂ ਸਾਹਿਬ ਦੇ ਇਕ *ਹੁਕਮਨਾਮੇ* ਵਿਚ ਭਾਈ ਮੁਖੀਆ ਦਾ ਨਾਮ ਮਿਲਦਾ ਹੈ, ਜੋ ਕਿ ਭਾਈ ਸੁਖੀਆ (ਇਹ ਭਾਈਰੂਪੇ ਦਾ ਰਹਿਣ ਵਾਲਾ ਸੀ) ਦੇ ਨਾਮ ਪੁਰ ਗੁਰੂ ਸਾਹਿਬ ਵਲੋਂ ਲਿਖਿਆ ਗਿਆ ਸੀ। ਇਸ ਵਿਚ ਇਨ੍ਹਾਂ ਦੋਵਾਂ ਨੂੰ ਗੁਰੂ ਸਾਹਿਬ ਨੇ ਸਿੱਖ ਪੁੱਤਰ ਕਹਿ ਕੇ ਨਿਵਾਜਦਿਆਂ ਕੁਝ ਅਸਵਾਰ, ਪਿਆਦੇ, ਬੰਦੂਕਚੀ ਤੇ ਚੰਗੇ ਜੁਆਨ ਲਿਆਉਣ ਦਾ ਹੁਕਮ ਕੀਤਾ ਹੈ।[1]

**ਮੇਦਿਨੀ ਪ੍ਰਕਾਸ਼** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਇਕ ਰਾਜਾ। ਇਹ ਰਾਜੇ ਬੁੱਧ ਪ੍ਰਕਾਸ਼ ਦਾ ਪੁੱਤਰ ਸੀ, ਜੋ ਨਾਹਨ (ਸਰਮੌਰ) ਦਾ 33ਵਾਂ ਰਾਜਾ ਸੀ। ਇਸ ਦਾ ਉਪਨਾਮ ਮਸਤ ਪ੍ਰਕਾਸ਼ ਅਤੇ ਗੱਦੀ 'ਤੇ ਬੈਠਣ ਤੋਂ ਪਹਿਲਾਂ ਨਾਮ ਜੋਗਰਾਜ ਸੀ। ਮੇਦਿਨੀ ਪ੍ਰਕਾਸ਼ ਸੰਮਤ 1735 ਬਿ. (1678 ਈ.) ਵਿੱਚ ਗੱਦੀ 'ਤੇ ਬੈਠਾ ਅਤੇ ਸੰਮਤ 1751 ਬਿ. (1694 ਈ.) ਵਿੱਚ ਮਰਿਆ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਬਹੁਤ ਪ੍ਰੇਮ ਰਖਦਾ ਸੀ। ਇਸ ਦਾ ਨਿਮੰਤ੍ਰਣ ਮੰਨ ਕੇ ਕਲਗੀਧਰ 17 ਵੈਸਾਖ ਸੰਮਤ 1742 ਬਿ. (1685 ਈ.) ਨੂੰ ਨਾਹਨ ਪਧਾਰੇ ਸਨ। ਗੁਰੂ ਸਾਹਿਬ ਨੇ ਮੇਦਿਨੀ ਪ੍ਰਕਾਸ਼ ਅਤੇ ਸ੍ਰੀਨਗਰ (ਗੜ੍ਹਵਾਲ) ਦੇ ਰਾਜੇ ਫਤੇਸ਼ਾਹ ਦਾ ਪਰਸਪਰ ਵੈਰ ਭਾਵ ਹਟਾ ਕੇ ਮਿੱਤਰਤਾ ਕਰਾਈ ਸੀ ਅਤੇ ਨਾਹਨ ਰਾਜ ਵਿੱਚ ਜਮਨਾ ਦੇ ਕਿਨਾਰੇ 'ਪਾਂਵਟਾ' (ਪਾਉਂਟਾ) ਨਗਰ ਵਸਾਇਆ, ਜੋ ਨਾਹਨ ਤੋਂ 26 ਮੀਲ ਹੈ। ਮੇਦਿਨੀ ਪ੍ਰਕਾਸ਼ ਦੇ ਮਰਨ ਪੁਰ ਉਸ ਦਾ ਛੋਟਾ ਭਾਈ, (ਬੁੱਧ ਪ੍ਰਕਾਸ਼ ਦਾ ਛੋਟਾ ਬੇਟਾ) ਹਰੀ ਪ੍ਰਕਾਸ਼, ਸੰਮਤ 1751 ਵਿੱਚ ਨਾਹਨ ਦਾ 34ਵਾਂ ਰਾਜਾ ਹੋਇਆ।[2]

ਰਤਨ ਚੰਦ, ਰਾਜਾ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਰਾਜਾ। ਰਤਨ ਚੰਦ ਬਸਾਲੀ ਰਿਆਸਤ ਦੇ ਨਗਰ ਬਿਭੌਰ ਦਾ ਰਾਜਾ ਸੀ। ਇਹ ਨਾਹਨ ਦੇ ਰਾਜੇ ਮੇਦਿਨੀ ਪ੍ਰਕਾਸ਼ ਦਾ ਰਿਸ਼ਤੇਦਾਰ ਸੀ। ਰਤਨ ਚੰਦ ਨੇ ਗੁਰੂ ਸਾਹਿਬ ਨੂੰ ਸੰਗਤ ਸਮੇਤ ਆਪਣੇ ਨਗਰ ਬਿਭੌਰ ਵਿਚ ਰਹਿਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਸੰਗਤ ਸਮੇਤ

---

1 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 181.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 993.

ਇੱਥੇ ਲਗਪਗ ਇਕ ਸਾਲ ਰਹੇ ਸਨ।[1]

**ਰਤਨਰਾਇ, ਰਾਜਾ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਇਕ ਰਾਜਾ। ਇਹ ਸ੍ਰਰਣਮਤੀ ਦੇ ਉਦਰ ਤੋਂ ਪੈਦਾ ਹੋਇਆ ਰਾਜਾ ਰਾਮਰਾਇ ਦਾ ਪੁੱਤਰ ਸੀ, ਜੋ ਕਿ ਆਸਾਮ ਦਾ ਰਈਸ ਸੀ। ਰਤਨਰਾਇ ਦਾ ਜਨਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਵਰਦਾਨ ਦ੍ਵਾਰਾ ਹੋਇਆ ਸੀ। ਇਹ ਸੰਮਤ 1735 ਬਿ. (1678 ਈ.) ਵਿੱਚ ਪੰਚਕਲਾ ਸ਼ਸਤਰ, ਸੰਦਲ ਦੀ ਕਲਦਾਰ ਚੌਕੀ, ਪੰਜ ਘੋੜੇ, ਪ੍ਰਸਾਦੀ ਹਾਥੀ ਆਦਿਕ ਭੇਟਾ ਲੈ ਕੇ ਅਨੰਦਪੁਰ ਕਲਗੀਧਰ ਦੇ ਦਰਬਾਰ ਹਾਜ਼ਿਰ ਹੋਇਆ ਅਤੇ ਸਿੱਖ ਬਣਿਆ।[2] *ਤਾਰੀਖ਼-ਏ-ਪੰਜਾਬ* ਦੇ ਕਰਤਾ ਕਨ੍ਹੱਈਆ ਲਾਲ ਅਨੁਸਾਰ ਆਸਾਮ ਦੇਸ਼ ਦਾ ਰਾਜਾ ਨਫ਼ੀਸ ਤੇ ਕੀਮਤੀ ਤੁਹਫੇ ਲੈ ਕੇ ਚਰਨ ਪਰਸਣ ਲਈ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ। ਭੇਟਾ ਕਰਨ ਯੋਗ ਤੁਹਫਿਆਂ ਵਿਚ ਇਕ ਪ੍ਰਸ਼ਾਦੀ ਨਾਮ ਦਾ ਹਾਥੀ ਵੀ ਸੀ, ਜਿਸ ਦੇ ਮੱਥੇ ’ਤੇ ਚੰਨ ਬਰਾਬਰ ਚਿੱਟਾ ਫੁੱਲ ਸੀ ਅਤੇ ਮੱਥੇ ਤੋਂ ਲੈ ਕੇ ਪੂਛਲ ਤੱਕ ਇਕ ਚਿੱਟੀ ਧਾਰੀ ਸੀ। ਉਸ ਹਾਥੀ ਦੀਆਂ ਸਿਫਤਾਂ ਇਹ ਸਨ, ਕਿ ਉਹ ਮੈਦਾਨ ਵਿਚੋਂ ਤੀਰ ਚੁੱਕ ਲਿਆਉਂਦਾ; ਜੋੜੇ ਝਾੜ ਕੇ ਮਾਲਿਕ ਦੇ ਅੱਗੇ ਰੱਖਦਾ; ਸੁੰਡ ਵਿਚ ਗੰਗਾ ਸਾਗਰ ਫੜ ਕੇ ਮਾਲਿਕ ਦੇ ਚਰਨ ਧੁਵਾਉਂਦਾ; ਰਾਤ ਨੂੰ ਮੂੰਹ ਵਿਚ ਮਸ਼ਾਲ ਫੜ ਕੇ ਅੱਗੇ-ਅੱਗੇ ਟੁਰਦਾ ਅਤੇ ਸਵਾਰੀ ਵੇਲੇ ਸੁੰਡ ਵਿਚ ਚਉਰ ਫੜ ਕੇ ਮਾਲਿਕ ਦੇ ਸਿਰ ਚਵਰ ਕਰਦਾ ਜਾਂਦਾ।[3]

**ਰਮਦਾਸ ਉਗਰਸੇਣ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ। ਇਹ ਕਿਸ ਨਗਰ ਦਾ ਰਹਿਣ ਵਾਲਾ ਸੀ। ਇਸ ਬਾਰੇ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਰਮਦਾਸ ਉਗਰਸੇਣ ਦੇ ਨਾਮ ਪੁਰ ਇਕ *ਹੁਕਮਨਾਮਾ* ਲਿਖਿਆ ਹੈ, ਜਿਸ ਵਿਚ ਇਸ ਦੁਆਰਾ ਭੇਜੀ ਭੇਟਾ ਨੂੰ ਪ੍ਰਵਾਨ ਕਰਦਿਆਂ ਗੁਰੂ ਸਾਹਿਬ ਨੇ ਇਸ ਨੂੰ ਅਸੀਸ ਬਖਸ਼ੀ ਹੈ।[4]

**ਰਾਉ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਸੰਦ ਸਿੱਖ। ਇਹ ਦਿਆਲਪੁਰੇ ਦਾ ਵਸਨੀਕ ਕੰਬੋ (ਕਮੋ) ਸਿੱਖ ਸੀ, ਜੋ

---

1 ਗੁਰਬਚਨ ਸਿੰਘ ਨਈਅਰ ਸੁਖਦਿਆਲ ਸਿੰਘ, ਗੁਰੂ ਗੋਬਿੰਦ ਸਿੰਘ–ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ ਚਿੰਨ੍ਹ, ਪੰਨਾ 60.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1021.

3 ਕਨ੍ਹੱਈਆ ਲਾਲ, ਤਾਰੀਖ਼-ਏ-ਪੰਜਾਬ, ਅਨੁ. ਡਾ. ਜੀਤ ਸਿੰਘ ਸੀਤਲ, ਪੰਨੇ 44-45.

4 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨਾ 137.

ਮਸੰਦੀ ਦਾ ਕੰਮ ਕਰਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਊ ਦੇ ਅਪਰਾਧ ਬਖ਼ਸ਼ ਕੇ ਅੱਗੋਂ ਸੁਮਾਰਗ ਪਾਇਆ।[1]

**ਰਾਮ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਅਨਿੰਨ ਸੇਵਕ। ਇਹ ਨਾਭੇ ਅਤੇ ਜੀਂਦ ਰਾਜਵੰਸ਼ ਦੇ ਵਡੇਰੇ, ਬਾਬੇ ਫੂਲ ਦਾ ਛੋਟਾ ਸਪੁੱਤਰ ਸੀ। ਇਸ ਨੇ ਆਪਣੇ ਵੱਡੇ ਭਰਾ ਭਾਈ ਤਿਲੋਕ ਸਿੰਘ ਨਾਲ ਮਿਲ ਕੇ ਦਮਦਮਾ ਸਾਹਿਬ ਦਸਮੇਸ਼ ਤੋਂ ਅੰਮ੍ਰਿਤ ਛਕ ਕੇ ਸਿੰਘ ਪਦ ਧਾਰਣ ਕੀਤਾ।[2] ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਇਨ੍ਹਾਂ ਪੁਰ ਜੋ ਕਲਗੀਧਰ ਦੀ ਅਪਾਰ ਕ੍ਰਿਪਾ ਹੋਈ, ਉਸ ਦਾ ਅਨੁਮਾਨ ਹੇਠ ਲਿਖੇ *ਹੁਕਮਨਾਮੇ* ਤੋਂ ਹੋ ਸਕਦਾ ਹੈ -

ੴ ਸਤਿਗੁਰੂ ਜੀ॥

ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਤੇਲੋਕਾ ਭਾਈ ਰਾਮਾ ਸਰਬਤ ਸੰਗਤ ਗੁਰੂ ਰਖੈਗਾ ਤੁਧ ਜਮੀਅਤ ਲੈ ਕੇ ਅਸਾਡੇ ਹਜੂਰ ਆਵਣਾ ਮੇਰੀ ਤੇਰੇ ਉਪਰਿ ਬਹੁਤ ਖੁਸੀ ਹੈ ਤੇਰਾ ਘਰੁ ਮੇਰਾ ਹੈ ਤੁਧੁ ਹੁਕਮੁ ਦੇਖਦਿਆ ਹੀ ਛੇਤੀ ਅਸਾਡੇ ਹਜੂਰ ਆਵਣਾ ਤੇਰਾ ਘਰੁ ਮੇਰਾ ਅਸੈ ਤੁਧੁ ਸਿਤਾਬੀ ਹੁਕਮ ਦੇਖਦਿਆ ਹੀ ਆਵਣਾ ਤੁਸਾਂ ਅਸਵਾਰ ਲੈ ਕੇ ਆਵਣਾ ਜਰੂਰ ਆਵਣਾ ਤੇਰੇ ਉਤੇ ਅਸਾਡੀ ਖਰੀ ਮਿਹਰਵਾਨਗੀ ਅਸੈ ਤੈ ਆਵਣਾ ਇਕੁ 1 ਜੋੜਾ ਭੇਜਾ ਹੈ ਰਖਾਵਣਾ ਭਾਦੋਂ ੨ ਸੰਮਤ ੫੩ (੧੭੫੩)' ਇਹ ਅਸਲ ਹੁਕਮਨਾਮਾ ਬਾਬਾ ਆਲਾ ਸਿੰਘ ਜੀ ਦੇ ਬੁਰਜ ਪਟਿਆਲੇ ਵਿਚ ਸੁਰੱਖਿਅਤ ਹੈ, ਅਤੇ ਇਸ ਦੀ ਨਕਲ ਨਾਭਾ ਪਾਸ ਹੈ।[3] ਰਣਧੀਰ ਸਿੰਘ ਰੀਸਰਚ ਸਕਾਲਰ ਅਨੁਸਾਰ ਭਾਈ ਰਾਮ ਸਿੰਘ ਤੇ ਤਿਲੋਕਾ ਸਿੰਘ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਦਮਦਮੇ ਦੇ ਅਸਥਾਨ 'ਤੇ ਆਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਖੁਸ਼ੀ ਬਖ਼ਸ਼ੀ ਤੇ ਸਿਰਪਾਉ ਦਿੱਤੇ।[4]

**ਰਾਮ ਸਿੰਘ** : ਰਾਮ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਮਲਵਈ ਸਿੱਖ ਸੀ। ਇਹ ਚੱਕ ਭਾਈਕੇ ਦਾ ਰਹਿਣ ਵਾਲਾ ਸੀ। ਜਦੋਂ ਗੁਰੂ ਸਾਹਿਬ ਦਮਦਮੇ (ਤਲਵੰਡੀ ਸਾਬੋ) ਤੋਂ ਚੱਕ ਭਾਈਕੇ ਆਏ ਤਾਂ ਇਕ ਰਾਤ ਬਾਹਰ

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1025.

2 *ਉਹੀ,* ਪੰਨਾ 1092.

3 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 62.

4 ਰਣਧੀਰ ਸਿੰਘ ਰੀਸਰਚ ਸਕਾਲਰ, ਉਦਾਸੀ ਸਿੱਖਾਂ ਦੀ ਵਿਥਿਆ, ਪੰਨਾ 500.

ਡੇਰਾ ਕੀਤਾ। ਫਿਰ ਰਾਮ ਸਿੰਘ ਨੇ ਬੇਨਤੀ ਕੀਤੀ, ਕਿ ਗੁਰੂ ਸਾਹਿਬ ਜੀ ਮੇਰੇ ਘਰ ਚਰਨ ਪਾਉ। ਗੁਰੂ ਸਾਹਿਬ ਰਾਮ ਸਿੰਘ ਦੇ ਘਰ ਠਹਿਰੇ। ਇੱਥੇ ਰਾਮ ਸਿੰਘ ਦੀ ਚਾਚੀ ਨੇ ਵੀ ਗੁਰੂ ਸਾਹਿਬ ਨੂੰ ਇਕ ਖੇਸ ਭੇਟ ਕੀਤਾ। ਰਾਮ ਸਿੰਘ ਨੇ ਗੁਰੂ ਸਾਹਿਬ ਨੂੰ ਇਕ ਘੋੜਾ ਤੇ ਦੁਸ਼ਾਲਾ ਭੇਟਾ ਕੀਤਾ। ਗੁਰੂ ਸਾਹਿਬ ਇਨ੍ਹਾਂ ਦੀ ਸੇਵਾ ਤੋਂ ਬਹੁਤ ਪ੍ਰਸੰਨ ਹੋਏ।[1]

**ਰਾਮਦੱਤ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ। ਇਹ ਕੁਰਕਸ਼ੇਤ੍ਰ ਦਾ ਇਕ ਬ੍ਰਾਹਮਣ ਸੀ। ਸ੍ਰੀ ਦਸਮੇਸ਼ ਜੀ ਦਾ ਸਿੱਖ ਹੋ ਕੇ ਇਸ ਨੇ ਮੰਗਣਾ ਤਿਆਗ ਦਿੱਤਾ ਅਤੇ ਗੁਰਸਿੱਖਾਂ ਦੀ ਸ਼੍ਰੇਣੀ ਵਿੱਚ ਗਿਣਿਆ ਗਿਆ।[2]

**ਰੋਚਾ ਸਿੰਘ, ਭਾਈ** : ਭਾਈ ਰੋਚਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਪੁਣਛ ਇਲਾਕੇ ਦਾ ਸ਼ਰਧਾਲੂ ਸਿੱਖ ਸੀ। ਇਹ ਭਾਈ ਪੰਜਾਬ ਸਿੰਘ ਦਾ ਸਪੁੱਤਰ ਸੀ। ਰੋਚਾ ਸਿੰਘ ਦਾ ਜਨਮ ਜਿਲ੍ਹਾ ਹਜ਼ਾਰੇ ਦੇ ਕੋਸਾਂ ਨਾਮ ਦੇ ਪਿੰਡ ਵਿਚ ਸੰਮਤ 1745 ਬਿ. (1688 ਈ.) ਨੂੰ ਹੋਇਆ। ਇਹ 'ਰਿਸਮ' ਜਾਤ ਦਾ ਬ੍ਰਾਹਮਣ ਸੀ। ਭਾਈ ਪੰਜਾਬ ਸਿੰਘ ਗੁਰੂ ਸਾਹਿਬ ਦਾ ਬਹੁਤ ਸ਼ਰਧਾਲੂ ਸੀ। ਜਦੋਂ ਭਾਈ ਪੰਜਾਬ ਸਿੰਘ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਮਾਲਵੇ ਵਿਚ ਪਰਿਵਾਰ ਸਮੇਤ ਆਇਆ, ਤਾਂ ਰੋਚਾ ਸਿੰਘ ਵੀ ਨਾਲ ਸੀ। ਇਥੇ ਸਾਰੇ ਪਰਿਵਾਰ ਨੇ ਅੰਮ੍ਰਿਤ ਛਕਿਆ ਸੀ। ਛੋਟੇ ਬਾਲਕ ਰੋਚਾ ਸਿੰਘ ਨੂੰ ਗੁਰੂ ਸਾਹਿਬ ਨੇ ਆਸੀਸ ਬਖ਼ਸ਼ੀ ਸੀ ਕਿ ਤੁਸੀਂ ਵੀ ਗੁਰਸਿੱਖੀ ਦਾ ਪ੍ਰਚਾਰ ਕਰਨਾ ਹੈ।[3]

**ਰੰਗ ਕੰਵਰ, ਬੀਬੀ / ਰੰਗ ਕੌਰ** : ਇਹ ਬੀਬੀ ਗੁਰੂ ਘਰ ਦੇ ਸ਼ਰਧਾਲੂ ਪਰਿਵਾਰ ਵਿਚੋਂ ਸੀ। ਇਸ ਦੇ ਪਿੰਡ ਆਦਿ ਬਾਰੇ ਕੁਝ ਵੀ ਪਤਾ ਨਹੀਂ ਚਲਦਾ। ਇਹ ਗੁਰੂ ਦੇ ਰੰਗ ਵਿਚ ਰੰਗੀ ਰੂਹ ਸੀ, ਇਸ ਦੀ ਸ਼ਖ਼ਸੀਅਤ ਤੋਂ ਬਹੁਤ ਸਾਰੀਆਂ ਬੀਬੀਆਂ ਪ੍ਰਭਾਵਿਤ ਹੋਈਆਂ ਤੇ ਗੁਰੂ ਘਰ ਦੀਆਂ ਸ਼ਰਧਾਲੂ ਬਣੀਆਂ। ਇਕ ਵਾਰ ਇਹ ਬੀਬੀਆਂ ਇਕੱਠੀਆਂ ਹੋ ਕੇ ਸੰਗਤ ਨਾਲ ਗੁਰੂ ਦਰਸ਼ਨਾਂ ਨੂੰ ਅਨੰਦਪੁਰ ਜਾਣ ਲਈ ਤਿਆਰ ਹੋਈਆਂ। ਇਨ੍ਹਾਂ ਨੇ ਬੀਬੀ ਰੰਗ ਕੌਰ ਨੂੰ ਵੀ ਨਾਲ ਜਾਣ ਲਈ ਕਿਹਾ। ਬੀਬੀ ਨੇ ਆਪਣੇ ਪਤੀ ਨਾਲ ਸਲਾਹ ਕੀਤੀ, ਪਤੀ ਵੀ ਜਾਣ ਲਈ ਤਿਆਰ ਹੋ ਗਿਆ। ਸੰਗਤ ਨਾਮ ਜਪਦੀ ਅਨੰਦਪੁਰ ਪਹੁੰਚੀ। ਦੀਵਾਨ ਸਜਿਆ ਹੋਇਆ ਸੀ, ਸੰਗਤ ਦਾ ਬਹੁਤ ਭਾਰੀ

---

1 ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 85.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1035.

3 ਬੁੱਧ ਸਿੰਘ, ਗੁੱਝੇ ਹੀਰੇ, ਪੰਨੇ 71-72.

ਇਕੱਠ ਸੀ। ਇਹ ਬੀਬੀ ਅਤੇ ਇਸ ਦਾ ਪਤੀ ਦੋਵੇਂ ਇਕ ਥੜੇ ਉੱਪਰ ਗੁਰੂ ਦਾ ਧਿਆਨ ਧਰ ਕੇ ਨਾਮ ਜਪਣ ਲੱਗੇ। ਦੀਵਾਨ ਦੀ ਸਮਾਪਤੀ ਤੋਂ ਬਾਅਦ ਗੁਰੂ ਸਾਹਿਬ ਆਪ ਸੰਗਤ ਸਮੇਤ ਇਨ੍ਹਾਂ ਕੋਲ ਆਏ ਤੇ ਅਸੀਰਵਾਦ ਕੇ ਨਿਵਾਜਿਆ।[1]

**ਰੰਗੀ ਸਿੰਘ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਮਾਲਵੇ ਦਾ ਬਾਣੀਆ ਸਿੱਖ। ਇਹ ਭਾਈਕੇ ਕੋਟ ਦਾ ਰਹਿਣ ਵਾਲਾ ਸੀ, ਜਦੋਂ ਗੁਰੂ ਸਾਹਿਬ ਮਾਲਵੇ ਵਿਚ ਕੋਟ ਭਾਈਕੇ ਆਏ ਤਾਂ ਰੰਗੀ ਅਤੇ ਘੁੰਮੀ ਨਾਂ ਦੇ ਦੋ ਬਾਣੀਏ ਗੁਰੂ ਸਾਹਿਬ ਦੀ ਸੇਵਾ ਵਿਚ ਰਸਦ-ਵਸਤ ਲੈ ਕੇ ਹਾਜ਼ਰ ਹੋਏ। ਇਨ੍ਹਾਂ ਦਾ ਜ਼ਿਕਰ *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* ਵਿਚ ਇਸ ਤਰ੍ਹਾਂ ਮਿਲਦਾ ਹੈ -

ਅਗੇ ਗੁਰੂ ਜੀ ਚੜੇ ਡੇਰਾ ਕੀਤਾ ਭਾਈ ਦੇ ਕੋਟ।
ਬਾਣੀਏ ਸਿਖ ਨੇ ਟਹਿਲ ਕੀਤੀ,
ਗੁਰੂ ਜੀ ਨੂੰ ਰਸਦ ਦਿਤੀ ਤਰਾ ਤਰੀ।
ਪਹੁਲ ਲਈ ਰੰਗੀ ਕਾ ਨਾਉ ਰਖਿਆ ਰੰਗੀ ਸਿੰਘ,
ਦੂਏ ਕਾ ਨਾਉ ਰਖਿਆ ਘੁੰਮੀ ਸਿੰਘ।[2]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਘੁੰਮੀ ਤੇ ਰੰਗੀ ਦੋ ਭਰਾ ਸਨ। ਪਿੰਡ ਕੋਟਭਾਈ (ਜਿਲ੍ਹਾ ਫਿਰੋਜ਼ਪੁਰ) ਵਿੱਚ ਜਦ ਦਸਮੇਸ਼ ਜੀ ਪਧਾਰੇ, ਤਦ ਰੰਗੀ ਅਤੇ ਘੁੰਮੀ ਬਾਣੀਏ ਹਾਜ਼ਿਰ ਹੋਏ। ਦਸਮੇਸ਼ ਜੀ ਨੇ ਅੰਮ੍ਰਿਤ ਛਕਾ ਕੇ ਸਿੰਘ ਸਜਾਏ।[3]

**ਲਖਮੀਰ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਾਲਵੇ ਦਾ ਸ਼ਰਧਾਲੂ ਸਿੱਖ। ਇਹ ਕਾਂਗੜੇ ਦੇ ਚੌਧਰੀ ਭਾਈ ਜੋਧ ਰਾਇ ਧਾਲੀਵਾਲ (ਭਾਈ ਜੋਧ ਰਾਇ ਗੁਰੂ ਹਰਿਗੋਬਿੰਦ ਸਾਹਿਬ ਦਾ ਅਨਿੰਨ ਸਿੱਖ ਸੀ) ਦਾ ਪੋਤਰਾ ਸੀ। ਇਸ ਨੇ

---

1 ਖਾਲਸਾ ਟ੍ਰੈਕਟ ਸੁਸਾਇਟੀ, ਗੁਰਸਿੱਖ ਵਾੜੀ, ਪੰਨੇ 234-241.

2 ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 74.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1052, 445.

ਗੁਰੂ ਸਾਹਿਬ ਨੂੰ ਆਪਣੇ ਘਰ ਲੈ ਜਾ ਕੇ ਬਹੁਤ ਸੇਵਾ ਕੀਤੀ ਸੀ।[1] ਭਾਈ ਵੀਰ ਸਿੰਘ ਵੀ ਲਖਮੀਰ ਦਾ ਇਸ ਦੇ ਹੋਰ ਤਿੰਨ ਭਰਾਵਾਂ ਸਮੇਤ *ਸ੍ਰੀ ਕਲਗੀਧਰ ਦੀਨੇ* ਵਿਚ ਜ਼ਿਕਰ ਕਰਦੇ ਹਨ ਕਿ ਇਹ ਤਿੰਨ ਭਰਾ ਸਨ ਲਖਮੀਰ, ਸਮੀਰ ਤੇ ਤਖਤ ਮੱਲ, ਇਨ੍ਹਾਂ ਤਿੰਨਾਂ ਨੇ ਗੁਰੂ ਸਾਹਿਬ ਦਾ ਆਉਣਾ ਸੁਣਿਆ ਤੇ ਦੋ ਕੋਹ ਅਗਲਵਾਂਢੀ ਆ ਮਿਲੇ। ਗੁਰੂ ਸਾਹਿਬ ਦੇ ਰਕਾਬਾਂ ਵਿਚ ਪਏ ਚਰਨਾਂ 'ਤੇ ਸੀਸ ਧਰਿਆ ਤੇ ਭੇਟਾ ਅਰਪਨ ਕੀਤੀ। ਫਿਰ ਗੁਰੂ ਸਾਹਿਬ ਨੂੰ ਬੇਨਤੀ ਕਰ ਕੇ ਆਪਣੇ ਘਰ ਲੈ ਜਾ ਕੇ ਸੇਵਾ ਕੀਤੀ।[2]

**ਲਾਲ ਸਿੰਘ :** ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ। ਇਹ ਭਾਈ ਮੱਖਣ ਸ਼ਾਹ ਲੁਬਾਣੇ ਦਾ ਪੁੱਤਰ ਸੀ। ਵੱਡਾ ਵਿਉਪਰੀ ਹੋਣ ਕਰਕੇ ਘੁੰਮਦਾ ਰਹਿੰਦਾ ਸੀ। ਇਹ ਗੁੜ ਦੇ ਗੱਡੇ ਲੈ ਕੇ ਜਾ ਰਿਹਾ ਸੀ। ਇਸ ਨੂੰ ਪਤਾ ਲੱਗਾ, ਕਿ ਇਥੇ ਗੁਰੂ ਸਾਹਿਬ ਸੰਗਤ ਸਮੇਤ ਪਧਾਰੇ ਹੋਏ ਹਨ ਤਾਂ ਇਹ ਦਸਵੰਦ ਰੂਪ ਵਿਚ ਗੁੜ ਲੈ ਕੇ ਹਾਜ਼ਰ ਹੋਇਆ। ਲੰਗਰ ਵਿਚ ਸੰਗਤ ਨੂੰ ਅਤੁੱਟ ਗੁੜ ਵਰਤਾਇਆ ਗਿਆ। ਗੁਰੂ ਸਾਹਿਬ ਇਸ ਦੀ ਸੇਵਾ ਤੋਂ ਬਹੁਤ ਖੁਸ਼ ਹੋਏ ਤੇ ਇਸ ਨੂੰ ਅਸੀਸ ਬਖਸ਼ੀ।[3]

**ਲਾਲ ਸਿੰਘ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ। ਗੁਰੂ ਸਾਹਿਬ ਦਾ ਸ਼ਰਧਾਲੂ ਸਿੱਖ ਦੌਲਤ ਰਾਮ ਸਰਸੇ ਦੇ ਮੁਕਾਮ 'ਤੇ ਆਪਣੇ ਚਾਰ ਪੁਤਰਾਂ ਨੂੰ ਨਾਲ ਲੈ ਕੇ ਗੁਰੂ ਦਰਸ਼ਨਾਂ ਨੂੰ ਆਇਆ। ਗੁਰੂ ਸਾਹਿਬ ਨੇ ਪੁਛਿਆ ਦੌਲਤ ਰਾਮ ਤੇਰੇ ਕਿੰਨੇ ਬੇਟੇ ਹਨ, ਕਹਿੰਦਾ ਜੀ ਪੰਜ। ਗੁਰੂ ਸਾਹਿਬ ਕਹਿੰਦੇ ਪੰਜਵਾਂ ਕਿਥੇ ਹੈ? ਦੌਲਤ ਰਾਮ ਨੇ ਕਿਹਾ ਜੀ ਉਹ ਤਾਂ ਬਾਵਲਾ (ਪਾਗਲ) ਹੈ। ਗੁਰੂ ਸਾਹਿਬ ਨੇ ਬਚਨ ਕੀਤਾ ਬਾਵਲਾ ਨਹੀਂ, ਸਿਆਣਾ ਹੈ ਉਸ ਨੂੰ ਬੁਲਾਵੋ। ਜਦੋਂ ਆਇਆ ਤਾਂ ਉਸ ਦਾ ਨਾਉਂ ਪੁਛਿਆ, ਕਹਿੰਦਾ ਜੀ ਬੂਲਾ ਹੈ। ਗੁਰੂ ਸਾਹਿਬ ਨੇ ਉਸ ਦਾ ਨਾਉਂ ਲਾਲ ਸਿੰਘ ਰੱਖਿਆ ਤੇ ਕਿਹਾ ਇਹ ਇਸ ਦੇਸ਼ ਦਾ ਰਾਜਾ ਹੋਵੇਗਾ। ਇਹ ਚਾਰੇ ਇਸ ਦੇ ਭਰਾ ਲਾਲ ਸਿੰਘ ਦੀ ਕਮਾਈ ਖਾਣਗੇ।[4]

---

1. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 302.
2. ਭਾਈ ਵੀਰ ਸਿੰਘ, ਸ੍ਰੀ ਕਲਗੀਧਰ ਦੀਨੇ, ਪੰਨੇ 15-16.
3. ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 169.
4. ਖਾਲਸਾ ਸਮਾਚਾਰ, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 126.

**ਲਾਲ ਚੰਦ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ ਸੀ। ਲਾਲ ਚੰਦ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਦੇ ਦੋ *ਹੁਕਮਨਾਮਿਆਂ* ਵਿਚ ਲਾਲ ਚੰਦ ਦਾ ਜ਼ਿਕਰ ਮਿਲਦਾ ਹੈ। ਪਹਿਲਾ ਢਾਕੇ ਦੀ ਸੰਗਤ ਦੇ ਨਾਮ ਪੁਰ ਅਤੇ ਦੂਜਾ ਭਾਈ ਰਮਦਾਸ ਉਗਰਸੇਣ ਅਤੇ ਲਾਲ ਚੰਦ ਦੇ ਨਾਮ ਪੁਰ ਲਿਖਿਆ।[1]

**ਲਾਲ ਮਨ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਢਾਕੇ ਦਾ ਸ਼ਰਧਾਲੂ ਸਿੱਖ। ਇਹ ਢਾਕੇ ਵਿਚ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਪਰ ਗੁਰੂ ਸਾਹਿਬ ਨੇ ਢਾਕੇ ਦੀ ਸੰਗਤ ਦੇ ਨਾਮ ਪੁਰ ਲਿਖੇ ਇਕ *ਹੁਕਮਨਾਮੇ* ਵਿਚ ਲਾਲ ਮਨ ਦਾ ਜ਼ਿਕਰ ਕੀਤਾ ਹੈ।[2]

## 2.2. ਸ਼ਰਧਾਲੂ ਸਿੱਖ, ਸ਼ਹੀਦ :-

**ਅਨੂਪ ਕੌਰ, ਬੀਬੀ** : ਗੁਰੂ ਘਰ ਦੀ ਟਹਿਲਣ ਬੀਬੀ ਅਨੂਪ ਕੌਰ ਸਰਸਾ ਦੇ ਕੰਢੇ ਤੇ ਸ਼ੇਰ ਮੁਹੰਮਦ ਖ਼ਾਨ ਦੇ ਹੱਥਾਂ ਵਿਚ ਆ ਗਈ, ਉਹ ਉਸ ਨੂੰ ਜ਼ੋਰੀ ਮਲੇਰਕੋਟਲੇ ਲੈ ਗਿਆ। ਸੂਰਬੀਰ ਬੀਬੀ ਨੇ ਆਪਣੇ ਧਰਮ ਅਤੇ ਸਤ ਦੀ ਰੱਖਿਆ ਲਈ ਕਟਾਰੀ ਮਾਰ ਕੇ ਆਤਮਘਾਤ ਕਰ ਲਿਆ। ਸ਼ੇਰ ਮੁਹੰਮਦ ਖ਼ਾਨ ਨੇ ਉਸ ਨੂੰ ਕਬਰ ਵਿਚ ਦਬਵਾ ਦਿੱਤਾ। ਬੰਦਾ ਸਿੰਘ ਬਹਾਦਰ ਨੇ ਕਬਰ ਵਿਚੋਂ ਉਸ ਦੇ ਮਿਰਤਕ ਸਰੀਰ ਨੂੰ ਕੱਢ ਕੇ ਸਿੱਖ ਮਰਯਾਦਾ ਅਨੁਸਾਰ ਅਗਨ ਭੇਟ ਕੀਤਾ।[3]

**ਸਰਨ ਕੌਰ** : ਗੁਰੂ ਘਰ ਦੀ ਸ਼ਰਧਾਲੂ ਸਿੱਖ ਬੀਬੀ। ਜਦੋਂ ਚਮਕੌਰ ਦੀ ਜੰਗ ਹੋਈ। ਗੁਰੂ ਸਾਹਿਬ ਗੜ੍ਹੀ ਛੱਡ ਕੇ ਚਲੇ ਗਏ ਸਨ ਤੇ ਸਾਰੇ ਸਿੰਘ ਸ਼ਹੀਦ ਹੋ ਗਏ ਸਨ। ਰਾਤ ਦੇ ਹਨੇਰੇ ਵਿਚ ਬੀਬੀ ਸਰਨ ਕੌਰ ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਨੂੰ ਇਕੱਠਾ ਕਰ ਕੇ ਅਗਨੀ ਭੇਟ ਕਰ ਰਹੀ ਸੀ। ਇੰਨੇ ਨੂੰ ਮੁਗ਼ਲ ਸਿਪਾਹੀ ਆ ਗਏ, ਉਨ੍ਹਾਂ ਵੇਖਿਆ ਕਿ ਇਕ ਬੀਬੀ ਨੇ ਰਾਤ ਦੇ ਹਨੇਰੇ ਵਿਚ ਅੱਗ ਬਾਲੀ ਹੈ। ਬੀਬੀ ਤੋਂ ਮੁਗ਼ਲਾਂ ਪੁੱਛਿਆ ਤੂੰ ਕੀ ਕਰ ਰਹੀ ਹੈਂ? ਉਹ ਕੁਝ ਨਾ ਬੋਲੀ, ਬੀਬੀ ਨੇ ਸੋਚਿਆ ਜੇ ਇਨ੍ਹਾਂ ਨੂੰ ਸੱਚੀ ਗੱਲ ਦੱਸੀ ਤਾਂ ਇਨ੍ਹਾਂ ਨੇ ਸ਼ਹੀਦ ਸਿੰਘਾਂ ਦੀਆਂ ਜਲ

---

[1] ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਨੇ 135, 137.

[2] *ਉਹੀ,* ਪੰਨਾ 140.

[3] *ਉਹੀ,* ਬੰਦਾ ਸਿੰਘ ਬਹਾਦਰ, ਪੰਨੇ 223-24.

ਰਹੀਆਂ ਲਾਸ਼ਾਂ ਦੀ ਬੇਅਦਬੀ ਕਰਨੀ ਹੈ। ਜੇ ਝੂਠ ਬੋਲਿਆ ਤਾਂ ਗੁਰੂ ਦੀ ਮਤ ਤੋਂ ਉਲਟ ਹੋਵੇਗਾ। ਇਸ ਲਈ ਉਹ ਚੁੱਪ ਹੀ ਰਹੀ। ਮੁਗ਼ਲਾਂ ਨੇ ਕਈ ਬਾਰ ਪੁੱਛਿਆ ਜਦੋਂ ਬੀਬੀ ਕੁਝ ਨਾ ਬੋਲੀ ਤਾਂ ਉਨ੍ਹਾਂ ਨੇ ਨੇਜਿਆਂ ਨਾਲ ਮਾਰ-ਮਾਰ ਕੇ ਜਿਉਂਦੀ ਨੂੰ ਬਲ ਰਹੀ ਅੱਗ ਵਿਚ ਛੁੱਟ ਦਿੱਤਾ। ਬੀਬੀ ਸ਼ਹੀਦ ਸਿੰਘਾਂ ਦੀ ਸੇਵਾ ਕਰਦੀ ਹੋਈ ਅੱਗ ਵਿਚ ਜੀਉਂਦੀ ਹੀ ਬਲ ਕੇ ਸ਼ਹੀਦੀ ਪ੍ਰਾਪਤ ਕਰ ਗਈ।[1] ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਨੇ *'ਗੁਰਸਿੱਖ ਵਾੜੀ'* ਵਿਚ ਬੀਬੀ ਸਰਨ ਕੌਰ ਬਾਰੇ ਚੌਦਾਂ ਬੰਦਾਂ ਦੀ ਕਵਿਤਾ ਰਾਹੀਂ ਬਹੁਤ ਵਿਸਥਾਰ ਨਾਲ ਜ਼ਿਕਰ ਕੀਤਾ ਹੈ - ਕਿ ਬੀਬੀ ਸਰਨ ਕੌਰ ਨੇ ਆਪਣੀ ਜਾਨ ਨੂੰ ਜੋਖ਼ਮ ਵਿਚ ਪਾਉਂਦਿਆਂ ਤੇ ਮੁਗ਼ਲ ਹਕੂਮਤ ਦੀ ਪਰਵਾਹ ਨਾ ਕਰਦਿਆਂ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ ਸਿੰਘਾਂ ਦੀਆਂ ਦੇਹਾਂ ਨੂੰ ਇਕੱਠਾ ਕਰਕੇ ਅੱਗ ਲਾਈ ਅਤੇ ਇਸ ਇਵਜ਼ਾਨੇ ਵਿਚ ਉਸ ਨੂੰ ਜੀਉਂਦੇ ਜੀਅ ਅੱਗ ਵਿਚ ਜਲਾ ਦਿੱਤਾ ਗਿਆ ਤੇ ਉਸ ਨੇ ਸੀ ਨਹੀਂ ਉਚਾਰੀ –

ਸਰਨ ਕੌਰ ਸੀ ਬੀਰਾ ਦਾ ਨਾਮ ਸੁੰਦਰ, ਸੁੰਦਰ ਪ੍ਰਭੂ ਦੀ ਸ਼ਰਨ ਸੰਭਾਲ ਲੀਤੀ।
ਕੀਤੀ ਘਾਲ ਜੋ ਮਰਦ ਨਾ ਸਕਨ ਕਰਨੀ, ਧਰਮ ਆਪਣੇ ਦੀ ਪੂਰੀ ਪਾਲ ਕੀਤੀ।
ਸੇਵਾ ਸਿਦਕ ਤੇ ਸੱਚ ਤੇ ਸੱਚ ਦੇ ਮਹਲ ਉਤੋਂ, ਹੋਈ ਵਾਰਨੇ ਦੇਹੁੜੀ ਜਾਲ ਲੀਤੀ।
ਬੀਤੀ ਸਿਰੇ ਤੇ ਕਸ਼ਟਣੀ ਅੱਤਿ ਭਾਰੀ, ਐਪਰ ਝੱਲ ਲੀਤੀ 'ਸੀ' ਨਹੀਂ ਕੀਤੀ।14।[2]

**ਸੈਣਾ ਸਿੰਘ, ਭਾਈ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਦਕੀ ਸਿੱਖ ਸੀ। ਸੈਣਾ ਸਿੰਘ ਸ਼ਹੀਦ ਭਾਈ ਚਿੱਤਰ ਸਿੰਘ ਦੇ ਪੁੱਤਰ, ਸ਼ਹੀਦ ਭਾਈ ਮਨੀ ਸਿੰਘ ਦੇ ਪੋਤੇ ਅਤੇ ਭਾਈ ਮਤੀ ਦਾਸ ਦੇ ਪੜਪੋਤੇ ਸਨ। ਭਾਈ ਚਿੱਤਰ ਸਿੰਘ ਦੇ ਚੌਹਾਂ ਬੇਟਿਆਂ ਵਿਚੋਂ ਭਾਈ ਸੈਣਾ ਦੂਜੇ ਥਾਂ 'ਤੇ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਜ਼ੁਲਮ ਦੇ ਖਿਲਾਫ ਜ਼ਾਬਰਾਂ ਨੂੰ ਸੋਧਣ ਵਾਸਤੇ ਜੱਦੋ-ਜਹਿਦ ਸ਼ੁਰੂ ਕੀਤੀ ਤਾਂ ਭਾਈ ਸੈਣਾ ਸਿੰਘ ਵੀ ਉਸ ਫ਼ੌਜ ਵਿਚ ਸ਼ਾਮਿਲ ਹੋਏ ਸਨ। ਉਨ੍ਹਾਂ ਨੇ ਕਈ ਲੜਾਈਆਂ ਵਿਚ ਹਿੱਸਾ ਲਿਆ ਸੀ। ਸਢੌਰੇ ਦੀ ਲੜਾਈ ਵਿਚ 22 ਜੂਨ 1713 ਈ. ਦੇ ਦਿਨ ਭਾਈ ਸੈਣਾ ਸਿੰਘ ਨੇ ਮੂਹਰੇ ਹੋ ਕੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ ਅਤੇ ਦੁਸ਼ਮਣਾਂ ਨਾਲ ਜੂਝਦੇ ਹੋਏ ਇਸ

---

[1] ਸੇਵਾ ਸਿੰਘ ਭਾਈ, ਬਹਾਦਰ ਸਿੰਘਣੀਆਂ, ਪੰਨੇ 57-58.

[2] ਖਾਲਸਾ ਟ੍ਰੈਕਟ ਸੁਸਾਇਟੀ, ਗੁਰਸਿੱਖ ਵਾੜੀ, ਪੰਨਾ 205.

ਲੜਾਈ ਵਿਚ ਸ਼ਹੀਦ ਹੋ ਗਏ।

*ਗੁਰੂ ਕੀਆਂ ਸਾਖੀਆਂ* ਅਨੁਸਾਰ ਭਾਈ ਸੈਣਾ ਸਿੰਘ ਦੇ ਪਿਤਾ ਭਾਈ ਚਿੱਤਰ ਸਿੰਘ ਅਤੇ ਦਾਦਾ ਭਾਈ ਮਨੀ ਸਿੰਘ ਨੂੰ ਉਨ੍ਹਾਂ ਦੀ ਸ਼ਹੀਦੀ ਤੋਂ 21 ਸਾਲ ਬਾਅਦ 24 ਜੂਨ 1734 ਈ. ਨੂੰ ਲਾਹੌਰ ਵਿਚ ਸ਼ਹੀਦ ਕੀਤਾ ਗਿਆ ਸੀ। ਇਸ ਤੋਂ ਇਲਾਵਾ ਇਨ੍ਹਾਂ ਦੇ ਸਭ ਤੋਂ ਛੋਟੇ ਭਰਾ ਭਾਈ ਹਾਠੂ ਸਿੰਘ, ਭਾਈ ਸੈਣੇ ਦੀ ਸ਼ਹੀਦੀ ਤੋਂ ਲਗਪਗ 45 ਸਾਲ ਬਾਅਦ 27 ਮਾਰਚ 1758 ਈ. ਨੂੰ ਸਰਹਿੰਦ ਦੀ ਇਕ ਲੜਾਈ ਵਿਚ ਸ਼ਹੀਦ ਹੋਏ ਸਨ। ਇਸ ਤਰ੍ਹਾਂ ਭਾਈ ਸੈਣਾ ਸਿੰਘ ਦੇ ਬਹੁਤ ਸਾਰੇ ਪਰਿਵਾਰਿਕ ਮੈਂਬਰਾਂ ਨੇ ਪੰਥ ਦੀ ਸੇਵਾ ਕਰਦਿਆਂ ਸ਼ਹੀਦੀਆਂ ਪਾਈਆਂ।[1]

**ਸੁਲਤਾਨ ਸਿੰਘ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਇਕ ਮਝੈਲ ਸਿੱਖ। ਇਹ ਚੌਧਰੀ ਦੇਸਰਾਜ ਵੜੈਚ ਦਾ ਪੁੱਤਰ ਸੀ, ਜੋ ਕਿ ਪੱਟੀ ਦਾ ਰਹਿਣ ਵਾਲਾ ਸੀ। ਇਹ ਭਾਈ ਮਹਾਂ ਸਿੰਘ ਦੇ ਜਥੇ ਨਾਲ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਇਆ।[2]

**ਸੁੰਦਰ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ ਸੀ। ਇਹ ਪਿੰਡ ਝੱਲੀਆਂ ਦਾ ਬ੍ਰਾਹਮਣ ਸੀ, ਜੋ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਇਆ।[3]

**ਕਿਰਪਾ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ ਸੀ। ਭਾਈ ਮਨੀ ਸਿੰਘ ਦਾ ਇਕ ਸਾਥੀ ਸਿੱਖ, ਜੋ ਲਾਹੌਰ ਦੇ ਨਖਾਸ਼ ਚੌਕ ਵਿਚ ਸੂਬਾ ਖਾਨ ਬਹਾਦੁਰ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ ਸੀ।[4]

**ਕੀਰਤ ਸਿੰਘ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ। ਕੀਰਤ ਸਿੰਘ ਫਤਿਹ ਸਿੰਘ ਦਾ ਪੁੱਤਰ ਸੀ। ਕੀਰਤ ਸਿੰਘ ਭਾਈ ਮਨੀ ਸਿੰਘ ਨਾਲ ਸ਼ਹੀਦ ਹੋਇਆ।[5]

**ਗੁਲਜਾਰ ਸਿੰਘ** : ਸ੍ਰੀ ਦਸਮੇਸ਼ ਜੀ ਦਾ ਇਕ ਸ਼ਰਧਾਲੂ ਸਿੱਖ। ਇਹ ਭਾਈ ਮਨੀ ਸਿੰਘ ਦੇ ਨਾਲ ਦਮਦਮੇ ਦੇ

---

1 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 18.

2 *ਉਹੀ,* ਪੰਨਾ 161.

3 *ਉਹੀ,* ਪੰਨਾ 196.

4 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 304.

5 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 197.

ਸਥਾਨ 'ਤੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ ਸੀ।[1] ਪ੍ਰੋ. ਪਿਆਰਾ ਸਿੰਘ ਅਨੁਸਾਰ ਇਹ ਭਾਈ ਆਲਮ ਸਿੰਘ ਪੰਵਾਰ ਦਾ ਪੁੱਤਰ ਅਤੇ ਭਾਈ ਦਰੀਏ ਦਾ ਪੋਤਾ ਸੀ। ਇਸ ਨੂੰ ਭਾਈ ਮਨੀ ਸਿੰਘ ਨਾਲ ਲਾਹੌਰ ਵਿਚ ਪੁੱਠੀ ਖੱਲ ਲਾਹ ਕੇ ਸ਼ਹੀਦ ਕੀਤਾ ਗਿਆ ਸੀ।[2]

**ਗੰਡਾ ਸਿੰਘ** : ਇਹ ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ ਸੀ। ਗੰਡਾ ਸਿੰਘ ਢਿੱਲੋਂ ਗੋਤ ਦਾ ਜੱਟ ਚੁਭਾਲ (ਛੁਬਾਲ) ਜਿਲ੍ਹਾ ਅੰਮ੍ਰਿਤਸਰ ਦਾ ਵਾਸੀ ਸੀ, ਜੋ ਕਿ ਮਾਈ ਭਾਗ ਕੌਰ ਦੇ ਚਾਚੇ ਤਾਏ ਦਾ ਪੁੱਤਰ ਸੀ। ਇਹ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਇਆ।[3]

**ਘਰਬਾਰਾ ਸਿੰਘ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਇਕ ਮਝੈਲ ਸਿੱਖ, ਜੋ ਕਿ ਢਿੱਲੋਂ ਗੋਤ ਦਾ ਜੱਟ ਚੁਭਾਲ ਜਿਲ੍ਹਾ ਅੰਮ੍ਰਿਤਸਰ ਦਾ ਵਾਸੀ ਤੇ ਮਾਈ ਭਾਗ ਕੌਰ ਦੇ ਚਾਚੇ ਤਾਏ ਦਾ ਪੁੱਤਰ ਸੀ। ਇਹ ਖਿਦਰਾਣੇ ਦੀ ਢਾਬ 'ਤੇ ਚਾਲੀ ਸਿੱਖਾਂ ਸਮੇਤ ਸ਼ਹੀਦ ਹੋਇਆ।[4]

**ਜਗਤ ਸਿੰਘ, ਭਾਈ** : ਜਗਤ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸਿੱਖ ਸੀ। ਇਹ ਭਾਈ ਮਾਈ ਦਾਸ ਦਾ ਪੁੱਤਰ ਅਤੇ ਭਾਈ ਬੱਲੂ ਦਾ ਪੋਤਰਾ ਸੀ। ਇਹ ਬੜਾ ਬਲਬਾਨ ਜੋਧਾ ਵੀ ਸੀ। ਇਨ੍ਹਾਂ ਨੂੰ ਭਾਈ ਮਨੀ ਸਿੰਘ ਜੀ ਨਾਲ ਲਾਹੌਰ ਦੇ ਨਖਾਸ਼ ਚੌਕ ਵਿਚ ਸ਼ਹੀਦ ਕੀਤਾ ਗਿਆ ਸੀ।[5]

**ਦਿਲਬਾਰਾ ਸਿੰਘ** : ਇਹ ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਇਕ ਮਝੈਲ ਸਿੱਖ ਸੀ। ਦਿਲਬਾਰਾ ਸਿੰਘ ਖਿਦਰਾਣੇ ਦੀ ਢਾਬ 'ਤੇ ਸ਼ਹੀਦ ਹੋਣ ਵਾਲੇ ਚਾਲੀ ਸਿੱਖਾਂ ਵਿਚੋਂ ਇਕ ਸੀ।[6] ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਜੋ ਕਿ ਮਾਈ ਭਾਗ ਕੌਰ ਦੇ ਚਾਚੇ ਤਾਏ ਦਾ ਪੁੱਤਰ ਸੀ। ਇਹ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਇਆ।[7]

**ਨਿਧਾਨ ਸਿੰਘ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਇਕ ਮਝੈਲ ਸਿੱਖ। ਇਹ ਮਾਝੇ ਵਿਚੋਂ ਝਬਾਲ ਦਾ ਵੜੈਚ ਜੱਟ

---

1 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 176.

2 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 235.

3 *ਉਹੀ,* ਪੰਨਾ 213; ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 981.

4 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 213; ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 981.

5 ਇੰਦਰਜੀਤ ਸਿੰਘ ਜੋਧਕਾ, ਮਹਾਨ ਸ਼ਹੀਦੀ ਪਰਿਵਾਰ-ਭਾਈ ਬਚਿੱਤਰ ਸਿੰਘ ਜੀ, ਪੰਨਾ 123.

6 ਭਾਈ ਸ੍ਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 161.

7 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 213; ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 981.

ਸੀ। ਮਾਈ ਭਾਗ ਕੌਰ ਇਸ ਦੀ ਪਤਨੀ ਸੀ। ਇਹ ਖਿਦਰਾਣੇ ਦੀ ਢਾਬ ’ਤੇ ਹੋਈ ਜੰਗ ਵਿਚ ਚਾਲੀ ਸਿੱਖਾਂ ਨਾਲ ਸ਼ਹੀਦ ਹੋਇਆ।[1]

**ਬਸੰਤ ਲਤਾ** : ਇਹ ਗੁਰੂ ਘਰ ਦੇ ਸ਼ਰਧਾਲੂ ਪਰਿਵਾਰ ਦੀ ਵਿਧਵਾ ਨੌਜੁਆਨ ਲੜਕੀ ਸੀ। ਇਹ ਆਪਣੀ ਮਾਤਾ ਕੋਲ ਹੀ ਰਹਿੰਦੀ ਸੀ। ਇਸ ਨੂੰ ਮੁਗ਼ਲ ਸਿਪਾਹੀ ਚੁੱਕ ਕੇ ਲੈ ਗਏ ਸਨ। ਉਨ੍ਹਾਂ ਨੇ ਇਸ ਨੂੰ ਆਪਣੇ ਨਵਾਬ ਦੇ ਪੇਸ਼ ਕੀਤਾ। ਨਵਾਬ ਨੇ ਇਸ ਅਤਿ ਸੁੰਦਰ ਲੜਕੀ ਨੂੰ ਆਪਣੀ ਬੇਗ਼ਮ ਬਣਾਉਣ ਲਈ ਬਹੁਤ ਲਾਲਚ ਦਿੱਤੇ। ਇਸ ਨੇ ਨਵਾਬ ਦੀ ਕੋਈ ਸ਼ਰਤ ਨਾ ਮੰਨੀ। ਫਿਰ ਇਸ ਨੂੰ ਭੁੱਖੇ ਰੱਖਿਆ ਗਿਆ ਤੇ ਬਹੁਤ ਤਸੀਹੇ ਦਿੱਤੇ ਗਏ। ਰਾਤ ਨੂੰ ਨਵਾਬ ਨੇ ਇਸ ਨਾਲ ਜ਼ਬਰਦਸਤੀ ਕਰਨੀ ਚਾਹੀ ਤਾਂ ਇਸ ਸਿੰਘਣੀ ਨੇ ਨਵਾਬ ਦੀ ਕਟਾਰ ਕੱਢ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ। ਨਵਾਬ ਨੇ ਬਦਨਾਮੀ ਤੋਂ ਬਚਣ ਲਈ ਆਪਣੇ ਹਿੰਦੂ ਨੌਕਰ ਨੂੰ ਇਸ ਦਾ ਸਸਕਾਰ ਕਰਨ ਲਈ ਕਿਹਾ। ਇਸ ਦਾ ਨੌਕਰ ਗੁਰੂ-ਘਰ ਦਾ ਸ਼ਰਧਾਲੂ ਸੀ। ਉਸ ਨੇ ਆਪਣੀ ਪਤਨੀ ਦੀ ਸਹਾਇਤਾ ਨਾਲ ਇਸ ਦਾ ਸਸਕਾਰ ਕੀਤਾ। ਇਸ ਬੀਬੀ ਦੇ ਖੀਸੇ ਵਿਚੋਂ ਇਕ ਖ਼ੱਤ ਨਿਕਲਿਆ ਤੇ ਉਨ੍ਹਾਂ ਨੇ ਦਮਦਮੇ ਜਾ ਕੇ ਗੁਰੂ ਸਾਹਿਬ ਨੂੰ ਇਹ ਖ਼ੱਤ ਵਿਖਾਇਆ। ਗੁਰੂ ਸਾਹਿਬ ਨੇ ਇਸ ਸਿੰਘਣੀ ਦੀ ਕੁਰਬਾਨੀ ਨੂੰ ਧੰਨ ਕਿਹਾ।[2]

**ਭਗਵੰਤ ਸਿੰਘ, ਬੰਗੇਸਰੀ** : ਇਹ ਸ੍ਰੀ ਦਸਮੇਸ਼ ਜੀ ਦਾ ਇਕ ਸ਼ਰਧਾਲੂ ਸਿੱਖ ਸੀ। ਭਗਵੰਤ ਸਿੰਘ ਭਾਈ ਮਨੀ ਸਿੰਘ ਦੇ ਚਾਚੇ ਭਾਈ ਹਠੀਏ ਦਾ ਪੁੱਤਰ ਸੀ, ਜੋ ਕਿ ਦਿੱਲੀ ਵਿਖੇ ਰਹਿੰਦਾ ਸੀ। ਇਹ ਬਹੁਤ ਅਸਰ ਰਸੂਖ ਵਾਲਾ ਵਿਅਕਤੀ ਸੀ। ਔਰੰਗਜ਼ੇਬ ਨੇ ਇਸ ਨੂੰ ਪੰਜ ਹਜ਼ਾਰੀ ਮਨਸਬ ਦਿੱਤਾ ਹੋਇਆ ਸੀ। ਇਹ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਨਾਂਦੇੜ ਗਿਆ। ਇਥੋਂ ਇਸ ਨੂੰ ਗੁਰੂ ਜੀ ਨੇ ਬਾਬਾ ਬੰਦਾ ਬਹਾਦਰ ਦੇ ਨਾਲ ਪੰਜ ਸਿੰਘਾਂ ਵਿਚ ਭੇਜਿਆ ਸੀ। ਇਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਦਿੱਲੀ ਵਿਚ ਹੀ ਸ਼ਹੀਦ ਕਰ ਦਿੱਤਾ ਗਿਆ ਸੀ।[3]

**ਭਾਗ ਸਿੰਘ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਇਕ ਮਝੈਲ ਸਿੱਖ। ਇਹ ਖਿਦਰਾਣੇ ਦੀ ਢਾਬ ’ਤੇ ਚਾਲੀ ਸਿੱਖਾਂ

---

1 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 161.

2 ਖਾਲਸਾ ਟ੍ਰੈਕਟ ਸੁਸਾਇਟੀ, ਗੁਰਸਿੱਖ ਵਾੜੀ, ਪੰਨੇ 229-234.

3 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 188.

ਵਿਚ ਸ਼ਹੀਦ ਹੋਇਆ ਸੀ।[1]

**ਮੋਤੀ ਰਾਮ, ਮਹਿਰਾ** : ਗੁਰੂ ਘਰ ਦਾ ਸ਼ਰਧਾਲੂ ਸਿੱਖ ਮੋਤੀ ਰਾਮ ਮਹਿਰਾ। ਇਹ ਝੀਵਰ (ਝਿਉਰ) ਬਰਾਦਰੀ ਨਾਲ ਸੰਬੰਧ ਰੱਖਦਾ ਸੀ ਤੇ ਬੜਾ ਹੀ ਪਰਉਪਕਾਰੀ ਸੁਭਾਅ ਦਾ ਵਿਅਕਤੀ ਸੀ। ਇਹ ਸੂਬਾ ਸਰਹਿੰਦ ਦੇ ਹਿੰਦੂ ਲੰਗਰ ਵਿਚ ਲਾਂਗਰੀ ਦੀ ਡਿਊਟੀ ਕਰਦਾ ਸੀ। ਰਾਜ ਦਰਬਾਰ ਨਾਲ ਸੰਬੰਧਿਤ ਹਿੰਦੂ ਅਹਿਲਕਾਰਾਂ ਅਤੇ ਕੈਦੀਆਂ ਨੂੰ ਭੋਜਨ ਛਕਾਉਣ ਦੀ ਜ਼ਿੰਮੇਵਾਰੀ ਇਸੇ ਨੌਜੁਆਨ ਦੀ ਸੀ। ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਸਰਸਾ ਨਦੀ ਕਿਨਾਰੇ ਸਾਰਾ ਪਰਿਵਾਰ ਵਿਛੜ ਗਿਆ। ਮਾਤਾ ਗੁਜਰੀ ਅਤੇ ਦੋ ਛੋਟੇ ਸਾਹਿਬਜ਼ਾਦੇ ਫੜ ਕੇ ਸਰਹਿੰਦ ਵਿਚ ਕੈਦ ਕਰ ਦਿੱਤੇ ਗਏ। ਇਥੇ ਇਨ੍ਹਾਂ ਨੂੰ ਭੁੱਖੇ ਰੱਖਿਆ ਗਿਆ ਤੇ ਅਨੇਕਾਂ ਤਸੀਹੇ ਦਿੱਤੇ ਗਏ। ਇਸ ਥਾਂ ਠੰਡੇ ਬੁਰਜ ਵਿਚ ਭਾਈ ਮੋਤੀ ਰਾਮ ਮਹਿਰਾ ਨੇ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਦੁੱਧ ਛਕਾ ਕੇ ਸੇਵਾ ਕੀਤੀ। ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਮੋਤੀ ਰਾਮ ਦੇ ਸਾਰੇ ਪਰਿਵਾਰ ਨੂੰ ਦੁੱਧ ਛਕਾਉਣ ਦੇ ਜ਼ੁਰਮ ਵਿਚ ਕੋਹਲੂ ਵਿਚ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ ਸੀ।[2]

ਰੂਪ ਸਿੰਘ, ਭਾਈ : ਭਾਈ ਰੂਪ ਸਿੰਘ ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸਿੱਖ ਸੀ, ਜੋ ਕਿ ਭਾਈ ਮਾਈ ਦਾਸ ਦਾ ਪੁੱਤਰ ਅਤੇ ਭਾਈ ਬੱਲੂ ਦਾ ਪੋਤਰਾ ਸੀ। ਇਹ ਬੜਾ ਸੂਰਮਾ ਤੇ ਗੁਰੂ ਘਰ ਦਾ ਅਨਿੰਨ ਸੇਵਕ ਸੀ। ਇਨ੍ਹਾਂ ਨੂੰ ਮੁਗਲ ਸਮਰਾਟ ਬਹਾਦੁਰ ਸ਼ਾਹ ਦੇ ਹੁਕਮ ਨਾਲ ਜ਼ਮੀਨ ਵਿਚ ਗੱਡ ਕੇ ਸ਼ਹੀਦ ਕੀਤਾ ਗਿਆ ਸੀ।[3]

## 2.3. ਸ਼ਰਧਾਲੂ ਮੁਸਲਮਾਨ :-

**ਅਜਿਲਸ ਰਾਇ, ਦੀਵਾਨ** : ਇਹ ਪਿੰਡ ਲੋਪੋਕੇ (ਅੰਮ੍ਰਿਤਸਰ) ਦਾ ਵਸਨੀਕ ਤੇ ਬਾਦਸ਼ਾਹ ਬਹਾਦੁਰ ਸ਼ਾਹ ਦਾ ਦੀਵਾਨ ਸੀ। ਸ੍ਰੀ ਦਸਮੇਸ਼ ਜੀ ਜਦ ਨੰਦੇੜ (ਦੱਖਣ) ਗਏ ਸਨ ਤਾਂ ਇਹ ਗੁਰੂ ਸਾਹਿਬ ਦੀ ਸੇਵਾ ਵਿਚ ਬੜੇ ਸ਼ਰਧਾ ਭਾਵ ਨਾਲ ਹਾਜ਼ਿਰ ਹੁੰਦਾ ਰਿਹਾ ਸੀ।

ਅਬੂਤ੍ਰਾਬ, ਹਕੀਮ : ਹਕੀਮ ਅਬੂਤ੍ਰਾਬ ਗੋਲ ਕੰਡਾ ਰਿਆਸਤ ਦੇ ਇਕ ਬ੍ਰਾਹਮਣ ਪਰਿਵਾਰ ਵਿਚੋਂ ਸੀ। ਔਰੰਗਜੇਬ

---

1 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 161.

2 ਰਘਬੀਰ ਸਿੰਘ ਅਨੰਦਪੁਰੀ, ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ, ਪੰਨੇ 42-48.

3 ਇੰਦਰਜੀਤ ਸਿੰਘ ਜੋਧਕਾ, ਮਹਾਨ ਸ਼ਹੀਦੀ ਪਰਿਵਾਰ-ਭਾਈ ਬਚਿੱਤਰ ਸਿੰਘ ਜੀ, ਪੰਨਾ 123.

ਨੇ ਇਸ ਨੂੰ ਲਾਲਚ ਦੇ ਕੇ ਮੁਸਲਮਾਨ ਬਣਾ ਲਿਆ ਸੀ। ਇਸ ਨੇ ਆਪਣੇ ਖਾਨਦਾਨ ਦੇ ਗੁਪਤ ਭੇਦ ਬਾਦਸ਼ਾਹ ਨੂੰ ਦੱਸੇ ਸਨ। ਇਸ ਬਦਲੇ ਇਸ ਨੂੰ ਦਿੱਲੀ ਵਿਚ ਜਗੀਰ ਦੇ ਦਿੱਤੀ ਗਈ ਸੀ। ਉਥੇ ਇਹ ਸ਼ਾਹੀ ਠਾਠ-ਬਾਠ ਨਾਲ ਰਹਿਣ ਲੱਗਾ ਸੀ। ਇਹ ਸ਼ਰਾਬੀ ਕਬਾਬੀ ਸੀ ਤੇ ਇਸ ਦਾ ਜੀਵਨ ਐਸ਼ੋ ਇਸ਼ਰਤ ਵਿਚ ਨਿਘਰ ਚੁੱਕਾ ਸੀ। ਸ਼ਰਾਬ ਨੇ ਇਸ ਨੂੰ ਸਾਰੇ ਐਬਾਂ ਦਾ ਆਦੀ ਬਣਾ ਦਿੱਤਾ ਸੀ। ਪਰ ਔਰੰਗਜੇਬ ਦੀਆਂ ਨਜ਼ਰਾਂ ਵਿਚ ਇਹ ਇਤਬਾਰੀ ਬੰਦਾ ਵੀ ਸੀ। ਇਸ ਲਈ ਔਰੰਗਜੇਬ ਨੇ ਇਸ ਨੂੰ ਅਨੰਦਪੁਰ ਸੂਹ ਲੈਣ ਲਈ ਭੇਜਿਆ ਸੀ। ਇਥੋਂ ਅਨੰਦਪੁਰ ਵਿਚ ਹੋ ਰਹੀਆਂ ਗਤੀ-ਵਿਧੀਆਂ ਦੀ ਸੂਹ ਔਰੰਗਜੇਬ ਨੂੰ ਦਿੱਲੀ ਭੇਜਦਾ ਰਿਹਾ। ਕੁਝ ਸਮੇਂ ਬਾਅਦ ਨਸ਼ਿਆਂ ਦੀ ਮਾੜੀ ਅੱਤ ਕਾਰਨ ਇਹ ਬਹੁਤ ਬੀਮਾਰ ਹੋ ਗਿਆ ਤੇ ਸਾਰੇ ਸੰਗੀ ਸਾਥੀ ਤੇ ਨੌਕਰ ਚਾਕਰ ਛੱਡ ਕੇ ਚਲੇ ਗਏ। ਫਿਰ ਗੁਰੂ ਸਾਹਿਬ ਦੇ ਸਿੱਖਾਂ ਨੇ ਇਸ ਦੀ ਸੇਵਾ ਕੀਤੀ ਤਾਂ ਇਹ ਬਹੁਤ ਸ਼ਰਮਿੰਦਾ ਹੋਇਆ ਅਤੇ ਗੁਰੂ ਘਰ ਦਾ ਸ਼ਰਧਾਲੂ ਬਣਿਆ। ਇਹ ਅੰਮ੍ਰਿਤ ਛਕ ਕੇ ਦੁਸ਼ਟ ਦਮਨ ਸਿੰਘ ਬਣਿਆ। ਇਸ ਨੂੰ ਗੁਰੂ ਸਾਹਿਬ ਨੇ ਘੋੜਿਆਂ ਦੇ ਅਸਤਬਲ ਦਾ ਇਨਚਾਰਜ ਨਿਯਤ ਕਰ ਦਿੱਤਾ।[1]

**ਅਬਦੁੱਲ, ਦਰੋਗਾ :** ਅਬਦੁੱਲਾ ਦਿੱਲੀ ਜਿਹਲ ਦਾ ਇਕ ਦਰੋਗਾ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਉਥੇ ਕੈਦ ਵਿਚ ਰੱਖਿਆ ਗਿਆ ਸੀ ਤਾਂ ਇਹ ਗੁਰੂ ਸਾਹਿਬ ਦੀ ਸੰਗਤ ਕਰਕੇ ਸ਼ਰਧਾਲੂ ਬਣਿਆ। ਇਸ 'ਤੇ ਗੁਰੂ ਸਾਹਿਬ ਦੀ ਸੰਗਤ ਦਾ ਇੰਨਾ ਪ੍ਰਭਾਵ ਪਿਆ ਕਿ ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਔਰੰਗਜੇਬ ਦੇ ਰਾਜ ਦਰਬਾਰ ਵਿਚੋਂ ਜਿਹਲ ਦੇ ਦਰੋਗੇ ਦੀ ਨੌਕਰੀ ਛੱਡ ਕੇ ਆਪਣੇ ਕੁਝ ਸਾਥੀ ਸਿਪਾਹੀਆਂ ਸਮੇਤ ਗੁਰੂ ਗੋਬਿੰਦ ਸਿੰਘ ਜੀ ਕੋਲ ਅਨੰਦਪੁਰ ਆ ਗਿਆ।[2]

ਦਰੋਗਾ ਅਬਦੁੱਲਾ ਹਕੀਮੀ ਦਾ ਕੰਮ ਵੀ ਜਾਣਦਾ ਸੀ। ਇਸ ਲਈ ਇਸ ਨੇ ਅਨੰਦਪੁਰ ਵਿਚ ਹਿਕਮਤ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਬਾਕੀ ਸਿਪਾਹੀ ਗੁਰੂ ਜੀ ਦੀ ਫ਼ੌਜ ਵਿਚ ਭਰਤੀ ਹੋ ਗਏ। ਉਨ੍ਹਾਂ ਦੀ ਤਨਖਾਹ ਗੁਰੂ ਸਾਹਿਬ ਨੇ ਨਿਯਤ ਕਰ ਦਿੱਤੀ। ਦਰੋਗਾ ਜੀ ਨੂੰ ਗੁਰੂ ਜੀ ਨੇ ਆਪਣੇ ਸਫ਼ਾਖਾਨੇ ਵਿਚ ਇਨਚਾਰਜ ਬਣਾ ਦਿੱਤਾ। ਇਸ ਨੇ ਬਹੁਤ ਸਮਾਂ ਗੁਰੂ ਘਰ ਦੀ ਦੇਵਾ ਕੀਤੀ। ਬਾਅਦ ਵਿਚ ਇਸ ਦੇ ਪੁੱਤ ਪੋਤਰੇ ਵੀ ਖਾਲਸਾ ਪੰਥ ਦੀ ਸੇਵਾ

---

1 ਗਿ. ਭਗਵਾਨ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਹਮਦਰਦ ਮੁਸਲਮਾਨ, ਪੰਨੇ 69-77.

2 ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ (ਭਾਗ ਪਹਿਲਾ), ਪੰਨਾ 754.

ਕਰਦੇ ਰਹੇ।[1]

**ਖ਼ਾਆਲਮ ਖ਼ਾਨ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਮੁਸਲਮਾਨ ਪਠਾਣ। ਆਲਮ ਖ਼ਾਨ ਕੋਟਲਾ ਨਿਹੰਗ ਖ਼ਾਂ ਦੇ ਵਸਨੀਕ ਨਿਹੰਗ ਖ਼ਾਂ ਦਾ ਪੁੱਤਰ ਅਤੇ ਰਾਇਕੋਟ ਦੇ ਚੌਧਰੀ ਰਾਇ ਕੱਲ੍ਹਾ ਦਾ ਜਵਾਈ ਸੀ। ਗੁਰੂ ਸਾਹਿਬ ਰੋਪੜ ਵਿਖੇ ਨਿਹੰਗ ਖ਼ਾਂ ਦੀ ਹਵੇਲੀ ਵਿਚ ਕਈ ਵਾਰ ਆਏ ਸਨ। ਚਮਕੌਰ ਦੀ ਜੰਗ ਉਪਰੰਤ ਮਾਛੀਵਾੜੇ ਹੁੰਦੇ ਹੋਏ ਲੰਮੇ ਜੱਟਪੁਰੇ ਤੋਂ ਰਾਇਕੋਟ ਪਹੁੰਚੇ। ਆਲਮ ਖ਼ਾਨ ਰਾਇਕੋਟ ਆਪਣੇ ਸਹੁਰੇ ਘਰ ਆਇਆ ਹੋਇਆ ਸੀ। ਗੁਰੂ ਕੀਆਂ ਸਾਖੀਆਂ ਅਨੁਸਾਰ ਆਲਮ ਖ਼ਾਨ ਨੇ ਆਪਣੇ ਸਹੁਰੇ ਰਾਇ ਕੱਲ੍ਹਾ ਨਾਲ ਜਦੋਂ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਉਸ ਦੇ ਹੰਝੂ ਵਹਿ ਤੁਰੇ – ਰਾਇ ਕੱਲ੍ਹਾ ਆਪਨੇ ਦਾਮਾਦ ਆਲਮ ਖ਼ਾਨ ਵਾਸੀ ਕੋਟਲਾ ਨਿਹੰਗ ਖ਼ਾਂ ਕੇ ਹਮਰਾਹ ਗੁਰੂ ਜੀ ਕਾ ਆਇ ਦਰਸ਼ਨ ਪਾਇਆ। ਦੋਹਾਂ ਆਇ ਸਤਿਗੁਰਾਂ ਕੇ ਪਾਉਂ ਚੂਮੇ। ਆਲਮ ਖ਼ਾਨ ਨੇ ਗੁਰੂ ਜੀ ਕੀ ਤਰਫ਼ ਦੇਖਾ, ਏਸ ਕੇ ਆਂਸੂ ਵਹਿ ਤੁਰੇ, ਗਲਾ ਰੁਕ ਗਿਆ, ਕੁਝ ਦੇਰ ਬਾਦ ਬੋਲਾ, ਜਗਤ ਕੇ ਸਾਈਆਂ ! ਇਹ ਕਿਆ ਕੌਤਕ ਰਚਾ ਹੈ। ਮੇਰੀਆਂ ਇਨ ਆਂਖੋਂ ਨੇ ਅਨੰਦਪੁਰ ਮੇਂ ਕਿਆ ਦੇਖਾ, ਕੋਟਲੇ ਮੇਂ ਕੀ ਸੀ, ਆਜ ਮੈਂ ਕਿਆ ਦੇਖ ਰਹਾ ਹੂੰ।[2] ਕੋਟਲਾ ਨਿਹੰਗ ਖ਼ਾਂ ਦੇ ਪੂਰੇ ਪਰਿਵਾਰ ਨੇ ਸਮੇਂ ਸਮੇਂ ਗੁਰੂ ਸਾਹਿਬ ਅਤੇ ਗੁਰੂ ਦੇ ਸਿੱਖਾਂ ਦੀ ਬਹੁਤ ਸੇਵਾ ਕੀਤੀ।

**ਸਯਦ ਇਬਰਾਹੀਮ ਸ਼ਾਹ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਇਕ ਬਜ਼ੁਰਗ ਮੁਸਲਿਮ ਫ਼ਕੀਰ। ਇਹ ਮਹਿਮੇ ਸਰਜੇ ਕੋਲ ਆਪਣਾ ਡੇਰਾ ਬਣਾ ਕੇ ਰਹਿੰਦਾ ਸੀ। ਆਮ ਲੋਕ ਇਸ ਨੂੰ ਬਹਿਮੀ ਫ਼ਕੀਰ ਵੀ ਕਹਿੰਦੇ ਸਨ। ਇਹ ਬਹੁਤ ਵੈਰਾਗਵਾਨ ਪੁਰਸ਼ ਸੀ, ਇਸ ਨੇ ਆਪਣੇ ਲਈ ਪਹਿਲਾਂ ਹੀ ਮਕਬਰਾ ਬਣਾ ਕੇ ਰੱਖਿਆ ਹੋਇਆ ਸੀ ਤੇ ਦਾਖਲ ਹੋਣ ਲਈ ਵੱਡੀ ਮੋਰੀ ਵੀ ਰੱਖੀ ਹੋਈ ਸੀ। ਜਦੋਂ ਸਤਿਗੁਰੂ ਜੀ ਇਧਰ ਆਏ ਆਪ ਨਾਲ ਕੁਝ ਸਿੱਖ ਸਿਪਾਹੀ ਵੀ ਸਨ। ਇਸ ਨੇ ਪ੍ਰਸੰਨ ਹੋ ਕੇ ਖੁਲ੍ਹਾ ਰਸਦ ਪਾਣੀ ਭੇਟ ਕੀਤਾ ਤੇ ਸਿੱਖਾਂ ਨੇ ਲੰਗਰ ਬਣਾ ਕੇ ਛਕਿਆ। ਗੁਰੂ ਸਾਹਿਬ ਦੀ ਉਚੀ ਆਤਮਿਕ ਅਵਸਥਾ ਵੇਖ ਕੇ ਕਿ ਇੰਨੇ ਸੰਕਟਾਂ ਵਿਚ ਵੀ ਇਹ ਅਡੋਲ ਤੇ ਪ੍ਰਸੰਨ ਨਜ਼ਰ ਆ ਰਹੇ ਹਨ। ਇਹ ਬਹੁਤ ਹੀ ਸ਼ਰਧਾਲੂ ਬਣਿਆ। ਅੰਤ ਇੰਨੀ ਸ਼ਰਧਾ ਜਾਗੀ ਕਿ ਸਤਿਗੁਰਾਂ ਤੋਂ ਪਾਹੁਲ ਲੈ ਕੇ 'ਅਜਮੇਰ ਸਿੰਘ ਬਣਿਆ'। ਮਾਲਵੇ

---

1 ਗਿ. ਭਗਵਾਨ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਹਮਦਰਦ ਮੁਸਲਮਾਨ, ਪੰਨਾ 46.

2 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 153.

ਵਿਚ ਰਹਿਣ ਵਾਲਾ ਇਹ ਪਹਿਲਾ ਮੁਸਲਮਾਨ ਸੀ, ਜੋ ਅੰਮ੍ਰਿਤ ਛਕ ਕੇ ਸਿੰਘ ਸਜਿਆ।[1]

**ਸਲਾਰੂਦੀਨ, ਕਾਜ਼ੀ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਇਕ ਕਾਜ਼ੀ ਮੁਸਲਮਾਨ। ਇਹ ਇਕ ਵਾਰ ਅਨੰਦਪੁਰ ਦਰਬਾਰ ਵਿਚ ਬੈਠਾ ਸੀ। ਆਖਣ ਲੱਗਾ ਹਿੰਦੂ ਕਹਿੰਦੇ ਹਨ ਕਿ ਜੋ ਕਰਮਾਂ ਦਾ ਲਿਖਿਆ ਹੁੰਦਾ ਹੈ, ਉਹੋ ਮਿਲਦਾ ਹੈ ਤੇ ਮੁਸਲਮਾਨ ਵੀ ਇਹੋ ਨਿਸ਼ਚਾ ਰੱਖਦਾ ਹੈ ਕਿ ਖੁਦਾ ਦੀ ਕੀਤੀ ਨੂੰ ਕੋਈ ਮੋੜ ਨਹੀਂ ਸਕਦਾ। ਪਰ ਜਦੋਂ ਤੁਹਾਡੇ ਸਿੱਖ ਤੁਹਾਨੂੰ ਮੱਥਾ ਟੇਕਦੇ ਹਨ ਤਾਂ ਤੁਸੀਂ ਉਨ੍ਹਾਂ ਨੂੰ ਪੁੱਤਰ, ਧਨ ਆਦਿ ਦੀਆਂ ਬਖ਼ਸ਼ਿਸ਼ਾਂ ਦਿੰਦੇ ਹੋ। ਜਦੋਂ ਸਭ ਦੇ ਮਸਤਕ 'ਤੇ ਲਿਖਿਆ ਹੀ ਮਿਲਣਾ ਹੈ ਤਾਂ ਇਸ ਵਰਦਾਨ ਦਾ ਕੀ ਲਾਭ? ਸਤਿਗੁਰੂ ਜੀ ਨੇ ਮੋਹਰ ਉਠਾਈ ਤੇ ਦਿਖਾ ਕੇ ਕਿਹਾ – ਕਾਜ਼ੀ ਜੀ! ਇਸ ਦੇ ਅੱਖਰ ਪੁੱਠੇ ਹਨ, ਪਰ ਜਦੋਂ ਅਸੀਂ ਲਾਉਂਦੇ ਹਾਂ ਤਾਂ ਇਹ ਸਿੱਧੇ ਹੋ ਜਾਂਦੇ ਹਨ। ਇਵੇਂ ਜਿਵੇਂ ਜੋ ਕਰਮ ਲਿਖੇ ਹਨ, ਉਹ ਜੋ ਹਨ, ਸੋ ਹਨ, ਪਰ ਜਦ ਕਦੀ ਮਨੁੱਖ ਦਾ ਮਸਤਕ ਭਲੇ ਪੁਰਸ਼ਾਂ, ਸੰਤਾ ਫ਼ਕੀਰਾਂ ਦੇ ਚਰਨਾਂ ਉੱਤੇ ਝੁਕਦਾ ਹੈ ਤਾਂ ਇਹ ਪੁੱਠੇ ਅੱਖਰ ਸਿੱਧੇ ਹੋ ਜਾਂਦੇ ਹਨ।[2]

**ਸੈਦਖ਼ਾਨ** : ਇਹ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਫ਼ੌਜ ਵਿਚ ਪੰਜ ਹਜ਼ਾਰੀ ਬਹਾਦਰ ਸਰਦਾਰ ਸੀ। ਸੈਦਖ਼ਾਨ ਬਾਦਸ਼ਾਹ ਦੇ ਨਿਰਦੇਸ਼ਾਂ ਹੇਠ ਗੁਰੂ ਸਾਹਿਬ ਨਾਲ ਜੰਗ ਕਰਨ ਲਈ ਅਨੰਦਪੁਰ ਆਇਆ ਸੀ। ਇਸ ਦੀ ਭੈਣ ਬੇਗ਼ਮ ਨਸੀਰਾਂ ਸਢੌਰੇ ਵਿਆਹੀ ਹੋਈ ਸੀ। ਇਹ ਰਸਤੇ ਵਿਚੋਂ ਲੰਘਦਾ ਹੋਇਆ ਉਸ ਨੂੰ ਮਿਲਣ ਆਇਆ। ਜਦੋਂ ਭੈਣ ਨੂੰ ਪਤਾ ਲਗਿਆ ਕਿ ਇਹ ਗੁਰੂ ਸਾਹਿਬ ਨਾਲ ਜੰਗ ਕਰਨ ਜਾ ਰਿਹਾ ਹੈ ਤਾਂ ਉਸ ਨੂੰ ਬਹੁਤ ਦੁੱਖ ਹੋਇਆ। ਬੇਗ਼ਮ ਨਸੀਰਾਂ ਨੇ ਆਪਣੇ ਭਰਾ ਨੂੰ ਗੁਰੂ ਜੀ ਵਰਗੇ ਮਹਾਨ ਦੈਵੀ ਪੁਰਸ਼ ਵਿਰੁੱਧ ਹਮਲਾ ਕਰਨ ਤੋਂ ਬਹੁਤ ਰੋਕਿਆ। ਪਰ ਸੈਦਖ਼ਾਨ ਨੇ ਇਨ੍ਹਾਂ ਦੀ ਸਲਾਹ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਆਪਣੀਆਂ ਫ਼ੌਜਾਂ ਨਾਲ ਗੁਰੂ ਜੀ ਵੱਲ ਕੂਚ ਕਰ ਦਿੱਤਾ। ਜਦੋਂ ਦੋਵੇਂ ਸੈਨਾਵਾਂ ਮੈਦਾਨ-ਏ-ਜੰਗ ਵਿਚ ਆਹਮੋ-ਸਾਹਮਣੇ ਹੋਈਆਂ ਤਾਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਸਾਰ ਹੀ ਸੈਦਖ਼ਾਨ ਸਭ ਕੁਛ ਭੁੱਲ ਗਿਆ ਅਤੇ ਝੁਕ ਕੇ ਗੁਰੂ ਜੀ ਨੂੰ ਸਲਾਮ ਕੀਤਾ।[3] *ਮਹਿਮਾ ਪ੍ਰਕਾਸ਼* ਅਨੁਸਾਰ ਇਸ ਉੱਪਰ ਗੁਰੂ ਸਾਹਿਬ ਦੇ ਦਰਸ਼ਨ ਦਾ ਅਜਿਹਾ ਅਸਰ ਹੋਇਆ ਕਿ ਸ਼ਾਹੀ ਸੈਨਾ ਨੂੰ

---

1 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨੇ 254-55.

2 *ਉਹੀ,* ਪੰਨੇ 250-51.

3 ਮੁਹੰਮਦ ਹਬੀਬ, ਜਸਪਾਲ ਕੌਰ, ਸਿੱਖ ਧਰਮ ਨਾਲ ਸੰਬੰਧਿਤ ਸਤਿਕਾਰਿਤ ਮੁਸਲਿਮ ਸ਼ਖ਼ਸੀਅਤਾਂ, ਪੰਨੇ 168-69.

ਤਿਆਗ ਕੇ ਕਲਗੀਧਰ ਦੇ ਚਰਣੀਂ ਆ ਲੱਗਾ ਅਤੇ ਸਤਿਗੁਰੂ ਦੇ ਉਪਦੇਸ਼ ਨੂੰ ਮਨ ਵਿੱਚ ਵਸਾ ਕੇ ਪਰਮਪਦ ਦਾ ਅਧਿਕਾਰੀ ਹੋਇਆ –

ਸੈਦ ਖਾਂਨ ਆਯੁਧ ਤਜ ਸਭ ਹੀ।

ਨਿਜ ਦਲ ਤਯਾਗ ਚਲਾਯੋ ਪੁਨ ਤਬ ਹੀ।

ਦੁੰਦ ਭਾਵ ਸਭ ਤਿਸਕਾ ਨਾਸਯੋ।

ਬ੍ਰਹਮ ਗਯਾਨ ਉਰ ਮੈਂ ਪ੍ਰਕਾਸਯੋ।

ਹੋਇ ਫਕੀਰ ਬਿਰਕਤ ਵਧੇਰੈਂ।

ਕਾਂਠਨ ਮਾਂਹਿ ਧਸਯੋ ਬਿਨੁ ਦੇਰੈਂ।[1]

**ਹਾਜੀ ਚਰਾਗ ਸ਼ਾਹ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਮੁਸਲਮਾਨ। ਇਹ ਮਾਛੀਵਾੜੇ ਦਾ ਰਹਿਣ ਵਾਲਾ ਸੀ। ਜਦੋਂ ਗੁਰੂ ਸਾਹਿਬ ਚਮਕੌਰ ਤੋਂ ਮਾਛੀਵਾੜੇ ਆਏ। ਇਥੋਂ ਗਨੀ ਖ਼ਾਂ ਤੇ ਨਬੀ ਖ਼ਾਂ ਦੀ ਮਦਦ ਨਾਲ ਗੁਰੂ ਜੀ ਉੱਚ ਦਾ ਪੀਰ ਬਣ ਕੇ ਚਲੇ ਤਾਂ ਇਸ ਸਮੇਂ ਹਾਜੀ ਚਰਾਗ ਸ਼ਾਹ ਨੇ ਉੱਚ ਦੇ ਪੀਰ (ਗੁਰੂ ਸਾਹਿਬ) ਨੂੰ ਮੋਰ ਪੰਖ ਨਾਲ ਚਵਰ ਦੀ ਸੇਵਾ ਨਿਵਾਈ ਸੀ।[2]

**ਹਾਜੀ ਰਤਨ** : ਇਹ ਬਠਿੰਡੇ ਦਾ ਇਕ ਮੁਸਲਮਾਨ ਫਕੀਰ ਸੀ, ਜੋ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਕੇ ਗੁਰੂ ਘਰ ਦਾ ਸ਼ਰਧਾਲੂ ਬਣਿਆ ਸੀ। ਇਸ ਨੇ ਗੁਰੂ ਜੀ ਕੋਲ ਬੇਨਤੀ ਕੀਤੀ ਸੀ, ਕਿ ਮੇਰੀ ਮੁਕਤੀ ਹੋਵੇ ਤਾਂ ਛੇਵੇਂ ਪਾਤਸ਼ਾਹ ਜੀ ਨੇ ਕਿਹਾ ਸੀ ਅਜੇ ਤੇਰਾ ਸਮਾਂ ਨਹੀਂ ਆਇਆ, ਅਸੀਂ ਫਿਰ ਆਵਾਂਗੇ ਤੇਰੀ ਮੁਕਤੀ ਕਰਨ ਲਈ। ਜਦੋਂ ਇਸ ਨੂੰ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਵਿਚ ਆਏ ਹਨ ਤੇ ਉਨ੍ਹਾਂ ਨੇ ਬਠਿੰਡੇ ਆ ਕੇ ਇਸ ਫਕੀਰ ਨੂੰ ਯਾਦ ਕੀਤਾ ਹੈ। ਇਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਇਸ ਨੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਬੇਨਤੀ ਕੀਤੀ ਗੁਰੂ ਪਾਤਸ਼ਾਹ ਜੀ ਮੇਰੀ ਮੁਕਤੀ ਕਰੋ। ਗੁਰੂ ਜੀ ਨੇ ਕਿਹਾ ਮੇਰੇ ਗੋਡੇ 'ਤੇ ਸਿਰ

---

[1] ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 224.

[2] ਭਾਈ ਸ੍ਰਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 150.

ਰੱਖ ਤੇਰੀ ਮੁਕਤੀ ਹੁਣ ਹੋਵੇਗੀ। ਇਸ ਨੇ ਗੁਰੂ ਸਾਹਿਬ ਦੀ ਗੋਦ ਵਿਚ ਸਿਰ ਰੱਖਿਆ ਤੇ ਸਰੀਰ ਛੱਡ ਗਿਆ।[1]

**ਕਰੀਮ ਖ਼ਾਂ** : ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਇਕ ਪਠਾਣ। ਇਹ ਕਿਥੋਂ ਦਾ ਰਹਿਣ ਵਾਲਾ ਸੀ, ਇਸ ਬਾਰੇ ਕੋਈ ਪਤਾ ਨਹੀਂ ਲਗਦਾ। ਗਿ. ਭਗਵਾਨ ਸਿੰਘ ਲਿਖਦੇ ਹਨ ਕਿ ਕਰੀਮ ਖ਼ਾਂ ਭਾਰਤ ਅਤੇ ਪਾਕਿਸਤਾਨ ਦੇ ਵਿਕਾਰਲੇ ਕਿਸੇ ਕਬੀਲੇ ਦੇ ਸਰਦਾਰ ਦਾ ਪੁੱਤਰ ਸੀ। ਇਸ ਦੇ ਪਿਤਾ ਨੂੰ ਇਸਦੇ ਚਾਚੇ ਨੇ ਮਾਰ ਦਿੱਤਾ ਸੀ ਅਤੇ ਉਹ ਕਰੀਮ ਖਾਂ ਨੂੰ ਵੀ ਮਾਰਨਾ ਚਾਹੁੰਦਾ ਸੀ। ਇਸ ਲਈ ਕਰੀਮ ਖਾਂ ਆਪਣਾ ਆਪ ਬਚਾਉਣ ਲਈ ਉਥੋਂ ਭੱਜ ਨਿਕਲਿਆ ਸੀ ਤੇ ਡਿਗਦਾ ਢਹਿੰਦਾ ਲਾਹੌਰ, ਜਲੰਧਰ ਤੇ ਹੁਸ਼ਿਆਰਪੁਰ ਰਾਹੀਂ ਸਿੱਖਾਂ ਦੇ ਕਾਫਲੇ ਨਾਲ ਅਨੰਦਪੁਰ ਪਹੁੰਚ ਗਿਆ ਸੀ।[2] ਪਰਿਵਾਰਕ ਝਗੜੇ ਕਰਕੇ ਇਸ ਦੇ ਸਾਰੇ ਭਰਾ ਮਾਰੇ ਗਏ ਸਨ ਤੇ ਇਹ ਡਰਦਾ ਮਾਰਿਆ ਹਿੰਦੁਸਤਾਨ ਆ ਗਿਆ ਸੀ। ਜਲੰਧਰ ਦੇ ਨੇੜੇ ਇਹ ਸਿੱਖ ਸੰਗਤ ਨਾਲ ਰਲ ਗਿਆ ਅਤੇ ਅਨੰਪਦੁਰ ਪਹੁੰਚ ਗਿਆ। ਇਥੇ ਇਸ ਨੇ ਬਹੁਤ ਸੇਵਾ ਕੀਤੀ। ਗੁਰੂ ਸਾਹਿਬ ਨੇ ਇਸ ਨੂੰ ਚੰਗਾ ਯੋਧਾ ਜਾਣ ਕੇ ਇਕ ਘੋੜਾ ਦੇ ਦਿੱਤਾ। ਇਕ ਦਿਨ ਇਸ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਤੁਹਾਡੇ ਪਾਸ ਇੰਨੇ ਪਦਾਰਥ ਹਨ, ਤੁਸੀਂ ਐਸ਼ੋ ਇਸ਼ਰਤ ਕਿਉਂ ਨਹੀਂ ਕਰਦੇ? ਸਤਿਗੁਰਾਂ ਹੱਸ ਕੇ ਕਿਹਾ, ਤੈਨੂੰ ਫੇਰ ਦੱਸਾਂਗੇ। ਕੁਝ ਦਿਨ ਬਾਅਦ ਗੁਰੂ ਜੀ ਨੇ ਕਰੀਮ ਖ਼ਾਂ ਨੂੰ ਕਿਹਾ ਕਿ ਅੱਜ ਤੋਂ ਦਸ ਦਿਨ ਬਾਅਦ ਤੂੰ ਮਰ ਜਾਣਾ ਹੈ, ਜੋ ਕੁਝ ਖਾਣਾ ਪੀਣਾ ਰੰਗ ਮਾਣਨੇ ਹੈ, ਮਾਣ ਲੈ। ਮੁਰਸ਼ਦ ਦੀ ਇਹ ਗੱਲ ਸੁਣ ਕੇ ਪਠਾਣ ਬਹੁਤ ਚਿੰਤਾਤੁਰ ਹੋਇਆ ਤੇ ਖਾਣਾ ਪੀਣਾ ਸਭ ਕੁਝ ਛੱਡ ਬੈਠਾ। ਸਮਾਂ ਲੰਘ ਗਿਆ, ਪਰ ਇਸ ਦੀ ਮੌਤ ਨਹੀਂ ਹੋਈ। ਫਿਰ ਗੁਰੂ ਜੀ ਪਾਸ ਆਇਆ। ਗੁਰੂ ਜੀ ਨੇ ਕਿਹਾ ਤੂੰ ਖਾਣਾ ਪੀਣਾ ਕਿਉਂ ਛੱਡਿਆ ਸੀ। ਕਹਿੰਦਾ ਜੀ ਮੈਂ ਸੋਚਿਆ ਮਰ ਜਾਣਾ ਹੈ, ਇਨ੍ਹਾਂ ਰਸਾਂ-ਕਸਾਂ ਵਿਚ ਖਚਤ ਕਿਉਂ ਹੋਵਾ? ਸਤਿਗੁਰੂ ਜੀ ਹੱਸ ਪਏ ਤੇ ਕਿਹਾ ਅਸੀਂ ਹਮੇਸ਼ਾ ਮੌਤ ਨੂੰ ਯਾਦ ਰੱਖਦੇ ਹਾਂ।[3]

**ਕਰੀਮ ਬਖਸ਼** : ਕਰੀਮ ਬਖਸ਼ ਪਟਨੇ ਦਾ ਰਹਿਣ ਵਾਲਾ ਸੀ, ਜੋ ਕਿ ਪਟਨੇ ਦੇ ਮਾਲਕ ਨਵਾਬ ਰਹੀਮ ਬਖਸ਼ ਦਾ ਛੋਟਾ ਭਰਾ ਸੀ। ਇਹ ਪਟਨੇ ਦੀ ਫ਼ੌਜ ਦਾ ਇਨਚਾਰਜ ਸੀ। ਇਹ ਦੋਵੇਂ ਭਰਾ ਬਾਲ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਜੀ ਦੇ ਸ਼ਰਧਾਲੂ ਸਨ। ਜਦੋਂ ਨਵਾਬਾਂ ਦੀ ਸਵਾਰੀ ਸ਼ਹਿਰ ਵਿਚੋਂ ਨਿਕਲਦੀ ਸੀ ਤਾਂ ਸਾਰੇ ਲੋਕ ਇਨ੍ਹਾਂ ਨੂੰ ਝੁਕ-

---

1 ਗਿ. ਭਗਵਾਨ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਹਮਦਰਦ ਮੁਸਲਮਾਨ, ਪੰਨੇ 89-90.

2 ਉਹੀ, ਪੰਨੇ 94-95.

3 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 251.

ਝੁਕ ਸਲਾਮਾਂ ਕਰਦੇ ਸਨ। ਇਕ ਦਿਨ ਇਨ੍ਹਾਂ ਦੀ ਸਵਾਰੀ ਨਿਕਲੀ ਅਤੇ ਬਾਲ ਗੋਬਿੰਦ ਰਾਇ ਆਪਣੇ ਸਾਥੀ ਬੱਚਿਆਂ ਨਾਲ ਖੇਡਾਂ ਖੇਡ ਰਹੇ ਸਨ। ਅਰਦਲੀਆਂ ਨੇ ਸਮਝਾਇਆ ਕਿ ਨਵਾਬਾਂ ਦੀ ਸਵਾਰੀ ਆ ਰਹੀ ਹੈ ਤੁਸੀਂ ਸਲਾਮ ਕਰਨੀ। ਉਹ ਕਹਿ ਕੇ ਚਲੇ ਗਏ ਪਰ ਗੋਬਿੰਦ ਰਾਇ ਜੀ ਨੇ ਸਾਰੇ ਬੱਚਿਆਂ ਨੂੰ ਕਹਿ ਦਿੱਤਾ ਕਿ ਤੁਸੀਂ ਨਵਾਬਾਂ ਨੂੰ ਸਲਾਮ ਨਹੀਂ ਕਰਨੀ, ਬਲਕਿ ਉਨ੍ਹਾਂ ਦਾ ਮੂੰਹ ਚਿੜਾਉਣਾ। ਸਾਰੇ ਬੱਚਿਆਂ ਨੇ ਇਸੇ ਤਰ੍ਹਾਂ ਕੀਤਾ। ਨਵਾਬ ਇੰਨੀ ਨਿਡਰਤਾ ਵੇਖਕੇ ਹੈਰਾਨ ਹੋਏ ਅਤੇ ਖੁਸ਼ ਵੀ, ਕਿਉਂਕਿ ਉਨ੍ਹਾਂ ਨੇ ਬਾਲਾ ਪ੍ਰੀਤਮ ਬਾਰੇ ਪਹਿਲਾਂ ਵੀ ਬਹੁਤ ਸਾਰੀਆਂ ਅਨੋਖੀਆਂ ਘਟਨਾਵਾਂ ਬਾਰੇ ਸੁਣਿਆ ਹੋਇਆ ਸੀ। ਇਹ ਗੁਰੂ ਪਰਿਵਾਰ ਦੇ ਬਹੁਤ ਹੀ ਸ਼ਰਧਾਲੂ ਬਣੇ।[1]

**ਕੋਟਲਾ ਨਿਹੰਗ ਖ਼ਾਂ, (ਨਿਹੰਗ ਖ਼ਾਂ)** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਪ੍ਰੇਮੀ ਪਠਾਣ ਚੌਧਰੀ ਨਿਹੰਗ ਖ਼ਾਂ, ਜੋ ਕਿ ਕੋਟਲਾ ਨਿਹੰਗ ਖ਼ਾਂ, ਰੋਪੜ ਦੇ ਨੇੜੇ ਦਾ ਰਹਿਣ ਵਾਲਾ ਸੀ।[2] ਇੱਥੇ ਇਸ ਦਾ ਇਕ ਭੱਠਾ ਸੀ। ਜਦੋਂ ਗੁਰੂ ਸਾਹਿਬ ਪਹਿਲੀ ਵਾਰ ਇਸ ਨਗਰ ਵਿਚ ਆਏ ਉਸ ਸਮੇਂ ਮੌਸਮ ਖਰਾਬ ਸੀ। ਇਸ ਕਰਕੇ ਗੁਰੂ ਸਾਹਿਬ ਨੇ ਅਰਾਮ ਕਰਨ ਲਈ ਕੰਮ ਕਰ ਰਹੇ ਮਜ਼ਦੂਰਾਂ ਤੋਂ ਕੋਈ ਸੁੱਕੀ ਥਾਂ ਪੁੱਛੀ, ਇਕ ਮਜ਼ਦੂਰ ਨੇ ਮਜ਼ਾਕ ਨਾਲ ਬਲਦੇ ਭੱਠੇ ਵੱਲ ਇਸ਼ਾਰਾ ਕਰਕੇ ਕਹਿ ਦਿੱਤਾ, ਕਿ ਸਾਡੇ ਕੋਲ ਤਾਂ ਕੇਵਲ ਇਹ ਭੱਠਾ ਹੈ। ਗੁਰੂ ਸਾਹਿਬ ਨੇ ਮੁਸਕਰਾ ਕੇ ਘੋੜੇ ਨੂੰ ਅੱਡੀ ਲਾਈ ਤੇ ਜਲਦੇ ਰੋੜਾਂ ਦੇ ਭੱਠੇ ’ਤੇ ਚੜ੍ਹ ਗਏ। ਕੌਤਕ ਅਜਿਹਾ ਹੋਇਆ ਕਿ ਅੱਗ ਵਾਂਗ ਜਲਦਾ ਭੱਠਾ ਠੰਡਾ-ਠਾਰ ਹੋ ਗਿਆ। ਇਹ ਸਾਰਾ ਕੁਝ ਵੇਖ ਕੇ ਇਕ ਨੌਕਰ ਆਪਣੇ ਮਾਲਕ ਨਿਹੰਗ ਖ਼ਾਂ ਨੂੰ ਦੱਸਣ ਲਈ ਉਸ ਦੀ ਹਵੇਲੀ ਗਿਆ ਅਤੇ ਜੋ ਉਸ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਵੇਖਿਆ, ਨਿਹੰਗ ਖ਼ਾਂ ਨੂੰ ਦਸਿਆ। ਨਿਹੰਗ ਖ਼ਾਂ ਬਿਨਾਂ ਦੇਰੀ ਆਪਣੀ ਬੇਗ਼ਮ ਅਤੇ ਬੱਚਿਆਂ ਨੂੰ ਨਾਲ ਲੈ ਕੇ ਭੱਠੇ ਕੋਲ ਆ ਗਿਆ। ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਅਤੇ ਬੇਨਤੀ ਕਰ ਕੇ ਆਪਣੇ ਘਰ ਲੈ ਗਿਆ। ਇਹ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ। ਇਸ ਤੋਂ ਬਾਅਦ ਗੁਰੂ ਸਾਹਿਬ ਖੁਸ਼ੀ ਗਮੀ ਦੇ ਸਮੇਂ ਇਸ ਦੇ ਘਰ ਤਿੰਨ ਵਾਰ ਆਏ। ਨਿਹੰਗ ਖ਼ਾਂ ਦਾ ਪੁੱਤਰ ਆਲਮ ਖ਼ਾਂ ਸੀ, ਜੋ ਰਾਇਕੋਟ ਦੇ ਚੌਧਰੀ ਰਾਇਕੱਲ੍ਹਾ ਦੀ ਪੁੱਤਰੀ ਨਾਲ ਵਿਆਹਿਆ ਹੋਇਆ ਸੀ। ਚਮਕੌਰ ਦੀ ਜੰਗ ਤੋਂ ਬਾਅਦ ਰਾਇਕੋਟ ਵਿਚ ਆਲਮ ਖ਼ਾਂ ਤੇ ਰਾਇਕੱਲ੍ਹਾ ਨੇ ਵੀ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਸੀ।

---

[1] ਗਿ. ਭਗਵਾਨ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਹਮਦਰਦ ਮੁਸਲਮਾਨ, ਪੰਨੇ 23-25.

[2] ਭਾਈ ਸੁਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 95.

ਨਿਹੰਗ ਖ਼ਾਂ ਦੀ ਬਹੁਤ ਵੱਡੀ ਕੁਰਬਾਨੀ ਇਹ ਹੈ, ਕਿ ਜਦੋਂ ਗੁਰੂ ਸਾਹਿਬ ਦੇ ਨਾਲ ਭਾਈ ਬਚਿੱਤਰ ਸਿੰਘ ਨੂੰ ਜਖ਼ਮੀ ਹਾਲਤ ਵਿਚ ਇਸ ਦੀ ਹਵੇਲੀ ਕੋਟਲਾ ਨਿਹੰਗ ਖ਼ਾਂ ਵਿਖੇ ਲਿਆਂਦਾ ਗਿਆ ਸੀ। ਉਸ ਸਮੇਂ ਮੁਗ਼ਲ ਹਕੂਮਤ ਗੁਰੂ ਸਾਹਿਬ ਅਤੇ ਸਾਥੀ ਸਿੰਘਾਂ ਨੂੰ ਲਭਦੀ ਹੋਈ ਆਈ। ਨਿਹੰਗ ਖ਼ਾਂ ਨੇ ਆਪਣੀ ਹਵੇਲੀ ਦੇ ਇਕ ਕਮਰੇ ਵਿਚ ਭਾਈ ਬਚਿੱਤਰ ਸਿੰਘ ਨੂੰ ਰੱਖਿਆ ਹੋਇਆ ਸੀ ਤੇ ਇਸ ਦੀ ਪੁੱਤਰੀ ਬੀਬੀ ਮੁਮਤਾਜ਼ ਜਖ਼ਮੀ (ਬਚਿੱਤਰ) ਸਿੰਘ ਦੀ ਸੇਵਾ ਕਰ ਰਹੀ ਸੀ। ਸਿਪਾਹੀਆਂ ਨੇ ਪੁੱਛਿਆ ਕਿ ਕੋਈ ਬਾਗੀ ਸਿੰਘ ਇਧਰ ਆਏ ਨੇ। ਨਿਹੰਗ ਖ਼ਾਂ ਨੇ ਕਿਹਾ ਇਧਰ ਕੋਈ ਸਿੰਘ ਨਹੀਂ ਆਇਆ। ਦਰੋਗੇ ਨੇ ਇਸ ਕੋਠੜੀ ਵੱਲ ਇਸ਼ਾਰਾ ਕਰਕੇ ਕਿਹਾ ਇਸ ਵਿਚ ਕੌਣ ਹੈ? ਨਿਹੰਗ ਖ਼ਾਂ ਨੇ ਕਿਹਾ ਮੇਰੀ ਧੀ ਤੇ ਜੁਆਈ ਹੈ। ਬੀਬੀ ਮੁਮਤਾਜ਼ ਨੇ ਇਹ ਗੱਲ ਸੁਣ ਲਈ ਸੀ। ਭਾਈ ਬਚਿੱਤਰ ਸਿੰਘ ਸ਼ਹੀਦੀ ਪਾ ਗਿਆ। ਨਿਹੰਗ ਖ਼ਾਂ ਨੇ ਇਸ ਸਿੰਘ ਦਾ ਸਸਕਾਰ ਵੀ ਆਪਣੀ ਹਵੇਲੀ ਵਿਚ ਹੀ ਕਰ ਦਿੱਤਾ। ਬੀਬੀ ਮੁਮਤਾਜ਼ ਨੇ ਆਪਣੇ ਪਿਤਾ ਨੂੰ ਕਿਹਾ ਕਿ ਹੁਣ ਵਿਆਹ ਨਹੀਂ ਕਰਵਾਉਣਾ, ਕਿਉਂਕਿ ਮੈ ਉਸ ਸਿੰਘ ਨੂੰ ਆਪਣੇ ਮਨ ਵਿਚ ਆਪਣਾ ਪਤੀ ਧਾਰ ਲਿਆ ਹੈ। ਬੀਬੀ ਮੁਮਤਾਜ਼ ਸਾਰੀ ਉਮਰ ਕੁਆਰੀ ਹੀ ਰਹੀ। ਉਸ ਨੇ ਭਾਈ ਬਚਿੱਤਰ ਸਿੰਘ ਦੀ ਯਾਦ ਵਿਚ ਭਜਨ ਬੰਦਗੀ ਕਰਕੇ ਸਾਰੀ ਜ਼ਿੰਦਗੀ ਗੁਜ਼ਾਰ ਦਿੱਤੀ।[1] *ਗੁਰੂ ਗੋਬਿੰਦ ਸਿੰਘ ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ੍ਹ ਇਕ ਸਰਵੇਖਣ* ਵਿਚ ਲਿਖਿਆ ਹੈ ਕਿ ਭਾਈ ਬਚਿੱਤਰ ਸਿੰਘ ਜੋ ਮਲਿਕਪੁਰ ਰੰਘੜਾਂ ਦੇ ਅਸਥਾਨ ਉਤੇ ਦੁਸ਼ਮਣ ਨਾਲ ਲੜਦਾ ਹੋਇਆ ਜਖ਼ਮੀ ਹੋ ਗਿਆ ਸੀ ਇੱਥੇ ਨਿਹੰਗ ਖ਼ਾਂ ਪਠਾਣ ਦੇ ਘਰ ਜਖ਼ਮ ਰਾਜ਼ੀ ਕਰਨ ਲਈ ਠਹਿਰਾਇਆ ਗਿਆ ਸੀ।[2]

**ਖ਼ਾਨਖ਼ਾਨਾ** : ਦਸਮ ਪਾਤਸ਼ਾਹ ਦਾ ਪ੍ਰੇਮੀ ਇੱਕ ਅਮੀਰ, ਜੋ ਬਹੁਤ ਕਰਕੇ ਆਗਰੇ ਰਹਿੰਦਾ ਸੀ। ਇਸ ਦਾ ਅਸਲ ਨਾਉਂ ਮੁਨਇਮ ਖ਼ਾਨ ਸੀ। ਇਸ ਨੇ ਬਾਦਸ਼ਾਹ ਬਹਾਦੁਰ ਸ਼ਾਹ ਵੇਲੇ ਵਜ਼ਾਰਤ ਦਾ ਅਹੁਦਾ ਪ੍ਰਾਪਤ ਕੀਤਾ। ਇਸ ਦਾ ਦੇਹਾਂਤ ਸੰਮਤ 1768 ਬਿ. ਵਿੱਚ ਹੋਇਆ ਹੈ।[3] *ਗੁਰਬਿਲਾਸ ਪਾਤਸ਼ਾਹੀ* ੧੦ ਅਨੁਸਾਰ ਖ਼ਾਨਖ਼ਾਨਾ ਆਗਰੇ ਸ਼ਾਹੀ ਮਹਿਲਾਂ ਦਾ ਦਰੋਗਾ ਸੀ। ਗੁਰੂ ਸਾਹਿਬ ਜੀ ਜਦੋਂ ਆਗਰੇ ਗਏ ਤਾਂ ਇਸ ਨੇ ਗੁਰੂ ਸਾਹਿਬ ਨੂੰ ਦਰਸ਼ਨ ਦੇਣ

---

1 ਰਘਬੀਰ ਸਿੰਘ ਅਨੰਦਪੁਰੀ, ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ, ਪੰਨੇ161-62.

2 ਗੁਰਬਚਨ ਸਿੰਘ ਨਈਅਰ ਸੁਖਦਿਆਲ ਸਿੰਘ, ਗੁਰੂ ਗੋਬਿੰਦ ਸਿੰਘ-ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ ਚਿੰਨ੍ਹ, ਪੰਨਾ 54.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 373.

ਲਈ ਬੇਨਤੀ ਕੀਤੀ। ਗੁਰੂ ਸਾਹਿਬ ਦੀ ਸੇਵਾ ਕਰਕੇ ਪ੍ਰਸੰਨ ਹੋਇਆ - 'ਬਾਗ ਏਕ ਨਿਰਖਯੋ ਤਹਾਂ, ਉਤਰ ਕੀਓ ਬਿਸਰਾਮ। ਜੋਜਨ ਭਰ ਤਾਤੇ ਰਹੇ ਬਾਦਸਾਹ ਕੇ ਧਾਮ।27। ਖਾਨ ਖਾਨਾ ਸਨ ਕੇ ਤਬੈ ਦੀਨੇ ਲੋਕ ਭਿਜਾਇ। ਬਿਨੈ ਕਰੀ ਕਰ ਜੋਰ ਕੈ ਦਰਸ ਦਿਖਾਵੋ ਆਇ।28।'[1]

**ਖੁਦਾ ਬਖ਼ਸ਼ :** ਇਹ ਗੁਰੂ ਸਾਹਿਬ ਦਾ ਸ਼ਰਧਾਲੂ ਮੁਸਲਮਾਨ ਇਕ ਮੀਰਜ਼ਾਦਾ ਸੀ। ਇਹ ਮਾਛੀਵਾੜੇ ਦੇ ਨੇੜੇ ਦਾ ਰਹਿਣ ਵਾਲਾ ਸੀ। ਜਦੋਂ ਗੁਰੂ ਸਾਹਿਬ ਮਾਛੀਵਾੜੇ ਤੋਂ ਦੁਰਾਹੇ ਲਾਗੇ ਕਨੇਚ ਪਿੰਡ ਆਏ ਤਾਂ ਹਾਜੀ ਚਰਾਗ ਸ਼ਾਹ ਨੇ ਉੱਚ ਦੇ ਪੀਰ ਲਈ ਫਤੇ ਚੰਦ ਤੋਂ ਘੋੜੀ ਦੀ ਮੰਗ ਕੀਤੀ ਪਰ ਉਸ ਨੇ ਜਵਾਬ ਦੇ ਦਿੱਤਾ ਸੀ। ਇਸ ਸਮੇਂ ਮੀਰਜ਼ਾਦਾ ਖੁਦਾ ਬਖ਼ਸ਼ ਦਰਸ਼ਨਾਂ ਨੂੰ ਆਇਆ ਹੋਇਆ ਸੀ। ਇਸ ਨੇ ਗੁਰੂ ਸਾਹਿਬ ਨੂੰ ਆਪਣੀ ਘੋੜੀ ਭੇਂਟ ਕੀਤੀ ਸੀ। ਗੁਰੂ ਸਾਹਿਬ ਨੇ ਇਸ ਨੂੰ ਪੰਜ ਮੋਹਰਾਂ ਬਖਸ਼ਿਸ਼ ਕੀਤੀਆਂ ਅਤੇ ਬਚਨ ਕੀਤਾ ਕਿ ਅੱਗੋਂ ਤੋਟ ਨਹੀਂ ਆਵੇਗੀ।[2]

**ਗਨੀ ਖ਼ਾਂ :** ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਪਠਾਣ ਸੀ। ਇਹ ਮਾਛੀਵਾੜੇ ਦਾ ਵਸਨੀਕ ਸੀ, ਜੋ ਗੁਰੂ ਸਾਹਿਬ ਦਾ ਅਨਿੰਨ ਸੇਵਕ ਸੀ। ਇਹ ਨਬੀ ਖ਼ਾਂ ਦਾ ਵੱਡਾ ਭਰਾ ਸੀ।[3] ਪਰ ਰਤਨ ਸਿੰਘ ਜੱਗੀ ਨੇ *ਸਿੱਖ ਪੰਥ ਵਿਸ਼ਵ ਕੋਸ਼* ਵਿਚ ਗਨੀ ਖ਼ਾਂ ਨੂੰ ਨਬੀ ਖ਼ਾਂ ਤੋਂ ਛੋਟਾ ਦੱਸਿਆ ਹੈ। ਇਨ੍ਹਾਂ ਨੇ ਕੁਝ ਸਮਾਂ ਗੁਰੂ ਸਾਹਿਬ ਦੀ ਨੌਕਰੀ ਕੀਤੀ ਫਿਰ ਆਪਣਾ ਘੋੜਿਆਂ ਦਾ ਵਪਾਰ ਸ਼ੁਰੂ ਕਰ ਦਿੱਤਾ ਤੇ ਇਹ ਗੁਰੂ ਸਾਹਿਬ ਲਈ ਘੋੜੇ ਲੈ ਕੇ ਆਇਆ ਕਰਦੇ ਸਨ।[4] ਇਹ ਦੋਵੇਂ ਭਾਈ ਦਸਮੇਸ਼ ਜੀ ਪਾਸ ਕੁਝ ਸਾਲ ਨੌਕਰ ਰਹੇ ਸਨ। ਜਦ ਚਮਕੌਰ ਤੋਂ ਚਲ ਕੇ ਕਲਗੀਧਰ ਮਾਛੀਵਾੜੇ ਆਏ ਤਦ ਇਹ ਪ੍ਰੇਮ ਭਾਵ ਨਾਲ ਸਤਿਗੁਰੂ ਦੀ ਸੇਵਾ ਵਿੱਚ ਹਾਜ਼ਿਰ ਹੋਏ ਅਤੇ ਸਤਿਗੁਰੂ ਦਾ ਪਲੰਘ ਉਠਾ ਕੇ ਹੇਹਰ ਪਿੰਡ ਤੱਕ ਸਾਥ ਰਹੇ। ਗੁਰੂ ਸਾਹਿਬ ਨੇ ਇਸ ਥਾਂ ਤੋਂ ਇਨ੍ਹਾਂ ਨੂੰ ਵਿਦਾ ਕਰਨ ਵੇਲੇ ਹੁਕਮਨਾਮਾ ਬਖਸ਼ਿਆ।[5] ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਇਨ੍ਹਾਂ ਨੂੰ ਗੁਰੂ ਸਾਹਿਬ ਨੇ ਜੋ *ਹੁਕਮਨਾਮਾ* ਬਖਸ਼ਿਆ

---

1 ਕੁਇਰ ਸਿੰਘ, ਗੁਰਬਿਲਾਸ ਪਾ. ੧੦, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨੇ 256-57.

2 ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ ਗਿਆਨੀ ਗਰਜਾ ਸਿੰਘ, ਪੰਨਾ 151.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 396.

4 ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼ (ਭਾਗ ਪਹਿਲਾ), ਪੰਨਾ 582.

5 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 396.

ਉਹ ਇਸ ਤਰ੍ਹਾਂ ਹੈ – 'ਸਰਬਤਿ ਸੰਗਤਿ ਉਪ੍ਰਿ ਮੇਰਾ ਹੁਕਮੁ ਹੈ ਗਨੀ ਖ਼ਾਂ ਓਰ ਨਬੀ ਖ਼ਾਂ ਏਹ ਜੁ ਹੈਨਿ ਮੇਰੇ ਫਰਜੰਦਾ ਸੈ ਬਿਹਜ ਹੈਨਿ ਮੇਰੇ ਕੰਮ ਆਏ ਹੈਨ ਜੋ ਸਿਖਿ ਇਨਿ ਕੀ ਖਿਜਮਿਤ ਅੰਦਰਿ ਰੁਜੂ ਰਹੇਗਾ ਸੋ ਨਿਹਾਲ ਹੋਗੁ ਉਨਾ ਉਪਰਿ ਮੇਰੀ ਖੁਸੀ ਹੋਗੁ...'[1] ਗੁਰੂ ਦਰਬਾਰ ਦੀ ਨੌਕਰੀ ਅਤੇ ਇਨ੍ਹਾਂ ਦੀ ਸੇਵਾ ਬਾਰੇ ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਇਸ ਤਰ੍ਹਾਂ ਲਿਖਿਆ ਹੈ –

ਨਬੀ ਗਨੀ ਖ਼ਾਂ ਤਿਸ ਹੀ ਦਲ ਮਹਿਂ ਗੁਰ ਕੀ ਤਨਕ ਭਨਕ ਸੁਨਿ ਕਾਨ।
ਖੋਜਤਿ ਪੁਰਿ ਮਹਿਂ ਇਤ ਉਤ ਘਰ ਫਿਰ ਦੂਰ ਦੂਰ ਸਭਿ ਤੇ ਚਹਿਤ ਪਛਾਨ।
ਆਗੇ ਗੁਰ ਢਿਗ ਰਹੇ ਬਹੁਤ ਚਿਰ ਬੇਚੇ ਆਨਿ ਮਹਾਨ ਕਿਕਾਨ।
ਕੁਛਕ ਚਾਕਰੀ ਭੀ ਤਬਿ ਕੀਨੀ ਲੀਨਿ ਦਰਬ ਕੋ ਕਰਿ ਗੁਜ਼ਰਾਨ।2।[2]

**ਘੁੱਲੂ ਸ਼ਾਹ :** ਘੁੱਲੂ ਸ਼ਾਹ ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਸੀ, ਜੋ ਕਿ ਇਕ ਮਾਲੀ ਸੀ। ਸਰਹਿੰਦ ਦੇ ਨਵਾਬ ਦੇ ਸ਼ਾਹੀ ਬਾਗਾਂ ਵਿਚੋਂ 'ਇਸ਼ਰਤ ਕਦਾ' ਬਾਗ ਵਿਚ ਇਹ ਮਾਲੀ ਦਾ ਕੰਮ ਕਰਦਾ ਸੀ। ਘੁੱਲੂ ਸ਼ਾਹ ਮਾਲੀ ਦੇ ਕਿੱਤੇ ਦੇ ਨਾਲ-ਨਾਲ ਸਾਧੂ ਤੇ ਫਕੀਰਾਂ ਦਾ ਬਹੁਤ ਸਤਿਕਾਰ ਤੇ ਸੇਵਾ ਕਰਦਾ ਸੀ। ਇਸ ਦੇ ਘਰਵਾਲੀ 'ਮਹਿਤਾਬ' ਪੀਰ ਬੁੱਧੂ ਸ਼ਾਹ ਸਢੌਰੇ ਵਾਲਿਆਂ ਦੇ ਇਕ ਮੁਰੀਦ ਦੀ ਲੜਕੀ ਸੀ। ਇਕ ਵਾਰ ਪੀਰ ਬੁੱਧੂ ਸ਼ਾਹ ਜੀ ਇਨ੍ਹਾਂ ਦੇ ਘਰ ਸਰਹਿੰਦ ਵਿਚ ਠਹਿਰੇ ਸਨ ਤੇ ਉਨ੍ਹਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਬਾਰੇ ਸੁਣ ਕੇ ਇਨ੍ਹਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਦੀ ਚੇਟਕ ਲੱਗ ਗਈ ਸੀ। ਫਿਰ ਇਹ ਦਿੱਲੀ ਵਲੋਂ ਗੁਰੂ ਦਰਸ਼ਨਾਂ ਨੂੰ ਆ ਰਹੀ ਸੰਗਤ ਨਾਲ ਅਨੰਦਪੁਰ ਗਏ। ਗੁਰੂ ਜੀ ਦੇ ਦਰਸ਼ਨ ਕਰਕੇ ਸ਼ਰਧਾਲੂ ਬਣੇ ਤੇ ਗੁਰੂ ਘਰ ਦੀ ਸੇਵਾ ਕਰਦੇ ਰਹੇ। ਘੁੱਲੂ ਸ਼ਾਹ ਨੇ ਹੀ ਦਿੱਲੀ ਵਲੋਂ ਆ ਰਹੀ ਸੰਗਤ ਵਿਚ ਬੀਬੀ ਤਿਲੋਕਾ ਬਾਈ ਨੂੰ ਸਰਹਿੰਦ ਦੇ ਨਵਾਬ ਦੇ ਕਹਿਰ ਤੋਂ ਬਚਾ ਕੇ ਅਨੰਦਪੁਰ ਪਹੁੰਚਾਉਣ ਦੀ ਸੇਵਾ ਕੀਤੀ ਸੀ।[3]

**ਚਰਾਗ ਸ਼ਾਹ, ਕਾਜ਼ੀ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਇਕ ਕਾਜ਼ੀ। ਇਹ ਗੁਰੂ ਸਾਹਿਬ ਦੇ ਦਰਾਬਰ

---

1 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਨੀਸਾਣ ਤੇ ਹੁਕਮਨਾਮੇ, ਪੰਨਾ 80.

2 ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ 6, ਅੰਸ਼ੂ 46.

3 ਗਿ. ਭਗਵਾਨ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਹਮਦਰਦ ਮੁਸਲਮਾਨ, ਪੰਨੇ 78-80.

ਵਿਚ ਆਉਂਦਾ -ਜਾਂਦਾ ਰਹਿੰਦਾ ਸੀ।[1]

**ਤਿਲੋਕਾ ਬਾਈ :** ਤਿਲੋਕਾ ਬਾਈ ਦਿੱਲੀ ਦੇ ਜੌਹਰੀ ਤੇ ਗਵਯਾ ਰਤਨ ਦੇ ਘਰਵਾਲੀ ਸੀ। ਇਹ ਬੀਨਾ ਵਜਾਉਣ ਤੇ ਰਾਗ ਅਲਾਪਨ ਵਿਚ ਬਹੁਤ ਮਾਹਿਰ ਸੀ। ਇਹ ਦਿੱਲੀ ਦੀ ਸੰਗਤ ਨਾਲ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਅਨੰਦਪੁਰ ਨੂੰ ਆ ਰਹੀ ਸੀ, ਕਿ ਰਸਤੇ ਵਿਚ ਸਰਹਿੰਦ ਦੇ ਨਵਾਬ ਨੇ ਇਸ ਨੂੰ ਫੜ ਲਿਆ ਸੀ। ਉਸ (ਨਵਾਬ) ਨੇ ਇਸ ਨੂੰ ਆਪਣੇ ਦਰਬਾਰ ਵਿਚ ਗਾਉਣ ਲਈ ਮਜ਼ਬੂਰ ਕੀਤਾ ਪਰ ਬੀਬੀ ਨੇ ਪਰਾਏ ਮਰਦਾਂ ਸਹਾਮਣੇ ਗਾਉਣ ਤੋਂ ਸਾਫ ਇਨਕਾਰ ਕਰ ਦਿੱਤਾ। ਗੁਸੇ ਵਿਚ ਆਏ ਸੂਬੇ ਨੇ ਇਸ ਨੂੰ ਮਹਿਲਾਂ ਦੀ ਵਾਰੀ ਵਿਚੋਂ ਬਾਹਰ ਸੁਟਵਾ ਦਿੱਤਾ। ਹੇਠਾਂ ਭਾਈ ਘੁੱਲੂ ਸ਼ਾਹ ਨੇ ਇਸ ਨੂੰ ਬਚਾ ਲਿਆ ਤੇ ਮੱਲਮ ਪੱਟੀ ਕਰਕੇ ਅਨੰਦਪੁਰ ਪਹੁੰਚਾ ਦਿੱਤਾ। ਇਹ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਅਥਾਹ ਸ਼ਰਧਾਲੂ ਬਣੀ।[2]

**ਦੌਲਾ ਸ਼ਾਹ / ਦੌਲਾ ਮੀਆਂ :** ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਦਰਵੇਸ਼। ਇਹ ਗੁਜਰਾਤ ਦਾ ਨਿਵਾਸੀ ਇਕ ਮਹਾਤਮਾ ਦਰਵੇਸ਼ ਸੀ। ਛੇਵੇਂ ਪਾਤਸ਼ਾਹ ਵੇਲੇ ਭਾਈ ਗੜ੍ਹੀਏ ਦਾ ਇਸ ਨਾਲ ਮਿਲਾਪ ਹੋਇਆ, ਜਦੋਂ ਭਾਈ ਗੜ੍ਹੀਆ ਪ੍ਰਚਾਰ ਲਈ ਕਸ਼ਮੀਰ ਨੂੰ ਜਾ ਰਿਹਾ ਸੀ। ਸੁਖਮਨੀ ਸਾਹਿਬ ਦਾ ਪਾਠ ਸੁਣ ਕੇ ਸ਼ਾਹ ਦੌਲਾ (ਦੌਲਾਸ਼ਾਹ) ਸਤਿਗੁਰੂ ਦਾ ਸ਼ਰਧਾਲੂ ਹੋਇਆ ਅਤੇ ਛੇਵੇਂ ਸਤਿਗੁਰੂ ਦਾ ਦਰਸ਼ਨ ਕਰਕੇ ਨਿਹਾਲ ਹੋਇਆ। ਇਸ ਦਾ ਦੇਹਾਂਤ ਦਸਮੇਸ਼ ਵੇਲੇ ਹੋਇਆ, ਇਸ ਨੇ ਕਲਗੀਧਰ ਨੂੰ 100 ਤੋਲਾ ਸੋਨਾ ਭੇਟਾ ਭੇਜਿਆ ਸੀ। ਇਸ ਮਹਾਤਮਾ ਦੇ ਨਾਉਂ ਤੋਂ ਗੁਜਰਾਤ ਦਾ ਨਾਉਂ 'ਦੌਲਾ ਕੀ ਗੁਜਰਾਤ' ਹੋ ਗਿਆ ਹੈ।[3] ਸਰੂਪ ਦਾਸ ਭੱਲਾ ਨੇ *ਮਹਿਮਾ ਪ੍ਰਕਾਸ਼* ਵਿਚ ਇਸ ਦਾ ਨਾਉਂ ਦੌਲਾ ਮੀਆਂ ਲਿਖਿਆ ਹੈ, ਕਿ ਇਹ ਗੁਜਰਾਤ ਦਾ ਰਹਿਣ ਵਾਲਾ ਸੀ। ਜਦੋਂ ਗੁਰੂ ਸਾਹਿਬ ਨੇ ਗੁਜਰਾਤ ਦੀ ਸੰਗਤ ਦੇ ਨਾਮ ਪੁਰ ਹੁਕਮਨਾਮਾ ਭੇਜਿਆ ਕਿ ਗੁਰੂ ਦਰਬਾਰ ਵਿਚ ਸੋਨਾ ਭੇਜਿਆ ਜਾਵੇ। ਤਾਂ ਇਸ ਨੇ ਸੋਚਿਆ ਗੁਰੂ ਸਾਹਿਬ ਨੇ ਇਸ ਸੇਵਾ ਲਈ ਮੈਨੂੰ ਕਿਉਂ ਨਹੀਂ ਕਿਹਾ। ਮੈਂ ਵੀ ਗੁਰੂ ਦਾ ਸਿੱਖ ਹਾਂ। ਫਿਰ ਇਸ ਨੇ ਮਨ ਵਿਚ ਸੋਚਿਆ ਕਿ ਮੈਂ ਵੀ ਗੁਰੂ ਸਾਹਿਬ ਨੂੰ ਕੁਝ ਭੇਟਾ ਕਰਾਂ। ਇਸ ਨੇ ਸੌ ਤੋਲਾ ਸੋਨਾ ਗੁਰੂ ਸਾਹਿਬ ਨੂੰ ਕਾਰ

---

1 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 254.

2 ਗਿ. ਭਗਵਾਨ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਹਮਦਰਦ ਮੁਸਲਮਾਨ, ਪੰਨੇ 81-84.

3 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 654.

ਭੇਟਾ ਭੇਜਿਆ। ਗੁਰੂ ਸਾਹਿਬ ਇਸ ਦੀ ਸੇਵਾ 'ਤੇ ਬਹੁਤ ਪ੍ਰਸੰਨ ਹੋਏ।[1]

**ਨਬੀ ਖ਼ਾਂ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਪਠਾਣ ਸੀ। ਨਬੀ ਖ਼ਾਂ ਮਾਛੀਵਾੜੇ ਦਾ ਵਸਨੀਕ ਸੀ, ਜੋ ਗੁਰੂ ਸਾਹਿਬ ਦਾ ਅਨਿੰਨ ਸੇਵਕ ਸੀ। ਇਹ ਗਨੀ ਦਾ ਵੱਡਾ ਭਰਾ ਸੀ।[2]

**ਪੀਰ ਆਰਫ਼ ਦੀਨ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਮੁਸਲਮਾਨ ਪੀਰ। ਤਾਰੀਖ਼-ਏ-ਪੰਜਾਬ ਦੇ ਕਰਤਾ ਕਨ੍ਹੱਈਆ ਲਾਲ ਅਨੁਸਾਰ ਜਦੋਂ ਗੁਰੂ ਸਾਹਿਬ ਨੌਂ ਸਾਲ ਦੀ ਅਵਸਥਾ ਵਿਚ ਅਨੰਦਪੁਰ ਨੂੰ ਜਾਂਦਿਆਂ ਹੋਇਆਂ ਰਾਹ ਵਿਚ ਪਿੰਡ ਲਖਨੂਰ ਜਿਲ੍ਹਾ ਅੰਬਾਲਾ ਵਿਖੇ ਠਹਿਰੇ, ਉੱਥੇ ਮੁੰਡਿਆਂ ਨਾਲ ਖੇਡ ਰਹੇ ਸਨ ਕਿ ਇਕ ਵਲੀ ਆਰਿਫ ਦੀਨ ਪੀਨਸ ਵਿਚ ਸਵਾਰ ਉਧਰੋਂ ਲੰਘੇ। ਗੁਰੂ ਜੀ ਨੂੰ ਵੇਖ ਕੇ ਉਹ ਸਵਾਰੀ ਤੋਂ ਉੱਤਰੇ ਅਤੇ ਗੁਰੂ ਜੀ ਦੇ ਚਰਨ ਛੂਹੇ ਤੇ ਆਪਣੇ ਸੇਵਕਾਂ ਨੂੰ ਕਿਹਾ ਕਿ 'ਅੱਜ ਰੱਬੀ ਇਲਮ ਦੇ ਖ਼ਜ਼ਾਨੇ ਦੀ ਕੁੰਜੀ ਇਸ ਬਾਲਕ ਦੇ ਹੱਥ ਵਿਚ ਹੈ।'[3]

'ਲਖਨੌਰ ਨਿਵਾਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਆਪ ਦੀ ਮਿਲਣੀ ਹੋਈ। ਪੀਰ ਨੇ ਗੁਰੂ ਜੀ ਨਾਲ ਮੁਲਾਕਾਤ ਕੀਤੀ ਤੇ ਰੱਬੀ ਨੂਰ ਦਾ ਜਲਵਾ ਤੱਕ ਕੇ ਬਾਗੋ-ਬਾਗ ਹੋ ਗਿਆ।'[4]

**ਪੀਰ ਭੀਖਨ ਸ਼ਾਹ / ਸਯਦ ਭੀਖਨ ਸ਼ਾਹ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਇਕ ਸੂਫ਼ੀ ਸੰਤ। ਪੀਰ ਭੀਖਨ ਸ਼ਾਹ ਸਤਾਰ੍ਹਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਹੋਏ ਹਨ। ਭੀਖਨ ਸ਼ਾਹ ਜੀ ਇਕ ਐਸੇ ਮੁਸਲਿਮ ਸੰਤ ਹੋਏ ਹਨ, ਜਿਨ੍ਹਾਂ ਦਾ ਰੂਹਾਨੀ ਪਿਆਰ ਗੁਰੂ ਸਾਹਿਬ ਨਾਲ ਜਨਮ ਤੋਂ ਹੀ ਆਰੰਭ ਹੋ ਗਿਆ ਸੀ, ਜਦੋਂ ਕਿ ਆਪ ਜੀ ਨੇ ਦਰਸ਼ਨ ਬਾਅਦ ਵਿਚ ਕੀਤੇ ਸਨ। ਸੰਨ 1666 ਈ. ਵਿਚ ਪਟਨੇ (ਹੁਣ ਪਟਨਾ ਸਾਹਿਬ, ਬਿਹਾਰ) ਵਿਖੇ ਗੁਰੂ ਗੋਬਿੰਦ ਸਿੰਘ ਜੀ (ਉਦੋਂ ਗੋਬਿੰਦ ਰਾਇ) ਦਾ ਜਨਮ ਹੋਇਆ ਤਾਂ ਸੈਂਕੜੇ ਕੋਹਾਂ ਦੀ ਦੂਰੀ 'ਤੇ ਬੈਠੇ ਹੋਏ (ਘੁੜਾਮ, ਜਿਲ੍ਹਾ ਪਟਿਆਲਾ) ਆਪਣੀ ਆਤਮਕ ਸ਼ਕਤੀ ਦੇ ਨਾਲ ਅਨੁਭਵ ਕਰ ਲਿਆ ਕਿ ਪਟਨੇ ਸ਼ਹਿਰ ਵਿਖੇ ਰੱਬੀ ਜੋਤ ਅਵਤਰਨ ਹੋਈ ਹੈ। ਉਸੇ ਦਿਨ ਸਵੇਰੇ ਪੀਰ ਜੀ ਨੇ ਪੂਰਬ ਵਲ ਮੂੰਹ ਕਰ ਕੇ ਤਿੰਨ ਵਾਰ ਸਿਜਦਾ ਕੀਤਾ ਅਤੇ

---

1 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ, ਪੰਨਾ 809.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 396.

3 ਕਨ੍ਹੱਈਆ ਲਾਲ, ਤਾਰੀਖ਼-ਏ-ਪੰਜਾਬ, ਅਨੁ. ਡਾ. ਜੀਤ ਸਿੰਘ ਸੀਤਲ, ਪੰਨਾ 44.

4 ਰੂਪ ਸਿੰਘ (ਸੰਪਾ.), ਦਸਮੇਸ਼ ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ: ਜੀਵਨ ਦਰਸ਼ਨ, ਪੰਨਾ 589.

ਫਿਰ ਆਪਣਾ ਸਿਰ ਧਰਤੀ ਉੱਤੇ ਰੱਖ ਦਿੱਤਾ। ਇਹ ਨਜ਼ਾਰਾ ਦੇਖ ਕੇ ਪੀਰ ਦੇ ਚੇਲੇ ਹੈਰਾਨ ਰਹਿ ਗਏ ਕਿ ਪੀਰ ਜੀ ਅੱਜ ਪੱਛਮ ਦੀ ਜਗ੍ਹਾ ’ਤੇ ਪੂਰਬ ਵੱਲ ਕਿਉਂ ਸਿਜਦਾ ਕਰ ਰਹੇ ਹਨ, ਜਦੋਂ ਕਿ ਪੂਰਬ ਵੱਲ ਤਾਂ ਹਿੰਦੂ ਮੱਥਾ ਟੇਕਦੇ ਹਨ ਅਤੇ ਮੁਸਲਮਾਨ ਪੱਛਮ ਵੱਲ। ਪੁੱਛਣ ਉੱਤੇ ਪੀਰ ਜੀ ਨੇ ਦੱਸਿਆ ਕਿ ਮੈਨੂੰ ਅਨੁਭਵ ਹੋਇਆ ਹੈ ਕਿ ਰੱਬ ਨੇ ਪੂਰਬ ਵੱਲ ਇਕ ਮਹਾਨ ਸ਼ਖ਼ਸੀਅਤ ਨੂੰ ਜਨਮ ਦਿੱਤਾ ਹੈ। ਮੈਂ ਉਸ ਨੂੰ ਅਦਬ ਵਿੱਚ ਰੱਬ ਦੇ ਸ਼ੁਕਰਾਨੇ ਵਜੋਂ ਮੱਥਾ ਟੇਕਿਆ ਹੈ।[1] *ਮਹਾਨ ਕੋਸ਼* ਅਨੁਸਾਰ ਪੀਰ ਜੀ ਆਪਣੀ ਆਤਮਿਕ ਸ਼ਕਤੀ ਨਾਲ ਮਲੂਮ ਕਰਕੇ ਪਟਨੇ ਪਹੁੰਚੇ ਅਤੇ ਮਿਠਿਆਈ ਦੀਆਂ ਦੋ ਮਟਕੀਆਂ ਭੇਟਾ ਕੀਤੀਆਂ। ਬਾਲ ਗੁਰੂ ਜੀ ਨੇ ਦੋਹਾਂ ਮਟਕੀਆਂ ’ਤੇ ਹੱਥ ਰੱਖਿਆ। ਮੁਰੀਦਾਂ ਦੇ ਪੁੱਛਣ ਤੋਂ ਪੀਰ ਜੀ ਨੇ ਦੱਸਿਆ ਕਿ ਮੈਂ ਮਲੂਮ ਕਰਨਾ ਚਾਹੁੰਦਾ ਸੀ ਕਿ ਇਹ ਵਲੀ ਪੁਰਖ ਹਿੰਦੂਆਂ ਦਾ ਪੱਖ ਕਰੂ ਜਾਂ ਮੁਸਲਮਾਨਾਂ ਦਾ, ਸੋ ਮੇਰੇ ਦਿਲ ਦੀ ਜਾਣ ਕੇ ਉਸ ਨੇ ਦੋਹਾਂ ’ਤੇ ਹੱਥ ਰੱਖ ਕੇ ਮੈਨੂੰ ਨਿਸ਼ਚੇ ਕਰਵਾ ਦਿੱਤਾ ਹੈ ਕਿ ਇਹ ਦੋਹਾਂ ਦਾ ਸਰਪ੍ਰਸਤ ਅਤੇ ਸ਼ੁਭਚਿੰਤਕ ਹੈ।[2] *ਤਾਰੀਖ਼-ਏ-ਪੰਜਾਬ* ਵਿਚ ਕਨ੍ਹੱਈਆ ਲਾਲ ਸਯਦ ਭੀਖਨ ਸ਼ਾਹ ਬਾਰੇ ਲਿਖਦੇ ਹਨ ਕਿ ‘ਹਾਲੀ ਗੁਰੂ ਜੀ ਚਾਲੀ ਦਿਨਾਂ ਦੇ ਹੀ ਹੋਏ ਸਨ ਕਿ ਇਕ ਪਾਕ ਦਿਲ ਮੁਸਲਮਾਨ ਵਲੀ, ਜਿਨ੍ਹਾਂ ਦਾ ਨਾਮ ਸੱਯਦ ਭੀਖਾ ਸੀ, ਉਨ੍ਹਾਂ (ਬਾਲ ਗੋਬਿੰਦ ਰਾਇ) ਦੇ ਦਰਸ਼ਨਾਂ ਨੂੰ ਆਪਣੇ ਸ਼ਹਰ ‘ਘੜਾਮ’ ਤੋਂ ਪਟਨਾ ਆਏ ਅਤੇ ਇਕ ਮਟਕੀ ਪਾਣੀ ਨਾਲ ਭਰ ਕੇ ਗੁਰੂ ਜੀ ਅੱਗੇ ਰੱਖ ਦਿੱਤੀ। ਉਸ ਵੇਲੇ ਗੁਰੂ ਜੀ ਦਾਈ ਦੀ ਗੋਦੀ ਵਿਚ ਸਨ। ਝਟ ਗੋਦ ਵਿਚੋਂ ਨਿਕਲ ਕੇ ਦੋਵੇਂ ਹੱਥ ਮਟਕੀ ਦੇ ਉੱਤੇ ਰੱਖ ਦਿੱਤੇ। ਇਹ ਇਸ਼ਾਰਾ ਕੇਵਲ ਸੱਯਦ ਸਾਹਿਬ ਤੇ ਗੁਰੂ ਜੀ ਵਿਚਕਾਰ ਹੋਇਆ। ਸੱਯਦ ਵਾਪਸ ਆਏ ਤਾਂ ਮੁਰੀਦਾਂ ਪੁੱਛਿਆ ਕਿ ਉਸ ਚਾਲੀ ਦਿਨਾਂ ਦੇ ਬੱਚੇ ਅਤੇ ਆਪ ਦੇ ਵਿਚਕਾਰ ਕੀ ਇਸ਼ਾਰਾ ਹੋਇਆ ਸੀ? ਸੱਯਦ ਸਾਹਿਬ ਨੇ ਕਿਹਾ ਕਿ ਅਸਾਂ ਪਾਣੀ ਦੀ ਮਟਕੀ ਉਸ ਅੱਗੇ ਰੱਖੀ ਸੀ। ਇਹ ਇਸ ਗੱਲ ਵੱਲ ਇਸ਼ਾਰਾ ਸੀ, ਕਿ ਦੁਨੀਆਂ ਵਿਚ ਹਿੰਦੂ ਮੁਸਲਮਾਨ ਦੋਵੇਂ ਕੌਮਾਂ ਇਸ ਤਰ੍ਹਾਂ ਭਰੀਆਂ ਪਈਆਂ ਹਨ, ਜਿਵੇਂ ਇਸ ਮਟਕੀ ਵਿਚ ਪਾਣੀ ਭਰਿਆ ਪਿਆ ਹੈ। ਉਨ੍ਹਾਂ ਨੇ (ਗੁਰੂ ਜੀ ਨੇ) ਦੋਵੇਂ ਹੱਥ ਮਟਕੀ ਉੱਪਰ ਰੱਖ ਕੇ ਮਟਕੀ ਨੂੰ ਦਬਾਇਆ ਸੀ, ਜਿਸ

[1] ਮੁਹੰਮਦ ਹਬੀਬ, ਜਸਪਾਲ ਕੌਰ, ਸਿੱਖ ਧਰਮ ਨਾਲ ਸੰਬੰਧਿਤ ਸਤਿਕਾਰਿਤ ਮੁਸਲਿਮ ਸ਼ਖ਼ਸੀਅਤਾਂ, ਪੰਨੇ 132-33.

[2] ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 177.

ਦਾ ਭਾਵ ਇਹ ਸੀ ਕਿ ਮੈਂ ਦੋਹਾਂ ਨੂੰ ਦਬਾ ਕੇ ਤੀਜਾ ਪੰਥ ਸਾਜਾਂਗਾ।'[1] ਭਾਈ ਵੀਰ ਸਿੰਘ ਅਨੁਸਾਰ ਪੀਰ ਸ਼ਾਹ ਭੀਖਨ ਜੀ ਲਖਨੌਰ ਵਿਖੇ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਇਆ ਸੀ।[2]

**ਫੱਤੂ ਡੋਗਰ** : ਇਹ ਖਿਦਰਾਣੇ ਦੀ ਢਾਬ ਦੇ ਨੇੜੇ ਦਾ ਰਹਿਣ ਵਾਲਾ ਸੀ। ਇਹ ਦੋ ਭਰਾ ਸਨ ਸਮੂੰ ਤੇ ਫੱਤੂ। ਜਮੀਨ ਜਾਇਦਾਦ ਕੋਈ ਨਹੀਂ ਸੀ, ਇਹ ਹਿੱਸੇ ਆਦਿ 'ਤੇ ਜਮੀਨ ਲੈ ਕੇ ਗੁਜ਼ਾਰਾ ਕਰਦੇ ਸਨ। ਜਦੋਂ ਇਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਜੀ ਖਿਦਰਾਣੇ ਦੀ ਢਾਬ 'ਤੇ ਆਏ ਹਨ ਤਾਂ ਇਨ੍ਹਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਸਾਹਿਬ ਨੂੰ ਇਕ ਘੋੜਾ ਲੁਙੀਆਂ ਤੇ ਖੇਸਾਂ ਦਾ ਜੋੜਾ ਭੇਟ ਕੀਤਾ। ਬਾਅਦ ਵਿਚ ਗੁਰੂ ਸਾਹਿਬ ਜੀ ਨੇ ਇਹ ਭੇਟਾਵਾਂ ਉਨ੍ਹਾਂ ਨੂੰ ਵਾਪਸ ਯਾਦਗਰ ਵਜੋਂ ਬਖਸ਼ਿਸ਼ ਕਰ ਦਿੱਤੀਆਂ।[3]

**ਮੱਦਾਰ, ਫ਼ਕੀਰ** : ਇਹ ਸ੍ਰੀ ਦਸਮੇਸ਼ ਜੀ ਦਾ ਸ਼ਰਧਾਲੂ ਇਕ ਮੁਸਲਮਾਨ ਫ਼ਕੀਰ ਸੀ। ਇਹ ਗੁਰੂ ਸਾਹਿਬ ਦੇ ਦਰਬਾਰ ਵਿਚ ਆਉਂਦਾ ਰਹਿੰਦਾ ਸੀ। ਇਕ ਦਿਨ ਇਸ ਨੇ ਦਰਬਾਰ ਵਿਚ ਗੁਰੂ ਜੀ ਨੂੰ ਫੁੱਲਾਂ ਦਾ ਉਜਲ ਧਰ ਕੇ ਮੱਥਾ ਟੇਕਿਆ। ਸਤਿਗੁਰਾਂ ਕਿਹਾ, 'ਦਰਵੇਸ਼' ਫੁੱਲਾਂ ਦੀ ਭੇਟਾ ਲਿਆਉਣ ਦੀ ਕੀ ਲੋੜ ਸੀ? ਫ਼ਕੀਰਾਂ ਦਾ ਦਰਸ਼ਨ ਹੀ ਭੇਟ ਹੈ। ਅੱਗੇ ਇਹ ਬੜੀ ਨਿਮਰਤਾ ਨਾਲ ਬੋਲਿਆ –

ਦਸਤ ਖਾਲੀ ਰੂਏ ਸਯਾਹ...

...ਬਦਨ ਫੁਰਮਾਨ ਖਲਾਸੀ ਜਹਾਨ। ਬੰਦਗੀਦਾਰ ਦਰਗਹ ਪਰਵਾਨ।[4]

**ਮੁਮਤਾਜ, ਬੀਬੀ** : ਸ੍ਰੀ ਗੁਰੂ ਗੋਬਿੰਦ ਦੀ ਸ਼ਰਧਾਲੂ ਮੁਸਲਮਾਨ ਪਠਾਣ ਬੀਬੀ। ਇਹ ਕੋਟਲਾ ਦੇ ਚੌਧਰੀ ਨਿਹੰਗ ਖ਼ਾਂ ਦੀ ਸਪੁੱਤਰੀ ਸੀ। ਕੋਟਲਾ ਨਿਹੰਗ ਖ਼ਾਂ ਦਾ ਪੂਰਾ ਪਰਿਵਾਰ ਗੁਰੂ ਸਾਹਿਬ ਦਾ ਬਹੁਤ ਸ਼ਰਧਾਲੂ ਸੀ। ਜਦੋਂ ਗੁਰੂ ਸਾਹਿਬ ਅਨੰਦਪੁਰ ਛੱਡ ਕੇ ਰੋਪੜ ਵੱਲ ਆਏ ਤਾਂ ਇਸ ਦੇ ਘਰ ਠਹਿਰੇ ਸਨ। ਰੰਗੜਾਂ ਨਾਲ ਹੋਏ ਯੁੱਧ ਵਿਚ ਭਾਈ ਬਚਿੱਤਰ ਸਿੰਘ ਨੂੰ ਜਖ਼ਮੀ ਹਾਲਤ ਵਿਚ ਕੋਟਲਾ ਨਿਹੰਗ ਖ਼ਾਂ ਦੇ ਘਰ ਲਿਆਂਦਾ ਗਿਆ। ਸ਼ਾਹੀ ਫ਼ੌਜ

---

1 ਕਨ੍ਹੱਈਆ ਲਾਲ, ਤਾਰੀਖ਼-ਏ-ਪੰਜਾਬ, ਅਨੁ. ਡਾ. ਜੀਤ ਸਿੰਘ ਸੀਤਲ, ਪੰਨਾ 44.

2 ਭਾਈ ਵੀਰ ਸਿੰਘ, ਬਾਲਮ ਸਾਖੀਆਂ, ਖਾਲਸਾ ਸਮਾਚਾਰ, ਪੰਨੇ 52-53.

3 ਗਿ. ਭਗਵਾਨ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਹਮਦਰਦ ਮੁਸਲਮਾਨ, ਪੰਨੇ 136-37.

4 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨੇ 251-52.

ਜੋ ਗੁਰੂ ਸਾਹਿਬ ਤੇ ਸਿੰਘਾਂ ਨੂੰ ਭਾਲਦੀ ਹੋਈ ਕੋਟਲਾ ਨਿਹੰਗ ਖ਼ਾਂ ਕੋਲ ਪਹੁੰਚੀ ਤੇ ਇਸ ਦੇ ਘਰ ਨੂੰ ਘੇਰਾ ਪਾ ਕੇ ਤਲਾਸ਼ੀ ਲਈ ਗਈ। ਜਿਸ ਕਮਰੇ ਵਿਚ ਭਾਈ ਬਚਿੱਤਰ ਸਿੰਘ ਬੇਹੋਸ਼ ਪਏ ਹੋਏ ਸਨ, ਇਸ ਦੀ ਦੇਖ-ਭਾਲ ਉਨ੍ਹਾਂ (ਨਿਹੰਗ ਖ਼ਾਂ) ਦੀ ਧੀ ਮੁਮਤਾਜ਼ ਕਰ ਰਹੀ ਸੀ। ਨਿਹੰਗ ਖ਼ਾਂ ਨੇ ਫ਼ੌਜੀ ਅਫ਼ਸਰ ਨੂੰ ਇਹ ਆਖ ਕੇ ਕਮਰੇ ਦੀ ਤਲਾਸ਼ੀ ਨਾ ਲੈਣ ਦਿੱਤੀ, ਕਿ ਇਸ ਕਮਰੇ ਵਿਚ ਮੇਰਾ ਧੀ ਜਵਾਈ ਸੁੱਤੇ ਪਏ ਹਨ। ਆਪਣੇ ਪਿਤਾ ਦੇ ਇਹ ਸ਼ਬਦ ਧੀ ਦੇ ਕੰਨੀ ਪਏ। ਭਾਈ ਬਚਿੱਤਰ ਸਿੰਘ ਡੂੰਘੇ ਜਖ਼ਮਾਂ ਨੂੰ ਨਾ ਸਹਾਰਦਾ ਹੋਇਆ ਅਗਲੇ ਦਿਨ ਸ਼ਹੀਦੀ ਪਾ ਗਿਆ। ਚੌਧਰੀ ਨਿਹੰਗ ਖ਼ਾਂ ਨੇ ਭਾਈ ਗੁਰਸਾ ਸਿੰਘ ਗਹੂਣੀਆਂ ਅਤੇ ਬੱਗਾ ਸਿੰਘ ਰੀਹਲ ਨੂੰ ਸੱਦ ਕੇ ਇਨ੍ਹਾਂ ਰਾਹੀਂ ਉਸ (ਬਚਿੱਤਰ ਸਿੰਘ) ਦਾ ਹਵੇਲੀ ਦੇ ਪਿਛਵਾੜੇ ਸਸਕਾਰ ਕਰਵਾ ਦਿੱਤਾ। ਭਾਈ ਬਚਿੱਤਰ ਸਿੰਘ ਦੀ ਸ਼ਹੀਦੀ ਤੋਂ ਬਾਅਦ ਮੁਮਤਾਜ਼ ਨੇ ਸਾਰੀ ਉਮਰ ਸ਼ਾਦੀ ਨਹੀਂ ਕਰਵਾਈ। ਭਾਈ ਬਚਿੱਤਰ ਸਿੰਘ ਨੂੰ ਆਪਣਾ ਖਾਵੰਦ ਜਾਣ ਕੇ ਪ੍ਰਭੂ ਸਿਮਰਨ ਕਰਦੀ ਰਹੀ। ਜਿੱਥੇ ਇਸ ਨੇ ਸਿਮਰਨ ਕਰਦਿਆਂ ਆਪਣਾ ਸਾਰਾ ਜੀਵਨ ਬਤੀਤ ਕੀਤਾ, ਉਥੇ ਹੁਣ ਬਹੁਤ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।[1]

**ਮੇਮੂਖ਼ਾਨ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੁਸਲਮਾਨ ਸ਼ਰਧਾਲੂ। ਮੇਮੂਖ਼ਾਨ ਔਰੰਗਜ਼ੇਬ ਬਾਦਸ਼ਾਹ ਦੀ ਫ਼ੌਜ ਦਾ ਇੱਕ ਸਰਦਾਰ ਸੀ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਨ ਆਇਆ। ਪਰ ਗੁਰੂ ਸਾਹਿਬ ਦੇ ਦਰਸ਼ਨ ਕਰ ਕੇ ਅਤੇ ਉਨ੍ਹਾਂ ਨੂੰ ਉਪਕਾਰੀ ਜਾਣ ਕੇ ਮੁਰੀਦ ਹੋ ਗਿਆ। ਇਹ ਸਿੱਖਾਂ ਨਾਲ ਮਿਲ ਕੇ ਅਨੰਦਪੁਰ ਦੇ ਜੰਗਾਂ ਵਿਚ ਧਰਮ ਅਤੇ ਦੇਸ਼ ਦੀ ਰੱਖਿਆ ਲਈ ਲੜਦਾ ਰਿਹਾ ਸੀ।[2]

**ਰਹੀਮ ਬਖਸ਼ :** ਰਹੀਮ ਬਖਸ਼ ਪਟਨੇ ਦਾ ਰਹਿਣ ਵਾਲਾ ਨਵਾਬ ਸੀ। ਇਹ ਪਟਨੇ ਦਾ ਮਾਲਕ ਸੀ। ਇਸ ਦਾ ਛੋਟਾ ਭਰਾ ਪਟਨੇ ਦੀ ਫ਼ੌਜ ਦਾ ਇਨਚਾਰਜ ਸੀ। ਇਹ ਦੋਵੇਂ ਭਰਾ ਬਾਲ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਜੀ ਦੇ ਸ਼ਰਧਾਲੂ ਸਨ। ਜਦੋਂ ਨਵਾਬਾਂ ਦੀ ਸਵਾਰੀ ਸ਼ਹਿਰ ਵਿਚੋਂ ਨਿਕਲਦੀ ਸੀ ਤਾਂ ਸਾਰੇ ਲੋਕ ਇਨ੍ਹਾਂ ਨੂੰ ਝੁਕ-ਝੁਕ ਸਲਾਮਾਂ ਕਰਦੇ ਸਨ। ਇਕ ਦਿਨ ਇਨ੍ਹਾਂ ਦੀ ਸਵਾਰੀ ਨਿਕਲੀ ਅਤੇ ਬਾਲ ਗੋਬਿੰਦ ਰਾਇ ਆਪਣੇ ਸਾਥੀ ਬੱਚਿਆਂ ਨਾਲ ਖੇਡਾਂ

---

1 ਕੇਹਰ ਸਿੰਘ ਮਠਾਰੂ, ਕਿਰਤੀ ਸੂਰਮੇ, ਪੰਨਾ 447.

2 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 994.

ਖੇਡ ਰਹੇ ਸਨ। ਅਰਦਲੀਆਂ ਨੇ ਸਮਝਾਇਆ ਕਿ ਨਵਾਬਾਂ ਦੀ ਸਵਾਰੀ ਆ ਰਹੀ ਹੈ ਤੁਸੀਂ ਸਲਾਮ ਕਰਨੀ। ਉਹ ਕਹਿ ਕੇ ਚਲੇ ਗਏ ਪਰ ਗੋਬਿੰਦ ਰਾਇ ਜੀ ਨੇ ਸਾਰੇ ਬੱਚਿਆਂ ਨੂੰ ਕਹਿ ਦਿੱਤਾ ਕਿ ਤੁਸੀਂ ਨਵਾਬਾਂ ਨੂੰ ਸਲਾਮ ਨਹੀਂ ਕਰਨੀ ਬਲਕਿ ਉਨ੍ਹਾਂ ਦਾ ਮੂੰਹ ਚਿੜਾਉਣਾ। ਸਾਰੇ ਬੱਚਿਆਂ ਨੇ ਇਸੇ ਤਰ੍ਹਾਂ ਕੀਤਾ। ਨਵਾਬ ਇੰਨੀ ਨਿਡਰਤਾ ਵੇਖਕੇ ਹੈਰਾਨ ਹੋਏ ਅਤੇ ਖੁਸ਼ ਵੀ, ਕਿਉਂਕਿ ਉਨ੍ਹਾਂ ਨੇ ਬਾਲਾ ਪ੍ਰੀਤਮ ਬਾਰੇ ਪਹਿਲਾਂ ਵੀ ਬਹੁਤ ਸਾਰੀਆਂ ਅਨੋਖੀਆਂ ਘਟਨਾਵਾਂ ਬਾਰੇ ਸੁਣਿਆ ਹੋਇਆ ਸੀ। ਇਹ ਗੁਰੂ ਪਰਿਵਾਰ ਦੇ ਬਹੁਤ ਹੀ ਸ਼ਰਧਾਲੂ ਬਣੇ।1 ਜਦੋਂ ਗੋਬਿੰਦ ਰਾਇ ਜੀ ਪਟਨੇ ਤੋਂ ਅਨੰਦਪੁਰ ਨੂੰ ਆਉਣ ਲੱਗੇ ਤਾਂ ਰਹੀ ਬਖ਼ਸ਼ ਨੇ ਬੇਨਤੀ ਕੀਤੀ ਕਿ ਆਪ ਦਾ ਦੀਦਾਰ ਮੈਨੂੰ ਵੀ ਹੋਣਾ ਚਾਹੀਦਾ ਹੈ ਤਾਂ ਬਚਨ ਹੋਇਆ ਨਮਾਜ਼ ਪੜ੍ਹਨ ਸਮੇਂ ਤੈਨੂੰ ਦਰਸ਼ਨ ਹੋਇਆ ਕਰੇਗਾ।[2]

### 2.4. ਸ਼ਰਧਾਲੂ ਮੁਸਲਮਾਨ, ਸ਼ਹੀਦ :-

**ਸੈਦਾ ਬੇਗ** : ਸੈਦਾ ਬੇਗ ਇਕ ਮੁਗ਼ਲ ਸਰਦਾਰ ਸੀ। ਡਾ. ਮੁਹੰਮਦ ਹਬੀਬ *ਪੰਜਾਬ ਕੋਸ਼* ਦੇ ਹਵਾਲੇ ਨਾਲ ਲਿਖਦੇ ਹਨ ਕਿ ਇਹ ਪਹਾੜੀ ਰਾਜਿਆਂ ਦੇ ਉਕਸਾਉਣ ਨਾਲ ਅਲਫ਼ ਖ਼ਾਨ ਨੂੰ ਨਾਲ ਲੈ ਕੇ ਗੁਰੂ ਜੀ ਵਿਰੁੱਧ ਜੰਗ ਕਰਨ ਲਈ ਆਇਆ ਸੀ। ਇਨ੍ਹਾਂ ਕੋਲ ਤਕਰੀਬਨ ਪੰਜ ਹਜ਼ਾਰ ਸੈਨਾ ਸੀ। ਇਨ੍ਹਾਂ ਦਾ ਯੁੱਧ ਗੁਰੂ ਜੀ ਨਾਲ ਚਮਕੌਰ ਸਾਹਿਬ ਕੋਲ ਉਦੋਂ ਹੋਇਆ, ਜਦੋਂ ਗੁਰੂ ਜੀ ਕਲੋਰ ਆਦਿਕ ਪਿੰਡਾਂ ਵਿਚ ਵਿਚਰਦੇ ਹੋਏ ਚਮਕੌਰ ਕੋਲ ਪਹੁੰਚੇ ਸਨ। ਘਮਸਾਨ ਦਾ ਜੰਗ ਹੋਇਆ, ਪਰੰਤੂ ਸੈਦਖ਼ਾਨ ਵਾਂਗ ਸੈਦਾ ਬੇਗ ਵੀ ਗੁਰੂ ਜੀ ਦੇ ਦਰਸ਼ਨ ਕਰਦੇ ਹੀ ਉਨ੍ਹਾਂ ਦੀ ਬਹਾਦਰੀ ਅਤੇ ਰੂਹਾਨੀਅਤ ਦਾ ਕਾਇਲ ਹੋ ਗਿਆ ਅਤੇ ਜੰਗ ਦੇ ਦੌਰਾਨ ਹੀ ਗੁਰੂ ਜੀ ਦੀ ਨਾ ਸਿਰਫ ਸ਼ਰਨ ਹੀ ਲੈ ਲਈ, ਬਲਕਿ ਗੁਰੂ ਜੀ ਵਲੋਂ ਮੁਗ਼ਲ ਸੈਨਾ ਦੇ ਵਿਰੁੱਧ ਬਹੁਤ ਭਾਰੀ ਜੰਗ ਕੀਤੀ।[3] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਗੁਰੂ ਸਾਹਿਬ ਦੀ ਫ਼ੌਜ ਵਲੋਂ ਲੜ ਕੇ ਜੰਗ ਵਿਚ ਸ਼ਹੀਦ ਹੋਇਆ।[4]

**ਬੁੱਧੂ ਸ਼ਾਹ, ਪੀਰ** : ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮੁਸਲਮਾਨ ਸ਼ਰਧਾਲੂ। ਸਢੌਰੇ (ਜਿਲ੍ਹਾ ਅੰਬਾਲਾ) ਦਾ ਰਹਿਣ

---

1 ਗਿ. ਭਗਵਾਨ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਹਮਦਰਦ ਮੁਸਲਮਾਨ, ਪੰਨੇ 23-25.

2 ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 771.

3 ਮੁਹੰਮਦ ਹਬੀਬ, ਜਸਪਾਲ ਕੌਰ, ਸਿੱਖ ਧਰਮ ਨਾਲ ਸੰਬੰਧਿਤ ਸਤਿਕਾਰਿਤ ਮੁਸਲਿਮ ਸ਼ਖਸੀਅਤਾਂ, ਪੰਨਾ168.

4 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 229.

ਵਾਲਾ ਇਕ ਮੁਸਲਮਾਨ ਪੀਰ, ਜਿਸ ਦਾ ਅਸਲ ਨਾਂ ਸੈਯਦ ਸ਼ਾਹ ਬਦਰੁੰਦੀਨ ਸੀ। ਇਸ ਨੇ ਗੁਰੂ ਗੋਬਿੰਦ ਸਿੰਘ ਪਾਸ ਬੇਨਤੀ ਕਰਕੇ ਪੰਜ ਸੌ ਪਠਾਣ ਨੌਕਰ ਰੱਖਵਾਏ ਸਨ, ਜਿਨ੍ਹਾਂ ਦੇ ਚਾਰ ਮੁੱਖ ਸਰਦਾਰ ਕਾਲਾ ਖ਼ਾਨ, ਭੀਕਨਖ਼ਾਨ, ਨਿਜ਼ਾਬਤਖ਼ਾਨ ਅਤੇ ਹਯਾਤਖ਼ਾਨ ਸਨ। ਇਨ੍ਹਾਂ ਵਿੱਚੋਂ ਕਾਲਾਖ਼ਾਨ ਨਮਕ ਹਰਾਮ ਨਹੀਂ ਹੋਇਆ, ਬਾਕੀ ਤਿੰਨ ਸਰਦਾਰ ਸਵਾਰਾਂ ਸਮੇਤ ਗੁਰੂ ਸਾਹਿਬ ਨੂੰ ਭੰਗਾਣੀ ਦੀ ਜੰਗ ਸਮੇਂ ਛੱਡ ਕੇ ਧੋਖਾ ਦੇ ਗਏ ਸਨ। ਜਦ ਪਠਾਣ ਸਰਦਾਰ ਨਮਕ ਹਰਾਮ ਹੋ ਕੇ ਵੈਰੀਆਂ ਨਾਲ ਮਿਲ ਗਏ, ਤਦ ਬੁੱਧੂ ਸ਼ਾਹ ਆਪਣੇ ਚਾਰ ਪੁੱਤਰ ਅਤੇ ਸੱਤ ਸੌ ਮੁਰੀਦ ਲੈ ਕੇ ਦਸਮੇਸ਼ ਜੀ ਦੀ ਸਹਾਇਤਾ ਲਈ ਭੰਗਾਣੀ ਦੇ ਜੰਗ ਵਿੱਚ ਪੁੱਜਾ, ਜਿੱਥੇ ਇਸ ਦੇ ਦੋ ਪੁੱਤਰ ਅਤੇ ਬਹੁਤ ਮੁਰੀਦ ਸ਼ਹੀਦ ਹੋਏ, ਜੰਗ ਦੀ ਸਮਾਪਤੀ ਪੁਰ ਕਲਗੀਧਰ ਨੇ ਆਪਣੀ ਦਸਤਾਰ ਕੰਘੇ ਸਹਿਤ ਜਿਸ ਵਿੱਚ ਵਾਹੇ ਹੋਏ ਕੇਸ ਵੀ ਸਨ, ਅਰ ਛੋਟੀ ਕ੍ਰਿਪਾਨ ਬੁੱਧੂ ਸ਼ਾਹ ਨੂੰ ਹੁਕਮਨਾਮੇ ਸਮੇਤ ਬਖਸ਼ੀ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਸਹਾਇਤਾ ਦੇਣ ਦਾ ਅਪਰਾਧ ਲਾ ਕੇ ਸਰਦਾਰ ਆਸਮਾਨਖ਼ਾਨ ਹਾਕਮ ਸਢੌਰਾ ਨੇ ਪੀਰ ਬੁੱਧੂ ਸ਼ਾਹ ਨੂੰ ਕਤਲ ਕਰਵਾ ਦਿੱਤਾ। ਇਸ ਵਾਸਤੇ ਬੰਦਾ ਸਿੰਘ ਬਹਾਦਰ ਨੇ ਸੰਮਤ 1766 ਬਿ. ਵਿੱਚ ਸਢੌਰਾ ਫਤਹਿ ਕਰਕੇ ਆਸਮਾਨਖ਼ਨ ਨੂੰ ਫਾਂਸੀ ਲਟਕਾਇਆ।[1] ਖ਼ਾਲਸਾ ਟ੍ਰੈਕਟ ਸੁਸਾਇਟੀ ਨੇ *ਗੁਰਸਿੱਖ ਵਾੜੀ* ਵਿਚ ਬਹੁਤ ਸੁੰਦਰ ਕਵਿਤਾ ਰਾਹੀਂ ਪੀਰ ਬੁੱਧੂ ਸ਼ਾਹ ਦਾ ਹਾਲ ਬਿਆਨ ਕੀਤਾ ਹੈ –

ਕਲਗੀਧਰ ਦੀ ਸੇਵਾ ਖਾਤਰ ਪੰਜ ਕੁ ਸੌ ਸਿਪਾਹੀ।
ਦੋ ਫ਼ਰਜ਼ੰਦਾਂ ਦੀ ਕਰ ਤਾਬੇ ਆਪ ਜੁ ਭੇਜੇ ਆਹੀ।...
...ਲੜ ਭਿੜ ਆਹੂ ਲਾਹ ਬਤੇਰੇ ਅੰਤ ਸ਼ਹਾਦਤ ਪਾਈ।
ਦੁਨੀਆਂ ਵੱਲੋਂ ਰੁਖ਼ਸਤ ਹੁੰਦਿਆਂ ਰੱਤੀ ਢਿੱਲ ਨ ਲਾਈ।[2]

## 2.5. ਸ਼ਰਧਾਲੂ ਕਾਰੀਗਰ :-

**ਜੁਆਲਾ ਸਿੰਘ :** ਜੁਆਲਾ ਸਿੰਘ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਗੁਰੂ ਘਰ ਦਾ ਸ਼ਰਧਾਲੂ ਸਿੱਖ ਬਣਿਆ ਸੀ।

---

1 ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 882.

2 ਖਾਲਸਾ ਟ੍ਰੈਕਟ ਸੁਸਾਇਟੀ, ਗੁਰਸਿੱਖ ਵਾੜੀ, ਪੰਨੇ 242-243.

ਇਹ ਮੋਹੀ ਪਿੰਡ ਦਾ ਰਹਿਣ ਵਾਲਾ ਇਕ ਲੋਹਾਰ ਸੀ, ਜੋ ਕਿ ਤਰਖਾਣਾਂ ਦਾ ਕੰਮ ਕਰਦਾ ਸੀ। ਜਦੋਂ ਗੁਰੂ ਸਾਹਿਬ ਚਮਕੌਰ ਦੀ ਜੰਗ ਤੋਂ ਬਾਅਦ ਰਾਇਕੋਟ ਵੱਲ ਗਏ ਸਨ। ਉਨ੍ਹਾਂ ਦੇ ਹੱਥ ਦੀ ਉਂਗਲ ਵਿਚ ਇਕ ਮੁੰਦਰੀ ਪਾਈ ਹੋਈ ਸੀ। ਹੱਥ ਦੀਆਂ ਉਂਗਲਾਂ ਦੇ ਸੁਜਣ ਕਾਰਨ ਇਹ ਮੁੰਦਰੀ ਉਂਗਲ ਵਿਚ ਧੱਸ (ਖੁਬ) ਗਈ ਸੀ। ਭਾਈ ਧਰਮ ਸਿੰਘ ਨੇ ਮੋਹੀ ਪਿੰਡ ਦੇ ਲੋਹਾਰ ਜੁਆਲਾ ਸਿੰਘ ਨੂੰ ਬੁਲਾ ਕੇ ਗੁਰੂ ਸਾਹਿਬ ਦੀ ਮੁੰਦਰੀ ਕਟਵਾਈ ਸੀ। ਗੁਰੂ ਸਾਹਿਬ ਨੇ ਜੁਆਲਾ ਸਿੰਘ ਨੂੰ ਸੋਨੇ ਦੀ ਇਹ ਮੁੰਦਰੀ ਦੇ ਕੇ ਆਸ਼ੀਰਬਾਦ ਬਖਸ਼ਿਆ। ਜੁਆਲਾ ਸਿੰਘ ਨੇ ਆਪਣੇ ਮਨ ਵਿਚ ਗੁਰੂ ਸਾਹਿਬ ਨੂੰ ਕੁਝ ਭੇਟਾ ਕਰਨ ਲਈ ਸੋਚਿਆ। ਬੇਨਤੀ ਕੀਤੀ ਗੁਰੂ ਜੀ ਕੁਝ ਸਮਾਂ ਰੁਕੋ ਮੈਂ ਹੁਣੇ ਆਇਆ, ਤਾਂ ਜੁਆਲਾ ਸਿੰਘ ਨੇ ਆਪਣੇ ਹੱਥੀਂ ਤਿਆਰ ਕੀਤਾ ਇਕ ਲੋਟਾ ਜਿਸ ਵਿਚ ਇਕ ਸੌ ਅਠਾਨਵੇਂ ਛੇਕ ਸਨ, ਭੇਟ ਕੀਤਾ। ਇਸ ਲੋਟੇ ਦੀ ਕਮਾਲ ਇਹ ਸੀ ਕਿ ਇਸ ਵਿਚ ਦੁੱਧ ਜਾਂ ਪਾਣੀ ਪਾਉ ਤਾਂ ਇਕ ਬੂੰਦ ਵੀ ਨਹੀਂ ਨਿਕਲਦੀ ਸੀ ਪਰ ਜੇ ਰੇਤ ਪਾਉ ਤਾਂ ਸਾਰੀ ਨਿਕਲ ਜਾਂਦੀ ਸੀ। ਕਹਿੰਦੇ ਹਨ ਕਿ ਇਹੀ ਲੋਟਾ (ਗੰਗਾ ਸਾਗਰ) ਗੁਰੂ ਸਾਹਿਬ ਨੇ ਆਪਣੇ ਸਿੱਖ ਰਾਇਕੋਟ ਦੇ ਭਾਈ ਰਾਇਕੱਲ੍ਹਾ ਨੂੰ ਆਸ਼ੀਰਬਾਦ ਵਜੋਂ ਬਖਸ਼ਿਆ।[1]

**ਦੇਸੂ ਸਿੰਘ ਆਗੜੀਆ** : ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖ, ਜੋ ਕਿ ਦੀਨਾ ਪਿੰਡ ਦਾ ਰਹਿਣ ਵਾਲਾ ਇਕ ਤਰਖਾਣ ਸੀ। ਇਹ ਆਪਣੇ ਭਰਾ ਹਰਦਿੱਤ ਸਿੰਘ ਦੇ ਨਾਲ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ। ਜਦੋਂ ਗੁਰੂ ਸਾਹਿਬ ਮਾਛੀਵਾੜੇ ਤੋਂ ਹੁੰਦੇ ਹੋਏ ਰਾਇਕੋਟ ਤੋਂ ਦੀਨਾ ਪਹੁੰਚੇ ਤਾਂ ਇਹ ਸੇਵਾ ਵਿਚ ਹਾਜ਼ਰ ਹੋਏ। ਗੁਰੂ ਸਾਹਿਬ ਦੇ ਚਰਨ ਇੰਨੇ ਸੁਜ ਗਏ ਸਨ ਕਿ ਘੋੜੇ ਦੀ ਰਕਾਬ ਵਿਚ ਪੈਰ ਨਹੀਂ ਸੀ ਪੈਂਦਾ। ਇਹ ਗੁਰੂ ਸਾਹਿਬ ਨੂੰ ਆਪਣੇ ਰੱਥ ਵਿਚ ਬਿਠਾ ਕੇ ਘਰ ਲੈ ਗਏ। ਗੁਰੂ ਸਾਹਿਬ ਨੇ ਇਨ੍ਹਾਂ ਦੇ ਚੁਬਾਰੇ ਵਿਚ ਰਹਿਣ ਲਈ ਹਾਂ ਕਰ ਦਿੱਤੀ। ਇਸ ਪਿੰਡ ਵਿਚ ਲੰਗਰ ਦੀ ਸੇਵਾ ਇਥੋਂ ਦੇ ਚੌਧਰੀ ਸ਼ਮੀਰ ਨੇ ਲੈ ਲਈ।[2] ਗਿਆਨੀ ਗਿਆਨ ਸਿੰਘ ਅਨੁਸਾਰ ਦੀਨੇ ਪਿੰਡ ਵਿਚ ਹੀ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਤੇ ਭਾਈ ਦਇਆ ਸਿੰਘ ਨੂੰ ਦਿੱਲੀ ਭੇਜਿਆ ਸੀ –

---

1 ਕੇਹਰ ਸਿੰਘ ਮਠਾਰੂ, ਕਿਰਤੀ ਸੂਰਮੇ, ਪੰਨੇ 510, 517.

2 *ਉਹੀ,* ਪੰਨੇ 529-31.

ਦੀਨੇ ਕੇ ਹੀ ਬੈਠ ਗੁਰ ਬੈਂਤਾਂ ਲਿਖੀ ਵਿਚਾਰ।

ਕਿਛ ਜੰਗ ਕਿਛ ਨਸੀਹਤ ਉਲਾਂਭੇ ਹਕੀਕਤ ਡਾਰ।[1]

**ਨੱਥੂ ਰਾਮ ਚਾਨਾ** : ਇਹ ਗੁਰੂ ਘਰ ਦਾ ਸ਼ਰਧਾਲੂ ਸਿੱਖ ਸੀ। ਨੱਥੂ ਰਾਮ ਚਾਨਾ ਪਿੰਡ ਘੁਲ੍ਹਾਲ ਦੇ ਰਹਿਣ ਵਾਲੇ ਸਨ। ਇਹ ਸੂਬਾ ਸਰਹਿੰਦ ਦੇ ਸ਼ਾਹੀ ਕਾਰਖਾਨੇ ਵਿਚ ਹਥਿਆਰ ਬਣਾਉਣ ਦਾ ਕੰਮ ਕਰਦਾ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਤੋਂ ਮਾਛੀਵਾੜੇ ਹੁੰਦੇ ਹੋਏ ਗਨੀ ਖ਼ਾਂ ਤੇ ਨਬੀ ਖ਼ਾਂ ਨਾਲ ਇਕ ਥੇਹ 'ਤੇ ਬਿਰਾਜਮਾਨ ਹੋਏ ਤਾਂ ਇਲਾਕੇ ਦੀਆਂ ਸੰਗਤਾਂ ਦਰਸ਼ਨਾਂ ਨੂੰ ਆਈਆਂ। ਨੱਥੂ ਰਾਮ ਵੀ ਘਰ ਆਇਆ ਹੋਇਆ ਸੀ। ਜਦੋਂ ਇਸ ਨੂੰ ਗੁਰੂ ਸਾਹਿਬ ਦਾ ਪਤਾ ਲਗਿਆ ਤਾਂ ਦੋ ਤਲਵਾਰਾਂ, ਇਕ ਕਮਾਨ, ਦੋ ਪਿਸਤੌਲ ਅਤੇ ਬਾਈ ਤੀਰ ਗੁਰੂ ਸਾਹਿਬ ਦੀ ਭੇਟਾ ਕੀਤੇ।[2]

## 2.6. ਸ਼ਰਧਾਲੂ ਕਵੀ :-

**ਆਢਾ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਾਲਵੇ ਦਾ ਇਕ ਸ਼ਰਧਾਲੂ ਕਵੀ। ਜਦੋਂ ਗੁਰੂ ਸਾਹਿਬ ਮਾਲਵੇ ਦੇ ਲੱਖੀ ਜੰਗਲ ਵਿਚ ਆਏ ਤਾਂ ਆਢਾ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਇਸ ਨੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੁਝ ਛੰਦ ਸੁਣਾਏ। ਇਹ ਗੁਰੂ ਸਾਹਿਬ ਨਾਲ ਦੱਖਣ ਵੱਲ ਵੀ ਗਿਆ।[3]

**ਕਾਂਸ਼ੀ ਰਾਮ** : ਕਾਂਸ਼ੀ ਰਾਮ ਕਵੀ ਦਾ ਨਾਮ ਦਰਬਾਰੀ ਕਵੀਆਂ ਦੀ ਸੂਚੀ ਵਿਚ ਨਹੀਂ ਮਿਲਦਾ। ਇਹ ਜਾਤ ਦਾ ਸਕਸੇਨਾ ਕਾਇਸਥ ਸੀ ਤੇ ਇਸ ਦਾ ਜਨਮ 1715 ਬਿ. (1658 ਈ.) ਵਿਚ ਹੋਇਆ। ਪਹਿਲੇ ਇਹ ਔਰੰਗਜ਼ੇਬ ਦੇ ਸੂਬੇਦਾਰ ਨਿਆਮਤ ਖ਼ਾਂ ਪਾਸ ਵੀ ਕੁਝ ਸਮਾਂ ਰਿਹਾ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਵਿਖੇ ਸਾਹਿਤ ਦੀ ਜੋਤ ਜਗਾਈ ਤਾਂ ਜੋ ਕਵੀ ਪਰਵਾਨੇ ਇਧਰ ਆਏ, ਉਨ੍ਹਾਂ ਵਿਚ ਕਾਂਸ਼ੀ ਰਾਮ ਵੀ ਸੀ। ਸਿੱਖ ਇਤਿਹਾਸ ਵਿਚ ਇਹ ਵੀ ਮਿਲਦਾ ਹੈ ਕਿ ਪੰਡਿਤ ਸ਼ਿਵ ਦਾਸ ਦੇ ਸੱਦੇ 'ਤੇ ਕਾਂਸ਼ੀ ਰਾਮ ਬਨਾਰਸ ਤੋਂ ਆਇਆ ਸੀ, ਇਸ ਨੇ ਇਹ ਮਨ ਵਿਚ ਧਾਰੀ ਕਿ ਜੇਕਰ ਗੁਰੂ ਸ਼ਕਤੀਮਾਨ ਹੈ ਤਾਂ ਮੈਨੂੰ ਦੁਰਗਾ ਸਪਤਸ਼ਤੀ ਵਿਚੋਂ ਦੁਰਗਾ ਮਹਿਮਾ ਦਾ

---

1 ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼, ਪੰਨਾ 13.

2 ਕੇਹਰ ਸਿੰਘ ਮਠਾਰੂ, ਕਿਰਤੀ ਸੂਰਮੇ, ਪੰਨੇ 504-5.

3 ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਹਿਤ ਦਰਬਾਰ, ਪੰਨਾ 240.

ਭਾਸ਼ਨੁਵਾਦ ਸੁਣਾਵੇ ਤੇ ਕਾਬਲੀ ਮੇਵੇ ਛਕਾਵੇ, ਐਸਾ ਹੀ ਹੋਇਆ। ਗੁਰੂ ਸਾਹਿਬ ਨੇ ਤ੍ਰਿਭੰਗੀ ਛੰਦਾਂ ਦੀ ਕਵਿਤਾ ਸੁਣਾਈ। ਇਹ ਕਵਿਤਾ ਸੁਣ ਕੇ ਕਾਂਸ਼ੀ ਰਾਮ ਗੁਰੂ ਜੀ ਦੀ ਓਜਮਈ ਕਾਵਿ ਕਲਾ ਦਾ ਸ਼ੈਦਾਈ ਹੋ ਗਿਆ। ਇਸ ਨੇ 1747 ਬਿ. ਵਿਚ ਅਨੰਦਪੁਰ ਆ ਕੇ 'ਪਾਂਡਵ ਗੀਤਾ' ਲਿਖੀ।[1]

**ਭੋਜਰਾਜ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਕਵੀ। ਇਹ ਪ੍ਰਸਿੱਧ ਕਵੀ ਲੱਖਣ ਰਾਇ ਦਾ ਸਕਾ ਵੱਡਾ ਭਰਾ ਸੀ, ਇਸੇ ਦੀ ਪ੍ਰੇਰਨਾ 'ਤੇ ਲੱਖਣ ਨੇ 'ਹਿਤੋਪਦੇਸ' ਦਾ ਅਨੁਵਾਦ ਕੀਤਾ ਸੀ। ਪਰ ਇਸ ਦੀ ਕੋਈ ਵੀ ਰਚਨਾ ਨਹੀਂ ਮਿਲਦੀ।[2]

## 2.7. **ਸ਼ਰਧਾਲੂ ਕਾਤਬ** :-

**ਪਾਖਰ ਮੱਲ** : ਪਾਖਰ ਮੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਕਾਤਬ ਸੀ। ਇਹ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸਿੱਖ ਚੌਧਰੀ ਲੰਗਾਹ ਢਿੱਲੋਂ ਦਾ ਪੋਤਰਾ ਸੀ। ਉਹ ਝਬਾਲ ਦਾ ਰਹਿਣ ਵਾਲਾ ਸੀ। ਪਾਖਰ ਮੱਲ ਨੇ ਸੰਮਤ 1745 ਬਿ. (1688 ਈ.) ਤਰਨਤਾਰਨ ਵਾਲੀ ਬੀੜ ਲਿਖੀ –

ੴ ਸੰਮਤ 1745 ਮਾਘ ਸੁਦੀ ਗਰੰਥ ਲਿਖਿਆ ਪੂਰਨ ਹੋਇਆ।

ਲਿਖਾਰੀ ਪਾਖਰ ਮਲ ਢਿਲੋ ਵਾਸੀ ਖਾਰਾ ਚਬਾਲ (ਝਬਾਲ) ਪੋਤ੍ਰਾ ਲੰਗਾਹ ਕਾ।[3]

**ਫਤੇ ਚੰਦ** : ਫਤੇ ਚੰਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਕਾਤਬ ਸਿੱਖ ਸੀ। ਉਸ ਨੇ ਸੰਮਤ 1748 ਬਿ. (1691 ਈ.) ਵਿਚ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਲਿਖੀ ਜੋ ਤਖ਼ਤ ਪਟਨਾ ਸਾਹਿਬ ਵਿਖੇ ਸੁਰਖਿਅਤ ਹੈ। ਇਸੇ ਬੀੜ ਤੋਂ ਸੰਮਤ 1749 ਬਿ. (1692 ਈ.) ਵਿਚ ਕਾਤਬ ਰਾਮਰਾਇ ਨੇ ਉਤਾਰਾ ਕੀਤਾ, ਜੋ ਸੁਭਾਗ ਵਸ ਉਹ ਵੀ ਉੱਥੇ ਹੀ ਸਾਂਭਿਆ ਹੋਇਆ ਹੈ।[4]

---

1 ਪਿਆਰਾ ਸਿੰਘ ਪਦਮ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨੇ 108-9.

2 *ਉਹੀ*, ਪੰਨਾ 96.

3 ਮੁਹੱਬਤ ਸਿੰਘ, ਖੋਜ-ਪੱਤਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਨਤਾ ਤੇ ਸੰਗੀਤ ਪ੍ਰਬੰਧ, ਪ੍ਰੋਸ਼ੀਡਿੰਗਜ਼।

4 *ਉਹੀ।*

## ਅਧਿਆਇ ਚੌਥਾ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਦਾ ਬਹੁਪੱਖੀ ਯੋਗਦਾਨ

ਸਿੱਖ ਧਰਮ ਗ੍ਰਿਹਸਤੀਆਂ, ਸੰਤ ਸਿਪਾਹੀਆਂ, ਮਰਜੀਵੜਿਆਂ ਅਤੇ ਵਿਦਵਾਨਾਂ ਦਾ ਧਰਮ ਹੈ। ਇਸ ਧਰਮ ਦਾ ਹਰ ਸਿੱਖ ਕਿਸੇ ਨਾ ਕਿਸੇ ਰੂਪ ਵਿਚ ਗਿਆਨ, ਕਰਮ ਅਤੇ ਭਗਤੀ ਦੇ ਸੁਮੇਲ ਵਾਲੇ ਕਿਰਦਾਰ ਦਾ ਮਾਲਕ ਹੈ। ਸਿੱਖ ਧਰਮ ਵਿਚ ਜਿੱਥੇ ਭਗਤੀ ਸਿੱਖ ਨੂੰ ਸੰਤ ਤੇ ਸਿਪਾਹੀ ਬਣਾਉਂਦੀ ਹੈ, ਉੱਥੇ ਕਰਮ ਉਸ ਨੂੰ ਕਿਰਤੀ ਅਤੇ ਗਿਆਨ ਇਕ ਵਿਦਵਾਨ ਬਣਾਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਦਾ ਬਖਸ਼ਿਆ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸਿਧਾਂਤ ਸਿੱਖ ਦੇ ਜੀਵਨ-ਮਾਰਗ ਨੂੰ ਹੋਰ ਰੁਸ਼ਨਾਉਂਦਾ ਹੈ। ਗੁਰਮਤਿ ਦਾ ਧਾਰਨੀ ਸਿੱਖ ਗੁਰੂ ਸਾਹਿਬਾਨ ਦੀ ਦੱਸੀ ਰਹਿਤ ਵਿਚ ਪਰਿਪੱਕ ਰਹਿੰਦਾ ਹੋਇਆ ਸਮਾਜ ਵਿਚ ਆਪਣਾ ਚੰਗਾ ਜੀਵਨ ਬਤੀਤ ਕਰਦਾ ਹੈ। ਉਸ ਲਈ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਦੱਸੇ ਧਾਰਮਿਕ ਮਾਰਗ ਵਿਚ ਕੋਈ ਭਿੰਨ ਭੇਦ ਨਹੀਂ, ਕਿਉਂਕਿ ਇਹ ਧਰਮ ਅੰਤਰੀਵ ਆਤਮਾ ਨਾਲ ਸੰਬੰਧਿਤ ਹੈ ਜੋ ਕਿ ਖ਼ਾਲਸੇ ਦੀ ਅੰਦਰਲੀ ਅਤੇ ਬਾਹਰਲੀ ਰਹਿਤ ਦਾ ਸੁਮੇਲ ਹੈ। ਬਾਹਰਲੀ ਵਰਦੀ ਉਸ ਦੀ ਅੰਦਰਲੀ ਰਹਿਤ ਨੂੰ ਪ੍ਰਗਟ ਕਰਦੀ ਹੈ ਤੇ ਅੰਦਰਲੀ ਰਹਿਤ ਦਾ ਪ੍ਰਗਟਾਵਾ ਬਾਹਰੀ ਸਰੂਪ ਹੈ। ਖ਼ਾਲਸੇ ਦੇ ਹੱਥ ਵਿਚ ਧਰਮ ਦੀ ਤਲਵਾਰ ਹੈ, ਜੋ ਪਰਮਾਤਮਾ ਦੀ ਬਖ਼ਸ਼ੀ ਸਾਬਤ ਸੂਰਤ ਨੂੰ ਕਾਇਮ ਰੱਖਦੀ ਹੈ। ਖ਼ਾਲਸਾ ਸੰਤ ਤੇ ਸਿਪਾਹੀ ਹੈ ਜਿਹੜਾ ਅਨਿਆਂ ਨਾਲ ਟੱਕਰ ਲੈ ਕੇ ਨੀਵਿਆਂ ਤੇ ਨਿਤਾਣਿਆਂ ਦੀ ਰੱਖਿਆ ਕਰਦਾ ਹੋਇਆ ਧਰਮ ਦੀ ਖਾਤਰ ਜੀਉਂਦਾ ਅਤੇ ਲੜ ਮਰਦਾ ਹੈ।

ਗੁਰੂ ਸਾਹਿਬਾਨ ਜਿਸ ਇਲਾਕੇ ਵਿਚ ਵੀ ਰਹਿੰਦੇ ਸਨ, ਉੱਥੇ ਸਿੱਖਾਂ ਦੀ ਬਹੁ-ਗਿਣਤੀ ਹੋ ਜਾਂਦੀ ਸੀ। ਇਸ ਕਰਕੇ ਗੁਰੂ ਸਾਹਿਬ ਦੇ ਸਿੱਖ ਦੂਰ-ਦੂਰ ਤਕ ਫੈਲੇ ਹੋਏ ਸਨ, ਨਾ ਕੇਵਲ ਭਾਰਤ ਵਿਚ, ਸਗੋਂ ਬਾਹਰਲੇ ਦੇਸਾਂ ਵਿਚ ਵੀ, ਕਿਉਂਕਿ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਸਮੇਂ ਬਹੁਤ ਦੂਰ-ਦੂਰ ਤੱਕ ਗਏ ਸਨ। ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਵੱਖ-ਵੱਖ ਜਾਤਾਂ, ਧਰਮਾਂ ਤੇ ਕਿੱਤਿਆਂ ਦੇ ਲੋਕਾਂ ਵਿਚੋਂ

ਸਿੱਖਾਂ ਦੀ ਸਥਾਨਕ ਗਿਣਤੀ ਵਿਚ ਬਹੁਤ ਵਾਧਾ ਹੋ ਗਿਆ ਸੀ ਅਤੇ ਇਹ ਸਿੱਖ ਗੁਰੂ-ਘਰ ਦੀ ਸੇਵਾ ਲਈ ਤਨ, ਮਨ ਤੇ ਧਨ ਨਾਲ ਖੁਲ੍ਹੇ ਦਿਲੋਂ ਸੇਵਾ ਕਰਦੇ ਸਨ। ਇਸ ਬਾਰੇ ਮੈਕਲੋਡ ਲਿਖਦਾ ਹੈ - ਕਿ ਸਭ ਸਿੱਖ ਗੁਰੂ ਸਾਹਿਬ ਦੇ ਇਕ ਇਸ਼ਾਰੇ ਉੱਤੇ ਹਰ ਕੁਰਬਾਨੀ ਦੇਣ ਨੂੰ ਤਿਆਰ ਸਨ, ਭਾਵੇਂ ਉਹ ਖੱਤ੍ਰੀ ਸਨ ਜਾਂ ਜੱਟ, ਉਦਾਸੀ ਸਨ ਜਾਂ ਗ੍ਰਿਹਸਤੀ, ਮਰਦ ਸਨ ਜਾਂ ਔਰਤਾਂ ਗੁਰੂ ਦੀ ਸੇਵਾ ਸਭ ਪ੍ਰਕਾਰ ਦੇ ਸਿੱਖਾਂ ਨੂੰ ਪਿਆਰੀ ਸੀ।[1]

ਸੋਲ੍ਹਵੀਂ ਸਦੀ ਦਾ ਸਮਾਂ ਰਾਜਨੀਤਿਕ ਭੇੜ ਅਤੇ ਸਮਾਜਿਕ ਅਧੋਗਤੀ ਦਾ ਸਮਾਂ ਸੀ। ਮੁਗ਼ਲ ਰਾਜਿਆਂ ਦੇ ਜ਼ੁਲਮ ਦਿਨ-ਬ-ਦਿਨ ਵਧ ਰਹੇ ਸਨ। ਜ਼ੁਲਮੀ ਰਾਜਿਆਂ ਦੇ ਅੱਤਿਆਚਾਰਾਂ ਤੋਂ ਅਤਿਅੰਤ ਪੀੜਤ ਤੇ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੇ ਅਤੇ ਬੇਬਸ ਹੋਏ ਲੋਕ ਸਦਾਚਾਰਕ ਤੌਰ ’ਤੇ ਵੀ ਗਿਰ ਰਹੇ ਸਨ। ਮੁਗ਼ਲੀਆ ਸਲਤਨਤ ਦੇ ਡਰ ਕਾਰਨ ਬਹੁਤੇ ਲੋਕ ਆਪਣੇ ਧਰਮ ਨੂੰ ਛੱਡ ਕੇ ਮੁਸਲਮਾਨੀ ਮੱਤ ਵਿਚ ਸ਼ਾਮਲ ਹੋ ਰਹੇ ਸਨ। ਇਸ ਤਰ੍ਹਾਂ ਦੇ ਬਿਖੜੇ ਸਮੇਂ ਵਿਚ ਕੋਈ ਮਹਾਨ ਵਿਅਕਤੀ ਹੀ ਉਨ੍ਹਾਂ ਦੁਖੀ ਲੋਕਾਂ ਦੀ ਪੁਕਾਰ ਸੁਣ ਕੇ ਉਨ੍ਹਾਂ ਦੇ ਧਾਰਮਿਕ, ਸਮਾਜਿਕ ਅਤੇ ਸਦਾਚਾਰਕ ਸਰੋਕਾਰਾਂ ਨੂੰ ਬਚਾ ਸਕਦਾ ਸੀ। ਅਜਿਹੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ। ਗੁਰੂ ਨਾਨਕ ਦੇਵ ਜੀ ਭਗਤੀ ਲਹਿਰ ਦੇ ਸਿਖਰ ਸਨ ਅਤੇ ਇਨ੍ਹਾਂ ਦੀ ਜੋਤਿ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਇਕ ਜੁੱਗ ਪਲਟਾਊ ਮਹਾਨ ਵਿਅਕਤੀ ਹੋ ਕੇ ਪ੍ਰਗਟੀ। ਇਸ ਨੇ ਗੁਰੂ ਨਾਨਕ ਦੇਵ ਦੀ ਸਿੱਖੀ ਨੂੰ ਇਕ ਨਵਾਂ ਰੂਪ ਪ੍ਰਦਾਨ ਕੀਤਾ। ਗੁਰੂ ਜੀ ਨੇ ਆਪਣੇ ਸਾਜੇ ਸਿੱਖ ਨੂੰ ਸਿੰਘ ਅਥਵਾ ਸ਼ੇਰ ਬਣਾਇਆ ਅਤੇ ਇਸ ਨੂੰ ਖ਼ਾਲਸੇ ਦਾ ਨਾਂ ਦਿੱਤਾ। ਇਹ ਖ਼ਾਲਸਾ ਇਕ-ਵਕਤੀ ਪੈਦਾਵਾਰ ਨਹੀਂ ਸੀ। ਇਹ ਸਰਬ ਸਮਿਆਂ ਦੀ ਸਾਂਝੀ ਬਰਾਬਰੀ ਅਤੇ ਆਦਰਸ਼ਕ ਮਨੁੱਖਤਾ ਦਾ ਨਮੂਨਾ ਸੀ।[2]

ਗੁਰੂ ਸਾਹਿਬ ਤੇ ਗੁਰੂ ਦੇ ਸਾਜੇ ਖ਼ਾਲਸੇ ਨੇ ਸਮਾਜ ਵਿਚ ਆਪਣਾ ਬਹੁਪੱਖੀ ਯੋਗਦਾਨ ਪਾਇਆ। ਇਥੇ ਅਸੀਂ ਕੇਵਲ ਤੇ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਦੁਆਰਾ ਸਮਾਜ ਵਿਚ ਪਾਏ ਯੋਗਦਾਨ ਬਾਰੇ ਵਿਚਾਰ ਕਰ ਰਹੇ ਹਾਂ।

---

[1] ਸੁਰਿੰਦਰ ਸਿੰਘ ਕੋਹਲੀ, ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ, ਪੰਨਾ 89.

[2] *ਉਹੀ,* ਪੰਨਾ 95.

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਤੇ ਉਹ ਸਮਾਜ ਵਿਚ ਹੀ ਜੀਉਂਦਾ ਰਹਿ ਸਕਦਾ ਹੈ। ਕਈ ਮਨੁੱਖ ਸਮਾਜ ਵਿਚ ਜਨਮ ਲੈਂਦੇ ਹਨ ਤੇ ਜੂਨ ਭੋਗ ਕੇ ਤੁਰ ਜਾਂਦੇ ਹਨ। ਸੰਸਾਰ ਵਿਚੋਂ ਅਜਿਹੇ ਮਨੁੱਖਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਦਾ ਨਾਮੋ-ਨਿਸ਼ਾਨ ਮਿਟ ਜਾਂਦਾ ਹੈ ਪਰ ਜਿਹੜੇ ਮਨੁੱਖ ਕੋਈ ਚੰਗਾ ਕਾਰਜ ਕਰ ਜਾਂਦੇ ਹਨ, ਉਨ੍ਹਾਂ ਦਾ ਨਾਂ ਕੀਤੇ ਕਾਰਜਾਂ ਕਰਕੇ ਦੁਨੀਆਂ ਵਿਚ ਯਾਦ ਰਹਿੰਦਾ ਹੈ। ਇਸੇ ਤਰ੍ਹਾਂ ਗੁਰੂ ਸਾਹਿਬਾਨ ਦੇ ਨਾਲ-ਨਾਲ ਉਨ੍ਹਾਂ ਨੂੰ ਪ੍ਰਣਾਏ ਸਿੱਖਾਂ ਦੁਆਰਾ ਕੀਤੇ ਕਾਰਜਾਂ ਕਰਕੇ ਉਨ੍ਹਾਂ ਨੂੰ ਦੁਨੀਆਂ ਯਾਦ ਕਰਦੀ ਹੈ।

ਸਮਾਜਿਕ ਕੁਰੀਤੀਆਂ ਦੇ ਵਿਰੁਧ ਤਾਂ ਗੁਰੂ ਨਾਨਕ ਦੇਵ ਨੇ ਹੀ ਆਪਣੀ ਆਵਾਜ਼ ਬੁਲੰਦ ਕਰ ਦਿੱਤੀ ਸੀ। ਉਨ੍ਹਾਂ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਨੇ ਸਮੇਂ-ਸਮੇਂ ਸਮਾਜਿਕ ਕੁਰੀਤੀਆਂ ਅਤੇ ਹੋਰ ਧਾਰਮਿਕ ਕਰਮ-ਕਾਂਡਾਂ ਵਿਰੁੱਧ ਡੱਟ ਕੇ ਪ੍ਰਚਾਰ ਕੀਤਾ। ਜਿੱਥੇ ਗੁਰੂ ਸਾਹਿਬਾਨ ਨੇ ਸੱਚ ਦਾ ਮਾਰਗ ਅਖਤਿਆਰ ਕੀਤਾ, ਉਥੇ ਗੁਰੂ ਸਾਹਿਬ ਦੇ ਸਮਕਾਲੀ ਸਿੱਖਾਂ ਨੇ ਵੀ ਇਸਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਸਮਾਜ ਨੂੰ ਨਵੀਆਂ ਸੇਧਾਂ ਪ੍ਰਦਾਨ ਕੀਤੀਆਂ। ਸਮਾਜ ਵਿਚ ਬਹੁਤ ਤਰ੍ਹਾਂ ਦੀਆਂ ਕੁਰੀਤੀਆਂ ਸਨ, ਜਿਵੇਂ:- ਵਰਣ-ਵੰਡ, ਊਚ-ਨੀਚ, ਜਾਤ-ਪਾਤ ਅਤੇ ਅਮੀਰ-ਗਰੀਬ ਆਦਿ। ਇਨ੍ਹਾਂ ਦੁਸ਼ਵਾਰੀਆਂ ਤੋਂ ਸਮਾਜ ਨੂੰ ਛੁਟਕਾਰਾ ਦਿਵਾਉਣ ਲਈ ਗੁਰੂ ਸਾਹਿਬ ਨੇ ਵਿਸ਼ੇਸ਼ ਉਪਰਾਲੇ ਕਰਦਿਆਂ ਆਪਣੇ-ਆਪ ਅਤੇ ਆਪਣੇ ਸਿੱਖਾਂ ਤੋਂ ਸ਼ੁਰੂ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੀ ਧਰਤੀ 'ਤੇ 1699 ਈ. ਨੂੰ ਖ਼ਾਲਸਾ ਪੰਥ ਸਾਜਿਆ। ਇਸ ਸਮੇਂ ਗੁਰੂ ਸਾਹਿਬ ਨੇ ਇਕੱਤਰ ਹੋਏ ਸਿੱਖਾਂ ਨੂੰ ਇੱਕੋ ਬਾਟੇ ਵਿਚ ਅੰਮ੍ਰਿਤ ਛਕਾਇਆ ਅਤੇ ਉਨ੍ਹਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਤੋਂ ਤੁਹਾਡਾ ਰੰਗ-ਰੂਪ, ਜਾਤ-ਪਾਤ, ਇਕੋ 'ਖ਼ਾਲਸਾ' ਹੈ। ਤੁਸੀਂ ਕਿਸੇ ਪ੍ਰਕਾਰ ਦਾ ਨਸਲ ਭੇਦ ਨਹੀਂ ਕਰਨਾ। ਗੁਰੂ ਸਾਹਿਬ ਦੇ ਕਹੇ ਬਚਨਾਂ ਨੂੰ ਸਿਰ ਮੱਥੇ ਮੰਨਦਿਆਂ ਪੰਥ ਦੇ ਵਾਰਸਾਂ ਨੇ ਸਮਾਜ ਵਿਚ ਵਡਮੁੱਲਾ ਯੋਗਦਾਨ ਪਾਇਆ। ਸਮਾਜ ਵਿਚ ਜਿੱਥੇ ਵੀ ਜ਼ੁਲਮ ਹੁੰਦਾ ਸੀ, ਖ਼ਾਲਸੇ ਨੇ ਜ਼ੁਲਮ ਦਾ ਵਿਰੋਧ ਕੀਤਾ। ਜ਼ੁਲਮ ਨਾ ਆਪ ਸਹਿਣ ਕੀਤਾ ਅਤੇ ਨਾ ਹੀ ਕਿਸੇ ਦੇ ਉੱਪਰ ਕੀਤਾ, ਇਥੋਂ ਤੱਕ ਕਿ ਜੰਗ ਦੇ ਮੈਦਾਨ ਵਿਚ ਵੀ ਖ਼ਾਲਸੇ ਨੇ ਕਦੇ ਨਿਹੱਥੇ 'ਤੇ ਵਾਰ ਨਹੀਂ ਕੀਤਾ। ਜੰਗ ਦੇ ਮੈਦਾਨ ਵਿਚ ਦੁਸ਼ਮਣ ਦੇ ਬਾਲ-ਬੱਚਿਆਂ ਅਤੇ ਇਸਤਰੀਆਂ ਨੂੰ ਕਦੇ ਕੋਈ ਨੁਕਸਾਨ ਨਹੀਂ ਪਹੁੰਚਾਇਆ। ਜਿਸ ਤਰ੍ਹਾਂ ਜੰਗ ਦੇ ਮੈਦਾਨ ਵਿਚ ਭਾਈ ਘਨੱ੍ਹਈਆ ਜੀ ਦੀ ਕੀਤੀ ਸੇਵਾ ਤੋਂ ਪਤਾ ਲਗਦਾ ਹੈ,

ਜਿਹੜਾ ਜੰਗ ਵਿਚ ਜਖ਼ਮੀ ਹੋਏ ਸਿੰਘਾਂ ਦੇ ਨਾਲ-ਨਾਲ ਜਖ਼ਮੀ ਦੁਸ਼ਮਣਾਂ ਨੂੰ ਵੀ ਜਲ ਛਕਾਈ ਜਾਂਦਾ ਸੀ। ਖ਼ਾਲਸੇ ਦਾ ਇਹ ਕਿਰਦਾਰ ਕੇਵਲ ਗੁਰੂ ਸਾਹਿਬ ਦੇ ਸਮਕਾਲ ਵਿਚ ਹੀ ਨਹੀਂ ਰਿਹਾ, ਬਲਕਿ ਉਨ੍ਹਾਂ ਤੋਂ ਬਾਅਦ ਵੀ ਸਿੱਖਾਂ ਨੇ ਗੁਰੂ ਸਥਾਪਿਤ ਖ਼ਾਲਸੇ ਦੇ ਨਿਰਾਲੇ ਕਿਰਦਾਰ ਨੂੰ ਬਰਕਰਾਰ ਰੱਖਿਆ। ਅਠਾਰਵੀਂ ਸਦੀ ਦੇ ਸਿੱਖ ਸੰਘਰਸ਼ ਤੇ ਧਰਮ ਯੁੱਧ ਵੀ ਇਨ੍ਹਾਂ ਗੱਲਾਂ ਦੀ ਗਵਾਹੀ ਭਰਦੇ ਹਨ। ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹਮਲੇ ਸਮੇਂ ਉਸ ਦੇ ਨਾਲ ਆਇਆ ਕਾਜੀ ਨੂਰ ਮੁਹੰਮਦ ਆਪਣੇ ਜੰਗ਼ਨਾਮੇ ਵਿਚ ਸਿੱਖਾਂ ਦੀ ਬਹਾਦਰੀ, ਯੁੱਧ ਨੀਤੀ ਤੇ ਆਚਰਣ ਬਾਰੇ ਲਿਖਦਾ ਹੈ - 'ਉਨ੍ਹਾਂ ਦੀ ਲੜਾਈ ਤੋਂ ਬਿਨਾਂ ਇਕ ਹੋਰ ਗੱਲ ਸੁਣੋ, ਜਿਸ ਵਿਚ ਇਹ (ਸਿੰਘ) ਹੋਰ ਸਭ ਸੂਰਮਿਆਂ ਨਾਲੋਂ ਅੱਗੇ ਹਨ। ਇਹ ਨਾਮਰਦ ਨੂੰ (ਜੋ ਲੜਾਈ ਵਿਚ ਹਥਿਆਰ ਰੱਖ ਦੇਵੇ) ਕਦੇ ਭੀ ਨਹੀਂ ਮਾਰਦੇ ਅਤੇ ਨਾ ਹੀ ਭੱਜ ਨਿਕਲੇ ਨੂੰ ਰੋਕਣ ਜਾਂਦੇ ਹਨ। ਲੁੱਟ ਵਿਚ ਇਹ ਕਿਸੇ ਜ਼ਨਾਨੀ ਦਾ ਧਨ ਅਤੇ ਗਹਿਣੇ ਨਹੀਂ ਲੈਂਦੇ, ਉਹ ਸਵਾਣੀ ਹੋਵੇ ਭਾਵੇ ਗੋਲੀ ਬਾਂਧੀ। ਇਨ੍ਹਾਂ ਸਗਾਂ (ਕੁੱਤਿਆਂ) ਵਿਚ ਵਿਭਚਾਰ ਭੀ ਨਹੀਂ ਹੈ। ਇਨ੍ਹਾਂ ਵਿਚ ਨਾ ਚੋਰੀ ਹੈ ਅਤੇ ਨਾ ਹੀ ਇਨ੍ਹਾਂ ਵਿਚ ਕੋਈ ਸੰਨ੍ਹਾਂ ਮਾਰਨ ਵਾਲਾ ਹੈ।'[3] *ਹਕੀਕਤ-ਏ-ਸਿੱਖਾਂ* ਦਾ ਲੇਖਕ ਲਿਖਦਾ ਹੈ ਕਿ 'ਸਿੱਖਾਂ' ਵਿਚ ਭਰਾਤਰੀ ਭਾਵ, ਖੁਲ੍ਹਦਿਲੀ ਤੇ ਉਦਾਰਤਾ ਦੇ ਗੁਣ ਬਹੁਤ ਹਨ। ਉਨ੍ਹਾਂ ਦੇ ਧਰਮ ਵਿਚ ਮੁਸਲਮਾਨਾਂ ਨਾਲੋਂ ਹਠ ਧਰਮੀ ਬਹੁਤ ਘੱਟ ਹੁੰਦੀ ਹੈ ਅਤੇ ਉਹ ਸਾਰਿਆਂ ਨਾਲ ਕੋਈ ਫਰਕ ਨਹੀਂ ਕਰਦੇ। ਸਿੱਖਾਂ ਦੇ ਧਰਮ ਵਿਚ ਨਿਮਰਤਾ ਨੂੰ ਸਾਰੀਆਂ ਇਬਾਦਤਾਂ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਇਹ ਸੰਸਾਰ ਨੂੰ ਰੱਬੀ ਪ੍ਰਗਟਾਵਾ ਸਮਝਦੇ ਹੋਏ ਤੇ ਕਿਸੇ ਨੂੰ ਗ਼ੈਰ ਨਾ ਸਮਝਣਾ ਆਪਣੇ ਕਾਰ-ਵਿਹਾਰ ਦੀ ਬੁਨਿਆਦ ਜਾਣਦੇ ਹਨ।[4] ਭਾਵ ਸਿੱਖਾਂ ਦੇ ਨਿਰਾਲੇਪਣ ਦਾ ਜ਼ਿਕਰ ਦੁਸ਼ਮਣ ਅਤੇ ਗ਼ੈਰ ਸਿੱਖ ਲੇਖਕ ਵੀ ਕਰਨੋ ਨਹੀਂ ਰਹਿ ਸਕੇ।

ਦੇਸ ਦੀਆਂ ਸਰਕਾਰਾਂ ਤੇ ਫ਼ੌਜਾਂ ਦਾ ਕੰਮ ਹੁੰਦਾ ਹੈ ਪਰਜਾ ਦੀ ਹਿਫਾਜ਼ਤ (ਰਾਖੀ) ਕਰਨਾ ਅਤੇ ਦੇਸ ਅੰਦਰ ਅਮਨ ਸ਼ਾਂਤੀ ਬਣਾਈ ਰੱਖਣਾ, ਪਰ ਦੇਸ ਦੇ ਹਾਕਮ ਤੇ ਫ਼ੌਜਾਂ ਤਾਂ ਆਪਣਾ ਕਰਤੱਵ ਭੁੱਲ ਕੇ ਆਪਣੀ ਹੀ ਪਰਜਾ ਉੱਪਰ ਅੱਤਿਆਚਾਰ ਕਰ ਰਹੀਆਂ ਸਨ। ਉਹ ਸਮਾਜ ਵਿਚ ਜ਼ਰ, ਜ਼ੋਰੂ ਤੇ ਜ਼ਮੀਨ ਦੀ ਰੱਖਿਆ ਕਰਨ

[3] ਗੰਡਾ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਪੰਨਾ 166.

[4] ਬਲਵੰਤ ਸਿੰਘ ਢਿੱਲੋਂ, ਹਕੀਕਤ-ਏ-ਸਿੱਖਾਂ, ਪੰਨਾ 23.

ਦੀ ਬਜਾਏ ਉਸ ਨੂੰ ਖੋਹਣ ਲਗ ਪਏ ਸਨ। ਗੁਰੂ ਸਾਹਿਬ ਦੇ ਸਿੱਖਾਂ ਨੇ ਦੂਸਰਿਆਂ ਦੇ ਭਲੇ ਦਾ ਕਾਰਜ ਕਰਨ ਨੂੰ ਆਪਣੀ ਜ਼ਿੰਦਗੀ ਦੇ ਹੋਰ ਕਾਰਜਾਂ ਵਿਚ ਸ਼ਾਮਿਲ ਕਰਕੇ ਇਸ 'ਤੇ ਪਹਿਰਾ ਵੀ ਦਿੱਤਾ। ਜਦੋਂ ਵੀ ਕੋਈ ਲੋੜਵੰਦ ਇਨ੍ਹਾਂ ਦੀ ਸ਼ਰਨ ਵਿਚ ਆ ਜਾਂਦਾ ਤਾਂ ਇਹ ਉਸ ਦੀ ਦਿਲ ਖੋਲ੍ਹ ਕੇ ਯਥਾ-ਸ਼ਕਤ ਮਦਦ ਕਰਦੇ। ਮਦਦ ਕਰਨ ਵੇਲੇ ਉਸ ਦੀ ਜਾਤ, ਕੁਲ, ਧਰਮ, ਅਮੀਰ-ਗਰੀਬ ਆਦਿ ਨੂੰ ਆਧਾਰ ਨਹੀਂ ਬਣਾਇਆ। ਬਸ ਇਹ ਵੇਖਿਆ ਕਿ ਇਹ ਲੋੜਵੰਦ ਹੈ, ਇਸ ਦੀ ਮਦਦ ਕਰਨਾ ਸਾਡਾ ਫਰਜ਼ ਬਣਦਾ ਹੈ। ਇਸ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਸਿੱਖ ਇਤਿਹਾਸ ਵਿਚੋਂ ਮਿਲ ਜਾਂਦੀਆਂ ਹਨ। ਜਿਵੇਂ :- ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਇਕ ਬ੍ਰਾਹਮਣ ਦੇਵਕੀ (ਦਵਾਰਕਾ) ਦਾਸ ਨੇ ਆ ਕੇ ਫਰਿਆਦ ਕੀਤੀ ਕਿ ਇਕ ਮੁਗ਼ਲ ਜਾਬਰ ਜ਼ਬਰ ਜੰਗ ਖ਼ਾਂ ਮੇਰੀ ਇਸਤਰੀ ਨੂੰ ਖੋਹ ਕੇ ਲੈ ਗਿਆ ਹੈ। ਗੁਰੂ ਜੀ ਨੇ ਆਪਣੇ ਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਨੂੰ ਹੁਕਮ ਕੀਤਾ ਕਿ ਉਸ ਦੀ ਰੱਖਿਆ ਕਰੋ। ਅਜੀਤ ਸਿੰਘ ਦੇ ਜਥੇ ਨੇ ਜ਼ਬਰ ਜੰਗ ਖ਼ਾਂ ਨੂੰ ਸਬਕ ਸਿਖਾਇਆ ਤੇ ਬ੍ਰਾਹਮਣ ਦੀ ਇਸਤਰੀ ਨੂੰ ਲਿਆ ਕੇ ਉਸ ਦੇ ਹਵਾਲੇ ਕੀਤਾ। ਇਸ ਤਰ੍ਹਾਂ ਸਿੱਖਾਂ ਨੇ ਲੋੜਵੰਦ ਬ੍ਰਾਹਮਣ ਦੀ ਮਦਦ ਕੀਤੀ। ਖ਼ਾਲਸੇ ਦੇ ਅਜਿਹੇ ਕਾਰਜਾਂ ਪ੍ਰਥਾਇ ਕਵਿ ਸੈਨਾਪਤਿ ਲਿਖਦਾ ਹੈ :-

'ਅਸੁਰ ਸੰਘਾਰਬੇ ਕੋ ਦੁਰਜਨ ਕੇ ਮਾਰਬੇ ਕੋ॥
ਸੰਕਟ ਨਿਵਾਰਬੇ ਕੋ ਖ਼ਾਲਸਾ ਬਨਾਯੋ ਹੈ।'[5]

ਭਾਵ ਅਜਿਹੇ ਜ਼ਾਲਮਾਂ ਦਾ ਨਾਸ ਕਰਨ ਵਾਸਤੇ ਖ਼ਾਲਸਾ ਪੈਦਾ ਕੀਤਾ ਹੈ। ਕਹਿਣ ਤੋਂ ਭਾਵ ਕਿ ਗੁਰੂ ਸਾਹਿਬ ਦੇ ਸਮਕਾਲੀ ਸਿੱਖਾਂ ਨੇ ਸਮਾਜ ਵਿਚ ਧਾਰਮਿਕ, ਰਾਜਨੀਤਿਕ, ਆਰਥਿਕ, ਸਾਹਿਤਕ, ਵਿੱਦਿਅਕ, ਸੰਗੀਤਕ ਅਤੇ ਸਭਿਆਚਾਰਕ ਆਦਿ ਬਹੁਤ ਸਾਰੇ ਪੱਖਾਂ ਤੋਂ ਆਪਣਾ ਯੋਗਦਾਨ ਪਾਇਆ। ਇਸ ਨੂੰ ਅਸੀਂ ਹੇਠ ਲਿਖੇ ਅਨੁਸਾਰ ਬਿਆਨ ਕਰ ਰਹੇ ਹਾਂ।

## 1. ਧਾਰਮਿਕ ਯੋਗਦਾਨ :-

ਧਰਮ ਦੇ ਖੇਤਰ ਵਿਚ ਸਮਕਾਲੀ ਹਾਲਾਤ ਅਜਿਹੇ ਸਨ ਕਿ ਧਰਮ ਕਰਮ ਕਮਾਉਣ ਦੇ ਕੰਮ ਕੇਵਲ

[5] ਕਵਿ ਸੈਨਾਪਤਿ ਰਚਿਤ, ਸ੍ਰੀ ਗੁਰ ਸੋਭਾ, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 30.

ਬ੍ਰਾਹਮਣ ਅਤੇ ਕਾਜੀ-ਮੁਲਾਂ ਲੋਕ ਹੀ ਕਰਦੇ ਸਨ। ਇਹ ਆਪਣੇ ਲੱਖਾਂ ਦੇਸ-ਵਾਸੀਆਂ ਨੂੰ ਧਾਰਮਿਕ ਕੈਦ ਵਿਚ ਰੱਖਣ ਦੀ ਕੋਸ਼ਿਸ਼ ਵਿਚ ਸਨ। ਇਨ੍ਹਾਂ ਤੋਂ ਇਲਾਵਾ ਹੋਰ ਕਿਸੇ ਜਾਤੀ ਨੂੰ ਧਰਮ ਦੇ ਕਾਰਜ ਕਰਨ ਦੀ ਇਜਾਜ਼ਤ ਨਹੀਂ ਸੀ। ਸਾਧਾਰਨ ਲੋਕਾਂ 'ਤੇ ਧਾਰਮਿਕ ਅਤਿਆਚਾਰ ਅਨ੍ਹੇਵਾਹ ਅਤੇ ਲਗਾਤਾਰ ਹੁੰਦੇ ਸਨ ਜੋ ਕਿ ਸਮਾਜ ਵਿਚ ਪਿੰਡਾਂ ਦੇ ਖੂਹਾਂ, ਧਾਰਮਿਕ ਅਸਥਾਨਾਂ ਅਤੇ ਆਵਾਜਾਈ ਦੀਆਂ ਸਾਂਝੀਆਂ ਥਾਵਾਂ 'ਤੇ ਆਮ ਵੇਖਣ ਨੂੰ ਮਿਲਦੇ ਸਨ। ਇਹ ਅਤਿਆਚਾਰ ਹਰ ਪ੍ਰਕਾਰ ਦੇ ਜ਼ੁਰਮ ਨਾਲੋਂ ਵਧੇਰੇ ਘ੍ਰਿਣਤ ਸੀ। ਪ੍ਰਿੰਸੀਪਲ ਤੇਜਾ ਸਿੰਘ ਤੇ ਗੰਡਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ – ਕਿ ਧਰਮ ਦੇ ਨਾਂ 'ਤੇ ਕੀਤੇ ਪਾਪ ਅਜਿਹੇ ਹਨ ਜੋ ਵੱਡੇ ਪਾਪਾਂ ਨੂੰ ਵੀ ਸ਼ਰਮਿੰਦਾ ਕਰ ਦਿੰਦੇ ਹਨ।[6] ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਣ ਸਮੇਂ ਇਸ ਕੋਹੜ ਨੂੰ ਦੂਰ ਕਰ ਦਿੱਤਾ। ਉਨ੍ਹਾਂ ਨੇ ਸਾਰੀਆਂ ਜਾਤਾਂ, ਰੰਗਾਂ, ਨਸਲਾਂ, ਮਰਦਾਂ ਅਤੇ ਔਰਤਾਂ ਨੂੰ ਅੰਮ੍ਰਿਤ ਛਕਾਉਣ ਵੇਲੇ ਇਕੋ ਬਾਟੇ ਦੀ ਵਰਤੋਂ ਕੀਤੀ ਅਤੇ ਇਸ ਨਾਲ ਛੂਤ-ਛਾਤ, ਵੱਡੇ-ਛੋਟੇ ਅਤੇ ਅਮੀਰ-ਗਰੀਬ ਦੇ ਵਿਤਕਰੇ ਤੋਂ ਉਪਰ ਉਠਾਕੇ ਸਾਰੇ ਲੋਕਾਂ ਨੂੰ ਇਕ ਪੰਗਤ ਵਿਚ ਖੜ੍ਹੇ ਕਰ ਦਿਤਾ। ਗੁਰੂ ਸਾਹਿਬ ਦੇ ਸਿੱਖਾਂ ਨੇ ਵੀ ਗੁਰੂ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਧਾਰਮਿਕ ਖੇਤਰ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਦਸਮ ਪਾਤਸ਼ਾਹ ਨੇ ਪੰਜ ਸਿੰਘਾਂ ਦੀ ਅਗਵਾਈ ਵਿਚ ਜ਼ੁਲਮ ਦਾ ਨਾਸ ਕਰਨ ਲਈ ਪੰਜਾਬ ਭੇਜਿਆ। ਡਾ. ਗੰਡਾ ਸਿੰਘ ਬੰਦਾ ਸਿੰਘ ਬਹਦਾਰ ਦੇ ਧਾਰਮਿਕ ਨਜ਼ਰੀਏ ਬਾਰੇ ਲਿਖਦੇ ਹਨ ਕਿ ਇਸ ਵੇਲੇ ਸਿੰਘਾਂ ਦਾ ਰਾਜ ਭਾਵੇਂ ਛੋਟਾ ਜਿਹਾ ਹੀ ਸੀ ਪਰ ਇਸ ਦੇ ਕਾਇਮ ਹੋ ਜਾਣ ਨਾਲ ਉਨ੍ਹਾਂ ਦੇ ਨਜ਼ਰੀਏ ਵਿਚ ਬੜੀ ਭਾਰੀ ਤਬਦੀਲੀ ਆ ਗਈ। ਜਿਵੇਂ:- ਗ਼ੈਰ-ਮੁਸਲਿਮ ਲੋਕ ਖ਼ਿਆਲ ਕਰਦੇ ਸਨ, ਉਹ ਵੀ ਆਪਣੇ ਆਪ ਨੂੰ ਦੇਸ ਅਤੇ ਧਰਮ ਦੇ ਰਾਖੇ ਸਮਝਣ ਲਗ ਪਏ। ਜਦ ਵੀ ਕਦੀ ਕਿਸੇ ਉੱਤੇ ਜ਼ੁਲਮ ਹੁੰਦੇ ਦਾ, ਉਨ੍ਹਾਂ ਨੂੰ ਪਤਾ ਲਗਾ ਜਾਂ ਇਸ ਦੀ ਫ਼ਰਿਆਦ ਉਨ੍ਹਾਂ ਪਾਸ ਆਈ ਉਹ ਸਰਕਾਰੀ ਅਫ਼ਸਰਾਂ ਅਤੇ ਹੰਕਾਰੀ ਕਰਮਚਾਰੀਆਂ ਦੇ ਵਿਰੁੱਧ ਉਠ ਖੜੋਤੇ। ਦੁਖੀ ਦੇਸ ਵਾਸੀਆਂ ਦੀ ਸੇਵਾ ਅਤੇ ਸਹਾਇਤਾ, ਉਨ੍ਹਾਂ ਨੇ ਆਪਣਾ ਧਾਰਮਿਕ ਫਰਜ਼ ਬਣਾ ਲਿਆ। ਇਸ ਧਾਰਮਿਕ ਪ੍ਰੇਰਨਾ ਨਾਲ ਉਨ੍ਹਾਂ ਨੇ ਉਹ ਸੂਰਮਗਤੀ ਦੇ ਕਾਰਨਾਮੇ ਕਰ ਵਿਖਾਏ ਜਿਨ੍ਹਾਂ ਨੇ ਦੋ ਕੁ ਮਹੀਨਿਆਂ ਵਿਚ ਹੀ ਸਦੀਆਂ ਦੇ ਅਸਥਾਪਤ ਹੋਏ

---

6 ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1708), ਪੰਨੇ 76.

ਰਾਜ-ਕਾਜ ਅਤੇ ਦਸਤੂਰ ਨੂੰ ਬਦਲ ਕੇ ਰੱਖ ਦਿੱਤਾ।[7] ਜਦੋਂ ਕਿ ਬਾਦਸ਼ਾਹ ਬਹਾਦਰ ਸ਼ਾਹ ਨੇ ਬੰਦਾ ਸਿੰਘ ਬਹਾਦਰ ਵਿਰੁੱਧ ਆਪਣੀ ਮੁਹਿੰਮ ਨੂੰ ਜਹਾਦ ਦਾ ਦਰਜਾ ਦਿੱਤਾ ਸੀ ਤੇ ਸਿੱਖਾਂ ਨੂੰ ਇਕ ਧਾਰਮਿਕ ਸਮੁਦਾਇ ਦੇ ਵਜੋਂ ਖ਼ਤਮ ਕਰਨ ਦੇ ਹੁਕਮ ਵੀ ਚਾੜ੍ਹ ਦਿੱਤੇ ਸਨ, ਪਰ ਬੰਦਾ ਸਿਮਘ ਬਹਾਦਰ ਨੇ ਮੁਗ਼ਲਾਂ ਵਿਰੁੱਧ ਆਪਣੇ ਸੰਘਰਸ਼ ਨੂੰ ਕਿਧਰੇ ਵੀ ਧਾਰਮਿਕ ਰੰਗਤ ਨਹੀਂ ਸੀ ਦਿੱਤੀ। ਉਸ ਨੇ ਸਿੱਖ ਰਾਜ ਸਥਾਪਿਤ ਕਰ ਕੇ ਮੁਸਲਮਾਨਾਂ ਨੂੰ ਵੀ ਉੱਚ-ਅਹੁਦਿਆਂ ਉੱਤੇ ਨਿਯੁਕਤ ਕੀਤਾ ਸੀ।[8] ਡਾ. ਜਸਬੀਰ ਸਿੰਘ ਸਾਬਰ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਧਾਰਮਿਕ ਦ੍ਰਿਸ਼ਟੀ ਦਾ ਗਿਆਨ, ਇਸ ਤੱਥ ਤੋਂ ਹੀ ਭਲੀ-ਭਾਂਤ ਹੋ ਜਾਂਦਾ ਹੈ ਕਿ ਉਸ ਨੇ ਆਪਣੇ ਸਾਰੇ ਸੰਘਰਸ਼ ਵਿਚ ਕਿਸੇ ਵੀ ਗ਼ੈਰ-ਸਿੱਖ ਧਰਮ ਨਾਲ ਸੰਬੰਧਿਤ ਸਮੇਤ ਇਸਲਾਮ ਧਰਮ ਦੇ ਧਾਰਮਿਕ ਸਥਾਨ ਜਾਂ ਧਰਮ ਗ੍ਰੰਥਾਂ ਦੀ ਨਾ ਤਾਂ ਬੇਹੁਰਮਤੀ ਕੀਤੀ, ਨਾ ਹੀ ਉਨ੍ਹਾਂ ਉਪਰ ਹਮਲਾ ਕੀਤਾ ਅਤੇ ਨਾ ਹੀ ਕੋਈ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ। ਇਸ ਦੀ ਜ਼ਿੰਦਾ ਮਿਸਾਲ ਹੈ, ਸਰਹਿੰਦ ਵਿਚ ਸਿੱਖ ਧਰਮ ਦੇ ਕੱਟੜ ਵਿਰੋਧੀ ਸ਼ੇਖ ਅਹਿਮਦ ਸਰਹੰਦੀ ਦੇ ਮਜ਼ਾਰ ਤੇ ਡੇਰੇ ਦਾ 300 ਸਾਲ ਬੀਤਣ ਉਪਰੰਤ ਵੀ ਜਿਉਂ ਦਾ ਤਿਉਂ ਕਾਇਮ ਰਹਿਣਾ। ਇਸੇ ਤਰ੍ਹਾਂ ਸਰਹਿੰਦ ਦੀ ਲਾਲ ਮਸਜਿਦ, ਸਧਨੇ ਕਸਾਈ ਦੀ ਮਸਜਿਦ, ਮੀਰ ਮੀਰਾਂ ਦੇ ਮਜ਼ਾਰ ਦੀ ਸਲਾਮਤੀ ਅਤੇ ਉਹੋ ਪੁਰਾਣੀ ਦਿੱਖ ਦਾ ਨਜ਼ਾਰਾ ਆਦਿ ਅਜਿਹੇ ਤੱਥ ਹਨ ਜੋ ਮੁਸਲਮਾਨੀ ਲਿਖਤਾਂ ਦੇ ਵਿਪਰੀਤ ਬਾਬਾ ਬੰਦਾ ਸਿੰਘ ਬਹਾਦਰ ਦੀ ਸਮਦਰਸ਼ੀ ਧਾਰਮਿਕ ਦ੍ਰਿਸ਼ਟੀ ਨੂੰ ਪ੍ਰਗਟਾਉਂਦੇ ਹਨ।[9] ਡਾ. ਗੰਡਾ ਸਿੰਘ ਅਨੁਸਾਰ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਰਾਜ ਦੇ ਵਿਰੁੱਧ ਲੜਾਈ ਨੂੰ ਧਾਰਮਿਕ ਲੜਾਈ ਦਾ ਰੂਪ ਨਹੀਂ ਦਿੱਤਾ। ਉਸ ਦਾ ਤਾਂ ਕੇਵਲ ਰਾਜਸੀ ਅੰਦੋਲਨ ਸੀ। ਇਸ ਲਈ ਉਸ ਨੇ ਮੁਸਲਮਾਨਾਂ ਉੱਤੇ ਕੋਈ ਧਾਰਮਿਕ ਬੰਦਸ਼ਾਂ ਨਹੀਂ ਲਾਈਆਂ। ਜਿਸ ਦਾ ਨਤੀਜਾ ਇਹ ਹੋਇਆ ਕਿ ਕਲਾਨੌਰ ਦੇ ਲਾਗੇ ਪੰਜ ਹਜ਼ਾਰ ਮੁਸਲਮਾਨ ਵੀ ਉਸ ਦੀ ਫ਼ੌਜ ਵਿਚ ਆ ਕੇ ਭਰਤੀ ਹੋਏ। ਇਹ ਖ਼ਬਰ ਬਾਦਸ਼ਾਹ ਨੂੰ ਵੀ ਮਿਲੀ ਜਿਸ ਵਿਚ ਦਰਜ ਸੀ ਕਿ –

ਉਸ (ਬੰਦਾ ਸਿੰਘ) ਨੇ ਬਚਨ ਦਿੱਤਾ ਅਤੇ ਇਕਰਾਰ ਕੀਤਾ ਹੈ

---

7 ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪੰਨਾ 63.

8 ਬਲਵੰਤ ਸਿੰਘ ਢਿੱਲੋਂ, ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ, ਪੰਨਾ 19.

9 ਜਸਬੀਰ ਸਿੰਘ ਸਾਬਰ, ਬਾਬਾ ਬੰਦਾ ਸਿੰਘ ਬਹਾਦਰ ਦੀ ਧਾਰਮਿਕ ਦ੍ਰਿਸ਼ਟੀ, ਸੋਵੀਨਰ, ਪੰਨਾ 28.

ਕਿ ਮੈਂ ਮੁਸਲਮਾਨਾਂ ਨੂੰ ਕੋਈ ਦੁਖ ਨਹੀਂ ਦਿੰਦਾ।

ਚੁਨਾਂਚਿ ਜੋ ਭੀ ਮੁਸਲਮਾਨ ਉਸ ਵਲ ਰੁਜੂ ਹੁੰਦਾ ਹੈ,

ਉਹ (ਬੰਦਾ ਸਿੰਘ) ਉਸ ਦੀ ਦਿਹਾੜੀ ਅਤੇ

ਤਨਖ਼ਾਹ ਨਿਯਤ ਕਰ ਕੇ ਉਸ ਦਾ ਧਿਆਨ ਰਖਦਾ ਹੈ

ਅਤੇ ਉਸ ਨੇ ਆਗਿਆ ਦੇ ਦਿੱਤੀ ਹੋਈ ਹੈ

ਕਿ ਨਮਾਜ਼ ਅਤੇ ਖੁਤਬਾ ਜਿਵੇਂ (ਮੁਸਲਮਾਨ) ਚਾਹੁਣ ਪੜ੍ਹਨ।

ਚੁਨਾਂਚਿ ਪੰਜ ਹਜ਼ਾਰ ਮੁਸਲਮਾਨ ਉਸ ਦੇ ਸਾਥੀ ਬਣ ਗਏ ਹਨ

ਅਤੇ ਸਿੰਘਾਂ ਦੀ ਫ਼ੌਜ ਵਿਚ ਬਾਂਗ ਅਤੇ ਨਮਾਜ਼ ਵਲੋਂ ਸੁਖ ਪਾ ਰਹੇ ਹਨ।[10]

ਇਹ ਬਾਬਾ ਬੰਦਾ ਸਿੰਘ ਬਹਦਾਰ ਦੀ ਧਾਰਮਿਕ ਉਦਾਰਤਾ ਅਤੇ ਨਿਰਪੱਖਤਾ ਦੀ ਆਪਣੇ ਮੂੰਹੋਂ ਬੋਲਦੀ ਤਸਵੀਰ ਹੈ ਕਿ ਉਨ੍ਹਾਂ ਨੇ ਧਾਰਮਿਕ ਪੱਖੋਂ ਆਪਣਾ ਵਿਸ਼ੇਸ਼ ਯੋਗਦਾਨ ਪਾਇਆ।

## 2. ਸਮਾਜਿਕ ਯੋਗਦਾਨ :-

ਵਿਅਕਤੀ ਸਮਾਜ ਦੀ ਇਕ ਮਹੱਤਵਪੂਰਨ ਇਕਾਈ ਹੈ। ਇਸ ਲਈ ਉਸ ਦਾ ਸਮਾਜ ਵਿਚ ਕਿਸੇ ਨਾ ਕਿਸੇ ਪੱਖ ਤੋਂ ਜ਼ਰੂਰ ਯੋਗਦਾਨ ਹੁੰਦਾ ਹੈ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਸਾਰੀਆਂ ਜੂਨਾਂ ਤੋਂ ਉਤਮ ਮੰਨਿਆ 'ਅਵਰ ਜੋਨਿ ਤੇਰੀ ਪਨਿਹਾਰੀ ਇਸ ਧਰਤੀ ਮਹਿ ਤੇਰੀ ਸਿਕਦਾਰੀ'[11] ਭਾਵ ਮਨੁੱਖ ਸਾਰੇ ਜੀਵਾਂ ਦਾ ਸਰਦਾਰ ਹੈ। ਗੁਰਬਾਣੀ ਵਿਚ ਇਸ ਮਨੁੱਖ ਨੂੰ ਗੁਰਮੁੱਖ ਅਤੇ ਬ੍ਰਹਮ ਗਿਆਨੀ ਕਿਹਾ ਗਿਆ ਹੈ। ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਗੁਰਮੁੱਖਾਂ ਅਤੇ ਬ੍ਰਹਮ ਗਿਆਨੀਆਂ ਵਿਚੋਂ ਹੀ ਖ਼ਾਲਸਾ ਪ੍ਰਗਟ ਕੀਤਾ। ਇਸ ਖ਼ਾਲਸੇ ਵਿਚ ਭਾਵਨਾਵਾਂ, ਇੱਛਾਵਾਂ ਅਤੇ ਵਿਚਾਰਾਂ ਦਾ ਅਦੁੱਤੀ ਸੁਮੇਲ ਸੀ। ਇਸ ਨੇ ਇਕ ਅਜਿਹੇ ਸਮਾਜ ਦਾ ਨਿਰਮਾਣ ਕੀਤਾ, ਜਿਸ ਵਿਚ ਅੰਧ-ਵਿਸ਼ਵਾਸ, ਮਾਨਸਿਕ ਪਛੜੇਵੇਂ, ਜਾਤੀਵਾਦ ਅਤੇ ਗਰੀਬਾਂ ਦੇ ਸ਼ੋਸ਼ਣ ਲਈ ਕੋਈ ਥਾਂ ਨਹੀਂ ਸੀ। ਸਮਾਜ ਵਿਚ

---

[10] ਗੰਡਾ ਸਿੰਘ, ਬੰਦਾ ਸਿੰਘ ਬਹਾਦੁਰ, ਪੰਨੇ 175-76.

[11] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 373.

ਰਹਿੰਦੇ ਹਰ ਇੱਕ ਪ੍ਰਾਣੀ ਨੂੰ ਸ਼ੁਭ ਕਰਮ ਜਾਂ ਨਿਰਮਲ ਕਰਮ ਕਰਨ ਦਾ ਅਧਿਕਾਰ ਹੈ। ਨਿਰਮਲ ਕਰਮ ਕਿਸੇ ਖਾਸ ਧਰਮ, ਵਰਗ ਜਾਂ ਵਰਣ ਜਾਤੀ ਦਾ ਅਧਿਕਾਰ ਨਹੀਂ ਹੋ ਸਕਦਾ। ਖ਼ਾਲਸਾ ਪੰਥ ਵਿਚ 'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ'[12] 'ਤੇ ਪਹਿਰਾ ਦਿੰਦਿਆਂ ਸਾਰੇ ਸਮਾਜਿਕ ਪ੍ਰਾਣੀਆਂ ਨੂੰ ਬਰਾਬਰ ਮੰਨਿਆ ਗਿਆ ਹੈ। ਇਸ ਦੀ ਪਹਿਲੀ ਉਦਾਹਰਨ ਸਿੱਖ ਧਰਮ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾ ਸਮੇਂ ਦੀ ਮਿਲਦੀ ਹੈ, ਕਿ ਇਸ ਵਿਚ ਵੱਖ-ਵੱਖ ਧਰਮਾਂ, ਜਾਤਾਂ ਅਤੇ ਖੇਤਰਾਂ ਦੇ ਮਹਾਂਪੁਰਸ਼ਾਂ ਦੀ ਬਾਣੀ ਦਰਜ ਕੀਤੀ ਗਈ। ਉਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਸਮੇਂ ਜਾਤ-ਪਾਤ ਅਤੇ ਵੱਡੇ-ਛੋਟੇ ਦੇ ਅਭਿਮਾਨ ਨੂੰ ਤੋੜਨ ਵਾਲੀ ਮਿਸਾਲ ਕਾਇਮ ਕੀਤੀ। ਜਿਸ ਵਿਚ ਤਿਆਗ, ਨਿਰਭੈਤਾ ਅਤੇ ਪਵਿਤਰਤਾ ਦਾ ਸਤਿਕਾਰ ਕੀਤਾ, ਇਹ ਨਹੀਂ ਦੇਖਿਆ ਗਿਆ ਕਿ ਕੋਈ ਨਾਈ ਹੈ, ਛੀਬਾਂ ਹੈ, ਜੱਟ ਹੈ, ਖੱਤਰੀ ਹੈ ਜਾਂ ਕਿਸ ਖੇਤਰ ਦਾ ਹੈ। ਗੁਰੂ ਸਾਹਿਬ ਨੇ ਹਰ ਕਦਮ 'ਤੇ ਸੱਚ ਦੀ ਜਗਦੀ ਜੋਤ ਦਾ ਸਤਿਕਾਰ ਕਰਨਾ ਸਿਖਾਇਆ।[13]

ਗੁਰੂ ਸਾਹਿਬਾਨ ਨੇ ਸਮਾਜ ਉਸਾਰੀ ਵਿਚ ਵੱਖ-ਵੱਖ ਪੱਖਾਂ ਤੋਂ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਤੇ ਆਪਣੇ ਸਿੱਖਾਂ ਨੂੰ ਅਜਿਹਾ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮਾਰਗ 'ਤੇ ਚਲਦਿਆਂ ਬਹੁਤ ਸਾਰੇ ਸਿੱਖਾਂ ਨੇ ਸਮਾਜ ਉਸਾਰੀ ਵਿਚ ਆਪਣਾ ਵਿਸ਼ੇਸ ਯੋਗਦਾਨ ਪਾਇਆ। ਗਿਆਨੀ ਗਿਆਨ ਸਿੰਘ *ਤਵਾਰੀਖ਼ ਗੁਰੂ ਖ਼ਾਲਸਾ* ਵਿਚ ਲਿਖਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਮਦਮੇ ਤੋਂ ਦੱਖਣ ਵੱਲ ਸਿੱਖਾਂ ਸਮੇਤ ਗਏ ਤਾਂ ਰਸਤੇ ਵਿਚ ਖੁਡਾਲਾਂ ਪਿੰਡ ਦੇ ਹਾਕਮ ਨੇ ਇੱਥੋਂ ਦੇ ਇਕ ਗੁਲਾਬੇ ਸੁਨਿਆਰ ਨੂੰ ਉਸ ਦੀ ਬੇਟੀ ਬਦਲੇ ਕੈਦ ਕਰ ਰੱਖਿਆ ਸੀ। ਗੁਰੂ ਸਾਹਿਬ ਦੇ ਸਿੱਖਾਂ ਨੂੰ ਜਦੋਂ ਇਸ ਬਾਰੇ ਪਤਾ ਲਗਿਆ ਤਾਂ ਪੰਜ ਸਿੱਖ ਉਸ ਦੀ ਮੱਦਦ ਲਈ ਗਏ। ਉੱਥੇ ਦੇ ਹਾਕਮ ਨਬੀ ਬਖ਼ਸ਼ ਨੂੰ ਸੱਚੇ ਧਰਮ-ਕਰਮ ਦਾ ਉਪਦੇਸ਼ ਦੇ ਕੇ ਗੁਲਾਬੇ ਨੂੰ ਛੁਡਾਇਆ।[14] ਮਾਤਾ ਸਾਹਿਬ ਦੇਵਾਂ ਵਲੋਂ ਸ਼ੇਖ਼ ਪਟਨ ਫ਼ਰੀਦ ਦੀ ਸੰਗਤ ਦੇ ਨਾਮ ਪੁਰ ਇਕ ਹੁਕਮਨਾਮਾ ਲਿਖਿਆ ਮਿਲਦਾ ਹੈ। ਜਿਸ ਵਿਚ ਭਾਈ

---

12 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 611 .

13 ਹਰਬੰਸ ਸਿੰਘ, 'ਸ਼ਹੀਦ ਬਾਬਾ ਦੀਪ ਸਿੰਘ ਜੀ', ਗੁਰਮਤਿ ਪ੍ਰਕਾਸ਼, ਜਨਵਰੀ 2016, ਪੰਨਾ 55.

14 ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਪੰਨਾ 1090.

ਮਾਨ ਸਿੰਘ ਨੂੰ ਹੁਕਮ ਹੈ, ਕਿ ਸਿੱਖ ਸੰਗਤ ਦੀ ਸਹੂਲਤ ਲਈ ਇਕ ਅੱਛਾ ਖੂਹ ਲਗਵਾਉਣਾ।[15] ਇਸ ਤੋਂ ਇਲਾਵਾ ਸਮਕਾਲੀ ਹਾਲਾਤਾਂ ਅਨੁਸਾਰ ਲੋਕਾਂ ਦੀਆਂ ਲੋੜਾਂ ਨੂੰ ਵੇਖਦੇ ਹੋਏ ਸਿੱਖਾਂ ਨੇ ਸਮਾਜ ਭਲਾਈ ਲਈ ਅਹਿਮ ਕਾਰਜ ਕੀਤੇ। ਬਾਬਾ ਦੀਪ ਸਿੰਘ ਨੇ ਮਾਲਵੇ ਦੇ ਇਲਾਕੇ ਵਿਚ ਵਿਚਰਦਿਆਂ ਵੇਖਿਆ ਕਿ ਲੋਕਾਂ ਲਈ ਪਾਣੀ ਦੀ ਬਹੁਤ ਘਾਟ ਹੈ। ਇਸ ਲਈ ਉਨ੍ਹਾਂ ਨੇ ਵੀ ਦਮਦਮੇ ਵਿਖੇ ਸੰਗਤ ਸੀ ਸੇਵਾ ਨਾਲ ਸੰਮਤ 1767 ਬਿ. (1710 ਈ.) ਵਿਚ ਇਕ ਪੱਕਾ ਖੂਹ ਲਵਾਇਆ, ਜੋ ਅੱਜ ਵੀ ਮੌਜੂਦ ਹੈ।[16] ਛਾਨ ਸਿੰਘ ਬਾਦੀਆਂ ਲਿਖਦੇ ਹਨ ਕਿ ਗੁਰੂ ਜੀ ਕਾ ਹੁਕਮ ਮਾਨਤੇ ਹੁਏ ਸੰਗਤ ਬਾਬਾ ਜੀ ਕਾ ਹਰ ਹੁਕਮ ਮਾਨਤੀ ਥੀ। ਬਾਬਾ ਦੀਪ ਸਿੰਘ ਨੇ ਸੰਗਤ ਕੇ ਸਹਿਯੋਗ ਸੇ ਏਕ ਸਰੋਵਰ ਬਨਾਨਾ ਆਰੰਭ ਕੀਆ।[17] ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੱਖਾਂ ਵਿਚ ਇਕ ਹੋਰ ਸਿੱਖ ਭਾਈ ਬੁੱਢਾ ਸਿੰਘ ਨੇ ਇਕ ਬੇਰੀ ਦਾ ਦਰੱਖਤ ਲਗਵਾਇਆ ਜਿਸ ਦਾ ਫਲ ਬੜਾ ਮਿੱਠਾ ਤੇ ਛਾਂ ਬੜੀ ਸੰਘਣੀ ਸੀ।[18] ਬਾਬਾ ਬੰਦਾ ਸਿੰਘ ਬਹਾਦਰ ਜਦੋਂ ਨਾਂਦੇੜ ਤੋਂ ਪੰਜਾਬ ਵੱਲ ਆਇਆ ਤਾਂ ਉਨ੍ਹਾਂ ਨੇ ਇਥੋਂ ਦੀ ਪਰਜਾ ਮੁਗ਼ਲ ਹਕੂਮਤ ਵਲੋਂ ਬਹੁਤ ਹੀ ਸਤਾਈ ਦੇਖੀ। ਸਥਾਨਕ ਲੋਕ ਹਾਕਮਾਂ ਤੋਂ ਕਿਉਂ ਤੰਗ ਸਨ? ਨਿਰੇ ਮਜ਼ਬੀ ਵਿਤਕਰੇ ਕਾਰਨ ਹੀ ਨਹੀਂ, ਸਗੋਂ ਜ਼ਾਲਮ ਹਾਕਮ ਆਪਣੇ ਤੋਂ ਕਮਜ਼ੋਰ ਹਰ ਹਿੰਦੂ ਅਤੇ ਮੁਸਲਮਾਨ ਉੱਤੇ ਵੀ ਆਪਣਾ ਹੱਥ ਸਾਫ਼ ਕਰਦੇ ਸਨ। ਇਥੋਂ ਤੱਕ ਹੀ ਬਸ ਨਹੀਂ, ਉਹ ਹਰ ਸੁੰਦਰ ਕੁੜੀ ਉੱਤੇ ਆਪਣਾ ਹੱਕ ਸਮਝਦੇ ਤੇ ਇਸਤ੍ਰੀਆਂ ਦੀ ਜ਼ਬਰਦਸਤੀ ਅਸਮਤ ਭੰਗ ਕਰਦੇ ਰਹਿੰਦੇ ਸਨ। ਬਾਦਸ਼ਾਹ, ਰਾਜੇ, ਨਵਾਬ, ਚੌਧਰੀ ਤੇ ਜਾਗੀਰਦਾਰ ਲਾਲਚ ਦੇ ਕੇ ਜਾਂ ਜ਼ਬਰਦਸਤੀ ਆਪਣੀ ਮਨ-ਮਰਜ਼ੀ ਦੀਆਂ ਕੁੜੀਆਂ ਲੋਕਾਂ ਪਾਸੋਂ ਖੋਹ ਲੈਂਦੇ ਤੇ ਕੁਝ ਚਿਰ ਆਪਣੀ ਹਵਸ ਪੂਰੀ ਕਰਨ ਪਿਛੋਂ ਉਨ੍ਹਾਂ ਬੇਗੁਨਾਹਾਂ ਨੂੰ ਜ਼ਿੰਦਾ ਦਰ-ਗੋਰ ਕਰ ਦਿੰਦੇ ਸਨ।[19] ਬਾਬਾ ਬੰਦਾ ਸਿੰਘ ਬਹਾਦਰ ਨੇ ਇਨ੍ਹਾਂ ਮਜ਼ਲੂਮਾਂ ਦੀ ਬਾਂਹ ਫੜੀ। ਗਰੀਬ ਤੇ ਸਾਧਾਰਨ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੇ ਪੂਰਨ ਸਹਿਯੋਗ ਨਾਲ ਜ਼ਾਲਮਾਂ ਨੂੰ ਸਜਾਵਾਂ ਦਿੱਤੀਆਂ। ਕਪੂਰੀ ਦੇ ਨਵਾਬ ਸੱਯਦ ਅਮਾਨੁੱਲਾ ਦਾ ਪੁੱਤਰ ਕਦਮੁੱਦੀਨ

---

15 ਗੰਡਾ ਸਿੰਘ, ਹੁਕਮਨਾਮੇ, ਪੰਨਾ 35.

16 ਪਰਮਜੀਤ ਸਿੰਘ, ਸ਼ਹੀਦ ਬਾਬਾ ਦੀਪ ਸਿੰਘ ਜੀਵਨ, ਸਿੱਖ ਪਰੰਪਰਾ ਵਿਚ ਸਥਾਨ ਤੇ ਯੋਗਦਾਨ, ਪੰਨਾ 73.

17 ਛਾਨ ਸਿੰਘ ਬਾਦੀਆਂ, ਗੁਰਮਤਿ ਸ਼ਹੀਦ ਬਾਬਾ ਦੀਪ ਸਿੰਘ ਜੀ, ਪੰਨਾ 92.

18 ਹਰਬੰਸ ਸਿੰਘ, 'ਸ਼ਹੀਦ ਬਾਬਾ ਦੀਪ ਸਿੰਘ ਜੀ', ਗੁਰਮਤਿ ਪ੍ਰਕਾਸ਼, ਜਨਵਰੀ 2016, ਪੰਨੇ 57-58.

19 ਪਿਆਰਾ ਸਿੰਘ ਦਾਤਾ, ਮਹਾਂਬਲੀ ਬੰਦਾ ਸਿੰਘ ਬਹਾਦਰ, ਪੰਨੇ 42-43.

ਬੜਾ ਕਾਮੀ ਤੇ ਬਦਮਾਸ਼ ਸੀ। ਉਸ ਨੇ ਆਲੇ ਦੁਆਲੇ ਦੇ ਇਲਾਕੇ ਵਿਚ ਜ਼ੁਲਮ ਦੀ ਅੱਤ ਚੁੱਕੀ ਹੋਈ ਸੀ। ਹਿੰਦੂਆਂ ਦੀ ਸ਼ਾਇਦ ਹੀ ਕੋਈ ਸੁਣੱਖੀ ਇਸਤਰੀ ਹੋਵੇ ਜਿਸ ਦੀ ਪਤ ਉੱਤੇ ਉਸ ਨੇ ਹੱਥ ਪਾਉਣ ਦਾ ਯਤਨ ਨਾ ਕੀਤਾ ਹੋਵੇ। ਉਸ ਦੇ ਘੋੜ-ਚੜ੍ਹੇ ਸਵਾਰ ਇਲਾਕੇ ਵਿਚ ਘੁੰਮਦੇ ਫਿਰਦੇ ਰਹਿੰਦੇ ਸਨ ਅਤੇ ਜਿੱਥੇ ਕਿਧਰੇ ਵੀ ਹਿੰਦੂਆਂ ਦੀ ਜੰਞ ਦਿਸਦੀ, ਬਹੂ (ਨਵਵਿਆਹੀ) ਖੋਹ ਲਿਆਉਂਦੇ ਅਤੇ ਕਰਮੁੱਦੀਨ ਦੇ ਪੇਸ਼ ਕਰ ਦਿੰਦੇ। ਉਸ ਦੇ ਸ਼ਾਹਵਾਨੀ ਸ਼ਿਕਾਰੀ ਉਸ ਦੇ ਆਪਣੇ ਇਲਾਕੇ ਤਕ ਹੀ ਸੀਮਿਤ ਨਹੀਂ ਸਨ। ਸਢੌਰੇ ਦੇ ਸ਼ਾਹਵਾਨੀ ਸੱਯਦਾਂ ਵਿਚ ਇਕ ਕਹਾਣੀ ਪ੍ਰਚੱਲਤ ਸੀ, ਕਿ ਇਕ ਵਾਰੀ ਉਹ ਸਿੱਖ ਦਾ ਭੇਸ ਬਣਾ ਕੇ ਅੰਮ੍ਰਿਤਸਰ ਸ਼ਹਿਰ ਵਿਚੋਂ ਇਕ ਸਿੱਖ ਜ਼ਨਾਨੀ (ਇਸਤਰੀ) ਜ਼ੋਰੀ ਚੁੱਕ ਲਿਆਇਆ ਸੀ। ਬਾਬਾ ਬੰਦਾ ਸਿੰਘ ਨੇ ਕਪੂਰੀ 'ਤੇ ਹਮਲਾ ਬੋਲਿਆ ਤੇ ਇਸ ਜ਼ਾਲਮ ਨੂੰ ਪਾਰ ਬੁਲਾਇਆ।[20] ਇਸ ਤੋਂ ਇਲਾਵਾ ਸਮਕਾਲੀ ਸਮਾਜਿਕ ਹਾਲਾਤਾਂ ਬਾਰੇ ਡਾ. ਬਲਵੰਤ ਸਿੰਘ ਢਿੱਲੋਂ ਫ਼ਾਰਸੀ ਸਰੋਤਾਂ ਦੇ ਹਵਾਲੇ ਨਾਲ ਲਿਖਦੇ ਹਨ ਕਿ ਬੰਦਾ ਸਿੰਘ ਬਹਾਦਰ ਨੇ ਭਾਰਤੀ ਸਮਾਜ ਵਿਚ ਸਦੀਆਂ ਤੋਂ ਅਛੂਤ ਕਹਾਏ ਜਾਂਦੇ ਲੋਕਾਂ ਨੂੰ ਰਾਜ-ਭਾਗ ਵਿਚ ਭਾਗੀਦਾਰ ਬਣਾਇਆ। ਭਾਰਤੀ ਵਰਣ ਵਿਵਸਥਾ ਵਿਚ ਅਖੌਤੀ ਅਛੂਤਾਂ ਤੇ ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਉੱਚ ਅਹੁਦਿਆਂ 'ਤੇ ਮੁਕੱਰਰ ਕੀਤਾ। ਹਿੰਦੂਆਂ ਤੇ ਮੁਸਲਮਾਨਾਂ ਵਿਚੋਂ ਜਿਹੜਾ ਵੀ ਸਿੱਖਾਂ ਦੀ ਲੜੀ ਵਿਚ ਪਰੋਇਆ ਜਾਂਦਾ ਸੀ, ਉਹ ਉਨ੍ਹਾਂ ਨਾਲ ਇਕੋ ਥਾਲੀ ਵਿਚ ਖਾਣਾ ਖਾਣ ਦਾ ਭਾਈਵਾਲ ਬਣ ਜਾਂਦਾ ਸੀ। ਨੀਵੇਂ ਪੇਸ਼ੇ ਵਾਲਾ ਭੰਗੀ ਤੇ ਵੱਡੀ ਕਦਰ ਵਾਲਾ ਰਾਜਾ ਇੱਕੋ ਭਾਂਡੇ ਵਿਚੋਂ ਖਾਣਾ ਖਾਂਦੇ ਸਨ। ਅਖੌਤੀ ਚੂਹੜੇ ਜਾਂ ਚਮਿਆਰ ਜੋ ਹਿੰਦੁਸਤਾਨ ਵਿਚ ਨੀਚ ਤੋਂ ਵੀ ਨੀਚ ਗਿਣੇ ਜਾਂਦੇ ਸਨ, ਉਨ੍ਹਾਂ ਨੂੰ ਉਸ ਨੇ ਹਕੂਮਤ ਕਰਨ ਦਾ ਅਧਿਕਾਰ ਦਿੱਤਾ।[21]

## 3. ਰਾਜਨੀਤਿਕ ਯੋਗਦਾਨ :-

ਦੁਨੀਆਂ ਦੇ ਇਤਿਹਾਸ ਵਿਚ ਇਹ ਹਕੀਕਤ ਹੈ ਕਿ ਮਨੁੱਖ ਦੇ ਵਿਅਕਤੀਗਤ ਵਿਕਾਸ ਵਿਚ ਧਾਰਮਿਕ ਸਾਧਨਾ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ਤੇ ਸਮਾਜਿਕ ਵਿਕਾਸ ਲਈ ਰਾਜ ਦੀ ਸ਼ਕਤੀ ਵਧੇਰੇ ਕੰਮ ਆਉਂਦੀ ਰਹੀ

---

[20] ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪੰਨੇ 42.

[21] ਬਲਵੰਤ ਸਿੰਘ ਢਿੱਲੋਂ, ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ, ਪੰਨਾ 19.

ਹੈ। ਇਨ੍ਹਾਂ ਦੋਹਾਂ ਪੱਖਾਂ ਨੂੰ ਸਿੱਖ ਪਰੰਪਰਾ ਵਿਚ 'ਮੀਰੀ-ਪੀਰੀ' ਦਾ ਨਾਂ ਦਿੱਤਾ ਗਿਆ। ਵਿਅਕਤੀਗਤ ਤੇ ਸਮਾਜਿਕ ਵਿਕਾਸ ਲਈ ਇਨ੍ਹਾਂ ਦੋਹਾਂ ਪੱਖਾਂ ਦੀ ਆਵਸ਼ਕਤਾ ਜ਼ਰੂਰੀ ਕਰਾਰ ਦਿੱਤੀ ਗਈ ਹੈ ਕਿਉਂਕਿ ਭਾਰਤੀ ਇਤਿਹਾਸ ਵਿਚ ਸ਼ਕਤੀਹੀਣ ਧਰਮ ਦੀ ਜੋ ਦੁਰਗਤੀ ਹੋਈ ਤੇ ਧਰਮ ਤੋਂ ਬਿਨਾਂ ਰਾਜਸੀ ਸਤਾ ਵੱਲੋਂ ਜੋ ਜ਼ੁਲਮੀ ਝੱਖੜ ਝੁਲੇ ਸਨ, ਉਹ ਗੁਰੂ ਸਾਹਿਬਾਨ ਦੇ ਸਾਹਮਣੇ ਸਨ। ਇਸ ਲਈ ਗੁਰੂ ਸਾਹਿਬਾਨ ਨੇ ਸਮਾਜਿਕ ਕਰਮਯੋਗ ਨੂੰ ਧਰਮ ਦਾ ਅੰਗ ਬਣਾਇਆ ਤੇ ਇਹੋ ਕਰਮਸ਼ੀਲਤਾ ਰਾਜਨੀਤਿਕ ਸ਼ਕਤੀ ਦੀ ਅਧਿਕਾਰੀ ਬਣੀ, ਜਿਸ ਨੇ ਆਪਣੇ ਉੱਚੇ ਤੇ ਸੁੱਚੇ ਮਿਸ਼ਨ ਦੀ ਪੂਰਤੀ ਲਈ ਸਮੇਂ-ਸਮੇਂ ਯੋਗ ਉਪਰਾਲੇ ਕੀਤੇ। ਜਿਵੇਂ ਧਰਮ ਮਨ ਨੂੰ ਜਿੱਤਣ ਦਾ ਹੁਨਰ ਹੈ ਉਸੇ ਤਰ੍ਹਾਂ ਰਾਜ ਦੁਨੀਆਂ ਨੂੰ ਜਿੱਤਣ ਦਾ। ਰਾਜ ਦਾ ਅਰਥ ਹਕੂਮਤ ਕਰਨ ਦੀ ਹਵਸ ਨਹੀਂ, ਸਗੋਂ ਰਾਜ ਦਾ ਭਾਵ ਹੈ ਸਮਾਜ ਦੀਆਂ ਪਦਾਰਥਕ ਸ਼ਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਨੂੰ ਵਿਸ਼ਵ-ਕਲਿਆਣ ਲਈ ਵਰਤਣ ਹਿੱਤ ਵਿਉਂਤਵੱਧ ਉਪਾਉ ਕਰਨਾ ਹੈ।[22] ਰਾਜਸੀ ਹਾਕਮ ਪਰਜਾ ਦੇ ਲੋਕਾਂ ਨੂੰ ਹਾਨੀਕਾਰਕ ਕੀੜੇ ਮਕੌੜੇ ਹੀ ਸਮਝਦੇ ਸਨ। ਇਸ ਸਮੇਂ ਰਾਜਸੀ ਨਿਰਦਇਤਾ ਵਿਤਕਰੇ ਪੂਰਬਕ ਸੀ। ਦੋਸ਼ੀ ਆਪਣੇ ਰਾਜਨੀਤਿਕ ਰਸੂਖ ਨਾਲ ਬਚ ਜਾਂਦਾ ਸੀ ਤੇ ਕਈ ਵਾਰ ਨਿਰਦੋਸ਼ ਨੂੰ ਸਜ਼ਾ ਮਿਲ ਜਾਂਦੀ ਸੀ। ਗੁਰੂ ਸਾਹਿਬ ਨੇ ਦੇਖਿਆ ਕਿ ਜਿੰਨਾ ਚਿਰ ਰਾਜਸੀ ਸਤਾ ਇਕ ਦੇ ਹੱਥਾਂ ਵਿਚ ਰਹੇਗੀ, ਉਨਾ ਚਿਰ ਇਸ ਵਿਚ ਸੁਧਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਪੰਚ ਪ੍ਰਧਾਨੀ ਰਾਜ ਦੀ ਸਥਾਪਨਾ ਕੀਤੀ। ਅਨੰਦਪੁਰ ਸਾਹਿਬ ਦੀ ਧਰਤੀ ’ਤੇ ਅੰਮ੍ਰਿਤ ਛਕਾਉਣ ਸਮੇਂ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਦੀ ਚੋਣ ਕੀਤੀ ਅਤੇ ਇਨ੍ਹਾਂ ਨੂੰ ਆਪਣਾ ਗੁਰੂ ਮੰਨਦਿਆਂ ਸੀਸ ਨਿਵ੍ਹਾ ਦਿੱਤਾ। ਇਸ ਤੋਂ ਬਾਅਦ ਚਮਕੌਰ ਦੀ ਗੜ੍ਹੀ ਵਿਚ ਪੰਜ ਸਿੰਘਾਂ ਨੂੰ ਆਪਣੀ ਥਾਂ ਸਥਾਪਿਤ ਕੀਤਾ ਅਤੇ ਉਨ੍ਹਾਂ ਪੰਜਾਂ ਦਾ ਹੁਕਮ ਮੰਨ ਕੇ ਗੜ੍ਹੀ ਵਿਚੋਂ ਚਲੇ ਗਏ ਸਨ। ਬਾਬਾ ਬੰਦਾ ਸਿੰਘ ਬਹਾਦਰ ਨੂੰ ਵੀ ਪੰਜ ਸਿੰਘਾਂ ਦੀ ਅਗਵਾਈ ਵਿਚ ਚਲਣ ਦਾ ਆਦੇਸ਼ ਦਿੱਤਾ ਗਿਆ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸਿੱਖ ਪੰਥ ਵਿਚ ਰਾਜਸੀ, ਧਾਰਮਿਕ ਅਤੇ ਹੋਰ ਮਸਲਿਆਂ ਨਾਲ ਸੰਬੰਧਿਤ ਸਮਾਜਿਕ ਮੁਸ਼ਕਲਾਂ ਦਾ ਹੱਲ ਪੰਜ ਪਿਆਰੇ ਸਾਹਿਬਾਨ ਹੀ ਕਰਦੇ ਰਹੇ। ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਗੁਰੂ ਮਹਿਲਾਂ

---

22 ਰੂਪ ਸਿੰਘ (ਸੰਪਾ.), ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ, ਪੰਨਾ 397.

(ਮਾਤਵਾਂ) ਨੇ ਧਾਰਮਿਕ ਅਤੇ ਰਾਜਸੀ ਤੌਰ ’ਤੇ ਸਿੱਖ ਪੰਥ ਦੀ ਅਗਵਾਈ ਕੀਤੀ। ਗੁਰੂ ਸਾਹਿਬ ਨੇ ਆਪ ਸਮੇਂ ਦੇ ਰਾਜਿਆਂ ਦੇ ਰਾਜਸੀ ਵਿਵਾਦਾਂ ਨੂੰ ਵੀ ਨਿਪਟਾਉਣ ਵਿਚ ਵੀ ਉਨ੍ਹਾਂ ਦੀ ਮੱਦਦ ਕੀਤੀ। *ਤਾਰੀਖ਼-ਏ-ਪੰਜਾਬ* ਦੇ ਕਰਤਾ ਕਨ੍ਹੱਈਆ ਲਾਲ ਅਨੁਸਾਰ ਜਦੋਂ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰਾਂ ਵਿਚ ਦਿੱਲੀ ਦੇ ਤਖ਼ਤ ਲਈ ਝਗੜਾ ਹੋਇਆ ਤਾਂ ਗੁਰੂ ਸਾਹਿਬ ਨੇ ਨਿਪਟਾਇਆ ਸੀ। ਔਰੰਗਜ਼ੇਬ ਦੇ ਪੁੱਤਰ ਬਹਾਦਰਸ਼ਾਹ ਦਾ ਕਾਸਦ ਮੁਨਸ਼ੀ ਨੰਦ ਲਾਲ ਦੇ ਵਸੀਲੇ ਨਾਲ ਗੁਰੂ ਜੀ ਦੀ ਸੇਵਾ ਵਿਚ ਪੁੱਜਾ ਤੇ ਬੇਨਤੀ ਕੀਤੀ ਕਿ ‘ਦਿੱਲੀ ਦੇ ਤਖ਼ਤ ਲਈ ਬਹਾਦਰਸ਼ਾਹ ਦੀ ਸ਼ਹਿਜ਼ਾਦਾ ਆਜ਼ਮ ਨਾਲ ਲੜਾਈ ਹੋ ਰਹੀ ਹੈ, ਆਪ ਸਹਾਇਤਾ ਕਰੋ’। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਵਿਚੋਂ ਪੰਜ ਸਿੱਖਾਂ ਨੂੰ ਸਮੇਤ ਦਯਾ ਸਿੰਘ ਦੇ ਭੇਜ ਦਿੱਤਾ। ਸ਼ਹਿਜ਼ਾਦਾ ਆਜ਼ਮ ਤੀਰ ਨਾਲ ਮਾਰਿਆ ਗਿਆ, ਖੋਜ ਕਰਨ ਪਿੱਛੋਂ ਮਾਲੂਮ ਹੋਇਆ ਕਿ ਉਹ ਤੀਰ ਫ਼ੌਜ ਵਿਚੋਂ ਕਿਸੇ ਦਾ ਨਹੀਂ ਸੀ। ਅਖ਼ੀਰ ਪਤਾ ਲੱਗਾ ਕਿ ਉਹ ਤੀਰ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਸੀ, ਕਿਉਂਜੋ ਗੁਰੂ ਜੀ ਦੇ ਤੀਰ ਨਾਲ ਇਕ ਤੋਲਾ ਸੋਨਾ ਨੋਕਬੰਦ ਕੋਲ ਲੱਗਾ ਹੁੰਦਾ ਸੀ। ਜਦ ਬਹਾਦਰਸ਼ਾਹ ਤਖ਼ਤ ’ਤੇ ਬੈਠਾ ਗੁਰੂ ਜੀ ਨੂੰ ਆਗਰੇ ਬੁਲਾਇਆ ਤੇ ਉਨ੍ਹਾਂ ਦਾ ਸਵਾਗਤ ਕੀਤਾ।[23] ਇਸੇ ਤਰ੍ਹਾਂ ਕਿਸੇ ਪਰਵਾਰਕ ਝਗੜੇ ਸੰਬੰਧੀ ਮਾਤਾ ਸੁੰਦਰੀ ਜੀ ਵਲੋਂ ਭਾਈ ਚੈਨ ਸਿੰਘ, ਭੋਪਤ ਸਿੰਘ ਅਤੇ ਸੰਗਤ ਸਿੰਘ ਦੇ ਨਾਮ ਪੁਰ ਇਕ ਹੁਕਮਨਾਮਾ ਭੇਜਿਆ, ਜਿਸ ਵਿਚ ਹੁਕਮ ਸੀ ਕਿ ਤੁਹਾਡੇ ਪਾਸ ਭਾਈ ਲਾਲ ਪਾਲਾ ਅਤੇ ਸੰਗੋ ਆਏ ਹਨ। ਇਨ੍ਹਾਂ ਦਾ ਜੋ ਲੇਖਾ ਹੈ ਸੋ ਤੁਸੀਂ ਨਬੇੜ ਦੇਣਾ। ਵਾਜਬੀ ਗੱਲ ਹੋਵੇ ਸੋ ਕਰ ਦੇਵਣੀ ਰਿਆਇਤ ਕਿਸੀ ਕੀ ਨਹੀਂ ਕਰਨੀ।[24] ਭਾਵ ਇਨ੍ਹਾਂ ਦਾ ਆਪਸ ਵਿਚ ਕੋਈ ਝਗੜਾ ਸੀ। ਮਾਤਾ ਜੀ ਨੇ ਆਪਣੇ ਸਿੱਖਾਂ ਰਾਹੀਂ ਇਸ ਨੂੰ ਨਵਿਰਤ ਕੀਤਾ। ਉਪਰੋਕਤ ਵਿਚਾਰਾਂ ਤੋਂ ਪਤਾ ਲਗਦਾ ਹੈ ਕਿ ਸਮਾਜ ਵਿਚ ਰਾਜਨੀਤਿਕ ਸ਼ਕਤੀ ਸਰਬ ਲੋਕਾਈ ਦੇ ਭਲੇ ਲਈ ਵਰਤੀ ਜਾਂਦੀ ਸੀ, ਜੋ ਬਾਅਦ ਵਿਚ ਵੀ ਵਰਕਰਾਰ ਰਹੀ। ਇਸ ਦੀਆਂ ਉਦਾਹਰਨਾਂ ਸਿੱਖ ਰਾਜ ਦੇ ਪਹਿਲੇ ਰਾਜੇ ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸ ਵਿਚ ਬਹੁਤ ਮਿਲ ਜਾਂਦੀਆਂ ਹਨ। ਉਨ੍ਹਾਂ ਦੇ ਰਾਜ ਵਿਚ ਦੋਸ਼ੀ ਨੂੰ ਸਜ਼ਾ ਬਹੁਤ ਸੋਚ ਸਮਝ ਕੇ ਅਤੇ ਦੋਸ਼ੀ ਬਾਰੇ ਪੂਰੀ

---

23 ਕਨ੍ਹੱਈਆ ਲਾਲ, ਤਾਰੀਖ਼-ਏ-ਪੰਜਾਬ, ਅਨੁ. ਡਾ. ਜੀਤ ਸਿੰਘ ਸੀਤਲ, ਪੰਨੇ 50-51.

24 ਗੰਡਾ ਸਿੰਘ, ਹੁਕਮਨਾਮੇ, ਪੰਨੇ 34-35.

ਪੜਤਾਲ ਕਰਨ ਤੋਂ ਬਾਅਦ ਹੀ ਦਿੱਤੀ ਜਾਂਦੀ ਸੀ।

## 4. ਆਰਥਿਕ ਯੋਗਦਾਨ :-

ਅਰਥ-ਸ਼ਾਸਤਰ ਮਨੁੱਖ ਦੀਆਂ ਉਨ੍ਹਾਂ ਕਿਰਿਆਵਾਂ ਦਾ ਅਧਿਐਨ ਕਰਦਾ ਹੈ ਜਿਹੜੀਆਂ ਉਸ ਦੀਆਂ ਜ਼ਰੂਰਤਾਂ ਨੂੰ ਸੰਤੁਸ਼ਟ ਕਰਨ ਲਈ ਭੌਤਿਕ ਸਾਧਨਾਂ ਨੂੰ ਪ੍ਰਾਪਤ ਕਰਨ ਲਈ ਕੀਤੀ ਜਾਂਦੀਆਂ ਹਨ। ਇਨ੍ਹਾਂ ਕਿਰਿਆਵਾਂ ਦਾ ਸੰਬੰਧ ਸਮਾਜਿਕ ਕ੍ਰਿਆਵਾਂ ਨਾਲ ਗੂੜ੍ਹਾ ਹੈ ਤੇ ਆਰਥਿਕਤਾ ਦਾ ਉਦੇਸ਼ ਆਰਥਿਕ ਕਲਿਆਣ ਹੀ ਨਹੀਂ ਬਲਕਿ ਸਮਾਜਿਕ ਕਲਿਆਣ ਵੀ ਹੈ।[25] ਗੁਰੂ ਨਾਨਕ ਸਾਹਿਬ ਨੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸਿਧਾਂਤ ਦੇ ਕੇ ਸਮਾਜ ਵਿਚ ਆਰਥਿਕ ਏਕਤਾ ਨੂੰ ਬਹਾਲ ਕਰਨ ਦਾ ਉਪਰਾਲਾ ਕੀਤਾ। ਗੁਰਮਤਿ ਵਿਚ ਏਕਾਧਿਕਾਰ ਵਾਲੀ ਆਰਥਿਕਤਾ ਨੂੰ ਕੋਈ ਥਾਂ ਨਹੀਂ। ਮੁਗ਼ਲ ਹਾਕਮ ਪਰਜਾ ਦੀਆਂ ਲੋੜਾਂ ਜਾਂ ਮਜ਼ਬੂਰੀਆਂ ਨੂੰ ਨਹੀਂ ਸਮਝਦੇ ਸਨ। ਉਹ ਨਿਯਤ ਕੀਤਾ ਹੋਇਆ ਕਰ ਵਸੂਲਣ ਲਈ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਤੋਂ ਗੁਰੇਜ਼ ਵੀ ਨਹੀਂ ਕਰਦੇ ਸਨ। ਜਦੋਂ ਪਹਾੜੀ ਰਾਜਿਆਂ ਪਾਸੋਂ ਦਿਲੀ ਸਰਕਾਰ ਨੇ ਕਰ ਵਸੂਲ ਕਰਨ ਦੇ ਯਤਨ ਕੀਤੇ ਤਾਂ ਕੁਝ ਕੁ ਰਾਜਿਆਂ ਨੇ ਆਪਣੇ ਕਰ ਦੀ ਅਦਾਇਗੀ ਦਾ ਵਿਰੋਧ ਕੀਤਾ। ਇਨ੍ਹਾਂ ਨੇ ਆਪਣੀ ਸਹਾਇਤਾ ਲਈ ਗੁਰੂ ਜੀ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਨੇ ਆਪਣੇ ਸਿੰਘਾਂ ਨੂੰ ਰਾਜਿਆਂ ਦੀ ਮਦਦ ਕਰਨ ਲਈ ਭੇਜਿਆ। ਡਾ. ਗੰਡਾ ਸਿੰਘ ਅਨੁਸਾਰ ਗੁਰੂ ਸਾਹਿਬ ਦੇ ਹੁਕਮਨਾਮਿਆਂ ਵਿਚੋਂ ਸਿੱਖਾਂ ਦੀ ਆਰਥਿਕ ਸਥਿਤੀ ਦਾ ਵੀ ਪਤਾ ਲਗਦਾ ਹੈ। ਜਿਵੇਂ:- ਢਾਕੇ ਵਿਚ ਚੰਗੇ ਬਣਦੇ ਹਥਿਆਰ; ਬਨਾਰਸ ਵਿਚ ਬਹੁਤ ਵਧੀਆ ਕਪੜੇ ਦਾ ਕੰਮ; ਪਟਨੇ ਵਿਚ ਬੋਲਣ ਵਾਲੀਆਂ ਸਿਖਲਾਈਆਂ ਹੋਈਆਂ ਕੋਇਲਾਂ, ਚੰਗਾ ਦਮ ਭਰਨ ਵਾਲੇ ਕਬੂਤਰ, ਪਿਆਲੇ ਆਦਿ; ਮਾਲਵੇ ਵਿਚੋਂ ਊਠ ਤੇ ਬਲਦ; ਲਖਨਊ ਤੋਂ ਤੋਪਾਂ ਤੇ ਉਨ੍ਹਾਂ ਦਾ ਸਾਜ਼ ਅਦਿ।[26] ਇਹ ਕੰਮ ਸਿੱਖ ਅਤੇ ਗ਼ੈਰ ਸਿੱਖ ਵਪਾਰੀ ਕਰਦੇ ਸਨ। ਇਹ ਸਾਰਾ ਕੁਝ ਗੁਰੂ ਸਾਹਿਬ ਵਲੋਂ ਖੁਦ ਜਾਂ ਉਨ੍ਹਾਂ ਦੇ ਸਿੱਖਾਂ ਵਲੋਂ ਵੱਡੀ ਪੱਧਰ ’ਤੇ ਖਰੀਦਿਆ ਜਾਂਦਾ ਸੀ। ਇਸ ਨਾਲ ਵਪਾਰੀ ਅਤੇ ਕਾਰੀਗਰ ਲੋਕਾਂ ਦੀ ਵੀ ਆਰਥਿਕ ਸਥਿਤੀ ਮਜ਼ਬੂਤ ਹੁੰਦੀ

---

[25] ਸ਼ਬਦ ਗੁਰੂ ਵਿਸ਼ੇਸ਼ ਅੰਕ, ਪੰਜਾਬੀ ਦੁਨੀਆਂ, ਪੰਨਾ 199.

[26] ਗੰਡਾ ਸਿੰਘ, ਹੁਕਮਨਾਮੇ, ਪੰਨਾ 34.

ਸੀ।

ਗੁਰੂ ਸਾਹਿਬ ਦੇ ਸਿੱਖ ਅਮੀਰੀ-ਗਰੀਬੀ ਦੇ ਵਿਤਕਰੇ ਤੋਂ ਨਿਰਲੇਪ ਸਨ। ਉਨ੍ਹਾਂ ਲਈ ਅਮੀਰ ਤੇ ਗਰੀਬ ਇਕ ਸਮਾਨ ਅਤੇ ਸਤਿਕਾਰ ਦੇ ਬਰਾਬਰ ਦੇ ਪਾਤਰ ਸਨ। ਇਹ ਗੱਲ ਠੀਕ ਹੈ ਕਿ ਗੁਰੂ ਸਾਹਿਬ ਨਾਲ ਸੰਗਤ ਬਹੁਤ ਜਿਆਦਾ ਹੁੰਦੀ ਸੀ। ਇਸ ਲਈ ਗੁਰੂ ਸਾਹਿਬ ਨੂੰ ਕਿਸੇ ਖੁਲ੍ਹੀ ਥਾਂ ਜਾਂ ਕਿਸੇ ਵੱਡੇ ਘਰ ਵਾਲੇ ਸਿੱਖ ਦੇ ਘਰ ਟਿਕਾਣਾ ਕਰਨਾ ਪੈਂਦਾ ਸੀ। ਗੁਰੂ ਸਾਹਿਬ ਦੇ ਸਿੱਖਾਂ ਵਿਚ ਇਕ ਉਦਾਹਰਨ ਮਿਲਦੀ ਹੈ ਕਿ ਇਕ ਬਾਰ ਮਾਲਵੇ ਵਿਚ ਕੋਟਕਪੂਰੇ ਕੋਲ ਗੁਰੂ ਸਾਹਿਬ ਸਿੱਖ ਸੰਗਤ ਸਮੇਤ ਠਹਿਰੇ ਹੋਏ ਸਨ। ਇੱਥੋਂ ਦੇ ਸ਼ਰਧਾਲੂ ਸਿੱਖਾਂ ਨੇ ਗੁਰੂ ਸਾਹਿਬ ਦੇ ਨਾਲ ਆਏ ਸਿੱਖਾਂ ਨੂੰ ਆਪਣੇ-ਆਪਣੇ ਘਰ ਲੈ ਜਾ ਕੇ ਜਲ-ਪਾਨ ਛਕਾਉਣਾ ਚਾਹਿਆ। ਗੁਰੂ ਸਾਹਿਬ ਨੇ ਸ਼ਰਧਾਲੂ ਸਿੱਖਾਂ ਦੇ ਘਰ ਕੁਝ ਕੁ ਸਿੱਖਾਂ ਦੇ ਜਥੇ ਬਣਾ ਕੇ ਭੇਜਿਆ। ਸ਼ਰਧਾਲੂ ਸਿੱਖਾਂ ਵਿਚ ਇਕ ਅਤਿ ਦਾ ਗਰੀਬ ਕਿਸਾਨ ਸਿੱਖ ਭਾਈ ਗੰਗਾ ਸਿੰਘ ਸੀ।[27] ਸ਼ਰੀਕੇ ਵਾਲਿਆਂ ਨੇ ਇਸ ਨੂੰ ਵੀ ਕਿਹਾ ਕਿ ਇਕ ਸਿੱਖ ਨੂੰ ਉਹ ਘਰ ਲੈ ਕੇ ਜਾਵੇ। ਇਹ ਸਿੱਖ, ਇਕ ਸਿੱਖ ਭਾਈ ਮਲਿਆਗਰ ਸਿੰਘ ਨੂੰ ਆਪਣੇ ਘਰ ਲੈ ਗਿਆ। ਘਰ ਵਿਚ ਕੁਝ ਵੀ ਖਾਣ ਲਈ ਨਹੀਂ ਸੀ। ਇਸ ਨੇ ਆਪਣੀ ਸ਼ਰਧਾ ਨਾਲ ਪੱਕੇ ਪੀਲੂ ਉਬਾਲ ਕੇ ਉਸ ਸਿੱਖ ਨੂੰ ਛਕਾਏ। ਸਿੱਖ ਬਹੁਤ ਖੁਸ਼ ਹੋਇਆ ਤੇ ਜਲ-ਪਾਨ ਛਕਾਉਣ ਬਾਬਤ ਇਸ ਦੀ ਸ਼ੁਕਰਾਨੇ ਵਜੋਂ ਅਰਦਾਸ ਕੀਤੀ। ਜਦੋਂ ਸਾਰੇ ਸਿੱਖ ਪ੍ਰਸਾਦ ਛਕ ਕੇ ਗੁਰੂ ਦਰਬਾਰ ਵਿਚ ਪਹੁੰਚੇ ਤਾਂ ਸਾਰਿਆਂ ਨੇ ਖੁਸ਼ੀ ਨਾਲ ਦੱਸਿਆ ਕਿ ਅਸੀਂ ਬਹੁਤ ਅੱਛੇ-ਅੱਛੇ ਭੋਜਨ ਛਕ ਕੇ ਆਏ ਹਾਂ। ਗੁਰੂ ਸਾਹਿਬ ਨੇ ਮਲਿਆਗਰ ਸਿੰਘ ਨੂੰ ਵੀ ਪੁੱਛਿਆ। ਉਸ ਨੇ ਕਿਹਾ ਗੁਰੂ ਜੀ ਮੈਂ ਅੱਜ ਅਜਿਹਾ ਭੋਜਨ ਛਕਿਆ ਹੈ ਕਿ ਪਹਿਲਾਂ ਨਾ ਕਦੇ ਖਾਧਾ ਹੈ ਅਤੇ ਨਾ ਹੀ ਅੱਗੋਂ ਮਿਲਣਾ ਹੈ। ਸਾਰੇ ਹੈਰਾਨ ਹੋਏ ਕਿ ਇਸ ਸਿੱਖ ਨੇ ਅਜਿਹਾ ਕੀ ਛਕਾ ਦਿੱਤਾ? ਗੁਰੂ ਸਾਹਿਬ ਨੇ ਇਕ ਸਿੱਖ ਨੂੰ ਗੰਗਾ ਸਿੰਘ ਨੂੰ ਬੁਲਾਉਣ ਲਈ ਭੇਜਿਆ। ਜਦੋਂ ਉਸ ਤੋਂ ਪੁੱਛਿਆ ਗਿਆ ਤਾਂ ਉਸ ਨੇ ਨਿਮਰਤਾ ਨਾਲ ਬੇਨਤੀ ਕੀਤੀ ਕਿ ਮੈਂ ਅਤਿ ਗਰੀਬ ਹਾਂ ਮੇਰੇ ਘਰ ਕੁਝ ਵੀ ਨਹੀਂ ਸੀ ਮੈਂ ਤਾਂ ਇਸ ਸਿੱਖ ਨੂੰ ਪੱਕੇ ਪੀਲੂ ਹੀ ਉਬਾਲ ਕੇ ਛਕਾਏ ਹਨ। ਗੁਰੂ ਸਾਹਿਬ ਇਸ ਸਿੱਖ ਦੀ ਭਾਵਨਾ ਤੇ ਛਕਣ ਵਾਲੇ ਸਿੱਖ ਦੇ ਸੰਤੋਖੀ ਹੋਣ 'ਤੇ ਬਹੁਤ ਪ੍ਰਸੰਨ ਹੋਏ ਅਤੇ ਦੋਵਾਂ ਨੂੰ ਅਸ਼ੀਸ ਬਖਸ਼ੀ। ਗੁਰੂ-

---

[27] ਭਾਈ ਸ੍ਵਰੂਪ ਸਿੰਘ ਕੋਸ਼ਿਸ ਕਿਰਤ, ਗੁਰੂ ਕੀਆਂ ਸਾਖੀਆਂ, ਸੰਪਾ. ਪ੍ਰੋ. ਪਿਆਰਾ ਸਿੰਘ ਗਿਆਨੀ ਗਰਜਾ ਸਿੰਘ, ਪੰਨਾ 157.

ਘਰ ਦੇ ਬਹੁਤ ਸਾਰੇ ਸ਼ਰਧਾਲੂ ਗਰੀਬ ਸਿੱਖ ਵੀ ਸਨ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖ ਅਜਿਹੇ ਗਰੀਬ ਸਿੱਖਾਂ ਦੀ ਲੋੜ ਅਨੁਸਾਰ ਮਦਦ ਕਰਦੇ ਰਹਿੰਦੇ ਸਨ। ਗੁਰੂ ਸਾਹਿਬ ਦਾ ਇਕ ਹਜ਼ੂਰੀ ਸਿੱਖ ਸੀ ਆਸਾ ਸਿੰਘ, ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਦਾ ਇਕ ਮੁਸੱਦੀ ਹੁੰਦਾ ਸੀ। ਇਹ ਸਿੱਖ ਗੁਰੂ ਸਾਹਿਬ ਦਾ ਬਹੁਤ ਹੀ ਪ੍ਰੇਮੀ, ਨੇਕ ਚਲਨ ਤੇ ਦਿਆਨਤਦਾਰ ਆਦਮੀ ਸੀ, ਜੋ ਕਿ ਇਕ ਵਿਦਵਾਨ ਤੇ ਕਵੀ ਵੀ ਸੀ। ਕਿਸੇ ਦਾ ਦੁਖ ਨਹੀਂ ਦੇਖ ਸਕਦਾ ਸੀ, ਇਹ ਪਰਾਈ ਪੀੜਾ ਨਾਲ ਪੀੜਤ ਹੋ ਕੇ ਦ੍ਰਵ ਜਾਣ ਦਾ ਵਿਸ਼ੇਸ਼ ਗੁਣ ਰਖਦਾ ਸੀ। ਇਕ ਦਿਨ ਇਸ ਕੋਲ ਇਕ ਦੁਖੀ ਤੇ ਲਾਚਾਰ ਆਦਮੀ ਆਇਆ ਜਿਸ ਦੀ ਲੜਕੀ ਦਾ ਵਿਆਹ ਸੀ। ਇਸ ਦੁਖੀ ਆਦਮੀ ਨੇ ਆਪਣਾ ਦੁਖ ਦੱਸਿਆ ਤੇ ਗੁਰੂ ਦਾ ਵਾਸਤਾ ਪਾ ਕੇ ਮਦਦ ਮੰਗੀ। ਆਸਾ ਸਿੰਘ ਨੇ ਉਸ ਦਾ ਦੁੱਖ ਸਮਝਦੇ ਹੋਏ ਕਿਸੇ ਵਪਾਰੀ ਦੇ ਨਾਂ 'ਤੇ ਪੰਜ ਸੌ ਦਾ ਟੋਂਬੂ ਲਿਖ ਦਿੱਤਾ। ਵਪਾਰੀ ਨੇ ਗੁਰੂ ਸਾਹਿਬ ਦਾ ਟੋਂਬੂ ਲੈ ਕੇ ਉਸ ਸਿੱਖ ਨੂੰ ਪੰਜ ਸੌ ਰੁਪਏ ਦੇ ਦਿੱਤੇ। ਇਸ ਤਰ੍ਹਾਂ ਆਸਾ ਸਿੰਘ ਦੀ ਮਦਦ ਨਾਲ ਲੋੜਵੰਦ ਸਿੱਖ ਦਾ ਕਾਰਜ ਹੋ ਗਿਆ।[28] ਮਾਤਾ ਸਾਹਿਬ ਦੇਵਾਂ ਵਲੋਂ ਰਕਾਬਗੰਜ ਦੀ ਸੰਗਤ ਦੇ ਨਾਮ ਇਕ ਗਰੀਬ ਸਿੱਖ ਬੀਬੀ ਨੂਪੀ ਦੀ ਲੜਕੀ ਦੇ ਵਿਆਹ ਲਈ ਪੰਝੀ ਰੁਪਏ ਸਹਾਇਤਾ ਦੇਣ ਦਾ ਜ਼ਿਕਰ ਮਿਲਦਾ ਹੈ।[29]

ਗੁਰੂ ਸਾਹਿਬ ਦੀ ਮਾਨਵਵਾਦੀ ਸਿੱਖਿਆ ਨੇ ਸਾਮੰਤੀ ਸੰਸਾਰ ਦੇ ਸਮਾਜਿਕ ਅਨਿਆਂ ਦੇ ਖਿਲਾਫ, ਵਰਗ-ਜਾਤ ਵੰਡ ਦੇ ਪਿਛਾਂਹ ਖਿਚੂ ਕਾਨੂੰਨਾਂ ਦੇ ਖਿਲਾਫ ਚੋਣਵਿਆਂ ਧੰਦਿਆਂ ਦੇ ਪੱਕੇ ਹੋ ਰਹੇ ਵਿਸ਼ੇਸ਼ ਅਧਿਕਾਰਾਂ ਤੇ ਲੱਖਾਂ ਲੋਕਾਂ ਦੀ ਤ੍ਰਿਸਕਾਰਿਤ ਹਾਲਤ ਦੇ ਖਿਲਾਫ ਬਗਾਵਤ ਕੀਤੀ।[30] ਗੁਰੂ ਸਾਹਿਬ ਦੀ ਪ੍ਰੇਰਨਾ ਨਾਲ ਬਹੁਤ ਸਾਰੇ ਸਿੱਖਾਂ ਨੇ ਕ੍ਰਿਸਾਨੀ ਤੋਂ ਇਲਾਵਾ ਵਿਉਪਾਰ, ਨੌਕਰੀ ਆਦਿਕ ਕਿੱਤਿਆਂ ਵਿਚ ਵਿਸ਼ੇਸ਼ ਉਪਰਾਲੇ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਸੂਰਬੀਰ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਵਿਚ ਆਰਥਿਕ ਯੋਗਦਾਨ ਬਾਰੇ ਡਾ. ਗੰਡਾ ਸਿੰਘ ਲਿਖਦੇ ਹਨ ਕਿ ਬਾਦਸ਼ਾਹਾਂ ਦੇ ਵੇਲੇ ਹਰ ਉਹ ਆਦਮੀ ਜੋ ਪੁਰਾਣੇ ਸਮੇਂ ਤੋਂ ਕਈ ਪਰਗਣਿਆਂ ਦਾ ਮਾਲਕ ਚਲਾ ਆਉਂਦਾ ਸੀ, ਜ਼ਿਮੀਦਾਰ ਕਹਾਉਂਦਾ ਸੀ। ਇਹ ਆਪਣੀ ਮਨ-ਮਰਜ਼ੀ ਨਾਲ

28 ਸੇਵਾ ਸਿੰਘ, ਭਾਈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਦਯਾ ਦਰਬਾਰ, ਪੰਨੇ 13-18.

29 ਗੰਡਾ ਸਿੰਘ, ਹੁਕਮਨਾਮੇ, ਪੰਨਾ 35.

30 ਸ਼ਬਦ ਗੁਰੂ ਵਿਸ਼ੇਸ਼ ਅੰਕ, ਪੰਜਾਬੀ ਦੁਨੀਆਂ, ਪੰਨਾ 200.

ਕਿਸਾਨਾਂ ਨੂੰ ਰੱਖ ਅਤੇ ਕੱਢ ਸਕਦਾ ਸੀ। ਇਸ ਜ਼ਿਮੀਦਾਰ ਪ੍ਰਬੰਧ ਹੇਠ ਲੋਕਾਂ ਉੱਤੇ ਹੋ ਰਹੇ ਜ਼ੁਲਮ ਵਲ ਕੋਈ ਵੀ ਧਿਆਨ ਨਹੀਂ ਸੀ ਦੇ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਜ਼ਿਮੀਦਾਰੀ ਨਿਜ਼ਾਮ ਨੂੰ ਜੜ੍ਹੋਂ ਪੁੱਟ ਦਿੱਤਾ। ਇਨ੍ਹਾਂ ਨੇ ਥੋੜੇ ਜਿਹੇ ਦਿਨਾਂ ਦੇ ਰਾਜ ਵਿਚ ਹੀ ਇਕ ਬੜਾ ਵੱਡਾ ਸੁਧਾਰ ਕਰਕੇ ਰੱਖ ਦਿੱਤਾ। ਅਸਲੀ ਹਲਵਾਹਕ ਭੋਇੰ ਦੇ ਮਾਲਕ ਬਣ ਗਏ ਅਤੇ ਉਨ੍ਹਾਂ ਦੇ ਇਲਾਕੇ ਵਿਚੋਂ ਇਹ ਸਦਾ ਵਗਦਾ ਮੋਗਲੀ ਫੋੜਾ ਹਟ ਗਿਆ।[31] ਉਸ ਨੇ ਹਲਵਾਹ ਕਿਸਾਨਾਂ ਨੂੰ ਭੂਮੀ ਦੇ ਮਾਲਕ ਬਣਾਇਆ। ਮੁਗ਼ਲ ਸਰਕਾਰ ਕਿਸਾਨਾਂ ਤੋਂ ਉਪਜ ਦਾ ਅੱਧਾ ਹਿੱਸਾ ਭੂਮੀ ਲਗਾਨ ਵਜੋਂ ਉਗਰਾਹੁੰਦੀ ਸੀ ਪਰ ਬੰਦਾ ਸਿੰਘ ਬਹਾਦਰ ਅਧੀਨ ਸਥਾਪਿਤ ਹੋਏ ਸਿੱਖ ਰਾਜ ਵਿਚ ਕਿਸਾਨਾਂ ਤੋਂ ਉਪਜ ਦਾ ਅੱਧਾ ਹਿੱਸਾ ਨਹੀਂ, ਬਲਕਿ ਤੀਜਾ ਹਿੱਸਾ ਹੀ ਵਸੂਲ ਕੀਤਾ ਜਾਂਦਾ ਸੀ।[32] ਸ. ਕਰਮ ਸਿੰਘ ਹਿਸਟੋਰੀਅਨ ਅਨੁਸਾਰ ਬੰਦਾ ਸਿੰਘ ਬਹਾਦਰ ਦੀਨ ਦੁਖੀ ਤੇ ਲੋੜਵੰਦਾਂ ਦੀ ਖ਼ੂਬ ਮਦਦ ਕਰਦਾ, ਜਦੋਂ ਬੰਦਾ ਦਿੱਲੀ ਦੀ ਹੱਦ ਵਿਚ ਕੁਝ ਸਮਾਂ ਠਹਿਰਿਆ। ਉੱਥੇ ਸਿੰਘਾਂ ਦਾ ਤਰੀਕਾ ਸੀ ਕਿ ਨਿੱਤ ਨੇਮ ਤੋਂ ਮਗਰੋਂ ਚੰਡੀ ਦੀ ਵਾਰ ਦਾ ਪਾਠ ਕਰਦੇ ਅਤੇ ਅਕਾਲ ਅਕਾਲ ਗਜਾਉਂਦੇ ਰਹਿੰਦੇ। ਪਿੰਡਾਂ ਦੇ ਲੋਕੀ ਕਈ ਪ੍ਰਕਾਰ ਦੀਆਂ ਸੁੱਖਣਾਂ ਸੁੱਖ ਕੇ ਆਉਂਦੇ ਅਤੇ ਭਾਂਤ-ਭਾਂਤ ਦੇ ਚੜ੍ਹਾਵੇ ਚੜ੍ਹਾਉਂਦੇ, ਕੋਈ ਰੋਗੀ ਹੁੰਦਾ ਅਤੇ ਬਹੁਤੇ ਦੁੱਧ ਪੁੱਤ ਦੀ ਕਾਮਨਾ ਕਰਦੇ। 'ਬੰਦਾ' ਵੀ ਇਸ ਆਈ ਮਾਇਆ ਨੂੰ ਆਪਣੇ ਪਾਸ ਨਾ ਰੱਖਦਾ ਅਤੇ ਦਰਸ਼ਨ ਕਰਨ ਆਏ ਗਰੀਬਾਂ ਵਿਚ ਰੋਜ਼ ਦੇ ਰੋਜ਼ ਵੰਡ ਛੱਡਦਾ। ਇਸ ਦੇ ਨਾਲ ਹੀ ਧਾੜਵੀਆਂ ਤੋਂ ਬਚਣ ਲਈ ਸਿੰਘਾਂ ਦੀ ਸਹਾਇਤਾ ਨਾਲ ਲੋਕਾਂ ਵਿਚ ਸ੍ਵੈ-ਵਿਸ਼ਵਾਸ ਪੈਦਾ ਕੀਤਾ ਅਤੇ ਲੋਕਾਂ ਨੂੰ ਹੁਕਮ ਕੀਤਾ ਕਿ ਸ਼ਾਹੀ ਮਾਮਲਾ ਦੇਣਾ ਬੰਦ ਕਰੋ। ਇਸ ਨਾਲ ਲੋਕਾਂ ਦੀ ਆਰਥਿਕ ਹਾਲਤ ਮਜ਼ਬੂਤ ਹੋਈ।[33]

## 5. ਸਾਹਿਤਕ ਯੋਗਦਾਨ :-

ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਹਿੰਦੀ ਅਤੇ ਪੰਜਾਬੀ ਵਿਚ ਕਵਿਤਾ ਰਚਣ ਦੀ ਵਿਧੀ ਅਪਣਾਈ। ਗੁਰੂ ਸਾਹਿਬ ਨੇ ਹਿੰਦੀ ਵਿਚ ਇਕ ਅਜਿਹੀ ਸ਼ੈਲੀ ਨੂੰ ਉਨਤ ਕੀਤਾ ਜੋ ਬੀਰ ਰਸ, ਰੂਪ ਦੀ

---

31 ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪੰਨਾ 62.

32 ਬਲਵੰਤ ਸਿੰਘ ਢਿੱਲੋਂ, ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ, ਪੰਨਾ 19.

33 ਕਰਮ ਸਿੰਘ ਹਿਸਟੋਰੀਅਨ, ਜੀਵਨ ਬ੍ਰਿਤਾਂਤ ਬੰਦਾ ਬਹਾਦਰ, ਪੰਨੇ 31-34.

ਵਿਲੱਖਣਤਾ, ਕਲਪਨਾ ਦੀ ਅਮੀਰੀ ਲਈ ਜਿਸ ਵਿਚ ਉਪਮਾਵਾਂ ਜੀਵਨ ਵਿਚੋਂ ਅਤੇ ਪੁਰਾਤਨ ਜਾਣੇ ਪਛਾਣੇ ਸਾਹਿਤ ਵਿਚੋਂ ਲਈਆਂ ਗਈਆਂ ਸਨ। ਗੁਰੂ ਸਾਹਿਬ ਨੇ ਆਪਣੀ ਕੌਮੀ ਪੁਨਰ ਉਸਾਰੀ ਦੇ ਪ੍ਰੋਗਰਾਮ ਵਿਚ ਸਾਹਿਤਕ ਸਰਗਰਮੀ ਨੂੰ ਸਭ ਤੋਂ ਅੱਗੇ ਰੱਖਿਆ। ਉਨ੍ਹਾਂ ਨੇ ਭਾਰਤੀ ਨਾਇਕਾਂ ਦੀਆਂ, ਜਿਵੇਂ ਉਨ੍ਹਾਂ ਨੂੰ ਉਹ ਪੁਰਾਣਾਂ, ਰਮਾਇਣ ਅਤੇ ਮਹਾਂਭਾਰਤ ਵਿਚ ਦਿਸੇ ਸਨ, ਪੁਰਾਣੀਆਂ ਕਹਾਣੀਆਂ ਦਾ ਅਨੁਵਾਦ ਕੀਤਾ ਅਤੇ ਇਸ ਭਾਰੀ ਕੰਮ ਵਿਚ ਹੱਥ ਵਟਾਉਣ ਲਈ ਉਨ੍ਹਾਂ ਨੇ 52 ਕਵੀਆਂ ਨੂੰ ਨਿਯੁਕਤ ਕੀਤਾ।[34] ਗੁਰੂ ਦਰਬਾਰ ਦੇ ਇਨ੍ਹਾਂ ਕਵੀਆਂ ਨੇ ਸਾਹਿਤ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ। ਇਨ੍ਹਾਂ ਵਿਚੋਂ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦੇ ਕਾਰਜ ਵਿਚ ਅਹਿਮ ਯੋਗਦਾਨ ਪਾਇਆ। ਇਸ ਸਮੁੱਚੇ ਕਾਰਜ ਵਿਚ ਲਿਖਾਰੀ ਦੀ ਸੇਵਾ ਆਪ ਨੇ ਕੀਤੀ। ਡਾ. ਰਤਨ ਸਿੰਘ ਜੱਗੀ ਅਨੁਸਾਰ ਭਾਈ ਮਨੀ ਸਿੰਘ ਨੇ ਇਹ ਬੀੜ 1762-63 ਬਿ. ਵਿਚ ਮੁਕੰਮਲ ਕੀਤੀ। ਗੁਰੂ ਗੋਬਿੰਦ ਸਿੰਘ ਨੇ ਇਸੇ ਬੀੜ ਨੂੰ ਗੁਰੂ-ਗੱਦੀ ਪ੍ਰਦਾਨ ਕੀਤੀ।[35] ਇਸ ਤੋਂ ਇਲਾਵਾ ਭਾਈ ਗੁਰਦਾਸ ਜੀ ਦੀਆਂ ਦੋ ਵਾਰਾਂ 'ਪਹਿਲੀ' ਅਤੇ 'ਗਿਆਰਵੀਂ' ਦੀ ਵਿਆਖਿਆ ਕਰਕੇ 'ਗਿਆਨ ਰਤਨਾਵਲੀ (ਜਨਮਸਾਖੀ)' ਤੇ 'ਭਗਤ ਰਤਨਾਵਲੀ (ਸਿੱਖਾਂ ਦੀ ਭਗਤਮਾਲਾ)' ਦੀ ਰਚਨਾ ਕੀਤੀ। ਸਿੱਖ ਧਰਮ ਗੁਰੂ-ਪਰੰਪਰਾ ਤੋਂ ਬਾਅਦ ਵੱਖ-ਵੱਖ ਸੰਪ੍ਰਦਾਵਾਂ ਵਿਚ ਵੰਡਿਆ ਗਿਆ ਅਤੇ ਇਨ੍ਹਾਂ ਸੰਪ੍ਰਦਾਵਾਂ ਨੇ ਪ੍ਰਚਾਰ ਲਈ ਵਾਰਤਕ ਨੂੰ ਸਾਧਨ ਬਣਾਇਆ। ਇਨ੍ਹਾਂ ਵਿਚੋਂ ਪ੍ਰਮੁੱਖ ਗਿਆਨੀ ਸੰਪ੍ਰਦਾਇ ਹੈ ਜਿਸ ਦੇ ਪ੍ਰਮੁੱਖ ਲੇਖਕ ਜਾਂ ਕਥਾਵਾਚਕ ਭਾਈ ਮਨੀ ਸਿੰਘ ਸਨ ਅਤੇ ਇਸ ਸੰਪ੍ਰਦਾਇ ਵਿਚੋਂ ਕਈ ਟਕਸਾਲਾਂ ਵੀ ਚਲੀਆਂ। ਦੂਜੀ ਸੰਪ੍ਰਦਾਇ ਸੇਵਾਪੰਥੀਆਂ ਦੀ ਸੀ, ਜੋ ਕਿ ਸੇਵਾ ਪੰਥ ਦੇ ਮੋਢੀ ਭਾਈ ਘਨੱਈਆ ਜੀ ਦੇ ਨਾਂ 'ਤੇ ਪ੍ਰਚਲਿਤ ਹੋਈ। ਇਨ੍ਹਾਂ ਦੇ ਉਤਰਾਧਿਕਾਰੀਆਂ ਵਿਚੋਂ ਸਹਿਜ ਰਾਮ ਸੇਵਾ ਪੰਥੀ ਦੀ ਰਚਨਾ 'ਪਰਚੀ ਭਾਈ ਘਨੱਈਆ ਜੀ' ਪ੍ਰਸਿੱਧ ਹੈ। ਇਸ ਸੰਪ੍ਰਦਾਇ ਨੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਪਾਇਆ।[36] ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਦਮਦਮਾ ਸਾਹਿਬ ਦੀ ਧਰਤੀ 'ਤੇ ਰਹਿੰਦਿਆਂ ਗੁਰਮਤਿ ਤੇ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਦਾ ਮਹਾਨ

---

[34] ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1708), ਪੰਨੇ 73-73.

[35] ਰਤਨ ਸਿੰਘ ਜੱਗੀ, ਭਾਈ ਮਨੀ ਸਿੰਘ ਜੀਵਨੀ ਅਤੇ ਰਚਨਾ, ਪੰਨਾ 39.

[36] *ਉਹੀ,* ਪੰਨਾ 99.

ਕੇਂਦਰ ਬਣਾਇਆ। ਸਾਹਿਤਕ ਗਤੀਵਿਧੀਆਂ ਅਤੇ ਗੁਰੂ ਜੀ ਦੀਆਂ ਬਖ਼ਸ਼ਿਸ਼ਾਂ ਕਰਕੇ ਇਸ ਨੂੰ ਗੁਰੂ ਕੀ ਕਾਂਸ਼ੀ ਵੀ ਕਿਹਾ ਜਾਂਦਾ ਹੈ। ਬਾਬਾ ਜੀ ਨੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਚਾਰ ਉਤਾਰੇ ਕੀਤੇ ਤੇ ਚਾਰੇ ਤਖਤਾਂ (ਤਖਤ ਸ੍ਰੀ ਅਕਾਲ ਤਖਤ, ਤਖਤ ਸ੍ਰੀ ਪਟਨਾ, ਤਖਤ ਸ੍ਰੀ ਕੇਸਗੜ੍ਹ, ਤਖਤ ਸ੍ਰੀ ਹਜ਼ੂਰ ਸਾਹਿਬ) 'ਤੇ ਭੇਜੇ। ਇਸ ਬਾਰੇ ਸ. ਪਰਮਜੀਤ ਸਿੰਘ ਆਪਣੇ ਐਮ.ਫਿਲ. ਦੇ ਥੀਸਿਸ ਵਿਚ ਲਿਖਦੇ ਹਨ ਕਿ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ 'ਗੁਰਬਾਣੀ ਦਾ ਪ੍ਰਚਾਰ ਸਾਰੇ ਸੰਸਾਰ ਤੱਕ ਪਹੁੰਚਾਣਾ ਹੈ' ਸੰਮਤ 1783 ਬਿ. (1726 ਈ.) ਮਾਘੀ ਵਾਲੇ ਦਿਨ ਅਰਦਾਸ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਆਪਣੇ ਭੋਰੇ ਵਿਚ ਬੈਠ ਕੇ ਇਹ ਸੇਵਾ ਸੰਪੂਰਨ ਕੀਤੀ।[37] ਇਸ ਤੋਂ ਇਲਾਵਾ ਗੁਰਬਣੀ ਦੇ ਗੁਟਕੇ ਲਿਖ ਕੇ ਅਤੇ ਸਿੱਖਾਂ ਪਾਸੋ ਲਿਖਵਾ ਕੇ ਸੰਗਤਾਂ ਵਿਚ ਵੰਡਦੇ ਰਹੇ। ਸਿੰਘ ਸਾਹਿਬ, ਗਿਆਨੀ ਨਰਿੰਜਨ ਸਿੰਘ ਜੀ ਲਿਖਦੇ ਹਨ ਕਿ ਬਾਬਾ ਦੀਪ ਸਿੰਘ ਜੀ ਅਰਬੀ ਜ਼ਬਾਨ ਦੇ ਸਭ ਤੋਂ ਪਹਿਲੇ ਪੰਥ ਦੇ ਪ੍ਰਸਿੱਧ ਵਿਦਵਾਨ ਤੇ ਲਿਖਾਰੀ ਸਨ, ਇਨ੍ਹਾਂ ਨੇ ਅਰਬੀ ਜ਼ਬਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਆਪਣੇ ਹੱਥੀਂ ਬੜੀ ਸ਼ਰਧਾ ਅਤੇ ਪਿਆਰ ਨਾਲ ਲਿਖ ਕੇ ਅਰਬ ਦੇਸ਼ ਵਿਚ ਭੇਜੀ ਸੀ।[38] ਇਨ੍ਹਾਂ ਯੋਧਿਆਂ ਤੋਂ ਇਲਾਵਾ ਦਸਮ ਪਾਤਸ਼ਾਹ ਦੇ ਦਰਬਾਰੀ ਅਤੇ ਸ਼ਰਧਾਲੂ ਕਵੀਆਂ ਦਾ ਸਾਹਿਤ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਹੈ। ਜਿਵੇ:- ਗੁਰੂ ਦਰਬਾਰ ਦੇ 52 ਕਵੀਆਂ ਵਿਚੋਂ ਕਵਿ ਸੈਨਾਪਤਿ ਦਾ 'ਸ੍ਰੀ ਗੁਰ ਸੋਭਾ' ਗ੍ਰੰਥ ਹੈ, ਜਿਸ ਵਿਚ ਕਵੀ ਨੇ ਗੁਰੂ ਸਾਹਿਬ ਦੇ ਜੀਵਨ ਦੇ ਨਾਲ-ਨਾਲ ਸਮਕਾਲੀ ਸਮਾਜ ਦਾ ਦ੍ਰਿਸ਼ ਪੇਸ਼ ਕੀਤਾ ਹੈ। ਕਵੀ ਸੁਖਦੇਵ ਨੇ ਵੇਦਾਂਤ ਦੇ 'ਅਧਿਆਤਮ ਪ੍ਰਕਾਸ਼' ਗ੍ਰੰਥ ਦੀ ਰਚਨਾ ਕੀਤੀ। ਹੰਸਰਾਮ ਨੇ ਮਹਾਂਭਾਰਤ ਦੇ 'ਕਰਣ ਪਰਬ' ਦਾ ਹਿੰਦੀ ਕਵਿਤਾ ਵਿਚ ਉੱਤਮ ਅਨਵਾਦ ਕੀਤਾ। ਭਾਈ ਨੰਦ ਲਾਲ ਜੀ ਅਰਬੀ, ਫ਼ਾਰਸੀ, ਹਿੰਦੀ, ਸੰਸਕ੍ਰਿਤ ਅਤੇ ਪੰਜਬੀ ਦੇ ਮਹਾਨ ਵਿਦਵਾਨ ਸਨ, ਉਨ੍ਹਾਂ ਨੇ ਫ਼ਾਰਸੀ ਤੇ ਪੰਜਾਬੀ ਵਿਚ ਬਹੁਤ ਸਾਰੀਆਂ ਰਚਨਾਵਾਂ ਰਚ ਕੇ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ। ਕਵਿ ਗਿਰਿਧਾਰੀ ਲਾਲ ਨੇ 'ਪਿੰਗਲਸਾਰ' ਉੱਤਮ ਗ੍ਰੰਥ ਦੀ ਰਚਨਾ ਕੀਤੀ। ਭਾਈ ਚੌਪਾ ਸਿੰਘ ਤੇ ਦਇਆ ਸਿੰਘ ਨੇ ਸਿੱਖਾਂ ਦੀ ਰਹਿਤ ਬਾਰੇ 'ਰਹਿਤਨਾਮੇ' ਲਿਖੇ। ਚੰਦ ਕਵੀ ਨੇ

---

37 ਪਰਮਜੀਤ ਸਿੰਘ, ਸ਼ਹੀਦ ਬਾਬਾ ਦੀਪ ਸਿੰਘ ਜੀਵਨ, ਸਿੱਖ ਪਰੰਪਰਾ ਵਿਚ ਸਥਾਨ ਤੇ ਯੋਗਦਾਨ, ਪੰਨਾ 74.

38 ਨਰਿੰਜਨ ਸਿੰਘ ਗਿਆਨੀ, ਅਨੋਖਾ ਸ਼ਹੀਦ ਬਾਬਾ ਦੀਪ ਸਿੰਘ ਜੀ, ਪੰਨਾ 48.

ਮਹਾਂਭਾਰਤ ਦੇ ਦੋ ਪਰਬਾਂ ਦਾ ਅਨੁਵਾਦ ਕੀਤਾ। ਟਹਿਕਣ ਕਵੀ ਨੇ 'ਅਸ੍ਵਮੇਧ ਭਾਖਾ' ਗ੍ਰੰਥ ਦੀ ਰਚਨਾ ਕਰਕੇ ਸਾਹਿਤ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ। ਪ੍ਰਹਿਲਾਦ ਕਵੀ ਨੂੰ ਤਾਂ ਗੁਰੂ ਦਰਬਾਰ ਦਾ ਧੁਰੰਧਰ ਵਿਦਵਾਨ ਮੰਨਿਆ ਗਿਆ ਹੈ। ਇਸ ਨੇ ਉਪਨਿਸ਼ਦਾਂ ਦਾ ਭਾਖਾ ਅਨੁਵਾਦ ਕਰਕੇ ਭਾਰਤੀ ਸਾਹਿਤ ਵਿਚ ਭਰਪੂਰ ਯੋਗਦਾਨ ਪਾਇਆ ਅਤੇ ਇਕ 'ਰਹਿਤਨਾਮਾ' ਵੀ ਲਿਖਿਆ। ਮੰਗਲ ਰਾਇ ਨੇ ਮਹਾਂਭਾਰਤ ਦੇ ਇਕ 'ਸਲਯ ਪਰਬ' ਦਾ ਉਲਥਾ ਕੀਤਾ। ਲੱਖਣ ਰਾਇ ਨੇ 'ਹਿਤੋਪਦੇਸ' ਦਾ ਅਨੁਵਾਦ ਕੀਤਾ। ਢਾਡੀ ਨੱਥ ਮੱਲ ਨੇ 'ਅਮਰਨਾਮਾ' ਲਿਖਿਆ। ਗੁਰੂ ਦਰਬਾਰ ਦੇ ਇਨ੍ਹਾਂ ਕਵੀਆਂ ਵਿਚੋਂ ਸਾਹਿਤ ਦੇ ਖੇਤਰ ਵਿਚ ਯੋਗਦਾਨ ਪਾਉਣ ਦੇ ਨਾਲ-ਨਾਲ ਕਈ ਕਵੀਆਂ ਨੇ ਸ਼ਹਾਦਤਾਂ ਵੀ ਪਾਈਆਂ।

## 6. ਵਿੱਦਿਅਕ ਯੋਗਦਾਨ :-

ਵਿੱਦਿਆ ਨੂੰ ਮਨੁੱਖ ਦਾ ਤੀਜਾ ਨੇਤਰ ਮੰਨਿਆ ਗਿਆ ਹੈ। ਸਮਾਜ ਵਿਚ ਇਸ ਦਾ ਉੱਤਮ ਸਥਾਨ ਹੈ। ਗੁਰਮਤਿ ਨੇ ਇਸ ਨੂੰ 'ਵਿਦਿਆ ਵਿਚਾਰੀ ਤਾ ਪਰਉਪਕਾਰੀ' ਕਹਿਕੇ ਸਨਮਾਨਿਆ ਹੈ। ਜਿਹੜਾ ਮਨੁੱਖ ਵਿੱਦਿਆ ਪ੍ਰਾਪਤ ਕਰਕੇ ਗਿਆਨ ਹਾਸਲ ਕਰ ਲੈਂਦਾ ਹੈ। ਉਹ ਸਮਾਜ ਵਿਚ ਸਰਬ ਲੋਕਾਈ ਲਈ ਪਰਉਪਕਾਰੀ ਸੋਚ ਦਾ ਧਾਰਨੀ ਬਣ ਕੇ ਸਮਾਜ ਵਿਚ ਸਰਬ ਕਲਿਆਣ ਹਿਤ ਆਪਣਾ ਯੋਗਦਾਨ ਪਾਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ'[39] ਕਹਿਕੇ ਅਨਪੜ੍ਹ ਸਮਾਜ ਦੇ ਅਗਿਆਨੀ ਅਵਸਥਾ ਦੀ ਤਸਵੀਰ ਪੇਸ਼ ਕੀਤੀ ਹੈ। ਭਾਈ ਗੁਰਦਾਸ ਜੀ ਨੇ ਇਸ ਸਮਕਾਲੀ ਹਾਲਾਤ ਬਾਰੇ 'ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ... ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕ ਗਵਾਈ'[40] ਕਹਿ ਕੇ ਇਸ ਸਮਾਜਿਕ ਕਮਜ਼ੋਰੀ ਵੱਲ ਇਸ਼ਾਰਾ ਕੀਤਾ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਵਿੱਦਿਆ ਦੇਣ ਹਿੱਤ ਯੋਗ ਉਪਰਾਲੇ ਕੀਤੇ। 'ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬਾਣੀ ਦੀਆਂ ਦੋ ਹੋਰ ਵਿਆਖਿਆ-ਪ੍ਰਣਾਲੀਆਂ ਵਜੂਦ ਵਿਚ ਆਈਆਂ - ਨਿਰਮਲਾ ਪ੍ਰਣਾਲੀ ਅਤੇ ਸੰਪ੍ਰਦਾਈ ਪ੍ਰਣਾਲੀ। ਗੁਰੂ ਸਾਹਿਬ ਚਾਹੁੰਦੇ ਸਨ ਕਿ ਸਿੱਖ ਵਿਦਵਾਨ ਸਾਰੀ ਭਾਰਤੀ

---

[39] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 468.

[40] ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 30.

ਅਧਿਆਤਮਿਕ ਤੇ ਹੋਰ ਹਰ ਪ੍ਰਕਾਰ ਦੀ ਵਿੱਦਿਆ ਤੋਂ ਜਾਣੂ ਹੋਣ। ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ ਕਿ ਗੁਰੂ ਸਾਹਿਬ ਖੁਦ ਮਹਾਨ ਕਵੀ ਤੇ ਅਜ਼ਾਦੀ ਦੇ ਅਲੰਬਰਦਾਰ ਸਨ, ਇਸ ਕਰਕੇ ਜਿਥੇ ਉਨ੍ਹਾਂ ਖੁਦ ਸਾਹਿਤਕਾਰੀ ਕੀਤੀ, ਸਮਾਜ ਨੂੰ ਅੱਗੇ ਲਿਜਾਣ ਲਈ ਕਲਮ ਚਲਾਈ, ਉਥੇ ਸੈਂਕੜੇ ਕਲਮਧਾਰੀਆਂ ਨੂੰ ਉਚੇਚਾ ਪਾਉਂਟਾ ਅਤੇ ਅਨੰਦਪੁਰ ਦੀ ਧਰਤੀ 'ਤੇ ਆਪਣੇ ਪਾਸ ਬੁਲਾਇਆ ਤੇ ਉਨ੍ਹਾਂ ਤੋਂ ਲੋੜੀਂਦਾ ਸਾਹਿਤਕ ਕਾਰਜ ਕਰਵਾਇਆ। ਇਹ ਕਦਰਦਾਨੀ ਉਨ੍ਹਾਂ ਦੀ ਮਿਹਰਵਾਨੀ ਤੇ ਸਭਿਆਚਾਰਕ ਪ੍ਰਗਤੀ ਲਈ ਕੀਤੀ ਲਾਸਾਨੀ ਅਗਵਾਈ ਵੀ ਸੀ।[41] 'ਦਸਮ ਗ੍ਰੰਥ' ਦੇ ਸਰੂਪ ਤੋਂ ਹੀ ਇਹ ਗੱਲ ਭਲੀ ਭਾਂਤ ਪ੍ਰਗਟ ਹੋ ਜਾਂਦੀ ਹੈ। ਪਰ ਉਸ ਸਮੇਂ ਦੇ ਹਿੰਦੂ ਵਿੱਦਿਅਕ ਕੇਂਦਰਾਂ, ਵਿਸ਼ੇਸ਼ ਕਰਕੇ ਕਾਂਸ਼ੀ ਵਿਖੇ ਗੈਰ-ਬ੍ਰਾਹਮਣਾਂ ਨੂੰ ਵੇਦ-ਵਿੱਦਿਆ ਨਹੀਂ ਸੀ ਦਿਤੀ ਜਾਂਦੀ, ਗੁਰੂ ਸਾਹਿਬ ਨੇ ਪੰਜ ਸਿੱਖਾਂ (ਸੈਣਾ ਸਿੰਘ, ਕਰਮ ਸਿੰਘ, ਗੰਡਾ ਸਿੰਘ, ਰਾਮ ਸਿੰਘ ਅਤੇ ਵੀਰ ਸਿੰਘ) ਨੂੰ ਬ੍ਰਹਮਚਾਰੀ ਦੇ ਭੇਸ ਵਿਚ ਸੰਸਕ੍ਰਿਤ ਵਿੱਦਿਆ ਦੀ ਪ੍ਰਾਪਤੀ ਲਈ ਕਾਂਸ਼ੀ ਭੇਜਿਆ। ਇਹ ਪੰਜ ਸਿੱਖ ਸੰਸਕ੍ਰਿਤ ਗ੍ਰੰਥਾਂ ਦੇ ਪੂਰਨ ਵਿਦਵਾਨ ਬਣ ਕੇ ਆਏ ਅਤੇ ਉਸ ਪ੍ਰਿਸ਼ਠ-ਭੂਮੀ ਸਹਿਤ ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ-ਵਿਚਾਰ ਆਰੰਭ ਦਿਤੀ। ਇਨ੍ਹਾਂ ਨੇ ਅੱਗੋਂ ਬਹੁਤ ਸਿੱਖਾਂ ਨੂੰ ਸੰਸਕ੍ਰਿਤ ਗ੍ਰੰਥਾਂ ਦੀ ਵਿੱਦਿਆ ਸਿਖਾਈ ਤੇ ਇਸ ਤਰ੍ਹਾਂ ਨਿਰਮਲਾ ਪੰਥ ਹੀ ਬਣ ਗਿਆ ਜੋ ਸਿੱਖ ਪੰਥ ਦਾ ਅੰਗ ਹੈ। ਹੁਣ ਤੱਕ ਨਿਰਮਲੇ ਵਿਦਵਾਨ ਸਿੱਖੀ ਪ੍ਰਚਾਰ ਦਾ ਕੰਮ ਕਰ ਰਹੇ ਹਨ। ਭਾਰਤ ਭਰ ਵਿਚ ਇਨ੍ਹਾਂ ਦੇ ਅਸਥਾਨ, ਅਖਾੜੇ, ਧਰਮਧੁਜਾ ਹਨ, ਜਿਥੋਂ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੈ।'[42]

ਸਮਾਜ ਵਿਚ ਵਿੱਦਿਆ ਦਾ ਸੰਚਾਰ ਕਰਨ ਭਾਈ ਨੰਦ ਲਾਲ ਜੀ ਨੇ ਮੁਲਤਾਨ ਵਿਚ ਆਪਣੇ ਜੀਵਨ ਦੇ ਅੰਤਮ ਦਿਨ ਜਨ-ਸਧਾਰਨ ਦੀ ਸੇਵਾ ਵਿਚ ਬਤੀਤ ਕੀਤੇ ਅਤੇ ਸ਼ਹਿਰ ਦੇ ਲੋਕਾਂ ਦੀਆਂ ਵਿੱਦਿਅਕ ਲੋੜਾਂ ਨੂੰ ਅਨੁਭਵ ਕਰਦੇ ਹੋਏ ਇਕ ਉੱਚ-ਵਿੱਦਿਆਲਾ ਸਥਾਪਤ ਕੀਤਾ ਜਿੱਥੇ ਬਿਨਾਂ ਪੱਖ-ਪਾਤ ਅਤੇ ਧਰਮ-ਕਰਮ ਦੇ ਵਿਤਕਰੇ ਦੇ ਹਿੰਦੂਆਂ ਅਤੇ ਮੁਸਲਮਾਨਾਂ ਲਈ ਮੁੱਢਲੀ ਫ਼ਾਰਸੀ, ਅਰਬੀ ਦੀ ਵਿੱਦਿਆ ਤੋਂ ਲੈ ਕੇ ਉਸ ਵੇਲੇ ਦੀ ਉਚੀ ਤੋਂ ਉੱਚੀ ਵਿੱਦਿਆ ਦਾ ਯੋਗ ਪ੍ਰਬੰਧ ਕੀਤਾ ਗਿਆ। ਭਾਈ ਸਾਹਿਬ ਆਪ ਉਸ ਵਿੱਦਿਆਲੇ ਦੇ ਮੁੱਖ-ਅਧਿਆਪਕ ਦੇ ਤੌਰ 'ਤੇ ਫ਼ਰਜ ਨਿਭਾਉਂਦੇ ਰਹੇ ਅਤੇ ਹਰ ਵਿਦਿਆਰਥੀ ਦੀ ਦੀਨੀ ਅਤੇ ਦੁਨਿਆਵੀ ਮਸਲਿਆਂ

41 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 108.

42 ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 7.

ਵਿਚ ਬੜੇ ਸ਼ੌਕ ਅਤੇ ਪ੍ਰੇਮ ਨਾਲ ਅਗਵਾਈ ਕਰਦੇ ਅਤੇ ਉਸ ਵਿਚ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਹਾਈ ਹੁੰਦੇ।[43] ਇਸ ਤਾਲੀਮੀ ਅਦਾਰੇ ਦਾ ਕੰਮ ਆਪ ਦੀ ਜ਼ਿੰਦਗੀ ਤੋਂ ਬਾਅਦ ਵੀ ਜਾਰੀ ਰਿਹਾ ਅਤੇ ਆਪ ਦੀ ਔਲਾਦ 1849 ਈ. ਵਿਚ ਮੁਲਤਾਨ ਵਿਖੇ ਅੰਗਰੇਜ਼ੀ ਅਮਲਦਾਰੀ ਹੋ ਜਾਣ ਤੋਂ ਕਾਫੀ ਸਮੇਂ ਬਾਅਦ ਉਸ ਦੀ ਸਰਪ੍ਰਸਤੀ ਕਰਦੀ ਰਹੀ। 20ਵੀਂ ਸਦੀ ਦੇ ਮੁੱਢ ਤੱਕ ਕਿੰਨੇ ਸਫੈਦ ਕੱਪੜਿਆਂ ਵਾਲੇ ਜਦੋਂ ਇਸ ਅਦਾਰੇ ਕੋਲੋਂ ਲੰਘਦੇ ਤਾਂ ਸਤਿਕਾਰ ਵਜੋਂ ਸੀਸ ਨਿਵਾਉਂਦੇ ਅਤੇ ਆਖਦੇ ਕਿ ਇਸ ਅਦਾਰੇ ਦੇ ਭਾਈ ਜਸਰਾਮ ਤੋਂ ਅਸੀਂ ਵਿੱਦਿਆ ਪ੍ਰਾਪਤ ਕੀਤੀ ਹੈ।[44]

## 7. ਸੰਗੀਤਕ ਯੋਗਦਾਨ :-

ਪੰਜਾਬੀ ਲੋਕ ਸੰਗੀਤ ਦੇ ਵੰਨ ਸੁਵੰਨੇ ਰੂਪਾਂ ਦੀ ਵਿਸ਼ਾਲ ਸੰਗੀਤ ਪਰੰਪਰਾ ਨੇ ਹਰ ਪੰਜਾਬੀ ਮਨ ਨੂੰ ਹਮੇਸ਼ਾ ਹੀ ਮੋਹਿਆ ਹੈ। ਇਸ ਦੇ ਵੱਖ-ਵੱਖ ਗੀਤ, ਧੁਨਾਂ, ਸ਼ਾਜ ਸਾਡੀ ਸਿਮ੍ਰਤੀ ਦਾ ਅਨਿਖੜ ਅੰਗ ਹਨ।[45] ਸੰਗੀਤ ਅਜਿਹਾ ਮਾਧਿਅਮ ਹੈ ਜੋ ਮਨੁੱਖ ਨੂੰ ਅੰਦਰੋਂ ਖੁਸ਼ੀ ਤੇ ਸਕੂਨ ਪ੍ਰਦਾਨ ਕਰਦਾ ਹੈ। ਇਸ ਨੂੰ ਰੂਹ ਦੀ ਖੁਰਾਕ ਵੀ ਮੰਨਿਆ ਜਾਂਦਾ ਹੈ। ਡਾ. ਯੋਗੇਂਦਰ ਪਾਲ ਸ਼ਰਮਾ ਦੇ ਵਿਚਾਰ ਅਨੁਸਾਰ ਇਤਿਹਾਸ ਦੇ ਵੱਖ-ਵੱਖ ਕਾਲਾਂ ਵਿਚ ਸੰਗੀਤ ਦਾ ਵਿਕਾਸ ਹੋਇਆ ਤੇ ਇਸ ਨੇ ਸਮਕਾਲੀਨ ਲੋਕਾਂ ਨੂੰ ਪ੍ਰਭਾਵਿਤ ਕੀਤਾ। ਉਹ 'ਤਾਮਰ ਕਾਲ' ਦੇ ਹਵਾਲੇ ਨਾਲ ਇਕ ਬੜੀ ਵਧੀਆ ਉਦਾਹਰਨ ਦਿੰਦੇ ਹਨ, ਕਿ ਜਦੋਂ ਕੋਈ ਬੀਮਾਰ ਹੋ ਜਾਂਦਾ ਸੀ ਤਾਂ ਇਹ ਲੋਕ ਉਨ੍ਹਾਂ ਨੂੰ ਕੋਈ ਦਵਾਈ ਨਹੀਂ ਦਿੰਦੇ ਸਨ ਬਲਕਿ ਸੰਗੀਤ ਦੁਆਰਾ ਹੀ ਉਸ ਦਾ ਇਲਾਜ ਕਰਦੇ ਸਨ ਅਤੇ ਇਸ ਸੰਗੀਤਕ ਇਲਾਜ ਨਾਲ ਅਨੇਕਾਂ ਵਿਅਕਤੀ ਸਵੱਸਥ ਹੋ ਜਾਂਦੇ ਸਨ।[46]

ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਾਣੀ ਅਤੇ ਸੰਗੀਤ ਨੂੰ ਮਾਧਿਅਮ ਬਣਾਇਆ। ਗੁਰੂ ਸਾਹਿਬ ਨੇ ਸ਼ਬਦ ਕੀਰਤਨ ਪਰੰਪਰਾ ਨੂੰ ਵਿਸ਼ੇਸ਼ ਵਿਧਾਨ ਪ੍ਰਦਾਨ ਕੀਤਾ। ਗੁਰੂ ਅਰਜਨ ਦੇਵ

---

[43] ਗੰਡਾ ਸਿੰਘ (ਸੰਪਾ.), ਭਾਈ ਨੰਦ ਲਾਲ ਗ੍ਰੰਥਾਵਲੀ, ਪੰਨਾ 11.

[44] ਰੁਪਿੰਦਰਜੀਤ ਸਿੰਘ, ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ, ਪੰਨਾ 28.

[45] ਗੁਰਨਾਮ ਸਿੰਘ, ਪੰਜਾਬੀ ਲੋਕ ਸੰਗੀਤ ਵਿਰਾਸਤ (ਭਾਗ ਪਹਿਲਾ), ਪੰਨਾ 1.

[46] ਯੋਗੇਂਦਰ ਪਾਲ ਸ਼ਰਮਾ, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 3.

ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪਾਦਤ ਕਰਨ ਸਮੇਂ ਰਾਗਾਂ ਨੂੰ ਵਿਸ਼ੇਸ਼ ਤਰਤੀਬ ਦਿੱਤੀ। ਪੰਚਮ ਪਾਤਸ਼ਾਹ ਦੀ ਸ਼ਹਾਦਤ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਜ਼ੁਲਮ ਵਿਰੁੱਧ ਆਵਾਜ਼ ਉਠਾਈ ਅਤੇ ਇਸ ਦਾ ਟਾਕਰਾ ਵੀ ਕੀਤਾ। ਆਪ ਨੇ ਸਿੱਖਾਂ ਵਿਚ ਜੋਸ਼ ਭਰਨ ਲਈ ਸਿੱਖ ਸੰਗੀਤ ਵਿਚ ਵਾਰ ਗਾਇਨ ਦਾ ਆਰੰਭ ਕੀਤਾ। ਇਸ ਵਾਰ ਗਾਇਨ ਦਾ ਉਦੇਸ਼ ਸਿੱਖਾਂ ਨੂੰ ਬੀਰਤਾ ਪ੍ਰਦਾਨ ਕਰਨਾ ਸੀ। ਅਕਾਲ ਤਖਤ ਤੋਂ ਵਾਰਾਂ ਗਾਈਆਂ ਜਾਣ ਲੱਗੀਆਂ। ਇਸ ਬਾਰੇ ਡਾ. ਗੁਰਨਾਮ ਸਿੰਘ ਲਿਖਦੇ ਹਨ ਕਿ ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸਮਾਜ ਵਿਚ ਨਵੀਂ ਰੂਹ ਫੂਕਣ ਲਈ ਢਾਡੀ ਪਰੰਪਰਾ ਦੀ ਵਿਸ਼ੇਸ਼ ਸਰਪ੍ਰਸਤੀ ਨੇ ਇਸ ਪਰੰਪਰਾ ਨੂੰ ਬੁਨਿਆਦੀ ਰੂਪ ਵਿਚ ਹੋਰ ਵੀ ਸਾਰਥਕ ਤੇ ਪ੍ਰਮਾਣਿਕ ਰੂਪ ਵਿਚ ਸਥਾਪਿਤ ਕੀਤਾ।[47] ਭਾਈ ਨੱਥ ਮੱਲ ਤੇ ਅਬਦੁੱਲਾ ਗੁਰੂ ਦਰਬਾਰ ਦੇ ਦੋ ਪ੍ਰਸਿੱਧ ਢਾਡੀ ਸਨ।[48] ਡਾ. ਗੁਰਬਚਨ ਸਿੰਘ ਨਈਅਰ ਅਨੁਸਾਰ ਭਾਈ ਨੱਥ ਮੱਲ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਜਿਉਂਦਾ ਰਿਹਾ। ਇਹ ਢਾਡੀ ਗੁਰੂ ਸਾਹਿਬ ਦੇ ਦੱਖਣ ਵੱਲ ਦੇ ਅਖੀਰਲੇ ਸਮੇਂ ਤੱਕ ਉਨ੍ਹਾਂ ਦੇ ਨਾਲ ਸੀ। ਇਸ ਦੀ ਇਕ ਲਿਖਤ *'ਅਮਰਨਾਮਾ'* ਮਿਲਦੀ ਹੈ ਜਿਸ ਦੀ ਅੰਦਰਲੀ ਗਵਾਹੀ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਉਹ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਕੁਝ ਦੇਰ ਪਹਿਲਾਂ ਨੰਦੇੜ ਵਿਖੇ ਗੁਰਮਤਿ ਸੰਬੰਧੀ ਵਿਖਿਆਨਾਂ ਅਤੇ ਦੀਵਾਨਾਂ ਵਿਚ ਹਾਜ਼ਰੀ ਭਰਦਾ ਰਿਹਾ ਸੀ।[49] ਡਾ. ਜਸਬੀਰ ਕੌਰ ਢਾਡੀ ਨੱਥ ਮੱਲ ਬਾਰੇ ਜ਼ਿਕਰ ਕਰਦੇ ਹਨ ਕਿ ਆਪ ਨੇ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵੀ ਰਹਿ ਕੇ ਯੁੱਧਾਂ ਸਮੇਂ ਬੀਰ-ਰਸੀ ਵਾਰਾਂ ਗਾ ਕੇ ਸਿੱਖ ਸੈਨਿਕਾਂ ਵਿਚ ਜੋਸ਼ ਭਰਿਆ।[50]

ਗੁਰੂ ਗੋਬਿੰਦ ਸਿੰਘ ਜੀ ਲਾਸਾਨੀ ਪ੍ਰਤਿਭਾ ਦੇ ਮਾਲਕ ਸਨ। ਆਪ ਜੀ ਨੂੰ ਸਾਹਿਤ ਅਤੇ ਕਲਾ ਦੇ ਖੇਤਰ ਵਿਚ ਬਹੁਤ ਉੱਚਾ ਸਥਾਨ ਪ੍ਰਾਪਤ ਸੀ। ਗੁਰੂ ਸਾਹਿਬ ਦੁਆਰਾ ਰਚਿਤ ਬੀਰ-ਰਸ ਕਵਿਤਾ ਪੰਜਾਬੀ ਸਾਹਿਤ

---

47 ਗੁਰਨਾਮ ਸਿੰਘ, ਪੰਜਾਬੀ ਲੋਕ ਸੰਗੀਤ ਵਿਰਾਸਤ (ਭਾਗ ਪਹਿਲਾ), ਪੰਨਾ 123.

48 *ਉਹੀ,* ਪੰਨਾ 201.

49 ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ (1469-1849) ਅਧਿਐਨ ਤੇ ਮੁਲਾਂਕਣ, ਪੰਨਾ 43.

50 ਜਸਬੀਰ ਕੌਰ, ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਪੰਨਾ 144.

ਵਿਚ ਉੱਤਮ ਨਮੂਨਾ ਹੈ। ਇਨ੍ਹਾਂ ਦੇ ਦਰਬਾਰੀ ਕਵੀਆਂ ਨੇ ਵੀ ਬੀਰ-ਰਸ ਨਾਲ ਭਰਪੂਰ ਵਡਮੁਲੀਆਂ ਕਵਿਤਾਵਾਂ ਰਚੀਆਂ। ਇਨ੍ਹਾਂ ਕਵਿਤਾਵਾਂ ਨੂੰ ਗੁਰੂ ਦਰਬਾਰ ਦੇ ਢਾਡੀ ਤੇ ਕਵੀ ਗਾਉਂਦੇ ਸਨ। ਇਨ੍ਹਾਂ ਢਾਡੀਆਂ ਤੇ ਰਾਗੀਆਂ ਦੇ ਸਹਿਯੋਗ ਨਾਲ ਗੁਰੂ ਸਮਕਾਲ ਵਿਚ ਸੰਗੀਤ ਦਾ ਵਿਕਾਸ ਅਤੇ ਬਹੁਤ ਸਾਰੇ ਨਵੇਂ ਸਾਜ਼ਾਂ ਦਾ ਵੀ ਨਿਕਾਸ ਹੋਇਆ। ਇਸ ਦੀ ਪ੍ਰੋੜਤਾ ਸ੍ਰੀ ਗੁਰ ਪੰਥ ਪ੍ਰਕਾਸ ਤੋਂ ਵੀ ਹੋ ਜਾਂਦੀ ਹੈ – ਕਿਤ ਝਾਝ ਮ੍ਰਿਦੰਗ ਉਪੰਗ ਬਜੈ, ਕਿਤ ਦੁਇ ਕਰ ਤਾਲ ਰਬਾਬ ਬਜੈ।...

...ਇਸ ਠਾਠ ਠਟਯੋ ਸੁ ਹਜੈਰ ਗੁਰੂ ਲਖ ਹੋਤ ਇਦ੍ਰਾਸਨ ਲਾਜ ਲਜੈ।[51]

ਸੰਗੀਤ ਦੇ ਖੇਤਰ ਵਿਚ ਗੁਰੂ ਸਾਹਿਬ ਦੇ ਸਿੱਖਾਂ ਨੇ ਵਿਸ਼ੇਸ਼ ਮੁਹਾਰਤ ਹਾਸਲ ਕੀਤੀ। ਗੁਰੂ ਦਰਬਾਰ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿਚ ਜਾ ਕੇ ਇਨ੍ਹਾਂ ਨੇ ਸੰਗੀਤ ਦੀਆਂ ਧੁਨਾਂ ਰਾਹੀਂ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਲਖੀ ਜੰਗਲ ਵਿਚ ਬਾਹਰੀ ਅਤੇ ਆਢਾ ਆਦਿ ਕਵੀ ਸ਼ਾਮਿਲ ਹੋਏ। ਉਨ੍ਹਾਂ ਕੋਲ ਕਿਸੇ ਵੀ ਪ੍ਰਕਾਰ ਦੇ ਸਾਜਿੰਦੇ ਨਹੀਂ ਸਨ ਇਸ ਲਈ ਗੁਰੂ ਸਾਹਿਬ ਨੇ ਬਿਨਾਂ ਸਾਜਾਂ ਤੋਂ ਹੀ ਛੰਦ ਦੀ ਟੇਕ ਅਨੁਸਾਰ ਗਾਉਣ ਦੀ ਸਲਾਹ ਤੇ ਅਗਵਾਈ ਦਿੱਤੀ। ਬਿਨਾਂ ਸਾਜਾਂ ਦੀ ਗਾਇਕੀ ਨੂੰ 'ਕਵੀਸ਼ਰੀ' ਕਿਹਾ ਜਾਣ ਲੱਗਾ; ਹੌਲੀ-ਹੌਲੀ ਕਵੀਸ਼ਰਾਂ ਦੀ ਗਿਣਤੀ ਵੱਧਣ ਲੱਗੀ। ਇਸ ਵਿਚ ਉਸਤਾਦੀ ਸ਼ਾਗਿਰਦੀ ਪਰੰਪਰਾ ਹੈ ਅਤੇ ਹੌਲੀ-ਹੌਲੀ ਕਵੀਸ਼ਰੀ ਸੁਤੰਤਰ ਕਾਵਿ ਰੂਪ ਬਣ ਗਈ।[52] ਇਨ੍ਹਾਂ ਸਾਰੇ ਕਵੀਸ਼ਰਾਂ ਤੇ ਢਾਢੀ ਸਿੱਖਾਂ ਨੇ ਸਮਾਜ ਦੀ ਕਾਇਰ ਹੋ ਚੁੱਕੀ ਲੋਕਾਈ ਵਿਚ ਦਸਮ ਪਾਤਸ਼ਾਹ ਦੀ ਬਾਣੀ ਅਤੇ ਹੋਰ ਵੀਰ- ਰਸੀ ਕਵਿਤਾਵਾਂ ਨਾਲ ਢਾਢੀ ਵਾਰਾਂ ਰਾਹੀਂ ਅਜਿਹੀ ਰੂਹ ਫੂਕੀ ਕਿ ਹਰ ਇਕ ਪ੍ਰਾਣੀ ਮਾਤਰ ਚਾਹੇ ਉਹ ਕਿਸੇ ਵੀ ਕਿੱਤੇ, ਧਰਮ ਜਾਂ ਜਾਤ ਨਾਲ ਸੰਬੰਧਿਤ ਸੀ, ਜ਼ੁਲਮ ਖਿਲਾਫ ਵੈਰੀ ਨਾਲ ਲੜਨ ਮਰਨ ਲਈ ਤਿਆਰ ਹੋ ਗਿਆ।

## 8. **ਸਭਿਆਚਾਰਕ ਯੋਗਦਾਨ :-**

ਸੱਭਿਆਚਾਰ ਮਨੁੱਖ ਦੀ ਸਭ ਤੋਂ ਉੱਤਮ ਅਤੇ ਅਨੂਪਮ ਸਿਰਜਣਾ ਹੈ। ਇਹ ਹੀ ਮਨੁੱਖ ਨੂੰ ਇਸ ਕਾਇਨਾਤ

---

51 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ, ਪੰਨਾ 480.

52 ਅਜਮੇਰ ਸਿੰਘ, 'ਸਾਹਿਤ ਸੰਪਰਦਾਵਾਂ ਦਾ ਸੋਮਾ : ਗੁਰੂ ਗੋਬਿੰਦ ਸਿੰਘ', ਖੋਜ ਪਤ੍ਰਿਕਾ, ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ, ਪੰਨਾ 135.

ਦੇ ਸਾਰੇ ਦੂਸਰੇ ਜੀਵਾਂ ਤੋਂ ਬੁਨਿਆਦੀ ਤੌਰ 'ਤੇ ਨਿਖੇੜਦੀ ਹੈ। ਆਮ ਅਰਥਾਂ ਵਿੱਚ ਸੱਭਿਆਚਾਰ ਤੋਂ ਭਾਵ ਕਿਸੇ ਵਿਸ਼ੇਸ਼ ਲੋਕ ਸਮੂਹ ਦੀ ਵਿਲੱਖਣ ਜੀਵਨ ਜਾਚ ਤੋਂ ਹੈ। ਹਰੇਕ ਲੋਕ ਸਮੂਹ ਆਪਣੇ ਵਿਸ਼ੇਸ਼ ਭੂਗੋਲਿਕ ਪ੍ਰਾਕ੍ਰਿਤਕ ਚੁਗਿਰਦੇ ਵਿੱਚੋਂ ਆਪਣੀਆਂ ਸਾਂਝੀਆਂ ਲੋੜਾਂ, ਚਾਹਤਾਂ ਅਤੇ ਆਦਰਸ਼ਾਂ ਮੁਤਾਬਕ ਜਿਸ ਪ੍ਰਕਾਰ ਦੀ ਵਿਲੱਖਣ ਜੀਵਨ ਸ਼ੈਲੀ ਸਿਰਜਦਾ ਹੈ, ਉਸ ਨੂੰ ਅਸੀਂ ਉਸ ਲੋਕ ਸਮੂਹ ਦਾ ਸੱਭਿਆਚਾਰ ਆਖਦੇ ਹਾਂ। ਸੱਭਿਆਚਾਰ ਵਿੱਚ ਘਰ, ਪਰਿਵਾਰ, ਸਮਾਜ ਨੂੰ ਵਿਉਂਤਣ ਵਾਲੀਆਂ ਸਾਰੀਆਂ ਸੰਸਥਾਵਾਂ (ਵਿਆਹ, ਸਾਕਾਦਾਰੀ ਆਦਿ) ਅਤੇ ਇਹਨਾਂ ਦੀ ਸਿਰਜਣਾ ਪਿੱਛੇ ਕਾਰਜਸ਼ੀਲ ਨਿਆਰੀਆਂ ਕੀਮਤਾਂ ਅਤੇ ਚਿੰਨ੍ਹ-ਪ੍ਰਬੰਧ ਹੁੰਦੇ ਹਨ, ਇਨ੍ਹਾਂ ਅਨੁਕੂਲ ਚੱਲਦਿਆਂ ਹੀ ਕੋਈ ਭਾਈਚਾਰਾ ਆਪਣੀ ਵਿਲੱਖਣ ਜੀਵਨ ਜਾਚ ਸਿਰਜਦਾ ਹੈ।[53]

ਹਰ ਇਕ ਨਵੇਂ ਧਰਮ ਨੂੰ, ਜਿਸ ਦੇ ਬੜੇ ਉਤਸ਼ਾਹੀ ਪੈਰੋਕਾਰ ਹੋਣ, ਸਦਾ ਹਾਕਮ ਸ਼੍ਰੇਣੀ ਲਈ ਇਕ ਚਿੰਤਾ ਦਾ ਕਾਰਣ ਸਮਝਿਆ ਜਾਂਦਾ ਹੈ ਕਿਉਂਕਿ ਮਹਾਨ ਧਰਮ ਨਾ ਕੇਵਲ ਆਪਣੇ ਨਾਲ ਨਵੇਂ ਸਿਧਾਂਤ ਹੀ ਲੈ ਕੇ ਆਉਂਦੇ ਹਨ ਸਗੋਂ ਉਹ ਕੌਮ ਨੂੰ ਇਕ ਨਵੀਨ ਅਤੇ ਸ਼ਕਤੀਸ਼ਾਲੀ ਜੀਵਨ ਵੀ ਪ੍ਰਦਾਨ ਕਰਦੇ ਹਨ ਜਿਸ ਦਾ ਇਹਸਾਸ ਕੌਮ ਨੂੰ ਆਪਣੇ ਹਰ ਅੰਗ ਵਿਚ ਅਨੁਭਵ ਹੰਦਾ ਹੈ। ਨਵੇਂ ਧਰਮ ਨਾਲ ਕੌਮ ਨੂੰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਨਾਲ ਹੀ ਆਤਮਿਕ ਹਲੂਣਾ ਮਿਲਦਾ ਹੈ।[54] ਉੱਥੇ ਹਰ ਇਕ ਕੌਮ ਦਾ ਆਪਣਾ ਵਿਰਸਾ ਅਤੇ ਸਭਿਆਚਾਰ ਹੁੰਦਾ ਹੈ। ਸਿੱਖ ਧਰਮ ਦਾ ਨਿਕਾਸ ਤੇ ਸਮੁੱਚਾ ਇਤਿਹਾਸਕ ਵਿਕਾਸ ਪੰਜਾਬ ਦੀ ਧਰਤੀ 'ਤੇ ਹੋਇਆ। ਇੱਥੇ ਗੁਰੂ ਸਾਹਿਬਾਨ ਨੇ ਸਿੱਖ ਕੌਮ ਨੂੰ ਆਪਣਾ ਵਿਸ਼ਾਲ ਵਿਰਸਾ ਅਤੇ ਸਭਿਆਚਾਰ ਦਿੱਤਾ ਹੈ। ਸਿੱਖਾਂ ਨੂੰ ਸਮਾਜ ਵਿਚ ਵਿਚਰਦਿਆਂ ਖੁਸ਼ੀ-ਗਮੀ ਦੇ ਧਾਰਮਿਕ ਕਾਰਜ ਕਰਨ ਲਈ ਸਿੱਖ ਸੰਸਕਾਰ ਦਿੱਤੇ। ਅੰਦਰੂਨੀ ਰਹਿਤ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਤੱਕ ਸਿੱਖਾਂ ਨੂੰ ਦ੍ਰਿੜ ਕਰਵਾਈ ਜਾਂਦੀ ਰਹੀ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਪਿਤਾ ਦੀ ਸ਼ਹਾਦਤ ਤੋਂ ਬਾਅਦ ਮਹਿਸੂਸ ਕੀਤਾ ਕਿ ਸਿੱਖਾਂ ਨੂੰ ਇਕ ਬਾਹਰੀ ਤੌਰ 'ਤੇ ਵੀ ਵਿਸੇਸ਼ ਪਹਿਚਾਣ (ਪਹਿਰਾਵਾ) ਦਿੱਤਾ ਜਾਵੇ ਤਾਂ ਕਿ ਸਿੱਖ ਬਹੁਗਿਣਤੀ ਦੀ ਭੀੜ ਵਿਚ ਵੀ ਪਛਾਣਿਆ ਜਾ ਸਕੇ। ਇਸ ਲਈ ਖ਼ਾਲਸਾ ਸਾਜਣ ਸਮੇਂ ਸਿੱਖ ਨੂੰ ਪਹਿਨਣ ਲਈ ਵਿਸ਼ੇਸ਼ ਪਹਿਰਾਵਾ (ਵਰਦੀ/ਬਾਣਾ) ਦਿੱਤਾ। ਸਮਾਜ ਵਿਚ

---

53 http://punjabipedia.org/topic.aspx. ਸਭਿਆਚਾਰ।

54 ਪ੍ਰਿੰਸੀਪਲ ਤੇਜਾ ਸਿੰਘ ਗੰਡਾ ਸਿੰਘ, ਸਿੱਖ ਇਤਿਹਾਸ (1469-1708), ਪੰਨਾ 36.

ਖ਼ਾਲਸੇ ਦੀ ਵੱਖਰੀ ਪਹਿਚਾਣ ਬਣਾਈ ਰੱਖਣ ਲਈ ਕੁਝ ਹਦਾਇਤਾਂ ਕੀਤੀਆਂ। ਜਿਹੜੀਆਂ ਗੱਲਾਂ ਕਰਨਯੋਗ ਸਨ ਉਨ੍ਹਾਂ ਨੂੰ ਰਹਿਤਾਂ ਅਤੇ ਨਾ ਕਰਨ ਵਾਲੀਆਂ ਨੂੰ ਕੁਰਹਿਤਾਂ ਕਿਹਾ ਗਿਆ। ਇਸ ਤੋਂ ਇਲਾਵਾ ਸਮਾਜਿਕ ਬੁਰਾਈਆਂ ਕੁੜੀਮਾਰ, ਨੜੀਮਾਰ, ਮਸੰਦਾਂ, ਧੀਰਮੱਲੀਆਂ ਤੇ ਰਾਮਰਾਈਆਂ ਨਾਲ ਨਾ ਵਰਤਣ ਦੇ ਹੁਕਮ ਦਿੱਤੇ। ਇਹ ਸਾਰੀਆਂ ਗੱਲਾਂ ਸਿੱਖ ਸਭਿਆਚਾਰ ਦੀ ਵਿਲੱਖਣਤਾ ਨੂੰ ਦਰਸਾਉਂਦੀਆਂ ਸਨ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਣਾਏ ਖ਼ਾਲਸੇ ਨੇ ਸਮਾਜ ਵਿਚ ਵੱਖ-ਵੱਖ ਖੇਤਰਾਂ ਵਿਚ ਯੋਗਦਾਨ ਪਾਕੇ ਖ਼ਾਲਸਾ ਪੰਥ ਦੀ ਵਿਲੱਖਣਤਾ ਨੂੰ ਰੂਪਮਾਨ ਕੀਤਾ।

| ਨਾਂ | ਰਾਜਪੂਤ / ਬ੍ਰਾਹਮਣ | ਖੱਤਰੀ | ਜੱਟ | ਹੋਰ | ਪਿਤਾ | ਸਥਾਨ | ਰੁਤਬਾ | ਸ੍ਰੋਤ |
|---|---|---|---|---|---|---|---|---|
| ਉਸਨਾਕ ਸਿੰਘ | - | - | - | - | - | ਸਰਹਿੰਦ | ਚੌਰਬਰਦਾਰ | ਮ.ਕੋ. |
| ਉਦੈ ਸਿੰਘ | ਰਾਜਪੂਤ | - | - | - | ਮਨੀ ਸਿੰਘ | ਅਲੀਪੁਰ, ਮੁਲਤਾਨ | ਹਜ਼ੂਰੀ ਸਿੱਖ ਯੋਧਾ, ਸ਼ਹੀਦ | ਹੁ.ਨਾ., ਗੁ.ਸੋ., ਗੁ.ਕੀ. |
| ਉਦੇ ਰਾਇ | - | - | - | - | - | - | ਹਜ਼ੂਰੀ ਕਵੀ | ਮ.ਕੋ. |
| ਉਮਰਦੀਨ | - | - | - | ਲੋਹਾਰ | - | ਮਧੇਅ ਨਗਰ | ਸ਼ਰਧਾਲੂ | ਗੁ.ਕੀ. |
| ਊਧੀਆ ਸਿੰਘ | - | - | - | - | ਖੇਮਾ | - | ਹਜ਼ੂਰੀ ਸਿੱਖ ਸੈਨਿਕ, ਸ਼ਹੀਦ | ਗੁ.ਕੀ. |
| ਅਉਲੀਆ ਸਿੰਘ | - | - | - | - | - | ਭੂੰਦੜ, ਮਾਲਵਾ | ਸ਼ਰਧਾਲੂ | ਗੁ.ਕੀ. |
| ਅਜਬ ਸਿੰਘ | ਰਾਜਪੂਤ | - | - | - | ਮਨੀ ਸਿੰਘ | ਅਲੀਪੁਰ, ਮੁਲਤਾਨ | ਹਜ਼ੂਰੀ ਸਿੱਖ ਯੋਧਾ, ਸ਼ਹੀਦ | ਹੁ.ਨਾ., ਗੁ.ਸੋ., ਗੁ.ਕੀ. |
| ਅਜਬ ਸਿੰਘ ਕੰਧਾਰੀ | - | - | - | - | - | ਕੰਧਾਰ | ਸ਼ਰਧਾਲੂ | ਗੋ.ਸਾ. |
| ਅਜਾਇਬ ਸਿੰਘ | ” | - | - | - | ਮਨੀ ਸਿੰਘ | ਅਲੀਪੁਰ, ਮੁਲਤਾਨ | ਹਜ਼ੂਰੀ ਸਿੱਖ ਯੋਧਾ, ਸ਼ਹੀਦ | ਹੁ.ਨਾ., ਗੁ.ਕੀ. |
| ਅਜੀਤ ਸਿੰਘ ਸਾਹਿਬਜ਼ਾਦਾ | - | - | - | - | ਗੁਰੂ ਗੋਬਿੰਦ ਸਿੰਘ | ਪਾਉਂਟਾ ਸਾਹਿਬ | ਗੁਰੂ ਪੁੱਤਰ, ਸ਼ਹੀਦ | ਗੁ.ਸੋ., ਮਹਿ.ਪ੍ਰ. |
| ਅਜੀਤ ਸਿੰਘ | - | - | - | ਸੁਨਿਆਰ | - | - | ਗੁਰੂ, ਪਾਲਤੂ ਪੁੱਤਰ | ਮ.ਕੋ., |
| ਅਜਿਲਸ ਰਾਇ | - | - | - | ਬਹਾਦਰ ਸ਼ਾਹ ਦਾ ਦੀਵਾਨ | - | ਲੋਪੋਕੇ, ਅੰਮ੍ਰਿਤਸਰ | ਸ਼ਰਧਾਲੂ, ਮੁਸਲਮਾਨ | ਮਾ.ਦੇ.ਸਾ. |
| ਅਡਣ ਸ਼ਾਹ/ਭਾਈ ਕਨ੍ਹੱਈਆ | - | ਧੰਮਣ ਖੱਤ੍ਰੀ | - | - | - | ਗੁਜ਼ਰਾਂਵਾਲਾ | ਸੇਵਾਦਾਰ, ਜਲ ਛਕਾਉਣ ਵਾਲਾ | ਮ.ਕੋ. |
| ਅਣੀਰਾਇ | - | - | - | ਭੱਟ | - | ਲਾਹੌਰ | ਹਜ਼ੂਰੀ ਕਵੀ | ਦ.ਰ. |
| ਅਨਿਕ ਸਿੰਘ | ਰਾਜਪੂਤ | - | - | - | ਮਨੀ ਸਿੰਘ | ਅਲੀਪੁਰ, ਮੁਲਤਾਨ | ਹਜ਼ੂਰੀ ਸਿੱਖ ਯੋਧਾ, ਸ਼ਹੀਦ | ਹੁ.ਨਾ., ਗੁ.ਕੀ., |
| ਅਨੂਪ ਸਿੰਘ | - | - | - | - | ਦੁਨੀ ਚੰਦ | - | ” | ਗੁ.ਕੀ. |
| ਅਨੂਪ ਕੌਰ | - | - | - | - | - | - | ਸ਼ਰਧਾਲੂ, ਸ਼ਹੀਦ | - |
| ਅਨੂਪ ਰਾਇ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ., |

| | | | | | | | | |
|---|---|---|---|---|---|---|---|---|
| ਅਨੰਦ ਸਿੰਘ | - | - | - | - | - | - | ਹਜ਼ੂਰੀ ਸੈਨਿਕ ਸਿੱਖ, ਸ਼ਹੀਦ | ਮ.ਕੋ., |
| ਅਬੂਤ੍ਰਾਬ | - | - | - | ਮੁਸਲਮਾਨ | - | ਹਕੀਮ, ਦਿੱਲੀ | ਸ਼ਰਧਾਲੂ, ਮੁਸਲਮਾਨ | - |
| ਅਬਦੁੱਲਾ ਦਰੋਗਾ | - | - | - | ਮੁਸਲਮਾਨ | - | ਦਿੱਲੀ ਜਿਹਲ ਦਾ ਦਰੋਗਾ | ਸ਼ਰਧਾਲੂ, ਮੁਸਲਮਾਨ | ਮਹਿ.ਪ੍ਰ. |
| | | | | | | | | |
| ਅੰਮ੍ਰਿਤ ਰਾਇ | - | - | - | ਭੱਟ | ਖੜਗਰਾਇ | ਲਾਹੌਰ | ਹਜ਼ੂਰੀ ਕਵੀ | ਮ.ਕੋ. |
| ਅਮਰ ਸਿੰਘ | - | - | - | - | ਰਘੁਪਤਿ ਰਾਇ | ਸਿਆਲਕੋਟ | ਸ਼ਰਧਾਲੂ | - |
| ਅਮਰੀਕ ਸਿੰਘ | - | - | - | ਜੰਬਰ ਗੋਤ | - | ਪਿੰਡ ਮਘਿਆਣਾ | ਮੁਤਸੱਦੀ | ਮ.ਕੋ. |
| ਅਮੋਲਕ ਸਿੰਘ | - | - | - | - | ਆਲਮ ਸਿੰਘ | - | ਹਜ਼ੂਰੀ ਸਿੱਖ ਸੈਨਿਕ, ਸ਼ਹੀਦ | ਮ.ਕੋ. |
| ਆਸਾ ਸਿੰਘ | - | - | - | - | - | - | ਹਜ਼ੂਰੀ, ਸਿੱਖ/ਕਵੀ | ਮ.ਕੋ. |
| ਆਸਾ ਸਿੰਘ | - | - | - | - | - | ਭਦੌੜ, ਮਾਲਵਾ | ਸ਼ਰਧਾਲੂ, ਸਿੱਖ | ਗੁ.ਕੀ. |
| ਆਢਾ | - | - | - | - | - | ਲੱਖੀ ਜੰਗਲ | ਸ਼ਰਧਾਲੂ, ਕਵੀ | ਦ.ਰ. |
| ਆਲਮ | ਬ੍ਰਾਹਮਣ | - | - | - | - | - | ਹਜ਼ੂਰੀ, ਕਵੀ | ਮ.ਕੋ. |
| ਆਲਮ ਸਿੰਘ | ਰਾਜਪੂਤ | - | - | - | - | ਸਿਆਲਕੋਟ | ਡਿਊਢੀ ਬਰਦਾਰ, ਸ਼ਹੀਦ | ਗੁ.ਕੀ., ਮਹਿ.ਪ੍ਰ., ਪ੍ਰ.ਪੰ.ਪ੍ਰ. |
| ਆਲਮ ਖ਼ਾਨ | - | - | - | ਮੁਸਲਮਾਨ ਪਠਾਣ | ਨਿਹੰਗ ਖ਼ਾਂ | ਕੋਟਲਾ ਨਿਹੰਗ ਖ਼ਾਂ, ਰੋਪੜ | ਸ਼ਰਧਾਲੂ, ਮੁਸਲਮਾਨ | ਗੁ.ਕੀ. |
| ਈਸਰ ਸਿੰਘ | - | - | - | - | - | - | ਹਜ਼ੂਰੀ ਸਿੱਖ ਸੈਨਿਕ, ਸ਼ਹੀਦ | ਮ.ਕੋ. |
| ਸਤੀ ਦਾਸ | - | - | - | - | - | - | ਸ਼ਰਧਾਲੂ | ਹੁ.ਨਾ. |
| ਸੱਦੂ | - | - | - | - | - | - | ਹਜ਼ੂਰੀ ਢਾਡੀ / ਰਬਾਬੀ | ਮ.ਕੋ., ਗੁ.ਪ੍ਰ.ਸੂ., |
| ਸਮੀਰ | - | - | - | - | ਰਾਇ ਚੌਧਰੀ (ਦਾਦਾ) | ਮਾਲਵਾ | ਸ਼ਰਧਾਲੂ | ਗੁ.ਪ੍ਰ.ਸੂ. |
| ਸਯਦ ਇਬਰਾਹੀਮ ਸ਼ਾਹ | - | - | - | ਫ਼ਕੀਰ | - | - | ਸ਼ਰਧਾਲੂ, ਮੁਸਲਮਾਨ | ਗੋ.ਸਾ. |
| ਸਯਾਮ ਸਿੰਘ | - | - | - | - | - | - | ਹਜ਼ੂਰੀ ਤੋਸੇਖਾਨੀਆ | ਮ.ਕੋ. |

| | | | | | | | | |
|---|---|---|---|---|---|---|---|---|
| ਸਯਾਮ ਚੰਦ | - | - | - | - | ਦੀਪ ਚੰਦ | - | ਸ਼ਰਧਾਲੂ, ਸਿੱਖ | ਪ੍ਰ.ਪੰ.ਪ੍ਰ. |
| ਸਰਧਾ ਸਿੰਘ | - | - | - | ਅਰੋੜਾ | ਮੋਹਕਮ ਦਾਸ | ਦਿੱਲੀ | ਸ਼ਰਧਾਲੂ | ਗੁ.ਕੀ. |
| ਸਰਨ ਕੌਰ | - | - | - | - | - | ਚਮਕੌਰ | ਸ਼ਰਧਾਲੂ ਬੀਬੀ, ਸ਼ਹੀਦ | ਗੁ.ਸਿ.ਵ. |
| ਸਲਾਹੀ ਚੰਦ, ਰਾਜਾ | - | - | - | ਰਾਜਾ | - | ਬਸਾਲੀ ਨਗਰ | ਸ਼ਰਧਾਲੂ | ਗੁ.ਕੀ. |
| ਸਲਾਵੂਦੀਨ | - | - | - | ਕਾਜ਼ੀ | - | - | ਸ਼ਰਧਾਲੂ, ਮੁਸਲਮਾਨ | ਗੋ.ਸਾ. |
| ਸ਼ਾਹ ਸੰਗ੍ਰਾਮ / ਸੰਗੋ ਸ਼ਾਹ | - | ਖੱਤ੍ਰੀ | - | - | ਸਾਧੂ ਰਾਮ | ਮੱਲਾਂ ਗਾਮ ਬਠਿੰਡਾ | ਰਿਸ਼ਤੇਦਾਰੀ, ਭੂਆ ਦਾ ਪੁੱਤਰ, ਸ਼ਹੀਦ | ਬਚਿ.ਨਾ., ਗੁ.ਸੋ., ਗੁ.ਕੀ., ਮ.ਕੋ. |
| ਸਾਹਿਬ ਸਿੰਘ | - | - | - | ਨਾਈ | ਚਮਲ ਲਾਲ | - | ਹਜ਼ੂਰੀ ਸਿੱਖ ਪਿਆਰਾ, ਸ਼ਹੀਦ | ਗੁਬਿ., ਗੁ.ਕੀ., ਪ੍ਰ.ਪੰ.ਪ੍ਰ. |
| ਸਾਹਿਬ ਕੌਰ / ਸਾਹਿ ਦੇਵਾਂ, ਮਾਤਾ | - | ਬੱਸੀ ਖੱਤ੍ਰੀ | - | - | ਰਾਮੂ | ਰੁਹਤਾਸ, ਜਿਹਲਮ | ਗੁਰੂ ਕੇ ਮਹਿਲ | ਗੁਬਿ., ਮਹਿ.ਪ੍ਰ. |
| ਸਾਹਿਬ ਚੰਦ | - | - | - | - | - | - | ਹਜ਼ੂਰੀ ਸਿੱਖ ਯੋਧਾ, ਸ਼ਹੀਦ | ਗੁ.ਸੋ., ਗੁ.ਕੀ. |
| ਸਾਧੂ ਰਾਮ | - | ਖੋਸਲਾ ਖੱਤ੍ਰੀ | - | - | - | ਮੱਲਾਂ ਗਾਮ, ਬਠਿੰਡਾ | ਰਿਸ਼ਤੇਦਾਰ, ਸਿੱਖ | ਗੁ.ਸੋ., ਗੁ.ਕੀ. |
| ਸਿੱਧ ਸੈਨ | - | - | - | ਰਾਜਾ | - | ਮੰਡੀ | ਸ਼ਰਧਾਲੂ | - |
| ਸਿਵਦੱਤ | ਬ੍ਰਾਹਮਣ | - | - | - | - | ਪਟਨਾ | ਸ਼ਰਧਾਲੂ | ਪੰ.ਪ੍ਰ. |
| ਸੀਂਹਾਂ ਸਿੰਘ | - | - | - | - | - | - | ਹਜ਼ੂਰੀ ਲਿਖਾਰੀ | ਦ.ਰ. |
| ਸੀਤਲ ਸਿੰਘ | ਰਾਜਪੂਤ | - | - | - | ਰਾਇ ਸਿੰਘ | ਅਲੀਪੁਰ, ਮੁਲਤਾਨ | ਹਜ਼ੂਰੀ ਲਿਖਾਰੀ, ਸ਼ਹੀਦ | ਗੁ.ਕੀ. |
| ਸੁੱਖਾ ਸਿੰਘ | ’’ | - | - | - | ਰਾਇ ਸਿੰਘ | ” | ਹਜ਼ੂਰੀ ਸਿੱਖ, ਸ਼ਹੀਦ | ਗੁ.ਕੀ. |
| ਸੁਖੀਆ, ਭਾਈ | - | - | ਜੱਟ | - | ਰੂਪ ਚੰਦ | ਭਾਈ ਰੂਪਾ, ਮਾਲਵਾ | ਸ਼ਰਧਾਲੂ | ਹੁ.ਨਾ. |
| ਸੁਖਦੇਵ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ. |
| ਸੁਖਦੇਵ, ਕਵੀ | ਬ੍ਰਾਹਮਣ | - | - | - | - | - | ਹਜ਼ੀਰੀ ਕਵੀ | ਗੁਬਿ. |
| ਸੁਖੋ ਬਾਢੀ | - | - | - | ਲੋਹਾਰ | - | - | ਹਜ਼ੂਰੀ ਕਾਰੀਗਰ | - |

| | | | | | | | | |
|---|---|---|---|---|---|---|---|---|
| ਸੁੱਖੂ | - | - | - | - | - | ਦੀਵਾਨੇ ਸਾਧੂ ਦਾ ਚੇਲਾ ਮਾਲਵਾ | ਸ਼ਰਧਾਲੂ | - |
| ਸੁਜਾਨ ਸਿੰਘ | - | - | - | ਸ਼ਾਹੂਕਾਰ | - | ਲਾਹੌਰ | ਸ਼ਰਧਾਲੂ | ਗੁ.ਸਿ.ਵ. |
| ਸੁਦਾਮਾ | ਬ੍ਰਾਹਮਣ | - | - | - | - | ਬੁੰਦੇਲਖੰਡ | ਹਜ਼ੂਰੀ ਕਵੀ | ਮ.ਕੋ. |
| ਸੁਥਰਾ | - | - | - | - | - | - | ਹਜ਼ੂਰੀ, ਸਿੱਖ | ਮਹਿ.ਪ੍ਰ. |
| ਸੁੰਦਰ | - | - | - | - | - | - | ਹਜ਼ੂਰੀ ਸਿੱਖ | - |
| ਸੁੰਦਰ ਸਿੰਘ | ਬ੍ਰਾਹਮਣ | - | - | - | - | ਝੱਲੀਆਂ ਪਿੰਡ | ਸ਼ਰਧਾਲੂ, ਸ਼ਹੀਦ | ਗੁ.ਕੀ. |
| ਸੁੰਦਰ | - | - | - | - | - | - | ਹਜ਼ੂਰੀ ਕਵੀ | ਦ.ਰ. |
| ਸੁੰਦਰੀ, ਮਾਤਾ | - | ਕੁਮਰਾਵ ਖੱਤ੍ਰੀ | - | - | ਰਾਮਸਰਨ | ਪਿੰਡ, ਬਜਵਾੜਾ, ਹੁਸ਼ਿਆਰਪੁਰ | ਗੁਰੂ ਕੇ ਮਹਿਲ | ਗੁਬਿ., ਮਹਿ.ਪ੍ਰ. |
| ਸੁਭਾਗ ਸਿੰਘ | - | - | - | - | - | - | ਸ਼ਰਧਾਲੂ | ਹੁ.ਕ. |
| ਸੁਲਤਾਨ ਸਿੰਘ | - | - | ਵੜੈਚ ਜੱਟ | - | ਚੌਧਰੀ ਦੇਸਰਾਜ | ਪੱਟੀ | ਸ਼ਰਧਾਲੂ, ਸ਼ਹੀਦ | ਗੁ.ਕੀ. |
| ਸੂਮਾ / ਸੂਮੋ | - | - | ਬਰਾੜ ਜੱਟ | - | - | ਮਹਮਾ ਸਰਜਾ, ਮਾਲਵਾ | ਸ਼ਰਧਾਲੂ, ਸਿੱਖ | ਪ੍ਰ.ਪੰ.ਪ੍ਰ. |
| ਸੂਰਤ ਸਿੰਘ | - | - | - | - | ਕੇਵਲ ਸਿੰਘ | - | ਹਜ਼ੂਰੀ ਸਿੱਖ, ਸ਼ਹੀਦ | ਗੁ.ਕੀ. |
| ਸੇਵਕ ਦਾਸ | - | - | - | - | - | - | ਸ਼ਰਧਾਲੂ | ਹੁ.ਨਾ. |
| ਸੇਵਾ ਸਿੰਘ | - | - | - | - | ਜੀਤਾ ਸਿੰਘ | - | ਹਜ਼ੂਰੀ ਸਿੱਖ, ਸ਼ਹੀਦ | ਗੁ.ਕੀ. |
| ਸ਼ੇਰ ਸਿੰਘ | - | - | - | - | - | - | ਹਜ਼ੂਰੀ ਫ਼ੌਜਦਾਰ, ਸ਼ਹੀਦ | ਗੁਬਿ., ਮ.ਕੋ. |
| ਸੈਣਾ ਸਿੰਘ | ਰਾਜਪੂਤ | - | - | - | ਚਿਤਰ ਸਿੰਘ | ਅਲੀਪੁਰ, ਮੁਲਤਾਨ | ਸ਼ਰਧਾਲੂ ਸਿੱਖ, ਸ਼ਹੀਦ | ਗੁ.ਕੀ. |
| ਸੈਣਾ ਸਿੰਘ | - | - | ਜੱਟ | - | - | - | ਹਜ਼ੂਰੀ ਲਿਖਾਰੀ/ ਕਵੀ | ਮ.ਕੋ. |
| ਸੈਦ ਖ਼ਾਨ | - | - | - | ਮੁਗ਼ਲ ਫੌਜ ਦਾ ਜਰਨੈਲ | - | - | ਸ਼ਰਧਾਲੂ, ਮੁਸਲਮਾਨ | ਮ.ਕੋ. |
| ਸੈਦਾ ਬੇਗ | - | - | - | ਮੁਗ਼ਲ ਫੌਜ ਦਾ ਸਰਦਾਰ | - | - | ਸ਼ਰਧਾਲੂ ਮੁਸਲਮਾਨ, ਸ਼ਹੀਦ | ਮ.ਕੋ. |

| | | | | | | | | |
|---|---|---|---|---|---|---|---|---|
| ਸੈਨਾਪਤਿ | - | - | ਮਾਨ ਜੱਟ | - | - | ਬਾਲਚੰਦ, ਵਜੀਰਾਵਾਦ, ਗੁਜ਼ਰਾਂਵਾਲਾ | ਹਜ਼ੂਰੀ, ਕਵੀ | ਗੁ.ਸੋ., ਮ.ਕੋ. |
| ਸੋਹਨ ਚੰਦ | ਰਾਜਪੂਤ | - | - | - | ਮਾਈ ਦਾਸ | - | ਹਜ਼ੂਰੀ ਸਿੱਖ, ਸ਼ਹੀਦ | ਗੁ.ਕੀ. |
| ਸੋਭਾ ਚੰਦ | - | - | - | - | - | ਢਾਕਾ, ਪਟਨਾ | ਸ਼ਰਧਾਲੂ | ਹੁ.ਨਾ. |
| ਸੋਮਾਂ, ਬੀਬੀ | - | - | - | - | - | ਮਾਛੀਵਾੜਾ | ਸ਼ਰਧਾਲੂ | ਗੁ.ਕੀ. |
| ਸੰਗਤ ਸਿੰਘ ਛਾਬੜਾ | - | - | - | ਅਰੋੜਾ | - | - | ਹਜ਼ੂਰੀ ਸਿੱਖ ਯੋਧਾ, ਸ਼ਹੀਦ | ਗੁਬਿ., ਗੁ.ਕੀ. |
| ਸੰਗਤ ਸਿੰਘ ਬੰਗੇਸ਼ਰੀ | - | - | ਚੰਦ੍ਰ ਬੰਸੀ ਪੁਆਰ | - | ਨਠੀਆ | - | " | ਗੁਬਿ., ਗੁ.ਕੀ. |
| ਸੰਗਤੀਆ, ਬਾਲਾ | - | - | - | - | - | - | ਸ਼ਰਧਾਲੂ | ਹੁ.ਨਾ., ਗੁ.ਸੋ., ਮਹਿ.ਪ੍ਰ. |
| ਸੰਗਤ ਰਾਇ | - | - | - | - | ਜੱਗੂ | - | ਹਜ਼ੂਰੀ ਸਿੱਖ ਸੈਨਿਕ, ਸ਼ਹੀਦ | ਗੁ.ਕੀ. |
| ਸੰਤ ਸਿੰਘ ਬੰਗੇਸ਼ਰੀ | - | - | - | - | - | - | ਹਜ਼ੂਰੀ ਸਿੱਖ ਯੋਧਾ, ਸ਼ਹੀਦ | ਗੁ.ਸੋ., ਗੁ.ਕੀ., ਗੁਬਿ., ਪ੍ਰ.ਪੰ.ਪ੍ਰ. |
| ਸੰਤੋਖਾ, ਮੇਵੜਾ | - | - | - | - | - | ਪਟਨ ਫਰੀਦ | ਸ਼ਰਧਾਲੂ | ਹੁ.ਕ. |
| ਸੰਮਾ | - | - | - | ਡੋਗਰ | - | ਸੁਨੀਅਰ ਪਿੰਡ ਮਾਲਵਾ | ਸ਼ਰਧਾਲੂ | ਮ.ਕੋ. |
| ਹਜਾਰਾ ਸਿੰਘ | - | - | - | ਬਾਈਆ | - | ਸਰਹਿੰਦ | ਸ਼ਰਧਾਲੂ | ਮਹਿ.ਪ੍ਰ., ਮ.ਕੋ. |
| ਹਠੀ ਸਿੰਘ | ਰਾਜਪੂਤ | - | - | - | ਮਾਈ ਦਾਸ | - | ਹਜ਼ੂਰੀ ਸਿੱਖ, ਸ਼ਹੀਦ | ਗੁ.ਕੀ. |
| ਹਨੁਮੰਤ | - | - | - | - | ਜੱਗੂ / ਜਗਤਾ | - | " | ਗੁ.ਕੀ |
| ਹਰਿ | - | - | - | ਭੱਟ | - | - | ਕਵੀ | ਗੁ.ਮਹਿ.ਪ੍ਰ. |
| ਹਰਿਜਸ ਰਾਇ | ਬ੍ਰਾਹਮਣ | - | - | - | - | - | ਹਜ਼ੂਰੀ ਸਿੱਖ, ਅਧਿਆਪਕ | ਗੁ.ਕੀ., |
| ਹਰਿਦਾਸ | - | - | - | - | - | - | ਹਜ਼ੂਰੀ ਲਿਖਾਰੀ | ਦ.ਰ. |

| | | | | | | | | |
|---|---|---|---|---|---|---|---|---|
| ਹਰਿਦਾਸ ਸਿੰਘ | - | - | - | - | ਬਿਧੀਚੰਦ | ਸੁਰ ਸਿੰਘ ਪਿੰਡ | ਹਜ਼ੂਰੀ ਕਾਰੀਗਰ | - |
| ਹਰਦਿਆਲ | - | - | - | - | - | ਢਾਕਾ | ਸ਼ਰਧਾਲੂ | ਹੁ.ਕ. |
| ਹਾਜੀ ਚਰਾਗ ਸ਼ਾਹ | - | - | - | ਮੁਸਲਮਾਨ | - | ਮਾਛੀਵਾੜਾ | ਸ਼ਰਧਾਲੂ, ਮੁਸਲਮਾਨ | ਗੁ.ਕੀ., |
| ਹਾਜੀ ਰਤਨ | - | - | - | ” | - | ਬਠਿੰਡਾ | ਸ਼ਰਧਾਲੂ ਫਕੀਰ | - |
| ਹਿੰਮਤ ਸਿੰਘ | - | - | - | - | ਜੀਤਾ ਉਦਾਨਾ | - | ਹਜ਼ੂਰੀ ਸੈਨਿਕ ਸਿੱਖ, ਸ਼ਹੀਦ | ਗੁ.ਕੀ. |
| ਹਿੰਮਤ ਸਿੰਘ, ਪਿਆਰਾ | - | - | - | ਛਿਉਰ | ਜੋਤੀ ਰਾਮ/ ਗੁਲਜਾਰੀ | ਜਗਨਨਾਥ ਪੁਰੀ | ਹਜ਼ੂਰੀ ਸਿੱਖ ਪਿਆਰਾ, ਸ਼ਹੀਦ | ਗੁਬਿ., ਗੁ.ਕੀ., ਮਹਿ.ਪ੍ਰ., ਪ੍ਰ.ਪੰ.ਪ੍ਰ. |
| ਹੀਰਾ | - | - | - | ਕੰਬੋ | - | ਸੁਨਾਮ | ਸ਼ਰਧਾਲੂ | ਗੁ.ਕੀ. |
| ਹੁਸੈਨ ਅਲੀ | - | - | - | - | - | - | ਹਜ਼ੂਰੀ ਕਵੀ | ਦ.ਰ. |
| ਹੁਲਾਸ ਚੰਦ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ. |
| ਹੇਤਾ | - | - | - | ਜੱਟ | - | ਸਿਵਰਾਸੀ / ਸਰਾਵਾਂ ਕੋਟਕਪੂਰਾ | ਸ਼ਰਧਾਲੂ | ਮ.ਕੋ. |
| ਹੰਸਰਾਮ | ਬਾਜਪੇਯੀ ਬ੍ਰਾਹਮਣ | - | - | - | - | ਮੌਜਵਾਬਾਦ | ਹਜ਼ੀਰੀ ਕਵੀ | ਮ.ਕੋ. |
| ਕਪੂਰਾ | - | - | - | ਬੈਰਾੜਜੱਟ | - | ਕੋਟਕਪੂਰਾ | ਸ਼ਰਧਾਲੂ | ਗੁਬਿ., ਮਹਿ.ਪ੍ਰ. |
| ਕਪੂਰੋ, ਬੀਬੀ | - | - | - | ਬੈਰਾੜ ਜੱਟ | ਭਾਈ ਡੱਲ੍ਹੇ ਦੀ ਪਤਨੀ | ਤਲਵੰਡੀ ਸਾਬੋ | ਸ਼ਰਧਾਲੂ | ਗੁ.ਕੀ. |
| ਕਰਮ ਚੰਦ | - | - | - | - | - | - | ਸ਼ਰਧਾਲੂ | ਹੁ.ਨਾ.,ਪ੍ਰ.ਪੰ. ਪ੍ਰ. |
| ਕਰੀਮ ਖ਼ਾਂ | - | - | - | ਪਠਾਣ | - | - | ਸ਼ਰਧਾਲੂ, ਮੁਸਲਮਾਨ | ਗੋ.ਸਾ. |
| ਕਰੀਮ ਬਖਸ਼ | - | - | - | ਮੁਸਲਮਾਨ | - | ਫ਼ੌਜਦਾਰ, ਪਟਨਾ | ਸ਼ਰਧਾਲੂ, ਮੁਸਲਮਾਨ | - |
| ਕਲਿਆਣ ਸਿੰਘ | ਰਾਜਪੂਤ | - | - | - | ਦਿਆਲ ਦਾਸ | - | ਹਜ਼ੂਰੀ ਸਿੱਖ ਸ਼ਹੀਦ | ਗੁ.ਕੀ. |
| ਕਲਿਆਣ ਰਾਇ | - | - | - | - | - | ਮਾਛੀਵਾੜਾ | ਸ਼ਰਧਾਲੂ | ਹੁ.ਨਾ. |
| ਕੱਲ੍ਹਾ ਰਾਇ/ | - | - | - | - | - | ਰਾਇਕੋਟ | ਸ਼ਰਧਾਲੂ | ਪ੍ਰ.ਪੰ.ਪ੍ਰ., |

| | | | | | | | | |
|---|---|---|---|---|---|---|---|---|
| ਰਾਇ ਕੱਲ੍ਹਾ | | | | | | | | ਮ.ਕੋ. ਗੁ.ਕੀ., |
| ਕਵਲ ਨੈਨ | - | - | - | ਸੋਢੀ | ਹਰਿ ਜੀ | ਢਿੱਲਵਾਂ, ਮਾਲਵਾ | ਸ਼ਰਧਾਲੂ | ਗੁ.ਕੀ. |
| ਕਾਸੀ ਰਾਮ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ. |
| ਕਾਂਸੀ ਰਾਮ | - | - | - | ਸਕਸੇਨਾ ਕਾਇਸਥ | - | - | ਸ਼ਰਧਾਲੂ, ਕਵੀ | ਦ.ਰ. |
| ਕਾਠਾ ਸਿੰਘ | - | - | - | - | - | - | ਹਜ਼ੂਰੀ ਸੈਨਿਕ ਸਿੱਖ, ਸ਼ਹੀਦ | ਗੁ.ਕੀ., |
| ਕਾਨ੍ਹ ਸਿੰਘ | - | - | - | - | - | - | ਹਜ਼ੂਰੀ ਸਿੱਖ | ਗੁਬਿ., ਪ੍ਰ.ਪੰ.ਪ੍ਰ. |
| ਕਿਰਪਾ ਸਿੰਘ | - | - | - | - | - | ਬਨਾਰਸ | ਸ਼ਰਧਾਲੂ | ਹੁ.ਨਾ. |
| ਕਿਰਪਾ ਸਿੰਘ | - | - | - | - | - | - | ਸ਼ਰਧਾਲੂ, ਸ਼ਹੀਦ | ਗੁਬਿ., ਗੁ.ਕੀ., |
| ਕਿਰਪਾ ਰਾਮ | ਬ੍ਰਾਹਮਣ | - | - | - | ਅੜੂਰਾਮ | ਕਸ਼ਮੀਰ | ਹਜ਼ੂਰੀ ਸਿੱਖ ਅਧਿਆਪਕ, ਸ਼ਹੀਦ | ਗੁਬਿ., ਗੁ.ਕੀ., |
| ਕਿਰਪਾਲ ਚੰਦ | - | ਖੱਤ੍ਰੀ | - | - | ਲਾਲ ਚੰਦ | ਕਰਤਾਰਪੁਰ | ਰਿਸ਼ਤੇਦਾਰ, ਮਾਮਾ ਸ਼ਹੀਦ | ਗੁ.ਸੋ., ਮਹਿ.ਪ੍ਰ., ਗੁ.ਕੀ., |
| ਕਿਰਪਾਲ ਦਾਸ | - | - | - | ਉਦਾਸੀ ਮਹੰਤ | - | - | ਸ਼ਰਧਾਲੂ | ਗੁ.ਸੋ., ਮ.ਕੋ., |
| ਕੀਰਤ ਸਿੰਘ | - | - | - | - | - | ਗਿੱਧੜਬਾਹਾ, ਮਾਲਵਾ | ਸ਼ਰਧਾਲੂ, ਸ਼ਹੀਦ | ਗੁ.ਕੀ. |
| ਕੀਰਤ ਸਿੰਘ | - | - | - | - | ਫਤਿਹ ਸਿੰਘ | - | ਸਿੱਖ ਸੈਨਿਕ, ਸ਼ਹੀਦ | ਗੁ.ਕੀ., |
| ਕੀਰਤ ਸਿੰਘ | - | - | - | - | - | - | ਹਜ਼ੂਰੀ ਕਵੀ | ਸ਼.ਬਿ. |
| ਕੀਰਤੀਆ | - | - | - | - | - | - | ਚੌਰਬਰਦਾਰ | ਮ.ਕੋ. |
| ਕੇਸੋ ਸਿੰਘ | - | - | - | ਭੱਟ | ਬੋਹਿਥ | - | ਹਜ਼ੂਰੀ ਕਵੀ, ਸ਼ਹੀਦ | ਮ.ਕੋ., ਦ.ਰ. |
| ਕੇਸਰ ਸਿੰਘ | - | - | - | - | - | ਗੁਰੂ ਕਾ ਬਾਗ ਅਨੰਦਪੁਰ | ਹਜ਼ੂਰੀ ਸਿੱਖ, ਮਾਲੀ | - |
| ਕੇਸਰ ਸਿੰਘ | - | - | - | - | ਛਬੀਲਾ | - | ਹਜ਼ੂਰੀ ਸੈਨਿਕ ਸਿੱਖ, ਸ਼ਹੀਦ | ਗੁ.ਕੀ, |
| ਕੇਸਰੂ ਮੱਲ | - | - | - | - | - | ਸਰਹਾਲੀ | ਸ਼ਰਧਾਲੂ | ਗੁ.ਸਿ.ਵ. |
| ਕੁਸਾਲ ਸਿੰਘ | - | - | - | ਲੁਬਾਣਾ | ਮੱਖਣਸ਼ਾਹ | - | ਹਜ਼ੂਰੀ ਸੈਨਿਕ ਸਿੱਖ, | ਗੁ.ਕੀ., |

| | | | | | | | | |
|---|---|---|---|---|---|---|---|---|
| | | | | | | | ਸ਼ਹੀਦ | |
| ਕੁਮਾ ਮਾਸਕੀ | - | - | - | - | - | | ਸ਼ਰਧਾਲੂ | ਗੁ.ਕੀ. |
| ਕੁਵਰੇਸ਼/ ਕੁੰਵਰੇਸ਼ | ਬ੍ਰਾਹਮਣ ਬਨਾਢਯ | - | - | - | ਕੇਸ਼ਵ | ਬੁੰਦੇਲਖੰਡ | ਹਜ਼ੂਰੀ ਕਵੀ | ਗੁ.ਪ੍ਰ.ਸੂ., ਦ.ਰ. |
| ਕੋਟਲਾ ਨਿਹੰਗ ਖ਼ਾਂ/ ਨਿਹੰਗ ਖ਼ਾਂ | - | - | - | ਪਠਾਣ ਚੌਧਰੀ | | ਕੋਟਲਾ ਨਿਹੰਗ ਖ਼ਾਂ, ਰੋਪੜ | ਸ਼ਰਧਾਲੂ, ਮੁਸਲਮਾਨ | ਗੁ.ਕੀ. |
| ਖਾਨਾ | - | - | ਜੱਟ ਬੈਰਾੜ | - | - | ਕੋਟਕਪੂਰਾ | ਸ਼ਰਧਾਲੂ | ਮ.ਕੋ., |
| ਖ਼ਾਨਖ਼ਾਨਾ | - | - | - | ਮੁਸਲਮਾਨ | - | ਆਗਰਾ | ਸ਼ਰਧਾਲੂ, ਮੁਸਲਮਾਨ | ਮ.ਕੋ., |
| ਖੁਦਾ ਬਖਸ਼ | - | - | - | ਮੀਰਜ਼ਾਦਾ | - | ਮਾਛੀਵਾੜਾ | ਸ਼ਰਧਾਲੂ, ਮੁਸਲਾਮਾਨ | ਗੁ.ਕੀ. |
| ਗਜ ਸਿੰਘ | - | - | - | - | - | - | ਸ਼ਰਧਾਲੂ | ਮਹਿ.ਪ੍ਰ., |
| ਗਜਰਾਜ ਸਿੰਘ | - | - | - | - | - | ਬਿਲਾਸਪੁਰ ਦੇ ਰਾਜੇ ਦਾ ਅਹਿਲਕਾਰ | ਸ਼ਰਧਾਲੂ, ਸ਼ਹੀਦ | ਨਿਰਗੁਣੀਆ ਰਾ |
| ਗਨੀ ਖ਼ਾਂ | - | - | - | ਪਠਾਣ | - | ਮਾਛੀਵਾੜਾ | ਸ਼ਰਧਾਲੂ, ਮੁਸਲਮਾਨ | ਗੁ.ਕੀ., ਮਹਿ.ਪ੍ਰ., ਪ੍ਰ.ਪੰ.ਪ੍ਰ. |
| ਗਿਰਿਧਿਰ ਲਾਲ | - | - | - | - | ਗੱਜਮੱਲ | ਆਗਰਾ | ਹਜ਼ੂਰੀ ਕਵੀ | ਮ.ਕੋ., |
| ਗੁਜਰੀ, ਮਾਤਾ | - | ਖੱਤ੍ਰੀ | - | - | ਲਾਲ ਚੰਦ | ਕਰਤਾਰਪੁਰ | ਮਾਤਾ, ਸ਼ਹੀਦ | ਗੁ.ਸੋ., ਮਹਿ.ਪ੍ਰ., ਗੁ.ਕੀ., |
| ਗੁਪਾਲ ਸਿੰਘ | - | - | - | - | - | - | ਸ਼ਰਧਾਲੂ | ਮਹਿ.ਪ੍ਰ., |
| ਗੁਰਸਾ ਸਿੰਘ ਗਹੂਣੀਆ | - | - | - | - | - | ਕੋਟਲਾ ਨਿਹੰਗ ਖ਼ਾ, ਰੋਪੜ | ਸ਼ਰਧਾਲੂ | ਗੁ.ਕੀ., |
| ਗੁਰਦਾਸ | - | - | - | ਬਹਿਲੋ ਵੰਸ਼ੀ | - | - | ਮਸੰਦ, ਸਿੱਖ | ਮ.ਕੋ., ਗੁ.ਕੀ. |
| ਗੁਰਦਾਸ | - | - | - | - | - | ਜੌਨਪੁਰ | ਮਸੰਦ | - |
| ਗੁਰਦਾਸ | - | - | ਜੱਟ | - | - | ਫਫੜੇ ਭਾਈਕੇ | ਸ਼ਰਧਾਲੂ | ਹੁ.ਕ. |
| ਗੁਰਦਾਸ | - | - | - | - | - | ਭਗਤਾ ਭਾਈਕਾ | ਸ਼ਰਧਾਲੂ | ਗੁ.ਕੀ. |
| ਗੁਰਦਾਸ ਸਿੰਘ | ਰਾਜਪੂਤ | - | - | - | ਭਾਈ ਦੁਰਗੂ | ਢਾਕਾ | ਹਜ਼ੂਰੀ ਕਵੀ | ਹੁ.ਨਾ., |

| | | | | | | | | |
|---|---|---|---|---|---|---|---|---|
| | ਚੌਹਾਨ | | | | | | | ਦ.ਰ., |
| ਗੁਰਦਿੱਤ ਸਿੰਘ | - | - | - | - | - | - | ਕੋਸਾਚਾਰੀ / ਖ਼ਜ਼ਾਨਚੀ | ਗੁਬਿ., |
| ਗੁਰਬਖਸ਼ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ., |
| ਗੁਰਬਖਸ਼ | - | - | - | ਉਦਾਸੀ ਸਾਧੂ | - | ਅਨੰਦਪੁਰ | ਹਜ਼ੂਰੀ, ਸਿੱਖ | ਮ.ਕੋ., |
| ਗੁਰਬਖਸ਼, ਮਸੰਦ | - | - | - | - | - | ਜੌਨਪੁਰ | ਸ਼ਰਧਾਲੂ, ਮਸੰਦ | ਪੰ.ਪ੍ਰ. |
| ਗੁਰਬਖਸ਼ ਸਿੰਘ | - | - | - | ਕੁਲਾਲ | - | ਭੈਰੋਵਾਲ | ਹਜ਼ੂਰੀ, ਸੈਨਿਕ ਸਿੱਖ | ਮ.ਕੋ., |
| ਗੁਰਬਖਸ਼ ਸਿੰਘ | - | - | ਜੱਟ | - | - | ਕੋਟ ਭਾਈਕਾ | ਸ਼ਰਧਾਲੂ | ਮ.ਕੋ., |
| ਗੁਰਬਖਸ਼ ਸਿੰਘ | ਰਾਜਪੂਤ | - | - | - | ਮਨੀ ਸਿੰਘ | ਅਲੀਪੁਰ ਮੁਲਤਾਨ | ਹਜ਼ੂਰੀ ਸਿੱਖ, ਸ਼ਹੀਦ | ਗੁਬਿ., ਮ.ਕੋ., |
| ਗੁਰਬਚਨ ਸਿੰਘ | - | - | - | - | - | - | ਸ਼ਰਧਾਲੂ ਵੇਖਣਾ | ਗੁ.ਬਿ. |
| ਗੁਰਮੁਖ ਸਿੰਘ | - | - | - | - | - | - | ਸ਼ਰਧਾਲੂ ਵੇਖਣਾ | ਗੁ.ਬਿ. |
| ਗੁਲਜਾਰ ਸਿੰਘ | ਰਾਜਪੂਤ ਪਰਮਾਰ | - | - | - | ਆਲਮ ਸਿੰਘ | - | ਹਜ਼ੂਰੀ ਸਿੱਖ, ਸ਼ਹੀਦ | ਗੁ.ਕੀ, ਮ.ਕੋ., |
| ਗੁਲਜਾਰ ਸਿੰਘ | - | - | - | - | - | - | ਸ਼ਰਧਾਲੂ, ਸ਼ਹੀਦ | ਗੁ.ਕੀ. |
| ਗੁਲਾਬ ਸਿੰਘ | - | ਖੱਤ੍ਰੀ | - | - | - | - | ਹਜ਼ੂਰੀ ਸਿੱਖ, ਸ਼ਹੀਦ | ਗੁ.ਪ੍ਰ.ਸੂ., ਮ.ਕੋ., |
| ਗੁਲਾਬਾ | - | ਖੱਤ੍ਰੀ | - | - | - | ਮਾਛੀਵਾੜਾ | ਸ਼ਰਧਾਲੂ | ਮ.ਕੋ., |
| ਗੁਲਾਬ ਚੰਦ/ਰਾਇ | - | ਖੱਤ੍ਰੀ | - | - | ਸਾਧੂ ਰਾਮ | ਮੱਲਾਂ ਗਾਮ, ਬਠਿੰਡਾ | ਰਿਸ਼ਤੇਦਾਰ, ਭੂਆ ਦਾ ਪੁੱਤਰ | ਗੁ.ਸੋ., ਬਚਿ.ਨਾ., ਮ.ਕੋ., |
| ਗੁਲਾਬ ਚੰਦ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ., |
| ਗੋਕਲ ਸਿੰਘ | - | - | - | - | ਦਰੀਆ | - | ਹਜ਼ੂਰੀ ਸਿੱਖ, ਸ਼ਹੀਦ | ਗੁ.ਕੀ., |
| ਗੋਦੜੀਆ ਸਿੰਘ | - | - | - | - | - | ਭੁੱਚੋਮੰਡੀ | ਸ਼ਰਧਾਲੂ | ਮ.ਕੋ., |
| ਗੋਪਾਲ | - | - | - | ਭੱਟ | ਗੋਕੁਲ | - | ਹਜ਼ੂਰੀ ਕਵੀ | ਦ.ਰ. |
| ਗੰਗਾ ਸਿੰਘ | - | - | ਜੱਟ | - | - | ਸਰਾਵਾਂ ਪਿੰਡ, ਮਾਲਵਾ | ਸ਼ਰਧਾਲੂ | ਗੁ.ਕੀ. |
| ਗੰਗਾ ਰਾਮ | - | ਖੱਤ੍ਰੀ | - | - | ਸਾਧੂ ਰਾਮ | ਮੱਲਾਂ ਗਾਮ, ਬਠਿੰਡਾ | ਰਿਸ਼ਤੇਦਾਰ ਭੂਆ ਦਾ ਪੁੱਤਰ | ਬਚਿ.ਨਾ., ਗੁ.ਸੋ., ਗੁਬਿ., |

| | | | | | | | | |
|---|---|---|---|---|---|---|---|---|
| ਗੰਡਾ ਸਿੰਘ | - | - | ਢਿਲੋਂ ਜੱਟ | - | - | ਝਬਾਲ, ਅੰਮ੍ਰਿਤਸਰ | ਸ਼ਰਧਾਲੂ, ਸ਼ਹੀਦ | ਮ.ਕੋ., ਗੋ.ਸਾ. |
| ਘਨ ਸਿੰਘ | - | - | - | - | - | ਫਾਜਿਲਕਾ | ਹਜ਼ੂਰੀ, ਸਿੱਖ | ਮ.ਕੋ., |
| ਘਰਬਾਰਾ ਸਿੰਘ | - | - | - | - | ਭਾਈ ਨਾਨੂ | - | ਹਜ਼ੂਰੀ ਸਿੱਖ, ਸ਼ਹੀਦ | ਗੁ.ਕੀ., |
| ਘਰਬਾਰਾ ਸਿੰਘ | - | - | - | - | ਢਿੱਲੋਂ ਜੱਟ | - | ਸ਼ਰਧਾਲੂ, ਸ਼ਹੀਦ | ਗੋ.ਸਾ. |
| ਘਰਬਾਰੀ | - | ਭੱਲਾ ਖੱਤ੍ਰੀ | - | - | ਖੁਸ਼ਹਾਲ ਸਿੰਘ | - | ਹਜ਼ੂਰੀ ਲਿਖਾਰੀ, ਸ਼ਹੀਦ | ਦ.ਰ. |
| ਘੁੰਘਣੀਆ ਸਿੰਘ | - | - | - | - | - | ਭਗਤਾ ਭਾਈਕਾ | ਸ਼ਰਧਾਲੂ | ਮ.ਕੋ., |
| ਘੁੱਦਾ ਸਿੰਘ | - | - | ਜੱਟ ਵੜਿੰਗ | - | - | ਰਾਮੇਆਣਾ, ਮਾਲਵਾ | ਸ਼ਰਧਾਲੂ | ਗੁ.ਕੀ. |
| ਘੁੱਦਾ, ਮਹੰਤ | - | - | - | ਦੀਵਾਨਾ ਸਾਧੂ | - | ਮਲੂਕਾ ਪਿੰਡ | ਸ਼ਰਧਾਲੂ | ਮ.ਕੋ., |
| ਘੁੰਮੀ ਸਿੰਘ | - | - | - | ਬਾਣੀਆ | - | ਕੋਟ ਭਾਈ, ਫਿਰੋਜ਼ਪੁਰ | ਸ਼ਰਧਾਲੂ | ਮ.ਕੋ., |
| ਘੁੱਲੂ ਸ਼ਾਹ | - | - | - | - | - | ਸਰਹਿੰਦ | ਸ਼ਾਹੀ ਬਾਗ ਦਾ ਮਾਲੀ | - |
| ਚਉਪਾ ਸਿੰਘ / ਚਉਪਤਿ ਰਾਇ | ਛਿੱਬਰ ਬ੍ਰਾਹਮਣ | - | - | - | ਬਾਵਾ ਪੈਰਾ | ਕੜਿਆਲ, ਜਿਹਲਮ | ਹਜ਼ੂਰੀ ਕਵੀ, ਸ਼ਹੀਦ | ਗੁ.ਸੋ., ਗੁ.ਕੀ., ਮ.ਕੋ., |
| ਚਤਰ ਸਿੰਘ | - | - | ਬੈਰਾੜ ਜੱਟ | - | - | ਮਾਲਵਾ | ਹਜ਼ੂਰੀ ਸਿੱਖ, ਸੂਹੀਆ | ਗੁ.ਕੀ., |
| ਚਮਨ ਤ੍ਰੀਗਰ | - | - | - | - | - | ਪਟਨਾ | ਸ਼ਰਧਾਲੂ | ਹੁ.ਨਾ. |
| ਚਰਨ ਦਾਸ | ਛਿੱਬਰ ਬ੍ਰਾਹਮਣ | - | - | - | ਸਾਹਿਬ ਸਿੰਘ | ਭਦੌੜ, ਮਾਲਵਾ | ਸ਼ਰਧਾਲੂ | ਗੁ.ਕੀ. |
| ਚਰਾਗ ਸ਼ਾਹ | - | - | - | ਕਾਜ਼ੀ | - | - | ਸ਼ਰਧਾਲੂ, ਮੁਸਲਮਾਨ | ਗੋ.ਸਾ. |
| ਚੜਤ ਸਿੰਘ | - | - | - | - | - | ਮਾਲਵਾ | ਸ਼ਰਧਾਲੂ | ਮ.ਕੋ., |
| ਚਿਤਰ ਸਿੰਘ | ਰਾਜਪੂਤ | - | - | - | ਮਨੀ ਸਿੰਘ | ਅਲੀਪੁਰ ਮੁਜ਼ੱਫਰਗੜ੍ਹ | ਸ਼ਰਧਾਲੂ, ਸ਼ਹੀਦ | ਗੁ.ਕੀ., |
| ਚੇਤੋ, ਭਾਈ | - | - | - | - | - | - | ਮਸੰਦ, ਸਿੱਖ | ਮਹਿ.ਪ੍ਰ. |
| ਚੈਯਾ | - | - | - | - | - | ਬਿਹਾਰ | ਮਸੰਦ, ਸਿੱਖ | ਮ.ਕੋ. |
| ਚੰਦ | - | - | ਸੁਨਿਆਰ | - | - | - | ਹਜ਼ੂਰੀ ਕਵੀ | ਗੁ.ਮਹਿ.ਪ੍ਰ. |
| ਚੰਦਨ | ਬ੍ਰਾਹਮਣ | - | - | - | - | - | ਹਜ਼ੂਰੀ ਕਵੀ | ਮ.ਕੋ. |

| | | | | | | | | |
|---|---|---|---|---|---|---|---|---|
| ਜੱਗਾ ਸਿੰਘ | - | - | - | - | - | - | ਹਜ਼ੂਰੀ ਸਿੱਖ, ਸੁਰਾਹੀ ਬਰਦਾਰ | ਮ.ਕੋ., |
| ਜਗਤਾ ਸਿੰਘ | ਰਾਜਪੂਤ | - | - | - | ਮਾਈਦਾਸ | ਅਲੀਪੁਰ ਮੁਲਤਾਨ | ਸ਼ਰਧਾਲੂ ਸਿੱਖ, ਸ਼ਹੀਦ | ਗੁ.ਕੀ., |
| ਜਗਤਾ | - | - | ਸੇਠ/ ਸ਼ਾਹੂਕਾ ਰ | - | - | ਪਟਨਾ | ਸ਼ਰਧਾਲੂ | ਹੁ.ਨਾ., ਮਹਿ.ਪ੍ਰ., ਪ੍ਰ.ਪੰ.ਪ੍ਰ., |
| ਜਗਤਾ | ਬ੍ਰਾਹਮਣ | - | - | - | - | ਲਾਹੌਰ | ਮਸੰਦ, ਸਿੱਖ | ਮ.ਕੋ., |
| ਜਗਨਾ | - | - | - | - | - | - | ਮਸੰਦ, ਸਿੱਖ | ਹੁ.ਨਾ. |
| ਜਵਾਹਰ ਸਿੰਘ | - | - | - | - | - | ਆਗਰਾ | ਹਜ਼ੂਰੀ ਸਿੱਖ, ਸ਼ਹੀਦ | ਮ.ਕੋ. |
| ਜਾਦੋ ਰਾਇ | - | - | - | ਉਦਾਸੀ ਸਾਧੂ | - | ਲੱਖੀ ਜੰਗਲ | ਸ਼ਰਧਾਲੂ | ਦ.ਰ. |
| ਜਾਲਮ ਸਿੰਘ | - | - | - | - | - | - | ਹਜ਼ੂਰੀ ਸਿੱਖ, ਸੁਰਾਹੀ ਬਰਦਾਰ | ਮ.ਕੋ., |
| ਜਿੰਦਪੀਰ | - | - | - | - | - | - | ਹਜ਼ੂਰੀ ਸਿੱਖ, ਸਰਾਹੀ ਬਰਦਾਰ | ਮ.ਕੋ., |
| ਜੀਤ ਸਿੰਘ | - | - | - | - | - | - | ਸ਼ਰਧਾਲੂ | ਗੁ.ਕੀ., |
| ਜੀਤਾ ਸਿੰਘ | - | - | - | - | - | - | ਹਜ਼ੂਰੀ ਸੈਨਿਕ ਸਿੱਖ, ਸ਼ਹੀਦ | ਗੁ.ਕੀ., |
| ਜੀਤ ਕੌਰ ਜੀਤੋ, ਮਾਤਾ | - | ਸੁਭਿਖੀ ਖੱਤ੍ਰੀ | - | - | ਹਰਿਜਸ | ਲਾਹੌਰ | ਗੁਰੂ ਕੇ ਮਹਿਲ | ਗੁਬਿ., ਮਹਿ.ਪ੍ਰ., |
| ਜੀਤ ਮੱਲ | - | ਖੱਤ੍ਰੀ | - | - | ਸਾਧੂ ਰਾਮ | ਮੱਲਾਂ ਗਾਮ ਬਠਿੰਡਾ | ਰਿਸ਼ਤੇਦਾਰ ਭੂਆ ਦਾ ਪੁੱਤਰ, ਸ਼ਹੀਦ | ਬਚਿ.ਨਾ., ਗੁ.ਸੋ., ਗੁ.ਕੀ., |
| ਜੀਵਨ ਸਿੰਘ/ ਭਾਈ ਜੈਤਾ | - | - | - | ਰੰਘਰੇਟਾ | ਆਗਿਆ ਸਿੰਘ | ਦਿੱਲੀ | ਹਜ਼ੂਰੀ ਸਿੱਖ, ਸ਼ਹੀਦ | ਗੁਬਿ., ਗੁ.ਕੀ., ਪ੍ਰ.ਪੰ.ਪ੍ਰ., |
| ਜੀਵਨ ਸਿੰਘ | - | - | - | ਪੁਆਰ ਜਾਤੀ ਵਿਚੋਂ | ਪ੍ਰੇਮ ਚੰਦ | - | ਹਜ਼ੂਰੀ ਸਿੱਖ, ਸ਼ਹੀਦ | ਗੁ.ਕੀ., |
| ਜੀਵਨ ਮੱਲ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ. |
| ਜੁਆਲਾ ਸਿੰਘ | - | - | - | ਲੋਹਾਰ | - | ਮੋਹੀ ਪਿੰਡ, ਲੁਧਿਆਣਾ | ਸ਼ਰਧਾਲੂ, ਕਾਰੀਗਰ | - |

| | | | | | | | | |
|---|---|---|---|---|---|---|---|---|
| ਜੁਝਾਰ ਸਿੰਘ (ਸਾਹਿਬਜਾਦਾ) | - | ਖੱਤ੍ਰੀ | - | - | ਗੁਰੂ ਗੋਬਿੰਦ ਸਿੰਘ | ਅਨੰਦਪੁਰ | ਗੁਰੂ ਪੁੱਤਰ, ਸ਼ਹੀਦ | ਗੁ.ਸੋ., ਬੰਸਾ., ਮਹਿ.ਪ੍ਰ., |
| ਜੁਆਲਾ ਸਿੰਘ | - | - | - | ਤਰਖਾਣ | - | ਮੋਹੀ ਪਿੰਡ | ਸ਼ਰਧਾਲੂ, ਮਿਸਤਰੀ | - |
| ਜੇਠਾ | - | - | - | - | - | ਲਖਨੌਰ | ਮਸੰਦ, ਸਿੱਖ | ਮ.ਕੋ., |
| ਜੇਠਾ ਸਿੰਘ | - | - | - | ਵਪਾਰੀ | - | ਅਹਿਮਦਾਬਾਦ | ਸ਼ਰਧਾਲੂ | ਗੁ.ਬਿ., |
| ਜੈਤਾ ਰਾਮ | - | - | - | ਮਹੰਤ | - | ਦਾਦੂ ਦਵਾਰ, ਰਾਜਸਥਾਨ | ਸ਼ਰਧਾਲੂ | ਪ੍ਰ.ਪੰ.ਪ੍ਰ. |
| ਜੋਗਾ ਸਿੰਘ | - | - | - | - | ਗੁਰਮੁਖ ਸਿੰਘ | ਪੇਸ਼ਾਵਰ | ਹਜ਼ੂਰੀ ਸਿੱਖ | ਮ.ਕੋ. |
| ਜੋਧ ਸਿੰਘ | - | - | - | - | - | ਸਰਹਿੰਦ | ਸ਼ਰਧਾਲੂ | ਗੁ.ਕੀ. |
| ਜੋਧ ਸਿੰਘ | - | - | - | - | - | ਕੋਟਕਮਾਲ | ਮਸੰਦ, ਸਿੱਖ | ਮ.ਕੋ., |
| ਜੋਰਾਵਰ ਸਿੰਘ (ਸਾਹਿਬਜ਼ਾਦਾ) | - | ਖੱਤ੍ਰੀ | - | - | ਗੁਰੂ ਗੋਬਿੰਦ ਸਿੰਘ | ਅਨੰਦਪੁਰ | ਗੁਰੂ ਪੁੱਤਰ, ਸ਼ਹੀਦ | ਗੁ.ਸੋ., ਗੁਬਿ., ਮਹਿ.ਪ੍ਰ., ਪ੍ਰ.ਪੰ.ਪ੍ਰ., |
| ਜੋਰਾਵਰ ਸਿੰਘ (ਪਾਲਿਤ ਪੁੱਤਰ) | - | - | - | ਲੋਟੇ ਤਰਖਾਣ | ਨੱਥੂਰਾਮ | ਪਿੰਡ ਬਸੀ ਪਠਾਣਾਂ, ਰੋਪੜ | ਗੁਰੂ ਜੀ ਦਾ ਪਾਲਿਤ ਪੁੱਤਰ, ਸ਼ਹੀਦ | ਗੁ.ਕੀ. |
| ਝਾਲਾ ਕੌਰ | - | - | - | - | ਕੇਸਰੂ ਮੱਲ ਦੀ ਪਤਨੀ | ਸਰਹਾਲੀ | ਸ਼ਰਧਾਲੂ | ਗੁ.ਸਿ.ਵ. |
| ਝੂਲਨਾ ਸਿੰਘ | - | - | - | - | - | - | ਸ਼ਰਧਾਲੂ | ਮ.ਕੋ., |
| ਟਹਿਕਣ | - | - | - | - | ਰੰਗੀਲ ਦਾਸ | ਗੁਜਰਾਤ | ਹਜ਼ੂਰੀ ਕਵੀ | ਗੁ.ਕੀ., ਪੰ.ਕੋ., ਦ.ਰ. |
| ਟਹਿਲ ਸਿੰਘ | - | - | - | - | - | - | ਹਜ਼ੂਰੀ, ਸਿੱਖ ਸੈਨਿਕ, ਸ਼ਹੀਦ | ਮ.ਕੋ. |
| ਟੋਡਰ ਮੱਲ | - | - | - | ਸ਼ਾਹੂਕਾਰ | - | ਸਰਹਿੰਦ | ਸ਼ਰਧਾਲੂ | ਮ.ਕੋ., ਗੁ.ਪ੍ਰ.ਸੂ. |
| ਡੱਲਾ, ਭਾਈ | - | - | ਬੈਰਾੜ ਜੱਟ | - | - | ਤਲਵੰਡੀ ਸਾਬੋ | ਸ਼ਰਧਾਲੂ | ਗੁਬਿ., ਗੁ.ਕੀ., ਪ੍ਰ.ਪੰ.ਪ੍ਰ., |
| ਤਖਤ ਮੱਲ | - | - | - | - | ਰਾਇ ਜੋਧ ਦਾ ਪੋਤਾ | ਨੱਕਾ, ਮਾਲਵਾ | ਮਸੰਦ, ਸਿੱਖ | ਮ.ਕੋ., |
| ਤਨਸੁਖ | - | - | - | - | - | ਲਾਹੌਰ | ਹਜ਼ੂਰੀ ਕਵੀ | ਮ.ਕੋ., ਪੰ.ਕੋ. |

| | | | | | | | | |
|---|---|---|---|---|---|---|---|---|
| ਤਿਲੋਕਾ ਸਿੰਘ | - | - | - | - | ਬਾਬਾ ਫੂਲ | ਜੀਂਦ | ਸ਼ਰਧਾਲੂ | ਹੁ.ਨਾ., ਪ੍ਰ.ਪੰ.ਪ੍ਰ., ਮ.ਕੋ., |
| ਤਿਲੋਕਾ ਬਾਈ | - | - | - | - | ਰਾਧਾ ਰਤਨ ਪਤੀ | ਦਿੱਲੀ | ਸ਼ਰਧਾਲੂ, ਮੁਸਲਾਮਨ | - |
| ਤੁਲਸੀ ਦਾਸ | - | - | - | - | ਬਾਘਾ | ਦਿੱਲੀ | ਮਸੰਦ, ਸਿੱਖ | ਗੁ.ਕੀ. |
| ਤੇਗ ਬਹਾਦਰ, ਗੁਰੂ | - | ਖੱਤ੍ਰੀ | - | - | ਗੁਰੂ ਹਰਿਗੋਬਿੰਦ ਜੀ | ਅੰਮ੍ਰਿਤਸਰ | ਗੁਰੂ ਪਿਤਾ, ਸ਼ਹੀਦ | ਗੁ.ਸੋ., ਮਹਿ.ਪ੍ਰ., ਗੁ.ਕੀ., |
| ਥਿਰਾਜ ਸਿੰਘ | - | - | ਬੈਰਾੜ ਜੱਟ | - | - | ਭਾਈਰੂਪਾ | ਸ਼ਰਧਾਲੂ | ਹੁ.ਨਾ. |
| ਦਖਨੀ ਰਾਇ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ. |
| ਦਗੋ | - | - | - | - | - | ਬਾਂਗਰ ਦੇਸ਼ | ਮਸੰਦ, ਸਿੱਖ | ਗੁਕੀ. |
| ਦਯਾ / ਦਇਆ ਸਿੰਘ | - | ਖੱਤ੍ਰੀ | - | - | ਭਾਈ ਸੁਧਾ | ਲਾਹੌਰ | ਹਜ਼ੂਰੀ ਸਿੱਖ, ਪਿਆਰਾ | ਗੁ.ਸੋ., ਗੁ.ਕੀ., ਮਹਿ.ਪ੍ਰ., ਪ੍ਰ.ਪੰ.ਪ੍ਰ., |
| ਦਯਾਲ ਦਾਸ | - | - | - | - | ਗੌਰਾ | ਭੁੱਚੋ, ਬਠਿੰਡਾ | ਸ਼ਰਧਾਲੂ | ਮ.ਕੋ., |
| ਦਯਾਲ ਦਾਸ/ਪੁਰੀ | - | - | - | - | - | ਸਰਹਿੰਦ | ਸ਼ਰਧਾਲੂ | ਗੁ.ਕੀ., |
| ਦਯਾਰਾਮ | ਬ੍ਰਾਹਮਣ | - | - | - | ਜਾਤੀ ਮਲਕ | - | ਹਜ਼ੂਰੀ ਸਿੱਖ | ਗੁ.ਸੋ., ਗੁ.ਕੀ., ਮ.ਕੋ., |
| ਦਯਾਲ ਸਿੰਘ | - | - | ਸਿੱਧੂ ਜੱਟ | - | - | ਸੁਰ ਸਿੰਘ | ਹਜ਼ੂਰੀ ਸਿੱਖ | ਗੁ.ਪ੍ਰ.ਸੂ., ਮ.ਕੋ., |
| ਦਰਸੋ | - | - | - | - | - | - | ਹਜ਼ੂਰੀ ਸੈਨਿਕ ਸਿੱਖ, ਸ਼ਹੀਦ | ਮ.ਕੋ., |
| ਦਰਘਾ ਮੱਲ | ਬ੍ਰਾਹਮਣ | - | - | - | - | - | ਹਜ਼ੂਰੀ, ਦੀਵਾਨ | ਗੁ.ਕੀ., |
| ਦਰਬਾਰਾ ਸਿੰਘ | - | - | - | ਬਾਣੀਆ | - | ਸਰਹਿੰਦ | ਹਜ਼ੂਰੀ ਸਿੱਖ | ਗੁਬਿ., ਗੁ.ਪ੍ਰ.ਸੂ., ਮ.ਕੋ., |
| ਦਰਬਾਰਾ ਸਿੰਘ | - | - | - | - | ਭਾਈ ਨਾਨੂ | - | ਹਜ਼ੂਰੀ, ਸੈਨਿਕ ਸਿੱਖ | ਗੁ.ਕੀ., |
| ਦਰਬਾਰੀ, | - | - | - | - | - | - | ਹਜ਼ੂਰੀ ਸਿੱਖ | ਗੁ.ਬਿ. |

| | | | | | | | | |
|---|---|---|---|---|---|---|---|---|
| ਭਾਈ | | | | | | | | |
| ਦਰਬਾਰੀ | - | ਭੱਲਾ ਖੱਤ੍ਰੀ | - | - | ਖੁਸ਼ਹਾਲ ਸਿੰਘ | - | ਹਜ਼ੂਰੀ ਲਿਖਾਰੀ, ਸ਼ਹੀਦ | ਦ.ਰ. |
| ਦਲਪਤਿ | - | - | ਜੱਟ | - | ਭੀਮ | ਮੌੜਮੰਡੀ | ਸ਼ਰਧਾਲੂ | ਮ.ਕੋ., |
| ਦਾਈ ਲਾਡੋ | - | - | - | - | - | - | ਸ਼ਰਧਾਲੂ | ਹੁ.ਨਾ. |
| ਦਾਨ ਸਿੰਘ | ਰਾਜਪੂਤ | - | - | - | ਮਾਈ ਦਾਸ | ਅਲੀਗੜ ਮੁਲਤਾਨ | ਹਜ਼ੂਰੀ ਸਿੱਖ ਜੋਧਾ, ਸ਼ਹੀਦ | ਮ.ਕੋ., |
| ਦਾਨ ਸਿੰਘ | - | - | ਬੈਰਾੜ ਜੱਟ | - | - | ਮਾਲਵਾ | ਸ਼ਰਧਾਲੂ | ਮਾ.ਦੇ.ਸਾ. |
| ਦਾਨ ਸਿੰਘ | - | - | - | - | - | ਮਹਿਮਾ ਸਰਜਾ, ਮਾਲਵਾ | ਸ਼ਰਧਾਲੂ | ਪੰ.ਕੋ. |
| ਦਾਨੀ ਰਾਇ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ., |
| ਦਿਆਲ ਸਿੰਘ | - | - | - | - | - | ਚੱਕ ਭਾਈਕੇ | ਸ਼ਰਧਾਲੂ | ਮਾ.ਦੇ.ਸਾ. |
| ਦਿਆਲ ਦਾਸ | - | - | - | - | - | ਢਾਕਾ | ਸ਼ਰਧਾਲੂ | ਪ੍ਰ.ਪੰ.ਪ੍ਰ., |
| ਦਿਲਬਾਰਾ ਸਿੰਘ | - | - | - | - | - | ਮਝੈਲ | ਸ਼ਰਧਾਲੂ, ਸ਼ਹੀਦ | ਗੁ.ਕੀ.,ਗੋ.ਸਾ. |
| ਦੀਪ ਕੋਰ | - | - | - | - | ਰਾਮ ਸਿੰਘ ਦੀ ਪਤਨੀ | ਪਿੰਡ ਤਲਵਣ, ਫਿਲੌਰ | ਸ਼ਰਧਾਲੂ | ਮਾ.ਦੇ.ਸਾ. |
| ਦੀਪ ਸਿੰਘ, ਬਾਬਾ | - | - | ਜੱਟ | - | ਭਾਈ ਭਗਤੂ | ਪਹੂਵਿੰਡ, ਅੰਮ੍ਰਿਸਤਰ | ਹਜ਼ੂਰੀ ਸਿੱਖ ਯੋਧਾ, ਸ਼ਹੀਦ | ਮ.ਕੋ., |
| ਦੁਨਾ ਸਿੰਘ | - | - | - | - | - | ਸਹੇੜੀ, ਰੋਪੜ | ਹਜ਼ੂਰੀ ਕਵੀ | ਗੁ.ਕੀ., |
| ਦੁਨੀ ਚੰਦ | - | - | - | - | ਭਾਈ ਸਾਲ੍ਹੋ ਦਾ ਪੋਤਾ | ਮਾਝਾ | ਮਸੰਦ | ਮ.ਕੋ., |
| ਦੂਲਾ ਸਿੰਘ | - | - | - | - | - | ਫੁਰਖ਼ਾਬਾਦ | ਹਜ਼ੂਰੀ ਕਾਰੀਗਰ | - |
| ਦੇਸਾ ਸਿੰਘ, ਛੀਪਾ | - | - | - | - | - | ਅਜਨੇਰ ਪਿੰਡ | ਸ਼ਰਧਾਲੂ, ਮਸੰਦ | ਗੁ.ਕੀ. |
| ਦੇਸਾਂ, ਬੀਬੀ | - | - | - | ਖਤਰਾਣੀ | - | ਮਾਛੀਵਾੜਾ | ਸ਼ਰਧਾਲੂ ਸਿੱਖਣੀ | ਗੁ.ਕੀ. |
| ਦੇਸ ਰਾਜ | - | - | - | - | - | ਫਫੜੇ ਭਾਈਕੇ | ਸ਼ਰਧਾਲੂ | ਹੁ.ਨਾ. |
| ਦੇਵਾ ਸਿੰਘ | - | - | - | - | ਭਾਈ ਤੇਗਾ | - | ਹਜ਼ੂਰੀ ਸੈਨਿਕ ਸਿੱਖ, ਸ਼ਹੀਦ | ਗੋ.ਸਾ., |
| ਦੇਵਾ ਸਿੰਘ | - | - | - | - | - | ਦੀਨਾ ਨਗਰ | ਸ਼ਰਧਾਲੂ | ਗੁ.ਕੀ. |
| ਦੇਵਾ ਸਿੰਘ | - | - | - | - | - | ਫਫੜੇ ਭਾਈਕੇ | ਸ਼ਰਧਾਲੂ | ਗੁ.ਕੀ., |

| | | | | | | | | |
|---|---|---|---|---|---|---|---|---|
| ਦੇਵੀ ਦਾਸ | ਛਿੱਬਰ ਬ੍ਰਾਹਮਣ | - | - | - | ਹਰਦਯਾਲ ਦਾਸ | ਬੁੰਦੇਲ ਖੰਡ | ਹਜ਼ੂਰੀ ਕਵੀ | ਬੰ.ਨਾ., ਗੁ.ਕੀ., ਪੰ.ਕੋ. |
| ਦੌਲਾ ਸ਼ਾਹ / ਦੌਲਾ ਮੀਆਂ | - | - | - | ਇਕ ਫਕੀਰ | - | - | ਸ਼ਰਧਾਲੂ, ਮੁਸਲਮਾਨ | ਮਹਿ.ਪ੍ਰ., ਮ.ਕੋ., |
| ਧਨਰਾਜ | - | - | - | - | - | ਸਿੰਧ ਇਲਾਕਾ | ਮਸੰਦ | ਹੁ.ਨਾ. |
| ਧਯਾਨ ਸਿੰਘ | - | - | - | - | - | ਮਾਜਰੀ ਪਿੰਡ | ਹਜ਼ੂਰੀ ਕਵੀ | ਮ.ਕੋ., |
| ਧਰਮ ਸਿੰਘ | - | - | ਜੱਟ ਭਟਾਨ ਗੋਤ | - | ਛਬੀਲ ਸਿੰਘ | ਪਿੰਗ ਖੈਰਪੁਰ ਮੁਜ਼ੱਫਰਗੜ੍ਹ | ਹਜ਼ੂਰੀ ਕਵੀ, ਸ਼ਹੀਦ | ਦ.ਰ., ਪੰ.ਕੋ. |
| ਧਰਮ ਸਿੰਘ | - | - | ਜੱਟ | - | ਰੂਪ ਚੰਦ | ਭਾਈਰੂਪਾ | ਸ਼ਰਧਾਲੂ | ਹੁ.ਨਾ., |
| ਧਰਮ ਸਿੰਘ, ਪਿਆਰਾ | - | - | ਜੱਟ | - | ਸੰਤ ਰਾਮ | ਹਸਤਨਾਪੁਰ | ਹਜ਼ੂਰੀ ਸਿੱਖ, ਪਿਆਰਾ | ਗੁ.ਸੋ., ਗੁਬਿ., ਗੁ.ਪ੍ਰ.ਸੂ., ਪ੍ਰ.ਪੰ.ਪ੍ਰ. |
| ਧਰਮ ਚੰਦ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ. |
| ਧਰਮ ਚੰਦ | ਛਿੱਬਰ, ਬ੍ਰਾਹਮਣ | - | - | - | ਦਰਘਾ ਮੱਲ | - | ਹਜ਼ੂਰੀ, ਦੀਵਾਨ / ਖ਼ਜ਼ਾਨਚੀ | ਗੁ.ਕੀ. |
| ਧੀਰ ਸਿੰਘ | - | - | - | - | - | - | ਹਜ਼ੂਰੀ ਸਿੱਖ | ਮ.ਕੋ., |
| ਧੰਨਾ ਸਿੰਘ | - | - | - | - | - | - | ਹਜ਼ੂਰੀ, ਕਵੀ / ਘਾਹੀ | ਮ.ਕੋ., |
| ਨਗਾਹੀਆ ਸਿੰਘ | - | - | - | ਵਣਜਾਰਾ | ਭਾਈ ਲੱਖੀ ਸ਼ਾਹ | - | ਹਜ਼ੂਰੀ ਸੈਨਿਕ ਸਿੱਖ, ਸ਼ਹੀਦ | ਗੋ.ਸਾ., |
| ਨੱਥ ਮੱਲ | - | - | - | - | - | - | ਹਜ਼ੂਰੀ ਢਾਡੀ | - |
| ਨੱਥੂ ਰਾਮ | - | - | - | ਲੋਟੇ, ਤਰਖਾਣ | - | ਪਿੰਡ ਬੱਸੀਪਠਾਣਾਂ ਰੋਪੜ | ਹਜ਼ੂਰੀ ਕਾਰੀਗਰ | - |
| ਨੱਥੂ ਰਾਮ ਚਾਨਾ | - | - | - | ਸਾਹੀ ਕਾਰੀਗਰ, ਸਰਹਿੰਦ | - | ਪਿੰਡ ਘੁਲ੍ਹਾਲ | ਸ਼ਰਧਾਲੂ, ਕਾਰੀਗਰ | - |
| ਨਨੂਆ | - | - | - | ਭੱਟ ਵੈਰਾਗੀ ਸਾਧੂ | - | ਵਜੀਰਾਬਾਦ | ਹਜ਼ੂਰੀ ਕਵੀ | ਮਹਿ.ਪ੍ਰ., |
| ਨਬੀ ਖ਼ਾਂ | - | - | - | ਪਠਾਣ | - | ਮਾਛੀਵਾੜਾ | ਸ਼ਰਧਾਲੂ, ਮੁਸਲਮਾਨ | ਮ.ਕੋ. |
| ਨਰਬਦ | - | - | - | ਭੱਟ | ਕੇਸੋ ਸਿੰਘ | - | ਹਜ਼ੂਰੀ ਕਵੀ, ਸ਼ਹੀਦ | ਪੰ.ਕੋ. |

| | | | | | | | | |
|---|---|---|---|---|---|---|---|---|
| ਸਿੰਘ | | | | | | | | |
| ਨਾਹਰ ਸਿੰਘ | - | - | - | - | ਬਾਜ ਸਿੰਘ | - | ਹਜ਼ੂਰੀ ਸੈਨਿਕ ਸਿੱਖ, ਸ਼ਹੀਦ | ਮ.ਕੋ., |
| ਨਾਹਰ ਸਿੰਘ | - | - | - | - | ਰਾਧਾ ਸਿੰਘ | ਸੋੜੀਆਂ | ਸ਼ਰਧਾਲੂ | ਗੁ.ਸਿ.ਵ. |
| ਨਾਨੂ ਰਾਇ / ਸਿੰਘ | - | - | - | - | - | ਦਿੱਲੀ | ਸ਼ਰਧਾਲੂ | ਗੁ.ਕੀ. |
| ਨਾਨੂ ਰਾਇ | - | - | - | - | ਭਾਈ ਬਾਘਾ | - | ਹਜ਼ੂਰੀ ਸਿੱਖ ਕਵੀ, ਸ਼ਹੀਦ | ਪ.ਂਕੋ. |
| ਨਿਹਾਲ ਚੰਦ | - | - | - | - | - | - | ਹਜ਼ੂਰੀ ਕਵੀ / ਲਿਖਾਰੀ, ਸ਼ਹੀਦ | ਪ.ਂਕੋ. |
| ਨਿਹਾਲਾ | - | - | - | ਨੰਬਰਦਾਰ | - | ਚਮਕੌਰ | ਸ਼ਰਧਾਲੂ | ਮ.ਕੋ., |
| ਨਿਧਾਨ ਸਿੰਘ | - | - | ਵੜੈਚ ਜੱਟ | - | ਮਾਈ ਭਾਗ ਕੌਰ ਦਾ ਪਤੀ | ਝਬਾਲ, ਮਾਝਾ | ਸ਼ਰਧਾਲੂ, ਸ਼ਹੀਦ | ਗੁ.ਕੀ. |
| ਨੂਰਾ ਮਾਹੀ | - | - | - | - | ਰਾਇ ਕੱਲ੍ਹੇ ਦਾ ਨੌਕਰ | ਰਾਇਕੋਟ | ਸ਼ਰਧਾਲੂ | ਗੁ.ਕੀ. |
| ਨੇਤਾ ਸਿੰਘ | - | - | - | - | ਰਾਮਾ | ਥਾਨੇਸਰ | ਹਜ਼ੂਰੀ ਸੈਨਿਕ ਸਿੱਖ, ਸ਼ਹੀਦ | ਗੁ.ਕੀ., |
| ਨੈਨਿਧ | - | ਭੰਡਾਰੀ ਖੱਤ੍ਰੀ | - | - | - | ਆਗਰਾ | ਸ਼ਰਧਾਲੂ | ਮ.ਕੋ., |
| ਨੈਰੰਗ ਸਿੰਘ | - | - | - | - | - | - | ਹਜ਼ੂਰੀ ਸਿੱਖ, ਯੋਧਾ | ਮ.ਕੋ., |
| ਨੰਦ ਸਿੰਘ | ਰਾਜਪੂਤ ਪੰਵਾਰ | - | - | - | ਆਲਮ ਸਿੰਘ | - | ਹਜ਼ੂਰੀ ਸਿੱਖ, ਸ਼ਹੀਦ | ਗੋ.ਸਾ. |
| ਨੰਦ ਸਿੰਘ | - | - | - | - | - | - | ਸ਼ਰਧਾਲੂ | ਗੁ.ਕੀ., |
| ਨੰਦ ਚੰਦ | - | - | - | ਨੰਬਰਦਾਰ | ਉਮਰਾ ਸ਼ਾਹ ਦਾ ਪੋਤਾ | ਡਰੋਲੀ ਭਾਈ ਕੀ | ਹਜ਼ੂਰੀ ਸਿੱਖ, ਮਸੰਦ | ਬਚਿ.ਨਾ., ਗੁ.ਕੀ., ਮ.ਕੋ., |
| ਨੰਦ ਰਾਮ | - | - | - | - | ਵਲੀਰਾਮ | ਅੰਬਾਵਤੀ | ਹਜ਼ੂਰੀ ਕਵੀ | ਦ.ਰ. |
| ਨੰਦ ਲਾਲ / ਪਿੰਡੀ ਲਾਲ | ਬ੍ਰਾਹਮਣ | - | - | - | - | - | ਸ਼ਰਧਾਲੂ | ਮ.ਕੋ., |
| ਨੰਦ ਲਾਲ, ਭਾਈ | - | ਖੱਤ੍ਰੀ | - | - | ਛੱਜੂਰਾਮ | ਆਗਰਾ | ਹਜ਼ੂਰੀ ਕਵੀ / ਦੀਵਾਨ | ਮਹਿ.ਪ੍ਰ., ਗੁ.ਕੀ., |
| ਪਹਿਲ ਸਿੰਘ | - | - | - | ਸੁਨਿਆਰ | ਮੇਲਾ ਸਿੰਘ | ਸਰਹਿੰਦ | ਹਜ਼ੂਰੀ ਸਿੱਖ | ਮ.ਕੋ., |

| | | | | | | | | |
|---|---|---|---|---|---|---|---|---|
| ਪੰਜਾਬ ਸਿੰਘ | - | ਖੱਤ੍ਰੀ | - | - | ਹਰੀ ਰਾਮ | ਯਾਕਸਤਾਨ, ਪੁਣਛ | ਸ਼ਰਧਾਲੂ | ਗੁ.ਹੀਰੇ, |
| ਪਰਸਰਾਮ | - | - | - | ਵੈਰਾਗੀ ਸਾਧੂ | - | - | ਸ਼ਰਧਾਲੂ | ਮ.ਕੋ., |
| ਪਰਮ ਸਿੰਘ | - | - | - | - | ਭਾਈ ਫੂਲ ਬੰਸ ਵਿਚਂ | ਭਾਈਰੂਪਾ | ਸ਼ਰਧਾਲੂ | ਗੁ.ਕੀ., |
| ਪਾਖਰ ਮੱਲ | - | - | - | - | ਚੌਧਰੀ ਲੰਗਾਹ ਦਾ ਪੋਤਰਾ- | ਝਬਾਲ | ਸ਼ਰਧਾਲੂ, ਕਾਤਬ | ਦ.ਰ. |
| ਪਾਤੀ ਰਾਮ | - | - | - | - | - | ਢਾਕਾ | ਸ਼ਰਧਾਲੂ | ਮ.ਕੋ. |
| ਪੀਰ ਆਰਫ਼ਦੀਨ | - | - | - | ਸੂਫ਼ੀ ਫਕੀਰ | - | ਲਖਨੌਰ | ਸ਼ਰਧਾਲੂ, ਮੁਸਲਮਾਨ | ਮ.ਕੋ., |
| ਪੀਰ ਭੀਖਨਸ਼ਾਹ | - | - | - | ਸੂਫ਼ੀ ਸੰਤ | - | ਕੁੜਹਾਮ, ਪਟਿਆਲਾ | ਸ਼ਰਧਾਲੂ, ਮੁਸਲਮਾਨ | ਮ.ਕੋ., |
| ਪ੍ਰਸਾ | - | - | - | - | - | - | ਸ਼ਰਧਾਲੂ | ਹੁ.ਨਾ. |
| ਪ੍ਰਹਿਲਾਦ ਰਾਇ | - | - | - | - | - | - | ਹਜ਼ੂਰੀ ਕਵੀ | ਦ.ਰ. |
| ਪ੍ਰੀਤਮ ਦਾਸ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ. |
| ਪ੍ਰੇਮ ਦਾਸ | - | - | - | - | - | - | ਸ਼ਰਧਾਲੂ | ਗੋ.ਸਾ. |
| ਫਤਿਹ ਸਿੰਘ | - | ਖੱਤ੍ਰੀ | - | - | ਗੁਰੂ ਗੋਬਿੰਦ ਸਿੰਘ | ਅਨੰਦਪੁਰ | ਗੁਰੂ ਪੁੱਤਰ, ਸ਼ਹੀਦ | ਗੁਬਿ., ਮਹਿ.ਪ੍ਰ., |
| ਫੱਤਾ / ਫਤੇ ਚੰਦ | - | - | - | - | - | ਕਨੇਚ ਪਿੰਡ, ਮਾਛੀਵਾੜਾ | ਸ਼ਰਧਾਲੂ, ਮਸੰਦ | ਗੁ.ਕੀ. ਪ੍ਰ.ਪੰ.ਪ੍ਰ., |
| ਫੱਤੂ | - | - | - | ਡੋਗਰ | - | ਮਾਲਵਾ | ਸ਼ਰਧਾਲੂ, ਮੁਸਲਮਾਨ | - |
| ਫਤੇ ਚੰਦ | - | - | - | - | - | - | ਸ਼ਰਧਾਲੂ, ਕਾਤਬ | - |
| ਫਤੇ ਚੰਦ ਮੈਣੀ | - | - | - | ਰਾਜਾ | - | ਪਟਨਾ | ਸ਼ਰਧਾਲੂ | ਪੰ.ਪ੍ਰ. |
| ਫੇਰੂ, ਬਾਬਾ | - | ਝੰਡੋਕ ਖੱਤ੍ਰੀ | - | - | ਗੁਰਦਾਸ ਚੌਧਰੀ | ਹਜ਼ਾਰਾ ਸ਼ਹਿਰ ਰਜੋਈਆ | ਸ਼ਰਧਾਲੂ | ਗੁੱ.ਹੀਰੇ, |
| ਫੇਰੂ, ਭਾਈ | - | ਖੱਤ੍ਰੀ | - | - | - | ਅੰਬਬਾੜੀ | ਸ਼ਰਧਾਲੂ, ਮਸੰਦ | ਮ.ਕੋ., |
| ਬਸੰਤ ਲਤਾ | - | - | - | - | - | - | ਸ਼ਰਧਾਲੂ, ਸ਼ਹੀਦ | ਗੁ.ਸਿ.ਵਾ. |
| ਬਖਸ਼ੀਸ ਸਿੰਘ | - | - | - | ਕਲਾਲ | - | ਪਿੰਡ ਭੈਰੋਵਾਲ, ਤਰਨਤਾਰਨ | ਹਜ਼ੂਰੀ ਸਿੱਖ ਸੈਨਿਕ, ਸ਼ਹੀਦ | ਗੁ.ਪ੍ਰ.ਸੂ., ਮ.ਕੋ., |
| ਬਖਸ਼ੀਸ ਚੰਦ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ., |

| | | | | | | | | |
|---|---|---|---|---|---|---|---|---|
| ਬਖਤ ਮੱਲ | - | - | - | - | - | ਕਾਬੁਲ | ਸ਼ਰਧਾਲੂ ਮਸੰਦ | ਮ.ਕੋ., |
| ਬਚਿੱਤਰ ਸਿੰਘ | ਰਾਜਪੂਤ | - | - | - | ਮਨੀ ਸਿੰਘ | ਅਲੀਪੁਰ ਮੁਲਤਾਨ | ਹਜ਼ੂਰੀ ਸਿੱਖ ਯੋਧਾ, ਸ਼ਹੀਦ | ਗੁਬਿ., ਗੁ.ਕੀ., ਪ੍ਰ.ਪੰ.ਪ੍ਰ., |
| ਬਜਰ ਸਿੰਘ | - | - | - | - | ਰਾਮਾ | ਥਾਨੇਸਰ | ਸ਼ਸਤ੍ਰ ਅਧਿਆਪਕ, ਸ਼ਹੀਦ | ਗੁ.ਕੀ., |
| ਬੱਜਰ ਸਿੰਘ | - | - | - | - | - | ਸੋਧਰਾ | ਸ਼ਰਧਾਲੂ | ਗੁ.ਕੀ. |
| ਬਰਨ ਸਿੰਘ | - | - | - | - | - | ਪਿੰਡ ਫਾਜਲ | ਸੈਨਿਕ ਸਿੱਖ | ਗੁ.ਪ੍ਰ.ਸੂ., ਮ.ਕੋ., |
| ਬ੍ਰਹਮ ਭੱਟ | - | - | - | ਭੱਟ | - | - | ਹਜ਼ੂਰੀ ਕਵੀ | ਦ.ਰ. |
| ਬਾਹੜ ਸਿੰਘ | - | - | - | - | ਸੰਤ ਸਿੰਘ | - | ਸ਼ਰਧਾਲੂ | ਹੁ.ਨਾ. |
| ਬਾਘ ਸਿੰਘ | - | - | - | - | ਰਾਇ ਸਿੰਘ | - | ਹਜ਼ੂਰੀ ਸਿੱਖ, ਸ਼ਹੀਦ | ਗੋ.ਸਾ. |
| ਬਾਜ ਸਿੰਘ | - | - | - | - | - | - | ਸ਼ਰਧਾਲੂ | ਹੁ.ਨਾ. |
| ਬਾਜ ਸਿੰਘ | - | - | - | ਬਲ ਗੋਤ ਦਾ ਜੱਟ | - | ਮੀਰਾਂਪੁਰ ਪੱਟੀ | ਹਜ਼ੂਰੀ ਸਿੱਖ ਜੋਧਾ, ਸ਼ਹੀਦ | ਪ੍ਰ.ਪੰ.ਪ੍ਰ., ਮ.ਕੋ., |
| ਬਾਬੂ ਰਾਇ ਮਹੇਸ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ., |
| ਬਿਸੰਭਰ ਦਾਸ | - | - | - | ਬਾਣੀਆ | - | ਉਜੈਨ | ਸ਼ਰਧਾਲੂ | ਮ.ਕੋ., |
| ਬਿਹਾਰੀ ਲਾਲ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ. |
| ਬਿਨੋਦ ਸਿੰਘ | - | - | - | - | - | - | ਹਜ਼ੂਰੀ ਸਿੱਖ, ਯੋਧਾ | ਪ੍ਰ.ਪੰ.ਪ੍ਰ., ਮ.ਕੋ., |
| ਬਿੰਦਰਾਬਨ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ., |
| ਬ੍ਰਿਜ ਲਾਲ | ਬ੍ਰਾਹਮਣ | - | - | - | - | - | ਹਜ਼ੂਰੀ ਕਵੀ | ਦ.ਰ. |
| ਬ੍ਰਿੰਦ | ਬ੍ਰਾਹਮਣ | - | - | - | - | ਜੋਧਪੁਰ | ਹਜ਼ੂਰੀ ਕਵੀ | ਦ.ਰ. |
| ਬੀਰ ਸਿੰਘ | - | - | - | - | - | - | ਹਜ਼ੂਰੀ, ਸਿੱਖ ਯੋਧਾ | ਮਹਿ.ਪ੍ਰ., |
| ਬੁੱਧੂ | - | - | - | ਦੀਵਾਨਾ ਸਾਧੂ | - | ਮਲੂਕਾ ਪਿੰਡ | ਸ਼ਰਧਾਲੂ | ਗੁ.ਕੀ. |
| ਬੁੱਧੂ ਸ਼ਾਹ | - | - | - | ਮੁਸਲਮਾਨ | - | ਸਢੌਰਾ | ਸ਼ਰਧਾਲੂ | ਗੁ.ਸੋ., ਗੁਬਿ., ਮ.ਕੋ., |
| ਬੁਲਾਕਾ ਸਿੰਘ | - | - | - | - | - | - | ਹਜ਼ੂਰੀ ਲਿਖਾਰੀ | - |
| ਬੁਲਾਕੀ ਸਿੰਘ | - | - | - | - | - | ਮਾਲਵਾ | ਸ਼ਰਧਾਲੂ | ਹੁ.ਨਾ. |
| ਬੁਲਾਕੀ ਦਾਸ | - | - | - | - | - | ਢਾਕਾ | ਸ਼ਰਧਾਲੂ / ਮਸੰਦ | ਹੁ.ਨਾ., |

| | | | | | | | | |
|---|---|---|---|---|---|---|---|---|
| | | | | | | | | ਮਹਿ.ਪ੍ਰ., ਪ੍ਰ.ਪੰ.ਪ੍ਰ., |
| ਬੇਲਾ | - | - | - | ਕਿਸਾਨ | - | - | ਸ਼ਰਧਾਲੂ | ਗੋ.ਸਾ. |
| ਭਗਤਾ | - | - | - | ਬਹਿਲੋ ਬੰਸੀ | - | ਭਗਤਾ, ਫਰੀਦਕੋਟ | ਸ਼ਰਧਾਲੂ | ਮ.ਕੋ. |
| ਭਗਵੰਤ ਸਿੰਘ | ਰਾਜਪੂਤ | - | - | - | ਭਾਈ ਨਠੀਆ | ਦਿੱਲੀ | ਸ਼ਰਧਾਲੂ, ਸ਼ਹੀਦ | ਗੁ.ਕੀ. |
| ਭਗਵਾਨ ਸਿੰਘ | - | - | - | - | ਹਰਿਦਾਸ | ਅਨੰਦਪੁਰ | ਹਜ਼ੂਰੀ ਕਾਰੀਗਰ | ਗੁ.ਕੀ., ਪੰ.ਪ੍ਰ. |
| ਭਾਗ ਸਿੰਘ | - | - | - | - | - | ਮਝੈਲ਼ | ਸ਼ਰਧਾਲੂ, ਸ਼ਹੀਦ | ਗੁ.ਕੀ. |
| ਭਾਗਣ | - | - | - | - | - | ਆਗਰਾ | ਹਜ਼ੂਰੀ ਸਿੱਖਣੀ | ਮ.ਕੋ., |
| ਭਾਗੋ ਮਾਈ | - | - | ਢਿੱਲੋਂ ਜੱਟ | - | - | ਝਬਾਲ, ਅੰਮ੍ਰਿਤਸਰ | ਬਹਾਦਰ ਸਿੰਘਣੀ | ਗੁ.ਕੀ., ਮ.ਕੋ., |
| ਭਿੱਖੀ ਬੀਬੀ | ਰਾਜਪੂਤ | - | - | - | ਬਜਰ ਸਿੰਘ ਦੀ ਪੁੱਤਰੀ ਤੇ ਆਲਮ ਸਿੰਘ ਦੀ ਪੱਤਨੀ | - | ਸ਼ਰਧਾਲੂ, ਸ਼ਹੀਦ | ਗੁ.ਕੀ., |
| ਭੂਪਤ ਸਿੰਘ | - | - | - | - | ਜੇਠਾ | ਮਾਲਵਾ | ਸ਼ਰਧਾਲੂ | ਗੁ.ਕੀ. |
| ਭੋਜਰਾਜ | - | - | - | - | - | - | ਕਵੀ | ਦ.ਰ. |
| ਭੰਡਾਰਾ ਸਿੰਘ | - | - | - | ਬਾਣੀਆ | - | ਸਰਹਿੰਦ | ਹਜ਼ੂਰੀ ਸਿੱਖ | ਮ.ਕੋ., |
| ਮਹਾਂ ਸਿੰਘ | - | - | - | - | ਰਾਇ ਸਿੰਘ | ਅਲੀਪੁਰ ਮੁਲਤਾਨ | ਹਜ਼ੂਰੀ ਸਿੱਖ, ਸ਼ਹੀਦ | ਗੁ.ਕੀ., ਮ.ਕੋ., |
| ਮਹਿਤਾਬ ਸਿੰਘ | - | - | - | ਨਿਝਰ ਗੋਤ | - | ਅਜਨਾਲਾ | ਸ਼ਰਧਾਲੂ | ਗੁ.ਕੀ. |
| ਮਥਰਾ ਸਿੰਘ | - | - | - | - | ਭਾਈ ਦਿਆਲਾ | - | ਹਜ਼ੂਰੀ ਸਿੱਖ, ਸ਼ਹੀਦ | ਗੋ.ਸਾ. |
| ਮਥਰਾ ਸਿੰਘ | - | - | - | - | - | - | ਸ਼ਰਧਾਲੂ | ਗੁ.ਕੀ., |
| ਮਦਨ ਸਿੰਘ | - | - | - | - | - | - | ਹਜ਼ੂਰੀ ਸੈਨਿਕ ਸਿੱਖ, ਸ਼ਹੀਦ | ਗੁ.ਕੀ., |
| ਮਦਨ ਦਾਸ | - | - | - | ਵੈਰਾਗੀ ਸਾਧੂ | - | ਅਨੰਦਪੁਰ | ਸ਼ਰਧਾਲੂ | ਮ.ਕੋ., |
| ਮਦਨ ਦਾਸ | - | - | - | ਯੋਗੀ | - | ਥਾਨੇਸਰ | ਸ਼ਰਧਾਲੂ | ਮ.ਕੋ., |

| | | | | | | | | |
|---|---|---|---|---|---|---|---|---|
| ਮਦਾਰ | - | - | - | ਫ਼ਕੀਰ | - | - | ਸ਼ਰਧਾਲੂ, ਮੁਸਲਮਾਨ | ਗੋ.ਸਾ. |
| ਮੱਦੂ | - | - | - | - | - | - | ਹਜ਼ੂਰੀ, ਢਾਡੀ / ਰਬਾਬੀ | ਦ.ਰ. |
| ਮਨਸਾ ਸਿੰਘ | - | - | - | - | - | ਪੱਕਾ ਪਿੰਡ, ਮਾਲਵਾ | ਸ਼ਰਧਾਲੂ | ਗੁ.ਕੀ. |
| ਮਨੀ ਸਿੰਘ | ਰਾਜਪੂਤ | - | - | - | ਮਾਈਦਾਸ | ਅਲੀਪੁਰ ਮੁਲਤਾਨ | ਬਹਾਦਰ ਯੋਧਾ, ਸ਼ਹੀਦ | ਗੁਬਿ., ਗੁ.ਕੀ., ਮ.ਕੋ., |
| ਮਲਿਆਗਰ ਸਿੰਘ | - | - | - | - | - | - | ਹਜ਼ੂਰੀ, ਸਿੱਖ | ਗੁ.ਕੀ., ਮਾ.ਦੇ.ਸਾ. |
| ਮੱਲਾ / ਮਲ ਸਿੰਘ | - | - | - | ਚੌਧਰੀ ਡੱਲੇ ਦਾ ਭਰਾ | - | ਸਾਬੋ ਕੀ ਤਲਵੰਡੀ | ਸ਼ਰਧਾਲੂ | ਗੁ.ਕੀ. |
| ਮਲੂਕਾ, ਮਹੰਤ | - | - | - | ਦੀਵਾਨਾ ਸਾਧੂ | - | ਮਲੂਕਾ ਪਿੰਡ, ਮਾਲਵਾ | ਸ਼ਰਧਾਲੂ | ਗੁ.ਕੀ. |
| ਮਾਹਰੂ / ਮਾਹਰੀ ਚੰਦ | - | ਖੱਤ੍ਰੀ | - | - | ਸਾਧੂ ਰਾਮ | ਮੱਲਾਂ ਗਾਮ ਬਠਿੰਡਾ | ਰਿਸ਼ਤੇਦਾਰ ਸਿੱਖ, ਭੂਆ ਦਾ ਪੁੱਤਰ, ਸ਼ਹੀਦ | ਬਚਿ.ਨਾ., ਗੁ.ਸੋ., ਗਬਿ., |
| ਮਾਨ ਸਿੰਘ | - | - | - | - | - | - | ਹਜ਼ੂਰੀ ਸਿੱਖ ਨਿਸ਼ਾਨਚੀ, ਸ਼ਹੀਦ | ਗੁ.ਕੀ.,ਮ.ਕੋ. |
| ਮਾਲੀ ਸਿੰਘ | - | - | - | ਭਾਈ ਫੇਰੂ ਦਾ ਪੋਤਾ ਚੇਲਾ | - | ਮਾਲਵਾ | ਸ਼ਰਧਾਲੂ | ਮ.ਕੋ. |
| ਮਿਹਰ ਚੰਦ | - | ਸੁਭਿਖੀ ਖੱਤ੍ਰੀ | - | - | ਲਾਲ ਚੰਦ | ਕਰਤਾਰਪੁਰ | ਰਿਸ਼ਤੇਦਾਰ, ਮਾਮਾ | ਗੁ.ਕੀ. |
| ਮਿਹਰ ਚੰਦ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ. |
| ਮਿਲਖਾ ਸਿੰਘ | - | - | - | - | - | - | ਹਜ਼ੂਰੀ, ਸੈਨਿਕ ਸਿੱਖ | ਗੁ.ਕੀ., |
| ਮੀਹਾਂ ਸਿੰਘ / ਰਾਮਦੇਵ | - | - | - | - | - | ਧਮਧਾਨ | ਸ਼ਰਧਾਲੂ | ਮ.ਕੋ., |
| ਮੀਰ ਸ਼ਾਹ | - | - | - | - | - | - | ਸ਼ਰਧਾਲੂ | ਮਹਿ.ਪ੍ਰ., |
| ਮੀਰ ਛਬੀਲਾ | - | - | - | - | - | - | ਹਜ਼ੂਰੀ ਢਾਢੀ | ਦ.ਰ. |
| ਮੀਰ ਮੁਸ਼ਕੀ | - | - | - | - | - | - | ਹਜ਼ੂਰੀ ਢਾਢੀ | ਦ.ਰ. |
| ਮੁਹਕਮ ਸਿੰਘ | - | - | - | - | - | - | ਸ਼ਰਧਾਲੂ | ਹੁ.ਨਾ. |

| | | | | | | | | |
|---|---|---|---|---|---|---|---|---|
| ਮੁਹਕਮ /ਮੋਹਕਮ ਸਿੰਘ | - | - | - | - | ਤੀਰਥਾ | ਦੁਆਰਕਾ | ਹਜ਼ੂਰੀ ਸਿੱਖ ਪਿਆਰਾ, ਸ਼ਹੀਦ | ਗੁਬਿ., ਪ੍ਰ.ਪੰ.ਪ੍ਰ., |
| ਮੁਖੀਆ | - | - | - | - | - | ਭਾਈਰੂਪਾ | ਸ਼ਰਧਾਲੂ | ਹੁ.ਨਾ. |
| ਮੁਮਤਾਜ਼ | - | - | - | ਪਠਾਣ | ਨਿਹੰਗ ਖ਼ਾਂ | ਕੋਟਲਾ ਨਿਹੰਗ ਖ਼ਾਂ, ਰੋਪੜ | ਸ਼ਰਧਾਲੂ, ਮੁਸਲਮਾਨ | - |
| ਮੂਲ ਚੰਦ | - | - | ਨਿਝਰ ਗੋਤ ਕੰਬੋਅ | - | ਰਘੁਪਤਿ ਰਾਇ | ਖੇਮਕਰਨ | ਹਜ਼ੂਰੀ ਸਿੱਖ, ਸ਼ਹੀਦ | ਗੁ.ਕੀ., |
| ਮੂਲਾ | - | - | - | - | - | - | ਸ਼ਰਧਾਲੂ | ਮਹਿ.ਪ੍ਰ., |
| ਮੇਦਿਨੀ ਪ੍ਰਕਾਸ਼ | - | - | - | ਰਾਜਾ | ਬੁਧਪ੍ਰਕਾਸ਼ | ਨਾਚਲ ਦਾ ਰਾਜਾ | ਸ਼ਰਧਾਲੂ | ਗੁ.ਪ੍ਰ.ਸੂ., ਮ.ਕੋ., |
| ਮੇਮੂਖ਼ਾਨ | - | - | - | ਮੁਗ਼ਲ ਸਰਦਾਰ | - | ਦਿੱਲੀ | ਸ਼ਰਧਾਲੂ, ਮੁਸਲਮਾਨ | ਮ.ਕੋ. |
| ਮੋਹਰ ਸਿੰਘ | - | - | - | - | ਨਾਇਕ ਧੂਮੇ | - | ਹਜ਼ੂਰੀ ਸਿੱਖ, ਸ਼ਹੀਦ | ਗੋ.ਸਾ. |
| ਮੋਤੀ ਰਾਮ, ਮਹਿਰਾ | - | - | - | ਝੀਬਰ (ਮਹਿਰਾ) | - | ਸ਼ਰਹਿੰਦ | ਸ਼ਰਧਾਲੂ, ਸ਼ਹੀਦ | - |
| ਮੰਗਲਰਾਇ | - | - | - | - | - | - | ਹਜ਼ੂਰੀ ਕਵੀ | ਮ.ਕੋ., |
| ਰਹੀਮ ਬਖਸ਼ | - | - | - | ਮੁਸਲਮਾਨ | - | ਨਵਾਬ, ਪਟਨਾ | ਸ਼ਰਧਾਲੂ, ਮੁਸਲਮਾਨ | - |
| ਰਣੀਆ/ ਰਣਜੁੱਧ ਸਿੰਘ | - | - | - | - | - | - | ਹਜ਼ੂਰੀ ਸਿੱਖ | ਗੁ.ਸਿ.ਵ. |
| ਰਤਨ ਚੰਦ | - | - | - | ਰਾਜਾ | - | ਬਸਾਲੀ ਰਿਆਸਤ | ਸ਼ਰਧਾਲੂ | - |
| ਰਤਨ ਰਾਇ | - | - | - | ਰਾਜਾ | ਰਾਮਰਾਇ | ਆਸਾਮ | ਸ਼ਰਧਾਲੂ | ਮ.ਕੋ., |
| ਰਮਦਾਸ ਉਗਸੈਨ | - | - | - | - | - | - | ਸ਼ਰਧਾਲੂ | ਹੁ.ਨਾ. |
| ਰਾਉ | - | - | - | ਕੰਬੋ | - | ਦਿਆਲਪੁਰਾ | ਸ਼ਰਧਾਲੂ | ਮ.ਕੋ. |
| ਰਾਇ ਸਿੰਘ | ਰਾਜਪੂਤ | - | - | - | ਮਾਈਦਾਸ | ਅਲੀਪੁਰ ਮੁਲਤਾਨ | ਹਜ਼ੂਰੀ ਕਵੀ, ਸ਼ਹੀਦ | ਗੁ.ਕੀ., |
| ਰਾਮ ਸਿੰਘ | - | - | - | ਚਮਾਰ ਜਾਤੀ ਵਿਚੋਂ | - | - | ਹਜ਼ੂਰੀ, ਲਿਖਾਰੀ ਸਿੱਖ | - |
| ਰਾਮ ਸਿੰਘ | ਰਾਜਪੂਤ | - | - | - | - | ਗੜ੍ਹਰੌਲੀ, ਚਾਂਦਾ | ਹਜ਼ੂਰੀ, ਸੈਨਿਕ ਯੋਧਾ | ਮ.ਕੋ., |

| | | | | | | | | |
|---|---|---|---|---|---|---|---|---|
| ਰਾਮ ਸਿੰਘ | - | - | - | ਸਿਕਲੀਕਰ | - | - | ਹਜ਼ੂਰੀ ਸਿੱਖ | ਮ.ਕੋ., |
| ਰਾਮ ਸਿੰਘ | - | ਖੱਤ੍ਰੀ | - | - | ਫੂਲ ਚੌਧਰੀ | ਫੂਲ ਬਠਿੰਡਾ | ਸ਼ਰਧਾਲੂ | ਪ੍ਰ.ਪੰ.ਪ੍ਰ., |
| ਰਾਮ ਸਿੰਘ | - | - | - | - | - | ਚੱਕ ਭਾਈਕੇ | ਸ਼ਰਧਾਲੂ | ਹੁ.ਨਾ., |
| ਰਾਮ ਸਿੰਘ | - | - | - | - | - | ਕਸ਼ਮੀਰ | ਹਜ਼ੂਰੀ ਸਿੱਖ ਚੌਰਬਰਦਾਰ,ਸ਼ਹੀਦ | ਗੁ.ਕੀ., |
| ਰਾਮ ਕੁਇਰ / ਗੁਰਬਖਸ਼ ਸਿੰਘ | - | ਸੋਢੀ ਖੱਤ੍ਰੀ | - | - | ਬਾਬਾ ਬੁੱਢਾ ਦੀ ਬੰਸ਼ ਚੋਂ | - | ਹਜ਼ੂਰੀ ਸਿੱਖ | ਗੁ.ਕੀ., ਦ.ਰ., |
| ਰਾਮਦੱਤ | ਬ੍ਰਾਹਮਣ | - | - | - | - | ਕੁਰੁਕਸ਼ੇਤ੍ਰ | ਸ਼ਰਧਾਲੂ | ਮ.ਕੋ., |
| ਰਾਮਰਾਇ / ਰਾਮਦਾਸ | - | - | - | - | - | - | ਹਜ਼ੂਰੀ ਕਵੀ | ਹੁ.ਨਾ., ਦ.ਰ. |
| ਰੂਪ ਸਿੰਘ | ਰਾਜਪੂਤ | - | - | - | ਮਾਈਦਾਸ | ਅਲੀਪੁਰ ਮੁਲਤਾਨ | ਬਹਾਦਰ ਯੋਧਾ, ਸ਼ਹੀਦ | ਗੁ.ਕੀ. |
| ਰੋਸ਼ਨ ਸਿੰਘ | - | - | - | - | - | ਪਟਨਾ | ਹਜ਼ੂਰੀ ਲਿਖਾਰੀ | ਦ.ਰ. |
| ਰੋਚਾ ਸਿੰਘ | ਰਿਸਮ ਜਾਤ ਦਾ ਬ੍ਰਾਹਮਣ | - | - | | ਪੰਜਾਬ ਸਿੰਘ | ਪਿੰਡ ਕੋਸਾਂ, ਜਿਲ੍ਹਾ ਹਜ਼ਾਰਾ | ਸ਼ਰਧਾਲੂ | ਗੁੱ.ਹੀ. |
| ਰੰਗ ਕੰਵਰ/ ਰੰਗ ਕੌਰ | - | - | - | - | - | - | ਸ਼ਰਧਾਲੂ | ਗੁ.ਸਿ.ਵ. |
| ਰੰਗੀ ਸਿੰਘ | - | - | - | - | - | - | ਸ਼ਰਧਾਲੂ | ਮ.ਕੋ. |
| ਲਹਿਣਾ ਸਿੰਘ | - | - | - | - | - | - | ਹਜ਼ੂਰੀ ਸਿੱਖ, ਸ਼ਹੀਦ | ਗੋ.ਸਾ. |
| ਲੱਖਾ ਸਿੰਘ | - | - | - | - | - | - | ਹਜ਼ੂਰੀ ਸਿੱਖ, ਨਿਸ਼ਾਨਚੀ / ਪਹਿਰੇਦਾਰ | ਗੁ.ਕੀ., ਮ.ਕੋ., |
| ਲੱਖਣ ਰਾਇ | - | - | - | - | - | - | ਹਜ਼ੂਰੀ ਕਵੀ | ਦ.ਰ. |
| ਲਖਮੀਰ | - | - | - | - | ਜੋਧਰਾਇ ਦਾ ਪੋਤਾ | ਮਾਲਵਾ | ਸ਼ਰਧਾਲੂ | ਪ੍ਰ.ਪੰ.ਪ੍ਰ., |
| ਲਾਹੌਰਾ ਸਿੰਘ | - | - | - | - | - | - | ਹਜ਼ੂਰੀ ਸਿੱਖ | ਮ.ਕੋ., |
| ਲਾਲ ਸਿੰਘ | - | - | - | - | ਮੱਖਣ ਸ਼ਾਹ ਲੁਬਾਣੇ ਦਾ ਪੁੱਤਰ | ਦਿੱਲੀ | ਸ਼ਰਧਾਲੂ | ਗੁ.ਕੀ. |
| ਲਾਲ ਸਿੰਘ | - | - | - | - | - | ਪੂਰਬ ਦੇਸ਼ / ਪਿਸੌਰੀਆ | ਖ਼ਜ਼ਾਨਚੀ | ਗੁ.ਕੀ., |

| | | | | | | | | |
|---|---|---|---|---|---|---|---|---|
| ਲਾਲ ਸਿੰਘ | - | - | - | - | ਦੌਲਤ ਰਾਮ | ਸਰਸਾ | ਸ਼ਰਧਾਲੂ | ਹੁ.ਨਾ., |
| ਲਾਲ ਸਿੰਘ | - | - | - | ਤਰਖਾਣ | - | ਪਿੰਡ ਲੱਲਾਂ, ਪਟਿਆਲਾ | ਹਜ਼ੂਰੀ ਸਿੱਖ, ਕਾਰੀਗਰ | ਮ.ਕੋ., |
| ਲਾਲ ਚੰਦ | - | - | - | ਅਰੋੜਾ | - | ਬੂੜੀਆ | ਹਜ਼ੂਰੀ, ਸੈਨਿਕ ਸਿੱਖ / ਚਰਵਾਹਾ/ | ਹੁ.ਨਾ., ਮ.ਕੋ., |
| ਲਾਲ ਚੰਦ | - | ਬਹਿਲ ਖੱਤ੍ਰੀ | - | - | - | ਸਰਗੋਧਾ (ਪਾਕਿਸਤਾਨ) | ਸੈਨਿਕ ਸਿੱਖ | ਗੁ.ਸੋ., |
| ਲਾਲ ਚੰਦ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ. |
| ਲਾਲ ਮਨ | - | - | - | - | - | ਢਾਕਾ | ਸ਼ਰਧਾਲੂ | ਹੁ.ਨਾ. |
| ਵਿਦ | - | - | - | - | - | - | ਹਜ਼ੂਰੀ ਕਵੀ | ਗੁ.ਮਹਿ.ਪ੍ਰ. |

# ਪੁਸਤਕ-ਸੂਚੀ


ਪੰਜਾਬੀ :

- ਅਮਰ ਸਿੰਘ, *ਜਨਮਸਾਖੀ: ਗੁਰੂ ਗੋਬਿੰਦ ਸਿੰਘ ਜੀ,* ਸਿੱਖ ਬੁੱਕ ਕੰਪਨੀ, ਅੰਮ੍ਰਿਤਸਰ, 1973.
- ਐਮ.ਜੀ. ਗੁਪਤਾ (ਸੰਪਾ.), *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕ੍ਰਾਂਤੀ ਦੇ ਸੂਤਰਧਾਰ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2000.
- ਇੰਦਰ ਸਿੰਘ ਬੀਰ, *ਗੁਰੂ ਗੋਬਿੰਦ ਸਿੰਘ ਸਮਰਪਣ ਗ੍ਰੰਥ,* ਆਲ ਇੰਡੀਆ ਯੂਥ ਫੈਡਰੇਸ਼ਨ, ਅੰਮ੍ਰਿਤਸਰ, 1967.
- ਇੰਦਰਜੀਤ ਸਿੰਘ ਜੋਧਕਾ, *ਮਹਾਨ ਸ਼ਹੀਦੀ ਪਰਿਵਾਰ - ਭਾਈ ਬਚਿੱਤਰ ਸਿੰਘ ਜੀ,* ਸ਼ਹੀਦ ਭਾਈ ਬਚਿੱਤਰ ਸਿੰਘ ਟਰੱਸਟ, ਕੋਟਲਾ ਨਿਹੰਗ ਖ਼ਾਂ, ਰੋਪੜ, ਅਕਤੂਬਰ 2016.
- ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976.
- ਈਸ਼ਰ ਸਿੰਘ ਨਾਰਾ, *ਸਫਰ ਨਾਮਾਂ ਤੇ ਜਫਰ ਨਾਮਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ,* ਲੇਖਕ ਪ੍ਰਕਾਸ਼ਨ, ਦਿੱਲੀ, 1971.
- ਸਤਿਬੀਰ ਸਿੰਘ, *ਪੁਰਖ ਭਗਵੰਤ: ਜੀਵਨੀ ਗੁਰੂ ਗੋਬਿੰਦ ਸਿੰਘ ਜੀ,* ਨਿਊ ਬੁੱਕ ਕੰਪਨੀ, ਅੰਮ੍ਰਿਤਸਰ, 1973.
- *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਚਾਰ ਭਾਗ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਨਵੰਬਰ 2007.
- *ਸ਼ਬਦਾਰਥ ਸ੍ਰੀ ਦਸਮ ਗ੍ਰੰਥ ਸਾਹਿਬ, ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.*
- ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), *ਪ੍ਰਾਚੀਨ ਜੰਗ-ਨਾਮੇ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਕਤੂਬਰ 1950.
- _____(ਸੰਪਾ.),*ਨੀਸਾਣ ਤੇ ਹੁਕਮਨਾਮੇ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਕਤੂਬਰ 1967.
- _____,*ਮਜ਼੍ਹਬੀ ਸਿੱਖਾਂ ਦਾ ਇਤਿਹਾਸ,* ਪ੍ਰਕਾਸ਼ਕ ਬਾਬਾ ਜੀਵਨ ਸਿੰਘ ਮੈਮੋਰੀਅਲ ਐਂਡ ਰਿਸਰਚ ਟਰੱਸਟ ਲੰਡਨ, ਪਹਿਲੀ ਵਾਰ, ਸਤੰਬਰ 1987.
- ________, *ਸਿੱਖਾਂ ਦੇ ਤਾਰੀਖ਼ੀ ਤਬੱਰੁਕਾਤ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 2015.
- ਸਰਬਜਿੰਦਰ ਸਿੰਘ (ਸੰਪਾ.), *ਸ੍ਰੀ ਗੁਰੂ ਗੋਬਿੰਦ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.

- ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ (ਭਾਗ ਦੂਜਾ)*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.
- ਸ੍ਵਰੂਪ ਸਿੰਘ ਕੋਸ਼ਿਸ਼, *ਕ੍ਰਿਤ ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਗਿਆਨੀ ਗਰਜਾ ਸਿੰਘ, ਕਲਮ ਮੰਦਿਰ ਲੋਯਰ ਮਾਲ, ਪਟਿਆਲਾ, 1986.
- ਸਵਰਨ ਸਿੰਘ ਸ਼ਕਤੀਮਾਨ, *ਕਸ਼ਮੀਰ ਤੇ ਸਿੱਖ*, ਐਕੁਰੇਸੀਆ ਪ੍ਰਿੰਟੋਗਰਾਫਰ, ਪਟਿਆਲਾ, 1995.
- ਸਵਾਮੀ ਰਾਮਤੀਰਥ ਦੰਡੀ ਸਨਿਆਸੀ, *ਸਰਵੋਤਮ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਰਵੋਤਮ ਧਰਮ: ਖ਼ਾਲਸਾ ਪੰਥ*, ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ, ਅੰਮ੍ਰਿਤਸਰ, ਨੌਵੀਂ ਵਾਰ 2008.
- ਸੁਖਦਿਆਲ ਸਿੰਘ, *ਖਾਲਸਾ ਰਾਸ਼ਟਰ ਦੇ ਸਿਰਜਣਹਾਰ ਗੁਰੂ ਗੋਬਿੰਦ ਸਿੰਘ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.
- ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਸੰਪਾ. ਡਾ. ਗੁਰਸ਼ਰਨ ਕੌਰ ਜੱਗੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਦੂਜੀ ਵਾਰ 1989.
- ਸੁਜਾਨ ਰਾਏ ਭੰਡਾਰੀ, *ਖ਼ੁਲਾਸਤੁਤ ਤਵਾਰੀਖ਼*, ਪੰਜਾਬੀ ਯੂਨਵਰਸਿਟੀ, ਪਟਿਆਲਾ, 1972.
- ਸੁਮੇਰ ਸਿੰਘ, ਬਾਬਾ, *ਸ੍ਰੀ ਗੁਰ ਪਦ-ਪ੍ਰੇਮ ਪ੍ਰਕਾਸ਼*, ਸੰਪਾ. ਅੱਛਰ ਸਿੰਘ ਕਾਹਲੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.
- ਸੁਰਿੰਦਰ ਸਿੰਘ ਕੋਹਲੀ, *ਗੁਰੂ ਗੋਬਿੰਦ ਸਿੰਘ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.
- ਸੁਰੈਣ ਸਿੰਘ ਵਿਲਖੂ, *ਭਾਈ ਅੱਡਣ ਸ਼ਾਹ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲੀ ਵਾਰ 1989.
- ਸੂਰਤ ਸਿੰਘ ਭਾਈ, *ਕ੍ਰਿਤ ਸਿੱਖਾਂ ਦੀ ਭਗਤਮਾਲਾ*, ਸੰਪਾ. ਸ.ਸ. ਪਦਮ, ਸਿੰਘ, ਬ੍ਰਦਰਜ਼, ਅੰਮ੍ਰਿਤਸਰ, 2013.
- ਸੇਵਾ ਸਿੰਘ, ਕਵੀ, *ਕ੍ਰਿਤ ਸ਼ਹੀਦ ਬਿਲਾਸ (ਭਾਈ ਮਨੀ ਸਿੰਘ)*, ਸੰਪਾ. ਗਿਆਨੀ ਗਰਜਾ ਸਿੰਘ, ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ, ਦਸੰਬਰ 1961.
- ਸੇਵਾ ਸਿੰਘ ਭਾਈ, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਦਯਾ ਦਰਬਾਰ*, ਖਾਲਸਾ ਸਮਾਚਾਰ, ਅੰਮ੍ਰਿਤਸਰ, ਜਨਵਰੀ 1941.
- _______, *ਬਹਾਦਰ ਸਿੰਘਣੀਆਂ*, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ਸਤੰਬਰ 1998.
- ਸੈਨਾਪਤਿ, *ਸ੍ਰੀ ਗੁਰ ਸੋਭਾ*, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 1967.
- ______, *ਸ੍ਰੀ ਗੁਰ ਸੋਭਾ*, ਸੰਪਾ. ਡਾ. ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

- ਸੋਹਣ ਸਿੰਘ ਸੀਤਲ, *ਸਿੱਖ ਸ਼ਹੀਦ ਤੇ ਯੋਧੇ* (ਪਹਿਲਾ ਭਾਗ), ਸੀਤਲ ਪੁਸਤਕ ਭੰਡਾਰ, ਮਾਡਲ ਗਰਾਮ ਲੁਧਿਆਣਾ, ਜਨਵਰੀ 1976.
- _____, *ਗੁਰੂ ਗੋਬਿੰਦ ਸਿੰਘ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007.
- ਸੰਗਤ ਸਿੰਘ, *ਇਤਿਹਾਸ' ਚ ਸਿੱਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008.
- ਸੰਤਾ ਸਿੰਘ ਤਾਤਲੇ, *ਦਸਮੇਸ਼ ਯਾਤਰਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006.
- ਸੰਤੋਖ ਸਿੰਘ ਭਾਈ, *ਕ੍ਰਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (14-ਭਾਗ),* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989.
- _______,*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ-ਬ੍ਰਿਤਾਂਤ (ਭਾਗ ਤੀਜਾ),* ਸੰਪਾ. ਡਾ. ਕਿਰਪਾਲ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2018.
- ਹਰਜਿੰਦਰ ਸਿੰਘ ਦਿਲਗੀਰ, *ਗੁਰੂ ਦੇ ਸ਼ੇਰ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2001.
- _____, *ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ ਚਾਲ੍ਹੀ ਮੁਕਤੇ,* ਸਿੱਖ ਯੂਨੀਵਰਸਿਟੀ ਪ੍ਰੈਸ, ਬੈਲਜੀਅਮ, ਪਹਿਲੀ ਵਾਰ 2005.
- ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖ਼ਾਲਸਾ,* ਅਸ਼ੋਕ ਬੁੱਕ ਡੀਪੂ, ਗੜ੍ਹਦੀਵਾਲਾ, ਹੁਸ਼ਿਆਰਪੁਰ, 1988.
- ਹਿੰਮਤ ਸਿੰਘ ਸੋਢੀ, *ਗੁਰੂ ਪੰਥ ਤੇ ਭਾਰਤੀ ਪ੍ਰਸੰਗ,* ਲੋਕਗੀਤ ਪ੍ਰਕਾਸ਼ਨ, ਸਰਹਿੰਦ, 1990.
- ਕਨ੍ਹੱਈਆ ਲਾਲ, *ਤਾਰੀਖ਼-ਏ-ਪੰਜਾਬ,* ਅਨੁਵਾਦਕ ਜੀਤ ਸਿੰਘ ਸੀਤਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਨਵਰੀ 1868.
- ਕਪੂਰ ਸਿੰਘ, *ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ,* ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2009.
- ਕਰਮ ਸਿੰਘ ਸੇਵਕ, *ਦਸ਼ਮੇਸ਼ ਦਰਬਾਰ,* ਸੇਵਕ ਸਾਹਿਤ ਭਵਨ, ਦਿੱਲੀ, 1967.
- ਕਰਮ ਸਿੰਘ 'ਹਿਸਟੋਰੀਅਨ', *ਜੀਵਨ ਬ੍ਰਿਤਾਂਤ ਬੰਦਾ ਬਹਾਦਰ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 1982.
- ਕਾਨ੍ਹ ਸਿੰਘ ਨਾਭਾ, ਭਾਈ, *ਗੁਰੁਮਤ ਮਾਰਤੰਡ (ਦੋ ਭਾਗ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ 2005.
- _______, ਸੰਕਲਿਤ, *ਗੁਰੂ ਮਹਿਮਾ ਰਤਨਾਵਲੀ,* ਸੰਪਾ. ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984.

- ਕਿਸ਼ਨ ਚੰਦ, *ਹਮ ਇਹ ਕਾਜ ਜਗਤ ਮੋ ਆਏ, ਸ੍ਰੀ ਗੁਰੂ ਗੋਬਿੰਦ ਸਿੰਘ,* ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, 1999.
- ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ 1986.
- ਕੁਲਵਿੰਦਰ ਸਿੰਘ ਬਾਜਵਾ (ਸੰਪਾ.), *ਮਹਿਮਾ ਪ੍ਰਕਾਸ਼ (ਵਾਰਤਕ),* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.
- ਕੇਹਰ ਸਿੰਘ ਮਠਾਰੂ, *ਕਿਰਤੀ ਸੂਰਮੇਂ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਹੋਏ ਪ੍ਰਮੁੱਖ ਸ਼ਿਲਪਕਾਰਾਂ ਦਾ ਇਤਿਹਾਸ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2008.
- ਗਿਆਨ ਸਿੰਘ ਗਿਆਨੀ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987.
- __________, *ਤਵਾਰੀਖ਼ ਗੁਰੂ ਖ਼ਾਲਸਾ,* (ਦੋ ਭਾਗ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਜਵੀਂ ਵਾਰ 2011.
- ਗੁਰਚਰਨ ਸਿੰਘ ਅਤੇ ਹੋਰ, *ਸੱਯਦ ਬਦਰੁਦੀਨ ਅਲਮਾਰੂਫ ਪੀਰ ਬੁੱਧੂ ਸ਼ਾਹ,* ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1971.
- ਗੁਰਨਾਮ ਸਿੰਘ (ਸੰਪਾ.), *ਗੁਰਮਤਿ ਸੰਗੀਤ : ਵਿਭਿੰਨ ਪਰਿਪੇਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲੀ ਵਾਰ, 1995.
- ________, *ਪੰਜਾਬੀ ਲੋਕ ਸੰਗੀਤ ਵਿਰਾਸਤ (ਭਾਗ ਪਹਿਲਾ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲੀ ਵਾਰ, 2005.
- ਗੁਰਚਰਨ ਸਿੰਘ ਸੇਕ (ਸੰਪਾ.), *ਭਾਈ ਦਰਬਾਰੀ ਦਾਸ ਰਚਿਤ ਪਰਚੀਆਂ ਭਗਤਾਂ ਕੀਆਂ (ਪੋਥੀ ਹਰਿਜਸ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.
- ਗੁਰਬਚਨ ਸਿੰਘ ਨਈਅਰ ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ (ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ-ਚਿੰਨ੍ਹ) ਇਕ ਸਰਵੇਖਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ* 1989.
- ਗੁਰਬਚਨ ਸਿੰਘ ਨਈਅਰ (*ਸੰਪਾ.*), *ਗੁਰ ਰਤਨ ਮਾਲ* : *ਸੌ ਸਾਖੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ* 1995.
- ______, *ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ (1469-1849) ਅਧਿਐਨ ਤੇ ਮੁਲਾਂਕਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ,* 2010.
- *ਗੁਰਮੁਖ ਸਿੰਘ* (*ਸੰਪਾ.*), *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਸਿੰਘ* ਬ੍ਰਦਰਜ਼, ਅੰਮ੍ਰਿਤਸਰ, ਪਹਿਲੀ ਵਾਰ 2010.

- ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ,* ਅਨੁਵਾਦਕ, ਡਾ. ਗੁਰਚਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973.
- ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1964.
- _____ (ਸੰਪਾ.), *ਹੁਕਮਨਾਮੇ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.
- _____, *ਸਿੱਖ ਇਤਿਹਾਸ ਬਾਰੇ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998.
- _______ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ 2000.
- ਗੰਡਾ ਸਿੰਘ, ਬੇਦੀ ਹਰਚੰਦ ਸਿੰਘ (ਸੰਪਾ.), *ਸਿੱਖ ਇਤਿਹਾਸ ਸਰੋਤ ਪੁਸਤਕ (ਮਾਖਿਜ਼ ਤਵਾਰੀਖ਼ ਸਿੱਖਾਂ)*, ਅਨੁਵਾਦਕ ਗੋਪਾਲ ਸਿੰਘ ਢਿੱਲੋਂ, ਖਾਲਸਾ ਕਾਲਜ, ਅੰਮ੍ਰਿਤਸਰ, 2000.
- ਜਸਬੀਰ ਕੌਰ, *ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪਹਿਲੀ ਐਡੀਸ਼ਨ, ਮਾਰਚ 2006.
- ਜੀਤ ਸਿੰਘ ਸੀਤਲ, *ਗੁਰਮਤਿ ਸਾਹਿਤ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਤੀਜਾ ਐਡੀਸ਼ਨ 1989.
- ਜੋਜ਼ਫ਼ ਡੇਵਿਡ ਕਨਿੰਘਮ, *ਸਿੱਖ ਇਤਿਹਾਸ,* ਅਨੁਵਾਦਕ, ਗੁਰਮੁਖ ਸਿੰਘ ਗੁਰਮੁਖ, ਲਾਹੌਰ ਬੁਕ ਸ਼ਾਪ, ਲੁਧਿਆਣਾ, ਤੀਜੀ ਵਾਰ 1985.
- ਠਾਕਰ ਸਿੰਘ ਗਿਆਨੀ, *ਸ਼ਹੀਦ ਬਿਲਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਤਾ ਗੁਜਰੀ ਜੀ ਅਤੇ ਚਾਰੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਕਥਾ,* ਮੇਜਰ ਨੌਨਿਹਾਲ ਸਿੰਘ ਗਿਆਨੀ, ਅੰਮ੍ਰਿਤਸਰ, 1972.
- ____, *ਸ੍ਰੀ ਗੁਰਦੁਆਰੇ ਦਰਸ਼ਨ,* ਭਾ. ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2005.
- ____, *ਗੁਰਧਾਮ ਸੰਗ੍ਰਹਿ,* ਕੇਂਦਰੀ ਸਿੰਘ ਸਭਾ ਅਕੈਡਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ ਸੈਕਟਰ 28, ਚੰਡੀਗੜ੍ਹ, ਮਿਤੀ ਹੀਨ।
- ਤ੍ਰਿਲੋਕ ਸਿੰਘ ਗਿਆਨੀ, *ਜੰਗ ਚਮਕੌਰ,* ਖਾਲਸਾ ਬ੍ਰਦਰਜ਼, ਅੰਮ੍ਰਿਤਸਰ, 1999.
- ਤੇਜਾ ਸਿੰਘ ਪ੍ਰਿੰਸੀਪਲ ਗੰਡਾ ਸਿੰਘ, *ਸਿੱਖ ਇਤਿਹਾਸ (1469-1765),* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ 1989.
- ਤੇਜਾ ਸਿੰਘ ਪ੍ਰਿੰਸੀਪਲ, *ਸਿੱਖ ਸਭਿਆਚਾਰ ਅਤੇ ਹੋਰ ਧਾਰਮਿਕ ਲੇਖ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010.

- ਦਵਿੰਦਰ ਸਿੰਘ ਰਾਜ, *ਗੁਰੂ ਗੋਬਿੰਦ ਦੇ ਜਾਏ*, ਦਵਿੰਦਰ ਸਿੰਘ ਰਾਜ, ਸ਼ਿਮਲਾ, 1977.
- ਦਾਨ ਸਿੰਘ ਕੋਮਲ, *ਮਰਜੀਵੜਾ ਖਾਲਸਾ ਪੰਥ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003.
- ਦੇਵਿੰਦਰ ਸਿੰਘ ਵਿਦਿਆਰਥੀ (ਸੰਪਾ.), *ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983.
- ______, *ਸਿੱਖ ਸੰਗੀਤ ਦਾ ਵਿਕਾਸ*, ਧਰਮ ਪ੍ਰਚਾਰ ਕਮੇਟੀ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ, 1986.
- ______ (ਸੰਪਾ.), *ਪ੍ਰੇਮ ਅੰਬੋਧ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲੀ ਵਾਰ 1989.
- ਦੇਵਿੰਦਰ ਕੁਮਾਰ ਵਰਮਾ, *ਮਾਤਾ ਸਾਹਿਬ ਕੌਰ ਜੀ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1994.
- ਨਰਿੰਜਨ ਸਿੰਘ ਸਾਥੀ, *ਚਰਨ ਚਲਉ ਮਾਰਗ ਗੋਬਿੰਦ (ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰਾਂ ਦਾ ਪ੍ਰਤੀ ਦਿਨ ਇਤਿਹਾਸ)*, ਲਹੌਰ ਬੁੱਕ ਸ਼ਾਪ, ਲੁਧਿਆਣਾ, 2010.
- ਨਰਿੰਜਨ ਸਿੰਘ ਗਿਆਨੀ, ਸਿੰਘ ਸਾਹਿਬ, *ਅਨੋਖਾ ਸ਼ਹੀਦ ਬਾਬਾ ਦੀਪ ਸਿੰਘ ਜੀ*, ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਚਾਟੀਵਿੰਡ ਗੇਟ, ਸ੍ਰੀ ਅੰਮ੍ਰਿਤਸਰ, ਤੀਜੀ ਵਾਰ 1982.
- ਨਿਰੰਜਨ ਆਰਿਫੀ, *ਰੰਘਰੇਟਿਆਂ ਦਾ ਇਤਿਹਾਸ (ਆਦਿ ਕਾਲ ਤੋਂ 1850 ਤਕ) ਭਾਗ ਪਹਿਲਾ*, ਲਿਟਰੇਚਰ ਹਾਊਸ, ਪੁਤਲੀਘਰ, ਅੰਮ੍ਰਿਤਸਰ, 1993.
- ਪਰਮਵੀਰ ਸਿੰਘ, *ਮਾਤਾ ਸੁੰਦਰੀ ਜੀ ਸੰਘਰਸ਼ ਅਤੇ ਸ਼ਖ਼ਸੀਅਤ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012.
- ਪ੍ਰੀਤਮ ਸਿੰਘ ਗਿੱਲ, *ਸ੍ਰੀ ਗੁਰੂ ਗੋਬਿੰਦ ਸਿੰਘ: ਇਕ ਦਾਰਸ਼ਨਿਕ ਅਧਿਐਨ*, ਨਿਊ ਬੁੱਕ ਸ਼ਾਪ, ਜਲੰਧਰ, 1967.
- ਪਿਆਰਾ ਸਿੰਘ ਦਾਤਾ, *ਸਿੱਖ ਸ਼ਹੀਦ*, ਨੈਸ਼ਨਲ ਬੁਕ ਸ਼ਾਪ, ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ, 2004.
- ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ*, ਕਲਮ ਮੰਦਰ, ਪਟਿਆਲਾ, 1976.
- _______(ਸੰਪਾ.), *ਪੰਜਾਬੀ ਵਾਰਾਂ*, ਕਲਮ ਮੰਦਰ, ਪਟਿਆਲਾ, 1980.
- _______, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਹਿਤ ਦਰਬਾਰ*, ਭਾਸ਼ਾ ਵਿਭਾਗ, ਪੰਜਾਬ, ਮਿਤੀਹੀਨ।
- _______, *ਪਰਚੀ ਪਾਤਸ਼ਾਹੀ ਦਸਵੀ ਕੀ*, ਕਲਮ ਮੰਦਰ, ਪਟਿਆਲਾ, 1988.
- _______, *ਗੋਬਿੰਦ ਸਾਗਰ (ਸ੍ਰੀ ਦਸਮੇਸ਼ ਜੀ ਦੀ ਸ਼ਖ਼ਸੀਅਤ ਤੇ ਸਿਖਿਆ ਦਾ ਸਰਬੰਗੀ ਅਧਿਐਨ)*, ਕਲਮ ਮੰਦਰ, ਪਟਿਆਲਾ, 1991.
- _______(ਸੰਪਾ.), *ਆਦਿ ਸਾਖੀਆਂ*, ਲੋਅਰ ਮਾਲ ਪਟਿਆਲਾ, 1996.
- _______(ਸੰਪਾ.), *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.

- _______(ਸੰਪਾ.), *ਜ਼ਫ਼ਰਨਾਮਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998.
- _______(ਸੰਪਾ.), *ਰਹਿਤਨਾਮੇ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006.
- ਫ਼ੌਜਾ ਸਿੰਘ (ਸੰਪਾ.), *ਹੁਕਮਨਾਮੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ (ਪੰਜਾਬੀ-ਹਿੰਦੀ-ਅੰਗਰੇਜ਼ੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲੀ ਵਾਰ* 1976.
- _______(ਸੰਪਾ.), *ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਭਗਵਾਨ ਸਿੰਘ ਗਿ:, *ਗੁਰੂ ਗੋਬਿੰਦ ਸਿੰਘ ਜੀ ਦੇ ਹਮਦਰਦ ਮੁਸਲਮਾਨ*, ਫਕੀਰ ਸਿੰਘ ਐਂਡ ਸ਼ਨਜ਼, ਅੰਮ੍ਰਿਤਸਰ, 1981.
- ਬਲਬੀਰ ਸਿੰਘ, *ਸਬਲ ਸਾਹਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ*, ਜਿਲਦ 67, ਅੰਕ 8-9, ਖਾਲਸਾ ਸਮਾਚਾਰ, ਅੰਮ੍ਰਿਤਸਰ, 1965.
- ਬਲਵੰਤ ਸਿੰਘ ਕੋਠਾ ਗੁਰੂ, ਗਿਆਨੀ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਗਿਆਨੀ ਕੌਰ ਸਿੰਘ ਸਾਹਿਤਯ ਸ਼ਾਸਤ੍ਰੀ, ਕੋਠਾ ਗੁਰੂ, ਬਠਿੰਡਾ, 2007.
- ਬਲਵੰਤ ਸਿੰਘ ਢਿੱਲੋਂ, *ਪ੍ਰਮੁਖ ਸਿਖ ਤੇ ਸਿੱਖ ਪੰਥ (ਗੁਰੂ ਹਰਿਗੋਬਿੰਦ ਸਾਹਿਬ ਕਾਲ),* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.
- ______ (ਸੰਪਾ.), *ਬਾਬਾ ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੂਨ 2011.
- ______, *ਹਕੀਕਤ-ਏ-ਸਿੱਖਾਂ ਸਿੱਖ ਧਰਮ ਦੀ ਸਥਾਪਨਾ ਤੇ ਵਿਕਾਸ ਸੰਬੰਧੀ ਅਠ੍ਹਾਰਵੀਂ ਸਦੀ ਦਾ ਫ਼ਾਰਸੀ ਸਰੋਤ,* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2014.
- ਬ੍ਰਹਮਜਗਦੀਸ਼ ਸਿੰਘ, *ਗੁਰੂ ਗੋਬਿੰਦ ਸਿੰਘ: ਜੀਵਨ ਅਤੇ ਸੰਦੇਸ਼,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1999.
- ਬੁੱਧ ਸਿੰਘ ਗਿਆਨੀ, ਪੁਣਛ, *ਗੁਝੇ ਹੀਰੇ,* ਅਜ਼ਾਦ ਖਾਲਸਾ ਪ੍ਰਦੇਸੀ ਪ੍ਰੈਸ, ਅੰਮ੍ਰਿਤਸਰ, (ਵੈਸਾਖ ਸੰਮਤ 1984), 1927.
- ਮਦਨ ਲਾਲ ਹਸੀਜਾ (ਸੰਪਾ.), *ਗੁਰਮਤਿ ਸਾਹਿਤ : ਬਹੁਪੱਖੀ ਅਧਿਐਨ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2006.
- ਮਾਨ ਸਿੰਘ, *ਦਸ਼ਮੇਸ਼ ਦੇ ਸ਼ੇਰ*, ਨਵੀਂ ਦਿੱਲੀ, ਮਾਨ ਸਰੋਵਰ ਪਬਲੀਕੇਸ਼ਨਜ਼, 1960.
- ਮੇਜਰ ਸਿੰਘ, *ਪੰਜ ਪਿਆਰੇ ਤੇ ਸਿੱਖ ਬੀਬੀਆਂ*, ਵਿਰਸਾ ਸੰਭਾਲ ਪਬਲਿਕੇਸ਼ਨਜ਼, ਲੁਧਿਆਣਾ, 2006.
- ਮੇਵਾ ਸਿੰਘ, *ਚਾਰ ਮੂਏ ਤੋ ਕਿਆ ਭਇਆ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

- ਮੈਕਸ ਆਰਥਰ ਮੈਕਾਲਿਫ਼, *ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ) (ਪੰਜਵੀਂ ਜਿਲਦ)*, ਅਨੁਵਾਦਕ, ਡਾ. ਧਰਮ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ 1997.
- __________, *ਸਿੱਖ ਇਤਿਹਾਸ (ਪਹਿਲਾ-ਦੂਜਾ ਭਾਗ) (ਜੀਵਨ ਬ੍ਰਿਤਾਂਤ ਦੂਜੀ ਪਾਤਸ਼ਾਹੀ ਤੋਂ ਪੰਜਵੀਂ ਪਾਤਸ਼ਾਹੀ ਤਕ)*, ਲਾਹੌਰ ਬੁਕ ਸ਼ਾਪ, ਲੁਧਿਆਣਾ, 2005.
- ਮੁਹੰਮਦ ਲਤੀਫ਼, *ਪੰਜਾਬ ਦਾ ਇਤਿਹਾਸ,* ਅਨੁਵਾਦਕ ਗੁਰਮੁਖ ਸਿੰਘ ਗੁਰਮੁਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1994.
- ਯੋਗੇਂਦਰ ਪਾਲ ਸ਼ਰਮਾ ਅਤੇ ਬਚਿੱਤਰ ਸਿੰਘ, *ਭਾਰਤੀ ਸੰਗੀਤ ਦਾ ਇਤਿਹਾਸ,* ਪੰਜਾਬੀ ਯੂਨਵਰਸਿਟੀ, ਪਟਿਆਲਾ, ਪਹਿਲੀ ਵਾਰ 1988.
- ਰਘਬੀਰ ਸਿੰਘ ਆਨੰਦਪੁਰੀ, *ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਅਤੇ ਧਰਮ ਯੁੱਧ*, ਪਟਿਆਲਾ, 2000.
- ਰਣਧੀਰ ਸਿੰਘ (ਸੰਪਾ.), *ਸਿੱਖ ਇਤਿਹਾਸ ਦੇ ਪ੍ਰਤਖ ਦਰਸ਼ਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1957.
- ________, *ਉਦਾਸੀ ਸਿੱਖਾਂ ਦੀ ਵਿਥਿਆ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1957.
- ________(ਸੰਪਾ.), *ਗੁਰਪ੍ਰਣਾਲੀਆਂ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1977.
- ਰਤਨ ਸਿੰਘ ਜੱਗੀ, *ਭਾਈ ਮਨੀ ਸਿੰਘ ਜੀਵਨੀ ਅਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983.
- ਰਤਨ ਸਿੰਘ ਭੰਗੂ ਕ੍ਰਿਤ, *ਸ੍ਰੀ ਗੁਰ ਪੰਥ ਪ੍ਰਕਾਸ਼,* ਸੰਪਾ. ਡਾ. ਜੀਤ ਸਿੰਘ ਸੀਤਲ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪਹਿਲੀ ਵਾਰ ਸਤੰਬਰ 1984.
- _______, *ਸ੍ਰੀ ਗੁਰ ਪੰਥ ਪ੍ਰਕਾਸ਼,* ਸੰਪਾ. ਡਾ. ਬਲਵੰਤ ਸਿੰਘ ਢਿੱਲੋਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪਹਿਲੀ ਵਾਰ, 2004.
- ਰਾਏਜਸਬੀਰ ਸਿੰਘ, *ਖਾਲਸਾ ਸਿਰਜਣਾ ਤੇ ਦਸਮ ਗ੍ਰੰਥ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1999.
- ______(ਸੰਪਾ.), *ਕੇਸਰ ਸਿੰਘ ਛਿੱਬਰ ਰਚਿਤ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਸੰਪਾਦਨ ਤੇ ਇਤਿਹਾਸਕ ਅਧਿਐਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001.
- ______(ਸੰਪਾ.), *ਗੁਰੂ ਅਮਰਦਾਸ: ਸਰੋਤ ਪੁਸਤਕ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989.

- ਰਾਜਿੰਦਰ ਸਿੰਘ ਆਹਲੂਵਾਲੀਆ, *ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ,* ਗੋਬਿੰਦ ਸਿੰਘ ਫਾਉਂਡੇਸ਼ਨ, ਪਟਿਆਲਾ, 1967.
- ਰਾਜਨ ਪ੍ਰਭਾਕਰ (ਸੰਪਾ.), *ਦਸਮੇਸ਼ ਦਰਸ਼ਨ,* ਨੈਸ਼ਨਲ ਬੁੱਕ ਸ਼ਾਪ, ਦਿੱਲੀ, 1967.
- ਰੂਪ ਸਿੰਘ (ਸੰਪਾ.), *ਦਸਮੇਸ਼ ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ: ਜੀਵਨ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2015.
- ਰੂਪਿੰਦਰ ਕੌਰ ਕਾਹਲੋਂ (ਸੰਪਾ.), *ਮਹਾਕਵੀ ਸੰਤੋਖ ਸਿੰਘ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲੀ ਵਾਰ 1998.
- ਵਿਸਾਖਾ ਸਿੰਘ, *ਮਾਲਵਾ ਇਤਿਹਾਸ, ( ਤਿੰਨ ਭਾਗ),* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਵਾਰ 1998.
- ਵੀਰ ਸਿੰਘ ਬੱਲ ਕ੍ਰਿਤ, *ਸਿੰਘ ਸਾਗਰ,* ਸੰਪਾ. ਡਾ. ਕ੍ਰਿਸ਼ਨਾ ਕੁਮਾਰੀ ਬਾਂਸਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ 1998.
- _______, *ਗੁਰਕੀਰਤ ਪ੍ਰਕਾਸ਼,* ਸੰਪਾ. ਡਾ. ਗੁਰਬਚਨ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.
- ਵੀਰ ਸਿੰਘ ਭਾਈ, *ਗੁਰਸਿੱਖ ਵਾੜੀ,* ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, ਅਕਤੂਬਰ 1959.
- ______, *ਸ੍ਰੀ ਗੁਰੂ ਕਲਗੀਧਰ ਚਮਤਕਾਰ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1965.
- _______ (ਸੰਪਾ.), *ਸਿੱਖਾਂ ਦੀ ਭਗਤਮਾਲਾ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1996.
- _______, *ਦੇਵੀ ਪੂਜਨ ਪੜਤਾਲ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਛੇਵੀਂ ਵਾਰ 2009.

ਹਿੰਦੀ :

- ਸੈਨਾਪਤਿ ਕਵਿ, *ਗੁਰ ਸੋਭਾ* (ਹਿੰਦੀ), ਸੰਪਾ. ਡਾ. ਜੈ ਭਗਵਾਨ ਗੋਇਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਮਿਤੀਹੀਨ।
- ਛਾਨ ਸਿੰਘ ਭਾਈ, ਬਾਦੀਆਂ, *ਗੁਰਮਤਿ ਸ਼ਹੀਦ ਬਾਬਾ ਦੀਪ ਸਿੰਘ ਜੀ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2014.
- ਵਿਜੇਨਿੰਦਰਾ, *ਗੁਰੂ ਗੋਬਿੰਦ ਸਿੰਘ ਕੇ ਦਰਬਾਰੀ ਕਵਿ,* ਸਬਸਤਿਕ ਸਾਹਿਤ ਸਦਨ, ਪਾਂਡਵ ਰੋਡ, ਵਿਸ਼ਵਾਸ ਨਗਰ ਦਿੱਲੀ, 2001.

ਅੰਗਰੇਜ਼ੀ :

- Banerjee, Indubhusan, Evolution of the Khalsa. 4th ed. Calcutta, A. Mukherjee. 1979. 2 vols.
- Dharam Singh, Dynamics of social thought of Guru Gobind Singh. Patiala, Punjabi University. 1998.
- Fauja Singh, ed., Travels of Guru Gobind Singh. Patiala, Punjabi University. 1968.
- Madanjit Kaur, Guru Gobind Singh; historical and ideological perspective. Chandigarh, Unistar. 2007.
- V.S., Suri, Pir Budhu Shah; the saint of Sadhaura. Chandigarh, Guru Gobind Singh Foundation. 1967.


ਖੋਜ-ਪ੍ਰਬੰਧ :


- ਅਮਰਜੀਤ ਸਿੰਘ, *ਰਹਿਤਨਾਮਾ ਸਾਹਿਤ ਦਾ ਅਧਿਐਨ,* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1996.
- ਅਵਤਾਰ ਸਿੰਘ, *ਗੁਰੂ ਸਾਹਿਬਾਨ ਦੇ ਹੁਕਮਨਾਮੇ: ਇਕ ਬਹੁਪੱਖੀ ਅਧਿਐਨ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.
- ਸਰਮਾ ਸੋਭਾ, *ਪੰਜਾਬੀ ਕੇ ਸਾਹਿਤਿਯਾ ਕੋ ਉਦਾਸੀ ਸੰਪ੍ਰਦਾਉਂ ਕੀ ਦੇਣ,* ਹਿੰਦੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1997.
- ਸੀਮਾ, *ਭਾਰਤ ਕੇ ਸੰਸਕ੍ਰਿਤ ਵਿਕਾਸ ਮੇਂ ਸਿੱਖ ਗੁਰੂਓਂ ਕਾ ਯੋਗਦਾਨ,* ਹਿੰਦੀ ਵਿਭਾਗ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1999.
- ਹਰੀ ਸਿੰਘ, *ਭਾਈ ਸੰਤੋਖ ਸਿੰਘ ਦੇ ਰਚੇ ਸਾਹਿਤ ਦਾ ਆਲੋਚਨਾਤਮਕ ਅਧਿਐਨ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.
- ਹਰਦੇਵ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਸੁੱਖਾ ਸਿੰਘ ਦਾ ਧਰਮ ਸ਼ਾਸਤਰੀ ਅਧਿਐਨ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.
- ਹਰਪ੍ਰੀਤ ਕੌਰ, *ਅਠਾਰਵੀਂ ਸਦੀ ਦਾ ਗੌਣ ਸਿੱਖ-ਸ੍ਰੋਤ ਸਾਹਿਤ ਵਿਵਰਣ ਤੇ ਵਿਸ਼ਲੇਸ਼ਣ,* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
- ਗੁਰਚਰਨ ਸਿੰਘ ਸੇਕ, *ਪਰਚੀਆਂ ਭਗਤਾਂ ਦੀਆਂ – ਦਰਬਾਰੀ ਦਾਸ ਕ੍ਰਿਤ : ਵਿਵੇਚਨਾਤਮਿਕ ਅਧਿਐਨ,* ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980.

- ਗੁਰਮੇਲ ਸਿੰਘ, *ਮਧ-ਕਾਲੀਨ ਸਿੱਖ-ਸਾਹਿਤ ਦਾ ਗੁਰਮਤਿ ਦ੍ਰਿਸ਼ਟੀਕੋਣ ਇਕ ਅਧਿਐਨ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.
- ਛੋਲਜਾ, *ਪੰਜਾਬ ਕੇ ਹਿੰਦੀ ਸਾਹਿਤਯਾ ਕੀ ਚਿੰਤਨਧਾਰਾ ਮੇਂ ਪ੍ਰਮੁਖ ਚਿੰਤਕੋਂ ਕਾ ਅਵਦਾਨ,* ਹਿੰਦੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2012.
- ਜਸਬੀਰ ਸਿੰਘ, *ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ ਦਾ ਸਮਾਜਿਕ ਧਾਰਮਿਕ ਅਧਿਐਨ,* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980.
- ਦੇਵੀ ਦਾਸ, *ਭਾਈ ਸੁੱਖਾ ਸਿੰਘ ਔਰ ਭਾਈ ਕੁਇਰ ਸਿੰਘ ਕੇ ਗੁਰਬਿਲਾਸੋਂ ਕਾ ਤੁਲਨਾਤਮਿਕ ਅਧਿਐਨ,* ਹਿੰਦੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980.
- ਮਨਵਿੰਦਰ ਸਿੰਘ, *ਗੁਰ ਬਿਲਾਸ ਪਾਤਸ਼ਾਹੀ ੧੦ (ਕ੍ਰਿਤ ਭਾਈ ਸੁੱਖਾ ਸਿੰਘ ਸੰਪਾਦਨ ਅਤੇ ਪਾਠ-ਆਲੋਚਨਾ),* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993.
- ਮਲਕਿੰਦਰ ਕੌਰ, *ਜਨਮ ਸਾਖੀ ਪਰੰਪਰਾ : ਇਕ ਧਰਮ ਸ਼ਾਸਤ੍ਰੀ ਅਧਿਐਨ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਰਜਿੰਦਰ ਕੌਰ, *ਭਾਈ ਮਨੀ ਸਿੰਘ : ਸਿੱਖ ਧਰਮ ਅਤੇ ਇਤਿਹਾਸ ਵਿਚ ਯੋਗਦਾਨ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
- ਰਜਿੰਦਰ ਕੌਰ, *ਨਿਹੰਗ ਸਿੰਘ ਸੰਸਥਾ ਆਰੰਭ, ਵਿਕਾਸ ਤੇ ਯੋਗਦਾਨ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
- ਵਿਸ਼ਾਲ ਕੁਮਾਰ, *ਗੁਰੂ ਗੋਬਿੰਦ ਸਿੰਘ ਬਾਰੇ ਪ੍ਰਾਪਤ ਮਹਾਂਕਾਵਿ : ਨਾਇਕ ਬਿੰਦ ਅਤੇ ਸ਼ਿਲਪ ਵਿਧਾਨ,* ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2011.
- ਰੁਪਿੰਦਰਜੀਤ ਸਿੰਘ, *ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.


ਖੋਜ-ਨਿਬੰਧ :


- ਸਵਰੀਤ ਕੌਰ, *ਗਿਆਨੀ ਗਿਆਨ ਸਿੰਘ ਰਚਿਤ 'ਸ੍ਰੀ ਗੁਰੂ ਪੰਥ ਪ੍ਰਕਾਸ਼' (ਸੰਪਾਦਕ ਗਿਆਨੀ ਕਿਰਪਾਲ ਸਿੰਘ) ਦਾ ਇੰਡੈਕਸ (ਅਨੁਕ੍ਰਮਣਿਕਾ) : ਵਿਅਕਤੀਆਂ ਦੇ ਨਾਂ,* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2008.
- ਹਰਜੀਤ ਕੌਰ, *'ਮਹਾਨ ਕੋਸ਼ ਵਿਚ ਆਏ ਗੁਰੂ ਸਾਹਿਬਾਨ ਦੇ ਸਿੱਖਾਂ ਦਾ ਜੀਵਨ: ਇੱਕ ਸਰਵੇਖਣ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

- ਕੁਲਵੰਤ ਸਿੰਘ, *ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਇਤਿਹਾਸਿਕ ਸਰਵੇਖਣ,* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2009.
- ਜਤਿੰਦਰ ਕੌਰ, *ਸਰੂਪ ਦਾਸ ਭੱਲਾ ਰਚਿਤ 'ਮਹਿਮਾ ਪ੍ਰਕਾਸ਼' ਦਾ ਇੰਡੈਕਸ (ਅਨੁਕ੍ਰਮਣਿਕਾ) (ਵਿਅਕਤੀਆਂ ਤੇ ਸਥਾਨਾਂ ਦੇ ਨਾਂ),* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2009.
- ਪਰਮਜੀਤ ਸਿੰਘ, *ਸ਼ਹੀਦ ਬਾਬਾ ਦੀਪ ਸਿੰਘ ਜੀਵਨ, ਸਿੱਖ ਪਰੰਪਰਾ ਵਿਚ ਸਥਾਨ ਤੇ ਯੋਗਦਾਨ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.
- ਰੁਪਿੰਦਰਜੀਤ ਸਿੰਘ, *ਭਾਈ ਨੰਦ ਲਾਲ ਦੀਆਂ ਰਚਨਾਵਾਂ ਵਿਚ ਸਿੱਖੀ ਜੀਵਨ-ਜਾਚ,* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2007.
- ਲਖਵਿੰਦਰ ਸਿੰਘ, *ਸਿੱਖ ਰਹਿਤਨਾਮਾ ਸਾਹਿਤ : ਇਕ ਧਰਮ-ਸ਼ਾਸਤ੍ਰੀ ਅਧਿਐਨ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
- ਵਰਿੰਦਜੀਤ ਸਿੰਘ, ਗਿੱਲ, *ਬਚਿਤ੍ਰ ਨਾਟਕ ਦਾ ਇਤਿਹਾਸਕ ਮਹੱਤਵ,* ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.


ਕੋਸ਼ :


- ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਛੇਵੀਂ ਵਾਰ 1999.
- ਕਿਰਪਾਲ ਸਿੰਘ ਗਿਆਨੀ, ਸਿੰਘ ਸਾਹਿਬ, *ਸਮ ਅਰਥ ਕੋਸ਼,* ਭਾਈ ਜੀਵਨ ਸਿੰਘ ਕ੍ਰਿਪਾਲ ਸਿੰਘ ਐਂਡ ਕੋ: ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1969.
- ਜੋਧ ਸਿੰਘ, *ਸਿੱਖ ਧਰਮ ਵਿਸ਼ਵਕੋਸ਼ (ਦੋ ਭਾਗ)*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.
- ਪੂਰਨ ਸਿੰਘ ਗਿੱਲ, *ਸਿੱਖ ਨਾਂਵਾਂ ਦਾ ਕੋਸ਼,* ਕੈਨੇਡੀਅਨ ਸਿੱਖ ਸਟੱਡੀ ਐਂਡ ਟੀਚਿੰਗ ਸੁਸਾਇਟੀ ਪੋਸਟ ਬਾਕਸ 67653, ਸਟੇਸ਼ਨ ੳ, ਵੈਨਕੂਵਰ, ਬੀ.ਸੀ. ਕੈਨੇਡਾ, 1990.
- ਮਹਿਤਾਬ ਸਿੰਘ ਮਾਸਟਰ, *ਨਾਂਵਾਂ ਤੇ ਥਾਂਵਾਂ ਦਾ ਕੋਸ਼,* ਦੀ ਪੰਜਾਬ ਪ੍ਰੈਸ ਲਿਮਟਿਡ ਲਾਹੌਰ, 1933.
- ਮਹਿੰਦਰ ਸਿੰਘ ਰੰਧਾਵਾ, *ਪੰਜਾਬ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਤੀਜੀ ਵਾਰ 2012,
- ਰਛਪਾਲ ਸਿੰਘ ਗਿੱਲ, *ਪੰਜਾਬ ਕੋਸ਼ (ਦੋ ਭਾਗ),* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2004.
- ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼ (ਦੋ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

- Harbans Singh, *The Encyclopaedia of Sikhism*, Vols-1-5, Punjabi University, Patiala, 1996.


ਸੈਮੀਨਾਰ ਪ੍ਰੋਸੀਡਿੰਗਜ਼ :


- *ਬਾਬਾ ਦੀਪ ਸਿੰਘ : ਜੀਵਨ ਤੇ ਯੋਗਦਾਨ, ਰਾਸ਼ਟਰੀ ਸੈਮੀਨਾਰ*, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 29-30 ਜਨਵਰੀ, 2009.
- *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਨਤਾ ਤੇ ਸੰਗੀਤ ਪ੍ਰਬੰਧ*, ਸੈਮੀਨਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2-3 ਸਤੰਬਰ, 2013.


ਸੋਵੀਨਾਰ :


- *੪੦ ਮੁਕਤਿਆਂ ਦੀ ਟੁੱਟੀ ਗੰਢੀ ਦੀ ੩੦੦ ਸਾਲਾ ਯਾਦ ਨੂੰ ਸਮਰਪਿਤ*, ਸੰਪਾ. ਪ੍ਰੋ. ਹਰਬੰਸ ਸਿੰਘ ਬੋਲੀਨਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005.
- *੩੦੦ ਸਾਲਾ ਸਰਹਿੰਦ ਫਤਹਿ ਦਿਵਸ ਨੂੰ ਸਮਰਪਿਤ*, ਸੰਪਾ. ਡਾ. ਬਲਵੰਤ ਸਿੰਘ ਢਿੱਲੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਈ 2010.
- *ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ*, ਸੰਪਾ. ਦਿਲਜੀਤ ਸਿੰਘ ਬੇਦੀ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 2015.


ਜਨਰਲ / ਪਤ੍ਰਿਕਾਵਾਂ / ਰਸਾਲੇ :


- ਖਾਲਸਾ ਸਮਾਚਾਰ, *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਅੰਮ੍ਰਿਤਸਰ, ਨਵੰਬਰ 1950.
- ਖੋਜ ਪਤ੍ਰਿਕਾ, ਅੰਕ 35, *ਬੀਰ-ਕਾਵਿ ਵਿਸ਼ੇਸ਼ ਅੰਕ*, ਸੰਪਾ. ਡਾ. ਅਜਮੇਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1992.
- _______, ਅੰਕ 48, *ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ*, ਸੰਪਾ. ਡਾ. ਅਜਮੇਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਤੰਬਰ 1998.
- ਗੁਰਮਤਿ ਪ੍ਰਕਾਸ਼, *ਸਿੱਖ ਸਖ਼ਸ਼ੀਅਤ ਵਿਸ਼ੇਸ਼-ਅੰਕ*, ਜਿਲਦ 36, ਅੰਕ : 11, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਫਰਵਰੀ 1991.
- _____, *ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਸ਼ੇਸ਼ ਅੰਕ*, ਜਿਲਦ 60, ਅੰਕ : 10, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ 2017.
- ਨਾਨਕ ਪ੍ਰਕਾਸ਼ ਪੱਤ੍ਰਿਕਾ, ਅੰਕ ਦੂਜਾ, ਸੰਪਾ. ਡਾ. ਗੁਰਨਾਮ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2000.

- _______, ਅੰਕ ਪਹਿਲਾ, *ਵਿਸ਼ਵ ਧਰਮ ਗ੍ਰੰਥ, ਸ੍ਰੋਤ ਗ੍ਰੰਥ ਵਿਸ਼ੇਸ਼ ਅੰਕ,* ਸੰਪਾ. ਡਾ. ਸਰਬਜਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2005.
- _______, ਅੰਕ ਦੂਜਾ, *ਧਰਮ ਸੰਪ੍ਰਦਾਇ ਵਿਸ਼ੇਸ਼ ਅੰਕ,* ਸੰਪਾ. ਡਾ. ਸਰਬਜਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2005.
- ਪਰਖ, ਜਿਲਦ 2, *ਕੇਸਰ ਸਿੰਘ ਛਿੱਬਰ ਦਾ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਸੰਪਾ. ਡਾ. ਰਤਨ ਸਿੰਘ ਜੱਗੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.
- ਪੰਜਾਬੀ ਦੁਨੀਆਂ, *ਸ਼ਬਦ ਗੁਰੂ ਵਿਸ਼ੇਸ਼ ਅੰਕ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਜੂਨ-ਅਕਤੂਬਰ 2003.
- *ਪੰਜਾਬੀ ਪੀਡੀਆ,* ਇੰਟਰਨੈਟ ਸਾਈਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਸਾਰ ਤੇ ਸਥਾਪਨਾਵਾਂ

ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਅਤੇ ਬਾਅਦ ਵਿਚ ਇਸ ਦੇ ਨੌਂ ਉਤਰਾਧਿਕਾਰੀਆਂ ਨੇ ਇਸ ਦਾ ਪੂਰਨ ਵਿਕਾਸ ਕੀਤਾ। ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਅਨੇਕਾਂ ਸਿੱਖਾਂ ਨੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਬਹੁਮੁੱਲਾ ਯੋਗਦਾਨ ਪਾਇਆ। ਹੱਥਲੇ ਅਧਿਐਨ ਦਾ ਪ੍ਰਯੋਜਨ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਸੰਬੰਧੀ ਜਾਣਕਾਰੀ ਗ੍ਰਹਿਣ ਕਰਕੇ, ਸਿੱਖ ਪੰਥ ਦੀ ਬਣਤਰ ਤੇ ਸਰੂਪ, ਵਿਭਿੰਨ ਇਲਾਕਿਆਂ ਵਿਚ ਪ੍ਰਚਾਰ ਤੇ ਸੰਗਠਨ ਅਤੇ ਸਿੱਖਾਂ ਦੁਆਰਾ ਸਮਾਜ ਵਿਚ ਪਾਏ ਯੋਗਦਾਨ ਨੂੰ ਖੋਜਣਾ ਸੀ। ਇਸ ਖੋਜ-ਕਾਰਜ ਵਿਚ ਅਸੀਂ ਸਿੱਖ ਇਤਿਹਾਸ ਦੇ ਮੁੱਢਲੇ ਅਤੇ ਗੌਣ ਸ੍ਰੋਤਾਂ ਵਿਚ ਮਿਲਦੇ ਦਸਮ ਪਾਤਸ਼ਾਹ ਦੇ ਪ੍ਰਮੁੱਖ ਸਿੱਖਾਂ ਦੇ ਇੰਦਰਾਜਾਂ ਨੂੰ ਸੰਗਠਿਤ ਕੀਤਾ ਹੈ। ਇਸ ਤੋਂ ਇਲਾਵਾ ਸਿੱਖ ਇਤਿਹਾਸ ਦੇ ਪਰਵਰਤੀ ਸ੍ਰੋਤਾਂ ਵਿਚ ਗੁਰੂ ਸਾਹਿਬ ਦੇ ਪ੍ਰਸਿੱਧ ਸਿੱਖਾਂ ਬਾਰੇ ਮਿਲਦੇ ਹਵਾਲੇ ਉਨ੍ਹਾਂ ਦੀਆਂ ਸਿੱਖ ਪੰਥ ਪ੍ਰਤੀ ਸੇਵਾਵਾਂ ਤੇ ਧਰਮ-ਯੁੱਧਾਂ ਵਿਚ ਕੀਤੀਆਂ ਕੁਰਬਾਨੀਆਂ ਦੇ ਸੰਦਰਭ ਵਿਚ ਵੀ ਉਪਲਬਧ ਹਨ, ਨੂੰ ਇਸ ਵਿਚ ਦਰਜ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮੁੱਖ ਸਿੱਖਾਂ ਦੇ ਜੀਵਨ ਸੰਬੰਧੀ ਅਕਾਦਮਿਕ ਪੱਧਰ ’ਤੇ ਸੰਗਠਿਤ ਰੂਪ ਵਿਚ ਇਹ ਮੁੱਢਲਾ ਖੋਜ-ਕਾਰਜ ਹੈ।

ਹੱਥਲੇ ਖੋਜ-ਪ੍ਰਬੰਧ ਲਈ ਵਰਤੇ ਸਮਕਾਲੀ ਤੇ ਪਰਵਰਤੀ ਸ੍ਰੋਤਾਂ ਦੇ ਅਧਿਐਨ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦੇ ਲਗਪਗ 450 ਪ੍ਰਸਿੱਧ ਸਿੱਖਾਂ ਦੇ ਜੀਵਨ-ਸਮਾਚਾਰਾਂ ਦੀ ਨਿਸ਼ਾਨਦੇਹੀ ਪ੍ਰਾਪਤ ਕਰਨ ਦਾ ਜਤਨ ਕੀਤਾ ਹੈ। ਇਨ੍ਹਾਂ ਵਿਚੋਂ ਕੁਝ ਆਪਣੇ ਕਾਰਨਾਮਿਆਂ ਤੇ ਹਰਮਨ-ਪਿਆਰੀ ਸ਼ਖ਼ਸੀਅਤ ਕਾਰਣ ਸਿੱਖ ਜਗਤ ਵਿਚ ਇਤਨੇ ਪ੍ਰਸਿੱਧ ਹਨ ਕਿ ਉਹ ਕਿਸੇ ਜਾਣ-ਪਹਿਚਾਣ ਦੇ ਮੁਥਾਜ ਨਹੀਂ, ਪਰ ਜਿਨ੍ਹਾਂ ਬਾਰੇ ਪਹਿਲੀ ਵਾਰ ਜਾਣ-ਪਹਿਚਾਣ ਕਰਵਾਈ ਜਾ ਰਹੀ ਹੈ। ਉਹ ਸਿੱਖ ਪੰਥ ਦੇ ਗੁੱਝੇ ਹੀਰੇ ਹਨ, ਜਿਨ੍ਹਾਂ ਨੇ ਸਿੱਖ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ। ਬੇਸ਼ਕ ਅਜਿਹੇ ਸਿੱਖਾਂ ਦੀਆਂ ਸੇਵਾਵਾਂ ਕਿਸੇ ਵੀ ਕਦਰ ਨਿਗੂਣੀਆਂ ਨਹੀਂ ਹਨ ਪਰ ਅਫਸੋਸ ਕਿ ਉਹ ਸਿੱਖ ਇਤਿਹਾਸ ਵਿਚ ਅਣਗੌਲੇ ਤੇ ਗੁੰਮਨਾਮੀ ਦੀ ਸਥਿਤੀ ਵਿਚ ਰਹੇ ਹਨ। ਇਸ ਅਧਿਐਨ ਰਾਹੀਂ ਉਨ੍ਹਾਂ ਦੀ ਸਿੱਖ ਧਰਮ ਨੂੰ ਪ੍ਰਚਾਰਨ, ਪ੍ਰਸਾਰਨ ਤੇ ਸੰਗਠਿਤ ਕਰਨ ਵਿਚ ਭੂਮਿਕਾ ਤੇ

ਕੁਰਬਾਨੀ ਨੂੰ, ਇਤਿਹਾਸ ਦੇ ਖ਼ਾਕੇ ਉਪਰ ਚਿਤਰਨ ਕਰਨ ਦੀ ਨਿਗੂਣੀ ਕੋਸ਼ਿਸ਼ ਕੀਤੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਭਨਾਂ ਪ੍ਰਸਿੱਧ ਸਿੱਖਾਂ ਦੇ ਜੀਵਨ-ਸਮਾਚਾਰਾਂ ਨੂੰ ਪ੍ਰਸਤੁਤ ਕਰਨਾ ਲਗਪਗ ਅਸੰਭਵ ਹੈ। ਅਧਿਐਨ ਵਿਚ ਸ਼ਾਮਿਲ ਸਿੱਖਾਂ ਦੇ ਜੀਵਨ ਦੀ ਸੰਖੇਪ ਜਾਣਕਾਰੀ ਤੋਂ ਉਨ੍ਹਾਂ ਦੀਆਂ ਸਿੱਖ ਪੰਥ ਵਿਚ ਨਿਭਾਈਆਂ ਸੇਵਾਵਾਂ ਦਾ ਥੋੜ੍ਹਾ ਬਹੁਤਾ ਗਿਆਨ ਅਵੱਸ਼ ਹੋ ਜਾਂਦਾ ਹੈ। ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ ਦਸਵੇਂ ਗੁਰੂ ਸਾਹਿਬ ਤੱਕ ਸਿੱਖ ਧਰਮ ਦੀਆਂ ਧਾਰਮਿਕ-ਸਮਾਜਿਕ ਤੇ ਰਾਜਨੀਤਿਕ ਸੰਸਥਾਵਾਂ ਜਿਵੇਂ:- ਮੰਜੀ ਤੇ ਮਸੰਦ ਸੰਸਥਾ (ਸਿੱਖ ਪੰਥ ਦਾ ਪ੍ਰਚਾਰ ਤੇ ਪ੍ਰਸਾਰ, ਦਸਵੰਧ ਇਕੱਠਾ ਕਰਨ ਲਈ ਹੋਂਦ ਵਿਚ ਆਈਆਂ ਸਨ), ਖ਼ਾਲਸਾ ਸਾਜਨਾ ਨਾਲ ਸਿੱਖ ਪੰਥ ਨੂੰ ਨਵਾਂ ਰੂਪ ਪ੍ਰਦਾਨ ਕੀਤਾ ਗਿਆ। ਇਨ੍ਹਾਂ ਸੰਸਥਾਵਾਂ ਉਪਰ ਨਿਯੁਕਤ ਸਿੱਖਾਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਹੁਤ ਸ਼ਲਾਘਾਯੋਗ ਭੂਮਿਕਾ ਨਿਭਾਈ। ਭਾਵੇਂ ਦਸਮ ਗੁਰੂ ਨੂੰ ਇਨ੍ਹਾਂ ਸੰਸਥਾਵਾਂ (ਮਸੰਦ ਸੰਸਥਾ ਦੇ ਮੁਖੀਆਂ ਵਿਚ ਕਮੀਆਂ ਆਉਣ ਕਰਕੇ) ਨੂੰ ਖਤਮ ਵੀ ਕਰਨਾ ਪਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮੁਗ਼ਲ ਸਰਕਾਰ ਨਾਲ ਸੈਨਿਕ ਸੰਘਰਸ਼ ਕਾਰਣ ਕਈ ਵਿਦਵਾਨ ਇਹ ਸਮਝਦੇ ਹਨ ਕਿ ਉਨ੍ਹਾਂ ਦੀ ਅਗਵਾਈ ਹੇਠ ਸਿੱਖ ਧਰਮ ਦੇ ਪ੍ਰਚਾਰ ਦਾ ਕਾਰਜ ਬਿਲਕੁਲ ਠੱਪ ਹੋ ਗਿਆ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਸਿੱਖ ਧਰਮ ਦੇ ਪ੍ਰਸਾਰ ਨੂੰ ਦੇਖਦਿਆਂ ਉਪਰੋਕਤ ਧਾਰਨਾ ਨਿਰਮੂਲ ਜਾਪਦੀ ਹੈ। ਗੁਰੂ ਨਾਨਕ ਸਾਹਿਬ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਨੇ ਉਤਰੀ ਤੇ ਦੱਖਣੀ ਭਾਰਤ ਦੇ ਬਹੁਤ ਦੂਰ ਤੱਕ ਦੇ ਇਲਾਕਿਆਂ ਵਿਚ ਪ੍ਰਚਾਰ ਹਿੱਤ ਦੌਰੇ ਕੀਤੇ। ਜਿਸ ਦਾ ਅੰਦਾਜਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਨੰਦਪੁਰ ਵਿਚ 1699 ਈ. ਦੀ ਵੈਸਾਖੀ ਨੂੰ ਬੁਲਾਏ ਸਿੱਖਾਂ ਦੇ ਇਕੱਠ ਤੋਂ ਵੀ ਲਾਇਆ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਖੇਤਰੀ ਸਿੱਖ ਸੰਗਤਾਂ ਨਾਲ ਚਿੱਠੀ ਪੱਤਰਾਂ (ਹੁਕਮਨਾਮਿਆਂ) ਰਾਹੀਂ ਜੁੜੇ ਹੋਏ ਸਨ। ਦੂਰ-ਦੁਰਾਡੇ ਦੀ ਸੰਗਤ ਨੂੰ ਸਾਲ ਵਿਚ ਦੋ ਵਾਰ (ਵੈਸਾਖੀ ਤੇ ਦੀਵਾਲੀ ਸਮੇਂ) ਬੁਲਾਇਆ ਜਾਂਦਾ ਸੀ। ਗੁਰੂ ਸਾਹਿਬ ਗੁਰੂ ਪੁੱਤਰ ਦੇ ਰੂਪ ਵਿਚ ਪਟਨੇ ਤੋਂ ਅਨੰਦਪੁਰ ਨੂੰ ਆਉਂਦੇ ਹੋਏ ਵੀ ਰਸਤੇ ਵਿਚ ਸਿੱਖ ਸੰਗਤਾਂ ਨਾਲ ਬਚਨ ਬਿਲਾਸ ਕਰਦੇ ਆਏ ਤੇ ਸੰਗਤਾਂ ਗੁਰੂ ਘਰ ਨਾਲ ਜੁੜਦੀਆਂ ਗਈਆਂ। ਅਨੰਦਪੁਰ ਤੋਂ ਯਮੁਨਾਨਗਰ (ਪਾਉਂਟਾ) ਵਿਖੇ ਰਾਜੇ ਦੀ ਬੇਨਤੀ ’ਤੇ ਗਏ। ਉਥੇ ਵੱਖ-ਵੱਖ ਭਾਸ਼ਾਵਾਂ ਦੇ ਬਹੁਤ ਸਾਰੇ ਕਵੀਆਂ ਨੂੰ ਇਕੱਤਰ ਕਰਕੇ ਬੀਰ ਰਸੀ ਸਾਹਿਤ ਦੀ ਰਚਨਾ

ਕਰਵਾਈ। ਪਾਉਂਟੇ ਤੋਂ ਫਿਰ ਅਨੰਦਪੁਰ ਨੂੰ ਜਾਂਦਿਆਂ ਰਸਤੇ ਵਿਚ ਠਹਿਰਾਓ ਦੇ ਸਥਾਨਾਂ ’ਤੇ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰ ਕੇ ਗੁਰੂ ਘਰ ਦੀਆਂ ਸ਼ਰਧਾਲੂ ਬਣੀਆਂ। ਅਨੰਦਪੁਰ ਛੱਡਣ ਤੋਂ ਬਾਅਦ ਜੰਗਾਂ-ਯੁੱਧਾਂ ਵਿਚ ਵਿਚਰਦਿਆਂ ਗੁਰੂ ਸਾਹਿਬ ਨੇ ਰੋਪੜ, ਚਮਕੋਰ, ਮਾਛੀਵਾੜਾ, ਰਾਇਕੋਟ, ਦੀਨਾ ਕਾਂਗੜ, ਕੋਟਕਪੂਰਾ, ਦਮਦਮਾ, ਦਿੱਲੀ ਤੇ ਨਾਂਦੇੜ ਤੱਕ ਬਹੁਤ ਲੰਬਾ ਸਫ਼ਰ ਕੀਤਾ। *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* ਤੋਂ ਇਹ ਸੂਹ ਮਿਲਦੀ ਹੈ ਕਿ ਇਸ ਸਮੇਂ ਦੌਰਾਨ ਗੁਰੂ ਸਾਹਿਬ ਦੇ ਸੰਪਰਕ ਵਿਚ ਬਹੁਤ ਸਾਰੇ ਸਿੱਖ ਆਏ ਜਿਹੜੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ ਤੇ ਗੁਰੂ ਸਾਹਿਬ ਨੂੰ ਭੇਟਾਵਾਂ ਦਿੱਤੀਆਂ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਨ੍ਹਾਂ ਖੇਤਰੀ ਸਿੱਖਾਂ ਨੂੰ ਬਖ਼ਸ਼ਿਸ ਵਜੋਂ ਆਪਣੀਆਂ ਨਿਸ਼ਾਨੀਆਂ ਪ੍ਰਦਾਨ ਕੀਤੀਆਂ। ਮਾਲਵੇ ਦੇ ਕਈ ਪਿੰਡਾਂ ਤੇ ਸ਼ਹਿਰਾਂ ਦੇ ਲੋਕ ਗੁਰੂ ਸਾਹਿਬ ਦੀ ਪ੍ਰੇਰਨਾ ਨਾਲ ਸਿੱਖ ਧਰਮ ਵਿਚ ਪਰਵਰਤਿਤ ਹੋਏ। ਗੁਰੂ ਗੋਬਿੰਦ ਸਿੰਘ ਜੀ ਦੀ ਧਰਮ-ਪ੍ਰਚਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਮਾਲਵਾ ਦੇਸ਼ ਵਿਚ ਇਹ ਸੀ ਕਿ ਅਨੰਦਪੁਰ ਤੋਂ ਬੇਦਾਵਾ ਲਿਖ ਕੇ ਆਏ ਮਝੈਲ ਸਿੱਖਾਂ ਨੇ ਹੋਰ ਮਲਵਈ ਸਿੱਖ ਸਾਥੀਆਂ ਸਮੇਤ ਮੁਕਤਸਰ ਦੀ ਜੰਗ ਵਿਚ ਖ਼ਾਲਸਾ ਫ਼ੌਜ ਵਲੋਂ ਲੜੇ ਤੇ ਸ਼ਹੀਦੀਆਂ ਪ੍ਰਾਪਤ ਕਰਕੇ ਮਾਝੇ ਮਾਲਵੇ ਦੀ ਸਿੱਖੀ ਰੱਖ ਵਿਖਾਈ। ਇਸ ਨਾਲ ਭਵਿੱਖ ਵਿਚ ਸਿੱਖ ਧਰਮ ਲਈ ਧਰਮ-ਯੁੱਧ ਲੜਨ ਮਰਨ ਦਾ ਆਧਾਰ ਕਾਇਮ ਹੋ ਗਿਆ।

ਭਾਵੇਂ ਗੁਰੂ ਗੋਬਿੰਦ ਸਿੰਘ ਜੀ ਤੋਂ ਪੂਰਬ ਸਿੱਖ ਧਰਮ ਪ੍ਰਚਾਰ ਤੇ ਪ੍ਰਸਾਰ ਕਰਦਾ ਹੋਇਆ ਉਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਤੱਕ ਪਹੁੰਚ ਗਿਆ ਸੀ, ਪਰ ਸਿੱਖਾਂ ਦੀ ਪਛਾਣ ਕਰਨੀ ਔਖੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ ਸਿੱਖਾਂ ਨੂੰ ਵਿਲੱਖਣ ਪਛਾਣ ਪ੍ਰਦਾਨ ਕੀਤੀ। ਅਖੀਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਵਿਅਕਤੀਗਤ ਗੁਰੂ ਸਰੂਪ ਤੋਂ ਮੁਕਤ ਕਰਕੇ ਸਦੀਵੀ ਗੁਰੂ, ਸਬਦ ਗੁਰੂ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਦੇ ਸਪੁਰਦ ਕਰ ਦਿੱਤਾ।

**ਸਥਾਪਨਾਵਾਂ :-**

ਇਸ ਅਧਿਐਨ ਰਾਹੀਂ ਇਹ ਗੱਲ ਸਾਹਮਣੇ ਲਿਆਂਦੀ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰਕ ਮੈਂਬਰ, ਹਜ਼ੂਰੀ ਤੇ ਸ਼ਰਧਾਲੂ ਸਿੱਖ, ਹਜ਼ੂਰੀ ਤੇ ਸ਼ਰਧਾਲੂ ਕਵੀ ਅਤੇ ਮੁਗ਼ਲ ਯੋਧਿਆਂ ਨੇ ਜੰਗਾਂ-ਯੁੱਧਾਂ,

ਧਾਰਮਿਕ, ਸਮਾਜਿਕ ਅਤੇ ਸਾਹਿਤਕ ਕਾਰਜਾਂ ਵਿਚ ਗੁਰੂ ਸਾਹਿਬ ਨੂੰ ਭਰਪੂਰ ਸਹਿਯੋਗ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਨੁਮਾਈ ਵਿਚ ਬਹੁਤ ਸਾਰੇ ਸਿੱਖਾਂ ਨੇ ਧਰਮ-ਯੁੱਧ ਲੜਨ, ਸਿੱਖ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਤੋਂ ਇਲਾਵਾ ਸਰਬ ਕਲਿਆਣ ਹਿਤ ਸਮਾਜ ਵਿਚ ਆਪਣਾ ਬਹੁਪੱਖੀ ਯੋਗਦਾਨ ਪਾਇਆ। ਇਨ੍ਹਾਂ ਯੁੱਧਾਂ ਅਤੇ ਹੋਰ ਕਾਰਜਾਂ ਦੀ ਤਿਆਰੀ ਲਈ ਗੁਰੂ ਸਾਹਿਬ ਨੇ ਸਥਾਨਿਕ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ ਤੁਸੀਂ ਕਾਰ ਭੇਟਾ ਤੋਂ ਇਲਾਵਾ ਸ਼ਸਤ੍ਰ, ਘੋੜੇ ਤੇ ਚੰਗੇ ਨੌਜੁਆਨ ਨਾਲ ਲੈ ਕੇ ਆਉਣਾ। ਸਿੱਖ ਸੰਗਤਾਂ ਨੇ ਗੁਰੂ ਸਾਹਿਬ ਦੇ ਹੁਕਮਨਾਮਿਆਂ ਨੂੰ ਸੁਣਦਿਆਂ ਤੇ ਵੇਖਦਿਆਂ ਅਨੰਦਪੁਰ ਨੂੰ ਵਹੀਰਾਂ ਘੱਤ ਦਿੱਤੀਆਂ ਸਨ। ਗੁਰੂ ਸਾਹਿਬ ਦੀ ਸ਼ਖ਼ਸੀਅਤ ਤੇ ਸੰਦੇਸ਼ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਭਾਰਤੀ ਵਿਅਕਤੀਆਂ ਤੋਂ ਇਲਾਵਾ ਮੁਸਲਮਾਨ ਫ਼ਕੀਰ ਅਤੇ ਯੁੱਧਾਂ ਵਿਚ ਦੁਸ਼ਮਣ ਵਲੋਂ ਲੜਨ ਆਏ ਕਈ ਮੁਗ਼ਲ ਯੋਧੇ ਵੀ ਸਿੱਖ ਪੰਥ ਵਿਚ ਸ਼ਾਮਿਲ ਹੋ ਗਏ ਸਨ। ਜਿਵੇਂ :– ਕਾਜ਼ੀ ਸਲਾਰੂਦੀਨ, ਪੀਰ ਆਰਫ਼ ਦੀਨ (ਮੁਸਲਮਾਨ ਫ਼ਕੀਰ), ਪੀਰ ਭੀਖਨ ਸ਼ਾਹ (ਸੂਫ਼ੀ ਸੰਤ), ਸੈਦਖ਼ਾਨ (ਮੁਗ਼ਲ ਯੋਧਾ), ਸੈਦਾਬੇਗ (ਮੁਗ਼ਲ ਯੋਧਾ), ਮੈਮੂਖ਼ਾਨ (ਮੁਗ਼ਲ ਜਰਨੈਲ) ਆਦਿ। ਕਈ ਸਿੱਖ ਪੁਸ਼ਤ-ਦਰ-ਪੁਸ਼ਤ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਸਰਗਰਮ ਰਹੇ ਸਨ। ਅਜਿਹੇ ਸਿੱਖਾਂ ਵਿਚ ਭਾਈ ਉਦੇ ਸਿੰਘ, ਅਜਬ ਸਿੰਘ, ਅਨਕ ਸਿੰਘ, ਅਮੋਲਕ ਸਿੰਘ, ਆਲਮ ਸਿੰਘ ਤੇ ਭਾਈ ਮਨੀ ਸਿੰਘ ਆਦਿ ਪਿਉ ਤੇ ਪੁੱਤਰ ਦੀਆਂ ਮਿਸਾਲਾਂ ਹਨ। ਇਹ ਦਸਮ ਪਾਤਸ਼ਾਹ ਸਮੇਂ ਗੁਰੂ ਦਰਬਾਰ ਵਿਚ ਅਤੇ ਜੰਗਾਂ-ਯੁੱਧਾਂ ਵਿਚ ਤਤਪਰ ਰਹੇ ਸਨ। ਕਸ਼ਮੀਰ ਵਿਚੋਂ ਭਾਈ ਰੋਚਾ ਸਿੰਘ ਵਰਗੇ ਸਿੱਖਾਂ ਦਾ ਗੁਰੂ ਸਾਹਿਬ ਨਾਲ ਸੰਬੰਧ ਬਾਬਾ ਪੰਜਾਬ ਸਿੰਘ ਦੇ ਉਤਸ਼ਾਹ ਤੇ ਪ੍ਰੇਰਣਾ ਨਾਲ ਸਥਾਪਿਤ ਹੋਇਆ। ਇਨ੍ਹਾਂ ਨੇ ਮਾਲਵੇ ਵਿਚ ਆ ਕੇ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਅਤੇ ਗੁਰੂ ਸਾਹਿਬ ਦੇ ਹੁਕਮ ਨਾਲ ਕਸ਼ਮੀਰ ਦੇ ਇਲਾਕੇ ਵਿਚ ਜਾ ਕੇ ਸਿੱਖ ਪੰਥ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੇ ਪ੍ਰਚਾਰ ਲਈ ਪੰਜ ਸਿੱਖ ਨਿਰਮਲੇ ਭੇਖ (ਪਹਿਰਾਵੇ) ਵਿਚ ਬਨਾਰਸ ਵਿਖੇ ਸੰਸਕ੍ਰਿਤ ਸਿੱਖਣ ਲਈ ਭੇਜੇ ਸਨ। ਬਾਅਦ ਵਿਚ ਇਨ੍ਹਾਂ ਨੇ ਵੀ ਨਿਰਮਲੇ ਭੇਖ ਵਿਚ ਸਿੱਖ ਪੰਥ ਦਾ ਪ੍ਰਚਾਰ ਕੀਤਾ। ਗੁਰੂ ਸਾਹਿਬ ਦੇ ਪਰਿਵਾਰਿਕ ਵਿਰਸੇ ਰਾਹੀਂ ਵੀ ਕੁਝ ਸਿੱਖ ਗੁਰੂ ਗੋਬਿੰਦ ਸਿੰਘ ਦੇ ਸੰਪਰਕ ਵਿਚ ਆਏ। ਇਸ ਨਾਲ ਸਿੱਖ ਧਰਮ ਨੂੰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੰਚਾਰਨ ਵਿਚ ਬੜੀ ਸਹਾਇਤਾ ਮਿਲੀ।

ਸਿੱਖ ਘਰਾਣਿਆਂ ਵਿਚ ਪੈਦਾ ਹੋਈਆਂ ਲੜਕੀਆਂ ਨੇ ਵੀ ਆਪਣੇ ਸਹੁਰੇ ਪਰਿਵਾਰਾਂ ਵਿਚ ਜਾ ਕੇ ਆਪਣੇ ਪਤੀਆਂ ਨੂੰ ਸਿੱਖ ਧਰਮ ਵਿਚ ਪਰਵਰਤਿਤ ਹੋਣ ਲਈ ਪ੍ਰੇਰਿਆ। ਅਜਿਹੀਆਂ ਉਦਾਹਰਣਾਂ ਵਿਚ ਭਾਈ ਨੰਦ ਲਾਲ ਦੀ ਪਤਨੀ ਦਾ ਉਲੇਖ ਕੀਤਾ ਜਾ ਸਕਦਾ ਹੈ। ਪਰਿਵਾਰ ਵਿਚੋਂ ਜੇਕਰ ਇਕ ਮੈਂਬਰ ਸਿੱਖ ਪੰਥ ਵਿਚ ਸ਼ਾਮਿਲ ਹੋ ਜਾਂਦਾ ਸੀ ਤਾਂ ਉਹ ਦੂਸਰੇ ਮੈਂਬਰਾਂ (ਭਰਾਵਾਂ ਜਾਂ ਰਿਸ਼ਤੇਦਾਰਾਂ) ਲਈ ਪ੍ਰੇਰਨਾ ਸ੍ਰੋਤ ਦਾ ਕੰਮ ਕਰਦਾ ਸੀ। ਅਜਿਹੇ ਸਿੱਖਾਂ ਵਿਚ ਭਾਈ ਰੂਪ ਚੰਦ (ਛੇਵੇਂ ਪਾਤਸ਼ਾਹ ਦਾ ਸਿੱਖ) ਦੇ ਪੁੱਤਰ ਧਰਮ ਸਿੰਘ ਤੇ ਪਰਮ ਸਿੰਘ, ਬਾਬੇ ਫੂਲ ਦੇ ਪੁੱਤਰ ਭਾਈ ਤਿਲੋਕਾ ਤੇ ਰਾਮਾ, ਸੱਦੂ ਤੇ ਮੱਦੂ, ਦਰਬਾਰੀ ਤੇ ਘਰਬਾਰੀ, ਭਾਈ ਮਨੀ ਸਿੰਘ ਦਾ ਸਹੁਰਾ ਲੱਖੀ ਸ਼ਾਹ ਵਣਜਾਰਾ, ਕੋਟਲਾ ਨਿਹੰਗ ਖ਼ਾਂ ਦਾ ਕੁੜਮ ਰਾਇਕੱਲ੍ਹਾ ਅਤੇ ਇਨ੍ਹਾਂ ਦੇ ਰਿਸ਼ਤੇਦਾਰ ਗਨੀ ਖ਼ਾਂ ਨਬੀ ਖ਼ਾਂ ਦੋ ਭਰਾਵਾਂ ਦੀ ਜੋੜੀ ਅਤੇ ਰਿਸ਼ਤੇਦਾਰੀ ਦੀ ਨੁਮਾਇੰਦਗੀ ਕਰਨ ਵਾਲੇ ਸਨ। ਕਈ ਕਵੀ ਜਨ ਗੁਰੂ ਸਾਹਿਬ ਦੀ ਸਾਹਿਤ ਚੇਤਨਾ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣੇ। ਜਿਵੇਂ :– ਅੰਮ੍ਰਿਤਰਾਇ, ਆਲਮ, ਸੁਖਦੇਵ, ਚੰਦਨ, ਨੰਦ ਰਾਮ ਆਦਿ।

ਉਪਰੋਕਤ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਿੱਖਾਂ ਦੇ ਜੀਵਨ-ਸਮਾਚਾਰਾਂ ਦੀ ਜਾਣਕਾਰੀ ਸਾਂਝੀ ਕਰਦਿਆਂ ਇਹ ਤੱਥ ਵੀ ਬੜੇ ਸਪਸ਼ਟ ਰੂਪ ਵਿਚ ਸਾਹਮਣੇ ਆਏ ਹਨ ਕਿ ਗੁਰੂ ਸਾਹਿਬ ਦੇ ਸਮੇਂ ਸਿੱਖ ਧਰਮ ਵਿਚ ਸ਼ਾਮਿਲ ਹੋਣ ਵਾਲੇ ਸਿੱਖ ਵੱਖ-ਵੱਖ ਇਲਾਕਿਆਂ ਦੇ, ਜਾਤਾਂ ਦੇ, ਧਰਮਾਂ ਦੇ ਸਨ, ਖਾਸ ਕਰਕੇ ਸਿੱਖ ਧਰਮ ਵਿਚ ਸ਼ਾਮਿਲ ਹੋਣ ਵਾਲੇ ਬਹੁ ਗਿਣਤੀ ਵਿਚ ਉਹ ਸਿੱਖ ਸਨ, ਜਿਹੜੇ ਅਖੌਤੀ ਨੀਚ ਜਾਤੀਆਂ ਵਿਚੋਂ ਵੀ ਸਨ ਜਿਵੇਂ:- ਭਾਈ ਜੈਤਾ ਜੀ, ਰੰਘਰੇਟਾ (ਮਜ਼ਬੀ) ਅੰਮ੍ਰਿਤ ਛਕ ਕੇ ਸਿੰਘ ਸਜਿਆ ਤੇ ਬਾਬਾ ਜੀਵਨ ਸਿੰਘ ਕਹਿਲਾਇਆ। ਮਦਨ ਸਿੰਘ ਚਮਾਰ ਜਾਤੀ ਨਾਲ ਸੰਬੰਧਿਤ ਸੀ, ਜੋ ਅੰਮ੍ਰਿਤ ਛਕ ਕੇ ਸਿੰਘ ਸਜਿਆ। ਰਾਮ ਸਿੰਘ ਜਾਤ ਦਾ ਸਿਕਲੀਗਰ, ਅੰਮ੍ਰਿਤ ਛਕ ਕੇ ਸਿੰਘ ਸਜਿਆ।

**ਦੂਰ-ਦੁਰਾਡੇ ਦੇ ਇਲਾਕੇ ਵਿਚੋਂ ਬਣੇ ਸਿੱਖ** :- ਕਵੀ ਅੰਮ੍ਰਿਤਰਾਇ, ਲਹੌਰ ਨਿਵਾਸੀ; ਅਨੂਪ ਰਾਇ, ਢਾਕੇ ਦਾ ਵਸਨੀਕ; ਕਵੀ ਧਰਮ ਸਿੰਘ, ਜਿਹੜਾ ਮੁਜ਼ੱਫਰਗੜ੍ਹ ਜਿਲ੍ਹੇ ਦਾ ਰਹਿਣ ਵਾਲਾ ਸੀ; ਗਿਰਿਧਰ ਲਾਲ, ਆਗਰਾ ਨਿਵਾਸੀ; ਭਾਈ ਨੰਦ ਲਾਲ, ਆਗਰਾ ਨਿਵਾਸੀ; ਪੰਜਾਬ ਸਿੰਘ (ਬਾਬਾ) ਪੁਣਛ ਦੇ ਇਲਾਕੇ ਦਾ ਵਸਨੀਕ ਸੀ;

ਬਾਬਾ ਫੇਰੂ, ਪੁਣਛ ਦੇ ਇਲਾਕੇ ਦਾ ਵਸਨੀਕ; ਰੋਚਾ ਸਿੰਘ, ਕਸ਼ਮੀਰ ਦਾ ਵਸਨੀਕ ਸੀ; ਲਾਡੋ, ਦਾਈ, ਪਟਨਾ ਨਿਵਾਸੀ; ਬਿਸੰਭਰਦਾਸ, ਉਜੈਨ ਦਾ ਨਿਵਾਸੀ; ਲਾਲ ਸਿੰਘ, ਪੂਰਬ ਦੇਸ਼ ਦਾ ਨਿਵਾਸੀ।

**ਜੰਗਾਂ-ਯੁੱਧਾਂ ਸਮੇਂ ਗੁਰੂ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਬਣੇ ਸਿੱਖ** :- ਸੈਦਖ਼ਾਨ, ਸੈਦਾਵੇਗ, ਸੈਫ਼ਖ਼ਾਨ ਆਦਿ। ਇਨ੍ਹਾਂ ਉਪਰੋਕਤ ਵੱਖ-ਵੱਖ ਧਰਮਾਂ, ਜਾਤਾਂ ਅਤੇ ਇਲਾਕਿਆਂ ਦੇ ਵਿਅਕਤੀਆਂ ਨੇ ਸਿੱਖ ਧਰਮ ਵਿਚ ਪ੍ਰਵੇਸ਼ ਹੋ ਕੇ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਤੋਂ ਇਲਾਵਾ ਸਮਾਜ ਵਿਚ ਆਪਣਾ ਬਹੁਪੱਖੀ ਯੋਗਦਾਨ ਵੀ ਪਾਇਆ। ਅਸੀਂ ਇਸ ਖੋਜ-ਕਾਰਜ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਦੇ ਜੀਵਨ-ਸਮਾਚਾਰਾਂ ਨੂੰ ਸੰਗਠਿਤ ਕਰਨ ਦਾ ਨਿਗੂਣਾ ਜਤਨ ਕੀਤਾ ਹੈ।

# ਸੰਖੇਪ – ਚਿੰਨ੍ਹ

| | |
|---|---|
| ਸ਼ਹੀਦ ਬਿਲਾਸ | ਸ਼.ਬਿ. |
| ਸ੍ਰੀ ਗੁਰ ਸੋਭਾ | ਗੁ.ਸੋ. |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ | ਦ.ਰ. |
| ਸ੍ਰੀ ਗੁਰ ਪੰਥ ਪ੍ਰਕਾਸ਼ (ਪ੍ਰਾਚੀਨ) | ਪ੍ਰ.ਪੰ.ਪ੍ਰ. |
| ਸ੍ਰੀ ਗੁਰ ਪੰਥ ਪ੍ਰਕਾਸ਼ | ਪੰ.ਪ੍ਰ. |
| ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ | ਗੁ.ਪ੍ਰ.ਸੂ. |
| ਹੁਕਮਨਾਮੇ | ਹੁ.ਨਾ. |
| ਗੁੱਝੇ ਹੀਰੇ | ਗੁ.ਹੀ. |
| ਗੁਰਸਿੱਖ ਵਾੜੀ | ਗੁ.ਸਿ.ਵ. |
| ਗੁਰੂ ਕੀਆਂ ਸਾਖੀਆਂ | ਗੁ.ਕੀ.ਸਾ. |
| ਗੁਰੁਸ਼ਬਦ ਰਤਨਾਕਰ ਮਹਾਨ ਕੋਸ਼। | ਮ.ਕੋ. |
| ਗੁਰਬਿਲਾਸ ਪਾਤਸ਼ਾਹੀ ੧੦ (ਕੁਇਰ ਸਿੰਘ ਅਤੇ ਸੁੱਖਾ ਸਿਘ) | ਗੁ.ਬਿ. |
| ਗੋਬਿੰਦ ਸਾਗਰ | ਗੋ.ਸਾ. |
| ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ | ਬੰ.ਨਾ. |
| ਬਚਿਤ੍ਰ ਨਾਟਕ | ਬਚਿ.ਨਾ. |
| ਮਹਿਮਾ ਪ੍ਰਕਾਸ਼ | ਮਹਿ.ਪ੍ਰ. |
| ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ | ਮਾ.ਦੇ.ਸਾ. |

## ਪ੍ਰਕਾਸ਼ਨਾਵਾਂ ਦੀ ਸੂਚੀ

- ‘ਬਾਬਾ ਬੰਦਾ ਸਿੰਘ ਬਹਾਦਰ’, *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ 2016, ਸੰਪਾ. ਡਾ. ਸਰਬਜਿੰਦਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।
- ‘ਸ਼ਬਦਾਰਥ ਸ੍ਰੀ ਦਸਮ ਗ੍ਰੰਥ’, ਪੁਸਤਕ ਰਿਵਿਊ, *ਡਾ. ਤਾਰਨ ਸਿੰਘ ਸਿਮ੍ਰਤੀ ਗ੍ਰੰਥ*, ਸੰਪਾ. ਡਾ. ਮਲਕਿੰਦਰ ਕੌਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016.
- ‘ਖਾਲਸੇ ਦਾ ਸਰੂਪ ਤੇ ਮਹੱਤਵ’, *ਗੁਰਮਤਿ ਪ੍ਰਕਾਸ਼*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016.
- ‘ਕਲਮ ਅਤੇ ਕ੍ਰਿਪਾਨ ਦੇ ਸਮੇਲ ਦੀ ਧਰਤੀ: ਸ੍ਰੀ ਅਨੰਦਪੁਰ ਸਾਹਿਬ’, *ਸ੍ਰੀ ਅਨੰਦਪੁਰ ਸਾਹਿਬ ਦਾ ਬਹੁਪੱਖੀ ਦਰਸ਼ਨ*, ਸੰਪਾ. ਦਿਲਜੀਤ ਸਿੰਘ ਬੇਦੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016.
- ‘ਗੁਰੂ ਨਾਨਕ ਸਾਹਿਬ ਦੀ ਸਰਵਕਲਿਆਣਕਾਰੀ ਪ੍ਰਤਿਭਾ’, *ਨਮਸਕਾਰ ਗੁਰਦੇਵ ਕੋ*, ਮੁੱਖ ਸੰਪਾ. ਦਿਲਜੀਤ ਸਿੰਘ ਬੇਦੀ, ਸੰਪਾ. ਰਾਜਵਿੰਦਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016.

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲ : ਪ੍ਰਮੁੱਖ ਸਿੱਖ ਤੇ ਸਿੱਖ ਪੰਥ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ

ਪੀਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

**ਨਿਗਰਾਨ**

ਡਾ. ਮਲਕਿੰਦਰ ਕੌਰ

ਪ੍ਰੋਫ਼ੈਸਰ

**ਖੋਜਾਰਥੀ**

ਰਾਜਵਿੰਦਰ ਸਿੰਘ

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**2019**

# ਸਾਰ ਤੇ ਸਥਾਪਨਾਵਾਂ

ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਅਤੇ ਬਾਅਦ ਵਿਚ ਇਸ ਦੇ ਨੌਂ ਉਤਰਾਧਿਕਾਰੀਆਂ ਨੇ ਇਸ ਦਾ ਪੂਰਨ ਵਿਕਾਸ ਕੀਤਾ। ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਅਨੇਕਾਂ ਸਿੱਖਾਂ ਨੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਬਹੁਮੁੱਲਾ ਯੋਗਦਾਨ ਪਾਇਆ। ਹੱਥਲੇ ਅਧਿਐਨ ਦਾ ਪ੍ਰਯੋਜਨ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਸੰਬੰਧੀ ਜਾਣਕਾਰੀ ਗ੍ਰਹਿਣ ਕਰਕੇ, ਸਿੱਖ ਪੰਥ ਦੀ ਬਣਤਰ ਤੇ ਸਰੂਪ, ਵਿਭਿੰਨ ਇਲਾਕਿਆਂ ਵਿਚ ਪ੍ਰਚਾਰ ਤੇ ਸੰਗਠਨ ਅਤੇ ਸਿੱਖਾਂ ਦੁਆਰਾ ਸਮਾਜ ਵਿਚ ਪਾਏ ਯੋਗਦਾਨ ਨੂੰ ਖੋਜਣਾ ਸੀ। ਇਸ ਖੋਜ-ਕਾਰਜ ਵਿਚ ਅਸੀਂ ਸਿੱਖ ਇਤਿਹਾਸ ਦੇ ਮੁੱਢਲੇ ਅਤੇ ਗੌਣ ਸ੍ਰੋਤਾਂ ਵਿਚ ਮਿਲਦੇ ਦਸਮ ਪਾਤਸ਼ਾਹ ਦੇ ਪ੍ਰਮੁੱਖ ਸਿੱਖਾਂ ਦੇ ਇੰਦਰਾਜਾਂ ਨੂੰ ਸੰਗਠਿਤ ਕੀਤਾ ਹੈ। ਇਸ ਤੋਂ ਇਲਾਵਾ ਸਿੱਖ ਇਤਿਹਾਸ ਦੇ ਪਰਵਰਤੀ ਸ੍ਰੋਤਾਂ ਵਿਚ ਗੁਰੂ ਸਾਹਿਬ ਦੇ ਪ੍ਰਸਿੱਧ ਸਿੱਖਾਂ ਬਾਰੇ ਮਿਲਦੇ ਹਵਾਲੇ ਉਨ੍ਹਾਂ ਦੀਆਂ ਸਿੱਖ ਪੰਥ ਪ੍ਰਤੀ ਸੇਵਾਵਾਂ ਤੇ ਧਰਮ-ਯੁੱਧਾਂ ਵਿਚ ਕੀਤੀਆਂ ਕੁਰਬਾਨੀਆਂ ਦੇ ਸੰਦਰਭ ਵਿਚ ਵੀ ਉਪਲਬਧ ਹਨ, ਨੂੰ ਇਸ ਵਿਚ ਦਰਜ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮੁੱਖ ਸਿੱਖਾਂ ਦੇ ਜੀਵਨ ਸੰਬੰਧੀ ਅਕਾਦਮਿਕ ਪੱਧਰ ’ਤੇ ਸੰਗਠਿਤ ਰੂਪ ਵਿਚ ਇਹ ਮੁੱਢਲਾ ਖੋਜ-ਕਾਰਜ ਹੈ।

ਹੱਥਲੇ ਖੋਜ-ਪ੍ਰਬੰਧ ਲਈ ਵਰਤੇ ਸਮਕਾਲੀ ਤੇ ਪਰਵਰਤੀ ਸ੍ਰੋਤਾਂ ਦੇ ਅਧਿਐਨ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦੇ ਲਗਪਗ 450 ਪ੍ਰਸਿੱਧ ਸਿੱਖਾਂ ਦੇ ਜੀਵਨ-ਸਮਾਚਾਰਾਂ ਦੀ ਨਿਸ਼ਾਨਦੇਹੀ ਪ੍ਰਾਪਤ ਕਰਨ ਦਾ ਜਤਨ ਕੀਤਾ ਹੈ। ਇਨ੍ਹਾਂ ਵਿਚੋਂ ਕੁਝ ਆਪਣੇ ਕਾਰਨਾਮਿਆਂ ਤੇ ਹਰਮਨ-ਪਿਆਰੀ ਸ਼ਖ਼ਸੀਅਤ ਕਾਰਣ ਸਿੱਖ ਜਗਤ ਵਿਚ ਇਤਨੇ ਪ੍ਰਸਿੱਧ ਹਨ ਕਿ ਉਹ ਕਿਸੇ ਜਾਣ-ਪਹਿਚਾਣ ਦੇ ਮੁਥਾਜ ਨਹੀਂ, ਪਰ ਜਿਨ੍ਹਾਂ ਬਾਰੇ ਪਹਿਲੀ ਵਾਰ ਜਾਣ-ਪਹਿਚਾਣ ਕਰਵਾਈ ਜਾ ਰਹੀ ਹੈ। ਉਹ ਸਿੱਖ ਪੰਥ ਦੇ ਗੁੱਝੇ ਹੀਰੇ ਹਨ, ਜਿਨ੍ਹਾਂ ਨੇ ਸਿੱਖ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ। ਬੇਸ਼ਕ ਅਜਿਹੇ ਸਿੱਖਾਂ ਦੀਆਂ ਸੇਵਾਵਾਂ ਕਿਸੇ ਵੀ ਕਦਰ ਨਿਗੂਣੀਆਂ ਨਹੀਂ ਹਨ ਪਰ ਅਫਸੋਸ ਕਿ ਉਹ ਸਿੱਖ ਇਤਿਹਾਸ ਵਿਚ ਅਣਗੌਲੇ ਤੇ ਗੁੰਮਨਾਮੀ ਦੀ ਸਥਿਤੀ ਵਿਚ ਰਹੇ ਹਨ। ਇਸ ਅਧਿਐਨ ਰਾਹੀਂ ਉਨ੍ਹਾਂ ਦੀ ਸਿੱਖ ਧਰਮ ਨੂੰ ਪ੍ਰਚਾਰਨ, ਪ੍ਰਸਾਰਨ ਤੇ ਸੰਗਠਿਤ ਕਰਨ ਵਿਚ ਭੂਮਿਕਾ ਤੇ

ਕੁਰਬਾਨੀ ਨੂੰ, ਇਤਿਹਾਸ ਦੇ ਖ਼ਾਕੇ ਉਪਰ ਚਿਤਰਨ ਕਰਨ ਦੀ ਨਿਗੂਣੀ ਕੋਸ਼ਿਸ਼ ਕੀਤੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਭਨਾਂ ਪ੍ਰਸਿੱਧ ਸਿੱਖਾਂ ਦੇ ਜੀਵਨ-ਸਮਾਚਾਰਾਂ ਨੂੰ ਪ੍ਰਸਤੁਤ ਕਰਨਾ ਲਗਪਗ ਅਸੰਭਵ ਹੈ। ਅਧਿਐਨ ਵਿਚ ਸ਼ਾਮਿਲ ਸਿੱਖਾਂ ਦੇ ਜੀਵਨ ਦੀ ਸੰਖੇਪ ਜਾਣਕਾਰੀ ਤੋਂ ਉਨ੍ਹਾਂ ਦੀਆਂ ਸਿੱਖ ਪੰਥ ਵਿਚ ਨਿਭਾਈਆਂ ਸੇਵਾਵਾਂ ਦਾ ਥੋੜ੍ਹਾ ਬਹੁਤਾ ਗਿਆਨ ਅਵੱਸ਼ ਹੋ ਜਾਂਦਾ ਹੈ। ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ ਦਸਵੇਂ ਗੁਰੂ ਸਾਹਿਬ ਤੱਕ ਸਿੱਖ ਧਰਮ ਦੀਆਂ ਧਾਰਮਿਕ-ਸਮਾਜਿਕ ਤੇ ਰਾਜਨੀਤਿਕ ਸੰਸਥਾਵਾਂ ਜਿਵੇਂ:- ਮੰਜੀ ਤੇ ਮਸੰਦ ਸੰਸਥਾ (ਸਿੱਖ ਪੰਥ ਦਾ ਪ੍ਰਚਾਰ ਤੇ ਪ੍ਰਸਾਰ, ਦਸਵੰਧ ਇਕੱਠਾ ਕਰਨ ਲਈ ਹੋਂਦ ਵਿਚ ਆਈਆਂ ਸਨ), ਖ਼ਾਲਸਾ ਸਾਜਨਾ ਨਾਲ ਸਿੱਖ ਪੰਥ ਨੂੰ ਨਵਾਂ ਰੂਪ ਪ੍ਰਦਾਨ ਕੀਤਾ ਗਿਆ। ਇਨ੍ਹਾਂ ਸੰਸਥਾਵਾਂ ਉਪਰ ਨਿਯੁਕਤ ਸਿੱਖਾਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਹੁਤ ਸ਼ਲਾਘਾਯੋਗ ਭੂਮਿਕਾ ਨਿਭਾਈ। ਭਾਵੇਂ ਦਸਮ ਗੁਰੂ ਨੂੰ ਇਨ੍ਹਾਂ ਸੰਸਥਾਵਾਂ (ਮਸੰਦ ਸੰਸਥਾ ਦੇ ਮੁਖੀਆਂ ਵਿਚ ਕਮੀਆਂ ਆਉਣ ਕਰਕੇ) ਨੂੰ ਖਤਮ ਵੀ ਕਰਨਾ ਪਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮੁਗ਼ਲ ਸਰਕਾਰ ਨਾਲ ਸੈਨਿਕ ਸੰਘਰਸ਼ ਕਾਰਣ ਕਈ ਵਿਦਵਾਨ ਇਹ ਸਮਝਦੇ ਹਨ ਕਿ ਉਨ੍ਹਾਂ ਦੀ ਅਗਵਾਈ ਹੇਠ ਸਿੱਖ ਧਰਮ ਦੇ ਪ੍ਰਚਾਰ ਦਾ ਕਾਰਜ ਬਿਲਕੁਲ ਠੱਪ ਹੋ ਗਿਆ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਸਿੱਖ ਧਰਮ ਦੇ ਪ੍ਰਸਾਰ ਨੂੰ ਦੇਖਦਿਆਂ ਉਪਰੋਕਤ ਧਾਰਨਾ ਨਿਰਮੂਲ ਜਾਪਦੀ ਹੈ। ਗੁਰੂ ਨਾਨਕ ਸਾਹਿਬ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਨੇ ਉਤਰੀ ਤੇ ਦੱਖਣੀ ਭਾਰਤ ਦੇ ਬਹੁਤ ਦੂਰ ਤੱਕ ਦੇ ਇਲਾਕਿਆਂ ਵਿਚ ਪ੍ਰਚਾਰ ਹਿੱਤ ਦੌਰੇ ਕੀਤੇ। ਜਿਸ ਦਾ ਅੰਦਾਜਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਨੰਦਪੁਰ ਵਿਚ 1699 ਈ. ਦੀ ਵੈਸਾਖੀ ਨੂੰ ਬੁਲਾਏ ਸਿੱਖਾਂ ਦੇ ਇਕੱਠ ਤੋਂ ਵੀ ਲਾਇਆ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਖੇਤਰੀ ਸਿੱਖ ਸੰਗਤਾਂ ਨਾਲ ਚਿੱਠੀ ਪੱਤਰਾਂ (ਹੁਕਮਨਾਮਿਆਂ) ਰਾਹੀਂ ਜੁੜੇ ਹੋਏ ਸਨ। ਦੂਰ-ਦੁਰਾਡੇ ਦੀ ਸੰਗਤ ਨੂੰ ਸਾਲ ਵਿਚ ਦੋ ਵਾਰ (ਵੈਸਾਖੀ ਤੇ ਦੀਵਾਲੀ ਸਮੇਂ) ਬੁਲਾਇਆ ਜਾਂਦਾ ਸੀ। ਗੁਰੂ ਸਾਹਿਬ ਗੁਰੂ ਪੁੱਤਰ ਦੇ ਰੂਪ ਵਿਚ ਪਟਨੇ ਤੋਂ ਅਨੰਦਪੁਰ ਨੂੰ ਆਉਂਦੇ ਹੋਏ ਵੀ ਰਸਤੇ ਵਿਚ ਸਿੱਖ ਸੰਗਤਾਂ ਨਾਲ ਬਚਨ ਬਿਲਾਸ ਕਰਦੇ ਆਏ ਤੇ ਸੰਗਤਾਂ ਗੁਰੂ ਘਰ ਨਾਲ ਜੁੜਦੀਆਂ ਗਈਆਂ। ਅਨੰਦਪੁਰ ਤੋਂ ਯਮੁਨਾਨਗਰ (ਪਾਉਂਟਾ) ਵਿਖੇ ਰਾਜੇ ਦੀ ਬੇਨਤੀ 'ਤੇ ਗਏ। ਉਥੇ ਵੱਖ-ਵੱਖ ਭਾਸ਼ਾਵਾਂ ਦੇ ਬਹੁਤ ਸਾਰੇ ਕਵੀਆਂ ਨੂੰ ਇਕੱਤਰ ਕਰਕੇ ਬੀਰ ਰਸੀ ਸਾਹਿਤ ਦੀ ਰਚਨਾ

ਕਰਵਾਈ। ਪਾਉਂਟੇ ਤੋਂ ਫਿਰ ਅਨੰਦਪੁਰ ਨੂੰ ਜਾਂਦਿਆਂ ਰਸਤੇ ਵਿਚ ਠਹਿਰਾਓ ਦੇ ਸਥਾਨਾਂ ’ਤੇ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰ ਕੇ ਗੁਰੂ ਘਰ ਦੀਆਂ ਸ਼ਰਧਾਲੂ ਬਣੀਆਂ। ਅਨੰਦਪੁਰ ਛੱਡਣ ਤੋਂ ਬਾਅਦ ਜੰਗਾਂ-ਯੁੱਧਾਂ ਵਿਚ ਵਿਚਰਦਿਆਂ ਗੁਰੂ ਸਾਹਿਬ ਨੇ ਰੋਪੜ, ਚਮਕੌਰ, ਮਾਛੀਵਾੜਾ, ਰਾਇਕੋਟ, ਦੀਨਾ ਕਾਂਗੜ, ਕੋਟਕਪੂਰਾ, ਦਮਦਮਾ, ਦਿੱਲੀ ਤੇ ਨਾਂਦੇੜ ਤੱਕ ਬਹੁਤ ਲੰਬਾ ਸਫ਼ਰ ਕੀਤਾ। *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* ਤੋਂ ਇਹ ਸੂਹ ਮਿਲਦੀ ਹੈ ਕਿ ਇਸ ਸਮੇਂ ਦੌਰਾਨ ਗੁਰੂ ਸਾਹਿਬ ਦੇ ਸੰਪਰਕ ਵਿਚ ਬਹੁਤ ਸਾਰੇ ਸਿੱਖ ਆਏ ਜਿਹੜੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ ਤੇ ਗੁਰੂ ਸਾਹਿਬ ਨੂੰ ਭੇਟਾਵਾਂ ਦਿੱਤੀਆਂ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਨ੍ਹਾਂ ਖੇਤਰੀ ਸਿੱਖਾਂ ਨੂੰ ਬਖ਼ਸ਼ਿਸ ਵਜੋਂ ਆਪਣੀਆਂ ਨਿਸ਼ਾਨੀਆਂ ਪ੍ਰਦਾਨ ਕੀਤੀਆਂ। ਮਾਲਵੇ ਦੇ ਕਈ ਪਿੰਡਾਂ ਤੇ ਸ਼ਹਿਰਾਂ ਦੇ ਲੋਕ ਗੁਰੂ ਸਾਹਿਬ ਦੀ ਪ੍ਰੇਰਨਾ ਨਾਲ ਸਿੱਖ ਧਰਮ ਵਿਚ ਪਰਵਰਤਿਤ ਹੋਏ। ਗੁਰੂ ਗੋਬਿੰਦ ਸਿੰਘ ਜੀ ਦੀ ਧਰਮ-ਪ੍ਰਚਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਮਾਲਵਾ ਦੇਸ਼ ਵਿਚ ਇਹ ਸੀ ਕਿ ਅਨੰਦਪੁਰ ਤੋਂ ਬੇਦਾਵਾ ਲਿਖ ਕੇ ਆਏ ਮਝੈਲ ਸਿੱਖਾਂ ਨੇ ਹੋਰ ਮਲਵਈ ਸਿੱਖ ਸਾਥੀਆਂ ਸਮੇਤ ਮੁਕਤਸਰ ਦੀ ਜੰਗ ਵਿਚ ਖ਼ਾਲਸਾ ਫ਼ੌਜ ਵਲੋਂ ਲੜੇ ਤੇ ਸ਼ਹੀਦੀਆਂ ਪ੍ਰਾਪਤ ਕਰਕੇ ਮਾਝੇ ਮਾਲਵੇ ਦੀ ਸਿੱਖੀ ਰੱਖ ਵਿਖਾਈ। ਇਸ ਨਾਲ ਭਵਿੱਖ ਵਿਚ ਸਿੱਖ ਧਰਮ ਲਈ ਧਰਮ-ਯੁੱਧ ਲੜਨ ਮਰਨ ਦਾ ਆਧਾਰ ਕਾਇਮ ਹੋ ਗਿਆ।

ਭਾਵੇਂ ਗੁਰੂ ਗੋਬਿੰਦ ਸਿੰਘ ਜੀ ਤੋਂ ਪੂਰਬ ਸਿੱਖ ਧਰਮ ਪ੍ਰਚਾਰ ਤੇ ਪ੍ਰਸਾਰ ਕਰਦਾ ਹੋਇਆ ਉਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਤੱਕ ਪਹੁੰਚ ਗਿਆ ਸੀ, ਪਰ ਸਿੱਖਾਂ ਦੀ ਪਛਾਣ ਕਰਨੀ ਔਖੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ ਸਿੱਖਾਂ ਨੂੰ ਵਿਲੱਖਣ ਪਛਾਣ ਪ੍ਰਦਾਨ ਕੀਤੀ। ਅਖੀਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਵਿਅਕਤੀਗਤ ਗੁਰੂ ਸਰੂਪ ਤੋਂ ਮੁਕਤ ਕਰਕੇ ਸਦੀਵੀ ਗੁਰੂ, ਸਬਦ ਗੁਰੂ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਦੇ ਸਪੁਰਦ ਕਰ ਦਿੱਤਾ।

**ਸਥਾਪਨਾਵਾਂ :-**

ਇਸ ਅਧਿਐਨ ਰਾਹੀਂ ਇਹ ਗੱਲ ਸਾਹਮਣੇ ਲਿਆਂਦੀ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰਕ ਮੈਂਬਰ, ਹਜ਼ੂਰੀ ਤੇ ਸ਼ਰਧਾਲੂ ਸਿੱਖ, ਹਜ਼ੂਰੀ ਤੇ ਸ਼ਰਧਾਲੂ ਕਵੀ ਅਤੇ ਮੁਗ਼ਲ ਯੋਧਿਆਂ ਨੇ ਜੰਗਾਂ-ਯੁੱਧਾਂ,

ਧਾਰਮਿਕ, ਸਮਾਜਿਕ ਅਤੇ ਸਾਹਿਤਕ ਕਾਰਜਾਂ ਵਿਚ ਗੁਰੂ ਸਾਹਿਬ ਨੂੰ ਭਰਪੂਰ ਸਹਿਯੋਗ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਨੁਮਾਈ ਵਿਚ ਬਹੁਤ ਸਾਰੇ ਸਿੱਖਾਂ ਨੇ ਧਰਮ-ਯੁੱਧ ਲੜਨ, ਸਿੱਖ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਤੋਂ ਇਲਾਵਾ ਸਰਬ ਕਲਿਆਣ ਹਿਤ ਸਮਾਜ ਵਿਚ ਆਪਣਾ ਬਹੁਪੱਖੀ ਯੋਗਦਾਨ ਪਾਇਆ। ਇਨ੍ਹਾਂ ਯੁੱਧਾਂ ਅਤੇ ਹੋਰ ਕਾਰਜਾਂ ਦੀ ਤਿਆਰੀ ਲਈ ਗੁਰੂ ਸਾਹਿਬ ਨੇ ਸਥਾਨਿਕ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ ਤੁਸੀਂ ਕਾਰ ਭੇਟਾ ਤੋਂ ਇਲਾਵਾ ਸ਼ਸਤ੍ਰ, ਘੋੜੇ ਤੇ ਚੰਗੇ ਨੌਜੁਆਨ ਨਾਲ ਲੈ ਕੇ ਆਉਣਾ। ਸਿੱਖ ਸੰਗਤਾਂ ਨੇ ਗੁਰੂ ਸਾਹਿਬ ਦੇ ਹੁਕਮਨਾਮਿਆਂ ਨੂੰ ਸੁਣਦਿਆਂ ਤੇ ਵੇਖਦਿਆਂ ਅਨੰਦਪੁਰ ਨੂੰ ਵਹੀਰਾਂ ਘੱਤ ਦਿੱਤੀਆਂ ਸਨ। ਗੁਰੂ ਸਾਹਿਬ ਦੀ ਸ਼ਖ਼ਸੀਅਤ ਤੇ ਸੰਦੇਸ਼ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਭਾਰਤੀ ਵਿਅਕਤੀਆਂ ਤੋਂ ਇਲਾਵਾ ਮੁਸਲਮਾਨ ਫ਼ਕੀਰ ਅਤੇ ਯੁੱਧਾਂ ਵਿਚ ਦੁਸ਼ਮਣ ਵਲੋਂ ਲੜਨ ਆਏ ਕਈ ਮੁਗ਼ਲ ਯੋਧੇ ਵੀ ਸਿੱਖ ਪੰਥ ਵਿਚ ਸ਼ਾਮਿਲ ਹੋ ਗਏ ਸਨ। ਜਿਵੇਂ :– ਕਾਜ਼ੀ ਸਲਾਰੂਦੀਨ, ਪੀਰ ਆਰਫ਼ ਦੀਨ (ਮੁਸਲਮਾਨ ਫ਼ਕੀਰ), ਪੀਰ ਭੀਖਨ ਸ਼ਾਹ (ਸੂਫ਼ੀ ਸੰਤ), ਸੈਦਖ਼ਾਨ (ਮੁਗ਼ਲ ਯੋਧਾ), ਸੈਦਾਬੇਗ (ਮੁਗ਼ਲ ਯੋਧਾ), ਮੈਮੂਖ਼ਾਨ (ਮੁਗ਼ਲ ਜਰਨੈਲ) ਆਦਿ। ਕਈ ਸਿੱਖ ਪੁਸ਼ਤ-ਦਰ-ਪੁਸ਼ਤ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਸਰਗਰਮ ਰਹੇ ਸਨ। ਅਜਿਹੇ ਸਿੱਖਾਂ ਵਿਚ ਭਾਈ ਉਦੇ ਸਿੰਘ, ਅਜਬ ਸਿੰਘ, ਅਨਕ ਸਿੰਘ, ਅਮੋਲਕ ਸਿੰਘ, ਆਲਮ ਸਿੰਘ ਤੇ ਭਾਈ ਮਨੀ ਸਿੰਘ ਆਦਿ ਪਿਉ ਤੇ ਪੁੱਤਰ ਦੀਆਂ ਮਿਸਾਲਾਂ ਹਨ। ਇਹ ਦਸਮ ਪਾਤਸ਼ਾਹ ਸਮੇਂ ਗੁਰੂ ਦਰਬਾਰ ਵਿਚ ਅਤੇ ਜੰਗਾਂ-ਯੁੱਧਾਂ ਵਿਚ ਤਤਪਰ ਰਹੇ ਸਨ। ਕਸ਼ਮੀਰ ਵਿਚੋਂ ਭਾਈ ਰੋਚਾ ਸਿੰਘ ਵਰਗੇ ਸਿੱਖਾਂ ਦਾ ਗੁਰੂ ਸਾਹਿਬ ਨਾਲ ਸੰਬੰਧ ਬਾਬਾ ਪੰਜਾਬ ਸਿੰਘ ਦੇ ਉਤਸ਼ਾਹ ਤੇ ਪ੍ਰੇਰਣਾ ਨਾਲ ਸਥਾਪਿਤ ਹੋਇਆ। ਇਨ੍ਹਾਂ ਨੇ ਮਾਲਵੇ ਵਿਚ ਆ ਕੇ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਅਤੇ ਗੁਰੂ ਸਾਹਿਬ ਦੇ ਹੁਕਮ ਨਾਲ ਕਸ਼ਮੀਰ ਦੇ ਇਲਾਕੇ ਵਿਚ ਜਾ ਕੇ ਸਿੱਖ ਪੰਥ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੇ ਪ੍ਰਚਾਰ ਲਈ ਪੰਜ ਸਿੱਖ ਨਿਰਮਲੇ ਭੇਖ (ਪਹਿਰਾਵੇ) ਵਿਚ ਬਨਾਰਸ ਵਿਖੇ ਸੰਸਕ੍ਰਿਤ ਸਿੱਖਣ ਲਈ ਭੇਜੇ ਸਨ। ਬਾਅਦ ਵਿਚ ਇਨ੍ਹਾਂ ਨੇ ਵੀ ਨਿਰਮਲੇ ਭੇਖ ਵਿਚ ਸਿੱਖ ਪੰਥ ਦਾ ਪ੍ਰਚਾਰ ਕੀਤਾ। ਗੁਰੂ ਸਾਹਿਬ ਦੇ ਪਰਿਵਾਰਿਕ ਵਿਰਸੇ ਰਾਹੀਂ ਵੀ ਕੁਝ ਸਿੱਖ ਗੁਰੂ ਗੋਬਿੰਦ ਸਿੰਘ ਦੇ ਸੰਪਰਕ ਵਿਚ ਆਏ। ਇਸ ਨਾਲ ਸਿੱਖ ਧਰਮ ਨੂੰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੰਚਾਰਨ ਵਿਚ ਬੜੀ ਸਹਾਇਤਾ ਮਿਲੀ।

ਸਿੱਖ ਘਰਾਣਿਆਂ ਵਿਚ ਪੈਦਾ ਹੋਈਆਂ ਲੜਕੀਆਂ ਨੇ ਵੀ ਆਪਣੇ ਸਹੁਰੇ ਪਰਿਵਾਰਾਂ ਵਿਚ ਜਾ ਕੇ ਆਪਣੇ ਪਤੀਆਂ ਨੂੰ ਸਿੱਖ ਧਰਮ ਵਿਚ ਪਰਵਰਤਿਤ ਹੋਣ ਲਈ ਪ੍ਰੇਰਿਆ। ਅਜਿਹੀਆਂ ਉਦਾਹਰਣਾਂ ਵਿਚ ਭਾਈ ਨੰਦ ਲਾਲ ਦੀ ਪਤਨੀ ਦਾ ਉਲੇਖ ਕੀਤਾ ਜਾ ਸਕਦਾ ਹੈ। ਪਰਿਵਾਰ ਵਿਚੋਂ ਜੇਕਰ ਇਕ ਮੈਂਬਰ ਸਿੱਖ ਪੰਥ ਵਿਚ ਸ਼ਾਮਿਲ ਹੋ ਜਾਂਦਾ ਸੀ ਤਾਂ ਉਹ ਦੂਸਰੇ ਮੈਂਬਰਾਂ (ਭਰਾਵਾਂ ਜਾਂ ਰਿਸ਼ਤੇਦਾਰਾਂ) ਲਈ ਪ੍ਰੇਰਨਾ ਸ੍ਰੋਤ ਦਾ ਕੰਮ ਕਰਦਾ ਸੀ। ਅਜਿਹੇ ਸਿੱਖਾਂ ਵਿਚ ਭਾਈ ਰੂਪ ਚੰਦ (ਛੇਵੇਂ ਪਾਤਸ਼ਾਹ ਦਾ ਸਿੱਖ) ਦੇ ਪੁੱਤਰ ਧਰਮ ਸਿੰਘ ਤੇ ਪਰਮ ਸਿੰਘ, ਬਾਬੇ ਫੂਲ ਦੇ ਪੁੱਤਰ ਭਾਈ ਤਿਲੋਕਾ ਤੇ ਰਾਮਾ, ਸੱਦੂ ਤੇ ਮੱਦੂ, ਦਰਬਾਰੀ ਤੇ ਘਰਬਾਰੀ, ਭਾਈ ਮਨੀ ਸਿੰਘ ਦਾ ਸਹੁਰਾ ਲੱਖੀ ਸ਼ਾਹ ਵਣਜਾਰਾ, ਕੋਟਲਾ ਨਿਹੰਗ ਖ਼ਾਂ ਦਾ ਕੁੜਮ ਰਾਇਕੱਲ੍ਹਾ ਅਤੇ ਇਨ੍ਹਾਂ ਦੇ ਰਿਸ਼ਤੇਦਾਰ ਗਨੀ ਖ਼ਾਂ ਨਬੀ ਖ਼ਾਂ ਦੋ ਭਰਾਵਾਂ ਦੀ ਜੋੜੀ ਅਤੇ ਰਿਸ਼ਤੇਦਾਰੀ ਦੀ ਨੁਮਾਇੰਦਗੀ ਕਰਨ ਵਾਲੇ ਸਨ। ਕਈ ਕਵੀ ਜਨ ਗੁਰੂ ਸਾਹਿਬ ਦੀ ਸਾਹਿਤ ਚੇਤਨਾ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣੇ। ਜਿਵੇਂ :– ਅੰਮ੍ਰਿਤਰਾਇ, ਆਲਮ, ਸੁਖਦੇਵ, ਚੰਦਨ, ਨੰਦ ਰਾਮ ਆਦਿ।

ਉਪਰੋਕਤ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਿੱਖਾਂ ਦੇ ਜੀਵਨ-ਸਮਾਚਾਰਾਂ ਦੀ ਜਾਣਕਾਰੀ ਸਾਂਝੀ ਕਰਦਿਆਂ ਇਹ ਤੱਥ ਵੀ ਬੜੇ ਸਪਸ਼ਟ ਰੂਪ ਵਿਚ ਸਾਹਮਣੇ ਆਏ ਹਨ ਕਿ ਗੁਰੂ ਸਾਹਿਬ ਦੇ ਸਮੇਂ ਸਿੱਖ ਧਰਮ ਵਿਚ ਸ਼ਾਮਿਲ ਹੋਣ ਵਾਲੇ ਸਿੱਖ ਵੱਖ-ਵੱਖ ਇਲਾਕਿਆਂ ਦੇ, ਜਾਤਾਂ ਦੇ, ਧਰਮਾਂ ਦੇ ਸਨ, ਖਾਸ ਕਰਕੇ ਸਿੱਖ ਧਰਮ ਵਿਚ ਸ਼ਾਮਿਲ ਹੋਣ ਵਾਲੇ ਬਹੁ ਗਿਣਤੀ ਵਿਚ ਉਹ ਸਿੱਖ ਸਨ, ਜਿਹੜੇ ਅਖੌਤੀ ਨੀਚ ਜਾਤੀਆਂ ਵਿਚੋਂ ਵੀ ਸਨ ਜਿਵੇਂ:- ਭਾਈ ਜੈਤਾ ਜੀ, ਰੰਘਰੇਟਾ (ਮਜ਼ਬੀ) ਅੰਮ੍ਰਿਤ ਛਕ ਕੇ ਸਿੰਘ ਸਜਿਆ ਤੇ ਬਾਬਾ ਜੀਵਨ ਸਿੰਘ ਕਹਿਲਾਇਆ। ਮਦਨ ਸਿੰਘ ਚਮਾਰ ਜਾਤੀ ਨਾਲ ਸੰਬੰਧਿਤ ਸੀ, ਜੋ ਅੰਮ੍ਰਿਤ ਛਕ ਕੇ ਸਿੰਘ ਸਜਿਆ। ਰਾਮ ਸਿੰਘ ਜਾਤ ਦਾ ਸਿਕਲੀਗਰ, ਅੰਮ੍ਰਿਤ ਛਕ ਕੇ ਸਿੰਘ ਸਜਿਆ।

**ਦੂਰ-ਦੁਰਾਡੇ ਦੇ ਇਲਾਕੇ ਵਿਚੋਂ ਬਣੇ ਸਿੱਖ** :- ਕਵੀ ਅੰਮ੍ਰਿਤਰਾਇ, ਲਹੌਰ ਨਿਵਾਸੀ; ਅਨੂਪ ਰਾਇ, ਢਾਕੇ ਦਾ ਵਸਨੀਕ; ਕਵੀ ਧਰਮ ਸਿੰਘ, ਜਿਹੜਾ ਮੁਜ਼ੱਫਰਗੜ੍ਹ ਜਿਲ੍ਹੇ ਦਾ ਰਹਿਣ ਵਾਲਾ ਸੀ; ਗਿਰਿਧਰ ਲਾਲ, ਆਗਰਾ ਨਿਵਾਸੀ; ਭਾਈ ਨੰਦ ਲਾਲ, ਆਗਰਾ ਨਿਵਾਸੀ; ਪੰਜਾਬ ਸਿੰਘ (ਬਾਬਾ) ਪੁਣਛ ਦੇ ਇਲਾਕੇ ਦਾ ਵਸਨੀਕ ਸੀ;

ਬਾਬਾ ਫੇਰੂ, ਪੁਣਛ ਦੇ ਇਲਾਕੇ ਦਾ ਵਸਨੀਕ; ਰੋਚਾ ਸਿੰਘ, ਕਸ਼ਮੀਰ ਦਾ ਵਸਨੀਕ ਸੀ; ਲਾਡੋ, ਦਾਈ, ਪਟਨਾ ਨਿਵਾਸੀ; ਬਿਸੰਭਰਦਾਸ, ਉਜੈਨ ਦਾ ਨਿਵਾਸੀ; ਲਾਲ ਸਿੰਘ, ਪੂਰਬ ਦੇਸ਼ ਦਾ ਨਿਵਾਸੀ।

**ਜੰਗਾਂ-ਯੁੱਧਾਂ ਸਮੇਂ ਗੁਰੂ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਬਣੇ ਸਿੱਖ** :- ਸੈਦਖ਼ਾਨ, ਸੈਦਾਵੇਗ, ਸੈਫ਼ਖ਼ਾਨ ਆਦਿ। ਇਨ੍ਹਾਂ ਉਪਰੋਕਤ ਵੱਖ-ਵੱਖ ਧਰਮਾਂ, ਜਾਤਾਂ ਅਤੇ ਇਲਾਕਿਆਂ ਦੇ ਵਿਅਕਤੀਆਂ ਨੇ ਸਿੱਖ ਧਰਮ ਵਿਚ ਪ੍ਰਵੇਸ਼ ਹੋ ਕੇ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਤੋਂ ਇਲਾਵਾ ਸਮਾਜ ਵਿਚ ਆਪਣਾ ਬਹੁਪੱਖੀ ਯੋਗਦਾਨ ਵੀ ਪਾਇਆ। ਅਸੀਂ ਇਸ ਖੋਜ-ਕਾਰਜ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਦੇ ਜੀਵਨ-ਸਮਾਚਾਰਾਂ ਨੂੰ ਸੰਗਠਿਤ ਕਰਨ ਦਾ ਨਿਗੂਣਾ ਜਤਨ ਕੀਤਾ ਹੈ।

# ਸੰਖੇਪ – ਚਿੰਨ੍ਹ

| | |
|---|---|
| ਸ਼ਹੀਦ ਬਿਲਾਸ | ਸ਼.ਬਿ. |
| ਸ੍ਰੀ ਗੁਰ ਸੋਭਾ | ਗੁ.ਸੋ. |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ | ਦ.ਰ. |
| ਸ੍ਰੀ ਗੁਰ ਪੰਥ ਪ੍ਰਕਾਸ਼ (ਪ੍ਰਾਚੀਨ) | ਪ੍ਰ.ਪੰ.ਪ੍ਰ. |
| ਸ੍ਰੀ ਗੁਰ ਪੰਥ ਪ੍ਰਕਾਸ਼ | ਪੰ.ਪ੍ਰ. |
| ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ | ਗੁ.ਪ੍ਰ.ਸੂ. |
| ਹੁਕਮਨਾਮੇ | ਹੁ.ਨਾ. |
| ਗੁੱਝੇ ਹੀਰੇ | ਗੁ.ਹੀ. |
| ਗੁਰਸਿੱਖ ਵਾੜੀ | ਗੁ.ਸਿ.ਵ. |
| ਗੁਰੂ ਕੀਆਂ ਸਾਖੀਆਂ | ਗੁ.ਕੀ.ਸਾ. |
| ਗੁਰੁਸ਼ਬਦ ਰਤਨਾਕਰ ਮਹਾਨ ਕੋਸ਼। | ਮ.ਕੋ. |
| ਗੁਰਬਿਲਾਸ ਪਾਤਸ਼ਾਹੀ ੧੦ (ਕੁਇਰ ਸਿੰਘ ਅਤੇ ਸੁੱਖਾ ਸਿਘ) | ਗੁ.ਬਿ. |
| ਗੋਬਿੰਦ ਸਾਗਰ | ਗੋ.ਸਾ. |
| ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ | ਬੰ.ਨਾ. |
| ਬਚਿਤ੍ਰ ਨਾਟਕ | ਬਚਿ.ਨਾ. |
| ਮਹਿਮਾ ਪ੍ਰਕਾਸ਼ | ਮਹਿ.ਪ੍ਰ. |
| ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ | ਮਾ.ਦੇ.ਸਾ. |

Guru Nanak Dev is the founder of Sikh Religion and after him, his nine successors expanded it's root on nook & corner. Purpose of this study is to acquire information about leading Sikh personalities in the era at the time of Guru Gobind Singh's (1666 AD to 1708 AD). Their contribution are very important in the formation and structure of Sikh Panth and to promote Sikh Religion & unite Sikhs in different areas. It is improbable to mention the whole life of these Sikhs. A brief knowledge of their life and contribution to Sikh Religion is given in this study. The religious, social and political institution like *Manji* and *Masand* system (These institutions came into existence for propaganda of Sikh Panth, collecting *Dasvandh*), of Sikh Religion from Guru Nanak to Guru Gobind Singh had given a new formation of man by establishing *Khalsa.* The appointed Sikhs by these institutions contributed immensely to the spread of the Sikh faith. Besides Sikh Gurus, many Sikhs have made valuable contributions in the promotion and propagation of it. In this research work we have collected the entries of the prominent Sikhs of Guru Gobind Singh from primary and secondary sources of Sikh history. This is a first organized research work on the academic level on the life of the leading Sikhs of Sri Guru Gobind Singh Ji. After studying the contemporary sources the life style 500 famous Sikhs of Guru Gobind Singh has been explored by this research. Some of these are so popular in the Sikh history due to their work and they do not need any recognition. but these are explored for the first time. They are the hidden diamonds of the Sikh Panth, who contributed immensely to the promotion and in propagation of Sikh Panth. Of course, the services of such Sikhs are not neglected, but they are in a state of being neglected and oblivion in Sikh history. Through this study a little effort is made to write their role to organize, promote and propagate of Sikhism.